# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਤੀਜੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਤੀਜੀ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਤੀਜੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

# SRI GUR PARTAP SURAJ GRANTH VOL. III (in Punjabi)

**Kavi Churamani Bhai Santokh Singh**

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਤੀਜੀ

**ਕਵੀ ਚੂੜਾਮਣੀ ਭਾਈ ਸੰਤੋਖ ਸਿੰਘ**

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਐਡੀਸ਼ਨ : 1989
ਦੂਜੀ ਐਡੀਸ਼ਨ : 2011
ਕਾਪੀਆਂ : 5000
ਕੀਮਤ : 179/- ਰੁਪਏ

1120 - ਹ.ਪੁ. - 1572

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਰਾਹਤ ਆਫਸੈਟ ਪ੍ਰਿੰਟਰਜ਼, ਸ਼ਾਪ ਨੰ: 5-6-7, ਆਜਾਦ ਮਾਰਕੀਟ, ਬਡਹੇੜੀ, ਸੈਕਟਰ 41-ਡੀ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

# ਸ੍ਰੀ ਗੁਰ ਨਾਨਕ ਪ੍ਰਕਾਸ਼

ਪੂਰਬਾਰਧ ( ਦੂਜੀ ਪੋਥੀ )

## ਸੂਚੀ ਪੱਤ੍ਰ


| ਪ੍ਰਸੰਗ | ਅਧਿਆਇ | ਪੰਨਾ |
|---|---|---|
| ਸ਼ਾਰਦਾ ਮੰਗਲ, ਮੁੱਲਾਂ ਨਿਸਤਾਰਾ, ਮਸੀਤ ਤੇ ਨਵਾਬ ਦਾ ਪ੍ਰਸੰਗ। ... ... | ੩੧ | ੩੮੭ |
| ਗੁਰਚਰਨ ਮੰਗਲ, ਮਸੀਤ ਕੌਤਕ, ਕਾਜ਼ੀ ਤੇ ਦੌਲਤ ਖਾਂ ਸਿੱਖ ਹੋਏ। ... | ੩੨ | ੩੯੬ |
| ਚਰਨ ਧੂੜ ਮੰਗਲ, ਮਾਤਾ ਸੁਲੱਖਣੀ ਜੀ ਦਾ ਪੇਕੇ ਜਾਣਾ। .. ... | ੩੩ | ੪੦੩ |
| ਗੁਰੂ ਚਰਨ ਮੰਗਲ, ਮਰਦਾਨਾ ਗੁਰੂ ਜੀ ਪਾਸ ਆਯਾ। ... ... | ੩੪ | ੪੧੧ |
| ਗੁਰੂ ਚਰਨ ਮੰਗਲ, ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ। ... | ੩੫ | ੪੧੯ |
| ਗੁਰੂ ਚਰਨ ਮੰਗਲ, ਮਰਦਾਨੇ ਦੀ ਭੁੱਖ, ਏਬੇ ਜੀ ਤੋਂ ਵਿਦਾ। ... ... | ੩੬ | ੪੨੭ |
| ਕਥਾ ਮੰਗਲ, ਸ਼੍ਰੀ ਗੁਰ ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆਂ। ... | ੩੭ | ੪੩੪ |
| ਗੁਰ ਨਾਨਕ ਮੰਗਲ, ਭਾਈ ਲਾਲੋ ਮਿਲਾਪ। ... ... ... | ੩੮ | ੪੪੫ |
| ਗੁਰ ਚਰਨ ਮੰਗਲ, ਮਲਿਕ ਭਾਗੋ, ਅਤੇ ਖਾਨ ਪ੍ਰਸੰਗ। ... ... | ੩੯ | ੪੫੫ |
| ਗੁਰ ਚਰਨ ਮੰਗਲ, ਗੁਰੂ ਜੀ ਦਾ ਤਿਲਵੰਡੀ ਜਾਣਾ। ... ... ... | ੪੦ | ੪੬੪ |
| ਗੁਰ ਚਰਨ ਮੰਗਲ, ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਮਿਲਾਪ। ... | ੪੧ | ੪੭੦ |
| ਗੁਰ ਚਰਨ ਮੰਗਲ, ਬਾਬਾ ਕਾਲੂ ਜੀ, ਲਾਲੂ ਜੀ ਪ੍ਰਸੰਗ। ... ... | ੪੨ | ੪੭੯ |
| ਗੁਰ ਚਰਨ ਮੰਗਲ, ਰਾਇ ਪ੍ਰਤਿ ਗਯਾਨ ਉਪਦੇਸ਼। ਤੁਲਸਾਂ ਦਾਸੀ। ... | ੪੩ | ੪੮੬ |
| ਗੁਰ ਚਰਨ ਮੰਗਲ, ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ। | ੪੪ | ੪੯੩ |
| ਗੁਰ ਚਰਨ ਮੰਗਲ, ਗੁਰੂ ਜੀ ਦਾ ਤਲਵੰਡੀ ਤੋਂ ਟੁਰਨਾ। ... ... | ੪੫ | ੫੦੦ |
| ਗੁਰ ਚਰਨ ਮੰਗਲ, ਮਰਦਾਨੇ ਨੂੰ ਅੱਕ ਖੱਖੜੀਆਂ ਖੁਆਈਆਂ, ਕਾਵਰੂ ਦੇਸ਼ ਪੁੱਜੇ। | ੪੬ | ੫੦੭ |
| ਨਖਕਾਂਤ ਮੰਗਲ, ਸੰਗਲਾਦੀਪ ਸ਼ਿਵਨਾਭ ਪਾਸ ਜਾਣਾ। ... ... | ੪੭ | ੫੧੭ |
| ਧਯਾਨ ਮਹਿਮਾ, ਸ਼ਿਵਨਾਭ ਪ੍ਰਤਿ ਉਪਦੇਸ਼। ਯੋਗ। ... ... ... | ੪੮ | ੫੨੭ |
| ਗੁਰੂ ਪਦ ਨਖ ਮੰਗਲ. ਤ੍ਰਿਯਾ ਰਾਜ ਉਪਦੇਸ਼। ... ... ... | ੪੯ | ੫੩੭ |
| ਸਤਿਗੁਰ ਮੰਗਲ, ਭਰਥਰੀ, ਕੌਡਾ। ... ... ... ... | ੫੦ | ੫੪੬ |
| ਸ਼ਾਰਦਾ ਮੰਗਲ, ਸਾਲਸ ਰਾਇ ਜੌਹਰੀ। ... ... ... ... | ੫੧ | ੫੫੭ |
| ਗੁਰਚਰਣ ਮੰਗਲ, ਮੱਛ, ਕਲਿ, ਨਾਰਦ। ... ... ... ... | ੫੨ | ੫੬੬ |
| ਗੁਰਚਰਣ ਮੰਗਲ, ਸੁਧਰਸੈਨ ਪ੍ਰਸੰਗ। ... ... ... ... | ੫੩ | ੫੭੫ |
| ਗੁਰਚਰਣ ਮੰਗਲ, ਮਧੁਰਬੈਨ, ਦੇਵਲੂਤ ਰਾਖਸ਼। ... ... ... | ੫੪ | ੫੮੪ |
| ਗੁਰਚਰਣ ਮੰਗਲ, ਦੇਵਲੂਤ, ਬਨਮਾਨਸ ਰਾਖਸ਼। ... ... ... | ੫੫ | ੫੯੩ |

| ਪ੍ਰਸੰਗ | ਅਧਿਆਇ | ਪ੍ਰਸੰਗ |
|---|---|---|
| ਗੁਰਚਰਨ ਮੰਗਲ, ਕਵਲਨੈਨ। ... ... ... ... ... | ੫੬ | ੬੦੪ |
| ਗੁਰਚਰਨ ਮੰਗਲ, ਮੱਕੇ ਜਾਣਾ। ... ... ... ... ... | ੫੭ | ੬੧੪ |
| ਸੰਤ ਮੰਗਲ, ਮੱਕਾ, ਜੀਵਣ ਪ੍ਰਸੰਗ । ... ... ... ... | ੫੮ | ੬੨੨ |
| ਸ਼੍ਰੀ ਗੁਰੂ ਗ੍ਰੰਥ ਮੰਗਲ, ਮਦੀਨਾ, ਸੁਲਤਾਨ ਪੁਰ ਜਾਣਾ। ... ... | ੫੯ | ੬੩੨ |
| ਗੁਰਚਰਨ ਮੰਗਲ, ਸੁਮੇਰ ਤੇ ਗੋਰਖ, ਮਛਿੰਦ੍ਰ, ਲੁਹਰੀਪਾ ਨਾਲ ਚਰਚਾ। .. | ੬੦ | ੬੪੨ |
| ਗੁਰਚਰਨ ਮੰਗਲ,ਭੰਗਰ,ਕਨੀਫਾ,ਹਨੀਫਾ,ਭੂਤਵੇ,ਚਰਪਟ ਆਦਿ ਨਾਲ ਚਰਚਾ। | ੬੧ | ੬੫੩ |
| ਸ਼੍ਰੀ ਗੁਰੂ ਗੋਬਿੰਦ ਸਿੰਘ ਮੰਗਲ, ਗੋਪੀ ਚੰਦ, ਈਸ਼ਰ, ਲੰਗਰ, ਮੰਗਲ, ਸੰਭੂ ਨਾਲ ਚਰਚਾ। ... ... ... ... ... | ੬੨ | ੬੬੨ |
| ਗੁਰਚਰਨ ਮੰਗਲ, ਸਿੱਧਾਂ ਨਾਲ ਚਰਚਾ, ਕੌਂਸ, ਤਾਲ ਤੋਂ ਪਾਣੀ।... ... | ੬੩ | ੬੭੧ |
| ਗੁਰਚਰਨ ਮੰਗਲ, ਸਿੱਧਾਂ ਤੇ ਵਿਦਾ ਹੋਣਾ। ... ... ... | ੬੪ | ੬੮੦ |
| ਗੁਰਚਰਨ ਮੰਗਲ, ਕਾਕ ਭਸੁੰਡ, ਦੱਤਾ ਤ੍ਰੇਯ। ... ... ... | ੬੫ | ੬੮੯ |
| ਗੁਰਚਰਨ ਮੰਗਲ, ਪ੍ਰਹਲਾਦ। ... ... ... ... ... | ੬੬ | ੭੦੦ |
| ਗੁਰਚਰਨ ਮੰਗਲ, ਪ੍ਰਹਲਾਦ ਦੀ ਆਦਿ ਕਥਾ। ... ... ... | ੬੭ | ੭੧੧ |
| ਗੁਰਚਰਨ ਪ੍ਰੇਮ ਮੰਗਲ, ਪ੍ਰਹਲਾਦ ਦੀ ਆਦਿ ਕਥਾ। ... ... ... | ੬੮ | ੭੧੮ |
| ਸਤਿਗੁਰ ਮੰਗਲ, ਪ੍ਰਹਲਾਦ ਪ੍ਰਸੰਗ। ... ... ... | ੬੯ | ੭੨੫ |
| ਗੁਰਚਰਨ ਮੰਗਲ, ਬੈਰਾਹ ਅਵਤਾਰ ਦੀ ਪੌਰਾਣਕ ਕਥਾ। ... ... | ੭੦ | ੭੩੩ |
| ਅਕਾਲ ਪੁਰਖ ਮੰਗਲ, ਧ੍ਰੂਵ ਦੀ ਪੌਰਾਣਕ ਕਥਾ। ... ... ... | ੭੧ | ੭੪੪ |
| ਗੁਰਚਰਨ ਮੰਗਲ, ਧ੍ਰੂਵ ਪ੍ਰਸੰਗ। ... ... ... ... | ੭੨ | ੭੫੩ |
| ਸੰਤ ਮੰਗਲਃ ਸਚਖੰਡ ਵਿਖੇ ਅਕਾਲ ਪੁਰਖ ਨੂੰ ਮਿਲਣਾ। ... ... | ੭੩ | ੭੫੮ |

੩੧. [ਸਾਰਦਾ ਮੰਗਲ, ਮੂੱਲਾਂ ਨਿਸਤਾਰਾ, ਮਸੀਤ ਤੇ ਨ੍ਵਾਬ ਦਾ ਪ੍ਰਸੰਗ]

ਨਰਾਜ ਛੰਦ ॥ ਮਰਾਲਬਾਹਨੀ ਕ੍ਰਿਪਾਲੁ ਹਾਥ ਜੋਰਿ ਬੰਦਨਾ। ਕਹੋਂ ਕਥਾ ਵਿਚਾਰਿ ਚਾਰੁ ਤੀਨ ਤਾਪ ਕੰਦਨਾ। ਧਿਆਨ ਧਾਰਿ ਬਾਰ ਬਾਰ ਸਾਰਦਾ ਸਰੂਪ ਕੋ। ਸੁ ਜਾਸ ਕੋ ਪ੍ਰਸਾਦਿ ਪਾਇ ਸੈਮੁਖੀ ਅਨੂਪ ਕੋ ॥ ੧ ॥

[ਮਰਾਲਬਾਹਿਨੀ=ਹੰਸ ਜਿਸਦੀ ਅਸਵਾਰੀ ਹੋਵੇ, ਸ਼ਾਰਦਾ ਨੂੰ ਹੰਸ ਤੇ ਚੜ੍ਹਨ ਵਾਲੀ ਕਵੀਆਂ ਨੇ ਸੰਕੇਤ ਕੀਤਾ ਹੈ। ਹੰਸ ਉੱਜਲ, ਸੁਹਣਾ ਮਾਨਸਰੋਵਰ ਵਰਗੇ ਨਿਰਮਲ ਠੰਢੇ ਥਾਂ ਰਹਿਣ ਵਾਲਾ ਮੰਨਿਆ ਹੈ। ਚਾਰੁ=ਸੁੰਦਰ।
ਸੈਮੁਖੀ ਯਾ ਸੈ ਮੁਕ੍ਰੀ=ਓਹ ਕਵਿਤਾ ਜੋ ਸੁਤੇਸਿੱਧ ਆਪੇ ਉਚਰੀ ਜਾਏ ਤੇ ਜਿਸ ਵਿਚ ਖਿੱਚ ਤਾਣ ਨਾ ਹੋਵੇ, ਤੇ ਹੋਵੇ ਸੁੰਦਰ*।
[ਸੰਸ:, ਸ੍ਵਯਮੁਕ੍ਤ। ਸ੍ਵਯੰ=ਆਪੇ। ਉਕਤਿ=ਉਚਾਰਣ]]

ਅਰਥ—ਹੰਸ ਉਤੇ ਚੜ੍ਹਨ ਵਾਲੀ (ਤੇ ਸੁਭਾਵ ਦੀ) ਕ੍ਰਿਪਾਲੂ (ਸ਼ਾਰਦਾ! ਤੈਨੂੰ) ਹੱਥ ਜੋੜਕੇ ਨਮਸਕਾਰ ਹੈ। ਤਿੰਨਾ ਤਾਪਾਂ ਦੇ ਦੂਰ ਕਰਨ ਵਾਲੀ ਸੁੰਦਰ ਕਥਾ ਮੈਂ ਹੁਣ ਵਿਚਾਰਕੇ ਕਹਿਣ ਲਗਾ ਹਾਂ (ਇਸ ਲਈ) ਬਾਰ ਬਾਰ ਸਾਰਦਾ! (ਤੇਰੇ) ਸਰੂਪ ਦਾ ਧਿਆਨ ਧਾਰਦਾ ਹਾਂ, ਜਿਸ ਦੀ ਕ੍ਰਿਪਾ ਨਾਲ ਅਨੂਪਮ ਤੇ ਸ੍ਵਯੰ ਉਚਰੀ ਜਾਣ ਵਾਲੀ (ਕਵਿਤਾ) ਪ੍ਰਾਪਤ ਹੁੰਦੀ ਹੈ।

ਭਾਵ—ਸ਼ਾਰਦਾ ਸੰਬੰਧੀ ਵਿਸ਼ੇਸ਼ ਵਿਚਾਰ ਲਈ ਦੇਖੋ ਇਸੇ ਪੋਥੀ ਦਾ ਅਧ੍ਯਾਯ ੧ ਛੰਦ ੨।

ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਬਾਕੀ ਸ੍ਰੀ ਗੁਰ ਕੀ ਜਿਤੀ ਮੂਲੇ ਸ੍ਰੁਤ ਸੁਨਿ ਸੋਇ। ਲੈਨਿ ਹੇਤ ਤਿਨ ਕੇ ਤਬੈ ਗਯੋ ਲੋਭ ਮੈਂ ਹੋਇ ॥੨॥ ਨਰਾਜ ਛੰਦ ॥ ਗਯੋ ਸੁ ਮੂਲ ਚੰਦ ਭੂਲ, ਭੇਦ ਨਾਂਹਿ ਜਾਨਿਯਾ। ਪੁਕਾਰਿ ਕੈ ਨਿਬਾਬ ਪਾਸ ਬੈਨ ਯੌਂ ਬਖਾਨਿਯਾ। 'ਨ੍ਯਾਇ ਮੋਰ ਕੀਜੀਏ, ਸਵਾਬ[1] ਜਾਨਿ ਆਪਨੋ। ਕੁਨੀਤਿ[2] ਭੂਪ ਕ੍ਰਿਤ ਨਾ[3], ਤਜੰਤ ਭੂਰ ਪਾਪ ਨੋ[4]'॥ ੩ ॥ ਅੜਿੱਲ ॥ ਸੁਨਿ ਕਰਿ ਸ੍ਰਵਨ ਨਵਾਬ †ਭਨੈ[5] 'ਤੂੰ ਕੌਨ ਹੈ? ਕਿਸ ਪਰ ਕਰਤਿ ਪੁਕਾਰ ਨਾਮ ਕਹੁ ਜੌਨ[6] ਹੈ? ਕਿਹਿ ਦੁਖ ਦੀਨੋ ਤੋਹਿ ਸੁ ਭੇਵ[7] ਭਨੀਜੀਏ? ਹੌਂ ਕਰਿਹੌਂ

---

[1]ਪੁੰਨ। [2]ਅਨ੍ਯਾਯ। [3]ਨਹੀਂ ਕਰਦੇ। [4]ਨੂੰ। [5]ਕਿਹਾ। [6]ਜੋ। [7]ਭੇਤ।

*Natural flow ਸੁਤੇ ਵੇਗ ਵਾਲੀ ਕਵਿਤਾ, ਜਿਸ ਬਾਬਤ ਕਿਹਾ ਹੈ:—ਆਪੇ ਆਈ ਸ਼ੋਭ ਹੈ ਕਵਿਤਾ ਬਨਿਤਾ ਦੋਇ। ਬਲ ਕਰ ਖੈਂਚੇ ਜੋ ਇਨ੍ਹੈ ਸਰਸਾ ਬਿਰਸਾ ਹੋਇ ॥

†ਪਾ:—ਸ੍ਰਵਨਤ ਖਾਤ।

ਨਜਾਇ ਭੁਮਾਰ ਬ੍ਰਿਥਾ ਕਹਿ ਦੀਜੀਏ' ॥੪॥ 'ਨਾਨਕ ਮੋਦੀ ਭੋਰ, ਸਸੁਰ ਤਿਹ[੧] ਜਾਨੀਏ। ਤਾਂ ਪਰ ਕਰੀ ਪੁਕਾਰ ਆਪ ਪਹਿਚਾਨੀਏ। ਸੁਨਿ ਸ਼੍ਰਵਨਨ ਮਮ ਬੈਨ, ਵਿਚਾਰ ਕਰੀਜਿਯੇ। ਹੋ ਬਹੁਰੋ ਨਜਾਇ ਨਿਬੇਰ ਸੁ ਜਸ ਜਗ ਲੀਜਿਯੇ' ॥ ੫ ॥ ਦੋਹਰਾ ॥ ਸੁਨਿ ਸ੍ਰੀ ਨਾਨਕ ਨਾਮ ਕੋ ਲੀਨੋ ਨਿਕਟ ਹਕਾਰ। 'ਕੈਸੇ ਕਰਤਿ ਪੁਕਾਰ ਤੂੰ ਮੁਹਿ ਸਮਝਾਇ ਉਚਾਰਿ'॥੬॥ ਨਰਾਜ ਛੰਦ॥ 'ਜੁ ਸਾਤ ਸੈ ਕਿ ਸਾਠ[੨] ਦਾਮ[੩] ਤਾਂਹਿ ਜਾਨਿ ਸ਼ੇਖ[੪] ਸੋ। ਨਿਬਾਬ ਰਾਇ! ਦੇਹੁ ਤਾਂਹਿ[੫] ਤਾਤ ਨਾਰਿ[੬], ਦੇਖ ਸੋ[੭]। ਵਿਚਾਰਿ ਕੈ ਰਿਦੈ ਨਿਆਇ, ਆਨਿ[੮] ਬੂਝ[੯] ਲੀਜਿਯੇ'। ਭਨੰਤਿ ਮੂਲਚੰਦ ਯੌਂ 'ਪੁਕਾਰ ਯਾ ਲਖੀਜਿਯੇ[੧੦]' ॥੭॥ ਨਿਬਾਬ ਸ਼੍ਰੋਨ ਮੈਂ ਸੁਨੰਤਿ ਬੈਨ ਕੋ ਅਲਾਇਓ। 'ਕਹੀ ਸਰੋਜਨੈਨ ਨੇ[੧੧] ਫਕੀਰ ਕੋ ਖਵਾਇਓ। ਨ ਮਾਨ,ਆਨ ਥਾਨ ਦਾਮ ਦੇਹੁੰ[੧੨] ਏਹ ਜਾਨਿਯੇ[੧੩]। ਫਕੀਰ ਬ੍ਰਿੰਦ ਹੋਇੰ ਤੌ ਖਵਾਇ ਆਪ ਮਾਨਿਯੇ' ॥ ੮ ॥ 'ਭਯੋਹਿ ਭੂਰ ਬਾਵਰਾ, ਕਿ ਭੂਤਨਾਂ ਸੁ ਤਾਂਹਿ ਮੈਂ[੧੪]। ਸੁਧੀ[੧੫] ਨ ਕੋਇ ਕਾਂਹਿ ਕੀ, ਨ ਕੂਰ ਵਾਕ ਪ੍ਰਾਹਿ ਮੈਂ[੧੬]। ਨਿਕੇਤ[੧੭] ਹੇਤ[੧੮] ਕੋ ਨਹੀਂ, ਮਸਾਨ ਥਾਨ ਬੈਸਿਯਾਭਨੰਤਿ ਤੁੰਡ ਆਇ[੧੯] ਜੋ ਫਕੀਰ ਕੀਨ ਬੇਸਿਯਾ'॥੯॥ ਨਿਬਾਬਬੈਨ ਤਾ ਸੁਨੇ ਸਚਿੰਤ ਚੀਤ ਹ੍ਵੈ ਰਹਯੋ। ਗਹੀ ਫਨੀ[੨੦] ਚਚੂੰਧਰੰ ਤਜੀ ਨ ਖਾਇ ਯੌਂ ਭਯੋ*। ਫਕੀਰ ਕੋ ਨ ਦੇਉਂ ਹੋਤਿ ਭੈ ਹਮੈਂ ਸੁ ਤਾਂਹਿ ਕੋ। ਨ ਦੇਉਂ ਤੋਹਿ, ਹੋਤਿ ਹੈ ਕੁਨੀਤ ਨੀਤ ਨਾਹਿ ਕੋ[੨੧]' ॥੧੦॥ ਦੋਹਰਾ॥ ਹੁਤੋ ਯਾਰਖਾਂ ਨਿਕਟਿ ਤਬ ਬੂਝੀ ਤਿਹ ਸੋਂ ਗਾਥ। ਬੋਲਯੋ ਰਿਦੈ ਵਿਚਾਰਿ ਸੋ[੨੨] ਨਿਜ ਭੂਪਤਿ ਕੋ ਸਾਥ ॥ ੧੧ ॥ ਅੜਿਲ॥ 'ਜੇ ਨਾਨਕ ਅਬ ਭਯੋ ਬਾਵਰਾ ਸੁਧਿ ਨਹੀਂ। ਕਿਧੌਂ ਭੂਤਨਾ ਬਰਯੋ ਲੇਹੁ ਕਰਿ ਸਭਿ ਸਹੀ। ਦੇਹੁ ਦਰਬ ਪਸ਼ਚਾਤ ਜਾਨ

[੧]ਉਸਦਾ (ਮੇਨੂੰ) ਸਹੁਰਾ। [੨.੩]ਸੱਤ ਸੌ ਸੱਠ ਰੁਪਯੇ। [੪]ਉਸ ਦੇ ਬਾਕੀ। [੫]ਉਸਦੇ। [੬]ਪੁੱਤ੍ਰ ਤੇ ਸੁਪਤਨੀ ਨੂੰ। [੭]ਦੇਖ ਲਓ (ਇਹ ਗਲ ਠੀਕ ਹੈ)। [੮]ਹੋਰ ਤੋਂ (ਬੀ)। [੯]ਪੁੱਛ। [੧੦]ਇਹ ਜਾਣ ਲਓ, [੧੧]ਭਾਵ ਗੁਰੂ ਜੀ ਨੇ! [੧੨]ਮੈਂ (ਤੇਰੀ ਗੱਲ) ਮੰਨਕੇ ਹੋਰਥੇ ਰੁਪੇ ਨਹੀਂ ਦਿਆਂਗਾ। [੧੩]ਇਹ ਜਾਨ ਲੈ। [੧੪]ਭਾਵ ਗੁਰੂ ਜੀ ਵਿਚ। [੧੫]ਹੋਸ਼। [੧੬]ਝੂਠ ਮੈਂ ਨਹੀਂ ਕਿਹਾ। [੧੭.੧੮]ਘਰ ਦਾ ਮੋਹ। [੧੯]ਮੂੰਹ ਆਈ ਕਹਿ ਦੇਂਦਾ ਹੈ। [੨੦]ਸੱਪ। [੨੧]ਕੋਈ ਨੀਤੀ ਨਹੀਂ ਸਗੋਂ ਕੁਨੀਤੀ ਹੁੰਦੀ ਹੈ (ਅ) ਨੀਤੀਨਾਹ= ਪਰਮੇਸ਼ੁਰ ਪਾਸਿਓਂ ਕੁਨੀਤ ਹੁੰਦੀ ਹੈ। [੨੨]ਉਹ।

*ਛਛੂੰਦਰ, (ਯਾ ਕੋਹੜ ਕਿਰਲੀ), ਸੱਪ ਜਿਸਨੂੰ ਮੂੰਹ ਵਿੱਚ ਪਾ ਲੈਂਦਾ ਹੈ ਜੇ ਖਾਵੇ ਤਾਂ ਆਪ ਕੋਹੜਾ ਹੋ ਜਾਂਦਾ ਹੈ ਤੇ ਜੇ ਛੱਡੇ ਤਾਂ ਓਹ ਅੱਖਾਂ ਕੱਢ ਲਿਜਾਂਦੀ ਹੈ, ਆਦਮੀ ਦੀ ਦੁਚਿਤੀ ਵਿੱਚ ਇਹੋ ਅਖਾਣ ਵਰਤਦੇ ਹਨ।

ਜਿਯ ਲੀਜਿਯੇ। ਹੋ ਕੈਧੋਂ ਮੇਧਾ ਸਹਿਤ ਤ[੧] ਬੂਝਨ ਕੀਜਿਯੇ[੨]' ॥ ੧੨ ॥ ਦੋਹਰਾ ॥ ਸੁਨੇ ਯਾਰਖਾਂ ਬਚਨ ਜਬ ਨ੍ਰਿਪਤਿ ਸਰਾਹਤਿ[੩] ਤਾਂਹਿ। 'ਕਰਨ ਉਚਿਤ ਐਸੇ ਹਮੈਂ ਜੈਸੇ ਤੂੰ ਮੁਖਿ ਪ੍ਰਾਹਿ' ॥ ੧੩ ॥ ਅੜਿਲ ॥ ਮੁੱਲਾਂ ਢਿਗ ਨਰ ਪਠਾ, ਸੁ ਲੀਨ ਪੁਕਾਰਿਯੋ[੪]*। ਸਭਿ ਨਾਨਕ ਬਿਰਤਾਂਤ ਨਿਬਾਬ ਉਚਾਰਿਯੋ। 'ਹੇਰਹੁ[੫] ਝਾਰਹੁ[੬], ਜਾਹੁ, ਰਿਦੈ ਸੁਧਿ ਲੀਜਿਯੇ। ਹੋ ਬਹੁਰੋ ਮੁਝ ਢਿਗ ਆਨਿ ਸੁ ਭੇਵ ਭਨੀਜਿਯੇ'॥੧੪॥ ਸੁਨਿ ਕਰਿ ਮੁੱਲਾਂ ਚਲ੍ਯੋ ਬੇਗ ਲਿਖਿ ਕਾਗਰਾ[੭]। ਜੰਤ੍ਰ ਮੰਤ੍ਰ ਲੇ ਸੰਗਿ ਜਹਾਂ ਸੁਖ ਸਾਗਰਾ। ਪਰੀ ਰੌਰ[੮] ਪੁਰਿ ਮਾਂਹਿ ਮੁਲਾਨੇ ਜਾਨ ਕੀ। ਹੋ ਧਾਏ ਨਰ ਦਿਸ਼ ਤਾਂਹਿ ਜੁ ਕ੍ਰਿਪਾ ਨਿਧਾਨ ਕੀ ॥੧੫॥ ਨਰਾਜ ਛੰਦ ॥ ਭਨੈਂ ਪ੍ਰਮਾਨ ਆਨਨੰ ਅਜਾਨ ਬੈਨ[੯] ਯਾ ਬਿਧੇ। 'ਭਲੋ ਤਮਾਸ਼ ਦੇਖਿ ਹੈਂ ਬਿਸ਼ੇਸ਼ ਭੂਤ ਕਾਢਿਧੇ।ਚਲੇ ਸਚਾਇ[੧੦] ਧਾਇ ਧਾਇ ਆਇ ਬ੍ਰਿੰਦ ਸੋ ਭਏ। ਨ ਭੇਵ ਮੂਲ ਜਾਨਹੀ ਸੁ ਭੂਲ ਭਰਮ ਮੈਂ ਗਏ ॥ ੧੬ ॥ ਲਗੇ ਸਮਾਧਿ ਸ਼੍ਰੀ ਗੁਰੂ ਮਸਾਨ ਥਾਨ ਰਾਜਹੀਂ।ਮਨੋ ਪਿਨਾਕਪਾਨ[੧੧] ਆਨਿ ਬੈਸਿਓ ਬਿਰਾਜਹੀਂ।ਸਰੀਰ ਹੈ ਅਚੱਲ ਨੈਨ ਮੂੰਦਿਯੇ ਅਸੀਨਿਯਾ[੧੨]।ਸਦੀਵ ਦਾਸ ਦੋਖ ਜੇ ਦਲੈਤਿ ਦੂਰ ਕੀਨਿਯਾ ॥੧੭॥ ਦੋਹਰਾ॥ ਚਹੁੰ ਦਿਸ਼ਿ ਮਾਨਵ ਬ੍ਰਿੰਦ ਭੇ ਰਿਦੇ ਬਿਲੋਕਨ ਚਾਉ। ਲਗੀ ਗੰਭੀਰ ਸਮਾਧਿ ਗੁਰੁ ਪੇਖਨ ਸੁਨਨਿ ਅਭਾਉ[੧੩] ॥੧੮॥ ਅੜਿਲ॥ ਮੁੱਲਾਂ ਬੈਠ੍ਯੋ ਨਿਕਟਿ ਬਿਕਟ[੧੪] ਮੰਤ੍ਰ-ਨ ਪਠੇ। ਭੀਰ ਭੂਰ ਤਿਹ ਥਾਨ ਅਪਰ ਆਵਹਿਂ ਨਠੇ। ਝਾਰਤਿ[੧੫] ਮੰਤ੍ਰਨ ਸੰਗਿ ਬਿਲੋਕਹਿਂ ਨਰ ਖਰੇ। ਹੋ ਬਹੁਰੋ ਲੇਯ ਪਲੀਤਾ ਬਾਤੀ[੧੬] ਬਟ ਕਰੇ[੧੭] ॥੧੯ ॥ ਪਾਵਕ[੧੮] ਲਾਈ ਤਾਂਹਿ, ਬਰੀ[੧੯] ਧੂੰਆਂ ਭਯੋ। ਲੈਕਰਿ ਮੁੱਲਾਂ ਹਾਥ ਨਾਸਕਾ ਮਹਿਂ ਦਯੋ। ਦਸਵੇਂ ਦ੍ਵਾਰੇ ਧੂੰਮ ਪਹੂੰਚ੍ਯੋ ਜਾਇ ਸੋ। ਹੋ ਡੋਲੀ ਤਬੈ ਸਮਾਧਿ ਰਿਦੈ ਅਕੁਲਾਇ ਸੋ॥ ੨੦ ॥ ਮੁੰਦ੍ਰਿਤ[੨੦]† ਲੋਚਨ ਚਾਰੁ, ਨ ਪਲਕ

---

[੧]ਜੇ ਹੋਸ਼ ਵਿੱਚ ਹੈ ਤਾਂ। [੨](ਉਸ ਨੂੰ) ਪੁੱਛ ਲਵੇ। [੩]ਸਲਾਹੁੰਦਾ ਹੈ। [੪]ਸੱਦ ਲਿਆ। [੫]ਵੇਖਹੁ। [੬]ਝਾੜਾ ਕਰੋ। [੭]ਕਾਗਤ। [੮]ਰੌਲਾ। [੯]ਅਨਜਾਨ ਮਨੁੱਖ ਮੁੱਖੋਂ ਵਾਕ ਕਹਿੰਦੇ ਹਨ। [੧੦]ਚਾਉ ਨਾਲ। [੧੧]ਪਿਨਾਕ=ਜਨਕਪੁਰੀ ਵਾਲਾ ਸ਼ਿਵਜੀ ਦਾ ਧਨੁਖ ਇਹ ਜਿਸ ਦੇ ਹੱਥ ਵਿੱਚ ਹੋਵੇ ਸੋ 'ਸ਼ਿਵਜੀ'। [੧੨]ਬੈਠੇ ਹਨ। [੧੩]ਅਭਾਵ ਹੈ ਦੇਖਣ ਸੁਣਨ ਦਾ। [੧੪]ਪੁਠੇ। [੧੫]ਝਾੜਾ ਕਰਦਾ ਹੈ। [੧੬.੧੭]ਵੱਟੀ ਵੱਟਕੇ। [੧੮]ਅੱਗ। [੧੯]ਜਲੀ। [੨੦]ਮੁੰਦੇ ਰਹੇ। *ਪਾ:-ਹਕਾਰਿਓ।

†ਬਲਿਹਾਰ ਜਾਈਏ ਸਤਿਗੁਰੂ ਜੀ ਦੀ ਗੰਭੀਰਤਾ ਤੇ ਸ਼ਾਂਤੀ ਦੇ, ਜਦ ਸਮਾਧੀ ਟਿਕੇ ਮਹਾਂ ਪੁਰਖਾਂ ਨੂੰ ਕਦੀ ਕਿਸੇ ਨੇ ਇਸ ਤਰ੍ਹਾਂ ਦੀ ਤਕਲੀਫ ਪੁਚਾਈ ਤਾਂ ਜਾਂ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਖੁਲਾਨਿਆ। ਅੰਤਰਿਜਾਮੀ ਸਕਲ ਭੇਵ[1] ਪਹਿਚਾਨਿਆ। ਕਰੁਨਾਨਿਧਿ ਬਿਧਿ ਲਖੀ -ਬੁੱਧਿ ਇਨ ਹਤਿ ਭਈ-। ਹੋ ਬੋਲੇ ਬਚਨ ਸੁਨਾਇ, ਸੁ ਸਿੱਛਜਾ ਤਿਨ ਦਈ॥ ੨੧॥ ਸਲੋਕ ਮਃ ੧॥

ਧ੍ਰਿਗੁ ਤਿਨ੍ਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨਕੀ ਉਜੜੈ ਖ਼ਲਵਾੜੇ ਕਿਆ ਥਾਉ॥*

ਦੋਹਰਾ॥ਸੁਨਿ ਕਰਿ ਮਾਨਵ ਤਿਤਸਮੈਂ ਪਰੀ ਰੌਰ ਤਿਹ ਥਾਂਇ। ਕਹਤਿ ਪਰਸਪਰ[2] 'ਭੂਤਨਾ ਬੋਲਜੋ ਹੈ ਦੁਖ ਪਾਇ॥ ੨੨॥ਅੜਿੱਲ॥ ਜਬ ਕੋ ਭੂਤ ਪ੍ਰਵੇਸ਼ਜੋ ਇਹ ਘਟ ਅੰਤਰੇ।ਤਬ ਕੀ ਕਾਰ ਨ ਕਰੀ ਸੁ ਤਜੀ ਨਿਰੰਤਰੇ।ਦਰਬ ਲੁਟਾਯੋ ਬਾਦ, ਕਛੂ ਸੁਧ ਨਹਿੰ ਰਹੀ। ਹੋ ਦਯੋ ਪਲੀਤਾ ਅਬੈ ਬੁਲਾਯੋ ਇਨ[3] ਸਹੀ' ॥੨੩॥ ਸੁਨਿ ਕਰਿ ਮੁੱਲਾਂ ਮੂਢ, ਨ ਲਖਹਿ ਅਯਾਨਿਯਾ[4]। ਬੋਲਜੋ'ਇਸ ਮਹਿਂ ਭੂਤ ਰਿਦੈ ਪਹਿਚਾਨਿਯਾ'। ਬੂਝਤਿ'ਨਾਉਂ ਬਤਾਉ,ਰਹੈਂ ਕਿਹ ਥਾਉ ਮੈਂ। ਹੋ ਨਾਤੁਰ ਫੂਕੋਂ ਤੋਹਿ ਅਗਨਿ ਕੋ ਲਾਉ ਮੈਂ ॥੨੪॥ਦੀਜੈ ਸਾਚੁ ਬਤਾਇ ਬਚਜੋ ਜੇ ਚਾਹਿਤਾ। ਨਤੁ[5] ਦੇਵੋਂ ਦੁਖ ਤੋਹਿ ਬੰਨ੍ਹਿ ਮਹਿਂ[6] ਦਾਹਿਤਾ[7]'। ਸੁਨਿ ਸ੍ਰੀ ਨਾਨਕ ਬੈਨ ਨੈਨ ਪਲਕਾਂ ਖੁਲੀ। ਹੋ ਬੋਲੇ ਸਬਦਿ ਉਠਾਇ ਦੇਨਿ[8] ਤਿਨ ਮਤਿ ਭਲੀ॥ ੨੫॥ ਮਾਰੂ ਮਹਲਾ ੧॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ
ਵੇਚਾਰਾ॥ ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ॥ ੧ ॥ ਰਹਾਉ ॥ ਤਉ ਦੇਵਾਨਾ

---

[1]ਸਾਰਾ ਭੇਤ। [2]ਆਪੋ ਵਿਚੀਂ। [3]ਭਾਵ, ਮੁੱਲਾਂ ਨੇ। [4]ਅਨਜਾਣ (ਮੁੱਲਾਂ)। [5]ਨਹੀਂ ਤਾਂ। [6]ਅੱਗ ਵਿਚ। [7]ਸਾੜਾਂਗਾ। [8]ਦੇਣ ਨੂੰ।

*ਕਿਸੇ ਕਿਸੇ ਨੁਸਖੇ ਵਿਚ ਇਸਤੋਂ ਅੱਗੇ ਇਕ ਦੋਹਾ ਹੈ, ਉਹ ਮਾਨੋ ਗੁਰ ਵਾਕ ਦਾ ਟੀਕਾ ਹੈ, ਸੋ ਇਉਂ ਹੈ:- ਭੂਤ ਪ੍ਰੇਤ ਕੇ ਮੰਤ੍ਰ ਲਿਖ ਬਾਦ ਜਨਮ ਕੋ ਖੋਇ। ਜਾਹਿ ਮੂਢ ਦੋਜ਼ਕ ਵਿਖੇ ਤਾਹਿਂ ਸਹਾਇ ਨ ਕੋਇ।

[ਪਿਛਲੇ ਪੰਨੇ ਦੀ ਬਾਕੀ ਟੂਕ ਇਹ ਹੈ]
ਓਹ ਉਸ ਵਿਘਨ ਕਰਤਾ ਨੂੰ ਭਸਮ ਕਰ ਦਿੰਦੇ ਰਹੇ ਤੇ ਜਾਂ ਆਪ ਬੜੇ ਵਿਖੇਪ ਵਿਚ ਹੋ ਗਏ। ਇਹ ਇਕੋ ਇਕ ਇਤਿਹਾਸਕ ਕਥਾ ਹੈ ਕਿ ਇਹੋ ਜਿਹੇ ਟਿਕੇ ਹੋਏ ਥਾਂ ਤੋਂ ਉਤਰ ਕੇ ਬਜਾਏ ਰੰਜ, ਗੁੱਸੇ, ਸ੍ਰਾਪ ਦੇਣ ਦੇ ਮੁੱਲਾਂ ਨੂੰ ਤਾਰਨ ਲਈ ਉਪਦੇਸ਼ ਕੀਤਾ ਤੇ ਤਾਰ ਦਿੱਤਾ ਤੇ ਮੁੱਲਾਂ ਚਰਨ ਸ਼ਰਨ ਹੋਕੇ ਸਿੱਖ ਹੋ ਗਿਆ। ਦੇਖੋ ਇਸੇ ਅਧਜਾਯ ਦਾ ਅੰਕ ੩੩ ਤੇ ੩੪।

ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥ ੨ ॥ ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੩ ॥ ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥ ੪ ॥

ਦੋਹਰਾ ॥ 'ਸੁਨਹੁ ਮੁਲਾਨਾਂ ਕਾਨ ਦੇ ਤਬੈ ਦਿਵਾਨਾ ਹੋਇ। ਲਖਿ ਸਾਹਿਬ ਕੇ ਭੈ ਬਸੈ ਅਵਰ ਨ ਜਾਨਹਿ ਕੋਇ ॥੨੬॥ ਸੁਧ[੧] ਭੂਲੇ ਸੰਸਾਰ ਕੀ ਰਚੇ ਨਾਮ ਕੇ ਰੰਗ। ਅਮੀ[੨] ਛੋਰਿ ਕੈਸੇ ਗਹੈ ਫੀਕੇ ਰਸ ਕੋ ਸੰਗ ॥੨੭॥ ਨਰ ਪਾਂਮਰ ਅਨਜਾਨ ਜੇ ਅਸਬਿਧਿ[੩] ਤਿਨਹਿ ਬਤਾਇ। ਭੂਤ, ਬਿਤਾਲ[੪], ਕਿ ਬਾਵਰਾ ਹਾਨ ਲਾਭ ਨਹਿਂ ਕਾਇ ॥ ੨੮ ॥ ਪ੍ਰਭੁ ਕੋ ਪ੍ਰੇਮ ਨ ਪਰਖਹੀ ਬਿਸ਼ਯ ਬਿਖੈ ਗ਼ਲਤਾਨ। ਮਹਾਂਮੰਦ ਦੁਖ ਪਾਵਈ ਜਮ ਪੁਰਿ ਜਾਇ ਨਿਦਾਨ[੫]'॥੨੯॥ ਅਸ ਪ੍ਰਕਾਰ ਕੇ ਬਚਨ ਸੁਨਿ ਸਭਿਨਿ ਭਈ ਪਰਤੀਤ। -ਤਜਿ ਧੰਧਨ ਬੰਧਨ ਜਗਤ ਨਿਰੰਕਾਰ ਇਹ[੬] ਪ੍ਰੀਤਿ[੭]-॥੩੦॥ ਅੜਿੱਲ ॥ ਮੁੱਲਾਂ ਤਬ ਕਰ ਬੰਦਿ ਬੰਦਨਾ[੮] ਪਦ ਕਰੀ। 'ਬਖਸ਼ਹੁ ਖ਼ਤਾ ਹਮਾਰ ਭੂਲ ਬਿਨੁ[੯] ਅਨੁਸਰੀ[੧੦]। ਭੇਵ ਨ ਮਾਨਵ ਜਾਨ, ਦੋਖ ਤੁਮ ਨਹਿਂ ਰਖੈਂ। ਹੋ ਭ੍ਰਮ ਦਿਸ਼[੧੧] ਹੋਯੋ ਆਪ[੧੨] ਦੋਸ਼ ਰਵਿ ਮਹਿਂ[੧੩] ਲਖੈਂ' ॥ ੩੧ ॥ ਬੈਨ ਬਿਨੈ ਕੇ ਸੁਨੇ ਨੈਨ ਕਰੁਨਾ ਭਈ। ਦਯਾਦ੍ਰਿਸ਼ਟਿ ਕੋ ਦੇਖਿ ਦੁਰਮਤੀ ਦਲਿ ਦਈ। ਚਿਤ ਪ੍ਰਾਪਤਿ ਭੀ ਸ਼ਾਂਤਿ ਤਰਕ ਤਮ ਫਟ ਗਯੋ[੧੪]। ਹੋ ਮਨ ਮਹਿਂ ਬਹੁ ਸੁਖ ਪਾਇ ਜਾਤ ਪੁਰਿ ਮਹਿਂ ਭਯੋ ॥ ੩੨॥ ਨਿਕਟਿ ਰਾਇਕੇ ਬੈਠਿ ਰਟੀ[੧੫] ਬਿਨ ਕਪਟ ਸੋਂ। 'ਨਾਨਕ ਪੀਰਨ ਪੀਰ ਧੀਰ[੧੬] ਮਤਿ ਬਿਕਟ ਸੋ[੧੭]। ਭੇਵ ਨ ਜਾਨਹਿਂ ਮੂਢ ਦੋਖ ਸੋ ਲਖਤਿ ਹੈਂ। ਹੋ ਨਹਿਂ ਚਖ ਦੋਖ ਪਛਾਨ[੧੮], ਇੰਦ ਮਹਿਂ[੧੯] ਰਖਤਿ ਹੈਂ ॥ ੩੩ ॥ ਹੋਸ਼ਵੰਦ ਸੁਖਕੰਦ ਬੰਦਨਾ ਯੋਗ ਹੈਂ। ਜਾਨੈਂ ਸਭੈ ਸੁਜਾਨ, ਅਜਾਨੈ ਲੋਗ ਹੈਂ[੨੦]'। ਸਿਫ਼ਤ ਭੂਰ ਮੁਖ ਕਹੀ ਹਦੂਰਿ

[੧]ਖਬਰ। [੨]ਅੰਮ੍ਰਿਤ। [੩]ਇਸਤਰ੍ਹਾਂ। [੪]ਇਕ ਤਰ੍ਹਾਂ ਦਾ ਭੂਤ। [੫]ਅੰਤ ਨੂੰ। [੬]ਇਸਦੀ। [੭]ਪ੍ਰੀਤ ਹੈ। [੮]ਨਮਸਕਾਰ। [੯]ਬਿਨਾ (ਅ) ਬਿਨੈ ਹੈ (ਮੇਰੀ)। [੧੦]ਅਨ =ਨਹੀਂ, ਸਰ =ਸਰ =ਖਬਰ। ਬਿਨਾਂ ਸਾਰ ਜਾਣੇ ਦੇ, ਅਣਜਾਣੇ (ਅ) ਅਨਸ੍ਰਰੀ=ਅਮਿੱਟ, ਬਖਸ਼ੀ ਨਾ ਜਾਣ ਵਾਲੀ। [੧੧]ਦਿਸ਼ਾ ਦਾ ਭਰਮ। [੧੨] ਆਪ ਲੋਕਾਂ ਨੂੰ। [੧੩] ਸੂਰਜ ਵਿਚ। [੧੪]ਦੂਰ ਹੋ ਗਿਆ। [੧੫] ਆਖੀ (ਗਲ)। [੧੬]ਧੀਰਜਵਾਨ। [੧੭]ਉਸਦੀ ਬੁੱਧੀ ਵਿਸ਼ਾਲ ਹੈ,(ਅ) ਅਖੰਡਨ ਹੈ। [੧੮](ਆਪਣੀਆਂ) ਅੱਖਾਂ ਦਾ ਦੋਸ਼ ਨਹੀਂ ਪਛਾਣਦੇ। [੧੯]ਚੰਦ੍ਰਮਾਂ ਵਿਚ (ਦੋਸ਼)। [੨੦]ਉਹ ਸੁਜਾਨ ਹਨ ਤੇ ਸਭ ਕੁਝ ਜਾਣਦੇ ਹਨ, ਪਰ ਲੋਕੀ ਅਜਾਂਨ ਹਨ।

ਖਾਨਕੋਹੋ ਮਨਹੁ ਹੋਇ ਸਿਖ ਰਹਯੋ ਪੀਰ ਨਿਜ ਜਾਨਿਕੇ॥੩੪॥ ਦੌਲਤ ਖ਼ਾਂ
ਸੁਨਿ ਬਚਨ ਵਿਚਾਰਤਿ ਚਿੱਤਮੈਂ।--ਕਰੌਂ ਕੌਨ ਅਬ ਕਾਜ ਨ ਰਾਖੋਂ ਬਿੱਤ[੧]
ਮੈਂ। ਤਿਹ ਮੁਖ ਭਾਖਯੋ 'ਖਰਚ ਖਰਾਇਤ ਦੀਜੀਏ'।ਹੋ ਮੂਲੇ ਕਰੀ ਪੁਕਾਰ
ਕਵਨ ਬਿਧਿ ਕੀਜੀਏ?--॥੩੫॥ ਇਕ ਮਾਨਵ ਕਹਿ ਬੈਨ'ਨਿਬਾਬ ਸੁਨੀ-
ਜੀਏ! ਬੁਲਵਾਵਹੁ ਜੈਰਾਮ ਬੂਝ ਤਿਹ ਲੀਜੀਏ।ਜਿਹ ਬਿਧਿ ਬਦਿ ਹੈ[੨] ਬਦਨ
ਆਪ ਤਿਹ ਬਿਧਿ ਕਰੋ। ਹੋ ਪ੍ਰਬਲ ਲੋਭ ਤੁਮ ਨਾਂਹਿ[੩], ਪਰਬਿਤੰ[੪] ਪਰਹਰੋ'
॥੩੬॥ ਸੁਨ ਮਨ ਮਾਨੇ ਬੈਨ ਭੌਨ[੫] ਮਾਨਵ ਪਠਾ। ਲੀਨੋ ਨਿਕਟ ਹਕਾਰਿ
ਬੈਠ ਗਯੋ ਮਨ ਵਠਾ। ਆਨਨ ਭਨਿਹੀ ਖਾਨ[੬] 'ਜੁ ਨਾਨਕ ਧਨ ਅਹਾ।
ਹੋ ਤਿਹ ਕੀ ਬਿਧਿ ਕਯਾ ਕਰਹਿਂ ? ਕਹਹੁ ਜਿਹ ਬਿਧਿ[੭] ਲਹਾ[੮]' ॥੩੭॥
ਰਹਿਤ ਡਰਤਿ[੯] ਅਤਿ ਚਿੱਤ ਨਿੱਤ ਸਤਿਗੁਰੂ ਤੇ। ਇਤਿ ਮੂਲੇ ਤੇ ਡਰਤਿ
ਕਠਨ ਦਿਸ਼ ਦੁਹੂੰ ਤੇ। ਉਰ ਮਹਿਂ ਕਰਤਿ ਵਿਚਾਰ ਨ ਮੁਖਤੇ ਕਹਤਿ ਹੈ।
ਹੋ ਬੈਠਯੋ ਤੂਸ਼ਨ ਠਾਨਿ, ਨ ਕਛੁ ਬਿਧਿ ਲਹਤਿ ਹੈ[੧੦] ॥੩੮॥ ਖਾਨ
ਬਖਾਨਤਿ ਬੈਨ 'ਜਰਾਮ ਕਹੈਂ ਨ ਕਿਉਂ ? ਜਿਹ ਬਿਧਿ ਬਦਿਹੈਂ ਬਦਨ
ਸੁ ਬਿਧਿ ਧਨ ਤਿਨਹਿਂ ਦਿਉਂ। ਧਨ ਨਿਜ[੧੧] ਸਦਨ[੧੨] ਨ ਧਰੌਂ ਧਰਮ
ਨਿਧਨੌ ਨਹੀਂ[੧੩]। ਹੋ ਬੂਝਨ ਤੁਝਕੋ ਕੀਨ, ਸਮਝ ਭਨਿਯੇ ਸਹੀ' ॥੩੯॥
'ਸੁਨਹੁ ਖਾਨ ਜੀ ਕਾਨ ਜੁ ਨਿਜ ਮਨ ਠਾਨਿਯਾ। ਤਸ ਬਿਧਿ ਕਰਿਯੇ
ਦਰਬ[੧੪], ਆਪ ਬੁਧਿਵਾਨਿਯਾ। ਕਿਧੌਂ ਰਿਦੇ ਸੰਦੇਹ[੧੫] ਦੇਨਿ ਕੋ ਧਾਰਿਆ।
ਹੋ ਨਾਨਕ ਨਿਕਟਿ ਤੁਮਾਰ, ਬੂਝਿ[੧੬] ਕਰਿ ਕਾਰਿਯਾ[੧੭]' ॥੪੦॥ ਸੁਨੀ ਖਾਨ
ਨੈ ਕਾਨ ਪ੍ਰਮਾਨਹਿ[੧੮] ਪਠਿ ਦਿਯਾ। 'ਨਾਨਕ ਆਨਿ ਹਕਾਰਿ' ਗਯੋ ਢਿਗ
ਨਿਧਿਮਯਾ[੧੯]। ਬੈਸੇ ਥਾਨ ਮਸਾਨ ਨ ਮਾਨਵ ਕੋ ਜਹਾਂ। ਹੋ ਜਿਸ ਕਰੁਨਾ
ਤੇ ਨਾਸ਼ ਤਾਪ ਤ੍ਰੈ, ਸੁਖ ਮਹਾਂ ॥੪੧॥ 'ਨਾਨਕ ਜੀ ਉਠਿ ਚਲਹੁ ਨਿਬਾਬ
ਹਕਾਰਈ। ਇੱਛਾ ਪੂਛਨ ਕਛੁਕ ਤੁਮਹਿ ਅਨੁਸਾਰਈ[੨੦]'। 'ਹੌਂ ਨ ਚਲੌਂ

---

[੧]ਧਨ। [੨]ਆਖੇ। [੩]ਤੁਸਾਂ ਉਤੇ ਲੋਭ ਬਲਵਾਨ ਨਹੀਂ ਹੈ। [੪]ਪਰਾਇਆ ਧਨ। [੫](ਜਰਾਮ ਦੇ) ਘਰ। [੬]ਖਾਂ ਨੇ ਆਖਿਆ ! [੭]ਜਿਸ ਤਰ੍ਹਾਂ। [੮]ਸਮਝ ਹੈ। [੯]ਭਾਵ,ਜੈਰਾਮ ਡਰਦਾ ਹੈ। [੧੦]ਸਮਝ ਨਹੀਂ ਪੈਂਦੀ। [੧੧]ਆਪਣੇ। [੧੨]ਘਰ। [੧੩](ਮੈਂ ਆਪਣਾ) ਧਰਮ ਹਾਨ ਨਹੀਂ ਕਰਨਾ। [੧੪]ਧਨ ਨੂੰ। [੧੫]ਸੰਸਾ। [੧੬]ਪੁੱਛਕੇ। [੧੭]ਕੰਮ ਕਰੋ। [੧੮]ਮਾਨੁਖ। [੧੯]ਕ੍ਰਿਪਾ ਦੇ ਸਾਗਰ ਕੋਲ ਗਿਆ। [੨੦]ਗੋਚਰੀ ਹੈ।

ਢਿਗ ਖਾਨ, ਕੌਨ ਮਮ ਕਾਜ ਹੈ ?। ਹੋ ਬੈਸ ਰਹੇ ਉਦ੍ਯਾਨ[੧],ਨ ਮੋਦੀ
ਸਾਜ ਹੈ[੨]॥੪੨॥ ਮੁਰਿ[੩] ਪ੍ਰਮਾਨ ਨੈ ਬੈਨ ਬਖਾਨੇ ਖ਼ਾਨ ਸੋ। 'ਨਹਿਂ ਪਾਵਹਿ
ਪੁਰਿ ਪਾਇ,ਰਹਹਿ ਉਦ੍ਯਾਨ ਸੋ। ਆਇਸੁ ਮਾਨਹਿਂ ਨਾਂਹਿ ਤੁਮਾਰੀ,
ਜਾਨੀਏ। ਹੋ ਜਿਉਂ ਭਾਵਹਿ ਤਿਉਂ ਕਰਹੁ, ਆਪ ਤੁਮ ਸਜਾਨਿਯੇ[੪]'॥੪੩॥
ਸੁਨੀ ਖਾਨ ਨਿਜ ਕਾਨ ਰਿਸਾਨੋ[੫] ਮਨ ਘਨੋ। ਮਸ਼ਕ[੬] ਰਿਸਾਇ[੭] ਸੁਮੇਰੁ[੮]
ਭਗਨ[੯] ਚਹਿ ਮਨ ਮਨੋ[੧੦]। ਕਹੈ ਕਿ 'ਆਨਹੁ ਗਹੀ[੧੧]', ਕਹੇ ਜਿ ਨ
ਆਵਈ। ਹੋ ਜਾਹੁ ਅਬਹਿ ਸਮਝਾਹੁ ਬਹੁਰ ਪਛੁਤਾਵਈ' ॥ ੪੪ ॥ ਦੇਰਿ-
ਹੀਨ[੧੨] ਨਰ ਫੇਰ ਹੇਰਿ ਕਹਿ ਜਾਇਕੈ। 'ਬੇਗ ਚਲਹੁ ਇਕ ਬੇਰ ਰਿਦੇ ਹਰ-
ਖਾਇਕੈ। ਨਤੁਰ ਰਿਸੈ ਮਨ ਖਾਂਨ ਮੰਗਾਇ ਗਹਾਇਕੈ। ਹੋ ਭਲੀ ਬਾਤ ਹੈ
ਆਪਚਲੋ ਸੁਖ ਪਾਇਕੈ'॥੪੫॥ ਸੁਨਤੋ ਸ਼੍ਰੋਨ ਸੁਖਰਾਜ[੧੩] ਸਹਿਜ ਮੁਸਕਤਿ[੧੪]
ਚਲੇ। ਮੰਦਮਤੀ ਮਨ ਮੂਢ[੧੫] ਦੇਨਿ ਤਿਹ ਮਤਿ ਭਲੇ। ਬੇਦੀ ਕੇਤੁ ਨਿਕੇਤ[੧੬]
ਗਏ ਹੇਤਹਿਂ ਯਹੀ[੧੭]। ਹੋ ਕਲਿ[੧੮] ਕਲਿਮਲ[੧੯] ਬਲ[੨੦] ਬਲਤਿ[੨੧] ਉਬਾ-
ਰਨ[੨੨] ਤਿਸ[੨੩] ਸਹੀ ॥ ੪੬ ॥ ਗਏ,ਠਾਂਢ ਤਹਿਂ ਭਏ, ਕਿਯੋ ਨ* ਸਲਾਮ
ਕੋ। ਹੇਰਤਿ[੨੪] ਉਰ ਰਿਸਿ[੨੫] ਸਰਸ[੨੬] ਖਾਨ ਮਨਬਾਮ ਕੋ[੨੭]। 'ਹੌਂ ਜੁ
ਹਕਾਰਯੋ[੨੮] ਤੋਹਿ ਨ ਆਯੋ, ਕਯਾ ਠਟੀ[੨੯]। ਹੋ ਮੋਰ ਆਇਸੈ[੩੦] ਮੋਰਿ[੩੧]
ਬੈਠਿਓ ਲਖਿਲਟੀ[੩੨]!' ॥੪੭॥[੩੩] 'ਚਾਕਰ ਜਬੈ ਤੁਮਾਰ ਆਵਤੇ ਤੁਮ ਕਹੇ।
ਤਜੀ ਕ੍ਰਿੱਤ ਅਬ ਸਭੈ ਨਿਰਾਰੇ ਹੋ ਰਹੇ। ਚਾਕਰ ਭਏ ਖ਼ੁਦਾਇ ਹੁਕਮ
ਤਿਹ ਮਾਨਈ। ਹੋ ਨਿਰੰਕਾਰ ਕਰਤਾਰ[੩੪] ਜਗਤ ਜਿਹ[੩੫] ਜਾਨਈ' ॥ ੪੮॥
ਸ਼੍ਰੋਨ ਸੁਨਤਿ ਰਿਸ[੩੬] ਸਰਸ[੩੭] ਨ ਬਸ[੩੮], ਅਸ ਕਹਿਤਿ ਭਾ।–ਆਨੌਂ[੩੯]

---

[੧]ਅਸੀਂ ਬੈਠੇ ਹਾਂ ਬਨ ਵਿਚ। [੨](ਹੁਣ) ਠਾਟ ਮੋਦੀ ਦਾ ਨਹੀਂ। [੩]ਮੁੜਕੇ। [੪]ਸਿਆਣੇ ਹੋ। [੫]ਗੁੱਸੇ ਹੋਇਆ। [੬]ਮੱਛਰ। [੭]ਗੁੱਸੇ ਹੋਕੇ। [੮]ਸੁਮੇਰ ਪਹਾੜ ਨੂੰ। [੯]ਤੋੜਨਾ। [੧੦]ਮਨ ਵਿਚ ਮਾਨੋਂ। [੧੧]ਫੜਕੇ ਲੈ ਆਓ। [੧੨]ਛੇਤੀ। [੧੩]ਗੁਰੂ ਜੀ ਨੇ। [੧੪]ਮੁਸਕ੍ਰਾਉਂਦੇ। [੧੫]ਮੂਰਖ। [੧੬]ਭਾਵ ਗੁਰੂ ਜੀ ਘਰ ਗਏ। [੧੭]ਇਸੇ ਕਾਰਣ। [੧੮.੧੯.੨੦.੨੧.]ਬਲੀ ਕਲਿਜੁਗ ਦੇ ਪਾਪਾਂ ਨਾਲ ਘੇਰੇ ਹੋਏ। [੨੨]ਬਚਾਉਣ। [੨੩]ਉਸ (ਮੰਦਮਤੀ ਨੂੰ)। [੨੪]ਵੇਖਕੇ। [੨੫]ਗੁੱਸਾ। [੨੬]ਵਧਿਆ। [੨੭]ਵਿੰਗੇ ਮਨ ਵਾਲੇ ਨੂੰ। [੨੮]ਸੱਦਿਆ। [੨੯]ਕੀ ਸਮਝਿਆ ਸੀ। [੩੦]ਮੇਰੇ ਹੁਕਮ ਨੂੰ। [੩੧]ਮੋੜਕੇ। [੩੨]ਲਖ਼-ਲੁਟ ਹੋਕੇ ਭਾਵ ਬੇਪਰਵਾਹ ਹੋਕੇ। [੩੩]ਗੁਰੂ ਜੀ ਬੋਲਦੇ ਹਨ:–। [੩੪]ਕਰਤਾਰ ਦੇ। [੩੫]ਜਿਸ ਨੂੰ। [੩੬]ਗੁੱਸਾ। [੩੭]ਹੋਰ ਵਧਿਆ। [੩੮]ਵਸ ਨਹੀਂ ਚਲਦਾ। [੩੯]ਲਿਆਵਾਂ, ਇਹ ਗੱਲ ਨਵਾਬ ਨੇ ਆਪਣੇ ਦਿਲ ਵਿਚ ਆਖੀ ਜਾਪਦੀ ਹੈ।

*ਪਾ:-ਨ ਕੀਯਸ।

ਦੀਨ[1] ਮਝਾਰ-ਦੀਨ ਮਤਿ* ਚਹਿਤਿ ਭਾ[2]। 'ਆਜ ਜੁਮੇਂ[3] ਕੋ ਰੋਜੁ ਖੋਜ[4] ਸਭਿ ਪਾਇਹੌਂ। ਹੋ ਚਲਿਯੇ ਸੰਗਿ ਮਸੀਤ ਨਿਮਾਜ਼ ਪਢਾਇ ਹੌਂ ॥ ੪੯ ॥ ਦ੍ਰਿਸ਼ਟਿ[5] ਏਕ[6] ਪਰ ਧਰੀ ਜਗਤ ਤਜਿ ਕਾਨ ਕੋ। ਹਿੰਦੂ ਤੁਰਕ ਜਿ ਦੋਇਨ ਭੇਦਹਿ ਜਾਨ ਕੋ। ਤੌ ਹਮ ਕਰਹਿਂ ਖੁਦਾਇ ਬੰਦਗੀ ਬੰਦਿ ਕਰ। ਹੋ ਤੁਮਭੀ ਗਵਨੋਂ ਸੰਗ ਤਜਹੁ ਨਰ ਲਾਜ ਡਰ' ॥੫੦॥ ਸੁਨਿ ਨਾਨਕ ਜੀ ਕਾਨ[7] ਬੈਨ ਆਨਨ ਭਨੈ। 'ਚਲੌ ਖਾਨ ਤਿਹ ਥਾਨ ਜਹਾਂ ਤੁਮ ਮਨ ਮਨੈ। ਖੋਜਹੁ ਖੋਜਨ ਜੋਗ ਤ ਜਾਨਯੋ ਜਾਇ ਹੈ'। ਹੋ ਆਨੰਦ ਕੰਦ ਮੁਕੰਦ ਚਲੇ ਸੰਗ ਰਾਇ[8] ਹੈ ॥੫੧॥ ਰੌਰ ਪਰੀ[9] ਪੁਰਿ ਮਾਂਹਿ ਨਾਰਿ ਨਰ ਸਗਰ ਮੈਂ। ਘਰ ਘਰ ਕਰਤਿ ਵਿਚਾਰ ਕੁਲਾਹਲ[10] ਨਗਰ ਮੈਂ।ਰੰਕ,ਧਨੀ,ਬ੍ਰਿਧ ਬਾਲ ਤਰੁਨ[11] ਦੌਰਤਿਚਲੇ। 'ਹੋ ਨਾਨਕ ਹੁਇ ਹੈ ਤੁਰਕ ਬਾਤ ਇਹ ਨਹਿਂ ਭਲੇ।੫੨। ਹੋਤਿ ਰੀਤ ਵਿੱਪ੍ਰੀਤਿ ਭੀਤ ਚਿਤ ਹਿੰਦੂ ਕੋ[12]।ਕਵਨ ਨਿਵਾਰਹਿ[13] ਜਾਇ ਬਖਾਨ ਨਰਿੰਦਕੋ[14]।ਅਤਿ ਅਚਰਜ ਕੀ ਬਾਤ ਸੁਨਤਿ ਚਿਤ ਥਰਹਰੈ[15]।ਹੋ ਇਹ ਬਿਧਿ ਆਗੇ ਭਈ ਨ,ਜਿਹ ਬਿਧਿ ਅਬ ਕਰੈ[16]'।੫੩।ਚਤੁਰ ਬਰਨ[17] ਨਰ ਚਲੇ ਤਮਾਸ਼ੇ ਹਿਤ ਸਭੇ। ਹੇਰਿ ਜਰਾਮ ਕੁ ਚਾਲਿ ਬਿਸਾਲਹਿ ਦੁਖ ਤਬੈ। ਸੋਚਤਿਸੋਚਨ[18] ਸਕੁਚ[19] ਚਲਯੋ ਚੱਕ੍ਰਤ[20] ਘਰੇ[21]।-ਹੋ ਚਿਤ ਚਾਹਿਤ ਕਛੁ ਔਰ ਔਰ ਬਿਧਿਨਾ[22] ਕਰੇ ॥ ੫੪ ॥ ਬਧਤਿ ਸੁਧਾ ਕੀ ਲਤਾ[23] ਹਲਾਹਲ ਫਰਫਰੀ[24]। ਲਿਖਤ ਕਲਾਨਿਧਿ[25] ਕਲਮ ਬਿਧੁੰਤਕ[26] ਲਿਖਿ ਹਰੀ[27]। ਦਰਬ ਦੇਨ ਕੋ ਖਾਨ ਹਕਾਰਯੋ[28] ਨਰ ਪਨੇ। ਹੋ ਬਹੁਰਿ ਨਿਵਾਜ ਕਰਾਇ ਭਈ ਬਿਧਿ ਆਪੁਠੇ[29]†--॥ ੫੫ ॥ ਚਤੁਰ ਦਿਸ਼ਾ ਤੇ[30] ਜਕੈ[31]‡ ਥਕਿਤਿ[32]

[1]ਮੁਸਲਮਾਨੀ ਧਰਮ। [2]ਨੀਵੀਂ ਬੁੱਧੀ ਵਾਲਾ ਚਾਹੁਣ ਲੱਗਾ। [3]ਸ਼ੁਕਰਵਾਰ। [4]ਪਤਾ। [5](ਇਹ ਗੱਲ ਨਵਾਬ ਨੇ ਖੁੱਲ੍ਹ ਕੇ ਕਹੀ ਸੁਣਾਕੇ)ਜੇ ਨਜ਼ਰ। [6]ਇਕ ਰੱਬ ਤੇ। [7]ਕੰਨੀਂ। [8]ਨਵਾਬ ਦੇ ਨਾਲ। [9]ਰੌਲਾ ਪੈ ਗਿਆ। [10]ਹਲਚਲੀ। [11]ਜਵਾਨ। [12]ਮਾੜੀ ਗਲ ਹੋਣ ਲੱਗੀ ਹੈ, ਹਿੰਦੂਆਂ ਦਾ ਦਿਲ ਭੈਮਾਨ ਹੈ। [13](ਇਹ ਭੈ) ਦੂਰ ਕੌਣ ਕਰੇ। [14]ਨਵਾਬ ਨੂੰ ਦੱਸਕੇ। [15]ਚਿਤ ਕੰਬਦਾ ਹੈ। [16]ਕਰਨ ਲੱਗਾ ਹੈ (ਨਵਾਬ)। [17]ਚਹੁੰ ਵਰਨਾਂ ਦੇ। [18]ਸੋਚਾਂ ਸੋਚਣੋਂ। [19]ਡਰਦਾ। [20]ਹੈਰਾਨ ਹੋ। [21]ਘਰ ਨੂੰ। [22]ਬਿਧਾਤਾ। [23]ਅੰਮ੍ਰਿਤ ਦੀ ਵੇਲ ਵਧੀ। [24](ਪਰ) ਜ਼ਹਿਰੀਲੇ ਫਲਾਂ ਨਾਲ ਫਲੀ। [25]ਚੰਦ। [26]ਰਾਹੂ। [27]ਚੰਦਰਮਾਂ ਤੋਂ ਭਾਵ ਜਸ, ਰਾਹੂ ਤੋਂ ਅਪਜਸ। ਕਿ ਮੈਂ ਗੁਰੂ ਜੀ ਨੂੰ ਜਸ ਵਾਸਤੇ ਸੁਲਤਾਨ ਪੁਰ ਆਂਦਾ ਸੀ, ਪਰ ਹੁਣ ਮੁਸਲਮਾਨ ਹੋ ਜਾਣ ਤੇ ਮੇਰਾ ਅਪਜਸ ਹੋਵੇਗਾ। [28]ਸੱਦਿਆ ਸੀ। [29]ਉਲਟੀ। [30]ਚੁਫੇਰਿਓਂ। [31]ਹੈਰਾਨ ਹੋਕੇ। [32]ਥਕ ਰਿਹਾ ਹੈ (ਚਿੱਤ)।  *ਪਾ:-ਮਨ।  †ਪਾ:-ਇਹ ਭੀ ਬਿਧਿ ਆਪੁਠੇ।  ‡ਪਾ:-ਜਥੇ।

ਚਿਤ ਹ੍ਵੈ ਰਹਾ।--ਕਾਲੂ ਕਹਿਹੌਂ ਕਾਹਿ[1] ਕਿ ਮੂਲਾ ਕਹਿ ਕਹਾਂ[2]। ਨਾਨਕ ਜਨਨੀ ਬੂਝਤਿ[3] ਉੱਤਰ ਦੇਊਂ ਕੌਹੋ ਮੁਰ ਪਰ ਧਰਿ ਹੈਂ ਖੋਰ,ਨ ਜਾਨਹਿਂ ਭੇਉ ਕੋ[4]–॥੫੬॥ ਲੱਜਤਿ ਚੀਤ ਨਿਕੇਤ ਬਰਜੋ ਦੁਰਿ[5] ਬੈਸਯੋ। ਗ੍ਰੀਵ ਨੀਵ ਕਰਿ ਮਸ਼ਟਿ ਸੋਚ ਤਨ[6] ਜੈਸਯੋ। ਧਰਨਿ ਖਨਿਤ[7], ਚਖਨੀਰ[8] ਭਰੇ ਭਰਿ ਆਵਈ। ਹੋ ਕਰੁਨਾ ਮੂਰਤਿ ਧਰੀ[9] ਮਨੋਂ ਪਛੁਤਾਵਈ ॥੫੭॥ ਲਖਜੋ[10] ਨਾਨਕੀ ਤਿਸੈ ਤੁੰਡ ਮੁਰਝਾਇਆ। ਜਲ ਬਿਨ ਤੋਰੀ ਨਾਲ[11] ਕਮਲ ਕੁਮਲਾਇਆ। 'ਚਿਤ ਚੱਕ੍ਰਤਿ ਅਤਿ ਚਿੰਤ, ਕਹਹੁ ਕਸ-ਭੀ[12] ਤੁਮੇਂ ? ਹੋ ਸ਼ੋਕ ਸਿੰਧੁ ਮਹਿਂ ਮਗਨ ਬਤਾਵਹੁ ਨਿਜ ਗਮੈ[13]' ॥੫੮॥ ਉਚਰੇ ਬਚਨ ਜਰਾਮ 'ਅਕੀਰਤਿ[14] ਜਹਿਂ ਤਹਾਂ। ਧਰਮ ਰੀਤਿ ਬਿਪ-ਰੀਤਿ[15], ਚਿੰਤ ਚਿਤ ਮੁਹਿ ਮਹਾਂ। ਭ੍ਰਾਤ ਤੁਮਾਰੋ ਗਯੋ ਸੰਗਿ ਨ੍ਰਿਪ ਖਾਨ ਕੇ। ਹੋ ਕਰਿ ਹੈ ਆਜ ਨਿਵਾਜ ਮਸੀਤ ਪਯਾਨ ਕੇ ॥੫੯॥ ਚਤੁਰ ਬਰਨ ਮਹਿਂ ਰੌਰ[16]–ਤੁਰਕ ਤਹਿਂ ਹੋਇ ਹੈ–। ਗਯੋ ਖਾਨ ਚਲਿ ਆਪ ਸੰਗ ਬਹੁ ਲੋਇ[17] ਹੈਂ। ਸ਼ੋਕ ਸਿੰਧੁ ਮਹਿਂ ਮਗਨ[18] ਸੁਨਤਿ ਮਮ ਮਨ ਭਯੋ। ਹੋ ਪੋਤ[19] ਨ ਪ੍ਰਾਪਤਿ ਮੋਹਿ, ਜਤਨ ਬਹੁ ਬਿਧਿ ਠਯੋ' ॥੬੦॥ *ਭਨਤਿ[20] ਨਾਨਕੀ ਬਚਨ 'ਨ ਚਿੰਤਾ ਕੀਜੀਯੇ। ਭਰਮ ਨ ਭੂਲਹੁ,ਭੇਵਭਲੇ ਲਖਿ ਲੀਜੀਯੇ[21]। ਭ੍ਰਾਤ ਹਮਾਰੋ ਭਯੋ ਭੇਸ ਨਰ ਭਗਤਿ[22] ਕੋ। ਹੋ ਤ੍ਰੈਲੋਕਨ ਕੋ ਕੰਤ[23] ਰਚਜੋ ਜਿਨ ਜਗਤ ਕੋ॥੬੧॥ ਪੰਨਗ[24],ਦਾਨਵ[25],ਅਮਰ[26], ਬਰਨ[27], ਕਿੰਨਰ[28] ਧਰਾ[29]। ਮਾਰਤੰਡ[30],ਜਮ,ਇੰਦ[31],ਇੰਦ੍ਰ[32], ਹਰ[33],ਜਗ ਕਰਾ[34]। ਪੌਨ[35]

---

[1]ਕੀ ਕਹੂੰਗਾ। [2]ਕੀਹ ਕਹੇਗਾ। [3](ਜਦੋਂ) ਪੁੱਛੂ (ਤਾਂ)। [4]ਭੇਤ ਨੂੰ ਨਹੀਂ ਜਾਣਨਗੇ। [5]ਛੁਪਕੇ। [6]ਫਿਕਰ ਦਾ ਵਜੂਦ। [7]ਖੋਤ੍ਰਦਾ ਹੈ। [8]ਅੱਖਾਂ ਵਿੱਚ ਅਥ੍ਰੂ। [9]ਰੋਣ ਨੇ ਮੂਰਤ ਧਾਰਕੇ। [10]ਡਿੱਠਾ। [11]ਤੁੱਟੀ ਨਾਲੀ ਦਾ। [12]ਕੀ ਹੋਇਆ ਹੈ। [13]ਆਪਣੀ ਚਿੰਤਾ। [14]ਨਿੰਦਾ। [15]ਉਲਟੀ ਹੋਣ ਲਗੀ ਹੈ। [16]ਰੌਲਾ। [17]ਲੋਕ। [18]ਗ਼ਰਕ। [19]ਜਹਾਜ। [20]ਕਿਹਾ। [21]ਸਮਝ ਲੈ। [22]ਭਗਤੀ ਨੇ ਭੇਸ ਧਾਰਿਆ ਹੈ ਇਹ ਮਾਨੁੱਖੀ (ਜਾਮਾ)। [23]ਪਤੀ ਹੈ। [24]ਨਾਗ। [25]ਦੈਂਤ। [26]ਦੇਵਤੇ। [27]ਵਰੁਣ। [28]ਦੇਵਤਿਆਂ ਦੀ ਇਕ ਜਾਤੀ। [29]ਧਰਤੀ। [30]ਸੂਰਜ। [31]ਚੰਦਰਮਾਂ। [32]ਇੰਦਰ। [33]ਸ਼ਿਵ। [34]ਬ੍ਰਹਮਾ। [35]ਹਵਾ।

*ਸ੍ਰੀ ਬੇਬੇ ਨਾਨਕੀ ਜੀ ਦਾ ਅਡੋਲ ਨਿਸ਼ਚਾ ਤੇ ਸਤਿਗੁਰੂ ਨਾਨਕ ਦੇਵ ਜੀ ਦਾ ਅਤਿ ਉੱਚਾ ਪ੍ਰਤਾਪ ਇਨ੍ਹਾਂ ਬਚਨਾਂ ਤੋਂ ਪ੍ਰਗਟ ਹੈ। ਚਿੱਤ ਦੀ ਸ਼ਕਤੀ ਲਈ ਤੇ ਮਨ ਦੇ ਸੁਖ ਲਈ ਅਡੋਲ ਨਿਸ਼ਚਾ ਹੈ, ਜਗਜਾਸੂਆਂ ਦੇ ਦਿਲ ਲਈ ਤੁਲ੍ਹਾ ਹੈ।

ਬੈਨ੍ਹਿ[੧], ਦਿਗਪਾਲ[੨] ਰਜਾਇ ਨ ਫੇਰਿਈ। ਹੋ ਨਰ ਬਪੁਰਾ ਹੈ ਕੌਨ ਬੰਕ ਦ੍ਰਿਗ ਹੇਰਿਈ[੩] ॥ ੬੨ ॥ ਤਿਸਕੀ ਚਿੰਤਾ ਚੀਤ ਰਤੀਕ[੪] ਨ ਕੀਜੀਐ। ਲੱਜਤਿ ਤਿਨ ਕੋ[੫] ਕਰਹਿ, ਸੁ ਆਇ ਲਖੀਜਿਯੇ[੬]। ਤੁਮ ਹ੍ਵੈ ਸੰਗਿ ਅਨੰਦ ਰਸੋਈ ਖਾਇਯੇ। ਹੋ ਨਹੀਂ ਰਿਦੈ ਪਰਤੀਤਿ ਤ ਬਿੱਪ੍ਰ ਪਠਾਇਯੇ[੭] ॥ ੬੩ ॥ ਭੇਜਯੋ ਨਿੱਧਾ ਦੂਤ, ਮਸੀਤਹਿ ਦਿਸ਼[੭] ਗਯੋ। ਭੀਰ ਭੂਰ[੮] ਭਰਿ ਰਹੀ ਸਥਾਨ ਨ ਤਹਿਂ ਰਹਯੋ। ਏਕ ਏਕ ਕੋ ਲੰਘਿ ਧਾਇ[੯] ਧਸਿ ਅੰਤਰੇ[੧੦]। ਹੋ ਕਰੁਨਾ-ਨਿਧਿ[੧੧] ਕੋ ਦੇਖਿ ਬਿਸੂਰਹਿ ਉਰ ਖਰੇ[੧੨] ॥੬੪॥ ਦੋਹਰਾ॥ ਪਹੁੰਚਯੋ ਨਿਕਟਿ ਨ ਸ਼੍ਰੀ ਗੁਰੂ ਭੀਰ ਭਈ ਭਰਪੂਰ। ਕਵਿ ਸੰਤੋਖ ਸਿੰਘ ਧਯਾਯ ਅਬ ਪੂਰਨ ਭਾ ਸੁਖਮੂਰ ॥ ੬੫ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਿਬਾਬ' ਪ੍ਰਸੰਗ ਬਰਨਨੰ ਨਾਮ ਇਕਤੀਸਮੋ ਅਧਯਾਯ ॥ ੩੧ ॥

### ੩੨. [ਗੁਰਚਰਨ ਮੰਗਲ। ਮਸੀਤ ਕੌਤਕ]

ਦੋਹਰਾ ॥ ਨਿਤ ਪ੍ਰਕਾਸ਼* ਸ੍ਰੀ ਗੁਰੁ ਚਰਨ ਪ੍ਰਗਟ ਸੁ ਭਾਨੁ ਸਮਾਨ।
ਨਿਖਲ ਦ੍ਵੈਤ ਤਮ ਹਰਨ ਕੋ ਸ਼ਰਨ ਸਦਾ ਸੁਖ ਦਾਨ ॥੧॥

[ ਪ੍ਰਕਾਸ਼ਕ=ਚਾਨਣਾ ਦੇਣ ਵਾਲੇ, ਰੌਸ਼ਨੀ ਪਾਉਣ ਵਾਲੇ।
ਭਾਨੁ=ਸੂਰਜ। ਸੁ+ਭਾਨੁ=ਸ੍ਰੇਸ਼ਟ ਸੂਰਜ। ਅਕਸਰ 'ਸੁ' ਪਦ ਨੂੰ ਅਪਣੇ ਹੀ ਅਰਥ ਵਿਖੇ ਟਿਕਿਆ ਗੁਣ ਦੇਕੇ ਛੰਦ ਦਾ ਵਜ਼ਨ ਪੂਰਾ ਕਰਨ ਲਈ ਵਰਤਿਆ ਜਾਂਦਾ ਹੈ।
ਨਿਖਲ=ਸਾਰੀ, ਕੁੱਲ। [ਸੰਸ:, ਨਿ+ਖਿਲ] ]

**ਅਰਥ**—ਸਾਰੀ ਦ੍ਵੈਤ ਦੇ ਹਨ੍ਹੇਰੇ ਨੂੰ ਦੂਰ ਕਰਨ ਵਿਚ ਬੀ ਸ਼੍ਰੀ ਗੁਰੂ ਜੀ ਦੇ ਚਰਣ ਸਦਾ ਸੂਰਜ ਵਾਂਗੂ ਪਰਤੱਖ ਪ੍ਰਕਾਸ਼ਕ ਹਨ (ਅਤੇ ਉਨ੍ਹਾਂ ਦੀ) ਸ਼ਰਣ ਸਦਾ ਸੁਖ ਦਾ ਦਾਨ (ਦੇਣ ਵਾਲੀ ਹੈ)।

ਸ਼੍ਰੀ ਬਾਲਾ ਸੰਧੁਰੁ ਵਾਚ॥ ਅੜਿਲ॥ ਸੁੰਦਰ ਅਧਿਕ ਮਸੀਤ ਚਿੱਤ੍ਰ ਭਿਤ[੧੩] ਜਾਨਿਯੋ।ਚਾਮੀਕਰ[੧੪] ਜਹਿਂ ਲਿਖਯੋ, ਦਿਪਤਿ[੧੫] ਪਹਿਚਾਨਿਯੋ।ਤਹਾਂ ਜਾਇ ਭਾ ਠਾਂਢ[੧੬] ਜੁ ਖ਼ਾਨ[੧੭] ਨ੍ਰਿਪਾਲ[੧੮] ਸੋ[੧੯]।ਹੋ ਸਭਾ ਆਪਨੀ ਸਹਿਤਿ ਜਿ ਬੈਸ[੨੦] ਬਿਸਾਲ[੨੧] ਸੋ॥੨॥ ਸ਼੍ਰੀ ਨਾਨਕ ਜੀ ਸੰਗ ਗਯਾਨਘਨ[੨੨] ਰੂਪ ਹੈਂ। ਬਿਕਸਯੋ[੨੩]

---

[੧]ਅਗਨੀ। [੨]ਦਿਸ਼ਾ ਦੇ ਪਾਲਕ ਹਾਥੀ। [੩]ਕੌਰੀ ਅੱਖਾਂ ਕਰਕੇ ਵੇਖੇ। [੪]ਜ਼ਰਾ ਬੀ। [੫]ਉਨ੍ਹਾਂ ਨੂੰ ਲੱਜਤ ਕਰਕੇ। [੬](ਹੁਣੇਂ) ਆਇ ਜਾਣ ਲਓ। [੭]ਤਰਫ। [੮]ਬਹੁਤ ਭੀੜ। [੯]ਦੌੜਕੇ। [੧੦]ਅੰਦਰ ਧਸ ਧਸ ਕੇ (ਨਿੱਧਾ)। [੧੧]ਗੁਰੂ ਜੀ ਨੂੰ। [੧੨]ਖੜੋ ਕੇ। [੧੩]ਚਿੱਤ੍ਰੀਆਂ ਕੰਧਾਂ। [੧੪]ਸੋਨੇ ਨਾਲ, ਸੁਨਹਿਰੀ। [੧੫]ਚਮਕ ਰਿਹਾ। [੧੬]ਜਾ ਖੜਾ ਹੋਯਾ। [੧੭]ਨਵਾਬ। [੧੮]ਉਹ ਜੋ ਧਰਤੀ ਦਾ ਪਾਲਕ ਸੀ। [੧੯]ਉਹ। [੨੦]ਉਮਰ। [੨੧]ਬੜੀ। [੨੨]ਗਯਾਨ ਦਾ ਬੱਦਲ, ਇਕਰਸ ਗਯਾਨ ਸਰੂਪ। [੨੩]ਖਿੜਿਆ।

*ਪਾ:—ਪ੍ਰਕਾਸ਼ਕ।

ਕਮਲ ਬਿਸਾਲ[੧] ਸੁ ਬਦਨ[੨] ਅਨੂਪ ਹੈਂ। ਹਰਖ ਸ਼ੋਕ ਜਿਨ ਨਹੀਂ ਅਨੰਦਹਿ ਏਕ ਰਸ। ਹੋ ਠਾਂਢੇ ਨ੍ਰਿਪ ਕੇ ਨਿਕਟਿ ਬਤਾਵਨ ਸੁਮਗ[੩] ਤਿਸ ॥ ੩ ॥ ਦੋਹਰਾ ॥ ਹਿੰਦੂ ਕੋਇ ਨ ਕਹਿ ਸਕੇ ਤੁਰਕਨ* ਤੇਜ ਬਿਸਾਲ। –ਪਰਮੇਸ਼ੁਰ ਪਤਿ ਰਾਖਈ– ਸਿਮਰਹਿਂ[੪] ਦੀਨਦਯਾਲ॥ ੪ ॥ ਅੜਿਲ ॥ ਕਾਜੀ ਬਹੁਰ ਨਿਬਾਬ ਨੀਰ ਲੇ ਕਰਿ ਤਬੈ। ਕਰ ਅਰ ਚਰਨ ਪਖਾਰਿ[੫] ਕਰਯੋ ਸੁਧਿ[੬] ਤਨ ਸਭੈ। ਠਾਂਢੇ ਦੋਨੋ ਹੋਇ ਬਦਨ[੭] ਪਸ਼ਚਮ ਦਿਸ਼ਾ। ਹੋ ਕਰ ਧਰਿ ਜਾਨੂ[੮] ਕਾਨ ਨਿਵੈਂ[੯] ਪੁਨਿ ਪੁਨ ਰਸਾ[੧੦] ॥ ੫ ॥ ਆਪ ਮਸੀਤਹਿਂ ਮੱਧ[੧੧],ਰਿਦੇ[੧੨] ਕਿਤ ਕਿਤ ਗਏਧਰ ਪਰ[੧੩] ਧਰਿ[੧੪] ਸਿਰ ਉਠਤਿ ਬਾਰਬਹੁ ਬਿਯਨਿਯੇ[੧੫]। ਕਰਿਕੈ ਪੂਰ ਨਿਵਾਜ ਸੁ ਨਾਨਕ ਸੋਂ ਕਹੇ। 'ਹੋ ਠਾਂਢੇ ਕਿਉਂ ਤੁਮ ਰਹੇ ? ਨ ਡਰ ਉਰ ਮੇਂ ਅਹੇ' ॥ ੬ ॥ ਨਾਨਕ ਆਨਨ ਭਨੈ 'ਖਾਨ ! ਕਾਨਹਿਂ ਸੁਨੋ! ਕਿਹ ਸੰਗ ਕਰੋਂ[੧੬] ਨਿਵਾਜ, ਲਾਜ[੧੭] ਨਹਿਂ ਤੁਮ ਮਨੋ। ਠਾਂਢੇ ਆਪ ਮਸੀਤ, ਨ ਮਨ ਠਹਿਰਾਇਆ। ਹੋ ਸਿਜਦੇ ਸਮੇਂ ਸੰਕਲਪ ਕੰਧਾਰ ਪਠਾਇਆ॥ ੭ ॥ ਕਰਤਿ ਖਰੀਦ ਤੁਰੰਗ ਤਰਲ[੧੮], ਮਨ ਤਰਲਿਆ[੧੯]। ਕੂਰੇ ਬੀਚ ਮਸੀਤ[੨੦] ਨਿਵੈਂ[੨੧] ਕਬ ਸਰਲਿਆ[੨੨]। ਜਿਹ ਕਰਨੀ[੨੩] ਸੋ ਮੂਲ ਨ ਥਿਰ ਉਰ ਮਹਿਂ ਕਰਾ। ਹੋ ਬੇਸ[੨੪] ਬੰਦਗੀ ਧਰਯੋ ਦਸੋ ਦਿਸ਼ਿ ਮਨ[੨੫] ਫਿਰਾ'॥੮॥ ਕਹਿ ਕਾਜੀ 'ਤੁਮ ਪਾਜ[੨੬] ਬਖਾਨਤਿ,ਡਰ ਨਹੀਂ। ਖਰਯੋ ਹਦੂਰ ਨਿਬਾਬ ਨ ਬੋਲਹੁ ਸਮਝ ਹੀ'। ਆਨਨ ਭਨਿਹੀ ਖ਼ਾਨ 'ਸਾਚ ਨਾਨਕ ਕਹੀ। ਹੋ ਮਨ ਮਮ ਗਯੋ ਕੰਧਾਰ ਸਮੈਂ ਸਿਜਦੇ ਸਹੀ[੨੭]' ॥੯॥ ਪੁਨ ਕਾਜੀ ਬਚ ਭਨੈ 'ਤੁਮਾਰੋ ਮਨ ਗਯੋ। ਹੌਂ ਤੋ ਸਭਿ ਬਿਧਿ ਕਰੀ ਨ ਮਮ ਸੰਗ ਇਨ ਕਿਯੋ[੨੮]'। ਮਨ ਅਜਾਨ[੨੯] ਨਿਜ ਪਰਦ[੩੦] ਪਰਾਵਨ[੩੧] ਚਾਹਿਹੀ[੩੨]। ਹੋ ਲਖਤਿ ਨ ਮੂਰਖ ਭੇਵ, ਅਥਾਹਹਿ ਥਾਹਿਹੀ[੩੩] ॥੧੦॥ ਬੋਲੇ ਨਾਨਕ ਬੈਨ

[੧]ਬੜਾ। [੨]ਮੁਖੜਾ। [੩]ਚੰਗਾ ਰਾਹ। [੪]ਭਾਵ, ਹਿੰਦੂ ਸਿਮਰਦੇ ਹਨ। [੫]ਧੋਕੇ । [੬]ਪਵਿੱਤ੍ਰ। [੭]ਮੂੰਹ। [੮-੯]ਗੋਡਿਆਂ ਅਤੇ ਕੰਨਾਂ ਤੇ ਹੱਥ ਧਰਕੇ ਨਿਉਂਦੇ ਹਨ। [੧੦]ਜ਼ਮੀਨ ਤੇ। [੧੧]ਵਿਚ। [੧੨]ਦਿਲ। [੧੩]ਜ਼ਮੀਨ ਉਤੇ। [੧੪]ਰੱਖਕੇ। [੧੫]ਝੁਕੇ। [੧੬]ਮੈਂ ਕਰਦਾ। [੧੭]ਸ਼ਰਮ। [੧੮]ਚੰਚਲ ਘੋੜੇ । [੧੯]ਚੰਚਲ ਰਿਹਾ ਮਨ। [੨੦]ਝੂਠੀ ਮੂਠੀ ਮਸੀਤ ਵਿਚ। [੨੧]ਨਿਵਿਆਂ। [੨੨]ਕਦੇ ਸਿੱਧਾ (ਖੜਾ) ਹੋਇਆ। [੨੩]ਜਿਸ ਨੇ (ਨਿਵਾਜ) ਕਰਨੀ ਸੀ (ਅਰਥਾਤ ਭਾਵਨੀ)। [੨੪]ਭੇਸ। [੨੫](ਤੇਰਾ) ਮਨ। [੨੬]ਬਨਾਵਟ (ਝੂਠ)। [੨੭]ਠੀਕ। [੨੮]ਕੀਤੀ (ਨਿਮਾਜ)। [੨੯]ਮੂਰਖ। [੩੦]ਅਪਣਾ ਪੜਦਾ । [੩੧]ਪੜਾਉਨਾ। [੩੨]ਚਾਹੁੰਦਾ ਹੈ। [੩੩]ਅਥਾਹ ਦੀ ਥਾਹ ਲੈਣ ਲੱਗਾ ਹੈ।

*ਪਾ:–ਤੁਰਕਿੰਦ=ਤੁਰਕਾਂ ਦੇ ਇੰਦ (ਰਾਜੇ) ਦਾ, ਭਾਵ ਨਵਾਬ ਦਾ।

ਐਨ[1] ਸੁਖ ਗੁਨ ਦਯਾ[2]। 'ਕਾਜ਼ੀ ਕਰੀ ਨਿਵਾਜ ਸਦਨ[3] ਮੈਂ ਮਨ ਗਯਾ। –ਬੜਵਾ[4] ਜਯੋ[5] ਵਛੇਰ ਗਰਤ[6] ਤਹਿਂ ਪਾਸ ਹੈ। ਹੋ ਤਿਹ ਮੈਂ ਨਹਿਂ ਗਿਰ ਪਰੈ ਬਹੁਤ ਬਿਸਵਾਸ ਹੈ[7]–॥੧੧॥ ਤਿਹ ਕੇ ਸੰਗ ਮਨ ਫਿਰਤਿ, ਨ ਥਿਰ ਇਕ ਛਿਨ ਭਯਾ'। ਸੁਨਿ ਸ਼੍ਰੋਨਨ ਮੈ ਖਾਂਨ[8] ਬਿਗਸ[9] ਮੁਖ ਬਚ ਕਹ੍ਯਾ[10]। 'ਤਜਹੁ ਕਾਚ ਕਹੁ ਸਾਚ, ਲਾਜ ਨਿਰਵਾਰਿਯੇ[11]। ਹੋ ਜਿਉਂ ਬੀਤੀ ਚਿਤ ਬੀਰ ਸੁ ਬਚਨ ਉਚਾਰਿਯੇ' ॥੧੨॥ ਕਾਜੀ ਆਨਨ ਭਨਤਿ 'ਸੱਤ,ਜਿਹ ਬਿਧਿ ਕਹੀ। ਅਰਭਕ[12] ਬਾਜਨ[13] ਅਹੈ, ਗਰਤ ਤਿਹ ਢਿਗ ਸਹੀ'। ਅਦਭੁਤ-ਰਸ[14] ਨਰ ਭਏ ਕਛੁਕ ਰਸ ਹਾਸ[15] ਸੋਂਹੇ ਤਬ ਨਿਬਾਬ ਗਹਿ ਚਰਨ ਰਹ੍ਯੋ ਹ੍ਵੈ ਦਾਸ ਸੋ॥੧੩॥ 'ਸਿਰ ਪੀਰਨ ਕੇ ਪੀਰ! ਪੀਰ ਹਰਿ ਮੇਰੀਆ[16]। ਗੁਨੀ ਗਹੀਰ ਸਰੀਰ! ਸ਼ਰਨ ਮੈਂ ਤੇਰੀਆ। ਭ੍ਰਮ ਕਰਿ ਭੂਲੇ ਭਨ੍ਯੋ, ਭੇਵ ਨਹਿਂ ਜਾਨਿਆ। ਹੋ ਬਖ਼ਸ਼ਹੁ ਔਗੁਨ ਮੇਰ ਅਜਾਨ ਬਖਾਨਿਆ[17] ॥੧੪॥ ਦੋਹਰਾ ॥ ਪੂਰਬ ਔਗਨ ਬਖਸ਼ਿਕੈ ਅਬ ਦਿਹੁ ਨਿਜ ਉਪਦੇਸ਼'। ਬੰਦਿ ਹਾਥ ਬਿਨਤੀ ਕਰਤਿ ਦੌਲਤ ਖ਼ਾਨ ਨਰੇਸ਼ ॥ ੧੫ ॥ 'ਤੁਮ ਖੁਦਾਇ ਕੋ ਰੂਪ ਹੋ, ਅੰਤਰ ਜਾਮੀ ਸਰਬ। ਮੈਂ ਅਤਿ ਮੂਢ ਨ ਲਖਿ ਸਕ੍ਯੋ ਨਿਜ ਐਸ੍ਵਰਜਹਿਂ[18]* ਗਰਬ[19] ॥੧੬॥ਹੌਂ ਸਮੀਪਿ ਚਿਰਕਾਲ ਕੇ,ਛੂਛ[20] ਨ ਛੋਰਹੁ ਆਪ। ਬਿਬਸਿ ਮਨਹਿ ਕੋ ਬਸ ਕਰੋ[21], ਹਰੀਏ ਤੀਨਹੁ ਤਾਪ[22] ॥੧੭॥ ਬਿਸ਼ਯ ਅਧੀਨਹਿਂ ਦੀਨ ਮੈਂ,ਹਰਖ ਸ਼ੋਕ ਅਨੁਸਾਰਿ[23]'। ਅਸ ਸੁਨਿਕੈ ਤਿਹ ਕੇ ਬਚਨ ਬੋਲੇ ਗੁਰੂ ਉਦਾਰ ॥ ੧੮ ॥ ਅੜਿਲ ॥ 'ਸੁਨੋ ਖਾਨ! ਦੈ ਕਾਨ, ਪ੍ਰਬਲ ਮਨ ਲੋਲ[24] ਹੈ। ਯਾਂਕੋ ਰੋਕਨ ਕਠਨ, ਰੁਕੈ ਤ ਅਮੋਲ ਹੈ। ਬਿਨ ਰੋਕੇ ਸਭਿ ਫੋਕ ਪਠਨ[25] ਪੁਨ ਸੁਨਨ ਜੋ। ਹੋ ਪ੍ਰੇਮ ਨ ਉਪਜਤਿ ਰੰਚ, ਰਹੈ ਬਿਨ ਗੁਨਨ[26] ਸੋ ॥੧੯॥ ਪਾਰਦ[27] ਅੰਗੁਰੀ ਤਰੈ[28] ਸਥਿਰ ਕਿਉਂ ਹੋਤਿ ਹੈ[29]।

[1,2]ਸੁਖ, ਗੁਣ ਤੇ ਦਇਆ ਦੇ ਘਰ (ਗੁਰੂ ਜੀ)। [3]ਘਰ। [4]ਘੋੜੀ ਨੇ। [5]ਜੰਮਿਆਂ। [6]ਟੋਇਆ। [7]ਸੰਸਾ ਹੈ। [8]ਖਾਂ ਨੇ। [9]ਹੱਸਕੇ। [10](ਕਾਜੀ ਨੂੰ) ਕਿਹਾ। [11]ਹਟਾਕੇ। [12]ਬੱਚਾ। [13]ਘੋੜੀਦਾ। [14]ਇਕ ਰਸ ਦਾ ਨਾਮ ਜਿਸ ਵਿਚ ਅਚਰਜ ਛਾ ਜਾਂਦਾ ਹੈ। [15]ਇਕ ਰਸ ਜਿਸ ਵਿਚ ਹਾਸਾ ਛੁਟਦਾ ਹੈ। [16]ਪੀਰਾਂ ਦੇ ਸਿਰ ਪੀਰ! ਮੇਰੀ ਪੀੜ ਦੂਰ ਕਰ। [17](ਜੋ ਮੈਂ ਕਿਹਾ ਸੀ) ਅਜਾਨਪਨੇ ਵਿਚ ਕਿਹਾ ਸੀ। [18]ਆਪਣੇ ਪ੍ਰਤਾਪ ਦੇ। [19]ਹੰਕਾਰ ਕਰਕੇ। [20]ਖਾਲੀ। [21]ਅਮੋੜ ਮਨ ਨੂੰ ਕਾਬੂ ਕਰ ਦਿਓ। [22]ਤਿੰਨ ਤਾਪ=ਆਧਿ, ਵਿਆਧਿ, ਉਪਾਧਿ ਦੂਰ ਕਰੋ। [23]ਦੇ ਅਧੀਨ ਹਾਂ। [24]ਚੰਚਲ। [25]ਪੜ੍ਹਨਾ। [26]ਮਨ ਗੁਣਹੀਨ ਰਹਿੰਦਾ ਹੈ, (ਗੁਣ ਹੀਨ ਕਿਸੇ ਕੰਮ ਨਹੀਂ! ਯਥਾ–ਵਿਣ ਗੁਣ ਕੀਤੇ ਭਗਤਿ ਨ ਹੋਇ।) (ਅ) ਗੁਨਨਾ=ਵਿਚਾਰਨਾ। [27]ਪਾਰਾ। [28]ਤਲੇ। [29]ਨਹੀਂ ਟਿਕਦਾ। *ਪਾ:–ਈਸ਼੍ਰਯ ਕੇ।

ਕਰਹਿਂ ਪ੍ਰਯਤਨ ਅਨੇਕ ਸੁ ਵਹਿਰ ਉਦੋਤ ਹੈ[੧]। ਜਬਹਿ ਸਿੱਧ[੨] ਮਿਲ ਜਾਤ ਮਾਰ ਥਿਰ ਕਰਤਿ ਹੈ[੩]। ਹੋ ਤਿਉਂ ਮਨ ਸਤਿਗੁਰ ਮਿਲੇ ਸਥਿਰਤਾ ਧਰਤਿ ਹੈ ॥ ੨੦ ॥ ਜਿਉਂ, ਤੁਰੰਗ[੪] ਮੁਖਤਾਨ[੫] ਅਜਾਨ ਸਉਰ ਕੋਂ[੬]। ਸ੍ਵੈਛਾ-ਤਰਲੈਂ[੭] ਦੌਰਿ[੮] ਦੇਤਿ ਦੁਖ ਭੂਰ ਕੋ। ਚਵੈ ਸੁਜਾਨ ਸਉਰ[੯] ਕਸਾ[੧੦] ਕਰ ਲੇਯਕੈ[੧੧]। ਹੋ ਕਰਹਿ ਸੁ ਬਸਿ ਮੁਖ ਮਾਂਹਿ ਕੰਟਕਾ[੧੨] ਦੇਯ ਕੈ ॥ ੨੧ ॥ ਸਤਿਗੁਰ ਸਬਦ ਸਉਰ ਤਰੈ[੧੩] ਤਿਹ[੧੪] ਦੀਜਿਯੇ। ਕਸ਼ਟ ਨਰਕ ਕੋ ਕਸਾ[੧੫] ਦਿਖਾਵਨ ਕੀਜਿਯੇ। ਬਿਸ਼ੈ ਨਿਬ੍ਰਿਤੀ ਕਰਨ ਸੁ ਕਵਿਕਾ[੧੬] ਜਾਨੀਯੇ। ਹੋ ਮਨ ਤੁਰੰਗ[੧੭] ਇਉਂ ਲਖਹੁ ਕਰਨ ਵਸਿ ਠਾਨਿਯੇ ॥ ੨੨॥ ਦੋਹਰਾ ॥ ਰਾਗ ਦ੍ਵੈਖ ਮਲ ਪਰਹਰਹੁ[੧੮] ਭਾਣਾ ਪ੍ਰਭੁ ਕੋ ਮੰਨਿ। ਸਿਮਰ ਨਾਮ ਕਰਤਾਰ ਕੋ ਕਰਹੁ ਜਨਮ ਨਿਜ ਧੰਨ' ॥ ੨੩ ॥ ਸੁਨਿ ਸਤਿਗੁਰ ਉਪਦੇਸ਼ ਕੋ ਧਾਰਿ ਰਿਦੈ ਮਹਿਂ ਲੀਨ। ਕਰ ਬੰਦੇ ਬੰਦਨ ਕਰੀ ਬੋਲਯੋ ਬਚਨ ਪ੍ਰਬੀਨ॥੨੪॥ ਅੜਿੱਲ ॥ 'ਦਾਮ ਸਾਤ ਸੈ ਸਾਠ ਕਹੋ ਕਹਾ ਕੀਜਿਯੇ? ਮੂਲੇ ਕਰੀ ਪੁਕਾਰ ਕਹੈ—ਮੁਝ ਦੀਜਿਯੇ—।ਅਬ ਜਿਹ ਬਿਧਿ ਨਿਜ ਬਦਨ ਬਦਹੁ[੧੯] ਤਸ ਬਿਧਿ ਕਰੈਂ। ਹੋ ਮੈਂ ਮੁਰੀਦ ਤਵ ਭਯੋ ਮਿਹਰ ਮੁਰ ਪਰ[੨੦] ਧਰੈਂ[੨੧]' ॥ ੨੫ ॥ ਸੁਨੇ ਬਿਨੈ ਕੇ ਬੈਨ ਨੈਨ ਕਰੁਨਾ ਭਰੇ। ਭਵ ਸੰਭਵ[੨੨] ਦੁਖ ਗ੍ਰਸਤਿ[੨੩] ਬੰਧ ਤਿਹ ਕੇ ਹਰੇ। ਕਹੈਂ 'ਕਹਯੋ ਇਕ ਬਾਰ ਦੇਨ ਧਨ ਤੋਹਿ[੨੪] ਤਬਾਹੋ ਅੱਗ੍ਰਜ[੨੫] ਜਿਉਂ ਉਰ ਆਇ[੨੬] ਕਰਹੁ ਤਿਉਂ ਕਾਜ ਅਬ' ॥ ੨੬॥ਆਨਨ ਖ਼ਾਨ[੨੭] ਬਖਾਨ 'ਕਾਨ ਸੁਨਿ ਨਿਧਿਮਯਾ[੨੮]! ਅਰਧ ਦਰਬ ਸ੍ਰੀ ਚੰਦ, ਅਰਧ ਤਿਨ[੨੯] ਮਨ ਠਯਾ[੩੦]। ਪੁਨ ਤੁਮ ਜਿਉਂ ਮਨ ਹੋਇ ਰਜਾਇ ਭਨੀਜਿਯੇ। ਹੋ ਕਰੌਂ ਕਾਜ ਮੈਂ ਸੋਇ ਦਾਸ ਲਖਿ ਲੀਜਿਯੇ[੩੧]' ॥

---

[੧]ਬਾਹਰ ਨੂੰ ਉਛਲਦਾ ਹੈ। [੨]ਪਾਰੇ ਥਿਰ ਕਰਨ ਵਾਲਾ ਕੋਈ ਮਸਾਲਾ, ਜੈਸੇ ਗੰਧਕ। (ਅ) ਇਕ ਦਵਾਈ ਜਿਸਨੂੰ ਰਿਧੀ ਬੀ ਕਹਿੰਦੇ ਹਨ। [੩]ਟਿਕਾ ਲੈਂਦਾ ਹੈ। [੪]ਘੋੜਾ (ਹੋਵੇ)। [੫]ਮੂੰਹ ਜ਼ੋਰ। [੬]ਅਜਾਣ ਅਸਵਾਰ ਨੂੰ। [੭]ਆਪਣੀ ਇੱਛਾ ਨਾਲ ਚੰਚਲ। [੮]ਭਜਦਾ। [੯]ਸਿਆਣਾ ਅਸਵਾਰ। [੧੦]ਚਾਬੁਕ। [੧੧]ਹੱਥ ਵਿਚ ਲੈ ਕੇ। [੧੨]ਕੜਯਾਲਾ। [੧੩]ਸਤਿਗੁਰ ( ਦੇ ਦਿੱਤੇ ) ਨਾਮ ਰੂਪੀ ਅਸਵਾਰ ਦੇ ਹੇਠਾਂ। [੧੪]ਉਸ (ਮਨ) ਨੂੰ। [੧੫]ਚਾਬੁਕ। [੧੬]ਲਗਾਮ, ਕੜਯਾਲਾ। [੧੭]ਘੋੜਾ। [੧੮]ਦੂਰ ਕਰਹੁ। [੧੯]ਆਖੋ। [੨੦]ਮੇਰੇ ਉਪਰ। [੨੧]ਕਰੋ। [੨੨]ਸੰਸਾਰ ਦੇ ਪੈਦਾ ਕੀਤੇ। [੨੩]( ਜਿਨ੍ਹਾਂ ਵਿਚ ) ਫਸਿਆ ਸੀ। [੨੪]ਤੈਨੂੰ ਤਦੋਂ। [੨੫]ਅਗੋਂ। [੨੬](ਤੇਰੇ) ਦਿਲ ਵਿਚ ਜਿਵੇਂ ਆਵੇ। [੨੭]ਖਾਂ ਨੇ। [੨੮]ਹੇ ਦਯਾ ਦੇ ਸਮੁੰਦਰ। [੨੯]ਭਾਵ ਫਕੀਰਾਂ ਨੂੰ। [੩੦]ਮੈਂ ਮਨ ਵਿਚ ਠਾਣਿਆਂ ਹੈ। [੩੧]ਜਾਣ ਲਵੋ।

੨੭॥ ਸ੍ਰੀ ਮੁਖ ਕਹੈਂ'ਤੁਮਾਰ ਜੁ ਮਨ ਮਹਿ ਆਵਈ। ਤਿਸ ਬਿਧਿ ਕਰਿਯੇ ਆਪ,ਨ ਕੋਇ ਹਟਾਵਈ'। ਕਹਿ ਕਰ ਮਯਾਨਿਕੇਤ[੧] ਮਸੀਤਹਿੰ ਤੇ ਚਲੇ। ਹੋ ਜਗ ਜਿਨ ਭਗਤਿ ਦਿਢਾਇ ਚਲਾਯੋ ਮਗ ਭਲੇ ॥੨੮॥ ਨਿਸ਼ਚਾ ਭਯੋ ਨਿਬਾਬ ਨ ਪੁਨਿ ਮਨ ਡੋਲਿਯਾ। ਉਰ ਸੁਖ ਪਾਇ ਅਮੋਲ, ਬਿਸਾਲ ਨ ਬੋਲਿਯਾ[੨]।ਮਨੁਜ ਪਰਸਪਰ ਭਨਤਿ ਭਯੋ ਬਿਰਤਾਂਤ ਜੋ।'ਹੋ ਅੰਤਰਜਾਮੀ ਅਹੈ[੩],ਬਤਾਈ ਬਾਤ ਜੋ[੪]' ॥੨੯॥ ਦੋਹਰਾ ॥ ਸੁਨਿ ਨਿੱਧਾ ਦਿਜਬਰ ਸਕਲ ਧਾਵਾ ਸੁਧਿਕੇ ਹੇਤ[੫]। ਦੁਖਿਤਿ ਸਰਬ ਪਰਵਾਰ ਜੋ ਬੈਸੇ ਹੁਤੇ ਨਿਕੇਤ ॥ ੩੦॥ ਅੜਿਲ ॥ ਕਹਯੋ ਆਨ 'ਜਜਮਾਨ ਵਧਾਇਯੋਂ ਸੁਖ ਭਯੋ। ਉਰ ਹਰਖਹੁ, ਹਰਿ ਭਰਮ, ਸੁਜਸੁ ਜਗ ਮਹਿੰ ਛਯੋ[੬]'। ਸੁਨਤਿ ਸ਼੍ਰੋਨ ਪੁਟ[੭] ਸੰਗਿ ਸੋਮ[੮] ਪੀ ਕਰਿ[੯] ਜਬੈ। ਹੋ ਪਯਾਸ ਨ ਬੁਝੀ ਜਰਾਮ ਬਹੁਰ ਬੂਝਯੋ ਤਬੈ॥੩੧॥'ਭਨਹੁ[੧੦] ਬਿੱਪ੍ਰ ਬਰ[੧੧]!ਸਕਲ ਭਯੋ ਬਿਰਤਾਂਤ ਜਿਉਂ। ਨਾਨਕ ਬਹੁਰ ਨਿਬਾਬ ਨਿਬੇਰ[੧੨] ਸੁਨਾਉ ਤਿਉਂ'।ਕਹਿ ਨਿੱਧਾ'ਮੈਂ ਸੁਨੀ, ਠਾਂਢ[੧੩] ਨਾਨਕ ਰਹੇ। ਹੋ ਕਰੀ ਨਿਬਾਬ ਨਿਵਾਜ ਬਹੁਤ ਨੁਤਿ[੧੪] ਪੁਨਿ ਕਹੇ ॥ ੩੨॥ ਅੰਤਰਿ ਨਹੀਂ ਮਸੀਤਿ ਸੁ ਬਾਹਰ ਮੈਂ ਸੁਨੀ'। ਹਰਖ ਬ੍ਰਿੱਖ[੧੫] ਉਰ ਬਧਤਿ ਨਾਨਕੀ ਪੁਨ[੧੬] ਭਨੀ[੧੭]। 'ਦਿਜਬਰ! ਭ੍ਰਾਤਾ ਕਹਾਂ ਆਪ ਤਜਿ ਕਰਿ ਅਏ? ਹੋ ਹੇਰਯੋ ਕੈਧੋਂ ਨਾਂਹਿ[੧੮], ਬਹੁਰ[੧੯] ਕਿਹ ਦਿਸ਼ਿ ਗਏ'॥ ੩੩ ॥ 'ਹੌਂ[੨੦] ਨਹਿੰ ਹੇਰੇ ਤਹਾਂ, ਦੇਨਿ ਦ੍ਰੁਤ[੨੧] ਸੁਧ ਅਯੋ'। ਸੁਨਤਿ ਸ਼੍ਰਵਨ ਜੈਰਾਮ ਰੋਸ ਤਿਹ ਪਰ ਕਯੋ। 'ਮਿਲਯੋ ਖੋਜਿ ਕਰਿ ਕਿਉਂ ਨ ਕੁਸ਼ਲ ਤਿਨਤੇ ਲਈ। ਹੋ ਆਯੋ ਸੁਧ ਬਿਨ ਲਏ, ਬਾਤ ਭਲ ਨਹਿੰ ਕਈ[੨੨]' ॥ ੩੪॥ ਭਨਤਿ ਨਾਨਕੀ ਬਚਨ 'ਚਿੰਤ ਚਿਤ ਤੇ ਤਜੋ। ਧਰਹੁ ਪ੍ਰੀਤ ਪਰ-ਤੀਤ ਨ ਸੰਸੈ ਹਤਿ ਅਜੋ[੨੩]? ਉਠਹੁ ਅਸਨ ਮੁਖ ਅਚਹੁ[੨੪]ਬਹੁਤ ਚਿਰਕੋ ਧਰਯੋ।ਹੋ ਆਵਹਿੰਗੇ ਸੁਖ ਸੰਗ,ਭ੍ਰਾਤ ਹਰਿ ਅਵਤਰਯੋ[੨੫]'॥੩੫॥ਇਹ ਬਿਧਿ

---

[੧]ਦਯਾ ਦੇ ਘਰ। [੨]ਵਾਧੂ (ਬਚਨ ਫੇਰ) ਨਹੀਂ ਬੋਲਿਆ। [੩]ਅੰਤਰਜਾਮੀ ਹੈ (ਗੁਰੂ ਨਾਨਕ)। [੪]ਜੋ (ਦਿਲ ਦੀ) ਗਲ ਦੱਸੀ ਨੇ। [੫]ਖਬਰ ਦੇਣ ਨੂੰ ਨੱਸਿਆ। [੬]ਪਸਰਿਆ ਹੈ। [੭]ਕੰਨਾਂ ਦੇ ਡੋਨਿਆਂ ਨਾਲ। [੮]ਅੰਮ੍ਰਿਤ। [੯]ਪੀਕੇ। [੧੦]ਆਖੋ। [੧੧]ਚੰਗੇ ਬ੍ਰਹਮਣ ਜੀ। [੧੨]ਗੁਰੂ ਤੇ ਨਿਬਾਬ ਦਾ ਨਿਏੜਾ। [੧੩]ਖੜੇ। [੧੪]ਉਸਤਤੀ। [੧੫]ਖੁਸ਼ੀ ਦਾ ਬੂਟਾ। [੧੬]ਫੇਰ ਨਾਨਕੀ ਨੇ। [੧੭]ਕਹੀ। [੧੮]ਡਿਠੇ ਹਨ ਕਿ ਨਹੀਂ। [੧੯]ਫੇਰ। [੨੦](ਨਿੱਧੇ ਨੇ ਕਿਹਾ) ਮੈ। [੨੧]ਛੇਤੀ। [੨੨]ਚੰਗੀ ਗਲ ਨਹੀਂ ਕੀਤੀ। [੨੩]ਅਜੇ ਭੀ ਤੁਹਾਡਾ ਸਿੰਸਾ ਨਹੀਂ ਦੂਰ ਹੋਯਾ। [੨੪]ਛਕੋ। [੨੫]ਹਰੀ ਦਾ ਅਵਤਾਰ ਹਨ।

ਬਦਨਹ ਬਦਤਿ[1] ਸਦਨ ਪਰ ਦੰਪਤੰ[2]। ਨੀਚੇ ਤੁਲਸਾਂ ਹੁਤੀ ਨਿਰਖਿ ਜਗ[3] ਬੰਦਤੰ[4]। 'ਬਧੂ ਭ੍ਰਾਤ ਜੀ ਅਏ ਬਦਨ ਅਰਬਿੰਦਿਆ[5]। ਹੋ ਆਨੰਦ ਕੰਦ ਮੁਕੰਦ ਕਦਨ ਦੁਖ ਦੁੰਦਿਆ[6]' ॥ ੩੬ ॥ ਸੁਨਤਿ ਨਾਮ ਜੈਰਾਮ ਅਮੀ ਆਮੀ ਪਿਯੋ[7]। ਅੰਗ ਨ ਮੇਵਹਿ ਛੋਭ ਉਠਯੋ[8] ਨਿਰਖਤਿ ਭਯੋ। ਕੁੰਦ ਰਦਨ[10] ਤਿਨ ਸਦਨ ਕਦਨ ਦੁਖ[11] ਆਇਗੋ*। ਹੋ ਨਿਰਖ ਹਰਖ ਉਰ ਸਰਸ ਬਿਸੂਰ[12] ਨਸਾਇਗੋ* ॥੩੭॥ ਦੋਹਰਾ॥ ਅਰਬਿੰਦ ਬਦਨ ਬਿਲੋਕਕੈ ਦੰਪਤਿ ਬੰਦਨ ਕੀਨਿ। ਚਿੰਤਾ ਚਿਤ ਤੇ ਖੀਨ ਹ੍ਵੈ, ਆਨੰਦ ਮਹਿਂ ਭੇ ਪੀਨ[13] ॥੩੮॥ ਨਰਾਜ ਛੰਦ ॥ ਜਰਾਮ ਔਰ ਨਾਨਕੀ ਬਸਾਇ ਭੂਰ ਸਾਦਰਾ[14]। 'ਮਸੀਤ ਆਪ ਜਾਇ ਜਥੋਂ ਕਰੀ, ਕਹੋ ਮਯਾਕਰਾ! ਸਚਿੰਤ ਚੀਤ ਹ੍ਵੈ ਰਹੇ, ਨ ਭੇਵ ਕੋਇ ਜਾਨਿਯਾ। ਪੁਮਾਨ[15] ਨਿੰਦ ਆਨਨੰ[16] ਭਨੈਂ, ਸੁਨੇ ਭੁਲਾਨਿਯਾ'॥੩੯॥ਗੁਰੂ ਭਨੰਤਿ'ਬੀਤਗੀ ਜੁ ਤਾਂਹਿ ਕਜ਼ਾ ਵਿਚਾਰ ਹੈ। ਸਮੀਪ ਜੇ ਪੁਮਾਨ ਥੇ ਸੁਨੇਹੁ ਸੋ ਉਚਾਰਿ ਹੈਂ'।ਜਰਾਮ ਹਾਥ ਬੰਦ ਦੋ ਬੂਝੰਤਿ ਬਾਰ ਬਾਰ ਹੀ। 'ਮਸੀਤਿ ਮੈਂ ਬਿਤੀਤਿ ਜਥੋਂ ਸੁਨਾਇਯੇ ਉਚਾਰਿਹੀ ॥ ੪੦ ॥ ਬੂਝੇਯ ਆਨ ਕੋ[17] ਹਮੈਂ[18], ਬਿਨਾ ਸੁਨੇ ਕਿ ਭਾਖਹੀਂ[19]। ਤੁਮਾਰ ਤੁੰਡ[20] ਜੋ ਸੁਨੈਂ ਸੁ ਸਾਚ ਬੱਛ ਲਾਖਹੀ[21]। ਭਈ ਜੁ ਆਦਿ ਅੰਤ ਲੌ ਬਖਾਨਿ ਆਪ ਕੀਜਿਯੇ। ਸਭੈ ਸੁਨਾਇ ਬਾਤ ਕੋ ਅਨੰਦ ਮੋਹਿ ਦੀਜਿਯੇ' ॥ ੪੧ ॥ ਅੜਿਲ ॥ ਦੇਖਿ ਦੀਨਤਾ ਦਯਾਲ ਬਦਨ ਸਭਿ ਬਿਧਿ ਕਹੀ। ਜਿਉਂ ਹੋਯੋ ਬਿਰਤਾਂਤ ਖ਼ਾਨ ਕਾਜ਼ੀ ਸਹੀ। 'ਮਨਮੁਖ ਮੂਢ ਅਜਾਨ ਨ ਮਨ ਥਿਰ ਕਰਤਿ ਹੈਂ। ਹੋ ਬਾਹਿਰ ਬੇਖ ਸਰੀਰ ਬੰਦਗੀ ਧਰਤਿ ਹੈਂ॥੪੨॥ ਗਰਬ ਕਰਹਿਂ ਨਿਜ ਰਿਦੇ-ਖੁਦਾਇ ਕਿ ਯਾਦ ਹੈ—।ਛੂਛੇ ਪ੍ਰੇਮ ਬਿਹੀਨ ਬੇਖ ਸਭਿ ਬਾਦ ਹੈ।ਬਿਸ਼ੈ ਮੋਹ ਮਹਿਂ ਫਸੇ, ਸਦਾ ਮਨ ਤਹਿਂ ਬਸੈ।ਹੋ ਉਰਝੇ ਸ੍ਵਾਦਨ ਬਾਦ[22] ਪ੍ਰਭੂ ਰਸ ਕਿਉਂ ਰਸੈ[23]॥੪੩॥ ਜਹਿਂ ਤਹਿਂ ਮਨ ਤਿਨ ਹੁਤੋ ਬਤਾਯੋ

---

[1]ਕਹਿ ਰਹੇ ਸਨ। [2]ਇਸਤ੍ਰੀ ਪਤੀ। [3]ਜਗਤ ਦੇ। [4]ਬੰਦਨ ਜੋਗ ਨੂੰ। [5]ਕਮਲ ਮੁਖ ਵਾਲੇ। [6]ਸਾਰੇ ਦੁਖਾਂ ਦੇ ਨਾਸ਼ਕ। [7](ਮਾਨੋਂ) ਰੋਗੀ ਨੇ ਅੰਮ੍ਰਿਤ ਪੀਤਾ। [8]ਵਲਵਲਾ ਉਠਿਆ (ਪਜਾਰ ਦਾ)। [9]ਵੇਖਣ ਲਗਾ। [10]ਮਰਤਬਾਨ ਦੇ ਫੁਲਾਂ ਵਰਗੇ ਦੰਦਾਂ ਵਾਲੇ। [11]ਨਾਸ਼ ਕਰਤਾ ਦੁਖਾਂ ਦੇ। [12]ਝੋਰੇ। [13]ਹੋਏ ਤਕੜੇ। [14]ਆਦਰ ਨਾਲ। [15]ਮਨੁਖ। [16]ਮੂੰਹੋਂ। [17]ਕੋਈ ਹੋਰ ਜੇ ਪੁਛੇ। [18]ਸਾਨੂੰ। [19]ਕੀ ਦਸਾਂਗੇ(ਅਸੀਂ)। [20]ਮੁਖੋਂ। [21]ਸੱਚਾ ਤੇ ਪਿਆਰਾ ਜਾਣਾਂਗੇ। [22]ਬਿਰਥੇ (ਯਾ ਝਗੜਿਆਂਦੇ)ਸੁਆਦਾਂ ਵਿਚ ਫਸੇ ਹਨ। [23]ਕਿਵੇਂ ਰਸੀਏ ਹੋਣ। *'ਗੋ'ਦੀ ਥਾਂ 'ਇਆ' ਪਾਠਾਂਤ੍ਰ ਹੈ।

ਸਭਿ ਸਹੀ। ਕਰਤਿ ਜਗਤ ਕੋ ਧੰਧ ਸਥਿਰ ਇਕ ਛਿਨ ਨਹੀਂ[੧]। ਸੁਨਿ ਕਰਿ ਨਿਮ੍ਯੋ ਨਰੇਸ਼ ਸੁ ਨਿਸ਼ਚਾ ਪਾਇਕੈ।-ਹੋ ਬਖਸ਼ਹੁ ਭੂਲ ਜੁ ਭਨ੍ਯੋ ਦਯਾ ਮਨ ਲਾਇਕੈ-॥੪੪॥ ਬਹੁਰ ਦਰਬ ਕੀ ਬਾਤ ਨਿਬਾਬ ਬਖਾਨਿਆ।-ਅਰਧ ਦੇਨ ਸ੍ਰੀ ਚੰਦ, ਅਰਧ ਹਿਤ ਦਾਨਿਯਾ[੨]-। ਕਹਿ ਕਰਿ ਗਮਨ੍ਯੋ ਸਦਨ ਬੰਦਨਾ ਠਾਨਿ[੩] ਸੋ[੪]। ਹੋ ਹਮ ਆਏ ਤੁਮ ਨਿਕਟਿ ਭਈ ਇਵ ਜਾਨਿ ਸੋ॥੪੫॥ਜੀਜਾਜੀ ਇਉਂ ਕਰੀ, ਭਲੀ ਕੈਧੌਂ ਬੁਰੀ। ਚਤੁਰ ਬਰਨ ਕੀ ਭੀਰ ਹੁਤੀ ਤਹਿਂ ਬਹੁ ਜੁਰੀ। ਸਭਿਨਿ ਸੁਨੇ ਇਹ ਵਾਕ ਹਸੀ ਅਤਿਸ਼ੈ ਭਈ[੭]। ਹੋ ਸੁਨਿ ਇਵ ਸ਼੍ਰਵਨ ਜ਼ਰਾਮ ਚਿੰਤ ਚਿਤ ਦੂਰ[੫] ਗਈ ॥੪੬॥ ਨਰਾਜ ਛੰਦ ॥ ਜਰਾਮ ਜੋਰਿ ਹਾਥ ਬੈਨ ਆਨਨੇਂ[੬] ਬਖਾਨ ਹੈ। 'ਭਲੀ ਸਦੀਵ ਆਪ ਕ੍ਰਿਤ,ਕੌ[੭] ਬੁਰੀ ਸੁ ਮਾਨ[੮] ਹੈ। ਮਯੰਕ[੯] ਮਾਰਤੰਡ[੧੦] ਜਥੋਂ ਪ੍ਰਮਾਨਨੇਂ[੧੧] ਅਨੰਦਦਾ[੧੨]। ਧਰਾਵਤਰ[੧੩] ਆਪ ਤੈਸ ਮੋਖ ਦਾਨ ਦਾਸ ਦਾ[੧੪]' ॥੪੭॥ ਦੋਹਰਾ ॥ ਭਨਤਿ ਨਾਨਕੀ ਬੈਨ ਪੁਨਿ 'ਆਇ ਕਿ ਨ ਪਰਤੀਤਿ? ਅਬ ਲੌ ਕਿਧੌਂ[੧੫] ਸੰਦੇਹ ਉਰ,ਕਰਹੁ ਨ[੧੬] ਅਸ-ਥਿਰ ਚੀਤ[੧੭]! ॥ ੪੮ ॥ ਉਠਹੁ ਰਸੋਈ ਜੇਵੀਂਏ ਭਰਮ ਨ ਭੂਲ ਕਰੇਹੁ। ਕ੍ਰਿਪਾਸਿੰਧੁ ਨਾਨਕ ਨਿਕਟਿ ਚਿਤ ਚਿੰਤਾ ਤੱਜਿ ਦੇਹੁ'॥੪੯॥ ਅੜਿੱਲ॥ '[੧੮]ਸ਼੍ਰੀ ਨਾਨਕ ਜੀ ਧੰਨ! ਅਮਰ ਗਨ[੧੯] ਮੰਨਿ ਹੈਂ। ਤੂੰ ਭਗਨੀ[੨੦] ਤਿਨ ਕੇਰਿ, ਅਧਿਕ ਮਤ[੨੧],ਧੰਨ ਹੈਂ[੨੨]।ਹੌਂ ਭੀ ਕਛੁਅਕ ਧੰਨ ਅਪਨ ਉਰਮਹਿਂ ਲਖੌਂ[੨੩]। ਹੋ ਜਗ ਪ੍ਰਸੰਗ[੨੪] ਮਮ ਤੋਰ ਭਯੋ ਅਸ ਬਿਧਿ ਪਿਖੌਂ[੨੫]' ॥੫੦॥ ਦੋਹਰਾ ॥ ਸ਼੍ਰੀ ਬਾਲਾ ਸੰਧੂ ਭਨਤਿ ਸ਼੍ਰੀ ਅੰਗਦ ਸੁਖਰਾਸ! ਆਗੈ ਅਮੀ[੨੬] ਪਟੰਤਰੰ[੨੭] ਔਰ ਸੁਨਹੁ ਇਤਿਹਾਸ॥ ੫੧ ॥ ਅੜਿੱਲ ॥ ਬਾਰ ਬਾਰ ਕਹਿ ਬਹੁਰ ਸੰਗ ਨਾਨਕ ਲਿਯੇ। ਉਠੇ ਅਚਨ ਬਰ[੨੮] ਅਸਨ ਜਰਾਮਹਿ ਸੁਖ ਭਏ। ਮੁਝ ਕੋ ਲੀਨੋ ਸੰਗ ਸੁ ਭੋਜਨ ਖਾਨਿ ਕੇ। ਹੋ ਗਏ ਰਸੋਈ ਥਾਨ ਮੁਦਿਤ[੨੯] ਮਨ ਮਾਨਿ ਕੇ ॥੫੨॥ ਓਦਨ[੩੦] ਸਰਪੀ[੩੧] ਸਿਤਾ[੩੨] ਪਹਿਤ[੩੩] ਅਤਿ ਸਾਦਿਆ[੩੪]। ਰੁਚਿ

---

[੧]ਭਾਵ, ਉਹਨਾਂ ਦਾ ਮਨ ਥਿਰ ਨਹੀਂ। [੨]ਦਾਨ ਵਾਸਤੇ। [੩]ਕਰਕੇ। [੪]ਉਹ (ਨਵਾਬ)। [੫]ਛਿਪ। [੬]ਮੁਖੋਂ। [੭]ਕੌਣ। [੮]ਮੰਨੇ। [੯]ਚੰਦ੍ਰਮਾਂ। [੧੦]ਸੂਰਜ। [੧੧]ਜੈਸੇ ਮਨੁੱਖਾਂ ਦੇ। [੧੨]ਖੁਸ਼ੀ ਦਾਤੇ ਹਨ। [੧੩]ਧਾਰਿਆ ਹੈ ਅਵਤਾਰ। [੧੪]ਦਾਸਾਂ ਨੂੰ ਮੋਖ ਦੇਣ ਵਾਲਾ। [੧੫]ਕਿਤੇ,ਜਾਂ। [੧੬]ਕਿਉਂ ਨਹੀਂ ਕਰਦੇ। [੧੭]ਚਿੱਤ ਨੂੰ ਥਿਰ। [੧੮]ਭਾਈ ਜੈਰਾਮ ਦਾ ਕਥਨ। [੧੯]ਦੇਵਤੇ ਸਾਰੇ। [੨੦]ਭੈਣ। [੨੧]ਤੇਰੀ ਮਤ ਵੱਧ ਹੈ। [੨੨]ਤੂੰ ਬੀ ਧੰਨ ਹੈਂ। [੨੩]ਸਮਝਦਾ ਹਾਂ। [੨੪]ਸਨਬੰਧ। [੨੫]ਵੇਖਦਾ ਹਾਂ। [੨੬]ਅੰਮ੍ਰਿਤ। [੨੭]ਤੁਲ। [੨੮]ਉੱਤਮ। [੨੯]ਖੁਸ਼। [੩੦] ਚਾਵਲ। [੩੧]ਘਿਉ। [੩੨]ਖੰਡ। [੩੩]ਦਾਲ। [੩੪]ਬੜੇ ਸੁਆਦੀ।

ਅਨਰੂਪੰ[1] ਖਾਇ ਉਠੇ ਸਹਿਲਾਦਿਆ[2]। ਪੁਨ ਪਰਯੰਕ ਡਸਾਇ ਪੌਢਿਯੋ[3] ਪਰਮ ਸੁਖ। ਹੋ ਜਿਸ ਦਰਸ਼ਨ ਤੇ ਬ੍ਰਿੰਦ ਸਭੈ[4] ਟਰਿ ਜਾਹਿਂ ਦੁਖ ॥ ੫੩ ॥ ਦੋਹਰਾ ॥ ਪਤਿਤ ਸੁਨਤਿ ਇਤਿਹਾਸ ਇਹ ਸ੍ਰੀ ਗੁਰੁ ਸ਼ਰਧਾ ਦੈਨ। ਅਘ ਓਘਨ ਮਲ ਹਰਨ ਕੋ ਜਲ ਸਮ ਹੈ[5] ਸੁਖਐਨ ॥੫੪॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਸੀਤ' ਪ੍ਰਸੰਗ ਬਰਨਨੰ ਨਾਮ ਬਤੀਸਮੋ ਅਧਯਾਯ ॥ ੩੨ ॥

੩੩. [ਚਰਣ ਧੂੜ ਮੰਗਲ। ਮਾਤਾ ਸੁਲਖਣੀ ਜੀ ਦਾ ਪੇਕੇ ਜਾਣਾ]

ਦੋਹਰਾ ॥ ਸ੍ਰੀ ਗੁਰੁ ਕਰੁਨਾ ਐਨ ਕੀ ਚਰਨ ਕਵਲ ਲੇ ਧੂਰਿ।
ਨਿਜ ਮਨ ਮੁਕਰਹਿ ਮਾਂਝ ਕੈ ਕਹੋਂ ਕਥਾ ਰਸ ਰੂਰਿ ॥ ੧ ॥

{ ਕਰੁਨਾ ਐਨ=ਕ੍ਰਿਪਾ ਦਾ ਘਰ [ਸੰਸ:, ਕਰੁਣਾ ਐਨ]
ਮੁਕਰਹਿ=ਸ਼ੀਸ਼ਾ, ਮੂੰਹ ਵੇਖਣ ਦਾ ਸ਼ੀਸ਼ਾ [ਸੰਸ:, ਮੁਕਰ]
ਮਾਂਝਕੈ=ਮਾਂਜਕੇ, ਮੈਲੇ ਹੋਏ ਸ਼ੀਸ਼ੇ ਨੂੰ ਜਿਸ ਪਰ ਬਿੰਧੇ ਹੱਥ ਲਗ ਗਏ ਹੋਣ ਧੂੜ ਸੁਆਹ ਆਦਿ ਨਾਲ ਮਾਂਜ ਕੇ ਸਾਫ ਕਰਦੇ ਹਨ।
ਰੂਰਿ=ਉੱਤਮ, ਸੁੰਦਰ। [ਸੰਸ:, ਰੂਢ=ਚਮਕੀਲੀ] }

**ਅਰਥ**—ਕ੍ਰਿਪਾਲਤਾ ਦੇ ਘਰ ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦੀ ਧੂੜੀ ਲੈ ਕੇ ਆਪਣੇ ਮਨ (ਰੂਪੀ) ਸ਼ੀਸ਼ੇ ਨੂੰ ਮਾਂਜ ਕੇ ਰਸ ਭਰੀ ਕਥਾ (ਅਗੋਂ ਹੋਰ) ਕਹਿੰਦਾ ਹਾਂ।

ਚੌਪਈ॥ਬਾਲੇ ਕੋ ਮੁਖ ਸ਼ਸ਼ਿਹਿ ਸੁਧਾਸੀ[6]। ਕਥਾ ਕਹਤਿ ਸ੍ਰੀ ਅੰਗਦ ਪਾਸੀ। ਪ੍ਰੇਮ ਮਗਨ ਕਬਿ ਕਬਿ ਹੁਇ ਜਾਵਹਿਂ। ਲਗਹਿ ਸਮਾਧਿ ਅਡੋਲ ਸੁਹਾ-ਵਹਿਂ॥੨॥ਬਹੁਰ ਬਿਲੋਚਨ ਖੋਲਹਿਂ ਜਬਹੀ। ਬਾਲਾ ਕਹਿਨ ਲਗਹਿ ਪੁਨਿ ਤਬਹੀ। ਕਰਨ ਪੁਟਨ ਸੰਗ[7] ਪੀਵਹਿਂ ਸ਼੍ਰੋਤੇ[8]। ਅਮੀ ਸਮਾਨ[9], ਤ੍ਰਿਪਤਿ ਨਹਿ ਹੋਤੇ ॥ ੩ ॥ ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਨਾਨਕ ਕਿੰਕਰ ਸੁਖਰਾਸਾ[10]। ਰਹੈਂ ਬੈਸ ਪੁਨਿ ਸੁਸਾ[11] ਅਵਾਸਾ। ਜਨੁ ਬੈਰਾਗ ਧਾਰਿ ਨਿੰਜ ਦੇਹਾ[12]।ਪ੍ਰਗਟ ਦਿਖਾਵਤਿ ਜਗਤਅਨੇਹਾ[13]॥੪॥ ਕਿਧੋਂ[14] ਸ਼ਾਂਤਿਰਸ ਧਾਰਿ ਸਰੂਪ। ਭਾਵ ਦਿਖਾਵਹਿ ਨਿਜ ਅਨਰੂਪਾ[15]। ਕਿਧੌਂ ਧਰਨੋ ਉਪਕਾਰਿ

[1]ਰੁਚੀ ਅਨੁਸਾਰ। [2]ਸਹਿਤ ਖੁਸ਼ੀ ਦੇ। [3]ਬਿਰਾਜੇ। [4]ਸਾਰੇ ਦੁਖਾਂ ਦੇ ਸਮੂਹ। [5]ਇਹ ਇਤਿਹਾਸ ਜਲ ਸਮਾਨ ਹੈ ਪਾਪਾਂ ਦੀ ਮੈਲ ਹਰਨ ਨੂੰ। [6]ਬਾਲਾ (ਆਪਣੇ) ਮੁਖ ਚੰਦ੍ਰਮਾਂ ਤੋਂ ਅੰਮ੍ਰਿਤ ਵਰਗੀ। [7]ਕੰਨਾਂ ਦੇ ਡੋਂਨਿਆਂ ਨਾਲਮਾਨੋ। [8]ਸੁਨਨੇ ਵਾਲੇ ਪੀਂਦੇ ਹਨ. [9]ਅੰਮ੍ਰਿਤ ਵਰਗੀ। [10]ਦਾਸਾਂ ਦੇ ਸੁਖ ਦਾਤੇ [11]ਬੇਬੇ ਜੀ ਦੇ। [12]ਦੇਹ ਧਾਰਕੇ। [13]ਨਿਰਮੋਹਤਾ। [14]ਜਾਂ। [15]ਕਾਵ੍ਯ ਦੇ ਗ੍ਰੰਥਾਂ ਵਿੱਚ ਕਵੀਆਂ ਨੇ ਨੌਂ ਰਸ ਗਿਣੇ ਹਨ, ਹਰ ਰਸ ਦੇ ਭਾਵ ਹੁੰਦੇ ਹਨ, ਸਥਾਈ ਤੇ ਸੰਚਾਰੀ। ਸ਼ਾਂਤਿ ਰਸ ਦਾ ਸਥਾਈ ਭਾਵ ਨਿਰਵੇਦ ਹੈ ਜਿਸ ਨੂੰ ਵੈਰਾਗ ਭੀ ਆਖਦੇ ਹਨ। ਮਾਨੋਂ ਸ਼ਾਂਤਿ ਰਸ ਆਪਣੇ ਅਨਕੂਲ ਦਾ ਭਾਵ (ਨਿਰਵੇਦ) ਦੱਸ ਰਿਹਾ ਹੈ।

ਸਰੀਰਾ। ਨਰ ਤਾਰਨ ਕੋ ਗੁਨੀ ਗਹੀਰਾ॥੫॥ਦੋਹਰਾ॥ਸਿਰ ਪਰ ਨੁਕਤਹਿ[1] ਜੁਗਲ ਗਜ[2], ਖਫਨੀ ਗਰਿ[3] ਬਰ[4] ਚੀਰ[5]। ਸੈਬਜਾਨਾ[6] ਸੁੰਦਰ ਸਜੈ ਧਰਯੋ ਸੁ ਬੇਖ ਸਰੀਰ ॥੬॥ਚੌਪਈ॥ ਬੈਸੇ ਥੇ ਨਿੰਦਕ ਕੇ ਸੂਲਾ[7]। ਇਤਨੇ ਮਹਿਂ ਪ੍ਰਾਪਤ ਭਾ ਮੂਲਾ।ਚੰਦੋਰਾਨੀ ਜਿਹ ਕੇ ਸੰਗਾ।ਅਧਿਕ ਕ੍ਰੋਧ ਤੇ ਉਠਤਿ ਤਰੰਗਾ ॥੭॥ ਮਨਹੁਂ ਗਯਾਨ ਨਿਜ ਦਲ ਸੋਂ[8] ਬੈਸਾ[9]। ਸਤਿ ਸੰਤੋਖ, ਸ਼ਾਂਤਿ ਸਮ,ਭੇਸਾ। ਜਨੁ ਅਗਯਾਨ ਅਪਨ ਤਨ ਧਾਰੀ[10]। ਦਲ ਲੈ ਕਰਯੋ ਕ੍ਰੋਧ ਅਗਵਾਰੀ ॥੮॥ ਉਰ ਮਹਿਂ ਚਹਿਤ ਪਲਾਇਨ[11] ਕੀਨਾ। ਆਇ ਠਾਂਢ[12] ਜਹਿਂ ਪ੍ਰਭੁ ਆਸੀਨਾ। ਧਰਿ ਨਿਸ਼ਠੁਰਤਾ[13] ਬਚਨ ਉਚਾਰੇ।'ਅਬ ਫਕੀਰ ਕੋ ਬੇਖ ਸੁਧਾਰੇ !॥੯॥ਦੋਹਰਾ॥ ਧਰਿਕਰਿ ਬੇਖ ਦਿਖਾਵਈ ਸਾਧ ਬਨਯੋ ਜਗ ਮਾਂਹਿ।ਉਭੈ[14] ਆਤਮਜ[15], ਭਾਰਜਾ[16] ਕਹੁ ਕਿਹ ਭਾਂਤ ਬਿਤਾਹਿਂ? ॥੧੦॥ ਚੌਪਈ॥ਹਮਹਿ ਦੁਸਹਿ[17]ਦੁਖ ਦੇਨੇ ਹੇਤੂ। ਜਨਮਯੋ* ਤੂੰ ਜਿਉਂ ਭਵ ਉਦਿ-ਕੇਤੂ[18]। ਇਵ ਜੇ ਹੋਨਾ ਹੁਤੋ ਫ਼ਕੀਰਾ।ਕਰ ਬਿਆਹ ਕਿਉਂ ਡੋਬ ਅਧੀਰਾ[19] ॥੧੧॥ਸਰਬ ਦਰਬ ਕਰਿ ਦੀਨ ਖੁਆਰੂ।ਅਬ ਭਾ ਸਾਧ ਅਵਾਸ ਉਜਾਰੂ[20]। ਹੁਤੋ ਬਿੱਤ ਸਭਿ ਖੋਯੋ ਜੇਤਾ।ਸੋ ਅਬ ਸਿਰੀਚੰਦ ਕੋ ਦੇਤਾ॥੧੨॥ਤਿਹ ਪਰ

---

[1]ਸਾਫਾ। [2]ਦੋ ਗਜ (ਲੰਮਾ)। [3]ਗਲੇਵਿਚ। [4]ਸ੍ਰੇਸ਼ਟ। [5]ਬਸਤ੍ਰ। [6]ਚਾਦਰ। [7]ਕੇ ਸੂਲ=ਨਿੰਦਕਾਂ ਨੂੰ ਸੂਲ ਰੂਪ ਯਾ ਦੁਖ ਰੂਪ। ਨਿੰਦਕ ਨੂੰ ਅਪਨੇ ਖੋਟੇ ਸੁਭਾਵ ਕਰਕੇ ਉਹਨਾਂ ਦਾ ਫੁਲ ਸਮਾਨ ਕੋਮਲ ਤੇ ਸੁਖਦਾਈ ਵਜੂਦ ਕੰਡੇ ਹਾਰ ਚੁਭਦਾ ਹੈ, ਜੀਕੂੰ, ਬਿਰਹ ਤਾਪ ਨਾਲ ਆਪ ਤਪ ਰਹੀ ਬਿਰਹਨੀ ਨੂੰ ਸਰਦ ਰੁਤ ਦਾ ਚੰਦ੍ਰਮਾਂ ਤਪਤ ਲਗਦਾ ਹੈ। (ਅ) ਕੇਸ਼ੂਲ=(ਕ=ਖੁਸ਼ੀ + ਈਸ਼=ਮਾਲਕ। ਊਲ, ਪ੍ਰਤੇ) ਖੁਸ਼ੀ ਦਾਤਾ, ਭਾਵ ਨਿੰਦਕ ਨੂੰ ਬੀ ਆਪ ਕਲਯਾਨ ਦਾਤਾ ਹਨ, ਉਹਨਾਂ ਦਾ ਬੁਰਾ ਨਹੀਂ ਚਿਤਾਰਦੇ,ਤੇ ਸਮੇਂ ਬਣੇ ਤੇ ਤਾਰ ਦੇਂਦੇ ਹਨ। [8]ਅਪਨੀ ਫੌਜ ਨਾਲ। [9]ਬੈਠਾ ਹੈ। [10]ਭਾਈ ਮੂਲੇ ਤੇ ਚੰਦੋ ਦੀ ਦਸ਼ਾ ਦੱਸਦੇ ਹਨ, ਮਾਨੋਂ ਅਗਯਾਨ ਆਪਣਾ ਰੂਪ ਧਾਰ ਕੇ ਆਯਾ ਹੈ। [11]ਭਜਾਉਣਾ। [12]ਖੜੇ ਹੋ ਗਏ। [13]ਕਠੋਰਤਾ। [14]ਦੋ। [15]ਪੁੱਤ੍ਰ। [16]ਸੁਪਤਨੀ। [17]ਕਠਨ। [18]ਜਿਵੇਂ ਸੰਸਾਰ ਵਿੱਚ ਬੋਦੀ ਵਾਲਾ ਤਾਰਾ ਉਦੇ ਹੁੰਦਾ ਹੈ। [19]ਹੇ ਉਤਾਵਲੇ। (ਅ) ਧੀਰਜ ਜਾਂ ਆਸਰੇ ਤੋਂ ਬਿਨਾਂ (ਪਰਵਾਰ ਨੂੰ)। [20]ਘਰ ਉਜਾੜੂ।

*ਪਾ:—ਪ੍ਰਗਟਯੋ।

ਕਰਾਤ ਗੁਜਾਰ ਸੁ ਬੈਸੇ। ਤੋ[੧] ਕੁਟੰਬ ਅਬ ਕਰਿਹੈ ਕੈਸੇ? ਕਿਹ ਅਧਾਰ ਜਗ ਮਹਿੰ ਸੋ ਰਹਿਹੀ। ਉੱਤਰ ਕਿਉਂ ਨ ਬਦਨ[੨] ਤੇ ਕਹਿਹੀ? ॥੧੩॥ ਦੋਹਰਾ ॥ ਭੈ ਪਰਮੇਸੁਰ ਕੋ ਨਹੀਂ ਲਘੁ[੩] ਸੁਤ[੪] ਜਾਨਹੁ ਨਾਂਹਿ'। ਚੰਦੋਰਾਨੀ ਭਨਤਿ ਪੁਨ ਕ੍ਰੋਧ ਕਿਯੇ ਮਨ ਮਾਂਹਿ॥੧੪॥ਚੌਪਈ॥ 'ਸੁਣ ਤੋ ਵੇ ਨਾਨਕ! ਕਿਆ ਕੀਤਾ?ਵਧਯੋ ਕੁਟੰਬਹਿ*ਭਯੋਅਤੀਤਾ।ਨੇਹੁ ਨ ਨਿਜ ਤਨੁਜਨ ਸੋਂ[੫] ਕਰਿਈ।ਨੈਕ ਨ ਕਰੁਨਾ ਮਨ ਮਹਿੰ ਧਰਿਈ ॥੧੫॥ ਦੀਰਘ ਤੁਝ ਢਿਗ ਮੋਦੀ ਕਾਰਾ। ਪਾਵਤਿ ਥੋ ਧਨ ਜਹਾਂ ਅਪਾਰਾ। ਬਹੁ ਮਾਨਹਿਂ ਫੁਰਮਾਇਸ਼ ਖਾਨਾ[੬]। ਅਸਨ ਬਸਨ ਪ੍ਰਾਪਤਿ ਬਿਧਿ ਨਾਨਾ॥੧੬॥ ਕ੍ਰਿੱਤ ਕੁਟੰਬਹਿ ਤਜਿ ਅਬ ਸੋਊ।ਭਏ ਰੰਕ ਜਿਉਂ ਆਲਯ ਖੋਊ[੭]!ਤਦ ਸੋਵਤਿ ਥੇ ਸੇਜ ਸੁਖਾਲੀ। ਅਬ ਫਿਰਿਯੇ ਉਦਿਆਨ[੮] ਬਿਹਾਲੀ[੯] ॥ ੧੭ ॥ ਦੋਹਰਾ ॥ ਸਦਨ ਬਿਖੈ ਜੇ ਸਰਬ ਸੁਖ ਤਜਿ ਕਰਿ ਕੀਨਿ ਅਨੀਤਿ'।ਸੁਨੇ ਬਚਨ ਸੁਸਰਊ ਕੇ[੧੦] ਬੋਲੇ ਬ੍ਰਿਕਤਹਿੰ ਰੀਤਿ ॥ ੧੮ ॥

ਮਾਰੂ ਮਹਲਾ ੧ ॥

ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥ ੧ ॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥ ੧ ॥ ਰਹਾਉ ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥ ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥ ੨ । ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥ ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥ ੩ ॥ ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥ ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥ ੪ ॥

ਚੌਪਈ ॥ ਭਨਯੋ ਸਬਦ ਪਰਮਾਰਥ ਜਾਂਹੀ।ਤਨਕ ਨ ਪਰਸਯੋ[੧੧] ਤਿਨ ਮਨ ਮਾਂਹੀ।ਬਿਸ਼ੈ ਵਿਖੈ ਲੰਪਟ ਨਰ ਜੋਊ। ਭਾਵਹਿ ਕਿਉਂ ਬਿਰਕਤਤਾ ਸੋਊ[੧੨] ॥੧੯॥ ਜਿਉਂ ਕਾਮੀ ਨਰ,ਨਾਰਿ ਤਜਾਵਨ[੧੩]।ਕੋਟ ਜਤਨ ਨਹਿੰ ਮਾਨਿ[੧੪] ਸਿਖਾਵਨ। ਜਿਉਂ ਕਿਰਪਨ ਧਨ ਸੰਗ੍ਰਹ ਹੇਤਾ।ਤਜਿਨ ਤਾਂਹਿ ਸਿਖਵਨ

---

[੧]ਤੇਰਾ। [੨]ਮੁਖ। [੩]ਛੋਟੇ। [੪]ਪੁੱਤ੍ਰ। [੫]ਪੁੱਤ੍ਰਾਂ ਨਾਲ। [੬]ਖ਼ਾਨ ਮੰਨਦਾ ਸੀ। [੭]ਘਰ ਉਜਾੜੂ। [੮]ਜੰਗਲ ਵਿਚ। [੯]ਬੁਰੇ ਹਾਲੀ। [੧੦]ਸਸ ਸਹੁਰੇ ਦੇ। [੧੧]ਛੋਹਿਆ। [੧੨]ਉਸ ਨੂੰ ਨਿਰਵਿਰਤੀ। [੧੩]ਨਾਰ ਛੱਡਣ ਦੀ ਸਿਖਿਆ। [੧੪]ਨਹੀਂ ਮੰਨਦਾ।　　*ਪਾ:—ਕਬੀਲਾ।

ਨਹਿੰ ਲੇਤ॥੨੦॥ ਤਿਉਂ ਮੂਲੇ ਪੁਨ ਚੰਦੋ ਰਾਨੀ। ਸ੍ਰੀ ਗੁਰ ਸਬਦ ਧਰਯੋ ਨਹਿੰ ਕਾਨੀ। ਬੋਲੀ ਬਹੁਰ ਕ੍ਰੋਧ ਸੋਂ ਬੈਨਾ। ਭੇਦ ਨ ਜਾਨਹਿ-ਇਹ ਗੁਨ ਐਨਾ[1]-॥੨੧॥ ਦੋਹਰਾ ॥'ਅਸ ਵਿਚਾਰਕੇ ਬਚਨ[2] ਅਬ ਭਨਨ ਲਗਾ ਹਮ ਪਾਸ। ਪੂਰਬ ਕਿਉਂ ਨ ਵਿਚਾਰਿਓ ਜਬ ਕੀਨੋ ਘਰ ਵਾਸ ॥੨੨॥ ਚੌਪਈ॥ ਖਰਚ ਸਦਨ ਕੋ ਦੀਰਘ ਜਾਨਾ। ਬੇਖ ਫਕੀਰੀ ਨਿਜ ਤਨ[3] ਠਾਨਾ[4]। ਜੇ ਜਾਨਤਿ ਤੈਂ ਐਸੀ ਕਰਨੀ। ਮੋ ਤਨੁਜਾ ਬਿਪਤਾ ਇਉਂ ਜਰਨੀ[5] ॥ ੨੩ ॥ ਕਿਉਂ ਕਰਤੀ ਤਿਹ ਕੋ ਸਨਬੰਧਾ। ਭਯੋ ਭਾਗ ਜਿਹ ਕੋ ਅਤਿ ਮੰਦਾ। ਹਮ ਹੇਰਹਿੰ ਤਨੁਜਾ ਦੁਖ ਨੈਨਾ[6]। ਤੇਰੇ ਉਰ ਪਰਮੇਸ਼ੁਰ ਭੈ ਨਾ ॥੨੪॥ ਬਾਲਕ ਪਾਲਕ ਹੋਵਹਿ ਕੌਨ। ਕਿਹ[7] ਆਧਾਰ[8] ਹੋਹਿ ਕਹੁ ਤੌਨ[9]। ਜਿਨ ਕੋ ਸੁਧ ਬੁਧਿ ਆਇ ਨ ਕੋਊ। ਦਰਬ ਕਮਾਵਨ ਕੀ ਬਿਧਿ ਜੋਊ॥੨੫॥ ਤਜਿ ਭਾਜੇ ਤਿਨ ਕੋ ਅਬ ਐਸੇ। ਜਾਮਨਿ ਬਸਿ[10] ਪਰਦੇਸ਼ੀ ਜੈਸੇ। ਸੁਤ ਕੋ ਮੋਹ ਨ ਮਨ ਮਹਿਂ ਆਵਹਿ। ਜੋ ਜਗ ਮਹਿਂ ਨਿਜ ਬੰਸ[11] ਬਧਾਵਹਿ ॥ ੨੬ ॥ ਦੋਹਰਾ ॥ ਪੁੱਤ੍ਰਨ ਕੇ ਹਿਤ ਨਰ ਸਭੈ ਕਰਿਹੈਂ ਅਨਿਕ ਪ੍ਰਯਾਸ[12]। ਤਿਨ ਕੋ ਅਬਹਿ ਅਨਾਥ ਕਰਿ ਸਾਧ ਬਨਾ ਦੁਖਰਾਸ॥੨੭॥ਚੌਪਈ॥ਦਰਬ ਫਕੀਰਨ ਸਰਬ ਲੁਟਾਯਾ। ਅਬ ਜੋ ਬਾਕੀ ਤਿਨਹਿ ਦਿਵਾਯਾ। ਅਹੈਂ ਸਾਤ ਸੈ ਸਾਠ ਜੁ ਬਾਕੀ। ਦੇਹੁ ਭਾਰਜਾ[13] ਸੁਧਿ ਲਿਹੁ ਤਾਂਕੀ[14]' ॥੨੮॥ ਮੂਲਾ ਕਹੈ 'ਰਿਦੇ ਮੈਂ ਜਾਨਤਿ। ਪੂਰਬ[15] ਕਰਮਨ ਤੇ ਅਨੁਮਾਨਤਿ[16]। ਇਹ ਹੋਵਹਿ ਇਕ ਦਯੋਸ[17] ਫਕੀਰਾ। ਭੀ ਤਸ ਬਿਧਿ[18], ਕਿਯ ਬੇਖ ਸਰੀਰਾ' ॥ ੨੯ ॥ ਸੁਨਹਿ ਜਰਾਮ ਨਾਨਕੀ ਬੈਨਾ। ਪੁਨ ਸ੍ਰੀ ਨਾਨਕ ਸਭਿ ਗੁਨ ਐਨਾ। ਉੱਤਰ ਤਿਨਕੋ ਦੇਇ ਨ ਕੋਊ। ਕਰੀ ਮਸ਼ਟਿ ਵਡ ਜਾਨੇ[19] ਸੋਊ ॥੩੦॥ ਦੋਹਰਾ ॥ ਦੌਲਤ ਖਾਨ ਨਰੇਸ਼[20] ਧਨ ਭੇਜ ਦਯੋ ਤਿਹ ਕਾਲ। ਅਸੀ* ਅਧਿਕ ਪੁਨਿ ਤੀਨ ਸੈ ਆਨੇ ਨਿਕਟਿ ਗੁਪਾਲ॥ ੩੧ ॥ ਚੌਪਈ ॥ ਲੀਨ ਜਰਾਮ ਹਾਥ ਸੋਂ ਦਰਬਾ। ਜਾਇ ਸੁਲਖਣੀ ਢਿਗ ਦਿਯ ਸਰਬਾ। ਅਰਧ

---

[1]ਇਹ ਗੁਣਾਂ ਦਾ ਘਰ ਹਨ (ਗੁਰੂ ਜੀ)। [2]ਵਿਚਾਰ ਦੇ ਬਚਨ। [3]ਸ਼ਰੀਰ ਤੇ। [4]ਧਾਰ ਲਿਆ। [5]ਸਹਿਣੀ ਹੈ। [6]ਧੀ ਨੂੰ ਵੇਖਦੇ ਹਾਂ ਤਾਂ ਅੱਖਾਂ ਦੁਖਦੀਆਂ ਹਨ। (ਅ) ਅਖੀਂ ਵੇਖਦੇ ਹਾਂ ਧੀ ਦਾ ਦੁਖ। [7]ਕੀਹ। [8]ਆਸਰਾ। [9]ਉਨ੍ਹਾਂ ਦਾ। [10]ਰਾਤ ਰਹਿਕੇ। [11]ਆਪਣੀ ਕੁਲ। [12]ਜਤਨ। [13]ਆਪਣੀ ਇਸਤ੍ਰੀ ਨੂੰ। [14]ਉਸ ਦੀ। [15]ਪਿਛਲੇ। [16]ਅਨੁਮਾਨ ਕਰਦਾ ਸਾਂ। [17]ਇਕ ਦਿਨ। [18]ਓਸੇ ਤਰ੍ਹਾਂ ਹੋਈ। [19]ਵੱਡੇ ਜਾਣਕੇ। [20]ਨਵਾਬ ਨੇ। *ਕਿਤੇ ਕਿਤੇ ਪਾਠ-ਤੀਸ-ਭੀ ਹੈ।

ਰਹੇ ਸੋ ਖਾਨ ਨ੍ਰਿਪਾਲਾ। ਦਏ ਫਕੀਰਨ ਜਹਾਂ ਬਿਸਾਲਾ ॥੩੨॥ ਸੋ ਬਾਸੁਰ ਤਹਿਂ ਬੀਤਯੋ ਸਗਰਾ। ਸਾਸੁ ਸਸੁਰ ਕੋ ਕਰਤਯੋ ਝਗਰਾ। ਰਜਨੀ[1] ਭਈ ਆਨਿਕਰਿ ਜਬਹੀ। ਭੋਜਨ ਕਰਿ ਪੌਢੇ[2] ਘਰ ਸਭਿ ਹੀ॥੩੩॥ ਅਰ-ਣੋਦਤ[3] ਉਠਿ ਆਰਤਿਹਾਰੀ[4]। ਗਵਨੇ ਜਹਿਂ ਸਰਿਤਾ ਬਰ ਬਾਰੀ[5]। ਕਰਿ ਦਾਂਤਨ ਮੁਖ ਜਲਜ[6] ਪਖਾਰਾ[7]। ਪੁਨਿ ਮੱਜਨ[8] ਕਿਯ ਵੇਂਇਂ[9] ਮਝਾਰਾ ॥ ੩੪ ॥ ਵਹਿਰ ਨਿਕਸ ਕਰਿ ਪੌਂਛ ਸਰੀਰਾ। ਕੀਨ ਕੁਪੀਨਹਿ[10] ਗੁਨੀ ਗਹੀਰਾ। *ਭੇ ਇਸਥਿਤ ਤਹਿਂ ਹੇਰਯੋ ਰੌਰਾ। ਹੁਤੋ ਜਗਾਤੀ ਖੱਤ੍ਰੀ ਠੌਰਾ ॥੩੫॥ ਇਕ ਦ੍ਵਿਜ ਧੇਨੁ ਆਨਿਤੋ ਰੋਕਾ। 'ਦੇਉ ਜਗਾਤ[11] ਆਨਿਤੋ ਸੋਕਾ[12]'। ਜਾਚੇ ਕਿਤਕ, ਨਹੀਂ ਤਿੰਹ ਪਾਸੀ। ਦ੍ਵਿਜ ਕੀ ਦਸ਼ਾ ਦੇਖਿ ਅਬਿਨਾਸ਼ੀ ॥ ੩੬ ॥ ਚੌਂਕਾ ਧੋਤੀ ਟਿੱਕਾ ਮਾਲਾ। ਭਲੇ ਬਨਾਉ ਲਖਯੋ ਕਿਰਪਾਲਾ। ਬਿੱਪ੍ਰ ਗਊ ਕੀ† ਮੋਚਨ ਰੋਕਾ[13]। ਤਿਸ ਪਰ ਸ੍ਰੀ ਗੁਰ ਕਹਯੋ ਸ਼ਲੋਕਾ ॥ ੩੭ ॥

ਸਲੋਕ ਮਃ ੧ ॥

ਗਊ ਬਿਰਾਹਮਣ ਕਉ ਕਰੁ[14] ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ ਖਾਈ ॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥ ਛੋਡੀ ਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥ ਮਃ ੧ ॥ ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ

---

[1]ਰਾਤ। [2]ਟਿਕੇ। [3]ਪ੍ਰਾਤਾਕਾਲ। [4]ਦੁਖ ਹਰਤਾ(ਗੁਰੂ ਜੀ)। [5]ਸ੍ਰਿਸ਼੍ਰ ਜਲ ਵਾਲੀ। [6]ਮੁਖ ਕੰਵਲ। [7]ਧੋਤਾ। [8]ਇਸ਼ਨਾਨ। [9]ਵੇਈਂ ਨਦੀ। [10]ਲੰਗੋਟੀ ਯਾ ਲੰਗੋਟੀ ਵਰਗਾ ਤੇੜ ਦਾ ਕਪੜਾ। [11]ਮਸੂਲ ਦੇਹ। [12]ਲੈ ਆਇਆ ਹੈਂ(ਤੂੰ ਗਊ ਨੂੰ)ਸੁੱਕਾ। [13]ਬ੍ਰਾਹਮਣ ਤੇ ਗਊ ਦੀ ਰੋਕ ਹਟਾਉਣ ਲਈ। [14]ਮਸੂਲ।

*ਇਥੋਂ ਤੋਂ ਲੈਕੇ ੩੯ ਅੰਗ ਵਿਚ—ਨਸਾਵਾ—ਤਕ ਦਾ ਪਾਠ ਛਾਪੇ ਦੇ ਨੁਸਖਿਆਂ ਵਿਚ ਨਹੀਂ, ਤੇ ਲਿਖਤੀ ਨੁਸਖਿਆਂ ਵਿਚ ਹੈ, ਮਾਲੂਮ ਹੁੰਦਾ ਹੈ ਕਿ ਛਪਣ ਵੇਲੇ ਕਿਸੇ ਖੱਤਰੀ ਕਰਮਚਾਰੀ ਨੇ ਕੱਟ ਦਿਤਾ ਹੈ। ਜਨਮ ਸਾਖੀ ਵਿਚ ਇਹ ਪ੍ਰਸੰਗ ਹੈ,ਜਿਸ ਦੇ ਆਧਾਰ ਤੇ ਨਾਨਕ ਪ੍ਰਕਾਸ਼ ਲਿਖਿਆ ਗਿਆ ਹੈ, ਇਸ ਕਰਕੇ ਇਹ ਪ੍ਰਸੰਗ ਕਵੀ ਭਾਈ ਸੰਤੋਖ ਸਿੰਘ ਜੀ ਕ੍ਰਿਤ ਹੀ ਸਹੀ ਹੁੰਦਾ ਹੈ।

†ਪਾ:—ਗਊ ਬਿੱਪ੍ਰ ਕੀ।

ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇਕੇ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥ ੨ ॥

ਚੌਪਈ ॥ ਸੁਨਿ ਸਤਿਗੁਰ ਤੇ ਤਰਕ ਸਮੇਤਾ। ਪਰਸੇ ਚਰਨ ਖੱਤ੍ਰੀ ਚਿਤ ਚੇਤਾ। 'ਮੈਂ ਭੂਲੋਂ ਤੁਮ ਮਾਰਗ ਪਾਯੋ। ਧਨ ਲਾਲਚ ਤੇ ਚਿਤ ਬਿਰਮਾਯੋ' ॥੩੮॥ ਫੇਰਿ ਕ੍ਰਿਪਾ ਕਰਿ ਨਾਮ ਦ੍ਰਿੜਾਵਾ। ਤਰਜੋ ਕਸ਼ਟ ਤੇ, ਮੋਹ ਨਸਾਵਾ। ਬਹੁਰ ਗਏ ਉਦਿਆਨ ਮਝਾਰਾ। ਬੈਸੇ ਤਹਿਂ ਜਗ ਗੁਰੂ ਕਰਤਾਰਾ ॥੩੯ ॥ ਦੋਹਰਾ ॥ ਪੁਨਿ ਪੁਰਿ ਬਰੇ ਨ ਆਇ ਕੈ ਬਾਹਰ ਬਾਸੁਰ ਰੈਨ। ਸਮਾ ਬਿਤਾਵਹਿ ਸਤਿਗੁਰੂ,ਸ੍ਰੀ ਅੰਗਦ ! ਸੁਨਿ ਬੈਨ ॥੪੦॥ਚੌਪਈ॥ ਬਾਲਾ ਬਰਨਤਿ[1]:–ਬਹੁਰੋ ਮੂਲਾ। ਲਖਤਿ ਨ[2] ਭੇਦ ਭਰਮ ਮਹਿਂ ਭੂਲਾ। ਭਯੋ ਤਯਾਰ ਚਲਨ ਨਿਜ ਨਗਰਾ। ਸਦਨ ਸੰਭਾਰਨ ਕਾਰਜ ਸਗਰਾ ॥ ੪੧॥ ਆਨਨ ਸੋਂ ਇਵ ਗਿਰਾ ਉਚਾਰੀ।'ਸੁਨਹੁ ਸੁਲਖਨੀ ਸੁਤਾ ਹਮਾਰੀ ! ਇਹ ਠਾਂ ਅਬ ਨ ਤੋਰ ਕਛੁ ਕਾਜਾ। ਤਵ ਪਤਿ ਭਾ ਫਕੀਰ ਤਜਿ ਲਾਜਾ ॥ ੪੨ ॥ ਅਪਰਹਿ ਕਵਨ ਕਰਹਿ ਨਿਰਬਹਿਵਾ[3]। ਸਦਨ ਚਲਹੁ ਮੁਝ ਹ੍ਵੈ ਸੁਖ ਤਹਿਂਵਾ। ਕਰਮ ਮੰਦ ਹਹਿਂ ਸੁਤਾ ! ਤੁਮਾਰੇ। ਘਰ ਉਜਰਯੋ ਇਸ ਹਾਲ ਭਤਾਰੇ[4]' ॥ ੪੩ ॥ ਦੋਹਰਾ ॥ ਭਨਤਿ ਨਾਨਕੀ ਬਦਨ ਤੇ 'ਇਉਂ ਨ ਬਨੈ ਇਹ ਬਾਤ। ਕਿਉਂ ਭਰਜਾਈ ਕੋ ਅਬੈਂ ਜਾਨਿ ਦੇਉਂ ਸੰਗਿ ਤਾਤ ॥ ੪੪॥ ਚੌਪਈ॥ ਇਕ ਤੌ ਕਰੀ ਭ੍ਰਾਤ ਗਤਿ[5] ਐਸੇ। ਦੁਤਿਯ ਜਾਤਿ ਭਰ-ਜਾਈ ਤੈਸੇ। ਕਿਹ ਬਿਧਿ ਉਰ ਮੈਂ ਧੀਰਜ ਧਰਿਹੋਂ। ਨਿਜ ਮਨ ਪਰਚਾ ਕਿਹ ਸੰਗ ਕਰਿਹੋਂ'॥੪੫॥ ਚੰਦੋ ਰਾਣੀ ਬੈਨ ਅਲਾਏ। 'ਕਿਹ ਅਵਿਲੰਬ[6] ਰਹਹਿ ਇਹ ਜਾਏ[7]'। ਜਿਹ ਕੋ ਭਰਤਾ ਭਯੋ ਫਕੀਰਾ। ਧਰੈ ਧੀਰ ਕਿਉਂ, ਭਈ ਅਧੀਰਾ[8] ॥ ੪੬ ॥ ਇਹ ਠਾਂ ਰਹਿਨ ਬਨੈ ਨਹਿਂ ਇਹ ਕੋ। ਨਿਕਟਿ ਨ ਸਾਸੁ ਸਸੁਰ ਘਰ ਜਿਹਂ ਕੋ। ਘਰ ਕੇ ਖਰਚ ਅਨਿਕ ਬਿਧਿ ਜੋਈ। ਹਿਤੂ ਬਿਨਾ ਕੋ ਸਾਰ ਨ ਲੇਈ ॥੪੭ ॥ ਦੋਹਰਾ ॥ ਅਹੈਂ ਆਤਮਜ ਬੈਸ ਲਘੁ ਰਿਦੇ

---

[1]ਆਖਦਾ ਹੈ। [2]ਸਮਝਦਾ ਨਹੀਂ। [3]ਤੇਰਾ ਨਿਰਬਾਹ ਕੌਣ ਕਰੇਗਾ। [4]ਪਤੀ ਦਾ (ਘਰ)। [5]ਹਾਲਤ। [6]ਕਿਸ ਆਸਰੇ। [7]ਏਸ ਥਾਵੇਂ। [8]ਬੇ-ਆਸਰਾ।

ਨ ਸੁਧਿ ਤਿਨ ਕੋਇ। ਪਿਤਾ ਨ ਆਨਿ ਦੁਲਾਰਹੀ ਭੇ ਅਨਾਥ ਸਮ ਸੋਇ ॥ ੪੭ ॥ ਚੌਪਈ ॥ ਕਿਹ ਅਧਾਰ ਏ ਦੋਊ ਬਾਲਕ । ਹਮ ਘਰ ਚਲਿ ਹ੍ਵੈ ਹੈ ਪ੍ਰਤਿਪਾਲਕ[1]। ਸੁਰਤਿ ਸੰਭਾਰਹਿਂ ਕਰਹਿਂ ਕਮਾਈ। ਦੇਹਿਂ ਅਨਿਕ ਬਿਧਿ ਸੁਖ ਨਿਜ ਮਾਈ[2]'॥੪੯॥ ਭਨੈ ਨਾਨਕੀ 'ਮਾਸੀ ਸੁਨਿਯੇ। ਤੂੰ ਸਜਾਨੀ ਨਿਜ ਮਨ ਮਹਿਂ ਗੁਨਿਯੇ।ਭ੍ਰਾਤਾ ਪਰਮੇਸ਼ੁਰ ਸਮ ਰੂਪਾ।ਜਿਹ ਕੇ ਕਰਤਬ ਜਗਤ ਅਨੂਪਾ॥੫੦॥ ਮਾਨਵ[3] ਕੇ ਨ ਕਰਮ ਹੈਂ ਐਸੇ। ਕਰਤਿ ਅਲੌਕਿਕ[4] ਬਹੁ ਬਿਧਿ ਜੈਸੇ। ਹੇਰਤਿ ਸੁਨਤਜੋ[5] ਹੋਤਿ ਅਚੰਭਾ। ਸਪਥ ਮੋਹਿ[6], ਨਹਿਂ ਉਚਰੋਂ ਦੰਭਾ[7] ॥ ੫੧ ॥ ਦੋਹਰਾ ॥ ਸਗਲ ਨਗਰ ਨਰ ਪਰਸਪਰ ਉਚਰਤਿ ਭੇ ਬਹੁ ਬਾਰ।–ਸਰਬ ਦਰਬ ਖਰਚਨ ਕਰੈਂ, ਤੋਟਾ ਹੋਇ ਅਪਾਰ ॥੫੨॥ ਚੌਪਈ ॥ ਖੋਇ ਦਰਬ ਕੋ ਜਾਵਹਿ ਭਾਜੂ। ਕਿਧੌਂ ਗਹੈ ਖਾਨਨ ਸਿਰਤਾਜੂ[8]–। ਕੇਤਿਕ ਆਨ ਕਹੈਂ ਹਮ ਪਾਸਾ। ਸੁਨਹਿਂ ਬਿਲੋ-ਕਹਿਂ[9]ਮਾਨਹਿਂ ਤ੍ਰਾਸਾ[10] ॥੫੩॥ ਖਰਚੇ ਦਰਬ ਨਰੇਸ਼[11] ਸਮਾਨਾ। ਜਾਚ[12] ਨ ਕੋਊ ਛੂਛ[13]ਪਯਾਨਾ।ਕਰੈ ਖਾਨ ਨਿਜ ਲੇਖਾ ਜਬਹੀ। ਬਾਕੀ ਨਿਕਸਹਿ ਅਧਿਕਹਿ[14] ਤਬ ਹੀ ॥੫੪॥ ਪੁਨ ਵੇਈਂ ਮਹਿਂ ਬਾਸੁਰ ਤੀਨਾਂ। ਰਹੇ ਖੋਜ ਨਹਿਂਕਾਹੂੰ ਚੀਨਾ।ਆਨਿ ਦੁਕਾਨਹਿ ਸਰਬ ਲੁਟਾਈ।ਲੂਟਤਿ ਤ੍ਰਿਪਤੇ,ਤੋਟ ਨ ਆਈ॥੫੫॥ਮਾਸੀ!ਔਰਭਈ ਇਹਬਾਤਾ।ਜੋਮਸੀਤ ਸਭਿਤੁਮਬਖਜਾਤਾ। ਸ਼ਕਤਿ ਨ ਐਸੀ ਕਿਹ ਨਰ ਮਾਂਹੀ।ਵਰਤੀਰਿਦੇ ਬਤਾਵਹਿ ਤਾਂਹੀ[15]॥੫੬॥ ਦੋਹਰਾ ॥ ਭਰਜਾਈ ਪਰ ਕ੍ਰੋਧ ਕੁਛ ਜੇ ਕਰਤੋ ਮਮ ਭ੍ਰਾਤ । ਹਾਥ ਬੰਦ ਕਰਿ ਬੇਨਤੀ ਬਖਸ਼ਾਵਤਿ ਸਭਿ ਭਾਂਤਿ ॥੫੭॥ ਚੌਪਈ ॥ ਰੋਸ ਰਤੀਕ ਨ ਹੇ ਮਨ ਮਾਂਹੀ। ਕੋ ਕੁਚਾਲ ਤਿਨਕੇ ਤਨ ਨਾਂਹੀ। ਆਵਤਿ ਜੋ ਉਰ ਮਹਿਂ ਸੋ ਕਰਿਈਂ। ਕਿਸੂ ਲੋਕ ਕੀ ਲਾਜ ਨ ਧਰਿਈਂ* ॥੫੮॥ਤਿਹ ਪਰ ਨਹਿਂ ਬਸ ਮਾਸੀ ! ਹਮਰਾ। ਸਭਿ ਗੁਨਐਨ ਜਮਾਤਾ ਤੁਮਰਾ। ਮਰਮ[16] ਜੁ ਤਿਸਕੋ ਜਾਇ ਨ ਜਾਨਾ। ਕਾਰਨ ਕੌਨ ਬੇਖ ਇਉਂ ਠਾਨਾ[17] ॥ ੫੯ ॥

---

[1]ਪਾਲਨਾ ਹੋਵੇਗੀ। [2]ਆਪਣੀ ਮਾਤਾ ਨੂੰ। [3]ਮਾਨੁਖ। [4]ਅਚਰਜ। [5]ਵੇਖਦਿਆਂ–ਸੁਣਦਿਆਂ। [6]ਸਹੁੰ ਹੈ ਮੈਨੂੰ। [7]ਬਨਾਵਟ, ਝੂਠ ਨਹੀਂ ਮੈਂ ਕਹਿੰਦੀ। [8]ਖਾਨਾਂ ਦਾ ਵੱਡਾ (ਨਵਾਬ)। [9]ਵੇਖਦੇ ਸਾਂ। [10]ਡਰ ਮੰਨਦੇ ਸਾਂ। [11]ਰਾਜੇ। [12]ਮੰਗਿਕੇ। [13]ਖਾਲੀ। [14]ਵਾਧਾ। [15](ਕਿਸੇ ਦੇ) ਦਿਲ ਵਰਤੀ ਗਲ ਦੱਸ ਦੇਵੇ। [16]ਭੇਦ। [17]ਕੀਤਾ ਹੈ। *ਪਾ:–ਕਾਨ ਨ ਕਰਹੀ।

ਰਹਿਨ ਦੇਉ ਇਹ ਠਾਂ ਭਰਜਾਈ[1]। ਕਰਿ ਮੁਝ ਪਰਉਪਕਾਰ ਭਲਾਈ। ਜੇ ਹਠ ਕਰਿ ਲੇ ਜਾਵਹੁ ਅਬਹੀ। ਓਦਰ ਜਾਇ ਰਿਦਾ ਮਮ ਤਬਹੀ' ॥੬੦॥ ਦੋਹਰਾ ॥ ਮੂਲਾ ਭਾਖੇ 'ਅਬ ਇਹਾ ਤਜਿ ਕਰਿ ਹਮ ਨਹਿਂ ਜਾਇਂ। ਲੇ ਜਾਵ-ਹਿਂਗੇ ਸੰਗ ਨਿਜ, ਰਹਨਿ ਨ ਹਯਾਂ[2] ਬਨਿ ਆਇ' ॥੬੧॥ ਚੌਪਈ ॥ ਬਹੁਰ ਨਾਨਕੀ ਬਚਨ ਉਚਾਰੇ। 'ਸੁਨਿ ਮਾਸੀ! ਨਹਿਂ ਜੋਰ ਹਮਾਰੇ। ਹਮਰੀ ਬਿਨਤੀ ਸੁਨਹੁ ਜਿ ਕਾਨਾ। ਛੋਰਿ ਜਾਹੁ ਤੁਮ ਇਹ ਇਸਥਾਨਾ ॥ ੬੨ ॥ ਸਭਿ ਕੀ ਸੁਧਿ ਲੇਵਹਿ ਕਰਤਾਰਾ। ਕਰਹਿਂ ਸੇਵ ਬਲ ਜਿਤੋ ਹਮਾਰਾ॥ਅਸਨ ਬਸਨ ਬਹੁ ਪ੍ਰਭੁ ਨੈ ਦੀਨਾ। ਰਲਿ ਮਿਲਿ ਖਾਵਹਿਂ ਭੇਦ ਬਿਹੀਨ॥ ੬੩॥ ਇਹ ਠਾਂ ਰਹਿਨ ਨ ਤੁਮ ਮਨ ਭਾਈ। ਤੌ ਤਲਵੰਡੀ ਦੇਹੁ ਪੁਜਾਈ। ਰਹਹਿ ਸਾਸੁ ਕੇ ਨਿਕਟਿ ਸੁਖਾਰੀ। ਕਰਹਿ ਸੁ ਪੌਤ੍ਰਨ[3] ਕੀ ਪ੍ਰਿਤਪਾਰੀ[4]' ॥ ੬੪ ॥ ਤਿਨ ਕੇ ਮਨ ਕੀ ਜਾਨਿ ਜਰਾਮੂ।-ਤਜਹਿਂ ਨ, ਲੇ ਜਾਵਹਿਂ ਨਿਜ ਧਾਮੂ-। ਅਨਿਕ ਜਤਨ ਕਰਿ ਰਹੇ ਨ ਮਾਨਹਿਂ। ਤਿਨ ਸੋਂ ਇਹ ਬਿਧਿ ਬਚਨ ਬਖਾ-ਨਹਿ ॥ ੬੫ ॥ ਦੋਹਰਾ ॥ 'ਸਿਰੀਚੰਦ ਕੋ ਛੋਰਿਯੇ ਲੇ ਜਾਵਹੁ ਤਿਹ ਮਾਤ'। ਬਹੁ ਝਗਰੇ ਸੋਂ ਮਨੇ ਇਵ, ਭੀ ਸਲਾਹਿ ਇਹ ਭਾਂਤਿ ॥ ੬੬ ॥ ਚੌਪਈ ॥ 'ਸਿਰੀ ਚੰਦ ਜੌ ਰਹੇ ਅਵਾਸੂ।ਤੱਦਪਿ ਉਰ ਮੁਝ ਬਹੁ ਧਿਰਵਾਸੂ। ਲੇਤਿ ਦੇਤਿ ਮਾਸੀ ਸੁਧ ਰਹਿਯੇ। ਆਵਤਿ ਜਾਤਿ ਸੰਦੇਸੇ ਕਹਿਯੇ॥੬੭॥ਬਿਸਰ ਨ ਜੱਯੈ ਉਰ ਹਿਤ ਧਰਿਯੇ। ਕਦੇ ਆਪ ਆਵਨ ਮਨ ਕਰਿਯੇ। ਹਮਰੇ ਅਵਗੁਨ ਮਨ ਨ ਵਿਚਰਿਯੇ। ਪਾਛਲ ਰੋਸ ਸਰਬ ਸੋ ਹਰਿਯੇ' ॥੬੮॥ ਭਯੋ ਤਯਾਰ ਚਲਨ ਕੋ ਜਬਹੀ। ਮਿਲੀ ਸੁਲਖਣੀ ਹਿਤ ਕਰਿ ਤਬਹੀ। ਲੋਚਨ ਨੀਰ ਬਿਮੋਚਤਿ ਦੋਊ। ਭਈ ਬਿਰਹਿ ਤੇ ਦੁਖੀਆ ਸੋਊ ॥ ੬੯ ॥ ਦੋਹਰਾ ॥ ਪ੍ਰੇਮ ਰਿਦੈ ਗਦਗਦ ਗਿਰਾ[5] ਧਰਜੋ ਚਰਨ ਪਰ ਸੀਸ। ਲਾਇ ਗਰੇ ਸੋਂ ਨਾਨਕੀ ਹਿਤ ਸੋਂ ਦੀਨਿ ਅਸੀਸ ॥ ੭੦ ॥ ਚੌਪਈ ॥ ਲਖਮੀਦਾਸ ਸੀਸ[6] ਕਰ ਫੇਰਾ। ਕਰਤਿ ਦੁਲਾਰ ਪ੍ਰੇਮ ਬਹੁ ਬੇਰਾ॥ਆਨਨ ਭਨਤਿ ਨ ਜਾਨਤਿ ਤਿਨ ਕੋ। ਹੇਰਿ[7] ਬਿਰਹ[8] ਹੋਵਤਿ ਦੁਖ ਮਨ ਕੋ ॥੭੧॥ ਸਿਰੀਚੰਦ ਕੋ ਲੈ ਨਿਜ ਅੰਕਾ[9]।ਸੂੰਘਤਿ[10] ਮਾਤਾ ਬਦਨ ਮਯੰਕਾ॥ਜਿਉਂ ਗੋ[11] ਬਤਸਹਿ[12] ਤਜਿ

---

[1]ਏਥੇ ਭਰਜਾਈ ਨੂੰ। [2]ਇਥੇ। [3]ਪੋਤ੍ਰਿਆਂ ਦੀ। [4](ਮੇਰੀ ਮਾਂ) ਕਰੇਗੀ ਪਾਲਨਾਂ। [5]ਹਟਕੋਰੇ ਤੋਂ ਮੁਰਾਦ ਹੈ। [6]ਦੇ ਸਿਰ ਤੇ। [7]ਵੇਖ ਕੇ। [8]ਵਿਛੋੜੇ ਦਾ। [9]ਗੋਦੀ। [10]ਚੁੰਮਦੀ ਹੈ। [11]ਗਾਂ। [12]ਵੱਛੇ ਨੂੰ।

ਨ ਸਕਾਹੀ । ਤਿਉਂ ਲਗਾਇ ਗਰ[੧] ਛੋਰੰਤਿ ਨਾਂਹੀ ॥ ੭੨ ॥ ਰੁਦਨ ਅੱਸ਼੍ਰੂ ਸੋਂ ਬਦਨ ਭਿਗੋਏ[੨] । ਦੁਹਿ ਦਿਸ਼ਿ ਮੋਹ ਬਿਖੈ ਮਨ ਭੋਏ[੩] । ਸ਼੍ਰੀ ਜੈਰਾਮੋ ਨਾਨਕੀ ਦੋਊ । ਲੋਚਨ ਤੇ ਜਲ ਮੋਚਤਿ[੪] ਸੋਊ ॥ ੭੩ ॥ ਰੁਦਨ ਕਰਤਿ ਸਭਿ ਦਾਸੀ ਦਾਸਾ । ਬਿਰਹ[੫] ਜਨਤਿ[੬] ਮਨਿ ਭਾ ਦੁਖ ਰਾਸਾ[੭] । ਮੂਲਚੰਦ ਪੁਨਿ ਚੰਦੋਰਾਨੀ । ਰੋਦਨ ਕਰਤਿ ਬਿਕੁਲ[੮] ਭੀ ਬਾਨੀ ॥ ੭੪ ॥ ਨਗਰ ਨਾਰਿ ਮਿਲਨੇ ਜੋ ਆਈ । ਸਭਿ ਲੋਚਨ ਜਲਧਾਰ ਬਹਾਈ । ਬਾਰ ਬਾਰ ਮਿਲ ਕਰਿ ਬਹੁ ਭਾਂਤੀ । ਬਹੁਰ ਬਹੁਰ ਭਰਿ ਆਵਤਿ ਛਾਤੀ॥੭੫॥ 'ਦਿਨ ਬਹੁ ਚਢਜੋ, ਪੰਥ[੯] ਵਡ ਜਾਨਾ । ਚਲਹੁ' ਸੁ ਮੂਲੇ ਬਚਨ ਬਖਾਨਾ। ਲਖਮੀ ਦਾਸ ਲੇਯ ਕਰਿ ਮਾਤਾ । ਗਮਨੀ ਤਬਹਿ ਸੰਗਿ ਨਿਜ ਤਾਤਾ[੧੦] ॥ ੭੬ ॥ ਸਿਰੀਚੰਦ ਜੋ ਪੁਰਿ ਸੁਲਤਾਨਾ। ਰਹੇ ਨਾਨਕੀ ਢਿਗ ਸੁਖਦਾਨਾ। ਲੇਕਰਿ ਮੂਲਾ ਤਨਿਯਾ ਸੰਗਾ । ਗਯੋ ਨਗਰ ਨਿਜ, ਜਿਹ ਮਨ ਭੰਗਾ॥੭੭॥ ਤਬ ਤੇ ਰਹੀ ਸੁਲਖਣੀ ਤਹਿੰਵਾ[੧੧] । ਜਨਨਿ ਜਨਕ ਕੇ ਸਦਨਹਿ[੧੨] ਜਹਿਵਾ। ਕਰਤਿ ਦੋਹਿਤੇ ਕੀ ਪ੍ਰਤਿਪਾਲਾ।ਲਾਲਤਿ[੧੩] ਮੂਲਾ ਅਨੰਦ ਬਿਸਾਲਾ ॥ ੭੮॥
ਦੋਹਰਾ॥ ਪਿਖਿ ਕੁਚਾਲਿ ਕਲਿ ਕਾਲ ਕੋ ਧਰ[੧੪] ਪਰ[੧੫] ਵਪੁ[੧੬]ਧਰਿ ਜਾਂਹਿ[੧੭]।
ਪੂਰਨ ਹੋਯੋ ਧ੍ਯਾਇ ਅਬ ਨਮਸਕਾਰ ਮਮ ਤਾਂਹਿ॥ ੭੯ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੁਰਬਾਰਧੇ 'ਮੂਲੇ ਕੋ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅਧ੍ਯਾਯ ॥ ੩੩॥

## ੩੪. [ਗੁਰੂ ਪਗ ਮੰਗਲ। ਮਰਦਾਨਾ ਆਯਾ]

ਦੋਹਰਾ ॥ ਸ੍ਰੀ ਗੁਰੁ ਪਗ ਹੈ ਕੀਲਿਕਾ ਮਨ ਦਾਨੋ ਢਿਗ ਕੀਨ ।
ਮੋਹਾਦਿਕ ਪਟ ਭਿਟਤਿ ਨਹਿੰ ਰਾਖਹਿੰਗੇ ਲਖਿ ਦੀਨ ॥ ੧ ॥

ਪਗ=ਚਰਣ ।
ਕੀਲਿਕਾ=ਚੱਕੀ ਦੀ ਕਿੱਲੀ । (ਅ) ਕੀਲ ਲੈਣ ਵਾਲਾ ਮੰਤ੍ਰ ।
ਦਾਨੋ=ਦਾਣਾ । (ਅ) ਦਾਨਵ ।
ਪਟ=ਪੁੜ । ਭਿਟਤ=ਭਿੜਦੇ, ਪਰਸਪਰ ਰਗੜ ਨਹੀਂ ਖਾਂਦੇ ।
ਲਖਿ=ਲਖਕੇ, ਦੇਖਕੇ, ਜਾਣਕੇ । ਦੀਨ=ਗ਼ੀਬ, ਲਾਚਾਰ ।

**ਅਰਥ**–ਸ੍ਰੀ ਗੁਰੂ (ਜੀ ਦੇ) ਚਰਣ ਚੱਕੀ ਦੀ ਕਿੱਲੀ (ਸਮਾਨ ਹਨ, ਮੇਰਾ) ਮਨ (ਦੋ ਪੁੜਾਂ

---

[੧]ਗਲੇ । [੨]ਹੰਝੂਆਂ ਨਾਲ ਮੁਖ ਭਿੱਜ ਗਏ । [੩]ਖਚਤ ਹੋਏ । [੪]ਹੰਝੂ ਡੇਗਦੇ ਹਨ । [੫]ਵਿਛੋੜੇ ਤੋਂ । [੬]ਪੈਦਾ ਹੋਇਆ (ਦੁਖ) । [੭]ਬਹੁਤ । [੮]ਵਿਆਕੁਲ । [੯]ਪੈਂਡਾ । [੧੦]ਪਿਤਾ ਦੇ । [੧੧]ਓਥੇ । [੧੨]ਮਾਤਾ ਪਿਤਾ ਦੇ ਘਰ । [੧੩]ਲਡਾਉਂਦਾ ਹੈ । [੧੪]ਧਰਤੀ । [੧੫]ਤੇ । [੧੬]ਸ਼ਰੀਰ । [੧੭]ਧਰਿਆ ਹੈ ਜਿਸ ਨੇ ।

ਦੇ ਵਿਚ ਆਇਆ ਦਾਣਾ ਹੈ, ਜੋ ਮੈਂ ਇਸ ਕਿੱਲੀ ਦੇ) ਨੇੜੇ ਕਰ ਦਿੱਤਾ ਹੈ, ਮੋਹ ਆਦਿਕ ਪੁੜ (ਇਸ ਕਿੱਲੀ ਦੇ ਕੋਲ) ਭਿੜਦੇ ਨਹੀਂ (ਇਸ ਕਰਕੇ ਮੇਰੇ ਮਨ ਨੂੰ) ਗ੍ਰੀਬ ਜਾਣਕੇ ਬਚਾ ਲੈਣਗੇ।

ਭਾਵ—ਆਪਾ ਆਪੇ ਵਿਚ ਸੁਖੀ ਹੈ, ਲੋਭ ਮੋਹ ਆਦਿਕ ਬ੍ਰਿਤੀਆਂ ਇਸਨੂੰ ਦ੍ਰਿਸ਼ਟਮਾਨ ਵਿਚ ਫਸਾਉਂਦੀਆਂ ਹਨ, ਮਨ ਇਕ ਦਾਣੇ ਵਾਂਙੂ ਹੈ ਜੋ ਇਨ੍ਹਾਂ ਬ੍ਰਿਤੀਆਂ ਦੀ ਦ੍ਵੰਦ ਰਗੜ ਵਿਚ ਆਇਆ ਹੋਇਆ ਹੈ, ਇਸ ਕਰਕੇ ਸ਼੍ਰੀ ਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਨਾ ਮਾਨੋਂ ਕਿੱਲੀ ਦੇ ਨੇੜੇ ਆ ਜਾਣਾ ਹੈ। ਕਿੱਲੀ ਦੇ ਨਾਲ ਲੱਗੇ ਦਾਣੇ ਪਿਸਦੇ ਨਹੀਂ। ਇਹ ਖਿਆਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੰਵ ਹੈ:—ਦੁਇ ਪੁੜ ਚਕੀ ਜੋੜਿ ਕੇ ਪੀਸਣ ਆਇ ਬਹਿਠੁ ॥ ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥

ਸ਼੍ਰੀ ਬਾਲਾ ਸੰਧੁਰੁ ਵਾਚ ॥ਚੌਪਈ॥ ਬਾਲਾ ਕਹੈ ਸੁਨੋ ਸ਼੍ਰੀ ਅੰਗਦ। ਸ਼੍ਰੀ ਗੁਰ ਕਥਾ ਦੇਯ ਸੁਖ ਸੰਪਦ। ਨਿਸ ਬਾਸੁਰ ਰਾਜਹਿਂ[੧] ਉਦਿਆਨਾ।ਜਿਸ ਦਰਸ਼ਨ ਦੁਖ ਦਾਰਿਦ ਹਾਨਾ[੨]॥੨॥ਭਗਤ ਜਗਤ ਮਹਿਂ ਮਗ ਪ੍ਰਗਟਾਵਨ।ਕੁਮਤਿ ਕੁਪੰਥ ਕੂਦੰਭ[੩] ਮਿਟਾਵਨ।ਕੀਰਤਿ ਨਾਮ ਪ੍ਰਤਾਪ ਵਧਾਵਨ। ਸ਼ੁਭ ਮਾਰਗ ਮਾਨਵ ਕੋ ਪਾਵਨ ॥੩॥ ਇਹ ਬਿਧਿ ਕੀ ਇਛਾ ਉਰ ਧਾਰੀ। ਜਪਹਿਂ ਨਾਮ ਜਿਹ ਸੰਤ ਮੁਰਾਰੀ[੪]। ਮਾਨਨ[੫] ਮਨ ਕੋ ਹਾਨਨ ਮਾਨਾ[੬]। ਦੀਨਨ ਕੋ ਤਾਰਨ ਭਗਵਾਨਾ ॥੪॥ ਦੋਹਰਾ ॥ ਜਿਸ ਕੀ ਕਰੁਨਾ ਤੇ ਮੁਚਹਿਂ[੭]* ਕਲਿਕੇ[੮] ਕਲੁਖ[੯] ਕਲੇਸ਼।ਕਛੁਕ ਕਾਲ ਬੀਤਤਿ ਭਯੋ ਧਰੇ ਦੇਹ[੧੦] ਅਸ ਬੇਸ[੧੧]॥੫॥ ਚੌਪਈ ॥ ਸਭਿਹਿ ਬਿਲੋਕੀ[੧੨] ਬਿਧਿ ਨਰ ਕਾਹੀ[੧੩]। ਭਨੀ ਖਬਰ ਤਲਵੰਡੀ ਤਾਹੀ।ਸੁਨਿ ਪਰਵਾਰਹਿਂ ਪਰਯੋ ਖਭਾਰੂ[੧੪]। ਜਨੁ ਬਨ ਬਨਜਹਿ[੧੫] ਹਨਯੋ[੧੬] ਨਿਹਾਰੂ[੧੭] ॥੬॥ ਕਾਲੂ ਬੋਲ ਲਯੋ ਮਰਦਾਨਾ। ਅਧਿਕ ਸ਼ੋਕ ਸੋਂ ਬਚਨ ਬਖਾਨਾ॥ 'ਜਾਹੁ ਅਬਹਿ ਤੂੰ ਪੁਰਿ ਸੁਲਤਾਨਾ। ਬਿਨ ਬਿਲੰਬ ਨਿਜ[੧੮] ਕਰੋ ਪਯਾਨਾ॥੭॥ ਕਾਹੂ ਢਿਗ ਤੇ ਸੁਨੀ ਕੁਚਾਲੀ। ਨਾਨਕ ਕੀਨੋ ਭੇਖ ਕੁਢਾਲੀ। ਤਜਿ ਦੀਨੋ ਸਭਿ ਮੋਦੀ ਖਾਨਾ।ਭਯੋ ਫਕੀਰ ਛੋਰਿ ਕੁਲ-

---

[੧]ਵਿਰਾਜ ਰਹੇ ਹਨ।[੨]ਨਾਸ਼ ਹੁੰਦੇ ਹਨ। [੩]ਕਹੂਰ ਦੰਭ। [੪]ਪਰਮੇਸ਼ੁਰ। [੫]ਮਾਨੀਆਂ ਦੇ। [੬]ਮਾਨ ਨੂੰ ਨਾਸ਼। [੭]ਛੁਟ ਜਾਣ। [੮]ਕਲਜੁਗ ਦੇ। [੯]ਪਾਪ। [੧੦]ਧਾਰਿਆ ਹੋਇਆ ਦੇਹ ਪਰ। [੧੧]ਐਸਾ ਭੇਸ। [੧੨]ਦੇਖੀ। [੧੩]ਕਿਸੇ ਆਦਮੀ ਨੇ। [੧੪]ਘਬਰਾਹਟ। [੧੫]ਬਗੀਚੀ ਕਵਲਾਂ ਦੀ ਨੂੰ। [੧੬]ਨਾਸ਼ ਕੀਤਾ। [੧੭]ਬਰਫ ਨੇ, ਕੱਕਰ ਨੇ। [੧੮]ਤੂੰ ਆਪ।

*ਪਾ:—ਮਿਟਹਿਂ।

ਕਾਨਾ[੧] ॥ ੮ ॥ ਦੋਹਰਾ ॥ ਮਰਦਾਨੇ ਤਤਕਾਲ ਸੁਨਿ ਕੀਨ ਪਯਾਨੋ ਮਾਨ[੨]।
ਨਾਨਕ ਜਨਨੀ ਜਨਕ ਮਨ[੩] ਗੁਨਹਿਂ[੪] ਅਨਿਕ ਅਨੁਮਾਨ[੫] ॥੯॥ਚੌਪਈ॥
–ਤੋਟਾ ਭਯੋ ਦਰਬ ਕੋ ਤਾਸੂ। ਕਿਧੋਂ ਰਿਦਾ ਤਿਹ ਕੀਨ ਉਦਾਸੂ। ਅਤਿ
ਉਦਾਰ, ਬਹੁ ਦਰਬ ਲੁਟਾਯੋ। ਹਮ ਜਾਨਤਿ ਕਛੁ ਤੋਟਾ ਆਯੋ ॥ ੧੦ ॥
ਬਹੁਤ ਬਾਰ ਮੈਂ ਸਿਖਵਨ ਦੀਨੀ। ਧਨ ਨਹਿਂ ਖੋਇ ਏਕ ਨਹਿਂ ਚੀਨੀ[੬]।
ਰਹਤਿ ਡਰਤਿ ਜਿਹ ਤੇ ਦਿਨ ਰਾਤੀ। ਬਨੀ ਬਾਤ ਸੋਊ ਦੁਖ ਦਾਤੀ–॥
੧੧ ॥ ਝੂਰ ਬਿਸੂਰਹਿ ਉਰ, ਸਿਰ ਧੁਨਈ[੭]।ਅਨਿਕ ਕਲਪਨਾ ਮਨ ਮਹਿਂ
ਗੁਨਈ। ਸੋ ਬਾਸੁਰ ਬਿਨ ਅਸਨ ਬਿਤਾਯੋ। ਨਰ ਕਹਿ ਰਹੇ ਨ ਆਨਨ
ਪਾਯੋ[੮]॥੧੨॥ਦੋਹਰਾ॥ਸੁਨਿਕਰਿ ਰਾਇ ਬੁਲਾਰ ਯੌਂ ਪਰਬੋਧਯੋ[੯]ਬਹੁ ਭਾਂਤਿ[੧੦]।
'ਨਾਨਕ ਦਿਸ਼ ਤੇ ਆਪ ਤੂੰ ਕਛੁ ਨ ਚਿੰਤ ਕਰਿ ਗਾਤ[੧੧]*॥੧੩॥ ਚੌਪਈ॥
ਨਾਨਕ ਕਾਰਨ ਕਰਨ ਸੁਤੰਤਰ। ਮਨ ਜਾਨਹੁ ਕਿਹ ਕੋ ਨ ਪ੍ਰਤੰਤਰ[੧੨] ।
ਜੋ ਕਿਛੁ ਕਾਰਜ ਕਰਹਿ ਭਲਾ ਸੋ। ਸੁਖ ਸਾਗਰ ਧਰਿ ਦੇਹਿ ਕਲਾ ਸੋ[੧੩]'॥
੧੪॥ਇਹਬਿਧ ਧੀਰਜ ਦੇ ਕਰਿ ਰਾਊ।ਚੇਤਹਿ ਸ਼੍ਰੀ ਗੁਰ ਰਿਦੈ ਸੁਭਾਊ।ਉਰ
ਦਰਸ਼ਨ ਕੀ ਚਾਹ ਨ ਥੋਰੀ।ਚਾਤ੍ਰਿਕ ਸ੍ਵਾਂਤੀ[੧੪],ਚੰਦ ਚਕੋਰੀ॥੧੫॥ਸਭਿਨਿ
ਬੇਦੀਅਨ ਅਚਰਜ ਮਾਨਾ।–ਕੋ ਕਾਰਨ ਭਾ ਜਾਇ ਨ ਜਾਨਾ। ਸੰਪਤਿ
ਸਰਬ ਪ੍ਰਕਾਰ ਬਿਸਾਲਾ।ਹੁਤੋ ਸੂਤ ਅਧਿਕਾਇ ਨ੍ਰਿਪਾਲਾ[੧੫]!–॥੧੬॥ ਤਲ-
ਵੰਡੀ ਬਿਰਤਾਂਤਹਿ ਐਸੇ। ਸੁਨਹੁ ਗਯੋ ਮਰਦਾਨਾ ਜੈਸੇ। ਪ੍ਰਾਕ[੧੬]ਨਾਨਕੀ
ਕੇਰ ਨਿਕੇਤੂ। ਪ੍ਰਵਿਸ਼ਯੋ[੧੭] ਕੁਸ਼ਲ ਲੇਨ ਕੇ ਹੇਤੂ॥੧੭॥ਜਾਇ ਦੁਆਇ[੧੮]
ਕਹੀ ਬਿਧਿ ਨੀਕੀ। ਬੈਸਯੋ ਬਹੁਰ ਪ੍ਰਭਾ[੧੯] ਜਿਹ ਫੀਕੀ। ਸਰਬ ਪ੍ਰਕਾਰ
ਕੀਨ ਸਤਿਕਾਰਾ। ਬਦਨ ਨਾਨਕੀ ਬਚਨ ਉਚਾਰਾ॥੧੮॥ 'ਦੇਹੁ ਕੁਸ਼ਲ
ਤਲਵੰਡੀ ਨਗਰੀ। ਬਹੁਰ ਜਨਕ ਜਨਨੀ ਕੀ ਸਗਰੀ।ਸਰਬ ਕੁਸ਼ਲ ਸੋਂ
ਰਾਇ ਸਰੀਰਾ? ਨਿਜ ਆਵਨ ਹਿਤ[੨੦], ਕਹੁ ਮਤਿ ਧੀਰਾ[੨੧]!'॥੧੯॥ਸੁਨਿ

---

[੧]ਕੁਲ ਦੀ ਲਾਜ। [੨]ਮੰਨਿਕੇ। [੩]ਮਨ ਵਿਚ। [੪]ਵਿਚਾਰਦੇ ਹਨ। [੫]ਕਈ ਸੋਚਾਂ,ਅਨੇਕ ਟੋਹਾਂ। [੬]ਨਹੀਂ ਸਮਝੀ(ਗੁਰੂ ਜੀ ਨੇ)। [੭]ਸਿਰ ਧੁਨੇ। [੮]ਮੂੰਹ ਵਿਚ ਨਾ ਪਾਯਾ (ਅੰਨ)। [੯]ਸਮਝਾਇਆ। [੧੦]ਕਈ ਤਰ੍ਹਾਂ। [੧੧]ਸਰੀਰ ਵਿਚ,ਭਾਵ ਦਿਲ ਵਿਚ (ਅ) ਗੁੱਸਾ। ਨਾ ਚਿੰਤਾ ਕਰ ਨਾ ਗੁਸਾ। [੧੨]ਕਿਸੇ ਦੇ ਪਰਾਧੀਨ ਨਾਂ ਜਾਣ। [੧੩]ਉਹ ਤਾਂ ਸੁਖ ਸਾਗਰ ਨੇ ਕਲਾ ਸਮੇਤ ਦੇਹਧਾਰੀ ਹੈ। [੧੪]ਪਪੀਹੇ ਦੀ ਸ੍ਵਾਂਤੀ ਬੂੰਦ ਵਲ। [੧੫]ਬਣੀ ਹੋਈ ਸੀ ਬੜੀ ਨ੍ਰਿਪ ਨਾਲ। [੧੬]ਪਹਿਲਾਂ। [੧੭]ਵੜਿਆ। [੧੮]ਅਸੀਸ। [੧੯]ਰੌਣਕ (ਚਿਹਰੇ ਦੀ)। [੨੦]ਕਾਰਨ। [੨੧]ਹੇ ਬੁਧੀ ਥਿਰ ਵਾਲੇ! *ਪਾ:–ਆਪ।

ਮਰਦਾਨੇ ਬਚਨ ਬਖਾਨਾ। 'ਸਰਬ ਪ੍ਰਕਾਰ ਕੁਸ਼ਲ ਤਿਹ ਥਾਨਾ। ਮਮ ਆਵਨ ਕੋ ਲਖਹੁ ਨਿਦਾਨਾ[1]। ਤੋਰ ਜਨਕ ਸੁਨਿਓ ਇਵ ਕਾਨਾ ॥੨੦॥ –ਸ਼੍ਰੀ ਨਾਨਕ ਤਜਿ ਮੋਦੀਖਾਨਾ। ਬੇਖ ਫਕੀਰ ਸਰੀਰਹਿ ਠਾਨਾ–। ਮੁਝ ਬੁਲਾਇ ਸੁਧਿ ਲੇਵਨ ਹੇਤੂ। ਪਠ੍ਯੋ ਦ੍ਰੂਤ[2]*ਬੇਦੀ ਕੁਲ ਕੇਤੂ ॥੨੧॥ ਕਮਲ-ਬਦਨ[3] ਹੈਂ ਅਬ ਕਿਹ ਜਾਈ[4]?। ਬੂਝ ਲੇਉਂ ਸੁਧਿ ਤਬ ਤਿਨ ਤਾਂਈ[5]। ਨਾਤੁਰ ਜਿਹ ਬਿਧਿ ਕੀ ਸੁਧਿ ਹੋਇ। ਮੁਝਹਿ ਬਤਾਵਹੁ ਤੁਮ ਕਹਿ ਸੋਇ ॥ ੨੨॥ਸੁਨਿ ਕਰਿ ਸੋ ਤੁਮਰੇ ਪਿਤ ਮਾਤਾ[6]। ਜਾਇ ਬਤਾਵੋਂ ਜਿਉਂ ਕੁਸ਼ਲਾ-ਤਾ[7]। ਅਪਰ ਨ ਜਾਨਹੁ ਆਵਨ ਹੇਤੂ। ਕਾਰਜ ਸੁਧ[8] ਬੇਦੀ ਕੁਲਕੇਤੂ' ॥ ੨੩ ॥ ਦੋਹਰਾ ॥ ਸੁਨਿ ਬੋਲੀ ਪੁਨਿ ਨਾਨਕੀ 'ਜਿਉਂ ਅਵਿਲੋਕਤਿ ਨੈਨ। ਸੋ ਸੁਧਿ ਜਾਨ੍ਹਹੁ ਇਹਾਂ ਕੀ ਕਹਿਨ ਬਨੈ ਕਿਉਂ ਬੈਨ ॥ ੨੪ ॥ ਚੌਪਈ ॥ ਅਧਿਕ ਜਿ ਸੁਧ ਲੇਵਨ ਕੀ ਚਾਹੂ। ਮਿਲਿਯੇ ਜਾਇ ਸਹੋਦਰ ਪਾਹੂ। ਬੂਝਹੁ ਕੁਸ਼ਲ ਤਹਾਂ ਤੁਮ ਜਾਈ। ਭਲੀ ਭਾਂਤਿ ਸੋ ਦੇਇਂ ਸੁਨਾਈ॥੨੫॥ ਤਿਨ ਤੇ ਸੁਨਿ ਤਲਵੰਡੀ ਜੱਯੈ। ਪੁਨਿ ਪਿਤ ਮਾਤਹਿਂ ਕੁਸ਼ਲ ਸੁਨੱਯੈ।ਨਗਰ ਵਹਿਰ ਜਹਿਂ ਵਡ ਉਦਿਆਨਾ। ਤਹਿਂ ਬੈਠੇ ਹੈਂ ਦਯਾ ਨਿਧਾਨਾ' ॥੨੬॥ ਚਲਨ ਲਗ੍ਯੋ ਜਬ ਹੀ ਮਰਦਾਨਾ। ਬਹੁਰ ਨਾਨਕੀ ਬਚਨ ਬਖਾਨਾ। 'ਅਸਨ[9] ਅਚਹੁ[10] ਅਬ ਅਹੈ ਤਯਾਰੂ'।ਲੇ ਤਬ ਕੀਨੋ ਖਾਨਿ ਅਹਾਰੂ ॥੨੭॥ ਤ੍ਰਿਪਤਿ ਹੋਇ ਪੁਨਿ ਪਾਇ ਰਜਾਈ[11]। ਨਿਕਸ੍ਯੋ ਘਰ ਤੇ ਸ਼ੋਕ ਬਧਾਈ।ਜਿਹ ਦਿਸ਼ ਸ਼੍ਰੀ ਗੁਰੁ ਬੈਸੇ ਸੁਨੇ। ਕਿਯੋ ਗਵਨ[12] ਤਿਹ ਦਿਸ਼ ਮਨ ਗੁਨੇ ॥੨੮॥ ਦੋਹਰਾ॥ –ਨਿਸ਼ਚੈ ਭਏ ਫਕੀਰ ਸੋ ਬੈਸੇ ਜੋ ਉਦਿਆਨ। ਦਰਬ ਬਹੁਤ ਕੀ ਕ੍ਰਿੱਤ ਸੀ, ਤਜੀ,ਨ ਕਰੀ ਸਯਾਨ[13]–॥੨੯॥ ਚੌਪਈ॥ ਲੋਚਨ ਸੋਂਬਿਲੋਕ ਪਤਿਲੋਕੂ[14]। ਭਯੋ ਬਿਸ਼ੇਖ ਰਿਦ ਮਹਿਂ ਸ਼ੋਕੂ।–ਜਿਹ ਤਨ ਮਹਿਂ ਕੰਚਨ ਲੰਕਾਰਾ[15]। ਮੋਤੀ ਰਤਨਨਿ ਸ਼ੁਭਤਿ ਅਪਾਰਾ ॥੩੦॥ ਚਾਰੁ ਪਟੰਬਰ ਪੁਨ ਪਸ਼ਮੰਬਰ[16]। ਪਹਿਰੇ ਸ਼ੁਭਤਿ ਬਿਸਾਲਹਿ ਸੁੰਦਰ। ਸੋ ਭਗਵੇ ਧਰਿ ਚੀਰ ਸਰੀਰਾ–। ਬੈਸੇ

---

[1]ਸਬੱਬ। [2]ਛੇਤੀ। [3]ਭਾਵ ਗੁਰੂ ਜੀ। [4]ਕਿਸ ਥਾਵੇਂ। [5]ਤਦੋਂ ਉਨ੍ਹਾਂ ਕੋਲੋਂ। [6]ਮਾਤਾ ਪਿਤਾ ਨੂੰ। [7]ਸੁਖ। [8]ਖਬਰ ਲੈਣੀ। [9]ਭੋਜਨ। [10]ਛਕ ਲਓ। [11]ਆਗਜ਼ਾ ਲੈਕੇ। [12]ਗਿਆ। [13]ਦਾਨਾਈ। [14]ਭਾਵ, ਗੁਰੂ ਜੀ ਨੂੰ। [15]ਸੋਨੇ ਦੇ ਗਹਿਣੇ। [16]ਰੇਸ਼ਮ ਤੇ ਪਸ਼ਮੀਨੇ ਦੇ ਕਪੜੇ।

*ਪਾ:–ਤੁਰਤ।

ਇਵ ਗੁਨਿ[1] ਹੋਤਿ ਅਧੀਰਾ[2] ॥ ੩੧ ॥–ਜਿਨ ਕੇ ਭੀਰ ਭੂਰ ਚੌਫੇਰੇ। ਉਸ-ਤਤਿ ਕਰਤਿ ਰਹਤਿ ਨਰਘੇਰੇ।ਸੋ ਏਕਲ ਉਦਿਆਨ ਮਝਾਰਾ। ਬੈਸੇ–ਇਵ ਕਹਿ ਦ੍ਰਿਗ[3] ਜਲ ਡਾਰਾ[4] ॥ ੩੨ ॥ ਨਿਕਟਿ ਜਾਇ ਹ੍ਵੈ ਠਾਂਢ ਸੁਜਾਨਾ[5]। ਕਰਿ ਦੁਆਇ ਕੱਲਜਾਨ ਬਖਾਨਾ।ਨਿਕਟਿ ਬੈਠਿ ਪੁਨਿ ਬਚਨ ਉਚਾਰਾ। ‘ਕੈਸੇ ਬੇਖ ਸਰੀਰ ਸੁਧਾਰਾ[6]?॥੩੩॥ ਮੋਦੀ ਕ੍ਰਿੱਤਿ ਹੁਤੀ ਧਨ ਦਾਨੀ।ਕਿਉਂ ਤਜਿ ਬੈਠੇ?ਭੋ ਗੁਨ ਖਾਨੀ!। ਖਾਵਤਿ ਖਰਚਤਿ ਅਤੁਟ ਭੰਡਾਰਾ। ਅਸਨ ਬਸਨ ਨਹਿੰ ਕਮੀ ਅਗਾਰਾ॥੩੪॥ਭਲੀ ਗੁਜ਼ਰ ਥੀ ਤੁਮਰੀ ਤਿਹ ਤੇ। ਸਰਬ ਦਰਬ ਘਰ ਭਰਪੁਰ ਜਿਹ ਤੇ। ਕੈ ਤੋਟਾ ਆਯੋ ਤਿਹ ਮਾਂਹੀ? ਕਿਧੌਂ ਨਰੇਸ਼ ਦਈ ਪੁਨਿ ਨਾਂਹੀ? ॥੩੫॥ ਕਿਹ ਕਾਰਨ ਤੇ ਸੋ ਕ੍ਰਿਤਿ ਛੋਰੀ? ਕਿਉਂ ਅਸ ਬੇਸਹਿ ਕੀਨਿ ਬਹੋਰੀ?’ ਸ਼੍ਰੀ ਨਾਨਕ ਸੁਨਿ ਬੋਲੇ ਬਾਨੀ। ਜੋ ਵਿਰਾਗ ਕੇ ਰਸ ਮਹਿੰ ਸਾਨੀ[7] ॥੩੬॥ ‘ਮਰਦਾਨੇ ਤੂੰ ਪੂਰਬ ਵਾਰੀ[8]। ਮਮ ਢਿਗ ਜਾਚਾ ਆਨਿ ਉਚਾਰੀ। ਤੰਤ[9] ਬਾਦਿਤ ਕੋ ਤਬ ਗੁਨ[10] ਦੀਨੋ। ਹਰਖਵਾਨ ਮਨ ਹੁਇ ਤੈਂ ਲੀਨੋ ॥ ੩੭ ॥ ਇਸੀ ਸਮੇਂ ਕੋ ਬੂਝਹੁ[11] ਹੇਤੂ[12]। ਅਵਰ ਨ ਕਾਰਜ ਸੁਮਤਿ ਨਿਕੇਤੂ[13]!। ਨਿਸ ਬਾਸੁਰ ਮਮ ਸੰਗ ਰਹੀਜੈ।ਆਨਿ ਜਾਨਿ ਕੋ ਨਾਮ ਨ ਲੀਜੈ ॥ ੩੮ ॥ ਜਨਮ ਸੁਧਾਰ ਲੇਹੁ ਤੁਮ* ਅਪਨਾ। ਜਗਤ ਅਸੱਤਿ ਲਖਹੁ ਜਿਵ ਸੁਪਨਾ। ਸੋਵਹਿ ਮੱਧਿ ਗੁੜਾਕਾ[14] ਜੌ ਲੌ। ਸੁਪਨਾ ਸੱਤਿ ਭਾਸਿ ਹੈ ਤੌ ਲੌ ॥੩੯॥ ਦੋਹਰਾ ॥ ਜਬ ਜਾਗਹਿ ਤਬ ਸੂਝ ਹੀ ਸੁਪਨ ਪਦਾ-ਰਥ ਕੂਰ।ਜਗਤ ਪਦਾਰਥ ਤਸ ਲਖੋ ਗਜਾਨ ਭਏ ਤੇ ਦੂਰ’॥੪੦॥ ਚੌਪਈ॥ ਸ਼੍ਰੀਨਾਨਕ ਬਚਸੁਨੇ ਸੁਭਾਗੂ।ਭਯੋ ਸਹਿਜ[15] ਹੀ ਰਿਦੇਵਿਰਾਗੂ। ਜਾਂਹਿਨਾਮ[16] ਅਗਜਾਨ ਮਿਟਾਵਹਿ[17]। ਤਿਹ ਉਪਦੇਸ਼ ਬੋਧ[18] ਕਿਉਂ ਨ ਆਵਹਿ॥੪੧॥ ਬਿਗਸ ਬਦਨ ਤੇ ਬਚਨ ਪ੍ਰਕਾਸ਼ਾ। ‘ਇੱਛਾ ਗਵਨ ਕਰਨ ਕਿਹ ਆਸਾ[19]?। ਤੁਮ ਕਾਰਜ ਜੋ ਮਮ ਆਧੀਨਾ। ਕਰੋਂ ਕਿਉਂ ਨ ਮੈਂ ਹੁਇ ਛਲਹੀਨਾ ॥ ੪੨॥ ਤੁਮਰੇ ਦਰਸ ਕਰਖ[20] ਮਨ ਲੀਆ।ਏਕ ਆਸ ਨਾਸੀ ਅਬ ਬੀਆ[21]।

---

[1]ਸੋਚਕੇ। [2]ਘਬਰਾਉਂਦਾ ਹੈ। [3]ਨੇਤ੍ਰਾਂ ਤੋਂ। [4]ਜਲ ਡਿਗ ਪਿਆ। [5]ਭਾਵ ਗੁਰੂ ਜੀ ਦੇ ਨੇੜੇ ਜਾਕੇ ਖੜੋ ਗਿਆ। [6]ਧਾਰਿਆ ਹੈ। [7]ਮਿਲੀ ਹੋਈ। [8]ਪਿਛਲੀ ਵੇਰ। [9]ਤੰਦੀ ਦੇ। [10]ਵਾਜੇ ਦੇ ਵਜਾਵਣ ਦਾ ਗੁਣ। [11]ਸਮਝੋ। [12]ਕਾਰਨ। [13]ਹੇ ਬੁਧੀ ਮਾਨ। [14]ਨੀਂਦ ਵਿਚ। [15]ਸੁਤੇ। [16]ਜਿਸ ਦੇ ਨਾਮ ਲੈਣ ਨਾਲ। [17]ਮਿਟਦਾ ਹੈ ਅਗਜਾਨ। [18]ਗਿਆਨ। [19]ਕਿਸ ਪਾਸੇ। [20]ਖਿੱਚ। [21]ਹੁਣ ਇੱਕੋ ਆਸ ਹੈ ਹੋਰ ਨਾਸ਼ ਹੋ ਗਈਆਂ ਹਨ। *ਪਾ:–ਪੁਨ।

ਜਗਤਿ ਬਿਕਾਰਨ ਤੇ ਭੀ ਸ਼ਾਂਤੀ। ਉਰ ਅਨੰਦ ਉਪਜਾ ਬਹੁ ਭਾਂਤੀ ॥੪੩॥
ਦੋਹਰਾ॥ 'ਕਿਤ ਦਿਸ਼[੧] ਕਰੋ ਪਯਾਨ ਅਬ ਸੰਗ ਲੇਯ ਕਰਿ ਮੋਹ?'। ਸੁਨਿ ਮਰ-
ਦਾਨੇ ਕੇ ਬਚਨ ਬੋਲੇ ਅਨਦ ਸੰਦੋਹਿ[੨] ॥੪੪॥ ਚੌਪਈ ॥ 'ਨਹੀਂ ਪ੍ਰਥਮ[੩]*
ਇਹ ਕੋਇ ਵਿਚਾਰਾ। ਜਹਿਂ ਲੇ ਜਾਵਹਿ ਸ਼੍ਰੀ ਕਰਤਾਰਾ। ਤਿਤ ਦਿਸ਼ ਚਲਹੁ
ਸੰਗ ਹਰਿਖਾਏ। ਮੋਹੁ ਲੋਭ ਕਹੁ ਰਿਦੇ ਬਿਹਾਏ[੪]' ॥੪੫॥ 'ਸੁਨਿ ਪ੍ਰਭੁ ਏਕ
ਕਠਨ ਬਿਧਿ ਮੋਹੂ। ਦੁਹ ਦਿਸ਼ ਤੇ ਮੁਸ਼ਕਲ ਸੀ ਜੋਹੂ[੫]। ਤੁਮਰੀ ਸੁਧਿ ਸੁਨਿ
ਪਿਤ ਮਹਿਤਾਰੀ[੬]। ਸਦਨਹਿ ਤੇ ਮੁਝ ਲੀਨ ਹਕਾਰੀ ॥੪੬॥ ਕੁਸ਼ਲ ਲੈਨਿ
ਮੁਝ ਦੂਤ ਪਠਾਯਾ। ਬਿਨ ਬਿਲੰਬ ਹੌਂ ਆਯੋ ਧਾਯਾ। ਇਤਿ ਦਿਸ਼ ਕੀ
ਉਡੀਕੋ ਸੋ ਕਰਿ ਹੀਂ। ਰਾਵਰ ਕੀ ਚਿਤ ਚਿੰਤਾ ਧਰਿਹੀਂ ॥੪੭॥ ਦੋਹਰਾ ॥
ਨਿਜ[੭] ਰਜਾਇ ਵਿਗ ਰਹਨਿ ਕੀ ਯਾ ਬਿਧਿ ਮੁਸ਼ਕਲ ਮੋਹਿ। ਜਾਨੋ ਬਨੈ
ਨ ਅਬ ਤਹਾਂ ਸੋ ਚਿੰਤਾਤੁਰ[੮] ਹੋਹਿਂ' ॥੪੮॥ ਚੌਪਈ॥ ਸ਼੍ਰੀ ਗੁਰੁ ਭਨੈਂ 'ਸੁਨਹੁ
ਮਰਦਾਨਾ। ਕਰਹੁ ਆਪ ਜਿਉਂ ਭਲ[੯] ਮਨ ਮਾਨਾ। ਹਮਰੇ ਸੰਗ ਕਠਨਤਾ†
ਰਹਿਨਾ। ਤ੍ਰਿਸ਼ਨਾ ਦਹਿਨ[੧੦] ਬਿਖੈ ਜੋ ਦਹਿਨਾ[੧੧] ॥੪੯॥ ਤੋਇ ਸੰਤੋਖ[੧੨]
ਬੁਝਾਵਨ ਕਰਿਹੀ। ਸੋ ਹਮ ਸੰਗਤਿ ਕੋ ਅਨੁਸਰਹੀ[੧੩]। ਅਸਨ ਬਸਨ
ਪ੍ਰਾਪਤਿ ਕਿਹ ਕਾਲੂ[੧੪]। ਨਹਿਂ ਪਾਵਹਿ[੧੫] ਜਿਨ[੧੬] ਹੋਇ[੧੭] ਬਿਹਾਲੂ[੧੮] ॥੫੦॥
ਸੁਖ ਭੋਗਨ ਜੇ ਪਯਾਸ[੧੯] ਬਿਲਾਸਾ[੨੦]। ਤੌ ਜਾਵਹੁ ਕਾਲੂ ਪਿਤ ਪਾਸਾ। ਬੈਸਨ[੨੧]
ਰਹਨਿ, ਮਿਲਨ ਪਰਵਾਰਾ। ਏ ਬਾਤੈਂ ਸਭਿ ਮੱਧ ਅਗਾਰਾ[੨੨] ॥੫੧॥ ਦੋਹਰਾ॥
ਛੁਧਾ[੨੩], ਨਗਨਤਾ[੨੪] ਜਾਨੀਏ ਪੁਨ ਰਹਿਨੋ ਉਦਿਆਨ[੨੫]। ਸੰਗ ਰਹਨਿ ਮਮ
ਤੌ ਬਨੈ ਕਰਿਯੇ ਉਰ ਪਰਵਾਨ' ॥੫੨॥ ਚੌਪਈ॥ 'ਪ੍ਰਭੁ ਜੀ ਤ੍ਰਿਸਨਾ ਮਨ ਤੇ
ਮੂਕੀ। ਆਨ ਜਾਨਿ ਕੀ[੨੬] ਆਸਾ ਚੁਕੀ। ਤੁਮ ਸਮਾਨ ਕੋ ਨਦਰਿ ਨ ਆਵੈ।
ਦਿਨਕਰ[੨੭] ਪਿਖ ਖੱਦਜੋਤ[੨੮] ਨ ਭਾਵੈ ॥੫੩॥ ਰਹੌਂ ਸੰਗਿ ਮੈਂ ਮਨ ਮਹਿਂ

---

[੧] ਕਿਸ ਪਾਸੇ। [੨] ਪੂਰਨ ਆਨੰਦ ਸਰੂਪ। [੩] ਪਹਿਲੇ। [੪] ਰਿਦੇ ਤੋਂ ਛਡਕੇ। [੫] ਵੇਖੀਦੀ ਹੈ (ਅ) ਜੋ ਹੈ। [੬] ਪਿਤਾ ਤੇ ਮਾਤਾ ਜੀ ਨੇ। [੭] ਆਪ ਦੀ। [੮] ਓਹ ਚਿੰਤਾ ਕਰਕੇ ਦੁਖੀ ਹੋਣਗੇ। [੯] ਚੰਗਾ। [੧੦] ਅੱਗ। [੧੧] ਸੜਦਾ ਹੈ। [੧੨] ਉਸਨੂੰ ਸੰਤੋਖ ਰੂਪੀ ਜਲ। [੧੩] ਅਨਕੂਲ ਹੈ। [੧੪] ਕਿਸੇ ਵੇਲੇ ਹੋਵੇਗਾ। [੧੫] (ਪਰ ਜੇ ਕਿਸੇ ਵੇਲੇ) ਨਾ ਮਿਲੇ। [੧੬] ਮਤ। [੧੭] ਹੋਵੇ। [੧੮] ਦੁਖੀ। [੧੯] ਇੱਛਾ। [੨੦] ਰਸ ਮਾਣਨ ਦੀ। [੨੧] ਬੈਠਣਾ। [੨੨] ਘਰ ਵਿੱਚ ਹੋ ਸਕਦੀਆਂ ਹਨ। [੨੩] ਭੁਖ। [੨੪] ਨੰਗ। [੨੫] ਬਨ ਵਿਚ। [੨੬] ਹੋਰਥੇ ਜਾਣਦੀ। [੨੭] ਸੂਰਜ। [੨੮] ਟਿਟਾਣਾ।

*ਪਾ:—ਪ੍ਰਿਥਕ। †ਪਾ:—ਕਠਨ ਤਨ।

ਠਾਨੀ[੧]'। ਸੁਨਿ ਸ਼੍ਰੀ ਗੁਰ ਬੋਲੇ ਮ੍ਰਿਦੁਬਾਨੀ।'ਜਾਹੁ ਰਬਾਬ ਨਗਰ ਤੇ ਲਯਾ-ਵਹੁ। ਹੇਰਹੁ ਸੁੰਦਰ ਆਨਿ ਬਜਾਵਹੁ'॥੫੪॥'ਸੁਨਿ ਪ੍ਰਭੁ ਜੀ ਮੈਂ ਕਬਹਿ ਨ ਗਾਯਾ। ਨਹਿਂ ਕੋ ਬਾਦਿਤ[੨] ਹਾਥ ਬਜਾਯਾ। ਕੇਤਿਕ ਬਾਸੁਰ ਮਹਿਂ[੩] ਸਿਖ-ਲੇਊਂ[੪]। ਗਾਵਨ ਬਹੁਰ ਬਜਾਵਨਿ ਭੇਊ[੫]' ॥੫੫॥ ਸ਼੍ਰੀ ਨਾਨਕ ਬੋਲੇ ਮਨ ਭਾਵਨ। 'ਗੁਨ ਗਾਵਨ ਵਿਧ ਬਹੁਰ[੬] ਬਜਾਵਨ। ਸੋ ਲੈ ਕਰਿ ਤੈਂ ਕੈਸੇ ਕੀਨੋ[੭]?। ਪੂਰਬ[੮]ਆਇ ਜੁ ਹਮ ਤੇ ਲੀਨੋ' ॥ ੫੬ ॥ 'ਸੁਨਿ ਕਰੁਨਾਨਿਧਿ ! ਜੋ ਤੁਮ ਦੀਨੋ। ਸੋ ਤੋ ਮੈਂ ਕਿਤ ਖਰਚ ਨ ਕੀਨੋ'। ਸ਼੍ਰੀ ਗੁਰੁ ਭਨੈਂ[੯] 'ਨ ਬਚਨ ਹਟਾਵਹੁ। ਪੁਰਿ ਤੇ ਆਨਿ ਰਬਾਬ ਬਜਾਵਹੁ' ॥੫੭॥ ਸੁਨਤਿ ਉਠਯੋ ਤੂਰਨ ਮਰਦਾਨਾ। ਖੋਜਨ ਹਿਤ ਗਾ ਪੁਰਿ ਸੁਲਤਾਨਾ। ਢਾਢੀ ਗਾਵਹਿ ਅੱਗ੍ਰ[੧੦] ਪਠਾਨਾਂ[੧੧]। ਹੇਰਤਿ ਬੈਸ ਗਯੋ ਤਿਹ ਥਾਨਾ ॥ ੫੮ ॥ ਦੋਹਰਾ ॥ ਜਬ ਪਠਾਨ ਨਿਜ ਘਰ ਗਯੋ ਮਰਦਾਨਾ ਬਚ ਪ੍ਰਾਹਿ। 'ਸੁਭ ਨਰ ਏਕ ਹਕਾ-ਰਈ[੧੨] ਚਲਿ ਢਾਢੀ ! ਤਿਸ ਪਾਹਿ' ॥ ੫੯ ॥ ਚੌਪਈ ॥ ਲੇਕਰਿ ਸੰਗ ਤਿਸੈ ਤਤਕਾਲਾ। ਆਯੋ ਬੈਸੇ ਜਹਾਂ ਕ੍ਰਿਪਾਲਾ।ਲਗੀ ਸਮਾਧਿ ਨੈਨ ਅਨਖੁਲੇ[੧੩]। ਦਿਪਤਿ[੧੪] ਰੂਪ ਦੁਤਿ[੧੫] ਦੁਖ ਦਲ[੧੬] ਮਲੇ[੧੭] ॥ ੬੦ ॥ ਲੇ ਰਬਾਬ ਢਾਢੀ ਕਰ ਮਾਂਹੀ।ਤਾਰ ਬਜਾਇ ਰਾਗ ਸੁਰ ਪ੍ਰਾਹੀ[੧੮]।ਸੁਨਤਿ ਬਿਲੋਚਨ ਪੰਕਜ ਬਿਗਸੇ[੧੯]। ਭਜਹਿਂ ਨ ਅਸ ਗੁਰਬਰ[੨੦] ਨਰ ਧਿਕ ਸੇ[੨੧] ॥੬੧॥ ਭਨਹਿ ਬਚਨ 'ਤੂੰ ਲੇ ਮਰਦਾਨਾ ! ਤਾਰ ਬਜਾਵਹੁ, ਰਾਗ ਨਿਧਾਨਾ[੨੨] !' ਆਇਸ ਮਾਨਿ ਪਾਨ[੨੩] ਮਹਿਂ ਲੀਨਾ। ਕਰਿ ਸੁਰ ਤਾਰ ਬਜਾਵਨ ਕੀਨਾ॥੬੨॥ ਦੋਹਰਾ ॥ਸੁਨਿ ਬਨ ਕੇ ਬ੍ਰਿਖ[੨੪] ਤਿਤ ਸਮੈਂ ਚੂਵਨ ਰਸ ਵਡ ਲਾਗ[੨੫]। ਬਰਣ ਬਰਣ[੨੬] ਬਰ ਬਿਹੰਗ[੨੭] ਜੇ ਉਮਗਯੋ[੨੮]ਤਿਨ ਅਨੁਰਾਗ[੨੯]॥੬੩॥ ਚੌਪਈ॥ ਤੀਰ[੩੦] ਸਮੀਰ[੩੧] ਰਹੀ ਥਿਰ ਹੋਈ[੩੨]। ਸੁਨੀ ਤਾਨ ਮੋਹੇ ਸਭਿ ਕੋਈ। ਜਿਹਤੇ ਜਙ[੩੩] ਚੇਤਨ ਹ੍ਵੈ ਗਏ। ਜੇ ਚੇਤਨ[੩੪] ਸੋ ਜਙ ਵਤ ਭਏ[੩੫]॥੬੪॥[੩੬]ਬਨ ਤੇ ਮ੍ਰਿਗ ਆਏ ਭੇ

[੧]ਵਿਚ ਪੱਕੀ ਕੀਤੀ ਹੈ। [੨]ਵਾਜਾ। [੩]ਦਿਨਾਂ ਵਿਚ। [੪]ਸਿੱਖ ਲਵਾਂਗਾ। [੫](ਦਾਂ) ਭੇਤ। [੬]ਅਤੇ। [੭]ਕੀ ਕੀਤਾ ਹੈ। [੮]ਇਸਤੋਂ ਪਹਿਲੋਂ। [੯]ਕਿਹਾ। [੧੦.੧੧]ਪਠਾਣਾਂ ਦੇ ਅੱਗੇ। [੧੨]ਸੱਦਦਾ ਹੈ। [੧੩]ਬੰਦ। [੧੪]ਪ੍ਰਕਾਸ਼ਤ। [੧੫]ਕ੍ਰਾਂਤੀ। [੧੬]ਦੁਖਾਂ ਦੇ ਸਮੂਹ ਨੂੰ। [੧੭]ਮਲਨ ਵਾਲੇ। [੧੮]ਲਾਈ। [੧੯]ਖਿੜੇ। [੨੦]ਸ੍ਰੇਸ਼ਟ ਗੁਰੂ ਜੀ ਨੂੰ। [੨੧]ਧ੍ਰਿਕਾਰ ਹੈ ਉਨ੍ਹਾਂ ਨੂੰ। [੨੨]ਰਾਗ ਦੇ ਖਜ਼ਾਨੇ। [੨੩]ਹੱਥ। [੨੪]ਦਰਖਤਾਂ ਤੋਂ। [੨੫]ਲਗਾ। [੨੬]ਰੰਗ ਰੰਗ ਦੇ। [੨੭]ਪੰਛੀ। [੨੮]ਉਛਲਿਆ। [੨੯]ਪ੍ਰੇਮ। [੩੦]ਪਾਸ। [੩੧]ਹਵਾ। [੩੨]ਖੜੀ ਹੋ ਗਈ। [੩੩]ਬ੍ਰਿੱਛ ਆਦਿਕ। [੩੪]ਪੰਛੀ ਆਦਿ। [੩੫]ਭਾਵ ਸਮਾਧੀ ਲਗ ਗਈ। [੩੬]ਇਹ ਉਚੇ ਸੰਗੀਤ ਦੀਆਂ ਤਾਸੀਰਾਂ ਕਹਿ ਰਹੇ ਹਨ।

ਠਾਂਢੇ[੧]। ਅਤਿ ਮਨ ਮਹਿਂ ਅਨੁਰਾਗਹਿ[੨] ਬਾਢੇ[੩]। ਸੋ ਢਾਢੀ ਸੁਨਿ ਬਿਸਮੈ ਭਯੋ। ਬਿਸਰ ਅਪਾਨਹਿ ਤਿਹ ਛਿਨ ਗਯੋ[੪] ॥ ੬੫ ॥ ਕਿਤਨਕ ਚਿਰ ਤੇ[੫] ਬਚਨ ਬਖਾਨਾਂ। 'ਵਡ ਗੁਨਵਾਨ ਨ ਤੋ ਸਮ ਆਨਾਂ[੬]। ਬਹੁਤ ਦੇਸ਼ ਢਾਢੀ ਮੈਂ ਦੇਖੇ। ਅਸਗੁਨ ਕਿਹ ਮਹਿਂ ਨਹੀਂ ਵਿਸ਼ੇਖੇ' ॥੬੬॥ ਦੋਹਰਾ ॥ ਸ਼੍ਰੀ ਨਾਨਕ ਬੋਲੇ ਬਹੁਰ 'ਕਹੁ ਮਰਦਾਨਾ ! ਬੈਨਾਕੈਸੋ ਗੁਨ ਮਨ ਮਾਨਿਆ* ਗਾਵਨ ਤਾਰ ਬਜੈਨ[੭]'॥੬੭॥ ਚੌਪਈ ॥ 'ਸੁਨਹੁ ਪ੍ਰਭੂ ਆਨਨ ਇਕ ਮੇਰੋ। ਕਿਹ ਬਿਧਿ ਸੁਜਸ ਬਖਾਨੋ ਤੇਰੋ। ਪੂਰਨ ਪੁਰਖ ਕਿ ਆਪਿ ਖ਼ੁਦਾਇ। ਜਿਹ ਬਚ ਤੇ ਮੁਝ ਅਸ ਗੁਨ ਆਇ ॥ ੬੮ ॥ ਗਾਇ ਨ ਕਬਹੂੰ ਤਾਰ ਬਜਾਯਾ। ਅਬਹਿ ਅਚਾਨਕ ਗੁਨ ਮੈਂ ਪਾਯਾ'। ਉਠਜੋ ਬੰਦਿ ਕਰ ਕੀਨੀ ਬੰਦਨ। 'ਤਵ ਦਰਸ਼ਨ ਤ੍ਰੈ ਤਾਪ ਨਿਕੰਦਨ ॥ ੬੯ ॥ ਜਿਹ ਬਿਧਿ ਬਦਨ ਬਦਹੁ[੮] ਸੁਖ ਧਾਮਾ[੯] !। ਤਿਹ ਬਿਧਿ ਕਰਹੁੰ ਅਬਹਿ,ਸੁਖਕਾਮਾ !'। ਸੁਨਿਬੋਲੇ ਪ੍ਰਭੁ ਦੀਨ ਦਯਾਲਾ। 'ਲੇਹੁ ਰਬਾਬ ਜੁ ਰੁਚਿਰ ਬਿਸਾਲਾ' ॥ ੭੦ ॥ ਦੋਹਰਾ ॥ 'ਪ੍ਰਭੁ ਜੀ ਲੇਹੁੰ ਤੰਬੂਰ ਕੋ ਸ਼ੁਭ ਅਵਾਜ ਹੁਇ ਜਾਹਿਂ। ਸੁੰਦਰ ਹਰਵੋਂ[੧੦] ਭਾਰ ਮਹਿਂ ਗਾਇ ਬਜਾਵੋਂ ਤਾਂਹਿ' ॥ ੭੧ ॥ ਚੌਪਈ ॥ ਸ਼੍ਰੀ ਮੁਖ ਬੋਲੇ 'ਸੁਨਿ ਮਰਦਾਨਾ ! ਸੂਧੋ[੧੧] ਬਾਦਿਤ[੧੨] ਇਹ ਸੁਖ ਸਾਨਾ।ਅਪਰ[੧੩] ਜਿ ਅਹੈਂ ਮਿਲੇ ਚਤੁਰਾਈ। ਬਿਸ਼ੈ ਬਾਸ਼ਨਾ ਸੋ ਉਪਜਾਈਂ' ॥ ੭੨ ॥ 'ਪ੍ਰਭੁ ਜੀ ! ਰਾਵਰਿ ਸੁਭਗ ਰਜਾਈ[੧੪]। ਰੁਚੈ ਜੁ ਤੁਮ ਕੋ ਭਲਿ ਬਿਧਿ ਸਾਈ[੧੫]। ਦੀਜੈ ਮੋਲ ਅਬਹਿ ਮੈਂ ਜਾਂਊ। ਖੋਜਿ ਰਬਾਬ ਨਗਰ ਤੇ ਲਜਾਊਂ' ॥ ੭੩ ॥ ਸ਼੍ਰੀ ਗੁਰੂ ਕਹੈਂ 'ਜਾਚਨਾ[੧੬] ਜੋਊ[੧੭]। ਨਹਿਂ ਨੀਕੀ[੧੮], ਜਾਨਹਿ ਸਭਿ ਕੋਊ। ਤਦਪਿ ਚਾਹਿ ਜਬ ਲਗੁ ਹੈ ਪ੍ਰਾਨੀ[੧੯]। ਜਾਚਨ[੨੦] ਕਰਿਵਾਵਹਿ ਗੁਨ ਹਾਨੀ ॥੭੪॥ ਦੋਹਰਾ ॥ ਜਾਵਹੁ ਸੁਸਾ[੨੧] ਅਵਾਸ[੨੨] ਕੋ ਮੁਲ ਰਬਾਬ ਕੇ ਹੇਤ'। ਸੁਨਿ ਗਵਨਜੋ ਗ੍ਰਿਹ ਨਾਨਕੀ ਤਜਿ ਬੇਦੀ ਕੁਲਕੇਤੁ।੭੫।ਸੋਰਠਾ॥ਸੋ ਢਾਢੀ ਕਹਿ ਬੈਨ 'ਲੀਜੈ ਏਹੁ ਰਬਾਬ ਤੁਮ'। ਬੋਲੇ ਕਰੁਨਾ[੨੩] ਐਨ[੨੪]† 'ਪਹੁੰਚਜੋ ਹਮ[੨੫],

[੧]ਖੜੇ ਹੋ ਗਏ।[੨]ਪ੍ਰੇਮ।[੩]ਵਧਿਆ। [੪]ਉਸ ਵੇਲੇ ਆਪਾ ਭੁੱਲ ਗਿਆ। [੫]ਪਿੱਛੋਂ। [੬]ਹੋਰ। [੭]ਵਜਾਉਣ ਦਾ। [੮]ਆਖੋ। [੯]ਭਾਵ ਹੇ ਗੁਰੂ ਜੀ। [੧੦]ਹੌਲਾ। [੧੧]ਸਿੱਧਾ। [੧੨]ਵਾਜਾ। [੧੩]ਹੋਰ। [੧੪]ਸ਼ੁਭ ਆਗਜਾ ਹੈ ਆਪਦੀ। [੧੫]ਓਹੋ ਹੀ। [੧੬]ਮੰਗਨਾ। [੧੭]ਜੋ ਹੈ ਸੋ। [੧੮]ਚੰਗੀ ਗੱਲ ਨਹੀਂ। [੧੯]ਜਿੰਨਾਂ ਚਿਰ ਚਾਹ ਹੈ ਪ੍ਰਾਣੀ ਨੂੰ। [੨੦]ਮੰਗਣਾ। [੨੧]ਬੇਬੇ ਜੀ ਦੇ। [੨੨]ਘਰ। [੨੩]ਕਿਰਪਾ ਦੇ। [੨੪]ਘਰ। [੨੫]ਸਾਨੂੰ ਪਹੁੰਚ ਗਿਆ, ਭਈ। *ਪਾ:-ਅਨੁਮਾਨਿਆ। †ਖਾ:-ਬੋਲੇ ਹੈਂ ਗੁਨ ਐਨ।

ਨਿਜ ਨਿਕਟਿ ਰਖਿ' ॥ ੭੬ ॥ ਸੋਰਠਾ॥ ਦਯਾ ਦ੍ਰਿਸ਼ਟਿ ਕੋ ਦੇਖਿ ਦੁਰਮਤਿ ਦੁਖ ਦੂਤ[੧] ਦੂਰ ਕਿਯ। ਹਰਖ ਵਿਸ਼ੇਖ ਪਰੇਖ[੨], ਲਖਿ[੩] ਅਲੇਖ ਨੇ ਬੇਖ ਲਿਯੋ[੪] ॥ ੭੭ ॥ ਚੌਪਈ ॥ ਸਦਨ ਜਾਇ ਭਾਖਤਿ ਮਰਦਾਨਾ। 'ਤਵ ਭ੍ਰਾਤਾ ਇਕ ਸ੍ਵਾਲ ਬਖਾਨਾ[੫]'। ਸੁਨਿ ਹਰਖੀ ਆਨਨ ਬਚ ਭਨਿਆ[੬]। 'ਆਜ ਜਨਮ ਮੈਂ ਸਫਲਾ ਗਨਿਆ॥੭੮॥ ਧੰਨ ਭਾਗ ਮੈਂ ਅਪਨਾ ਜਾਨਾ। ਕਰਹੁ ਨਿਸੰਗ ਸ੍ਵਾਲ ਮਰਦਾਨਾ!'।[੭]'ਮੁਝੇ ਨ ਜਾਨੈ ਦੀਨ ਅਵਾਸੂ[੮]। ਕਰਿ ਅਭਿਲਾਖ[੯] ਰਖ੍ਯੋ ਨਿਜ ਪਾਸੂ ॥ ੭੯ ॥ ਅਬਹਿ ਰਬਾਬ ਖਰੀਦਨ ਭੇਜਾ। ਕਹ੍ਯੋ-ਮੋਲ ਭਗਨੀ[੧੦] ਤੇ ਲੈਜਾ-'। ਭਨਤਿ ਨਾਨਕੀ 'ਭਲਾ ਭਯੋ ਹੈ। ਜੇ ਤੂੰ ਭ੍ਰਾਤਾ ਨਿਕਟਿ ਰਹ੍ਯੋ ਹੈਂ॥ ੮੦ ॥ ਦੋਹਰਾ ॥ ਇਕ ਰਬਾਬ ਕ੍ਯਾ ਵਸਤੁ ਹੈ, ਸਤਿ[੧੧] ਰਬਾਬ ਲੇ ਦੇਉਂ।ਬਦਹੁ[੧੨] ਜਾਇ ਸੋਦਰ[੧੩] ਜਸੋ[੧੪],-ਸਦਨਹਿ ਬਦਨ ਦਿਖੇਉ[੧੫]-'॥੮੧॥ ਚੌਪਈ॥ ਸੁਨਿ ਕਰਿ ਗਵਨ੍ਯੋ ਪੁਨ ਮਰਦਾਨਾ। 'ਤੁਮਤਿ ਹਕਾਰਹਿਂ[੧੬]ਕ੍ਰਿਪਾਨਿਧਾਨਾ!।ਦਰਸ਼ਨ ਕੀ ਉਰ ਬਹੁ ਅਭਿਲਾਖਾ। -ਸਤ ਰਬਾਬ ਲੈ ਦੇਊਂ-ਭਾਖਾ'॥੮੨॥ ਸੁਨਿ ਕਰਿ ਬੋਲੇ ਦੀਨ ਦਯਾਲਾ। 'ਮੋ ਤੇ ਭਗਨੀ ਬੈਸ ਬਿਸਾਲਾ[੧੭]। ਤਿਹ ਰਜਾਇ ਹੌਂ ਮੇਟਵ ਨਾਂਹੀ'। ਇਉਂ ਭਨਿ ਚਲੇ ਭਗਨਿ[੧੮] ਘਰ ਜਾਂਹੀ ॥੮੩॥ ਮੰਦ ਮੰਦ ਜਿਨਕੀ ਗਤਿ ਰੂਰੀ। ਧਰਹਿ ਜਿ ਧ੍ਯਾਨ ਕਾਮਨਾ ਪੂਰੀ। ਗਵਨਤਿ ਮਰਦਾਨਾ ਪਸ਼ਚਾਤੀ[੧੯]। ਸੁਨਹੁ ਕਥਾ ਸਰਬਹਿ ਸੁਖ ਦਾਤੀ ॥੮੪॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਅਧ੍ਯਾਯ ॥ ੩੪ ॥

## ੩੫. [ਗੁਰਚਰਣ ਮੰਗਲ। ਰਬਾਬ ਲਿਆਉਣਾ]।

ਦੁਵੱਯਾ ਛੰਦ ॥ ਚਰਨ ਕਮਲ ਕਲਿਮਲਹਿ ਨਿਵਾਰਨ ਉਰ ਧਰਿ ਧ੍ਯਾ-ਨਹਿ ਤਿਨਕੋ।ਸ੍ਰੀ ਨਾਨਕ ਇਤਿਹਾਸ ਬਖਾਨੋਂ ਦੁਖ ਨਾਸ਼ਨ ਪੂਨ ਜਿਨਕੋ।

---

[੧]ਛੇਤੀ। [੨]ਅਪਣੀ (ਦੁਰਮਤ ਦੂਰ ਹੋਈ) ਪਰਖਕੇ ਬਹੁਤ ਖੁਸ਼ ਹੋਇਆ। [੩]ਲਖ ਲਿਆ ਕਿ। [੪]ਅਲੇਖ (ਪ੍ਰਭੂ) ਨੇ ਇਹ ਸਰੂਪ ਧਾਰਿਆ ਹੈ (ਗੁਰ ਨਾਨਕ ਦਾ)। [੫]ਸੁਆਲ ਪਾਯਾ ਹੈ। [੬]ਕਿਹਾ। [੭]ਮਰਦਾਨਾ ਬੋਲਿਆ-। [੮]ਘਰ ਨੂੰ। [੯]ਚਾਹ। [੧੦]ਭੈਣ ਜੀ ਤੋਂ। [੧੧]ਬੀਬੀ ਪੰਜਾਬ ਦੀ ਹੈ, ਐਸੇ ਮੌਕਿਆਂ ਤੇ ਪੰਜਾਬ ਦੇ ਮੁਹਾਵਰੇ ਵਿਚ ਸਤ ਦਾ ਅਰਥ ਹੈ ਸਪਤ; 'ਸਤ' (ਸੰਸਕ੍ਰਿਤ ਸ਼ਤ) ਦਾ ਅਰਥ ਹੈ-ਸ। [੧੨]ਆਖੋ। [੧੩]ਵੀਰ ਜੀ ਨੂੰ। [੧੪]ਛੇਤੀ। [੧੫]ਮੁਖੜਾ ਦਿਖਾਓ ਘਰ ਆਕੇ। [੧੬]ਸੱਦਿਆ ਹੈ। [੧੭]ਬੜੀ ਹੈ। [੧੮]ਭੈਣ ਦੇ। [੧੯]ਪਿੱਛੇ ਪਿੱਛੇ।

[ਕਲਿਮਲਹਿ=ਪਾਪਾਂ ਨੂੰ।]

**ਅਰਥ**—ਜਿਨ੍ਹਾਂ (ਸ਼੍ਰੀ ਗੁਰੂ ਨਾਨਕ ਦੇਵ ਜੀ) ਦਾ ਪ੍ਰਣ ਦੁਖ ਨਾਸ਼ਨ ਹੈ, ਤੇ ਜਿਨ੍ਹਾਂ ਦੇ ਚਰਣ ਕਮਲ ਪਾਪਾਂ ਨੂੰ ਦੂਰ ਕਰਨ ਵਾਲੇ ਹਨ ਉਨ੍ਹਾਂ (ਚਰਨਾਂ) ਦਾ ਧ੍ਯਾਨ ਹ੍ਰਿਦਯ ਵਿਚ ਧਾਰਕੇ (ਮੈਂ ਉਨ੍ਹਾਂ) ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਵਰਣਨ ਕਰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ* । ਸੁਸਾ ਅਵਾਸ ਗਏ ਸੁਖਰਾਸੀ ਮਿਲੀ ਸੋਦਰੀ ਹਿਤ ਸੋਂ। ਸਾਦਰ ਮੰਚ ਡਸਾਇ ਬੈਸਾਏ ਹਰਖੀ ਸਰਸ ਅਮਿਤ ਸੌਂ[੧] ॥੧॥ ਸ਼੍ਰੀ ਨਾਨਕ ਮ੍ਰਿਦੁ ਬਚਨ ਅਲਾਏ 'ਸੁਸਾ! ਮਨੋਰਥ ਭਨਿਯੇ। ਤੁਮ ਆਇਸੁ ਅਨੁਸਾਰਿ ਸਦਾ ਮੈਂ ਬੱਛ ਸੂੱਛ ਮਹਿਂ[੨] ਗੁਨਿਯੇ[੩]'। 'ਸੁਨਹੁ ਭ੍ਰਾਤ ਪਰਮੇਸ਼੍ਵਰ ਰੂਪਾ! ਜਗਤ ਰਚ੍ਯੋ ਜਿਹ ਮਾਯਾ। ਸੱਤ੍ਯਾ ਲੇ ਕਰਿ ਤੁਮਰੀ ਸਿਰਜੇ ਜੇ ਬ੍ਰਹਮੰਡ ਨਿਕਾਯਾ[੪] ॥ ੨ ॥ ਨਰਨ ਉਧਾਰਨ ਤਨ ਧਰਿ ਆਪੇ ਬਿਚਰਤਿ ਹੋ ਜਗ ਮਾਂਹੀ। ਨਿਜ ਦਰਸ਼ਨ ਦੇਵਤਿ ਮੁਹਿ ਰਹੀਏ, ਅਵਰ ਲਾਲਸਾ ਨਾਂਹੀ। ਕਾਹਿ ਵਸਤੁ ਕੀ ਚਾਹਿ ਜਿ ਹੋਵਹਿ ਲੇਹੁ ਮੰਗਾਇ ਨਿਸੰਗਾ। ਸ਼ਿਵ ਸਿਰ ਸਰ ਮੁਰ ਉਰ[੫], ਕਰੁਨਾਕਰ[੬]! ਤਵ ਕੀਰਤਿ ਹ੍ਵੈ ਰੀਗਾ[੭]' ॥ ੩ ॥ ਬਦਨ ਬਦ੍ਯੋ[੮] ਬਚ, 'ਸੁਨਹੁ ਸੋਦਰੀ! ਯਾਦ ਰਿਦੇ ਕਰਿ ਜਬਹੀ। ਦੂਰ, ਨਿਕਟਿ, ਕਾਜਹਿ[੯]† ਅਨਕਾਜੂ[੧੦], ਦੂਤ[੧੧] ਆਊਂ ਮੈਂ ਤਬ ਹੀ'। ਸੁਨਿ ਹਰਖੀ ਪੁਨ ਹੂਤ ਆਰਾਲਿਕ[੧੨] ਬਹੁਬਿਧਿ ਅਸਨ ਕਰਾਯੋ। ਮਰਦਾਨੇ ਕੋ ਭੇਜ੍ਯੋ ਤਬਹੀ, ਮੁਝ ਕੋ ਨਿਕਟਿ ਬੁਲਾਯੋ ॥੪॥ ਬਾਲਾ ਕਹੈ: ਸੁਨਹੁ ਸ਼੍ਰੀ ਅੰਗਦ! ਹੌਂ ਜਰਾਮ ਢਿਗ ਬੈਸਾ[੧੩]। ਗਯੋ ਨਿਕੇਤ ਨਾਨਕੀ ਕੇ ਚਲਿ ਹੇਰੇ ਬੇਦੀਇਸ਼ਾ[੧੪]। ਅਸਨ ਅਚਨ[੧੫] ਹਿਤ ਤੀਨੋਂ ਤਿੰਹ ਛਿਨ ਗਏ ਰਸੋਈ ਥਾਨਾ। ਪਾਨ[੧੬] ਨਾਨਕੀ ਆਪ ਪਰੋਸਤਿ ਪਰਮੰ ਸ੍ਵਾਦਿਨ ਸਾਨਾ[੧੭] ॥੫॥ ਮਨ ਭਾਵਨ ਭੋਜਨ ਕਰਿ ਖਾਵਨ ਉਠਿ ਬੈਠੇ ਬਰ ਸਦਨਾ। ਆਨੰਦ ਕੰਦਮੁਕੰਦ ਬਿਲੋਕਤਿ[੧੮] ਬਦਤਿ[੧੯] ਨਾਨਕੀ ਬਦਨਾ। 'ਮਰਦਾਨਾਂ!

---

[੧]ਬਿਅੰਤ ਖੇੜੇ ਨਾਲ। [੨]ਦਿਲ ਪਵਿੱਤ੍ਰ ਵਿਚ। [੩]ਵਿਚਾਰੀਏ। [੪]ਸਾਰੇ। [੫]ਸ਼ਿਵ ਦੇ ਸੀਸ ਵਾਂਙੂ ਮੇਰਾ ਰਿਦਾ ਹੋਵੇ। [੬]ਹੇ ਕਿਰਪਾ ਦੀ ਖਾਣ! [੭]ਤੇਰੀ ਮਹਿਮਾ ਰੀਗਾ ਹੋਵੇ, ਭਾਵ ਮੇਰੇ ਸਿਰ ਵਿਚ ਆਪ ਦੇ ਜਸ ਦਾ ਨਿਵਾਸ ਹੋਵੇ। [੮]ਗੁਰੂ ਜੀ ਨੇ ਕਿਹਾ। [੯]ਕੰਮ ਵਿਚ। [੧੦]ਵੇਹਲੇ। [੧੧]ਛੇਤੀ। [੧੨]ਬੁਲਾਕੇ ਰਸੋਈਆ। [੧੩]ਬੈਠਾ ਸਾਂ। [੧੪]ਭਾਵ ਗੁਰੂ ਜੀ ਦੇ ਦਰਸ਼ਨ ਕੀਤੇ। [੧੫]ਛਕਣ। [੧੬]ਹਥੀਂ ਆਪਣੀ। [੧੭]ਸ੍ਵਾਦੀਕ (ਭੋਜਨ)। [੧੮]ਵੇਖਕੇ। [੧੯]ਆਖਦੀ ਹੈ।

*ਕਈ ਨੁਸਖਿਆਂਵਿਚ ਇਹ ਪਾਠ ਏਥੇ ਨਹੀਂ ਪਰ ਅਧ੍ਯਾਯ ਦੇ ਮੁੱਢਵਿਚਹੈ। †ਪਾ:—ਰਾਜਹਿ

ਅਬ ਖੋਜਹੁ ਜਾਈ ਮੋਲ ਲੇਹੁ ਜੋ ਹੋਊ। ਸੁੰਦਰ ਹੇਰਿ ਰਬਾਬ ਲਿਆਵਹੁ ਸਰਵਾ ਮੋਲ ਨ ਕੋਊ'॥੬॥ ਸੁਨਿ ਮਰਦਾਨੇ ਕਿਯੋ ਪਯਾਨਾ ਲੇਨਿ ਰਬਾਬਹਿ ਹੇਤੂ। ਮੈਂ ਪੁਨਿ ਹਾਥ ਬੰਦ ਕਰਿ ਬੋਲਯੋ 'ਸ਼੍ਰੀ ਬੇਦੀਕੁਲਕੇਤੂ[੧]! ਤੁਮ ਨਿਦੇਸ ਕੋ ਪਾਇ ਅਬਹਿ ਹੌਂ ਜਾਵੌਂ ਅਪਨ ਨਿਕੇਤੂ। ਬਾਸੁਰ ਬਹੁਤ ਬਤੀਤੇ[੨] ਆਯੋ ਸੁਧਿ ਲੇਊਂ ਕ੍ਰਿਤ ਬੇਤੂ[੩]' ॥ ੭ ॥ 'ਕਿਉਂ ਬਾਲੇ! ਮਨ ਰੰਜ ਭਏ ਹੋ, ਸੰਗ ਛੋਰ ਕਰਿ ਗੱਛੇ[੪]'। 'ਨਹੀਂ ਰੰਜ ਮੈਂ ਦੈਂਭਨਿਕੰਦੂ! ਚਹੌਂ ਸੁ ਬਰ ਬਛ ਸ੍ਵੱਛੇ[੫]'। 'ਜਾਚਿ ਲੇਹੁ ਬਾਲੇ ਜੋ ਚਹਿਯੇ ਨਹਿਂ ਅਦੇਯ[੬] ਕਛੁ ਤੋ ਤੇ[੭]'। 'ਸ਼੍ਰੀ ਨਾਨਕ! ਇਕ ਬਰ ਇਹ ਦੀਜੈ-ਬਿਸਰਿ ਨ ਹਰਿ! ਉਰ ਮੋ ਤੇ'-॥ ੮ ॥ ਦੂਸਰ ਬਰ ਦੀਜੈ ਕਰੁਨਾਕਰ!-ਸੰਗ ਤੁਮਾਰਿ ਜਿ ਚਰਿਤਾ*-। ਸੁਧਾਸਿੰਧੁ[੮] ਤਜਿ ਮ੍ਰਿਗ ਤ੍ਰਿਸ਼ਨਾ ਹਿਤ ਧਾਵਤਿ ਨਿੰਦ ਜਿ ਰਰਿਤਾ[੯]। ਦੇਖੋਂ ਸੁਨੋਂ ਨ ਭਰਮੋਂ[੧੦] ਗੁਰੂ ਜੀ! ਉਰ ਥਿਰ ਮਤਿ ਮੁਰ[੧੧] ਕੀਜੈ। ਅੰਘ੍ਰਿ[੧੨] ਸਰ ਅਰਬਿੰਦ[੧੩] ਸਰਸ[੧੪] ਤਵ[੧੫] ਮਨ ਮਮ ਮਧੁਪ ਕਰੀਜੈ[੧੬]' ॥ ੯ ॥ ਸੁਨਤਿ ਪ੍ਰਸੀਦੇ[੧੭] ਬਚਨ ਕਿ ਰਚਨਾ[੧੮] ਚਿਤ ਨਿਸ਼ਚਾ ਅਤਿ ਹੇਰਾ†। 'ਮੇਰੁ ਅਡੋਲ[੧੯] ਬਾਤ ਤੇ[੨੦] ਜਸ-ਬਿਧਿ, ਤਸ ਬਿਧਿ ਹੁਇ ਮਨ ਤੇਰਾ। ਬੇਮੁਖਤਾ ਨਿਸਿ[੨੧] ਭਰਮ ਮਯੰਕਾ[੨੨] ਦੁਖ ਦਾਰਿਦ ਉਡਗਨ[੨੩] ਸੇ। ਉਰ ਨਭ ਭਾਨੁ[੨੪] ਪ੍ਰੇਮ ਪਰਕਾਸ਼ਹਿ, ਨਾਸਹਿਂ ਪਾਛਲ ਗਿਨਸੇ[੨੫] ॥੧੦॥ ਹੋਵਹਿ ਤਵ ਉਰ ਸਰੁਵਰ[੨੬] ਕੇ

---

[੧]ਹੇ ਬੇਦੀ ਕੁਲ ਦੇ ਧ੍ਵਜਾ ਰੂਪ! [੨]ਗੁਜ਼ਰੇ। [੩]ਕਿਰਤ ਵਿਰਤ ਦੀ। [੪]ਜਾਂਦਾ ਹੈਂ[੫](ਆਪ ਦ) ਸ੍ਵੱਛ ਰਿਦੇ ਦਾ ਵਰ ਚਾਹੁੰਦਾ ਹਾਂ। [੬]ਨਾ ਦੇਣ ਯੋਗ। [੭]ਮੇਰੇ ਤੋਂ। [੮]ਅੰਮ੍ਰਿਤ ਦਾ ਸਮੁੰਦਰ। [੯](ਨਿੰਦਕ) ਜੋ ਅੰਮ੍ਰਿਤ ਦਾ ਸਾਗਰ ਛੱਡਕੇ ਮ੍ਰਿਗ ਤ੍ਰਿਸ਼ਨਾ ਵਿਚ ਦੌੜਨ ਵਾਂਗ ਨਿੰਦਾ ਉਚਾਰਦਾ ਹੈ। [੧੦]ਤੁਹਾਡੇ ਨਾਲ (ਰਹਿਕੇ), ਨਿੰਦਕਾਂ ਦੇ ਕਠਨ ਵਾਕ ਜੋ ਅੰਮ੍ਰਿਤ ਰੂਪੀ ਸਮੁੰਦਰ ਨੂੰ ਛੱਡਕੇ ਮ੍ਰਿਗ ਤ੍ਰਿਸ਼ਨਾ ਮਗਰ ਦੌੜਨ ਤੁੱਲ ਹੈਨ, ਤੇ ਤੁਹਾਡੇ ਚਰਿੱਤ੍ਰਾਂ ਨੂੰ ਦੇਖ ਸੁਣਕੇ ਨਾ ਭਰਮਾਂ। [੧੧]ਮੇਰੀ। [੧੨]ਚਰਨ (ਜੋ ਹਨ)। [੧੩]ਸਰੋਵਰ ਦੇ ਕਵਲਾਂ। [੧੪]ਵਾਂਙ। [੧੫]ਆਪ ਦੇ। [੧੬]ਮੇਰੇ ਮਨ ਨੂੰ ਭੌਰਾ ਕਰੋ (ਉਨ੍ਹਾਂ ਦਾ)। [੧੭]ਪ੍ਰਸੰਨ ਹੋਏ। [੧੮]ਬਚਨਾਂ ਦੀ ਰਚਨਾ। [੧੯]ਸੁਮੇਰ ਜਿਵੇਂ ਅਡੋਲ ਹੈ। [੨੦]ਹਵਾ ਤੋਂ। [੨੧]ਰਾਤ। [੨੨]ਚੰਦ੍ਰਮਾਂ। [੨੩]ਤਾਰੇ। [੨੪](ਤੇਰੇ) ਰਿਦੇ ਅਕਾਸ਼ ਵਿਚ ਸੂਰਜ। [੨੫]ਪਿਛੇ ਗਿਣੇ ਹਨ (ਜੇਹੜੇ ਬੇਮੁਖਤਾ ਆਦਿ) ਓਹ। [੨੬]ਸਰੋਵਰ।

*ਪਾ:-ਕਰੁਨਾਕਰ ਮਾਂਗਤ ਮਾਰਗ ਚੋਜ ਰਤਾ।

†ਪਾ:-ਸੁਨਤ ਪ੍ਰਸੀਦੇ ਬਚਨਾਂ ਕਰਿ ਤਿਨ ਚਿਤ ਨਿਸ਼ਚਾ ਅਤਿ ਹੇਰਾ।

ਪੁਨ:-ਸੁਨਤ ਪ੍ਰਸੀਦੇ ਬਦਨ ਕੇ ਰਚਨਾ ਚਿਤ ਨਿਸ਼ਚਾ ਮਤਿ ਹੇਰਾ।

ਸਰ[੧], ਹਰਿਕੀਰਤਿ ਅਰਬਿੰਦਾ[੨] । ਸਦ ਬਿਕਸੈ, ਸੋਖੈ ਨਹਿੰ[੩] ਕਬਹੂੰ, ਪ੍ਰੀਤਿ ਵਧਹਿ ਮਕਰੰਦਾ[੪] । ਜਗ ਸਾਗਰ[੫] ਨਿੰਦਕ ਗਰ[੬] ਲਵਨੰ[੭], ਪਦਮ ਸਮਾਨ[੮] ਅਲੇਪਾ[੯] । ਜੇ ਸੁਆਨ[੧੦] ਕੂਕਤਿ ਰਹਿੰ ਅਹਿਨਿਸਿ ਨਹਿੰ ਗਜ ਮੱਤ ਵਿਖੇਪਾ[੧੧]' ॥ ੧੧ ॥ ਖੁਸ਼ੀ ਕਰੀ ਜਾਵਨ ਕੋ ਘਰ ਕੀ ਪਾਦ[੧੨] ਪਦਮ[੧੩] ਯੁਗ[੧੪] ਬੰਦੇ । 'ਸੁਨਿ ਸ੍ਰੀ ਨਾਨਕ ਬਚਨ ਸੁਹਾਏ,ਮੁਝ ਭਾ ਰਿਦੈ ਅਨੰਦੇ' । ਤਲਵੰਡੀ ਕੇ ਮਾਰਗ ਚਲਿ ਕਰਿ ਆਯੋ ਅਪਨਿ ਨਿਕੇਤਾ[੧੫] । ਮੁਝ ਪਸ਼ਚਾਤੁ ਸੁਨਹੁ ਗੁਰ ਅੰਗਦ ! ਸ੍ਰੀ ਬੇਦੀ ਕੁਲ ਕੇਤਾ ॥ ੧੨ ॥ ਭਏ ਪ੍ਰਸੀਦ[੧੬] ਸੁਸਾ ਪਰ ਅਤਿਸ਼ੈ ਗਵਨੇ ਪੁਨਿ ਉਦਿਆਨਾ । ਭੇ ਇਕੰਤ ਜਹਿੰ ਮਨੁਜ[੧੭] ਨ ਆਵਹਿੰ ਕਰੁਨਾਨਿਧ ਗਤਿਦਾਨਾ । ਕਮਲ ਬਦਨ ਪ੍ਰਾਚੀ ਦਿਸ਼[੧੮] ਜਿਹ ਕੋ ਵਾਕ[੧੯] ਅਰਕ[੨੦] ਪਰਮਾਨਾ[੨੧] । ਕਿੰਕਰ[੨੨] ਉਰ ਕੋ ਭਰਮ ਤਿਮਰ[੨੩] ਹਰਿ[੨੪], ਦਲ ਕਲਮਲ[੨੫] ਉਡ ਨਾਨਾ[੨੬]॥੧੩॥ ਗਯੋ ਰਬਾਬ ਲੇਨਿ ਹਿਤ ਪੁਰਿ ਮਹਿੰ ਖੋਜਤਿ ਭਾ ਮਰਦਾਨਾ । ਸੁਨਹਿ ਡੂੰਮਕੋ ਸਦ-ਨਹਿ ਜਹਿੰਵਾ[੨੭],ਬੂਝਹਿ[੨੮] ਜਾਇ ਸੁਜਾਨਾ[੨੯] । ਆਦਰ ਪੁਰਿ ਮਹਿੰ ਦੇਇ ਨ ਕੋਊ ਅਸ ਬਿਧਿ ਵਾਕ ਅਲਾਵੈਂ । 'ਤਿਹ ਕੋ ਡੂਮ ਜੁ ਭਯੋ ਕੁਰਾਹੀ,ਸੁਨਤਿ ਰੋਸ ਉਰ ਆਵੈ[੩੦]॥੧੪॥ ਦੋਹਰਾ ॥ ਫਿਰਤਿ ਫਿਰਤਿ ਇਕ ਸ਼ੂਮ[੩੧] ਭਯੋ, ਦੂਸਰ ਨਿੰਦਕ ਬੈਨ।ਸੁਨਿ ਮਨਿ ਮਹਿੰ ਦੁਖਜਤ ਭਯੋ, ਕਛੁ ਬਸ[੩੨]ਅਪਨ ਚਲੈ ਨ ॥੧੫॥ ਹਰਿਗੀਤਕਾ ਛੰਦ ॥ ਫਿਰਿ ਕਰਿ ਸਗਰੇ ਨਗਰ ਮੈਂ ਮਰ-ਦਾਨਾ ਉਰ ਅਕੁਲਾਇਕੈ[੩੩] । ਬੈਸੇ ਸ੍ਰੀ ਨਾਨਕ ਜਹਾਂ ਤਹਿੰ ਥਕਤ ਸੁ ਬੈਠਯੋ ਆਇਕੈ । ਸ੍ਰੀ ਮੁਖ ਸੋਂ ਬੂਝਤਿ ਭੁਏ ਤਿਹ[੩੪]ਬਦਨਹਿ[੩੫] ਬਿਕਲ[੩੬] ਨਿਹਾਰਿ ਕੈ।'ਬਿਨ ਰਬਾਬ ਆਵਨ ਭਯੋ, ਨਿਜ ਬਿਰਥਾ ਭਨਹੁ ਸੁਧਾਰਿ ਕੈ'॥੧੬॥'ਕਿਉਂ ਬੂਝਤਿ ਹੋ ਮੋਹਿ ਕੋ ਸਭਿ ਅੰਤਰਜਾਮੀ ਜਾਨਿਕੈ'।ਬਹੁਰ

---

[੧]ਬਰੱਬਰ। [੨]ਕਵਲ । [੩]ਸੁੱਕੇ ਨਾ । [੪]ਮਕਰੰਦ ਰਸ ਰੂਪੀ ਪ੍ਰੀਤ ਵਧੇ। [੫]ਸਮੁੰਦਰ ਹੈ। [੬]ਗਲ ਜਾਂਦਾ ਹੈ। [੭]ਲੂਣ ਵਾਂਙੂ (ਅ) ਨਿੰਦਕ ਗਰਲ ਵਨੰ=ਨਿੰਦਕ ਜ਼ਹਿਰ ਸਮਾਨ ਹੈ। ਤੂੰ ਕਮਲ ਸਮਾਨ ਹੋਵੇਂਗਾ । [੮]ਕਵਲ ਵਾਂਙੂੰ । [੯]ਅਲੇਪ ਰਹੇਂਗਾ । [੧੦]ਕੁੱਤੇ। [੧੧]ਹਾਥੀ (ਵਤ) ਗੰਭੀਰ ਮਤ ਵਾਲੇ ਨੂੰ ਛੋਭ ਨਹੀਂ ਹੋਵੇਗਾ। [੧੨]ਚਰਣ । [੧੩]ਕਵਲ । [੧੪]ਦੋਵੇਂ। [੧੫]ਘਰ। [੧੬]ਪ੍ਰਸੰਨ। [੧੭]ਮਾਨੁਖ। [੧੮]ਪੂਰਬ ਦਿਸ਼ਾ (ਵਾਙੂ)। [੧੯]ਵਚਨ। [੨੦]ਸੂਰਜ। [੨੧]ਬਰੱਬਰ। [੨੨]ਦਾਸਾਂ ਦਾ। [੨੩]ਭ੍ਰਮ ਰੂਪੀ ਹਨੇਰਾ । [੨੪]ਨਸ਼ਟ ਕਰਕੇ । [੨੫]ਦਲ ਸਿਟਦੇ ਹਨ ਪਾਪਾਂ ਰੂਪੀ। [੨੬]ਤਾਰੇ ਸਾਰੇ। [੨੭]ਜਿੱਥੇ। [੨੮]ਪੁੱਛੇ। [੨੯]ਜਤੁਰ। [੩੦]ਭਾਵ ਮਰਦਾਨੇ ਦੇ ਦਿਲ ਨੂੰ। [੩੧]ਥਕਾਂਨ। [੩੨]ਚਾਰਾ। [੩੩]ਵਿਆਕੁਲ ਹੋਕੇ। [੩੪]ਉਸਦੇ। [੩੫]ਮੁਖ ਨੂੰ। [੩੬]ਵਿਆਕੁਲ।

ਕਹ੍ਯੋ ਸ੍ਰੀ ਬਦਨ ਤੇ 'ਬਿਨਸ਼ੰਕ ਸੁਨਾਉ ਬਖਾਨਿਕੈ'। 'ਕੈਸੇ ਮੈਂ ਮੁਖ ਸੋਂ ਕਹੌਂ ਕਹਿਬੇ ਜੋਗ ਨ ਬਾਤ ਹੈ'। ਪੁਨਹਿ ਪੁਨਹਿ ਸ੍ਰੀ ਗੁਰੁ ਕਹੈਂ 'ਕਹੁ ਜਿਸ ਬਿਧਿ ਭਯੋ ਬ੍ਰਿਤਾਂਤ ਹੈ' ॥ ੧੭ ॥ ਮਤਦ੍ਰਮਲਾ ਛੰਦ* ॥ ਉਰ ਡਰਿ ਮਰਦਾਨੇ ਬਚਨ ਬਖਾਨੇ 'ਕੇਚਿਤ[1] ਨਰ, ਇਉਂ ਬੈਨ ਕਹੈਂ । -ਇਹ ਡੂਮੰ ਤਾਂਹੀ ਭਾ ਜੁ ਕੁਰਾਹੀ- ਨਹਿੰ ਰਬਾਬ ਕੋ ਦੇਨਿ ਚਹੈ। ਦੁਰਮਤਿ ਭ੍ਰਮ ਭੂਲੇ, ਜਸੁ ਪ੍ਰਤਿਕੂਲੇ[2], ਸਠ ਮੁਖ ਤੇ ਨਿੰਦ ਬਖਾਨੇ। ਹੌਂ ਮਨ ਇਹ ਚਾਹੌਂ ਰਸਿਓ[3] ਲਜਾਵੌਂ, ਸੋ ਪਾਇ ਨ ਨਗਰ ਖੁਜਾਨੇ[4]' ॥੧੮॥ ਸ੍ਰੀ ਗੁਰ ਗਤਿ ਦੈਨਾ ਸੁਨਿਕਹਿ ਬੈਨਾ, 'ਝਖ ਮਾਰਹਿੰ ਦੁਸ਼ਟ ਗਵਾਰਾ। ਲੱਜਤਿ ਮੁਖ ਹੋਵਹਿੰ ਜਨਮ ਬਿਗੋਵਹਿੰ ਦੁਖ ਪਾਵਹਿੰ ਜਮ ਦ੍ਵਾਰਾ। ਤੂੰ ਕਰਿ ਨਿਜ ਕਾਜਾ, ਤਜਿ ਨਰ ਲਾਜਾ ਜਾਵਹੁ ਨਗਰ ਬਹੋਰੀ। ਪਿਖਿ ਸੁੰਦਰ ਆਨਹੁ, ਸ਼ੰਕ ਨ ਠਾਨਹੁ, ਸਭਿ ਕਰਹੁ ਡੂਮ ਘਰ ਟੋਰੀ[5]' ॥ ੧੯ ॥ ਦੁਵੱਯਾ ਛੰਦ ॥ 'ਪ੍ਰਭੁ ਜੀ! ਡੂਮ ਮੰਦਮਤਿ ਇਹ ਪੁਰਿ, ਮਮ ਕਹਿ ਕਿਨਹਿ ਨ ਜਾਨ੍ਯੋ। ਬੈਸਨ ਦੇਇੰ, ਨ ਕਿਯ ਸਨਮਾਨਾ, ਕਿਨ ਰਬਾਬ ਨਹਿੰ ਆਨ੍ਯੋ। ਕਿਹ ਦਿਸ਼[6] ਮੈਂ ਅਬ ਖੋਜਨ ਜਾਵੌਂ? ਕਹਉ ਬੁਝਾਇ[7] ਸੁਆਮੀ!। ਤੁਮ ਕੋ ਤੀਨ ਲੋਕ ਕੀ ਸੁਧਿ ਹੈ, ਘਟਿ ਘਟਿ ਅੰਤਰਜਾਮੀ!' ॥ ੨੦ ॥ 'ਪੁਰਿ ਮਹਿੰ ਨਹਿੰ ਜਾਵਹੁ, ਮਰਦਾਨਾ! ਅਵਰ ਸਥਾਨ ਸਿਧਾਵਉ। ਜਿਂਹ ਦਿਸ਼ ਜੰਗਲ ਗ੍ਰਾਮ ਏਕ ਤਹਿੰ ਜਾਇ ਖੋਜ ਤੁਮ ਪਾਵਉ। ਜੁਗ ਸਰਿਤਾ ਮਧ[8] ਤਾਂਕੋ ਜਾਨਹੁ ਰਾਹਕ ਕੋ ਸੋ ਗਾਂਊ। ਨਾਮ ਫਿਰੰਦਾ ਤਹਾਂ ਰਬਾਬੀ ਜਾਇ ਸੁ ਬੂਝਹੁ ਨਾਂਊਂ॥੨੧॥ ਖੋਜਤਿ ਪਾਵਹੁ, ਜਾਚਹੁ ਤਾਂਹੀ, ਨਹਿੰ ਦੇਵਹਿ ਜੇ ਤੁਮ ਕੋ।-ਨਾਨਕ ਭੇਜ੍ਯੋ ਨਿਕਟਿ ਤੁਹਾਰੇ- ਲੀਜੈ ਆਖਯ[9] ਹਮ ਕੋ'। ਕਹਿ ਮਰਦਾਨਾ 'ਸੁਨ੍ਯੋ ਪ੍ਰਭੂ ਜੀ! ਮੋਲ ਹੋਇ ਜੇ ਪਾਸੂ। ਤਿਂਹ ਦੇ ਕਰਿ ਹੌਂ ਲੇਯ

[1]ਕੋਈ। [2]ਆਪਦੇ ਯਸ਼ ਦੇ ਉਲਟ ਹਨ। [3]ਰਸਿਆ ਹੋਇਆ। [4]ਢੂੰਡਿਆਂ। [5]ਢੂੰਡ। [6]ਕਿਸ ਪਾਸੇ। [7]ਸਮਝਾਕੇ। [8]ਦੋ ਨਦੀਆਂ ਵਿਚਕਾਰ। [9]ਨਾਮ।

*ਇਹ ਛੰਦ ਸਵੱਯੇ ਦਾ ਇਕ ਰੂਪ ਹੈ, ਜਿਸਦਾ ਨਾਮ ਹੈ 'ਮਾਤ੍ਰਿਕ ਦੁਰਮਿਲ'। ਇਹ ੩੨ ਮਾਤ੍ਰਾਂ ਦਾ ਹੈ, ਜਿਸਦਾ ਰੂਪ ਇਹ ਹੈ:-੧੦+੮+੧੪, ਅੰਤ ਦੋ ਲਘੂ ਤੇ ਤਿੰਨ ਗੁਰੂ। (॥ऽ,ऽ,ऽ) ਇਹ 'ਮਤਦ੍ਰਮਿਲਾ ਛੰਦ' ਨਹੀਂ ਹੈ ਜੋ ੩੦ ਮਾਤ੍ਰਾ ਦਾ ਹੁੰਦਾ ਹੈ। ਉਸਦਾ ਰੂਪ ਹੈ ੮+੮+੮+੬ ਅੰਤ ਗੁਰੂ (ऽ)। ਕਿਤੇ ਕਿਸੇ ਲਿਖਾਰੀ ਦੀ ਭੁਲ ਹੋਈ ਜਾਪਦੀ ਹੈ ਜੋ ਟੁਰੀ ਰਹੀ ਹੈ।

ਸੁ ਆਵੌਂ, ਪੁਨਿ ਨ ਜਾਉਂ, ਸੁਖਰਾਸੂ[੧] !' ॥੨੨॥ ਦੋਹਰਾ ॥ 'ਜਾਹੁ ਸੁਸਾ[੨] ਕੇ ਪਾਸ ਤੇ ਕੀਮਤ ਜਿਤਨੀ ਹੋਇ। ਸੋ ਲੇਕਰਿ ਗਵਨਹੁ[੩] ਅਬਹਿ ਨਿਜ ਬਿਲੰਬ ਸਭਿ ਖੋਇ' ॥੨੩॥ਦੁਵੱਯਾਛੰਦ॥ ਮਰਦਾਨਾ ਤਤਕਾਲ ਸਿਧਾਯੋ ਗਯੋ ਨਾਨਕੀ ਧਾਮਾ। 'ਕਹਯੋ ਨਗਰ ਸਭਿ ਖੋਜਯੋ ਹੌਂਹੀ, ਨਹਿਂ ਰਬਾਬ ਅਭਿਰਾਮਾ। ਭੇਜਤਿ ਆਨ ਗ੍ਰਾਮ ਅਬ ਪ੍ਰਭੁ ਜੀ, ਮੋਲ ਲੇਨਿ ਹੌਂ ਆਯੋ'। ਸਪਤ ਰਜਤਪਣ[੪] ਜਾਂਚਿ ਲਏ ਜਬ, ਤੂਰਨ ਤਹਿਂ ਤੇ ਧਾਯੋ ॥ ੨੪ ॥ ਤ੍ਰੈ ਬਾਸੁਰ ਤਹਿਂ ਪਹੁੰਚਯੋ ਜਾਈ ਖੋਜਤਿ ਬੂਝਤਿ ਨਰ ਕੌ[੫]। ਜੁਗ[੬] ਬਾਸੁਰ ਤਹਿਂ ਖੋਜਤਿ ਫਿਰਿਓ ਕੋ ਨ ਬਤਾਵੈ ਘਰ ਕੋ। ਸ਼੍ਰਮ[੭] ਸੋਂ ਵ੍ਯਾਕੁਲ ਭਯੋ ਉਦਾਸੂ ਹਟਿ[੮] ਆਵਨ ਕੋ ਤ੍ਯਾਰੀ। ਬੈਸਤਿ ਭਯੋ ਮਹੀਰੁਹ[੯] ਛਾਂਹੀ[੧੦] ਫਿਕਰਵੰਦ ਹੁਇ ਭਾਰੀ॥ ੨੫॥ 'ਕੌਨ ਨਾਮ ਕਿਤਤੇ ਤੁਮ ਆਯੋ ?' ਬੂਝਯੋ[੧੧] ਇਕ ਨਰ[੧੨]* ਆਈ। 'ਖੋਜਤਿ ਹੋ ਕਿਂਹ ਕੋ ਕਯਾ ਕਾਜਾ ?[੧੩] ਹਮ ਕੋ ਦੇਹੁ ਸੁਨਾਈ। ਚਿੰਤਾਤੁਰ ਅਤਿਸ਼ੈ ਚਿਤ ਮਾਂਹੀ ਦੀਸਤਿ ਤੋਹਿ ਲਿਲਾਰਾ[੧੪]। ਕਰੋ ਮਨੋਰਥ ਅਪਨਾ ਪ੍ਰਗਟੇ, ਪੁਨਿ ਜਿਹ ਥਾਨ ਅਗਾਰਾ[੧੫]' ॥੨੬॥ ਦੋਹਰਾ ॥ ਮਰਦਾਨੇ ਉਰ ਧ੍ਰਿਤ[੧੬] ਭਈ ਬਚਨ† ਸੁਨੇ ਮ੍ਰਿਦੁ[੧੭] ਸਾਰ[੧੮]। ਹਰਖਮਾਨ ਹੁਇ ਕਰਿ ਤਬੈ ਉਚਰੇ ਬਚਨ ਵਿਚਾਰ ॥੨੭॥ਦੁਵੱਯਾਛੰਦ॥ 'ਵਤਨ ਰਾਇ ਭੋਇ ਤਲਵੰਡੀ,ਨਾਮ ਜਾਨਿ ਮਰਦਾਨਾ। ਏਕ ਫਿਰੰਦਾ ਅਹੈ ਰਬਾਬੀ ਖੋਜੋਂ ਤਿਸਹਿ, ਸੁਜਾਨਾ ! ਨਾਨਕ ਵੇਦੀ ਭੇਜਯੋ ਤਿਹ ਢਿਗ ਲੇਨਿ ਰਬਾਬ ਰਜਾਈ[੧੯]। ਖੋਜਯੋ ਸੋ ਬਹੁ ਹਾਥ ਨ ਆਵੈ ਯਾਂਤੇ ਮਨ ਬਿਕੁਲਾਈ[੨੦]' ॥ ੨੮ ॥ 'ਨਾਮ ਫਿਰੰਦਾ ਹਮਰਾ ਜਾਨਹੁ ਪਠਵਯੋ[੨੧] ਤੂੰ ਮੁਝ ਪਾਸਾ[੨੨]। ਲੇ ਰਬਾਬ ਜਾਵਹੁ ਅਬ ਤਹਿਂ ਕੋ ਜਹਿਂ ਹੈਂ ਮਯਾ ਅਵਾਸਾ[੨੩]। ਭਵਸਾਗਰ ਤੇ ਨਰ ਬਹੁ ਤਾਰਨ ਧਾਰਯੋ ਸੁਤੇ ਸਰੂਪਾ'। ਅਸ ਬਿਧਿ[੨੪] ਬਦਨਹਿ ਬਦਿ ਕਰਿ[੨੫] ਆਨਯੋ ਸੁਭਗ[੨੬] ਰਬਾਬ ਅਨੂਪਾ॥ ੨੯ ॥ ਦੋਹਰਾ ॥ ਉਰ ਅਚਰਜ ਹ੍ਵੈ ਹਰਖ ਕਰਿ ਮਰਦਾਨੇ ਤਿਹਕਾਲ।

---

[੧]ਫੇਰ ਨਾ ਜਾਣਾ ਪਵੇ ਹੇ ਸੁਖਾਂ ਦੀ ਖਾਣ। [੨]ਬੇਬੇ ਜੀ। [੩]ਚਲਾ ਜਾ। [੪]ਸਤ ਰੁਪੱਯੇ। [੫]ਮਨੁੱਖ ਨੂੰ। [੬]ਦੋ। [੭]ਥਕਾਨ। [੮]ਮੁੜ। [੯]ਬ੍ਰਿੱਛਾਂ ਦੀ। [੧੦]ਛਾਵੇਂ। [੧੧]ਪੁਛਿਆ। [੧੨]ਇਕ ਮਨੁੱਖ ਨੇ। [੧੩]ਕੰਮ ਕੀਹ ਹੈ। [੧੪]ਮੱਥਾ। [੧੫]ਜਿੱਥੇ ਘਰ ਹਨ। [੧੬]ਧੀਰਜ। [੧੭]ਕੋਮਲ। [੧੮]ਚੰਗੇ। [੧੯]ਹੁਕਮ ਹੈ। [੨੦]ਘਬਰਾ ਰਿਹਾ ਹੈ। [੨੧]ਭੇਜਿਆ ਗਿਆ ਹੈਂ। [੨੨]ਤੂੰ ਮੇਰੇ ਕੋਲ। [੨੩]ਦਯਾ ਦੇ ਘਰ (ਗੁਰੂ ਜੀ)। [੨੪]ਇਸ ਤਰਾਂ। [੨੫]ਆਖਕੇ। [੨੬]ਸਹਣਾ। *ਪਾ:-ਮਾਨਵ। †ਪਾ:-ਬੈਨ।

–ਕਿਤ ਤੇ ਲੀਨ ਨਿਕਾਸ ਯਹਿ–ਨਹਿਂ ਜਾਨੀ ਤਿਹ ਚਾਲ[੧] ॥ ੩੦ ॥ ਦੁਵੱਯਾ ਛੰਦ ॥ ਅਦਭੁਤ ਦੇਖਤਿ ਹੀ ਬਿਸਮਾਦਯੋ 'ਕਹਉ ਮੋਲ ਇਹ ਜੋਊ। ਇਸਕੀ ਸਮ ਕੋ ਔਰ ਨ ਪੇਖਯੋ ਲੇਹੁ ਮੋਲ ਕਹਿ ਸੋਊ'। 'ਨਹੀਂ ਮੋਲ ਇਸ ਕੋ ਤੁਮ ਪਾਹੀ' ਐਸੇ ਕਹਤਿ ਫਿਰੰਦਾ। 'ਪੁਨ ਹਮਨੈ ਲੈਨੋ ਭੀ ਨਾਂਹੀ ਸ੍ਰੀ ਅਵਤਾਰ ਮੁਕੰਦਾ[੨]' ॥ ੩੧ ॥ ਮਰਦਾਨਾ ਮਨ ਹੋਇ ਹਿਰਾਨਾ ਬੂਝਤਿ ਤਿਹ ਪ੍ਰਤਿ[੩] ਐਸੇ। 'ਇ ਰਬਾਬ ਤੁਮ ਕਿਤ ਬਿਧਿ ਦੀਨੋ ਮੋਲ ਨ ਲੈਹੋ ਕੈਸੇ ? ਸਭਿ ਬਿਰਤਾਂਤ ਭਨੀਜੈ ਅਪਨਾ ਖੋਵਹੁ ਸੰਸੈ ਹਮਰਾ। ਸ਼ੁਭ ਸੁਭਾਇ, ਸ਼ੁਭ ਬੇਖ, ਮਧੁਰ ਬਚ, ਭੇਦ ਨ ਜਾਨਯੋ ਤੁਮਰਾ' ॥ ੩੨ ॥ ਭਨਤਿ ਫਿਰੰਦਾ 'ਮ੍ਰਿਤਮੰਡਲ[੪] ਕੋ ਇਹ ਰਬਾਬ ਨਹਿਂ ਲਖਿਯੇ[੫]। ਅਨਤ[੬] ਅੱਗ੍ਰ[੭] ਸੋ ਨਹੀਂ ਵਜਾਵਹੁ, ਸ੍ਰੀ ਨਾਨਕ ਜਹਿਂ ਪਿਖਿਯੇ[੮]। ਤਹਾਂ ਬਜਾਵਹੁ, ਚਲਿ ਮਰਦਾਨਾ ! ਸੰਗ ਚਲਹੁਂ ਮੈਂ ਤੇਰੇ। ਪਾਦ ਪਦਮ ਕੋ ਦਰਸ਼ਨ ਕਰਿਹੌਂ ਰਿਦੇ ਲਾਲਸਾ ਮੇਰੇ' ॥੩੩ ॥ ਜੁਗਲ[੯] ਚਲੇ ਉਰ ਹਰਖ ਬਿਸਾਲਾ, ਪਹੁੰਚੇ ਜਹਾਂ ਕ੍ਰਿਪਾਲਾ। ਪਦ ਅਰਬਿੰਦ ਅਨੰਦ ਕੰਦ ਕੇ ਪਰਸੇ ਧਰਿ ਕਰਿ ਭਾਲਾ[੧੦]। ਨੌਮੇ ਦਿਨ ਆਯੋ ਮਰਦਾਨਾ ਧਰਯੋ ਰਬਾਬ ਅਗਾਰੀ। ਕਮਲ ਬਦਨ ਤੇ ਬਚ ਮਕਰੰਦਾ ਬੋਲੇ ਸ੍ਰੀ ਦੰਭਾਰੀ[੧੧] ॥ ੩੪ ॥ 'ਬਹੁਤੀ ਬਿਲਮ[੧੨] ਲਗਾਈ ਤਹਿੰਵਾ ਭਈ ਬਾਤ ਕਹੁ ਤੈਸੇ'। 'ਪ੍ਰਭੁ ਜੀ ! ਭੇਵ ਨ ਜਾਨਯੋ ਜਾਈ ਕਹੌਂ ਬਚਨ ਮੈਂ ਕੈਸੇ। ਆਪ ਖੁਦਾਇ ਧਰਤ ਅਵਤਰਯੋ ਅਚਰਜ ਹੇਰਤਿ ਚਰਿਤ। ਗਯੋ ਗ੍ਰਾਮ ਮੈਂ ਤੁਮ ਜੁ ਬਤਾਯੋ ਭਯੋ ਬਿਆਕੁਲ ਫਿਰਤਾ ॥੩੫॥ ਜੁਗ[੧੩] ਬਾਸੁਰ ਮੈਂ ਗ੍ਰਾਮ ਖੋਜਿਕੈ ਹਟਿ ਆਵਨ ਕੋ ਤਯਾਰੂ। ਆਇ ਸੰਤ ਇਹ ਸੰਗ ਜੁ ਮੇਰੇ ਦੀਨਿ ਰਬਾਬਹਿ ਚਾਰੂ[੧੪]। ਤੀਨ ਦਿਵਸ ਮੈਂ ਪਹੁੰਚਯੋ ਜਾਈ ਤੀਨ ਦਿਵਸ ਤਹਿਂ ਬੀਤੇ। ਤੀਨ ਦਿਵਸ ਮੈਂ ਮੁਰਿ ਕਰਿ ਆਯੋ ਬਿਲਮ ਲਗੀ ਇਸ ਰੀਤੇ' ॥੩੬॥ ਹਾਥ ਬੰਦ ਕਹਿ ਬਚਨ ਫਿਰੰਦਾ 'ਆਨੰਦਕੰਦ ! ਸੁਨੀਜੈ। ਹੁਤੋ ਪੁਚਾਵਨ ਇਹ ਰਬਾਬ ਬਰ[੧੫] ਕ੍ਰਿਪਾ ਸਿੰਧੁ ! ਸੋ ਲੀਜੈ। ਦਰਸ਼ਨ ਕੀ ਲਾਲਸ ਥੀ ਮੁਝ ਕੋ, ਹਰਖ ਸਰਸ[੧੬]* ਦਰਸਾਯੋ। ਸਭਿ ਬਿਧਿ ਜਾਨਹੁ ਅੰਤਰਜਾਮੀ' ਇਹ ਬਿਧਿ ਕਹਤਿ ਸਿਧਾਯੋ॥੩੭॥ ਬਿਦਾ ਕਰਨ ਗਵਨਯੋ

---

[੧]ਗਤੀ। [੨]ਮੁਕਤੀ ਦਾਤੇ ਤੋਂ [੩]ਤਿਸ ਤਾਈਂ। [੪]ਸੰਸਾਰ। [੫]ਨਾਂ ਸਮਝੋ। [੬]ਹੋਰਦੇ। [੭]ਅਗੇ। [੮]ਜਿੱਥੇ ਵੇਖੋ। [੯]ਦੋਨੋਂ। [੧੦]ਮੱਥਾ। [੧੧]ਦੰਭ ਦੇ ਵੈਰੀ। [੧੨]ਦੇਰੀ। [੧੩]ਦੋ। [੧੪]ਸੁੰਦਰ। [੧੫]ਸ੍ਰੇਸ਼ਟ। [੧੬]ਬੜਾ ਖੁਸ਼ ਹੋਇਆ ਹਾਂ। *ਪਾ:–ਅਧਿਕ।

ਮਰਦਾਨਾ ਭਯੋ ਅਦ੍ਰਿੱਸ਼[੧] ਸੋਊ। ਕਿਤ ਕੋ ਗਯੋ ਨ ਜਾਨਯੋ ਤਿਹ ਛਿਨ
ਹੈਰਤਿ ਬਿਸਮੈ ਹੋਊ[੨]। ਰਿਦੇ ਵਿਚਾਰ ਕਰਤਿ ਭਾ ਬਹੁ ਬਿਧਿ–ਭਯੋ ਨ
ਨੈਨ ਬਿਹੀਨਾ[੩]। ਮੁਰ[੪] ਢਿਗ[੫]ਤੇ ਦੁਰ[੬]ਛਰ ਸਾ[੭] ਕਰਿਗਾ ਭੇਦ ਨ ਤਿਹਕੋ
ਚੀਨਾ–॥੩੮॥ਆਯੋ ਜਬ,ਬੂਝਯੋ ਸ਼੍ਰੀ ਨਾਨਕ'ਕਹਿੰ[੮]ਲੌਂ[੯]ਜਾਇ ਪੁਚਾਯੋ ?'।
'ਮੁਰ ਢਿਗ ਤੇ ਦੁਰ[੧੦] ਦੀਸਯੋ ਨਾਂਹੀ ਹੈਰਤਿ ਅਚਰਜ ਆਯੋ'।ਕਹਿ ਕਰਿ
ਬੈਸ ਗਯੋ ਮਰਦਾਨਾ ਬੂਝਨ ਲਗਾ ਦਯਾਲਾ[੧੧]।'ਹੁਤੋ ਕੌਨ ਇਹ ਮਾਨਵ?
ਸ੍ਵਾਮੀ! ਜਾਂਹਿ[੧੨] ਸੁਭਾਇ ਰਸਾਲਾ॥ ੩੯॥ ਅਪਰ[੧੩] ਨਰਨ ਸੀ ਯਾਂਕੀ
ਗਤਿ ਨਹਿਂ ਰੁਚਿਰ ਰੂਪ ਦੁਤਿਵਾਨਾ[੧੪]। ਬਹੁਰ ਰਬਾਬ ਉਪਾਇਨ[੧੫]
ਦੀਨਾ ਸੁਭਗ[੧੬]ਅਲੌਕਿਕ[੧੭] ਆਨਾ। ਦੀਨਾ ਨਾਥ! ਕਥਹੁ ਯਹਿ ਗਾਥਾ,
ਭਯੋ ਜਿ ਅੰਤਰਧਯਾਨਾ[੧੮]। ਸ਼ਕਤਿਵਾਨ ਪਿਖ ਬਿਸਮੈ ਮੁਝ ਮਨ' ਸੁਨਿ
ਸ਼੍ਰੀ ਗੁਰੂ ਬਖਾਨਾ॥੪੦॥'ਹੁਤੋ ਸੰਤ ਗੰਧਰਬਨ ਮਾਂਹੀ[੧੯]ਜਿਹ ਹਰਿ ਕੀਰਤਿ
ਪਯਾਰੀ। ਨਿਸ ਦਿਨ ਰਹਿਤਿ ਪ੍ਰੇਮ ਰੰਗਰਾਤਾ ਇਹ ਰਬਾਬ ਕਰਧਾਰੀ[੨੦]।
ਚਿਰੰਕਾਲ ਕੀ ਚਾਹਿਹੁਤੀ ਮਨ ਬਾਦਿਤ ਦੇਨਿ ਰਸਾਲਾ[੨੧]। ਸੋ ਅਬ ਦਯੋ,
ਬਜਾਵਹੁ ਲੇਕਰਿ, ਬਿਲਮ ਨ ਕਰਿ ਦਰਹਾਲਾ[੨੨]' ॥੪੧॥ ਆਇਸੁ ਮਾਨ
ਲਯੋ ਮਰਦਾਨੇ ਕਰਨ ਲਗਯੋ ਤਬ ਸੁਰ ਕੋ। ਸ਼੍ਰੀ ਗੁਰੁ ਭਨਯੋ'ਬਨਹਿ ਸੁਰ
ਆਪੇ*, ਵਾਵਹੁ[੨੩]ਬਿਲਮ ਨ ਕਰਿ ਕੋ'। ਸੁਨਤਿ ਵਜਾਯੋ ਤਿੰਹ ਤਤਕਾਲਾ
ਸੁਰ ਬਨਿਗਾ[੨੪] ਤਬ ਆਪੇ। ਐਸੀ ਬਾਤ ਨ ਅਚਰਜ ਤਾਂਕੋ ਜਾਂਹਿ ਸੁਰਾ-
ਸੁਰ ਥਾਪੇ[੨੫] ॥੪੨॥ ਭਈ ਅਵਾਜ 'ਤੁਹੀ ਨਿਰੰਕਾਰਾ ਨਿਰੰਕਾਰ ਕਰਤਾ-
ਰਾ!' ਤਿਹ ਪੀਛੇ ਸ਼੍ਰੀ ਨਾਨਕ ਬਿਨਤੀ ਹੋਵਹਿ ਤਾਰ ਮਝਾਰਾ[੨੬]।ਭਏ ਪ੍ਰੇਮ

---

[੧]ਨਜ਼ਰੋਂ ਗੈਬ ਹੋ ਗਿਆ। [੨]ਹੈਰਾਨ ਹੋਇਆ। [੩]ਮੇਰੀਆਂ ਅੱਖਾਂ ਤੋਂ (ਖਾਲੀ ਭਾਵ) ਪਰੇ ਨਹੀਂ ਹੋਇਆ। (ਅ) ਭਾਵ, ਮੈਂ ਅਖਾਂ ਤੋਂ ਹੀਣ ਨਹੀਂ ਹੋ ਗਿਆ ਜੋ ਮੈਂ ਕਿਸੇ ਪਾਸੇ ਜਾਂਦਾ ਦੇਖ ਨਹੀਂ ਸਕਿਆ। [੪]ਮੇਰੇ। [੫]ਪਾਸੋਂ। [੬]ਛਿਪ ਕੇ। [੭]ਛਲ ਜਿਹਾ। [੮]ਕਿਥੋਂ। [੯]ਤਕ। [੧੦]ਛਿਪ ਗਿਆ। [੧੧]ਗੁਰੂ ਜੀ ਤੋਂ। [੧੨]ਜਿਸਦਾ। [੧੩]ਹੋਰ। [੧੪]ਕ੍ਰਾਂਤੀ ਵਾਲਾ। [੧੫]ਭੇਟਾ। [੧੬]ਸੁਹਣਾ। [੧੭]ਅਚਰਜ। [੧੮]ਲੋਪ ਹੋ ਗਿਆ। [੧੯]ਦੇਵਤਿਆਂ ਦੇ ਰਾਗੀਆਂ ਵਿਚੋਂ। [੨੦]ਹਥ ਵਿਚ ਲੈਕੇ। [੨੧](ਇਸ) ਸੁੰਦਰ ਵਾਜੇ ਦੇ ਸਾਨੂੰ ਦੇਣ ਦੀ (ਉਸਨੂੰ)। [੨੨]ਛੇਤੀ (ਵਜਾਓ)। [੨੩]ਵਜਾਵਹੁ। [੨੪]ਸੁਰ ਹੋ ਗਿਆ। [੨੫]ਦੇਵਤੇ ਤੇ ਦੈਂਤ ਜਿਸਨੇ ਥਾਪੇ ਹਨ, ਭਾਵ ਗੁਰੂ ਜੀ ਨੂੰ। (ਅ) ਸੂਰ–ਅਸੂਰ। ਸੂਰ=ਰਾਗ ਦੀਆਂ ਮਿਠੀਆਂ ਸੁਰਾਂ। ਅਸੂਰ=ਬਿਜਲੀ ਆਦ ਦੀਆਂ ਘੋਰ ਸੁਰਾਂ, ਅਵਾਜ਼ਾਂ। [੨੬]ਵਿਚ।

*ਪ੍ਰਾ:–ਆਛੇ।

ਮੈਂ ਪਸੁ ਪੰਛੀ ਸਭਿ ਮੋਹੇ ਮਨ ਉਦਿਆਨਾ[੧]। ਤਰੁਵਰ[੨] ਤੇ ਰਸ ਨਿਚੁਰਨ[੩] ਲਾਗ੍ਯੋ ਵਿਸਰਾ ਸਭਿਨਿ[੪]ਅਪਾਨਾ[੫] ॥੪੩॥ ਸੁਨਿ ਸੁਨਿ ਸ਼੍ਰੀ ਨਾਨਕ ਮਨ ਭਾਈ ਲਗੀ ਸਮਾਧਿ ਅਖੰਡਾ। ਪਲਕ ਜੁਟੀ[੬] ਜੁਗ[੭] ਭਏ ਬਿਦੇਹਾ ਸ੍ਵਾਸ ਦਸਮ ਦਰ ਮੰਡਾ[੮]। ਹੋ ਅਛੋਭ ਛੋਰਹਿ ਨਹਿੰ ਤਿਹ ਕੋ, ਬੀਤਿ ਗਏ ਦਿਨ ਦੋਊ। ਪਦਮਾਸਨ[੯] ਬੈਸੇ ਅਸ ਸੋਹਤਿ ਜਿਵ ਸ਼ਿਵ ਕਲਮਲ ਖੋਊ[੧੦] ॥੪੪॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਬਾਬ ਲਜਾਵਨ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋਂ ਧ੍ਯਾਇ ॥੩ ॥

੩੬. [ਗੁਰ ਚਰਨ ਮੰਗਲ। ਮਰਦਾਨੇ ਦੀ ਭੁਖ। ਬੇਬੇ ਜੀ ਪਾਸੋਂ ਵਿਦਾ]

ਦੋਹਰਾ ॥ ਸ੍ਰੀ ਸਤਿਗੁਰ ਪਾਰਸ ਚਰਨ ਮਨ ਮਨੂਰ ਮਮ ਭੇਟ।
ਕੰਚਨ ਸੋ ਹੋਵਹਿ ਜਬਹਿ ਲਗਹਿ ਨ ਜਮ ਕੀ ਫੇਟ ॥ ੧ ॥

{ ਮਨੂਰ=ਮਿੱਟੀ ਵਾਂਗੂ ਮਰ ਚੁਕਾ, ਪਰ ਖਿੰਗਰ ਹੋ ਚੁਕਾ ਲੋਹਾ। ਲੋਹੇ ਦੀ ਮੈਲ। ਭੇਟ=ਮਿਲਾਪ, ਛੁਹ ਪ੍ਰਾਪਤ ਹੋਵੇਗੀ। ਫੇਟ=ਘੇਰ, ਘੇਰਾ, ਫਾਹੀ, ਚੋਟ। }

**ਅਰਥ**-ਮੇਰੇ ਮਨੂਰ (ਹੋ ਚੁਕੇ) ਮਨ ਨੂੰ ਜਦੋਂ ਸ੍ਰੀ ਸਤਿਗੁਰੂ ਜੀ ਦੇ ਪਾਰਸ (ਰੂਪੀ) ਚਰਨਾਂ ਦੀ ਛੁਹ ਪ੍ਰਾਪਤ ਹੋਵੇਗੀ, (ਤਦੋਂ) ਉਹ ਸੋਨੇ ਵਾਂਗੂੰ (ਸ਼ੁਧ) ਹੋ ਜਾਵੇਗਾ (ਤੇ ਫੇਰ ਉਸਨੂੰ) ਜਮ ਦੀ ਫੇਟ ਨਹੀਂ ਲਗੇਗੀ।

ਦੁਵੈਯਾ ਛੰਦ ॥ਲਗੀ ਸਮਾਧਿ ਬਿਤੇ ਦਿਨ ਦੋਊ ਲੋਚਨ ਕਮਲ ਨ ਬਿਕਸੇ[੧੧]। ਮਰਦਾਨੇ ਤਨ ਛੁਧਾ[੧੨] ਅਧਿਕ ਭੀ ਪ੍ਰਾਨ ਜਾਹਿੰ ਜਿਉਂ ਨਿਕਸੇ।ਕੋ ਮਾਨਵ ਤਹਿੰ ਦ੍ਰਿਸ਼ਟਿ ਨ ਆਵੈ ਜਿਹ ਤੇ ਜਾਚਹਿ[੧੩]ਖਾਨਾ[੧੪]। ਹੁਤੋ ਨਿਕਟਿ ਨਿਰਮਲ ਜਲ ਸੀਤਲ, ਤਿਖ ਹ੍ਵੈ ਕਰਹਿ ਸੁ[੧੫] ਪਾਨਾ[੧੬] ॥੨॥ਦੋਹਰਾ॥ਤਜਿਕਰਿ ਪ੍ਰਭੁ ਕੋ ਜਾਇ ਨਹਿੰ,ਮਨ ਮਹਿੰ ਕਰਤਿ ਵਿਚਾਰ-ਕਿਹ ਬਿਧਿ ਬੀਤਹਿ[੧੭] ਸੰਗ ਇਨ ਹੋਵਹਿ ਕਸ਼ਟ ਅਪਾਰ ॥ ੩ ॥ ਸੋਰਠਾ ॥ ਅਬ ਕੇ ਦੇਹਿ ਮਝਾਰ ਆਵਹਿੰ[੧੮], ਮਾਂਗੋ ਬਿਦਾ ਮੈਂ। ਜਾਵੋਂ ਅਪਨ ਅਗਾਰ, ਕਠਨ ਰਹਿਨ ਹੈ ਸੰਗ ਇਨ-॥ ੪ ॥ਦੁਵੈਯਾ ਛੰਦ ॥ ਬਹੁਤ ਛੁਧਾ ਮਹਿੰ ਭਯੋ ਬਿਹਾਲਾ ਭੋਜਨ

---

[੧]ਬਨ ਦੇ ਪਸ਼ੂ ਪੰਛੀ। [੨]ਦਰਖਤਾਂ ਤੋਂ। [੩]ਚੋਵਨ। [੪]ਸਭ ਨੂੰ। [੫]ਆਪਾ। [੬]ਪਲਕਾਂ ਜੁੜੀਆਂ। [੭]ਦੋਵੇਂ। [੮]ਟਿਕ ਗਏ। [੯]ਦੇਖੋ ਪ੍ਰਸੰਗ ਖਰਾ ਸੌਦਾ ਪੰਨਾ ੨੩੪ ਦੀ ਟੂਕ। [੧੦]ਕਲਜਾਠ ਸਰੂਪ, (ਅ) ਸ਼ਿਵ ਜੀ (ੲ) ਕਲਜਾਨ=ਮੁਕਤੀ। ਮਾਨੋਂ ਪਾਪਾਂ ਦੇ ਖੈ ਕਰਨ ਵਾਲੀ ਮੁਕਤੀ ਆਪ ਸਮਾਧੀ ਲਾਈ ਬੈਠੀ ਹੈ। [੧੧]ਨਾ ਖਿੜੇ ਭਾਵ ਨਾਂ ਖੁਲ੍ਹੇ। [੧੨]ਭੁਖ। [੧੩]ਮੰਗੇ। [੧੪]ਭੋਜਨ। [੧੫]ਉਹ (ਪਾਣੀ)। [੧੬]ਪੀਵੇ। [੧੭]ਨਿਭੇਗਾ। [੧੮]ਭਾਵ, ਹੋਸ਼ ਆਉਣ ਤੇ।

ਹਾਥ ਨ ਆਯੋ। ਤਜਿ ਨਹਿੰ ਸਕਈ ਦੀਨ ਦਯਾਲਾ, ਬਨੀ ਕਠਨ[1], ਦੁਖ ਪਾਯੋ। ਅਸਮੰਜਸ[2] ਭੀ[3] ਦੋਨੋਂ ਬਾਤੈਂ–ਨਿਕਟਿ ਰਹਿਨ[4] ਪੁਰਿ ਜਾਨਾ[5]–। ਕਰਤਿ ਵਿਚਾਰ ਰਾਤਿ ਸਭਿ ਬੀਤੀ ਭਯੋ ਉਦੇ ਪੁਨਿ ਭਾਨਾ[6] ॥ ੫ ॥ ਅੰਬਕ ਅੰਬਜ[7] ਬਿਕਸੇ ਤਿਹ ਛਿਨ ਭਏ ਸੁਚੇਤ ਸਰੀਰਾ। ਮਰਦਾਨੇ ਕੇ ਉਰ ਕੀ ਲਖਿ ਕਰਿ ਬੋਲੇ ਵਾਕ ਗੰਭੀਰਾ। 'ਕਿਹ ਬਿਧਿ ਕੀ ਸੁਧ ਬਦਹੁ[8] ਆਪਨੀ? ਬਦਨ ਰਹਯੋ ਮੁਰਝਾਯੋ'। ਸੁਨਿ ਕਰ ਸ੍ਰੀ ਨਾਨਕ ਕੇ ਬਚਨਾ ਕਹਿਨ ਲਗੋ ਬਿਕੁਲਾਯੋ[9] ॥੬॥ 'ਛੁਧਾ ਪਿਪਾਸਾ[10] ਤੁਮਰੇ ਨਿਵਰੇ ਤਿਨ ਤੇ ਕਸ਼ਟ ਨ ਕੋਊ ਕੈਸੇ ਤੁਮ ਕੋ ਆਨ ਬਿਆਪਹਿੰ, ਰਾਵਰ ਸਿਰਜੇ[11] ਸੋਊ। ਹਮਰਾ ਨਰ ਤਨ, ਤਿਨ ਬਿਨ ਗੁਜ਼ਰ ਨ, ਅਸਨ ਬਸਨ ਨਿਤ ਚਾਹੋਂ। ਭਯੋ ਛੁਧਾ ਸੋਂ ਅਧਿਕ ਬਿਹਾਲਾ, ਕਿਹ ਤੇ ਪ੍ਰਭੁ ਜੀ ਖਾਹੋਂ? ॥ ੭॥ ਤੁਮ ਜੇ ਸੰਗ ਰਖਯੋ ਨਿਤ ਚਾਹਤਿ ਦੂਰ ਛੁਧਾ ਕਰਿ ਮੋਰੀ। ਬਾਸੁਰ[12] ਤੀਨ ਅਸਨ ਬਿਨ ਬੀਤੇ, ਬਿਕਲ[13] ਬਪੁਖ[14], ਬਿਨ ਜੋਰੀ[15]। ਕਿਹ ਬਿਧਿ ਹੋਹਿ ਮੋਹਿ ਨਿਰਬਾਹੁ, ਅਸਨ[16] ਅਚਨ[17] ਚਿਤ ਚਾਹਾ[18]। ਇਕ ਨਿਰ-ਬਲ ਤਨ, ਦੂਸਰ[19] ਪਦ ਸੋਂ[20] ਸਦਾ ਪੰਥ ਅਵਗਾਹਾ[21]' ॥ ੮ ॥ ਦੋਹਰਾ ॥ ਸ੍ਰੀ ਨਾਨਕ ਆਨਨ[22] ਭਨੈ[23] 'ਸੁਨਿ ਮਰਦਾਨਾ! ਕਾਨ[24]। ਹਮ ਸੰਗ ਐਸੇ ਹੀ ਸਦਾ, ਰਹਹੁ ਆਪ ਪਰਮਾਨ[25]' ॥੯॥ ਸੋਰਠਾ ॥ 'ਕੈ[26] ਮੁਝ ਛੁਧਾ ਨਸਾਹਿ[27], ਕੈ[28] ਦੀਜੈ ਮੁਝ ਖਾਨ ਕੋ। ਤੌ ਹੋਵਹਿ ਨਿਰਬਾਹਿ, ਨਾਤੁਰ[29] ਸੰਗ ਨ ਪੁਜਈ[30]' ॥ ੧੦ ॥ ਦੁਵੈਯਾ ਛੰਦ ॥ 'ਇਹ ਬਾਤੈਂ ਸਭਿ ਢਿਗ ਕਰ-ਤਾਰਾ, ਕਰਨ ਕਰਾਵੇਨ ਜੋਊ। ਹਮਰੇ ਸੰਗਿ ਜਾਨਿਯੇ ਅਸ ਬਿਧਿ[31], ਜਸ ਬਨਿ ਕਾਟਹਿ ਸੋਊ[32]। ਖੁਸ਼ੀ ਹੋਇ ਤੌ ਨਿਕਟਿ ਰਹੀਜੈ, ਨਤੁ[33] ਜਾਵਹੁ ਨਿਜ ਧਾਮਾ'। ਸੁਨਿ ਕਰਿ ਮਰਦਾਨਾ ਉਰ ਭਰਮਯੋ, ਕਰੇ ਯਾਦ

---

[1]ਔਖੀ ਆ ਬਣੀ। [2]ਘਬਰਾਹਟ, ਕਠਨਾਈ। [3]ਹੋਈ। [4]ਪਾਸ ਰਹਿਣਾ। [5]ਸ਼ਹਿਰ ਜਾਣਾ। [6]ਸੂਰਜ। [7]ਕਮਲਾਂ ਵਰਗੇ ਨੇਤ੍ਰ। [8]ਆਖੋ। [9]ਵਿਆਕੁਲ ਹੋਕੇ। [10]ਤ੍ਰੇਹ। [11]ਆਪ ਦੇ ਰਚੇ ਹੋਏ ਹਨ। [12]ਦਿਨ। [13]ਵਿਆਕੁਲ ਹੋਕੇ। [14]ਸਰੀਰ। [15]ਕਮਜ਼ੋਰ ਹੋ ਗਿਆ ਹੈ। [16]ਭੋਜਨ। [17]ਖਾਵਣ ਨੂੰ। [18]ਚਿਤ ਚਾਹੁੰਦਾ ਹੈ। [19]ਦੂਸਰੇ। [20]ਪੈਰਾਂ ਨਾਲ। [21]ਤੁਰਨਾ ਪਏਗਾ। [22]ਮੁਖੋਂ। [23]ਕਿਹਾ। [24]ਕੰਨੀ। [25]ਪਰਵਾਣ ਹੈ (ਤਾਂ ਰਹੋ)। [26]ਜਾਂ। [27]ਦੂਰ ਕਰੋ। [28]ਜਾਂ। [29]ਨਹੀਂ ਤਾਂ। [30]ਸਾਥ ਨਹੀਂ ਪੁੱਜਦਾ। [31]ਇਹੋ ਗਲ ਹੈ। [32]ਜੈਸੀ ਆ ਬਣੇ ਤੈਸੀ ਕਟੋ। [33]ਨਹੀਂ ਤਾਂ।

ਸੁਤ ਬਾਮਾ[੧] ॥੧੧॥ 'ਜਾਉਂ ਨਿਕੇਤ ਨਿਦੇਸ[੨] ਦੇਹੁ ਪ੍ਰਭੁ ! ਸੁਧ ਤੁਮਰੀ ਸਭਿ ਦੇਊਂ'। ਭਯੋ ਤਯਾਰ ਚਲਨ ਕੋ ਘਰ ਜਬ ਬੋਲੇ ਅਲਖ ਅਭੇਊ[੩]। 'ਸੁਸਾ[੪] ਅਵਾਸ ਰਬਾਬ ਧਰੀਜੈ, ਬਹੁਰ ਜਾਹੁ ਮਰਦਾਨਾ !' ਕਰੁਨਾ-ਨਿਧਿ ਕੇ ਸੁਨਿਕੈ ਬਚਨਾ ਪੁਰਿ ਮਹਿਂ ਕਿਯੋ ਪਿਯਾਨਾ[੫] ॥੧੨॥ ਗਯੋ ਨਿਕੇਤ ਨਾਨਕੀ ਤਬ ਹੀ ਭੀ ਸਸ਼ੰਕ[੬] ਜਬ ਦੇਖਾ। ਸੁੰਦਰ ਪੀੜ੍ਹਾ ਦੀਨ ਵਿਛਾਈ ਆਦਰ ਕੀਨ ਵਿਸ਼ੇਖਾ। 'ਬਹੁਤ ਦਿਵਸ ਮਹਿਂ ਹਮ ਘਰ ਆਯੋ, ਕਹਾਂ ਰਹੇ ਮਰਦਾਨਾ ? ਇਹ ਰਬਾਬ ਕੀ ਕੀਮਤਿ ਕਿਤਨੀ ਜੋ ਅਤਿ ਸੁੰਦਰ ਆਨਾ ? ॥੧੩॥ ਭ੍ਰਾਤਾ ਕੌਨ ਥਾਨ ਅਬਿ ਬੈਸੇ ਕਮਲ ਬਦਨ[੭] ਗਤਿ[੮] ਦੈਨਾ[੯] ?'। ਕਹਿ ਮਰਦਾਨਾ 'ਆਇਸ ਲੇ ਕਰਿ ਹੌਂ ਜਾਵੋਂ ਨਿਜ ਐਨਾ[੧੦]। ਨਿਬਹੈ ਸੰਗਿ ਨ ਤਿਨ ਕੌ ਮੁਝ ਤੇ ਕਲਾਵਾਨ ਅਵਤਾਰਾ[੧੧]। ਤਿਨ ਸਮ ਹੋਵੈ ਨਿਕਟਿ ਰਹੈ ਸੋ, ਖਾਇ ਨ ਕਬਹੁੰ ਅਹਾਰਾ ॥੧੪॥ ਧਰਨ ਰਬਾਬ ਸਦਨ[੧੨] ਮੈਂ ਆਯੋ, ਤੁਮ ਕਹਿ ਦੇਹੁ[੧੩] ਸੰਦੇਸਾ[੧੪]। ਤਲਵੰਡੀ ਮੈਂ ਭਯੋ ਤਯਾਰੀ[੧੫]' ਕਹਯੋ ਬਚਨ ਜਬ ਐਸਾ। ਸੁਨਤਿ ਨਾਨਕੀ ਨੈਨਨ ਨੀਰੰ ਬੂੰਦ ਗਿਰਤਿ ਧਰ ਮਾਂਹੀ। ਧੀਰ[੧੬] ਹਰੀ[੧੭], ਉਰ[੧੮] ਪੀਰ[੧੯] ਗਹੀਰਾ[੨੦], ਤਜਯੋ ਹਰਖ, ਸੁਖ ਨਾਂਹੀ ॥੧੫॥ ਤਨ ਸਨੇਹ ਸਾਗਰ ਮਹਿਂ[੨੧] ਮਗਨੀ[੨੨], ਗਯਾਨ ਕਿਨਾਰ[੨੩] ਨ ਪਾਵੈ। ਨਹਿਂ ਢਿਗ ਨਾਨਕ ਰੂਪ ਜਹਾਜੁ ਜਿਸ ਅਲੰਬ ਤਰਿ ਜਾਵੈ। ਦਾਸੀ ਤੁਲਸਾਂ ਬੀਚੀ[੨੪] ਕੇ ਸਮ ਉਬਰਨ[੨੫] ਧੀਰ ਸੁ ਦੇਈ[੨੬]। ਪੌਂਛਤਿ ਬਦਨੰ[੨੭], ਭਨਤਿ* ਦਿਲਾਸਾ[੨੮], ਜਤਨ ਅਨੇਕ ਕਰੇਈ ॥੧੬॥ ਰੋਦਨ ਕਰਤਿ ਨ ਨਿਵਰੈ ਕਿਤ ਬਿਧਿ[੨੯], ਜੱਦਪਿ[੩੦] ਰਿਦਾ ਗਯਾਨੀ†।

[੧]ਪੁੱਤਰ ਤੇ ਵਹੁਟੀ ਨੂੰ। [੨]ਆਗਜਾ। [੩]ਅਲਖ ਤੇ ਅਭੇਵ ਰੂਪ ਗੁਰੂ ਜੀ। [੪]ਬੇਬੇ ਜੀ ਦੇ। [੫]ਗਿਆ। [੬]ਸੰਸੇ ਵਿਚ। [੭]ਮੁਖ। [੮]ਮੁਕਤੀ। [੯]ਦਾਤੇ। [੧੦]ਘਰ। [੧੧]ਓਹ ਕਲਾਵਾਨ ਅਵਤਾਰ ਹਨ। [੧੨]ਘਰ। [੧੩]ਤੁਸੀਂ ਆਖੋ। [੧੪]ਸਨੇਹਾ (ਪੇਕਿਆਂ ਲਈ)। [੧੫]ਤਿਆਰ ਹੋ ਰਿਹਾ ਹਾਂ। [੧੬]ਹੌਸਲਾ। [੧੭]ਟੁਟ ਗਿਆ। [੧੮]ਰਿਦਾ। [੧੯]ਪੀੜ ਨਾਲ। [੨੦]ਫੜਿਆ ਗਿਆ (ਅ) ਰਿਦੇ ਵਿਚ ਡੂੰਘੀ (ਪੀੜ) ਪਈ। [੨੧](ਗੁਰ) ਵਜੂਦ ਦੇ ਪ੍ਰੇਮ ਰੂਪੀ ਸਮੁੰਦਰ ਵਿਚ। [੨੨]ਡੁਬ ਗਈ। [੨੩]ਗਜਾਨ ਰੂਪੀ ਕਿਨਾਰਾ। [੨੪]ਲਹਿਰਾਂ। [੨੫]ਤਰ ਪੈਣ ਵਾਸਤੇ। [੨੬]ਧੀਰਜ ਦੇਂਦੀ ਹੈ। [੨੭]ਮੁਖੜਾ। [੨੮]ਪਿਆਰ ਵਾਕ ਕਹਿੰਦੀ ਹੈ। [੨੯]ਕਿਸੇ ਤਰ੍ਹਾਂ। [੩੦]ਭਾਵੇਂ। *ਪਾ:-ਦੇਤ।

†ਸਫਲ ਗਿਆਨ ਉਹੋ ਹੈ ਜਿਸ ਵਿੱਚ ਪ੍ਰੇਮ ਹੈ, ਪ੍ਰੇਮ ਵਿਹੂਣਾ ਗਿਆਨ ਸਫਲ ਨਹੀਂ ਹੈ। ਬੇਬੇ ਜੀ ਦਾ ਗਿਆਨ, ਸਤਿਗੁਰ ਦੇ ਰੱਬੀ ਵਜੂਦ ਦੀ ਪਹਿਚਾਨ, ਪੂਰਨ ਗਜਾਨ ਹੈ ਪਰ ਫੇਰ ਉਨ੍ਹਾਂ ਦੇ ਕੀਰਤਨੀਏ ਦੇ ਟੁਰ ਆਉਣ ਪਰ ਉਨ੍ਹਾਂ ਦੇ ਮਾਨੁਖੀ ਸਰੂਪ ਲਈ ਬਿਰਹਾ, ਗਿਆਨ ਤੇ ਪ੍ਰੇਮ ਦਾ ਸੰਗਮ ਹੈ।

ਸ਼੍ਰੀ ਨਾਨਕ ਸਨੇਹ[੧] ਕੀ ਮਹਿਮਾ, ਵਿਛੁਰਨ ਤੇ ਬਿਲਖਾਨੀ[੨] । ਹੁਤੋ ਜਰਾਮ ਗਯੋ ਕਿਤ ਕਾਜਾ ਆਵਾ ਤਿਹ ਛਿਨ ਮਾਂਹੀ । ਬਿਸਮਾਦਯੋ[੩] ਰੋਦਤਿ ਪਸ਼੍ਯੰਤੂ[੪] ਤੁਲਸਾਂ. ਸੋਂ ਬਚ ਪ੍ਰਾਹੀ[੫] ॥ ੧੭ ॥ 'ਕਹੁ ਕੈਸੇ ਕਯਾ ਭਯੋ ਕੁਕਾਜਾ ਰੋਦਤਿ ਕਾਲੂ ਤਨਿਯਾ[੬]?' ਤੁਲਸਾਂ ਭਨਤਿ 'ਚਲਯੋ ਮਰਦਾਨਾ, ਏਕਲ ਭ੍ਰਾਤਾ ਗੁਨਿਯਾ[੭] । ਹੋਹਿੰ ਉਦਾਸੂ, ਜਾਹਿੰ ਬਿਦੇਸ਼ਾ, ਬਿਛੁਰਨ ਕੋ ਦੁਖ ਮਾਨਾ । ਧਰਨ ਰਬਾਬ ਅਬਹਿ ਇਹ ਆਵਾ, ਸੁਨਿਕਰਿ ਰੋਦਨ ਠਾਨਾ' ॥ ੧੮ ॥ ਭਨਤਿ ਜਰਾਮ 'ਰਹਹਿ ਮਰਦਾਨਾ ਜਿਸ ਬਿਧਿ, ਕਰਿਯੇ ਸੋਊ । ਰਾਖਹਿੰ* ਇਹਾਂ, ਨ ਜਾਵਹਿ ਘਰ ਕੋ, ਕਿਉਂ ਉਦਾਸ ਉਰ ਹੋਊ'।[੮]'ਸੁਨਿ ਆਰਜ ਸੁਤ[੯]! ਜੇ ਮਰਦਾਨਾ ਰਹੈ ਭ੍ਰਾਤ ਕੇ ਪਾਸੂ। ਪਰਚੇ ਰਹੈਂ ਦੂਰ ਨਹਿ ਜਾਵਹਿੰ, ਨਤੁ[੧੦] ਪੁਨਿ ਹੋਇੰ ਉਦਾਸੂ ॥੧੯॥ ਨਿਕਟਿ ਰਹਤਿ ਆਨਨ ਅਰਬਿੰਦਾ[੧੧] ਕਬਿ ਕਬਿ ਹੌਂ[੧੨] ਪਸ਼੍ਯੰਤੂ[੧੩] । ਜਾਹਿੰ ਬਿਦੇਸ਼ ਨ ਦੀਸਹਿੰ ਮੋਹੂ[੧੪] ਮਨ ਲਖਿ ਇਉਂ ਬਿਲਖੰਤੂ[੧੫]'। ਕਹਿ ਜਰਾਮ 'ਨਾਨਕ ਪਰ ਨਿਸ਼ਚਾ ਉਰ ਥਿਰ ਗਿਰ ਸਰ[੧੬] ਤੇਰੇ । ਭ੍ਰਮ ਬੱਜਰ[੧੭] ਤੇ ਥਰਹਰ ਡੋਲਯੋ, ਧੀਰ ਨਸੀ ਇਹ ਬੇਰੇ[੧੮] ॥ ੨੦ ॥ ਨਿਤਾਪ੍ਰਤੀ ਮੁਝ ਕੋ ਸਮਝਾਵਤਿ, ਅਬ ਕਿਉਂ ਉਰ ਮਹਿੰ ਭਰਮੀ ? ਸ਼੍ਰੀ ਨਾਨਕ ਅਵਿਲੰਬ ਸਦਾ ਨਿਜ[੧੯]†, ਲਖਹਿੰ[੨੦] ਸੁ ਤਿਨ ਕੇ ਮਰਮੀ[੨੧] । ਪੁਨ ਮਰਦਾਨਾ ਜੈਸੇ ਰਹਿ ਪੁਰਿ, ਤੈਸੇ ਕਰਹੁ ਉਪਾਈ । ਕੈਸੇ ਰਿਦੈ ਉਦਾਸ ਭਯੋ ਹੈ ਕਿਉਂ ਤਲਵੰਡੀ ਜਾਈ ?' ॥ ੨੧ ॥ ਭਨਤਿ ਨਾਨਕੀ 'ਬੂਝਹੁ ਤਿਹ ਸੋਂ ਕਿਉਂ ਦਿਲਗੀਰ ਭਯੋ ਹੈ?' ਕਹਿ ਜਰਾਮ 'ਸੁਨੀਯੇ ਮਰਦਾਨਾ ! ਕਿਉਂ ਤੁਮ ਚਲਨ ਚਹਯੋ ਹੈ ? ਸ਼੍ਰੀ ਨਾਨਕ ਕੋ ਬਹੁ ਹਿਤ[੨੨] ਤੋ ਪਰ ਕੈਸੇ ਭਈ ਵਿਚਾਰਾ?' ਰਹੋ ਸੰਗਿ, ਨਾ ਕਰਹੁ ਪਯਾਨਾ, ਚਹੋ ਜੁ ਲਿਹੁ ਨ ਅਵਾਰਾ[੨੩]' ॥੨੨॥[੨੪]'ਸੁਨਿ ਜਰਾਮ ਤਿਨ ਸੰਗ ਨ ਨਿਬਹੈ ਕਲਾਵਾਨ ਅਵਤਾਰਾ । ਲਗੀ ਸਮਾਧਿ ਤੀਨ ਦਿਨ ਬੀਤੇ,

---

[੧]ਪ੍ਰੇਮ । [੨]ਘਬਰਾਈ । [੩]ਹੈਰਾਨ ਹੋ ਗਿਆ । [੪]ਵੇਖਕੇ । [੫]ਕਿਹਾ । [੬]ਕਾਲੂ ਜੀਦੀ ਸਪੁਤ੍ਰੀ। [੭]ਇਕੱਲਾ ਵੀਰ ਜੀ ਨੂੰ ਸਮਝਕੇ। [੮]ਬੇਬੇ ਜੀ ਬੋਲੇ। [੯]ਹੇ ਸ੍ਰੇਸ਼ਟ ਦੇ ਸਪੁਤ੍ਰ । [੧੦]ਨਹੀ ਤਾਂ। [੧੧]ਮੁਖ ਕਵਲ। [੧੨]ਮੈਂ । [੧੩]ਵੇਖਦੀ ਹਾਂ। [੧੪]ਮੈਨੂੰ। [੧੫]ਘਬਰਾ ਰਿਹਾ ਹੈ ਮਨ। [੧੬]ਪਹਾੜ ਬਰਬਰ ਥਿਰ ਹੈ। [੧੭]ਇੰਦ੍ਰ ਦਾ ਸ਼ਸਤ੍ਰ ਭਾਲੇ ਵਰਗਾ ਜਿਸ ਤੋਂ ਪਹਾੜ ਡਰਦੇ ਹਨ। [੧੮]ਇਸ ਵੇਲੇ। [੧੯]ਆਪ ਆਸਰਾ ਰੂਪ ਹਨ (ਉਹਨਾਂ ਨੂੰ ਕੀ ਲੋੜ ਹੈ ਆਸਰੇ ਦੀ)। [੨੦]ਜਾਣਦੇ ਹਨ। [੨੧]ਭੇਤੀ ਉਨ੍ਹਾਂ ਦੇ। [੨੨]ਪ੍ਰੇਮ। [੨੩](ਸਾਨੂੰ ਦੇਣ ਵਿੱਚ) ਦੇਰੀ ਨਹੀਂ । [੨੪]ਮਰਦਾਨਾ ਬੋਲਿਆ।

*ਪਾਠ—ਹਰਖਹਿ । †ਪਾਠ—ਜਗ ।

ਹਾਥ ਨਾ ਆਇ[੧]ਅਹਾਰਾ। ਤਿਨ ਕੋ ਭੂਖ ਪਯਾਸ ਨਹਿਂ ਕਬਹੂੰ,ਹੌਂ ਭੋਜਨ ਨਿਤ ਚਾਹੌਂ।ਨਗਰ ਮੱਧ ਮੁਝ ਨਹੀਂ ਸੰਦੇਹਾ[੨],ਕਾਨਨ[੩] ਕਹਿੰਤੇ ਖਾਹੌਂ ?' ॥੨੩॥ ਮਰਹਟੀ ਛੰਦ ॥'ਸੁਨਿਯੇ ਮਰਦਾਨਾ ਕਰਿ ਗੁਜਰਾਨਾ ਜਿਹ ਬਿਧਿਹੋਇ ਤੁਮਾਰ। ਰਹੁ ਪੁਰਿ ਸੁਲਤਾਨਾ ਕਰਿ ਘਰ ਖਾਨਾ ਦੋਨੋ ਕਾਲ[੪]ਅਹਾਰ। ਜੇ ਗਵਨਹੁ ਆਨਾ[੫] ਲਿਹੁ ਧਨ ਪਾਨਾ[੬], ਕਰਿ ਖਰੀਦ ਤਹਿਂ ਖਾਉ। ਨਾ ਕਰਹੁ ਪਯਾਨਾ, ਰਹੁ ਇਹ ਥਾਂਨਾ, ਨਾਨਕ ਢਿਗ ਹਰਿਖਾਉ[੭]' ॥ ੨੪ ॥ ਸੁਨਿ ਕਰਿ ਮਰਦਾਨਾ ਉਰ ਹਰਖਾਨਾ ਕੀਨੋ ਰਹਿਨ ਵਿਚਾਰ। ਮੁਖਬਚਨ ਬਖਾਨਾ 'ਤੁਮ ਕਹਿ ਮਾਨਾ, ਜਾਉਂ ਨ ਮੈ ਆਗਾਰ[੮]'। ਹੋਈ ਪੁਨਿ ਰੈਨਾ, ਰਹਯੋ ਸੁ ਐਨਾ, ਖੁਸ਼ੀ ਨਾਨਕੀ ਭੂਰ। ਜਿਉਂ ਹੁਇ ਰੁਕ ਗ੍ਰਹ ਨਰ ਜਾਵਹਿ ਤਿਹ ਟਰਿ[੯], ਤਿਉਂ ਉਰ ਪੀਰਾ ਦੂਰ[੧੦] ॥੨੫॥ ਦੁਵੈਯਾ ਛੰਦ ॥ ਭੋਰ ਭਈ ਮਰਦਾਨਾ ਬੋਲਯੋ 'ਜਾਵੋਂ ਨਾਨਕ ਪਾਸੀ'। 'ਭੋਜਨਿ ਕਰਿ ਤਯਾਰ ਤੁਝ ਦੇਵਹਿਂ, ਖਾਇ ਜਾਹੁ ਛੁਧ[੧੧] ਨਾਸੀ'। ਮਾਨ ਬਚਨ ਮੁਖ ਅਚਯੋ ਅਹਾਰਾ, ਗਵਨਨ[੧੨] ਭਯੋ ਤਯਾਰੀ। ਗਰ ਕੋ ਚੀਰ ਜਰਾਮ ਦਯੋ ਤਬ ਪਹਿਰਯੋ ਹਰਖਤਿ ਭਾਰੀ ॥੨੬॥ ਬੀਸ ਰਜਤਪਣ[੧੩] ਦੀਨੇ ਬਹੁਰੋ ਭਨਤਿ ਨਾਨਕੀ ਬੈਨਾ।'ਸਦਨ ਆਨਿ ਮੁਝ ਦਰਸ਼ਨ ਦੀਜੈ,ਭਨਹੁ[੧੪]ਬਿਨੈ ਗੁਨ-ਐਨਾ। ਅਧਿਕ ਲਾਲਸਾ ਹਿਰਦੇ ਲਖਿ ਕਰਿ ਦਯਾ ਧਾਰਿ ਘਰ ਆਵੈਂ। ਜਾਹੁ ਅਬਹਿ ਮਰਦਾਨਾ!ਤਿਨ ਢਿਗ ਅਨਤ[੧੫]ਥਾਨ ਨਹਿਂ ਜਾਵੈਂ'॥੨੭॥ ਕੰਧੇ ਧਰਿ ਰਬਾਬਕੋ ਗਮਨਯੋ ਸ਼੍ਰੀ ਗੁਰੁ ਢਿਗ ਤਬਆਯੋ।ਬੰਦਨ ਕਰਿਬੈਸਯੋ ਗੁਰੁ ਬੋਲੇ'ਕਿਉਂ ਰਬਾਬ ਪੁਨ ਲਯਾਯੋ'?ਕਹੈ'ਗਯੋ ਮੈਂ ਧਰਨ ਜਬੈ ਤਹਿਂ ਭਗਨੀ ਮਨੁ ਅਨੁਰਾਗਾ[੧੬]।ਮਮ ਜਾਵਨ ਕੀ ਬਾਤ ਸੁਨੀ,ਤਿਨ ਕੀਨੋ ਵਡ ਬੈਰਾਗਾ॥੨੮॥ਆਨਿ ਜਰਾਮ ਭਨੇ ਮੁਖ ਬਚਨਾ–ਜਬਲੌ ਪੁਰਿ ਸੁਲਤਾਨਾ। ਤਬ ਲੌ ਭੋਜਨ ਖਾਵਹੁ ਹਮ ਘਰ–ਪੁਨਿ ਦੀ ਖਰਚੀ ਪਾਨਾ[੧੭]।ਬੀਸ ਕਾਰ-ਖਿਕ[੧੮], ਗਰ ਕੋ ਅੰਬਰ[੧੯] ਦੇ ਕਰਿ ਮੁਝੈ ਪਠਾਯਾ। ਪੁਨਿ ਭਗਨੀ ਭਨਿ[੨੦]

---

[੧](ਮੈਨੂੰ) ਹੱਥ ਨਹੀਂ ਆਯਾ। [੨]ਸ਼ਹਿਰ ਵਿਚ ਤਾਂ (ਅੰਨ ਮਿਲ ਜਾਣ ਦਾ) ਮੈਨੂੰ ਸੰਸਾ ਨਹੀ (ਅ) ਕਿਸੇ ਨਾਲ ਮੇਰਾ ਸਨੇਹ ਨਹੀਂ। [੩]ਬਨ ਵਿਚ। [੪]ਦੋਨੋਂ ਵੇਲੇ ਘਰ ਖਾਓ ਖਾਣਾ। [੫]ਹੋਰਥੇ। [੬]ਧਨ ਹੱਥ ਵਿਚ ਲਓ। [੭]ਖੁਸ਼ ਹੋਕੇ। [੮]ਘਰ। [੯]ਜੀਕੁਣ ਹੋਵੇ ਰੋਕ ਗ੍ਰਹਿ ਦੀ (ਕਿਸੇ) ਮਨੁਖ ਨੂੰ ਤੇ ਉਹ ਜਾਵੇ ਟਲ। [੧੦]ਹਟ ਗਈ। [੧੧]ਭੁਖ। [੧੨]ਜਾਣ ਲਈ। [੧੩]ਰੁਪਯੇ। [੧੪]ਆਖੀਂ। [੧੫]ਹੋਰ। [੧੬]ਪਿਆਰ ਵਿੱਚ ਆ ਗਿਆ। [੧੭]ਖਰਚ ਹੱਥ ਵਿਚ ਦਿੱਤਾ। [੧੮]ਵੀਹ ਰੁਪੱਯੇ। [੧੯]ਜਾਮਾ। [੨੦]ਕਿਹਾ।

–ਆਨਿ ਸਦਨ ਮੁਝ–ਦਿਹੁ ਦਰਸ਼ਨ ਕਰਿ ਦਾਯਾ' ॥ ੨੯॥ 'ਕਜਾ ਕੀਨੋ ਤੈਂ ਏਹ ਕੁਕਾਮਾ ਅੰਤਹਿ[੧] ਡੂੰਮ ਸੁਭਾਇ। ਆਗੈ ਤਿਨ ਪਾਲਨਿ ਸਿਰੀ ਚੰਦਾ ਪੁਨਿ ਜਾਚੇ[੨] ਤੁਮ ਜਾਇ। ਭਲੋ ਕਾਜ ਕੀਨੋ ਇਹ ਨਾਂਹੀ ਲਾਲਚ ਕਰਿ ਧਨ ਆਨਾ। ਜਾਹੁ ਸਪਦ[੩] ਮੁਰ[੪] ਮੋਰ[੫] ਸੁ ਦੀਜੈ,ਨਹਿੰ ਰਾਖਹੁ ਨਿਜ ਪਾਨਾ[੬]'॥੩੦॥'ਸੁਨਿ ਨਾਨਕ ਜੀ! ਕੂਰ ਨ ਕਹਿਹੌਂ ਨਹਿੰ ਜਾਚੇ ਮੈਂ ਜਾਇ। ਦਏ ਆਪ ਤਿਨ ਹਿਤ ਕਰਿ ਹਿਰਦੈ ਤਬ ਲੇਕਰਿ ਹੌਂ ਆਇ। ਅਬ ਜਿਹ ਬਿਧਿ ਤੁਮ ਬਦਨ ਬਦਹੁਗੇ[੭] ਤਸ ਬਿਧਿ ਮੈਂ ਅਨੁਸਾਰਾ[੮]। ਜਿਉਂ ਤੁਮ ਸੰਗ ਹੋਇ ਨਿਰਬਹਿਵਾ ਤੈਸੇ ਕਰਹੁ ਵਿਚਾਰਾ'॥੩੧॥ ਕਹਿ ਸ੍ਰੀ ਗੁਰੁ 'ਨਰ ਆਸ*ਨ ਰਖੀਏ ਬਹੁ ਬਿਕਾਰ ਇਸ ਮਾਂਹੀ। ਤ੍ਰਿਸ਼ਨਾ ਅਧਿਕ ਹੋਇਨਹਿੰ ਤ੍ਰਿਪਤੈ ਬਹੁਰ ਬਹੁਰ ਭਰਮਾਹੀ। ਏਕ ਜਾਚ[੯] ਦੂਜੈ ਢਿਗ[੧੦] ਜਾਵਹਿਪੁਨਿ ਤੀਸਰਿ ਪਹਿ ਦੀਨਾ[੧੧]। ਚਤੁਰਥ ਤੇ ਜਾਚਹਿ ਹੁਇ ਆਤੁਰ[੧੨], ਤ੍ਰਿਸ਼ਨਾ ਕੀਨਿ[੧੩] ਅਧੀਨਾ[੧੪] ॥ ੩੨ ॥ ਏਕ ਆਸ ਰਾਖਹੁ ਅਬਿਨਾਸ਼ੀ[੧੫], ਤ੍ਰਿਸ਼ਨਾ ਨਾਸਹਿ ਆਨਾ।ਜਹਿੰ ਜਹਿੰ ਹੋਇ ਪੁਚਾਵਹਿ ਤਹਿੰ ਤਹਿੰ ਕੀਟ ਮੱਧ ਪਾਖਾ-ਨਾ[੧੬]।ਉਦਰ[੧੭] ਬਿਖੇ ਪ੍ਰਤਿਪਾਲਹਿ ਜੋਊ,ਜਨਮਤਿ ਦੇਹਿ ਅਹਾਰਾ[੧੮]। ਪੂਰਬ ਅਸਥਨ ਮਹਿੰ[੧੯] ਕੁਛਨਾਂਹੀ ਪੁਨਿ ਪੈ ਪਸਮਤਿ ਧਾਰਾ[੨੦]॥੩੩॥ਇਹ ਬਿਧਿ ਲਖਿਕਰਿ ਅਸਥਿਰ ਉਰਕਰਿ ਧਰਿ ਸੰਤੋਖ ਸਦਾਈ।ਜਲ, ਥਲ,ਗਿਰ[੨੧], ਨਭ[੨੨]ਤਾਂਬਰ[੨੩]ਧਰ[੨੪] ਅਹਿ[੨੫],ਜਹਿੰ ਲਗ ਚਰ[੨੬] ਅਚਰਾਈ[੨੭]। ਪ੍ਰੋਛ ਪਾ-ਲਨਾਕਰਤਿ ਬਿਸਾਲਾ[੨੮]ਕੋਇ ਨ ਬਿਨਾ ਅਹਾਰਾ[੨੯]।ਅਸ ਉਦਾਰ ਕੋ ਤਜਿ ਕਰਿ ਭਰਮਤਿ[੩੦]ਤਿਸਨਾ ਦੁਖ ਪਰਵਾਰਾ[੩੧]†'॥੩੪॥ ਸੁਧਾ ਸਨੇ[੩੨] ਜਨੁ[੩੩] ਬੈਨ ਸ਼੍ਰੋਨ ਸੁਨਿ ਮਨ ਮਹਿੰ ਆਵ ਸੰਤੋਖਾ। ਜਨਮ ਜਨਮ ਕੀ ਤ੍ਰਿਸ਼ਨਾ ਦੁਖ ਤੇ ਦੇਇ ਗਯਾਨ ਬਰ ਪੋਖਾ[੩੪]। ਬਦਨ ਬਦਤਿ ਮਰਦਾਨਾ 'ਚਲਿਯੇ

[੧]ਓੜਕ ਨੂੰ। [੨]ਮੰਗੇ। [੩]ਛੇਤੀ। [੪]ਮੁੜਕੇ। [੫]ਮੋੜ। [੬]ਆਪਣੇ ਹੱਥ ਵਿੱਚ। [੭]ਆਖੋਗੇ। [੮]ਆਗਯਾ ਵਿੱਚ ਹਾਂ। [੯]ਮੰਗਕੇ। [੧੦]ਪਾਸ। [੧੧]ਆਜਜ਼ ਹੁੰਦਾ ਹੈ। [੧੨]ਦੁਖੀ। [੧੩]ਕਰਦੀ ਹੈ। [੧੪]ਪਰਤੰਤ੍ਰ (ਮੰਗਣਹਾਰ ਨੂੰ)। [੧੫]ਰਬ ਦੀ। [੧੬]ਪੱਥਰ ਵਿੱਚ (ਵੱਸਦੇ) ਕੀੜੇ ਨੂੰ ਵੀ। [੧੭]ਪੇਟ। [੧੮](ਦੁੱਧ ਦਾ) ਭੋਜਨ। [੧੯]ਪਹਿਲੇ ਥਣਾਂ ਵਿੱਚ। [੨੦]ਦੁੱਧ ਦੀਆਂ ਧਾਰਾਂ ਪਸਮ ਪੈਂਦੀਆਂ ਹਨ। [੨੧]ਪਹਾੜ। [੨੨]ਅਕਾਸ਼। [੨੩]ਤਾਮੇ ਦੀ। [੨੪]ਧਰਤੀ ਤੇ। [੨੫]ਸੱਪਾਂ ਨੂੰ। [੨੬]ਤੁਰਨ ਵਾਲੇ। [੨੭]ਜੜ। [੨੮]ਬਹੁਤ। [੨੯]ਭੋਜਨ। [੩੦]ਜੋ ਭਟਕਦਾ ਹੈ। [੩੧]ਉਹ ਵੇੜ੍ਹਿਆ ਹੈ ਤ੍ਰਿਸ਼ਨਾਂ ਦੇ ਦੁਖ ਨੇ। [੩੨]ਅੰਮ੍ਰਿਤ ਵਰਗੇ। [੩੩]ਮਾਨੋ। [੩੪]ਵੰਗੀ ਤਰ੍ਹਾਂ ਤ੍ਰਿਪਤ ਕਰ ਦਿੱਤਾ।

*ਪਾ:–ਕਹਿ ਸ੍ਰੀ ਸਤਿਗੁਰ 'ਆਸ'। †ਪਾ:–ਪਰ ਦ੍ਵਾਰਾ=ਪ੍ਰਾਏ ਦੁਆਰੇ।

ਤੁਮ ਕੋ ਸੁਸਾ ਹਕਾਰਾ। ਸੰਗ ਚਲੌਂ ਮੈਂ ਦੇਉਂ ਰਜਤਪਣ ਅਬ ਭਾ ਰਿਦੈ ਵਿਚਾਰਾ’॥੩੫॥‘ਕਹ੍ਯੋ ਨ ਮੋਟੌਂ[੧], ਚਲਿ ਮਰਦਾਨਾ! ਸੰਗਿ ਕਾਜ ਹੈ ਤੇਰੇ’। ਗਏ ਨਗਰ ਮਹਿਂ ਸਦਨਹਿ ਪਹੁੰਚੇ* ਦਾਸੀ ਤੁਲਸਾਂ ਹੇਰੇ। ਠਾਂਢੀ[੨] ਅਧੋ-ਗੁਹਾਰੀ[੩] ਤਬ ਹੀ ‘ਬਧੂ! ਭ੍ਰਾਤ ਜੀ ਆਏ’। ਹਰਖ ਨਾਨਕੀ ਅੰਗ ਨ ਮੇਵਹਿ ਕੇਕੀ ਘਨ ਗਰਜਾਏ[੪] ॥ ੩੬ ॥ ਪਦ ਪੰਕਜ ਪਰ ਧਾਇ ਧਰ੍ਯੋ ਸਿਰ, ਧਰਮ ਪੇਲ[੫] ਕਰਿ ਤਾਂਹੀ[੬]। ਜੁਗ ਕਰ ਪਰ[੭] ਤਿਹ[੮] ਸਿਰ ਤਬ ਲੇਕਰਿ ਪਰਮ ਪੁਰਖ[੯] ਪੁਨਿ ਪ੍ਰਾਹੀ[੧੦]। ‘ਯਾਂਤੇ ਹੌਂ ਤੁਮ ਘਰਨਹਿਂ ਆਵੋਂ ਧਰਤਿ ਚਰਨ ਸਿਰ ਧਾਈ[੧੧]। ਬਹੁਰ[੧੨] ਨ ਮਿਲੌਂ ਆਨ ਕਰਿ ਤੁਮ ਕੋ ਹੁਇ ਔਗੁਨ ਅਧਿ-ਕਾਈ’॥੩੭॥ ‘ਸੁਨਹੁ ਭ੍ਰਾਤਿ ਜੀ! ਜਿਉਂ ਤੁਮ ਭਾਖਹੁ ਤਿਉਂ ਆਇਸੁ ਅਨੁ-ਸਾਰਾ ਨਿਜ ਦਰਸ਼ਨ ਦੇਵਤਿ ਮੁਝ ਰਹਿਯੋ, ਕਰਹੁ ਨ ਰਿਦੇ ਵਿਸਾਰਾ। ਨਿਤ ਸਿਮਰਨ ਹੌਂ ਮਨ ਮਹਿਂ ਕਰਿਹੌਂ ਕਬਿ ਕਬਿ ਆਵਹੁ ਐਨਾ। ਕਰੁਨਾ ਕਰਤਿ ਰਹੋ ਕਰੁਨਾਕਰ[੧੩]! ਕਮਲਾਨਨ[੧੪]! ਗਤਿ ਦੈਨਾ[੧੫]!’॥੩੮॥[੧੬] ‘ਜਬ ਨਿਜ ਮਨ ਮਹਿਂ ਮਿਲਨ ਲਾਲਸਾ, ਸਿਮਰਹੁ, ਜਸਪਦ[੧੭] ਆਵੋਂ। ਹੋਵੌਂ ਨਿਕਟਿ ਕਿਧੌਂ[੧੮] ਕਿਤ ਦੂਰਾ ਤਬ ਮੈਂ ਬਿਲਮ[੧੯] ਨ ਲਾਵੋਂ। ਮਰਦਾਨਾ! ਅਬ ਬੇਬੇ ਜੀ ਕੇ ਦੇਹੁ ਕਾਰਖਿਕ[੨੦] ਜੋਊ’। ਭਨਤਿ ਨਾਨਕੀ ‘ਜਾਚੇ ਨਾਂਹੀ ਦੀਨ ਆਪ ਹੀ ਸੋਊ’ ॥੩੯॥[੧੬] ‘ਤੂੰ ਭਗਤਨਿ ਹਰਿ ਕੀ ਬਹੁ ਪਜਾਰੀ, ਕਹ੍ਯੋ ਵਡੇ ਕੋ ਸੁਨਿ[੨੧] ਹੈ। ਕਹਿ ਸੌਂਪੋ ਹਮ ਢਿਗ ਕਰਤਾਰਾ[੨੨] ਭਲੀ ਬਾਤ ਸਭਿ ਬਨਿ ਹੈ’। ਭਨਤਿ ਨਾਨਕੀ ‘ਜਾਨਤਿ ਹੋਗੇ[੨੩] ਇਹ ਮੁਝ ਭ੍ਰਾਤਾ ਜਾਨੇ[੨੪]। ਪਰਮ ਰੂਪ[੨੫] ਪਰਮੇ-ਸ਼ੁਰ ਬਪੁ[੨੬] ਤੁਮ ਪੂਰਨ ਪੁਰਖ ਪੁਰਾਨੇ[੨੭]’॥੪੦॥[੧੬] ‘ਬਾਰੰਬਾਰ ਕਹਾਉ ਨ

---

[੧]ਆਖਿਆ ਨਹੀਂ ਮੋੜਦਾ। [੨]ਖੜੀ ਸੀ। [੩]ਹੇਠੋਂ ਹੀ ਵਾਜ ਕੀਤੀ। [੪]ਜੀਕੂੰ ਮੋਰ ਬਦਲਾਂ ਦੇ ਗੱਜਿਆਂ। [੫]ਉਮਰੋਂ ਛੋਟੇ ਅਗੇ ਉਮਰੋਂ ਵਡੇ ਨੇ ਮਥਾ ਨਾਂ ਟੇਕਣਾ, ਇਹ ਮਰਯਾਦਾ ਪੇਲਕੇ=ਉਲਟ ਕੇ। [੬]ਉਸ ਬੇਬੇ ਨੇ। [੭]ਦੋਂਹ ਹਥਾਂ ਪਰ। [੮]ਬੇਬੇ ਦਾ। [੯]ਸਤਿਗੁਰੂ ਜੀ ਨੇ। [੧੦]ਕਿਹਾ। [੧੧]ਦੌੜਕੇ। [੧੨]ਫੇਰ। [੧੩]ਕ੍ਰਿਪਾ ਦੀ ਖਾਣ। [੧੪]ਹੇ ਕਮਲ ਮੁਖ ਵਾਲੇ! [੧੫]ਮੁਕਤੀ ਦਾਤੇ। [੧੬]ਗੁਰੂ ਜੀ ਬੋਲੇ। [੧੭]ਛੇਤੀ। [੧੮]ਜਾਂ। [੧੯]ਦੇਰੀ। [੨੦]ਰੁਪੱਯੇ। [੨੧]ਵਡਿਆਂ ਦਾ ਕਿਹਾ (ਰਬ) ਸੁਣਦਾ ਹੈ। [੨੨]ਸਾਨੂੰ ਕਰਤਾਰ ਪਾਸ ਕਹਿਕੇ ਸੌਂਪ [੨੩]ਤੁਸੀਂ ਜਾਣਦੇ ਹੋਵੋਗੇ ਕਿ। [੨੪]ਇਹ ਮੈਨੂੰ ਭਰਾ ਸਮਝਦੀ ਹੈ। [੨੫]ਮੈਂ ਤਾਂ ਤੁਹਾਨੂੰ ਪਾਰਬ੍ਰਹਮ ਦਾ ਰੂਪ। [੨੬]ਪਰਮੇਸ਼ੁਰ ਦੇਹ ਧਾਰੀ। [੨੭]ਅਨਾਦ ਤੇ ਪੂਰਨ ਪੁਰਖ ਤੁਹਾਨੂੰ (ਜਾਣਦੀ ਹਾਂ)।

*ਪਾ:—ਸਦਨ ਪ੍ਰਵੇਸ਼ੇ।

ਮੋ ਤੇ, ਸੁਸਾ ! ਕਾਰਖਿਕ[੧] ਲੀਜੈ[੨]। ਮਰਦਾਨਾ ਨਿਜ[੩] ਬੈਸ ਮਿਰਾਸੀ ਪੁਨ ਆਵਹਿ ਤਬ ਦੀਜੈ। ਛੂਛਾ ਕਬਹਿ ਨ ਭੇਂਜਹੁ[੪] ਯਾਂ ਕੋ, ਤੂ ਬੇਦੀਕੁਲ ਤਨਿਯਾ[੫]। ਸਿਰੀਚੰਦ ਨਿਜ[੬] ਕੌਛਰ[੭] ਪਾਯੋ ਤੱਦਪਿ ਦੇਵਨ ਬਨਿਯਾ[੮] ॥੪੧॥ ਉਰ ਕਰਿ ਹਰਖ ਰਜਾਇ[੯] ਭਨੀਜੈ, ਹੇਰੌਂ ਦੇਸ ਬਿਦੇਸਾ[੧੦]। ਨਹਿੰ ਚਿੰਤਾ ਚਿਤ ਬੀਚ ਵਿਚਰਿਯੇ, ਧਰਹੁ ਧੀਰ ਧਰ ਜੈਸਾ[੧੧]। ਸਿਮਰਹੁ ਜਬ, ਆਵੌਂ ਤਤਕਾਲਾ[੧੨] ਕੂਰ ਨ ਜਾਨਹੁ ਬੈਨਾ[੧੩]'। ਸੁਨਤਿ ਸੋਦਰੀ[੧੪] ਸਹਿਤਿ ਸਨੇਹਾ[੧੫] ਸਕਲ ਬਚਨ ਗੁਨ ਐਨਾ[੧੬] ॥੪੨॥ [੧੭]'ਰਹਤਿ ਇਹਾਂ ਜੇ ਸਦਨ ਨ ਆਵਹੁ ਤੱਦਪਿ ਭੀ ਧਿਰਵਾਸੂ। ਹੋਊਂ ਅਧੀਰ ਬਿਦੇਸ਼ ਗਏ ਤੇ ਸੁਨੋਂ ਨ ਪਿਖਿਹੋਂ[੧੮] ਪਾਸੂ। ਤਜਿ ਕਰਿ ਮੋਹ[੧੯] ਜਾਤ ਹੋ ਹਮਰਾ ਕਿਉਂ ਭਾਵਹਿ ਉਰ ਤੇਰੇ। ਸਭਿ ਮਨ ਕੀ ਤੁਮ ਜਾਨ ਬੂਝ ਕੈ ਕਿਉਂ ਨ ਰਹਹੁ ਢਿਗ ਮੇਰੇ' ॥੪੩॥ [੨੦]'ਚਹਿਯੇ ਮੋਹ ਤਜਨ ਸੁਨਿ ਭਗਨੀ ! ਰਜੁ ਸਨੇਹ[੨੧] ਜੇ ਬੰਧੇ। ਨਹਿੰ ਨਿਕੇਤ[੨੨] ਤੇ ਨਿਕਸਨਿ ਪਾਵਹਿ ਅਸ਼ਟਜਾਮ[੨੩] ਫਸ ਧੰਧੇ[੨੪]। ਧਰਿ ਉਰ ਧੀਰ[੨੫] ਵਿਚਾਰ ਬਿਬੇਕੂ, ਸਿਮਰਨ[੨੬] ਤੇ ਮੈਂ ਆਵੌਂ। ਦੇਸ਼ ਬਿਦੇਸ਼ ਦੇਖਨੇ ਇੱਛਾ* ਲੇ ਨਿਦੇਸ਼ ਤੁਮ[੨੭] ਜਾਵੌਂ' ॥੪੪॥ ਬਹੁ ਬਿਧਿ ਬਦਤਿ[੨੮] ਬਚਨ, ਦੇ ਧੀਰਾ[੨੯], ਦਏ ਕਾਰਖਿਕ ਸੋਊ। ਲੈਕਰਿ ਬਿਦਾ ਚਲੇ ਦੁਖਭੰਜਨ ਮਰਦਾਨਾ ਸੰਗ ਦੋਊ[੩੦]। ਬਿਰਹਿ ਪੀਰ[੩੧] ਤੇ ਰੋਦਤਿ[੩੨] ਭਗਨੀ ਰਾਖਨ ਬਸ ਨਹਿੰ ਚਲਿਈ। ਕਹਤਿ ਸੰਤੋਖ ਸਿੰਘ ਭਾ ਪੂਰਨ ਧਜਾਇ ਦੂਖ ਦਲ ਮਲਈ[੩੩] ॥ ੪੫ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵਿਦਾ ਹੋਵਨ' ਪ੍ਰਸੰਗ ਬਰਨਨੰ ਨਾਮ ਛਤੀ-ਸਮੋ ਧਿਆਇ ॥ ੩੬ ॥

### ੩੭. [ਕਥਾ ਮੰਗਲ। ਨਾਨਕ ਪ੍ਰਕਾਸ਼ ਕਿਨ੍ਹਾ ਪੁਸਤਕਾਂ ਤੋਂ ਬਣਿਆ]

ਦੋਹਰਾ ॥ ਸਾਗਰ ਸ੍ਰੀ ਨਾਨਕ ਚਰਿਤ, ਬਾਲਾ ਮੰਦਰ ਰੂਪ।
ਪ੍ਰੇਮ ਸ਼ੇਸ਼ ਨੇਤੀ ਭਏ ਕੀਨੋ ਮਥਨ ਅਨੂਪ ॥ ੧ ॥

---

[੧]ਰੁਪੱਯੇ। [੨]ਲੈ ਲਓ। [੩]ਆਪਣੀ। [੪]ਭੇਜਦੇ ਹੋ (ਅ) ਭੇਜਣਾ। [੫]ਸਪੁਤ੍ਰੀ ਹੈਂ। [੬]ਆਪਣੇ। [੭]ਕੁਛੜ। [੮]ਤਾਂਭੀ (ਸਾਨੂੰ ਹੀ) ਬਣਦਾ ਹੈ ਦੇਣਾ। (ਅ) ਤੁਹਾਨੂੰ ਦੇਣਾ ਬਣਿਆਂ। [੯]ਆਗਯਾ। [੧੦]ਕਿ ਮੈਂ ਫਿਰ ਕੇ ਦੇਸ਼ ਬਿਦੇਸ਼ ਵੇਖਾਂ। [੧੧]ਧਰਤੀ ਜੇਹਾ ਧੀਰਜ ਧਾਰੋ। [੧੨]ਉਸ ਵੇਲੇ। [੧੩]ਸੱਚਾ ਜਾਣੋ ਬਚਨ। [੧੪]ਬੇਬੇ। [੧੫]ਪ੍ਰੇਮ ਨਾਲ। [੧੬]ਗੁਰੂ ਜੀ ਦੇ ਬਚਨ। [੧੭]ਸੁਣਕੇ ਬੇਬੇ ਬੋਲੀ। [੧੮]ਵੇਖਾਂਗੀ। [੧੯]ਪਿਆਰ। [੨੦]ਗੁਰੂ ਜੀ ਬੋਲੇ। [੨੧]ਮੋਹ ਰੂਪੀ ਰੱਸੀ ਨਾਲ। [੨੨]ਘਰ। [੨੩]ਅਠੇ ਪਹਿਰ। [੨੪]ਫਸੇ ਰਹਿੰਦੇ ਹਨ ਧੰਧਿਆਂ ਵਿਚ। [੨੫]ਹੌਸਲਾ। [੨੬]ਯਾਦ ਕਰਦਿਆਂ ਹੀ। [੨੭]ਤੇਰੀ ਆਗਯਾ। [੨੮]ਆਖਕੇ। [੨੯]ਧੀਰਜ। [੩੦]ਦੋਵੇਂ। [੩੧]ਵਿਛੋੜੇ ਦੀ ਪੀੜ। [੩੨]ਰੋਂਦੀ ਹੈ। [੩੩]ਸਭੇ ਦੁਖ ਨਾਸ਼ ਕਰਨ ਵਾਲਾ। *ਪਾ:-ਦੋਹਦ।

ਚਰਿਤ=ਜੀਵਨ ਦੇ ਕੌਤਕ [ਸੰਸ:, ਚਰਿਤ੍ਰ]
ਮੰਦਰ=ਮੰਦਰਾਚਲ ਪਰਬਤ ਜਿਸਨੂੰ ਮਧਾਣੀ ਬਣਾਕੇ ਸਮੁੰਦਰ ਰਿੜਕਿਆ ਮੰਨਦੇ ਹਨ। [ਸੰਸ:, ਮੰਦਰ ਗਿਰ=ਮੰਦਰਾਚਲ ਪਹਾੜ]।
ਸ਼ੇਸ਼=ਸ਼ੇਸ਼ ਨਾਗ। ਮੰਨਦੇ ਹਨ ਕਿ ਮੰਦਰਾਚਲ ਦੀ ਮਧਾਣੀ ਨੂੰ ਸ਼ੇਸ਼ਨਾਗ ਰੱਸੀ ਦੀ ਥਾਵੇਂ ਪਾਕੇ ਸਮੁੰਦਰ ਰਿੜਕਿਆ ਸੀ।
ਨੇਤੀ=ਨੇਤ੍ਰਾ। ਓਹ ਰੱਸੀ ਜਿਸ ਨਾਲ ਮਧਾਣੀ ਫੇਰੇ ਲੈਂਦੀ ਹੈ।
ਮਥਨ=ਰਿੜਕਨਾ।

ਅਰਥ—ਸ੍ਰੀ (ਗੁਰੂ) ਨਾਨਕ (ਦੇਵ ਜੀ ਦੇ) ਚਰਿੱਤ੍ਰ ਸਮੁੰਦਰ (ਵਤ ਅਸਗਾਹ ਹਨ ਉਸ ਵਿਚ) ਬਾਲਾ ਮੰਦਰਾਚਲ ਪਰਬਤ ਵਾਙੂ ਹੈ, (ਮੇਰਾ) ਪ੍ਰੇਮ (ਉਸ ਵਿਚ) ਸ਼ੇਸ਼ ਨਾਗ (ਸਮਾਨ) ਨੇਤ੍ਰਾ ਹੋ ਗਿਆ ਹੈ (ਇਸ ਤਰ੍ਹਾਂ ਦਾ) ਸੁੰਦਰ ਰਿੜਕਨਾ ਮੈਂ ਕੀਤਾ ਹੈ।

**ਚੌਪਈ॥ ਕੀਰਤਿ ਨਿਰਮਲ[੧] ਸੁਖਦ ਸੁਧਾ ਸੀ[੨]। ਸੁਰ ਸਿੱਖਨ[੩] ਹਿਤ[੪] ਸੁੱਧ[੫] ਨਿਕਾਸੀ[੬]। ਨਿਸਚਰ ਸਾਕਤ[੭] ਸਮ ਮਤਵਾਰੇ[੮]। ਦੇਯ ਨ,ਪੀਯ ਨ, ਬਿਘਨ ਪਸਾਰੇ[੯] ॥ ੨ ॥ ਰੂਪ ਮੋਹਨੀ* ਅੰਗਦ ਹੋਏ। ਸੁਰਾ ਬਿਮੁਖਤਾ[੧੦] ਅਸੁਰ[੧੧] ਬਿਗੋਏ[੧੨]। ਸੁਰ ਸਿੱਖਨ ਕੋ[੧੩] ਪਾਨ ਕਰਾਈ। ਸੁਖ ਅਪ-ਵਰਗ[੧੪] ਦੀਨ ਸਮੁਦਾਈ[੧੫] ॥ ੩ ॥ ਭਯੋ ਰਾਹੁ[੧੬] ਹਿੰਦਾਲੇ ਜਾਯਾ[੧੭]। ਜਿਨ ਪੁਸਤਕ ਬਿਪਰੀਤ[੧੮] ਬਨਾਯਾਜਸ ਰਾਂਕਾਸ਼ਸ਼ਿ ਗ੍ਰਸਨਹਿ ਕੀਨਾ[੧੯]**

---

੧ਉਜਲ। ੨ਅੰਮ੍ਰਿਤ ਜੇਹੀ। ੩ਦੇਵਤੇ ਰੂਪ ਸਿੱਖਾਂ। ੪ਵਾਸਤੇ। ੫ਪਵਿਤ੍ਰ। ੬ਕੱਢੀ। ੭ਦੈਤਾਂ ਤੁਲ ਜੋ ਹਨ ਸਾਕਤ। ੮ਮਦਮਸਤ। ੯ਫੈਲਾਂਦੇ ਹਨ। ੧੦ਬੇਮੁਖਤਾਈ ਰੂਪੀ ਸ਼ਰਾਬ ਨਾਲ। ੧੧ਦੈਂਤ ੧੨ਵਿਚਲ ਗਏ। ੧੩ਦੇਉਤੇ ਰੂਪੀ ਸਿੱਖਾਂ ਨੂੰ। ੧੪ਮੁਕਤੀ ਦਾ ਸੁਖ। ੧੫ਸਾਰਿਆਂ ਨੂੰ। ੧੬ਰਾਹੂ। ੧੭ਇਕ ਹਿੰਦਾਲ ਨਾਮੇ ਸਿਖ ਦਾ ਜਾਯਾ, ਭਾਵ ਉਸਦੀ ਸੰਤਾਨ ਵਿਚੋਂ ਇਕ ਨੇ। ੧੮ਉਲਟਾ। ੧੯ਗੁਰੂ ਦੇ ਜਸ ਰੂਪ ਪੂਰਨਮਾਸ਼ੀ ਦੇ ਚੰਦ ਨੂੰ ਗ੍ਰਹਣ ਲਾ ਦਿੱਤਾ।

*ਕਵਿ ਜੀ ਨੇ ਗੁਰੂ ਅੰਗਦ ਜੀ ਨੂੰ ਏਥੇ ਮੋਹਨੀ ਅਵਤਾਰ ਦਾ ਦ੍ਰਿਸ਼ਟਾਂਤ ਦਿੱਤਾ ਹੈ, ਕਾਇਦਾ ਇਹ ਹੈ ਕਿ ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ, ਸਾਰੇ ਅੰਗ ਨਹੀਂ ਲਏ ਜਾਂਦੇ। ਸੋ ਏਥੇ ਮੁਰਾਦ ਕੇਵਲ ਗੁਰੂ ਅੰਗਦ ਦੇਵ ਜੀ ਦੀ ਮੋਹਤ ਕਰ ਲੈਣ ਵਾਲੀ ਆਤਮ ਸੁੰਦਰਤਾ ਤੋਂ ਹੈ, ਜਿਨ੍ਹਾਂ ਨੇ ਗੁਰੂ ਨਾਨਕ ਇਤਿਹਾਸ (ਸਾਖੀ) ਜਾਣੂੰ ਪੁਰਖਾਂ ਦੇ ਹਿਰਦੇ ਰੂਪੀ ਸਮੁੰਦਰ ਤੋਂ (ਰਿੜਕ ਕੇ) ਪੁੱਛ ਪੁੱਛ ਕੇ ਕੱਢ ਲੀਤਾ ਸੀ।

ਮੂਰਖਮਤਿ ਕਲਿਮਲਨ[੧] ਮਲੀਨਾ ॥ ੪ ॥ ਦੋਹਰਾ ॥ ਕਹਿਤ ਕਥਾ ਕਵਿ ਕਾਮਦਾ[੨] ਗੁਰ ਸਿੱਖਨ ਕੇ ਪਾਸ[੩]। ਸ਼੍ਰੋਤਨ[੪] ਉਰ[੫] ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ[੬] ॥ ੫ ॥ ਚੌਪਈ ॥ 'ਸ਼੍ਰੀ ਨਾਨਕ ਬਰ[੭] ਪਰਮ ਬਿਲਾਸਾ[੮] ਬਹੁ ਪੋਥੀ ਪਰ ਹੈ ਇਤਿਹਾਸਾ[੯]। ਸੋ ਤੇ ਲਿਖ੍ਯੋ ਅਵਰ ਬਿਧਿ ਤਹਿੰਵਾ[੧੦]। ਤੁਮ ਮੁਖ ਸੋਂ ਅਵਰਹਿ ਬਿਧਿ[੧੧] ਕਹਿਵਾ[੧੨] ॥ ੬ ॥ ਇਹ ਸੰਸਾ ਹਮਰੇ ਉਰ ਆਯੋ। ਕਿਉਂ ਤੁਮ ਅਨਤਹਿ ਗਤਹਿ[੧੩] ਅਲਾਯੋ[੧੪]? ਸੋ ਕਹਿ ਕਰ ਸਭਿ ਦੇਹੁ ਮਿਟਾਇ। ਗੁਰੁ ਪਦ ਨਿਸ਼ਚਾ[੧੫] ਜਿਸ ਤੇ ਆਇ'॥੭॥ਤਿਨ ਤੇ ਸੁਨਿ ਕਵਿ ਬਚਨ ਬਖਾਨਾ[੧੬]। 'ਤੁਮਰੀ ਧੰਨ ਸੁਮਤਿ[੧੭] ਮਤਿਵਾਨਾ[੧੮] !। ਭਲੋ ਸੰਦੇਹ[੧੯] ਆਪ ਮਨ ਠਾਨਾ[੨੦]। ਉੱਤਰ ਸੁਨਹੁ ਦੇਯ ਨਿਜ ਕਾਨਾ ॥ ੮ ॥ ਦੋਹਰਾ ॥ ਪ੍ਰਥਮੇ ਤੁਮ ਸੰਦੇਹ ਕੋ ਸਭਿ ਬਿਧਿ ਕਰੌਂ ਬਿਨਾਸ। ਬਦਨਹਿ ਤੇ ਉਚਰੋਂ ਬਹੁਰ ਸ਼੍ਰੀ ਨਾਨਕ ਪਰਕਾਸ਼*॥੯॥ਚੌਪਈ॥ਜਿਹ ਨਰ ਗੁਰੁ ਚਰਨਨ ਮਹਿ ਪ੍ਰੀਤਾ। ਕਹਤਿ ਸੁਨਤਿ ਕੀਰਤਿ ਇਹ ਰੀਤਾ[੨੧]। ਕਰਿ ਸੰਸੈ ਬਿਨ ਸੰਸੇ ਹੋਇ[੨੨]। ਆਨ ਥਾਨ ਨਹਿਂ ਭਰਮੈ ਸੋਇ[੨੩] ॥ ੧੦ ॥ ਗੁਰੁ ਪਦ ਪੰਕਜ ਨਿਸ਼ਚਾ ਧਰਿਹੀ। ਆਨਿ ਦੇਵ ਕੀ ਆਸ ਨ ਕਰਿਹੀ। ਭੂਪਤਿ[੨੪] ਸੇਵਹਿ[੨੫] ਭੂਪਤਿ[੨੬] ਜਾਚਹਿ[੨੭]। ਭ੍ਰਿਤ ਜਾਚਕ ਪਰ ਕੈਸੇ ਰਾਚਹਿ[੨੮] ॥੧੧॥ ਸੂਰਜ ਹੇਰਿ[੨੯] ਕਮਲ ਬਿਗਸਾਵੈ[੩੦]। ਖਦ੍ਯੋਤਹਿ[੩੧] ਤੇ ਕਿਉਂ ਹਰਖਾਵੈ। ਚੰਦ ਚਕੋਰ ਚਿਤਵ[੩੨] ਸੁਖ ਪਾਵੈ। ਕਹੁ ਤਾਰਨ[੩੩] ਤੇ ਕਿਉਂ ਤ੍ਰਿਪਤਾਵੈ ॥੧੨॥ ਦੋਹਰਾ॥ ਪੂਰਬ[੩੪] ਪੋਥੀ ਜੋ ਲਿਖੀ ਸ਼੍ਰੀ ਨਾਨਕ

---

[੧]ਪਾਪਾਂ ਕਰਕੇ। [੨]ਮਨੋਰਥ ਪੂਰਨ ਕਰਨ ਵਾਲੀ ਕਥਾ। [੩]ਗੁਰ ਸਿੱਖਾਂ ਪਾਸ। [੪]ਨਾਨਕ ਪ੍ਰਕਾਸ਼ ਦੇ ਸ਼੍ਰੋਤਿਆਂ ਦੇ ਮਨ ਵਿਚ, ਜਿਨ੍ਹਾਂ ਅਗੇ ਕਵੀ ਆਪ ਕਥਾ ਕਰ ਰਿਹਾ ਹੈ। [੫]ਰਿਦੇ ਵਿਚ। [੬]ਪ੍ਰੇਮ ਭਰੀ ਚਾਹ। [੭]ਸ੍ਰੇਸ਼ਟ। [੮]ਜੀਵਨ ਚਰਿੱਤ੍ਰ। [੯]ਕਥਾ। [੧੦]ਉਥੇ। [੧੧]ਹੋਰ ਤਰ੍ਹਾਂ। [੧੨]ਕਿਹਾ ਹੈ। [੧੩]ਹੋਰ ਤਰ੍ਹਾਂ। [੧੪]ਕਿਹਾ ਹੈ। [੧੫]ਗੁਰ ਚਰਨਾਂ ਦਾ ਸਿਦਕ। [੧੬]ਭਾਵ ਕਵੀ ਸੰਤੋਖ ਸਿੰਘ ਜੀ ਨੇ ਕਿਹਾ। [੧੭]ਬੁੱਧੀ। [੧੮]ਹੇ ਬੁੱਧੀ ਵਾਨੋਂ !। [੧੯]ਸੰਸਾ। [੨੦]ਕੀਤਾ। [੨੧]ਜਸ ਕਹਿਣ ਸੁਣਨ ਦੀ ਏਹੀ ਰੀਤ ਹੈ। [੨੨.੨੩]ਸੰਸਾ ਇਸ ਲਈ ਕਰੇ ਕਿ ਸੰਸਾ ਦੂਰ ਹੋ ਜਾਵੇ, ਉਹ ਭਟਕ ਕੇ ਹੋਰ ਪਾਸੇ ਨਹੀਂ ਜਾਵੇਗਾ। [੨੪]ਜੋ ਰਾਜੇ ਨੂੰ। [੨੫]ਸੇਂਵਦਾ ਹੈ। [੨੬]ਰਾਜੇ ਪਾਸੋਂ। [੨੭]ਮੰਗੇਗਾ। [੨੮]ਉਹ ਨੌਕਰਾਂ ਦੇ ਮੰਗਤਿਆਂ ਤੇ ਕਿਵੇਂ ਰਚੇਗਾ। [੨੯]ਵੇਖ। [੩੦]ਖਿੜਦਾ ਹੈ। [੩੧]ਟਿਟਾਣੇ (ਨੂੰ ਵੇਖਕੇ)। [੩੨]ਵੇਖਕੇ। [੩੩]ਤਾਰਿਆਂ ਤੋਂ। [੩੪]ਪਹਿਲਾਂ।

*ਪਾ:-ਇਤਿਹਾਸ।

ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼[1] ॥ ੧੩॥ ਚੌਪਈ॥ ਜਬ ਬੈਕੁੰਠ ਅੰਗਦ ਗੁਰ ਗਏ। ਅਮਰਦਾਸ ਗੁਰੁ ਹੋਵਤਿ ਭਏ। ਹੁ ਸਿੱਖਨ ਕੋ ਕੀਨ ਉਧਾਰਾ। ਦੰਭ ਕੁਮਾਰਗ[2] ਭਵ ਨਿਰ-ਵਾਰਾ[3] ॥ ੧੪ ॥ ਅਮਰ ਦਾਸ ਗੁਰ ਤੇ ਪਸ਼ਚਾਤਾ। ਰਾਮਦਾਸ ਭੇ ਭਵ-ਬਖਯਾਤਾ[4]। ਤਿਨ ਹਦੂਰ ਸਿਖ ਭਯੋ ਹਿੰਦਾਲਾ। ਤਾਂ ਪਰ ਸ਼੍ਰੀ ਗੁਰੁ ਬਹੁਤ ਕ੍ਰਿਪਾਲਾ॥ ੧੫॥ ਟਹਿਲ ਦੇਗ[5] ਕੀ ਅਧਿਕ ਕਰੇਈ। ਮਨ ਇਸਥਿਰ, ਨਹਿੰ ਡੋਲਨ ਦੇਈ। ਪੂਰਨ ਸਿੱਖ ਹੋਇ ਸੁਖ ਪਾਯਾ। ਮਾਨਤਿ ਗੁਰ ਕੀ ਸਦਾ ਰਜਾਯਾ[6] ॥੧੬॥ ਦੋਹਰਾ ॥ ਟਹਿਲ ਦੇਗ ਕੀ ਕਰਤਿ ਜਹਿੰ ਤਹਿੰ ਆਏ ਗੁਰ ਸੋਇ। ਸੋਢਿਬੰਸ ਸਵਿਤਾ[8] ਭਏ ਰਾਮਦਾਸ ਪ੍ਰਭੁ ਜੋਇ[9] ॥੧੭॥ ਚੌਪਈ॥ ਹੇਰਿ ਉਠਯੋ ਗੁਰ ਕੋ ਤਤਕਾਲਾ। ਪ੍ਰੇਮ ਮਗਨ ਮਹਿੰ ਰਿਦਾ ਬਿਸਾਲਾ। ਮੰਡਤਿ[10] ਆਟਾ, ਕਰ ਸੋਂ ਲਾਗਯੋ। ਦੇਖਤਿ ਪ੍ਰਭੁ ਕੋ ਟਹਿਲ ਤਯਾਗਯੋ[11]॥੧੮॥ਪ੍ਰਿਸ਼ਟਿ ਹਾਥ ਧਰਿ[12] ਬੰਦਨ ਕੀਨੀ[13]। ਲਗੈ ਨ ਮਾਟੀ ਕਰ[14] ਉਰ ਚੀਨੀ। ਤਬ ਤੇ ਬਖਸ਼ ਗੁਰੂ ਕੀ ਭਈ।ਪ੍ਰਿਸ਼ਟਿ ਹਾਥ[15] ਧਰਿ ਬੰਦਨ ਕਈ ॥੧੯॥ ਤਿਹ ਕੀ ਸੰਤਤਿ[16] ਮਹਿੰ ਜੋ ਹੋਇ। ਹਾਥ ਪ੍ਰਿਸ਼ਟਿ ਧਰਿ ਬੰਦਹਿ ਸੋਇ। ਅਬ ਤਕ ਹੈ ਤਿਨਕੇ ਇਹ ਚਾਲੀ। ਬਖਸ਼ ਕਰੀ ਸ਼੍ਰੀ ਗੁਰੁ ਜਿਹ ਢਾਲੀ[17] ॥ ੨੦ ॥ ਦੋਹਰਾ ॥ ਤਿੰਹ ਕੀ ਸੰਤਤਿ ਕੇ ਵਿਖੈ ਇਕ ਸਾਕਤ ਭਾ[18] ਨੀਰ। ਸ਼੍ਰੀ ਨਾਨਕ ਇਤਿਹਾਸ ਜੋ ਆਵਾ ਤਿਹ ਕਰ[19] ਬੀਚ ॥ ੨੧ ॥ ਚੌਪਈ ॥ ਗੁਰੁ ਅੰਗਦ ਜੀ ਜੋ ਲਿਖਵਾਈ। ਬਹੁ ਨਹਿ ਲਿਖੀ[20], ਰਹੀ ਇਕ ਥਾਈ। ਇਕ ਕਬੀਰ ਬੰਸੀ ਮਿਲਿ ਤਾਂਹੀ। ਸੋ ਪੋਥੀ ਪਢਿ ਗੁਨ[21] ਮਨ ਮਾਂਹੀ ॥ ੨੨॥ ਕਰਿ ਕੁਕਰਮ[22] ਅਨਸੋਧ[23] ਬਨਾਈ। ਅਪਨ ਵਡਿਨ ਕੀ ਕੀਰਤਿ ਪਾਈ। ਬਚਨ ਅਨੁਚਿਤ[24] ਲਿਖੇ ਸਮੁ-ਦਾਏ। ਜਿਨਕੇ ਪਢਨ ਸੁਨਨਿ ਅਘ ਪਾਏ[25] ॥ ੨੩॥ ਅਪਨਾ ਵਡਾ ਜਾਨ

---

[1]ਮੁਖੋਂ ਪ੍ਰਗਟ ਹੋਈ। [2]ਖੋਟਾ ਰਾਹ। [3]ਦੂਰ ਕੀਤਾ। [4]ਸੰਸਾਰ ਵਿਚ ਪ੍ਰਗਟ । [5]ਲੰਗਰ। [6]ਆਗਜਾ। [7]ਕਰਦਾ ਸੀ ਜਿੱਥੇ। [8]ਦੇ ਸੂਰਜ ਹੋਏ। [9]ਜੋ। [10]ਗੁੰਨ੍ਹਦਾ ਸੀ। [11]ਭਾਵ ਆਟਾ ਗੁੰਨ੍ਹਣਾ ਛੱਡਕੇ। [12]ਕੰਡ ਤੇ ਹੱਥ ਧਰਕੇ। [13]ਨਮਸਕਾਰ ਕੀਤੀ। [14]ਮਿੱਟੀ ਹੱਥਾਂ ਨੂੰ ਨਾ ਲੱਗੇ। [15]ਪਿੱਠ ਤੇ ਹੱਥ। [16]ਸੰਤਾਨ। [17]ਜਿਸ ਤਰ੍ਹਾਂ। [18]ਹੋਇਆ ਹੈ। [19]ਹੱਥ। [20]ਬਹੁਤ (ਪੋਥੀਆਂ) ਨਹੀਂ ਸਨ ਲਿਖੀਆਂ ਗਈਆਂ। [21]ਵਿਚਾਰ ਕੇ। [22]ਖੋਟ ਕਮਾਕੇ। [23]ਗਲਤ, ਬਨਾਵਟੀ। [24]ਅਜੋਗ। [25]ਪਾਪ ਲਗਦੇ ਹਨ।

ਹਿੰਦਾਲੁ। ਤਿਹ ਕੀ ਕੀਰਤਿ ਲਿਖੀ ਬਿਸਾਲੁ[੧]। ਸ਼੍ਰੀ ਨਾਨਕ ਤੇ ਵਡੀ ਬਨਾਇ। ਮਹਿਮਾ ਲਿਖਤ ਭਯੋ ਬਹੁ ਭਾਇ[੨] ॥ ੨੪ ॥ ਦੋਹਰਾ ॥ ਉਕਤਿ ਜੁਗਤਿ ਕਰਿ ਅਨਿਕ[੩] ਬਿਧਿ[੪] ਸਾਖੀ ਕਰੀ ਅਸੋਧ[੫]। ਸੁਨਿ ਕਰਿ ਭਰਮੇ ਨਰ ਬਹੁਤ ਜਿਨਕੇ ਮਨ ਨਹਿਂ ਬੋਧ[੬] ॥ ੨੫ ॥ ਚੌਪਈ ॥ ਤਿੰਹ ਸਾਕਤ ਐਸੀ ਉਰ ਧਾਰੀ। ਜਾਨ ਪਿਤਰ ਨਿਜ[੭] ਲਿਖਾ ਸੁਧਾਰੀ[੮]। –ਗੁਰੁ ਕੇ ਸਿੱਖ ਹੋਹਿਂ ਅਧਿਕਾਈ[੯]। ਹਮਰੀ ਸੇਵ ਕਰਹਿਂ ਮਨ ਲਾਈ ॥੨੬॥ ਹਮਕੋ ਮਾਨਹਿਂਗੇ ਬਹੁ ਮਾਨਵ[੧੦]–। ਲਿਖੀ ਅਧਿਕਤਾ[੧੧] ਉਰ ਇਹ ਆਨਵ[੧੨]। ਪੂਰਬ[੧੩] ਪੋਥੀ ਹੁਤੀ ਜੁ ਸੋਈ। ਦਈ ਬਿਪਾਸਾ ਬੀਚ[੧੪] ਡਬੋਈ[੧੫] ॥੨੭॥ ਪੰਨੇ ਛੇਦੇ[੧੬] ਦਏ ਬਹਾਈ। ਜੋ ਸ਼੍ਰੀ ਗੁਰ ਅੰਗਦ ਲਿਖ-ਵਾਈ। ਤਿਹਕੋ ਤਾਤਪਰਜ ਸਭਿ ਚੀਨੇ[੧੭]। ਅਧਿਕ[੧੮] ਬਚਨ ਅਪਨੇ ਲਿਖਿ ਦੀਨੇ ॥ ੨੮ ॥ ਦੋਹਰਾ ॥ ਪੋਥੀ ਲਿਖੀ ਜੁ ਅਨਤਗਤਿ[੧੯] ਸੁਨਿ ਸ਼੍ਰੋਤਾ ਮਨ ਲਾਇ। ਤਿੰਹ ਤੇ ਪੋਥੀ ਸਭਿ ਲਿਖੀ ਸਾਕਤ ਜੌਨ ਬਨਾਇ[੨੦] ॥ ੨੯ ॥ ਚੌਪਈ ॥ ਜੇ ਹੈਂ ਨਰ ਸਤਿਗੁਰੁ ਸਿਖ ਪੂਰਨ। ਦੁਰਮਤਿ ਭਰਮ ਭਯੋ ਜਿਨ ਚੂਰਨ[੨੧]। ਸੇ ਮਹਿਮਾ ਸ਼੍ਰੀ ਨਾਨਕ ਜਾਨਹਿ। ਜੇ ਨਿਜ ਗੁਰੁ ਕੋ ਭੇਵ[੨੨] ਪਛਾਨਹਿ ॥ ੩੦ ॥ ਨਹਿਂ ਮਾਨਹਿਂ ਦੁਰਮਤਿ ਕਹਿ[੨੩] ਸਾਖੀ। ਜੌਨ[੨੪] ਦਰਸ ਨਾਨਕ ਅਭਿਲਾਖੀ[੨੫]। ਜੋ ਮਾਨਹਿਂ[੨੬] ਸਾਕਤ ਕੋ ਕਹਯੋ। ਤਿਨਤੇ ਸਿੱਖੀ ਮਾਰਗ ਰਹਯੋ ॥੩੧॥ ਗੁਰੁ ਸ਼ਰਧਾ ਜਿਨ ਕੇ ਉਰ ਹੋਈ। ਕਹਤਿ ਸੁਨਤਿ ਗੁਰ ਸਾਖੀ ਸੋਈ। ਪੈ ਸਮ[੨੭] ਪੀਵਹਿਂ ਬਿਨ ਤ੍ਰਿਪਤਾਈ। ਸੁਖ ਪਾਵਹਿਂ ਆਗੈ, ਇਹ ਬਾਂਈ ॥੩੨॥ ਦੋਹਰਾ ॥ ਸ਼੍ਰੀ ਨਾਨਕ ਜਸੁ ਖੀਰ[੨੮] ਸਮ ਬਿਦਤ[੨੯] ਦੇਤਿ ਅਹਿਲਾਦ[੩੦]। ਛੰਦ ਚੌਪਈ ਬੰਦ ਜੋ ਮਿਸ਼ਟ[੩੧] ਸਹਿਤ

---

[੧]ਬੜੀ। [੨]ਬਹੁਤ ਤਰ੍ਹਾਂ ਦੀ। [੩]ਬਹੁਤ। [੪]ਤਰ੍ਹਾਂ। [੫]ਅਸ਼ੁੱਧ ਕਰ ਦਿਤੀ। [੬]ਵਿਚਾਰਹੀਨ। [੭]ਹਿੰਦਾਲ ਨੂੰ ਅਪਣਾ ਪਿਤਾ ਪਿਤਾਮਾਂ ਜਾਣਕੇ। [੮](ਉਸਦੀ ਮਹਿਮਾ) ਬਣਾਕੇ ਲਿਖੀ। [੯]ਗੁਰੂ ਕੇ ਸਿੱਖ ਬਹੁਤੇ ਹੋਣਗੇ, ਓਹ (ਵਿਚਲਕੇ)। [੧੦]ਮਨੁਖ। [੧੧]ਵਡਜਾਈ। [੧੨]ਲਿਆਕੇ। [੧੩]ਪਹਿਲੀ। [੧੪]ਬਿਆਸਾ ਨਦੀ ਵਿਚ। [੧੫]ਡੋਬ ਦਿੱਤੀ। [੧੬]ਪਾੜ੍ਹੇ। [੧੭]ਸਮਝਕੇ। [੧੮]ਬਹੁਤੇ। [੧੯]ਹੋਰ ਤਰ੍ਹਾਂ ਦੀ, ਬਨਾਵਟੀ। [੨੦]ਜੋ ਸਾਕਤ ਨੇ ਬਨਾਈ ਸੀ ਉਸਤੋਂ ਸਭ ਪੋਥੀਆਂ ਲਿਖੀਆਂ ਗਈਆਂ। [੨੧]ਨਾਸ਼। [੨੨]ਭੇਤ ਨੂੰ। [੨੩]ਕਬੁਧੀ ਵਾਲਿਆਂ ਦੀ ਕਹੀ ਹੋਈ। [੨੪]ਜੇਹੜੇ ਲੋਕ। [੨੫]ਇਛਾਵਾਨ ਹਨ। [੨੬]ਜੋ ਮੰਨਣਗੇ। [੨੭]ਦੁਧ ਵਾਂਙੂ। [੨੮]ਦੁਧ। [੨੯]ਪ੍ਰਗਟ। [੩੦]ਆਨੰਦ ਦੇਂਦਾ ਹੈ। [੩੧]ਮਿੱਠੇ।

ਭਾ ਸ੍ਵਾਦ ॥ ੩੩ ॥ ਚੌਪਈ ॥ ਜੇ ਸਾਕਤ ਕੀ ਕਹੀ ਕੁਸਾਖੀ[੧] । ਖੀਰ ਬੀਚ
ਸੋ ਜਾਨਹੁ ਮਾਖੀ । ਕਾਢਹਿ ਮਾਖੀ ਦੇਖਹਿ ਜੋਊ[੨] । ਪੀਵਹਿ ਪਾਇ ਮਿਸ਼ਟ[੩]
ਸਿਖ ਸੋਊ ॥ ੩੪ ॥ ਦੇਖਿ ਬੂਝ[੪] ਮਾਖੀ ਜੋ ਖਾਵੈ । ਸੂਮ[੫] ਹੋਵੈ ਤਨ, ਪੈ-
ਨ ਪਚਾਵੈ[੬] । ਕੀਰਤਿ ਨਿਰਮਲ ਜੋ ਉਰ ਧਾਰਹਿ । ਕਰੀ* ਕੁਸਾਖੀ[੭] ਸੋ
ਨਿਰਵਾਰਹਿ[੮] ॥ ੩੫ ॥ ਗੁਰਮੁਖ ਸਿਖ ਅੰਬੁਜ[੯] ਸੇ ਜੇਈ । ਗੁਰ ਕੀਰਤਿ
ਰਵਿ[੧੦] ਪ੍ਰੀਤਮ ਤੇਈ[੭]। ਤਿਨ ਸੋ ਮੈਂ ਇਹ ਬਚਨ ਬਖਾਨੇ । ਸੁਨਿਕਰਿ ਗੁਰੁ
ਮਹਿਮਾ ਜੇ ਮਾਨੇ ॥੩੬॥ਦੋਹਰਾ॥ ਬੇਮੁਖ ਮਨੁਜ[੧੧] ਉਲੂਕ[੧੨] ਜੋ ਸਾਕਤ ਮਨ
ਬਚ ਕਾਇ[੧੩]।ਤਿਨਕੇ ਸੰਗ ਨ ਬਹਿਸ ਹੌਂ[੧੪],ਨਹਿੰ ਕਛੁ ਕਹੌਂ ਅਲਾਇ[੧੫]
॥ ੩੭ ॥ ਚੌਪਈ ॥ ਜੋ ਸਾਕਤਿ ਮਤਿ ਜਗਤ ਕਿ ਮਾਂਹੀ । ਚਿਤ ਸਮਝਤਿ
ਸੁ ਕਦਾਚਿਤ ਨਾਂਹੀ।ਜੇ ਬਿਧਿ[੧੬] ਆਪ ਆਨਿ ਸਮਝਾਵੈ । ਨਹੀਂ ਦੁਸ਼ਟਤਾ
ਉਰ ਤੇ ਜਾਵੈ ॥ ੩੮ ॥ ਰਸ ਊਖਹਿ ਕੇ ਲਤਾ[੧੭] ਸੁ ਪਾਲਹਿ[੧੮] । ਫਾਣਤ
ਸੋਂ ਤਿਹ ਕਰ ਅਲਬਾਲਹਿ[੧੯]।ਸਿਤਾ ਕੰਧ ਪਰ ਬਧਿ ਹੈ ਸੋਇ[੨੦]।ਕਟ ਤੂੰਬੀ
ਕਬਿ ਮਧੁਰ ਨ ਹੋਇ[੨੧] ॥੩੯॥ਦੋਹਰਾ॥ ਸ੍ਰੀ ਨਾਨਕ ਸਭਿ ਬਿਧਿ ਵਡੇ ਕੈਸੇ
ਕਰੌਂ ਉਚਾਰ । ਏਕ ਰੋਮ[੨੨] ਬ੍ਰਹਮੰਡ ਬਹੁ[੨੩] ਤਿਹ ਲੀਨੋ ਅਵਤਾਰ॥੪੦॥
ਚੌਪਈ† ॥ ਸਿੱਧ ਨਾਥ ਜੇ ਜਤੀ ਕਹਾਵਹਿੰ । ਅਮਰ ਭਏ ਮ੍ਰਿਤ ਤੇ ਨ
ਡਰਾਵਹਿੰ । ਔਰ ਅਚਾਰਜ ਬਹੁ ਮਤ ਕੇਈ। ਅਨਿਕ ਕਲਪਨਾ ਥਾਪਹਿੰ
ਜੇਈ ॥ ੪੧ ॥ ਪੀਰਨ ਪੀਰ ਔਲੀਆ ਸਾਰੇ । ਗਿਨ ਕਰਿ ਕੌਨ ਪਾਇ ਹੈ

---

[੧]ਮਾੜੀ ਸਾਖੀ । [੨]ਜੋ ਦੇਖਕੇ ਮੱਖੀ ਕੱਢ ਦੇਵੇ । [੩]ਮਿੱਠਾ । [੪]ਵੇਖ ਭਾਲ ਕੇ । [੫]ਖੇਚਲ ।
[੬]ਦੁੱਧ ਨਹੀਂ ਪਚੇਗਾ । [੭]ਜੋ ਕੁਸਾਖੀ ਬਣਾਈ ਗਈ ਹੈ । [੮]ਦੂਰ ਕਰੇ । [੯]ਕਵਲ ।
[੧੦]ਸੂਰਜ । [੧੧]ਮਨੁਖ । [੧੨]ਉੱਲੂ । [੧੩]ਮਨ ਬਾਣੀ ਸ਼ਰੀਰ ਕਰਕੇ ਜੋ ਸਾਕਤ ਹਨ।
[੧੪]ਝਗੜਾ ਨਹੀਂ ਕਰਦਾ ਹਾਂ । [੧੫]ਬੋਲਕੇ । [੧੬]ਬ੍ਰਹਮਾਂ । [੧੭]ਕੌੜੀ ਤੂੰਬੀ ਦੀ ਵੇਲ ਤੋਂ
ਭਾਵ ਹੈ । [੧੮]ਕੌੜੀ ਤੂੰਬੀ ਦੀ ਵੇਲ ਨੂੰ ਗੰਨੇ ਦੇ ਰਸ ਨਾਲ ਪਾਲੇ । [੧੯]ਮਿਸਰੀ ਨਾਲ
ਉਸਦੀਆਂ ਖੇਲਾਂ ਬਨਾਵੇ । [੨੦]ਖੰਡ ਦੀ ਕੰਧ ਤੇ ਵਧੇ ਓਹ ਵੇਲ । [੨੧]ਕੌੜੀ ਤੂੰਬੀ ਕਦੇ ਮਿੱਠੀ
ਨਹੀਂ ਹੋਊ । [੨੨]ਦਿਸਦੇ ਇਕ ਰੋਮ ਵਿਚ । [੨੩]ਬਹੁਤੇ ਹੈਨ ।

*ਪਾ:-ਕਹੀ । †ਅੰਕ ੩੯ ਤੋਂ ਅੱਗੇ ਦਾ ਭਾਵ ਪੜ੍ਹਕੇ ਕਿਸੇ ਨੂੰ ਸੰਸਾ ਨਹੀਂ ਰਹਿ
ਸਕਦਾ ਕਿ ਕਵਿ ਜੀ ਗੁਰ ਨਾਨਕ ਦੇਵ ਜੀ ਨੂੰ ਸਭ ਤੋਂ ਵੱਡਾ ਉਚਾ ਸੱਚਾ
ਸੂਰਜ ਵੱਤ ਮੰਨਦੇ ਸਨ ਤੇ ਹੋਰ ਕਿਸੇ ਦੇਵੀ ਦੇਵ, ਵਲੀ ਪੀਰ ਨੂੰ ਨਜ਼ਰ ਤਲੇ ਨਹੀਂ ਸਨ
ਲਿਆਉਂਦੇ ।

ਪਾਰੇ। ਇਨ ਕੋ ਮਾਨ[1] ਤਿਮਰ ਘਨ ਸਾਂਝੂ[2]। ਅਧਿਕ ਦੰਭਿ ਸੋਂ ਉਡਗਨ ਰਾਜੂ[3] ॥੪੨॥ ਕਲਾ ਬਿਸਾਲਨ ਕੇ ਬਲਿ[4] ਜੇਤੇ। ਤਾਰੇ ਬ੍ਰਿੰਦਨ ਚਮਕਤਿ ਤੇਤੇ। ਨਿਸਾ ਘੋਰ[5] ਕਲਿ[6] ਕੀਨਿ ਕੁਚਾਲੇ[7]। ਤਸਕਰ[8] ਦੰਭੀ[9] ਵਿਰਤਿ ਸੁਖਾਲੇ ॥੪੩॥ ਦੋਹਰਾ॥ ਮਤ ਜਿ ਅਨੇਕ ਚਕੋਰ[10] ਗਨ ਹਰਖਤਿ ਮਿਲਾ ਸਮਾਜ। ਕਲਮਲ[11] ਕੁਮਦ[12] ਪ੍ਰਫੁੱਲਹੀਂ ਤਾਲ ਪਾਇ ਕਲਿਰਾਜ[13]॥੪੪॥ ਚੌਪਈ॥ਸ੍ਰੀ ਨਾਨਕ ਸੂਰਜ ਪਰਕਾਸ਼ੇ। ਪਾਛਲ ਗਿਨਤੀ ਸਕਲ ਬਿਨਾਸੇ। ਭਏ ਸੰਤ ਅਰਬਿੰਦ[14] ਸੁਖਾਰੇ। ਚਕਵੇ ਸਿੱਖਨ ਕੇ ਦੁਖ ਟਾਰੇ ॥ ੪੫ ॥ ਆਤਪ[15] ਭਗਤਿ ਬਿਰਾਜੀ ਜਹਿਂ ਤਹਿਂ। ਗਯਾਨ ਤੇਜ ਹੈ ਨਿਰਮਲ ਜਿਹ ਮਹਿਂ।ਐਸੇ ਗੁਰਕੇ ਨਿੰਦਕ ਜੇਈ। ਸਮ ਉਲੂਕ ਦੁਖ ਪਾਵਹਿਂ ਤੇਈ॥੪੬॥ ਦਿੱਬ ਸਹੰਸਰ ਬਰਖ[16] ਪ੍ਰਮਾਨਾ[17]। ਪਾਵਹਿਂ ਨਰਕ ਮਹਾਂ ਦੁਖ ਖਾਨਾ। ਤ੍ਰਿਗਦ[18] ਜੋਨਿ ਪੁਨ ਬਾਰੰਬਾਰਾ। ਧਰਿ ਕਰਿ ਪਾਵਹਿਂ ਕਸ਼ਟ ਅਪਾਰਾ॥੪੭॥ ਦੋਹਰਾ ॥ ਸ੍ਰੀ ਨਾਨਕ ਉਪਮਾ ਵਡੀ ਮੋ ਤੇ ਕਹੀ ਨ ਜਾਇ। ਜਿਉਂ ਕੀਟੀ ਗਿਰ ਨਹਿਂ ਉਠੇ ਕਰਤਿ ਅਨੇਕ ਉਪਾਇ ॥ ੪੮ ॥ ਚੌਪਈ ॥ ਤਿਨ ਕੀ ਸਮ ਨਹਿਂ ਦੀਸਹਿ ਕੋਊ। ਜਿਹਕੀ ਉਪਮਾ ਦੇਵੋਂ ਸੋਊ। ਜੋ ਉਪਮੇਯ[19] ਤਾਰਤਮ ਉਪਮਾ[20]। ਹੁਇ ਹਾਸੀ ਤਿਹ ਕਵਿ ਕੀ ਭਵ ਮਾਂ[21] ॥੪੯॥ ਸ੍ਰੀ ਨਾਨਕ ਜੋ ਹਮਰੇ ਸੁਆਮੀ। ਜੈਸਿ[22] ਸੈਸਿ ਹੈਂ[23] ਅੰਤਰਜਾਮੀ। ਕਹੇ ਵਧੈਂ ਨਹਿਂ ਘਟੈਂ ਘਟਾਏ। ਜਨਮ ਧਾਰਿ ਜੋ ਗੁਰੂ ਕਹਾਏ॥੫੦॥ ਬੇਦ*

[1]ਇਨ੍ਹਾਂ ਦਾ ਮਾਨ। [2]ਹਨੇਰਾ ਗਾਹੜੀ ਸੰਝਾਂ ਦਾ। [3]ਤਾਰਿਆਂ ਦੇ ਰਾਜਾ ਦੰਦੂਮਾਂ ਸਮਾਨ ਦੰਭੀ ਹੈਨ ਸਾਰੇ। [4]ਬਹੁਤੀਆਂ ਸ਼ਕਤੀਆਂ ਦੇ ਬਲ ਵਾਲੇ ਤਾਰੇ(ਸਮਝ ਲਓ)। [5](ਐਉਂ)ਘੋਰ ਰਾਤ ਹੈ। [6]ਕਲਿ ਜੁਗ। [7]ਕੁਰੀਤੀ। [8]ਚੋਰ। [9]ਪਖੰਡੀ। [10]ਜੋ ਅਨੇਕ ਮਤ ਮਤਾਂਤ੍ਰ ਹੈਨ ਚਕੋਰ (ਵਤ ਹੈਨ)। [11]ਪਾਪ (ਮਾਨੋਂ ਕਵੀਆਂ ਹਨ)। [12]ਕਵੀਆਂ। [13]ਕਲਜੁਗ ਦਾ ਜੋ ਰਾਜ ਹੈ ਸੋ ਤਲਾਉ ਪਾ ਕੇ। [14]ਕਵਲ। [15]ਧੁੱਪ। [16]ਦੇਵਤਿਆਂ ਦੇ ਹਜ਼ਾਰ ਵਰ੍ਹੇ। [17]ਤਕ (ਦੇਖੋ ਪ੍ਰੂ: ਅਧਯਾਯ ੬੬ ਅੰਕ ੪੭)। [18]ਟੇਢੀਆਂ (ਸੱਪ ਆਦਿਕ) ਜੋਨੀਆਂ। [19]ਉਪਮਾ ਯੋਗ (ਜੈਸੇ ਸਤਿਗੁਰੂ)। [20]ਵਧ ਘਟ ਉਪਮਾ ਦੇਵੇ। [ਸੰਸ:,ਤਾਰਤਮਜ]। [21]ਸੰਸਾਰ ਵਿਚ। [22]ਜੈਸੇ ਉਹ(ਹਨ)। [23]ਤੈਸੇ ਉਹੀ(ਹਨ)।

*ਭਾਵ ਜਿਵੇਂ ਕਦੇ ਬੇਦ ਰਿਚਾਂ ਰਚੀਆਂ ਗਈਆਂ ਸਨ, ਤਿਵੇਂ ਗੁਰੂ ਜੀ ਨੇ ਸਬਦ ਰਚੇ। ਪ੍ਰਸ਼ਨ—ਸੰਸਕ੍ਰਿਤ ਵਿਚ ਕਿਉਂ ਨਾ ਰਚੇ ? ਉੱਤਰ—ਕਲਜੁਗ ਦਾ ਸਮਾਂ ਹੈ, ਬੁੱਧੀਆਂ ਮੰਦ ਪੈ ਰਹੀਆਂ ਹਨ, ਇਸ ਲਈ ਕ੍ਰਿਪਾਲੂ ਸਤਿਗੁਰੂ ਨੇ ਸੁਖੱਲੇ ਕਰਕੇ ਰਚੇ। ਭਾਵ ਬੋਲੀ ਜਾਣ ਵਾਲੀ ਬੋਲੀ ਵਿਚ ਰਚੇ। ਇਥੇ ਮੁਰਾਦ ਵੇਦ ਦੇ ਟੀਕਾ ਕਰਨ ਤੋਂ ਨਹੀਂ, ਪਰੰਤੂ ਵੇਦ ਦੀਆਂ ਰਿਚਾਂ ਦੇ ਰਚੇ ਜਾਣ ਵਾਂਙੂ—ਅਨੁਭਵ ਤੋਂ ਹੈ।

[ਬਾਕੀ ਟੂਕ ਦੇਖੋ ਅਗਲੇ ਸਫੇ ਦੇ ਹੇਠ]

ਰਿਚਾ[੧] ਜੋ ਸਬਦ ਸੁ ਕੀਨੇ। ਲੋਗਨ ਹਿਤ ਦੇਖੇ ਦੁਖਿ ਦੀਨੇ[੨]। ਕਲੀ ਕਾਲ ਮਤਿਮੰਦ[੩] ਬਿਸਾਲਾ[੪]।ਯਾਤੇ ਕਰੇ ਸੁਖੇਨ ਕ੍ਰਿਪਾਲ॥੫੧॥ਦੋਹਰਾ॥ ਨਿੰਦਕ ਜੇ ਨਿੰਦਾ ਕਰਹਿਂ ਕੀਰਤਿ ਛੋਟ ਨ ਹੋਇ। ਜਿਉਂ ਦੁਰਾਇ ਸਸਿ[੫] ਪੱਤ੍ਰ ਸੋਂ ਛਾ-ਦਯੋ[੬] ਜਾਇ ਨ ਸੋਇ॥੫੨॥ਚੌਪਈ॥ ਜਿਉਂ ਰਵਿ ਕੋ ਉਲੂਕ[੭] ਮੁਖ ਨਿੰਦਹਿ। ਅੰਧ ਹੋਇ ਨਿਜ ਲੋਚਨ ਮੁੰਦਹਿ।ਮਾਰਤੰਡ[੮] ਘਟ ਹੋਇ ਨ ਜਾਈ। ਦੀਪਤਿ[੯] ਸਭਿ ਲੋਕਨ ਸੁਖਦਾਈ॥੫੩॥ ਤਿਉਂ ਨਾਨਕ ਕੀਰਤਿ ਪਰਕਾਸ਼ੀ। ਦਿਪ-ਤਿ ਜਹਾਂ ਤਹਿਂ[੧੦],ਨਿੰਦਕ ਨਾਸ਼ੀ[੧੧]। ਆਸ਼੍ਰਮ ਬਰਨ ਚਤੁਰ[੧੨] ਬਿਸਤਾਰ॥ ਸ਼੍ਰੀ ਗੁਰ ਕੀਰਤਿ ਕਰਹਿਂ ਉਚਾਰ॥੫੪॥ਤੁਰਕ ਸਭੈ ਤੁਰਕਨ ਕੇ ਪੀਰੂ[੧੩]। ਜਾਨਹਿਂ, ਨਾਨਕ ਗੁਨੀ ਗਹੀਰੂ[੧੪]। ਕਲਾਵਾਨ ਸਿਧ ਨਾਥ ਜਿ ਜਹਿਂ ਤਹਿਂ। ਸ਼੍ਰੀ ਗੁਰ ਕੀਰਤਿ ਪੂਰਨ ਸਭਿ ਮਹਿਂ ॥੫੫॥ ਜਹਿਂ ਲੌ ਹੈ ਵਿਸਤ੍ਰਿ-ਤ[੧੫] ਸੁ ਅਵਨੀ[੧੬]। ਸਰਬ ਥਾਨ ਮਹਿਂ ਕੀਰਤਿ ਰਵਨੀ[੧੭]। ਤੋਰੇ[੧੮] ਹੁਤੇ ਮੁਵਾਸ[੧੯] ਮੁਕਾਮਾ। ਸਭਿ ਊਪਰਿ ਰਾਜਤਿ[੨੦] ਅਭਿਰਾਮਾ[੨੧] ॥੫੬॥ ਕਬਿੱਤ॥ *ਖੁਰਾਸਾਨ ਕਾਬਲ ਕੰਧਾਰ ਹੂੰ ਮੈ ਕੇਵੜਾ[੨੨] ਸੀ[੨੩], ਮੱਧ ਮੁਲਤਾਨ ਹੂੰਕੇ

---

[੧]ਸ਼੍ਰੁਤੀਆਂ। [੨]ਦੁਖੀ ਦੀਨ ਲੋਗਾਂ ਦਾ ਹਿਤ ਦੇਖਕੇ। [੩]ਦੀਆਂ ਬੁੱਧੀਆਂ ਮੰਦ ਹਨ। [੪]ਬਹੁਤ। [੫]ਚੰਦ੍ਰਮਾਂ ਨੂੰ। [੬]ਲੁਕਾਇਆ ਨਹੀਂ। [੭]ਉੱਲੂ। [੮]ਸੂਰਜ। [੯]ਪ੍ਰਕਾਸ਼ਦਾ ਹੈ। [੧੦]ਜਿੱਥੇ ਕਿੱਥੇ। [੧੧]ਨਾਸ਼ ਹੋਏ। [੧੨]ਚਾਰੇ ਵਰਣ (ਮੁਰਾਦ ਹਿੰਦੂ)। [੧੩]ਭਾਵ ਅਪਣਾ ਪੀਰ। [੧੪]ਜੀ ਨੂੰ ਗੁਣਾਂ ਦਾ ਸਮੁੰਦਰ ਜਾਣਦੇ ਹਨ। [੧੫]ਫੈਲੀ ਹੋਈ ਹੈ। [੧੬]ਧਰਤੀ। [੧੭]ਸੁੰਦਰ (ਅ) ਫੈਲੀ ਹੈ। [੧੮](ਗੁਰੂ ਜੀ ਨੇ) ਤੋੜੇ। [੧੯]ਆਕੀਆਂ ਦੇ। [੨੦]ਵਿਰਾਜ ਰਹੀ ਹੈ (ਕੀਰਤੀ)। [੨੧]ਸੁੰਦਰ। [੨੨]ਕੇਵੜੇ। [੨੩]ਜੇਹੀ।

*ਸਾਰੇ ਦੇਸ਼ਾਂ ਵਿਚ ਸਤਿਗੁਰੂ ਜੀ ਦੀ ਉੱਜਲ ਕੀਰਤੀ ਫੈਲ ਰਹੀ ਹੈ ਇਸ ਪੁਰ ਸਫੈਦ ਚੀਜ਼ਾਂ ਦੇ ਦ੍ਰਿਸ਼ਟਾਂਤ ਦੇਕੇ ਕਵੀ ਜੀ ਨੇ ਅਦਭੁਤ ਦਰਸ਼ਨ ਕਰਾਇਆ ਹੈ। ਕੀਰਤੀ ਦੀ ਉਪਮਾਂ ਉੱਜਲ ਦੇਣੀ ਕਵਿ ਸੰਕੇਤ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਉਂਞ ਵੇਦ ਪਦ ਸੰਸਕ੍ਰਿਤ ਵਿਚ ਨਿਰੇ 'ਵੇਦ ਪੁਸਤਕਾਂ' ਦੇ ਅਰਥ ਵਿਚ ਹੀ ਨਹੀਂ ਆਇਆ, ਦੇਖੋ ਰਿਗ ਵੇਦ:—

वेदो ऽसि येन त्वं देव वेद देवेभ्यो वेदो भवसेतन मह्यं वेदो भूयः ३५—१५—३

ਹੇ ਸੁਭ ਗੁਣ ਕੇ ਦੇਨੇ ਹਾਰੇ ! ਜਗਦੀਸ਼੍ਵਰ (त्वम) ਆਪ (वेदः) ਚਰਾਚਰ ਜਗਤ ਕੇ ਜਾਨਣੇਹਾਰੇ (असि) ਹੈਂ, ਸਭ ਜਗਤ ਕੋ (वेद) ਜਾਨਤੇ ਹੋ, ਤਥਾ ਜਿਸ ਵਿਗਯਾਨ ਵਾ ਵੇਦ ਸੇ (देवेभ्यो) ਵਿਦਵਾਨੋਂ ਕੇ ਲੀਏ (वेदः) ਪਦਾਰਥੋਂ ਕੇ ਜਾਨਣੇ ਵਾਲੇ। ਇਸੇ ਤਰ੍ਹਾਂ ਹੇਠ ਲਿਖੇ ਮੰਤਰਾਂ ਵਿਚ ਵੇਦ ਦੇ ਅਰਥ ਹੋਰ ਕੀਤੇ ਗਏ ਹਨ:—੧੨—੬੪, ੩੨—੧੦, ੧੭—੨੭, ੨੩—੫੮,੨੩—੬੦,੩੧—੧੮,੩੨—੯,੪੦— ੧,੪੦—੧੪।

ਮਾਲਤੀ[੧] ਸੀ ਫੂਲੀਆ। ਮੱਕੇ ਮੈਂ ਮੰਦਾਰ ਸੀ[੨],ਮਦੀਨੇ ਹੈ ਮਯੰਕ[੩] ਸਮ,
ਕੰਬੁ[੪] ਜੈਸੀ ਕਾਸ਼ਮੀਰ ਭਲੀ ਭਾਂਤਿ ਝੂਲੀਆ । ਪਾਰਦ ਸੀ[੫] ਬਗ਼ਦਾਦਿ,
ਨਾਰਦ[੬] ਸੀ ਭੱਖਰਾਦਿ, ਗੰਗਾ ਕੈਸੀ ਧਾਰ ਭਈ ਗੰਗ ਜੂ ਕੇ ਕੂਲੀਆ[੭]।
ਚੌਰ ਜੈਸੀ ਚਾਰੋਂ ਦਿਸਿ ਸੋਹੈ ਸਭਿ ਸੀਸ ਪਰ, ਸਾਤਦੀਪ ਮੱਧ ਮੈਂ ਮਰਾਲ
ਪਾਂਤਿ[੮] ਫੂਲੀਆ ॥ ੫੭॥ ਅਮਲ ਕਮਲ ਜੈਸੀ ਕਾਂਸ਼ੀ ਮੈਂ ਬਿਰਾਜਮਾਨ,
ਸੁਧਾ[੯] ਸਮ ਸੁਧਾਸਰ[੧੦], ਦਿੱਲੀ ਦੂਧ[੧੧] ਸੋਹੀਏ। ਜੌਨ੍ਹ[੧੨] ਜੈਸੀ ਜੋਧ ਪੁਰ,
ਸ਼ੇਸ਼[੧੩] ਸੀ[੧੪] ਸੁਮੇਰੁ ਪਰ, ਚੰਦਨ ਸੀ ਚੀਨ ਔ ਮਚੀਨ ਮਾਂਹਿ ਜੋਹੀਏ[੧੫]।
ਨਿਪਾਲ ਮੈਂ ਨਿਹੱਕਸੀ[੧੬],ਕਮਾਊਂ[੧੭] ਮੈਂ ਕਪਾਸ[੧੮] ਸੀ,ਹਿਸਾਰ ਕੋਟ ਹਿਮ[੧੯]
ਸੀ[੨੦] ਸੁਖਦ[੨੧] ਅਵਰੋਹੀਏ[੨੨]। ਆਠੋਂ ਦਿਗਪਾਲਨ[੨੩] ਕੇ ਦਸਨ[੨੪] ਪੈ
ਜਾਇ ਟਿਕੀ, ਜਹਾਂ ਤਹਿਂ ਦੇਖੀਏ ਸਭਿਨਿ ਮਨ ਮੋਹੀਏ॥ ੫੮ ॥ ਲਖਨਊ
ਸਾਰਦ[੨੫] ਸੀ[੨੬],ਲਵਪੁਰਿ[੨੭] ਵਾਰਿਦ[੨੮] ਸੀ,ਹਾਜੀ ਪੁਰਿ ਹੰਸਨੀ ਸੀ, ਰੂਪਾ[੨੯]
ਰੂਮ[੩੦] ਜਾਨਿਯੇ। ਕਰਿਕਾ[੩੧] ਐਰਾਕ[੩੨], ਉਡਗਨ ਸੀ[੩੩] ਐਰਾਨ[੩੪] ਹੂਰੀ,
ਫਟਕ[੩੫] ਸੀ ਫਰਕਾਬਾਦ, ਬਿਸਦ[੩੬] ਬਖਾਨਿਯੇ[੩੭]।ਉਦਧਿ ਬੰਦਰ[੩੮] ਮੱਧ-
ਉਦਧਿਸੀ[੩੯] ਫੈਲ ਰਹੀ, ਕੂਲ[੪੦] ਸੁ ਕਲਿੰਦਰੀ[੪੧] ਕੇ ਕੁੰਦ ਸੀ[੪੨] ਪ੍ਰ.
ਨਿਯੇ[੪੩]। ਕੌਡੇਸੀ[੪੪] ਕਲਿੰਜਰ[੪੫], ਸਭਿਨਿ ਮੁਖ ਰਦਨ[੪੬] ਸੀ[੪੭] ਨਾਨਕ
ਕੀ ਕੀਰਤਿ ਸੰਤੋਖ ਸਿੰਘ ਗਾਨਿਯੇ[੪੮] ॥ ੫੯ ॥ ਦੋਹਰਾ ॥ ਦਸ ਦਿਸ਼ ਹਿੰਦੂ
ਤੁਰਕ ਮਹਿਂ ਘਰ ਘਰ ਦੇਸ਼ ਬਿਦੇਸ਼। ਫੁਲਵਾਰੀ ਫੂਲੀ ਜੁਹੀ[੪੯] ਮਲਿਕਾ-
ਸੁਮਨ ਬਿਸ਼ੇਸ਼[੫੦]॥੬੦॥ਚੌਪਈ॥'ਅਵਰ ਨਰਨ ਸਰ* ਜਨਮ ਸੁ ਧਾਰੇ[੫੧]'।ਜੋ

---

[੧]ਇਕ ਚਿੱਟਾ ਫੁੱਲ। [੨]ਕਲਪ ਬ੍ਰਿੱਛ ਜੇਹੀ। [੩]ਚੰਦਰਮਾਂ। [੪]ਸੰਖ। [੫]ਪਾਰੇ ਵਰਗੀ। [੬]ਨਾਰਦ ਦਾ ਰੰਗ ਚਿੱਟਾ ਹੈ। [੭]ਗੰਗਾ ਕਿਨਾਰੇ। [੮]ਹੰਸਾਂ ਦੀ ਪੰਕਤੀ (ਵਾਂਗੂ)। [੯]ਅੰਮ੍ਰਿਤ। [੧੦]ਸ੍ਰੀ ਅੰਮ੍ਰਿਤਸਰ ਵਿਚ। [੧੧]ਦੁੱਧ ਵਰਗੀ। [੧੨]ਚਾਂਦਨੀ। [੧੩]ਸ਼ੇਸ਼ ਨਾਗ। [੧੪]ਜੇਹੀ। [੧੫]ਵੇਖੀਦੀ ਹੈ। [੧੬]ਹੀਰੇ ਜੇਹੀ। [੧੭]ਪਹਾੜ ਹੈ (ਅ) ਕਾਮਰੂਪ। [੧੮]ਕੁਪਾਹ। [੧੯]ਬਰਫ। [੨੦]ਜੇਹੀ। [੨੧]ਸੁਖ ਦੇਣੇ ਵਾਲੀ। [੨੨]ਵੇਖੀਦੀ ਹੈ। [੨੩]ਦਿਸ਼ਾਪਾਲ ਹਾਥੀਆਂ। [੨੪]ਦੰਦਾਂ। [੨੫]ਸਰਸੁਤੀ। [੨੬]ਜੇਹੀ। [੨੭]ਲਾਹੌਰ। [੨੮]ਬੱਦਲ। [੨੯]ਚਾਂਦੀ ਜੇਹੀ। [੩੦]ਰੂਮ ਵਿਚ। [੩੧]ਗੜਾ। [੩੨]ਇਕ ਵਲੈਤ ਰੂਮ ਵਿਚ। [੩੩]ਤਾਰਿਆਂ ਵਰਗੀ। [੩੪]ਈਰਾਨ। [੩੫]ਬਲੋਰ। [੩੬]ਉੱਜਲ। [੩੭]ਕਹੀਦੀ ਹੈ। [੩੮]ਸਮੁੰਦਰ ਦੇ ਬੰਦਰਾਂ ਤੇ। [੩੯]ਖੀਰ ਸਮੁੰਦਰ ਵਰਗੀ। [੪੦]ਕਿਨਾਰੇ। [੪੧]ਜਮਨਾਂ ਨਦੀ ਦੇ। [੪੨]ਰਵੇਲ(ਮਰਤਬਾਨ) ਵਰਗੀ। [੪੩]ਜਾਣ ਲਵੋ। [੪੪]ਸੁਫੇਦ ਕੌਡੀ ਜੇਹੀ। [੪੫]ਇਕ ਦੇਸ਼ ਦਾ ਨਾਮ। [੪੬]ਸਾਰਿਆਂ ਦੇ ਮੂੰਹ ਵਿਚ ਦੰਦਾਂ (ਵਰਗੀ ਚਿਟੀ)। [੪੭]ਜੇਹੀ। [੪੮]ਗਾਈ ਹੈ। [੪੯]ਚਿਟੇ ਰੰਗ ਦਾ ਇਕ ਨਿੱਕਾ ਚੰਬਾੜ [੫੦]ਮਾਲਤੀ ਫੂਲ ਤੋਂ ਵੱਧ (ਸੁਹਣੀ)। [੫੧](ਗੁਰੂ ਜੀ ਨੇ) ਧਾਰਿਆ ਸੀ ਜਨਮ। *ਪਾ:-ਸਮ।

ਐਸੇ ਕਹਿਂ ਸੋ ਕੂੜਿਆਰੇ। ਸੋ ਨਾਨਕ ਕੋ ਜਾਨਤਿ ਨਾਹੀ।ਕੈ[1] ਗੁਰ ਨਿੰਦਕ ਨਿੰਦਾ ਪ੍ਰਾਹੀ[2] ॥ ੬੧ ॥ ਜੀਵਤਿ ਦੁਖ ਪਾਵਹਿਂ ਨਰ ਸੋਇ। ਮੂਏ ਨਰਕ ਪਰਾਪਤਿ ਹੋਇਂ। ਨਹਿਂ ਜਾਨਹਿਂ ਕਹਿਤੇ ਜੋ ਭੂਲੇ[3]। ਅਬ ਸੁਨਿ ਸੋ ਹੋਵਹਿਂ ਅਨਕੂਲੇ[3] ॥ ੬੨ ॥ ਦੋਹਰਾ ॥ ਸੁਨਿ ਸ਼੍ਰੋਤਨ ਸੁਖ ਪਾਇ ਮਨ, ਕੀਨੋ ਬਹੁਰ ਸੰਦੇਹ।ਵਧੀ ਰਿਦੇ ਮਹਿਂ ਲਾਲਸਾ ਕਥਾ ਸੁਨਨਿ ਪਰ ਜੇਹ[4] ॥੬੩॥ ਚੌਪਈ॥ ਅਸ ਬਿਧਿ ਸ਼੍ਰੋਤਨ ਬਚਨ ਉਚਾਰੇ। 'ਸੁਨਹੁ ਕਵੀ ਇਵ ਗ੍ਰੰਥ ਮਝਾਰੇ। ਤੂੰ ਤਾਂ ਜਨਕ* ਰਾਜ ਅਵਤਾਰਾ। ਇਹ ਬਿਧਿ ਲਿਖ੍ਯੋ ਵਾਕ ਸੁਖਕਾਰਾ ॥੬੪॥ ਗੁਰੂ ਗ੍ਰੰਥ ਕੀ ਸਾਖੀ[5] ਪਾਵੈਂ। ਤੌ ਹਮਰੋ ਸੰਦੇਹ ਮਿਟਾਵੈ। ਜਾਂ ਕੇ ਬਚਨ ਅਮੋਲ ਅਡੋਲਾ। ਸੁਖਦਾ ਮੰਗਲ ਮੂਲ ਅਤੋਲਾ' ॥੬੫॥ ਸੁਨਿ ਕਰਿ ਕਵੀ ਗ੍ਰੰਥ ਕੀ ਗਾਥਾ। ਕਰਿ ਉਰ ਹਰਖ ਕਹਤਿ ਤਿਨ ਸਾਥਾ। 'ਧੰਨ ਗਿਰਾ[6], ਮਤਿ ਧੰਨ ਤੁਮਾਰੀ। ਜਾਂਤੇ ਮਨ ਮਹਿਂ ਸਮਝ ਉਚਾਰੀ ॥ ੬੬ ॥ ਕਹਤਿ ਮਹਿਤ ਕੀ ਮਹਿਤਹਿ ਸਾਖੀ[7]। ਨਹੀਂ ਅਲਪ[8] ਤੇ ਜਾਵਹਿ ਭਾਖੀ। ਸ੍ਰੀ ਨਾਨਕ ਇਤਿਹਾਸ ਪੁਨੀਤਾ। ਗ੍ਰੰਥ ਅਨੁਸਾਰ ਕਥੀ ਮੈਂ ਰੀਤਾ॥੬੭॥ ਪੁਨ ਗੁਰਦਾਸ ਭਯੋ ਜੋ ਭਾਈ। ਕਛੁਅਕ ਕੀਨਿ ਜਿ[9]† ਗੁਰੂ ਵਡਾਈ।

[1]ਜਾਂ। [2]ਆਖਦੇ ਹਨ। [3]ਜੋ (ਮਹਿਮਾ) ਜਾਣਦੇ ਨਹੀਂ ਤੇ ਭੁੱਲਕੇ ਕਹਿ ਬੈਠਦੇ ਹਨ ਓਹ ਹੁਣ ਸੁਣਕੇ ਅਨਕੂਲ ਹੋ ਜਾਣਗੇ। [4]ਜਿਨ੍ਹਾਂ ਦੀ। [5]ਉਗਾਹੀ। [6]ਬਾਣੀ। [7]ਬੜੇ ਪੁਰਖ ਦੀ ਸਾਖੀ ਵਡੇ ਪੁਰਖ ਹੀ ਕਹਿੰਦੇ ਹਨ। [8]ਛੋਟੇ। [9]ਜਿਸ ਨੇ।

*ਜਨਕ ਤੋਂ ਮੁਰਾਦ ਇਥੇ ਤੱਤਦਰਸੀ ਮਹਾਤਮਾ, ਜੀਵਨ ਮੁਕਤ ਤੋਂ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਜੀ ਨੇ ਜਨਕ ਦੇ ਅਰਥ ਆਪ ਹੀ ਅਪਣੇ ਮੁਖਾਰਬਿੰਦ ਤੋਂ ਐਉਂ ਉਚਾਰੇ ਹਨ:-

'ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥' ਅਰਥਾਤ-ਜਨਕ ਉਹ ਹੈ ਜੋ ਗਯਾਨਵਾਨ ਅਰ ਬ੍ਰਿਤਿ ਨੂੰ ਤੁਰੀਆ ਪਦ ਵਿਚ ਰਖਦਾ ਹੈ।

ਜਨਕ ਸੀਤਾ ਜੀ ਦੇ ਪਿਤਾ ਦਾ ਨਾਮ ਬੀ ਸੀ, ਸੋ ਰਾਜਾ ਅਰ ਗਯਾਨੀ ਸੀ। ਅਸਲ ਵਿਚ ਜਨਕ ਇਕ ਰਾਜੇ ਦਾ ਨਾਮ ਨਹੀਂ, ਇਹ ਇਕ ਲਕਬ ਸੀ ਜੋ ਮਿਥਲਾ ਦੇ ਰਾਜਿਆਂ ਦੀ ਇਕ ਲੜੀ ਦਾ ਸੀ। ਇਨ੍ਹਾਂ ਵਿਚ ਇਕ ਯਾ ਕਈ ਬ੍ਰਹਮ ਗਯਾਨੀ ਹੋਏ। ਉਵ ਵੀ 'ਜਨਕ ਅਵਤਾਰ' ਕਹਿਣ ਤੋਂ ਮੁਰਾਦ ਕੇਵਲ ਕਿਸੇ ਨੂੰ 'ਰਾਜ ਯੋਗੀ' ਕਹਿਣ ਤੋਂ ਹੁੰਦੀ ਹੈ, ਜਿਵੇਂ 'ਹਾਤਮ ਦਾ ਅਵਤਾਰ' ਕਹਿਣ ਤੋਂ 'ਹਾਤਮ ਦੀ ਜੂਨ ਪਲਟੀ', ਮੁਰਾਦ ਨਹੀਂ ਹੁੰਦੀ, ਪਰ ਇਸ ਦਾ ਅਰਥ ਕੇਵਲ 'ਸਖੀ' ਹੁੰਦਾ ਹੈ। ਕਵੀ ਜੀ ਨੇ ਆਪ ਬੀ ਅੱਗੇ ਅੰਕ ੭੬ ਤੋਂ ੭੮ ਵਿਚ ਇਹੋ ਉਤਰ ਦਿੱਤਾ ਹੈ।

†ਪਾ:-ਕਛੂ ਕੀਨ ਜਿਨ।

ਸ੍ਰੀ ਅਰਜਨ ਕੀ ਰਹਿਤਿ ਹਜੂਰਾ। ਸਿੱਖੀ ਅਧਿਕ ਪ੍ਰੇਮ ਬ੍ਰਤ ਪੂਰਾ ॥੬੮॥ ਸੁਨਿ ਗੁਰੁ ਅਰਜਨ ਜਿਹ ਕੀ ਬਾਨੀ। ਬਰ ਦੀਨੋ ਅਸਬਿਧਿ ਗਤਿਦਾਨੀ। ਪਢਹਿ ਪ੍ਰੇਮ ਕਰਿ ਕੈ ਸਿਖ ਜੋਊ। ਸਿੱਖੀ ਕੋ ਪ੍ਰਾਪਤਿ ਹ੍ਵੈ ਸੋਊ ॥੬੯॥ ਤਿਹ ਅਨੁਸਾਰ ਕਥੀ ਮੈਂ ਗਾਥਾ। ਤਿਹ ਕੀ ਸਾਖ ਸੁਨਹੁ ਹਿਤ ਸਾਥਾ। ਸ੍ਰੀ ਗੁਰੁ ਗੋਬਿੰਦ ਸਿੰਘ ਹਦੂਰੀ। ਮੰਨੀ ਸਿੰਘ ਭਯੋ* ਗਤਿ ਰੂਰੀ[1] ॥ ੭੦ ॥ ਜਿਹ ਸਿਰ ਲੌ[2] ਸਿੱਖੀ ਨਿਰਬਾਹੀ। ਤਿਹ ਅਨੁਸਾਰ ਕਥਾ ਮੈਂ ਪ੍ਰਾਹੀ[3]। ਪ੍ਰਿਥਮੈ ਸੁਨਹੁ ਗ੍ਰੰਥ ਕੀ ਸਾਖੀ। ਹਿਰਦੇ ਮਹਿਂ ਸ਼ਰਧਾ ਦ੍ਰਿਢ ਰਾਖੀ† ॥ ੭੧ ॥

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਕ]

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥ ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥ ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥ ੨ ॥ ੧੬ ॥ [ਸਵਈਏ ਮ: ੩ ਕੇ

...... ......... ......... ......... ......... ......

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥ [ਸਵਈਏ ਮ: ੧ ਕੇ

ਦੋਹਰਾ ॥ ਇਤਨਾਦਿਕ ਸ੍ਰੀ ਗ੍ਰੰਥ ਮੈ ਲਿਖੇ ਸਵੱਯੇ ਬ੍ਰਿੰਦ[4]। ਨਿਰੰਕਾਰ ਆਕਾਰ ਭੇ ਸ੍ਰੀ ਗੁਰੁ ਆਨੰਦ ਕੰਦ[5] ॥ ੭੨ ॥ ਚੌਪਈ ॥ ਮੁਹੁਰਮੁਹੂ ਸ੍ਰੀ ਗ੍ਰੰਥਹਿ[6] ਕਹਾ। ਸੋ ਤੁਮ ਸਾਚ ਕਿ ਝੂਠੋ ਲਹਾ[7]? ।ਵਾਕ ਗ੍ਰੰਥ ਕੋ ਸਾਚ ਜੁ ਮਾਨਹਿ। ਨਾਨਕ ਹਰਿ ਅਵਤਾਰ ਪਛਾਨਹਿ ॥ ੭੩ ॥ ਸ੍ਰੀ ਅਰਜਨ ਕੇ ਰਹਤਿ ਅਗਾਰੀ। ਭਯੋ ਗ੍ਰੰਥ ਕੋ ਜੌਨ ਲਿਖਾਰੀ। ਤਾਂਕੀ ਕਹੀ ਸੁਨਹੁ ਅਬ ਸਾਖੀ। ਸ੍ਰੀ ਗੁਰੁਦਾਸ ਨਾਮ ਜਿਉਂ ਭਾਖੀ ॥੭੪॥ ਭਾਈ ਗੁਰਦਾਸੋ ਵਾਚ ॥

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ ।

---

[1]ਸੁੰਦਰ ਗਤੀ ਵਾਲਾ। [2]ਸਿਰ ਤਕ। [3]ਕਹੀ। [4]ਬਹੁਤ। [5]ਭਾਵ ਗੁਰੂ ਜੀ ਨਿਰੰਕਾਰ ਦਾ ਸਰੂਪ ਹੋਏ। [6]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ। [7]ਸਮਝਿਆ ਹੈ। *ਪਾ:—ਹੋਇਓ।

†ਕਵਿ ਜੀ ਦੱਸ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ, ਤੇ ਸਾਖੀ ਭਾਈ ਮਨੀ ਸਿੰਘ ਜੀ ਤੋਂ ਮੈਂ ਇਤਿਹਾਸ ਲੀਤਾ ਹੈ।

ਗੁਰੁ ਅੰਗਦ ਗੁਰੂ ਅੰਗ ਤੇ ਗੰਗਹੁੰ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰੁ ਅੰਗਦਹੁੰ ਜੋਤਿ ਸਰੂਪ ਚਲਤ ਵਰਤਾਇਆ। ਗੁਰੁ
ਅਮਰਹੁੰ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦ ਸੁਣਾਇਆ।
ਰਾਮਦਾਸਹੁੰ ਅਰਜਨ ਗੁਰੁ ਦਰਸਨ ਦਰਪਨਿ ਵਿਚ ਦਿਖਾਇਆ।
ਹਰਿਗੋਬਿੰਦ ਗੁਰੁ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ। ਗੁਰੁ
ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤ ਤਰਾਇਆ ॥੨੫॥ [ਵਾਰ ੨੪ ਅੰਕ ੨੫

ਚੌਪਈ ॥ ਔਰ ਲਿਖ੍ਯੋ ਬਹੁਤੇ ਇਸਥਾਨਾ[1]।ਪਢਿਕਰਿ ਗੁਨ[2] ਲੇਵਹੁ ਮਤਿ-ਵਾਨਾ। ਬਹੁਰ ਜਨਕ ਰਾਜਾ ਅਵਤਾਰਾ। ਐਸੇ ਲਿਖਿਓ ਗ੍ਰੰਥ ਮਝਾਰਾ ॥੭੫॥ ਸੋ ਉਪਮਾ ਹੈ ਤਿਹ ਕੀ ਦਈ। ਜੋਗ ਭੋਗ ਦੋਨੋ ਸਮ ਕਿਈ। ਜਿਉਂ ਗ੍ਰਿਹਸਤਿ ਮਹਿਂ ਜਨਕ ਉਦਾਸੀ। ਤਿਉਂ ਸ੍ਰੀ ਨਾਨਕ ਭੇ ਸੁਖਰਾਸੀ॥੭੬॥ ਇਸੀ ਹੇਤ ਤੇ ਦੂਸਰ ਚਰਨਾ। ਖੋਲ ਅਰਥ ਨੀਕੀ ਬਿਧਿ ਬਰਨਾ। ਰਹੇ ਜਗਤ ਜਲ ਪਦਮ[3]ਵਿਚਾਰ। ਯਾਤੇ ਕਰਿ ਲੀਜੈ ਨਿਰਧਾਰ[4]॥੭੭॥ਦੋਹਰਾ॥ ਅਤਿ ਉਦਾਰ ਇਹ ਨ੍ਰਿਪਤ[5] ਹੈ ਭਯੋ ਇੰਦ੍ਰ[6] ਅਵਤਾਰ। ਐਸੇ ਉਪਮਾ ਉਰ ਲਖੋ ਜਨਕਹਿ ਕੀ ਸੁਖਕਾਰ ॥੭੮॥ ਸੁਨਿ ਸ਼੍ਰੋਤਾ ਹਰਖਤਿ ਭਏ ਮਨ ਸੰਦੇਹ ਮਿਟਾਇ।ਭਯੋ ਧਜਾਇ ਪੂਰਨਅਬੈ ਪਢਤਿ ਸੁਨਤਿ ਸੁਖਦਾਇ ॥੭੯॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼੍ਰੋਤਨ ਸੰਦੇਹ ਮਿਟਾਵਨ' ਪ੍ਰਸੰਗ ਬਰਨਨੰ ਨਾਮ ਸੈਂਤੀਸਮੋ ਧਜਾਇ ॥ ੩੭ ॥

## ੩੮. [ਗੁਰੂ ਨਾਨਕ ਮੰਗਲ। ਭਾਃ ਲਾਲੋ ਮਿਲਾਪ]

ਸ੍ਰੀ ਬਾਲਾ ਸੰਧੁਰੁ ਵਾਚ ॥ ਤੋਟਕ ਛੰਦ ॥ ਗੁਰੁ ਨਾਨਕ ਧਯਾਨ ਸਦਾ ਕਰਿਯੈ ॥ ਭਵ ਬੰਧਨ ਮੈਂ ਪੁਨਿ ਨਾ ਪਰਿਯੈ। ਸੁਖ ਸਾਗਰ ਰੂਪ ਉਜਾਗਰ ਜੋ। ਸਭਿ ਜੀਤਨ ਦੰਭਹਿ ਆਗਰ ਜੋ ॥੧॥ਦੂਖ ਦਾਰਿਦ ਦੋਖ ਨਿਕੰਦਨ ਹੈ। ਅਰ-ਬਿੰਦ ਦੁਤੰ ਪਦ ਬੰਦਨ ਹੈ। ਸੁਖ ਕੰਦ ਮੁਕੰਦ ਗਯਾਨਘਨੰ। ਸ਼ਰਨਾਗਤਿ ਕੇ ਅਘ ਓਘ ਹਨੈ॥੨॥ਭਵ ਮੈਂ ਭਵ ਕਾਰਨ ਜਾਂਹਿ ਧਰਾ। ਅਬ ਚਾਹਿਤਿ ਤਾਂਹਿ ਸਪੂਰ ਕਰਾ। ਮਤਿਮੰਦ ਨਿਰੇ ਨਰ ਭੂਰ ਭਰਨੋ। ਪਿਖ ਕੈ ਹਰਿ ਕੀਰਤਿ ਸੇਤ ਕਰਨੋ॥ ੩ ॥ ਤਿਹ ਊਪਰ ਪਾਰ ਪਰੇ ਨਰ ਸੋ। ਪਦ ਪੰਕਜ ਸੇਵਤਿ ਜੋ ਉਰਸੋਂ। ਗੁਰੁ ਰੂਪ ਬਿਖੈ ਨਿਤ ਧਯਾਨ ਧਰੈਂ। ਨਿਰਸੰਸ ਭਏ ਜਮ ਤੇ ਨ ਡਰੈਂ ॥ ੪ ॥

---

[1]ਥਾਈਂ। [2]ਵਿਚਾਰ। [3]ਕਵਲ ਪਾਣੀ ਵਿੱਚ ਜਿਵੇਂ। [4]ਨਿਰਨਾ। [5]ਰਾਜਾ। [6]ਇੰਦ੍ਰ ਦਾ।

ਉਜਾਗਰ=ਪ੍ਰਸਿੱਧ । ਪ੍ਰਗਟ ।
ਆਗਰ=ਸ੍ਰੇਸ਼ਟ । (ਅ) ਸਮੂਹ, ਸਾਰੇ, ਖਾਣ, ਖਜਾਨਾ [ਸੰਸਃ, ਆਕਰ]
ਦੁਤਿ=ਸ਼ੋਭਾ । ਮੁਕੰਦ=ਮੁਕਤੀ ਦੇ ਦਾਤਾ ।
ਓਘ=ਸਮੂਹ । ਘਨੰ=ਬੱਦਲ । ਗਾੜ੍ਹਾ, ਨਿਰੰਤਰ ।
ਭਵਮੈ=ਸੰਸਾਰ ਵਿਚ । ਭਵ ਧਰਾ=ਅਵਤਾਰ ਲੀਤਾ ।
ਨਿਰੇ=ਨਰਕ । [ਸੰਸਃ, ਨਿਰਯ=ਨਰਕ] (ਅ) ਕੇਵਲ । ਤੁਕ ਦਾ ਦੂਸਰਾ ਅਰਥ ਇਉਂ ਹੈਃ-(ਸੰਸਾਰ ਵਿਚ) ਖੋਟੀ ਮਤ ਵਾਲੇ ਬਹੁਤੇ ਲੋਕ ਹੀ ਨਿਰੇ ਭਰੇ ਪਏ ਹਨ ।
ਭੂਰ=ਬਹੁਤੇ । ਸੇਤ=ਪੁਲ ।

**ਅਰਥ**-(ਉਸ ਸ੍ਰੀ) ਗੁਰੂ ਨਾਨਕ (ਜੀ ਦਾ) ਧ੍ਯਾਨ ਸਦਾ ਕਰੀਏ ਜੋ ਪ੍ਰਸਿੱਧ ਸੁਖਾਂ ਦਾ ਸਮੁੰਦਰ ਹਨ, (ਅਤੇ) ਜੋ ਸਾਰੇ ਪਖੰਡਾਂ ਦੇ ਜਿੱਤ ਲੈਣੇ ਵਿਚ (ਸਭ ਤੋਂ) ਸ੍ਰੇਸ਼ਟ ਹਨ (ਤਾਂ ਜੋ) ਸੰਸਾਰ ਦੇ ਬੰਧਨਾਂ ਵਿਚ ਨਾ ਫਸੀਏ । ਦੁੱਖ ਦਲਿੱਦ੍ਰ ਤੇ ਦੋਸ਼ਾਂ ਨੂੰ ਦੂਰ ਕਰਨ ਵਾਲੇ ਹਨ, ਉਨ੍ਹਾਂ ਦੇ ਕਵਲਾਂ ਦੀ ਸ਼ੋਭਾ ਵਾਲੇ ਚਰਨਾਂ ਪਰ (ਮੇਰੀ) ਨਮਸਕਾਰ ਹੈ । ਜੋ ਸੁਖ ਦਾ ਮੂਲ ਤੇ ਮੁਕਤੀ ਦੇ ਦਾਤਾ, ਗ੍ਯਾਨ ਦੇ ਬੱਦਲ ਤੇ ਸ਼ਰਨ ਆਇਆਂ ਦੇ ਸਾਰੇ ਪਾਪ ਦੂਰ ਕਰਨ ਵਾਲੇ ਹਨ । ਜਿਸ ਕਾਰਣ ਕਰਕੇ (ਗੁਰੂ ਨਾਨਕ ਜੀ ਨੇ) ਸੰਸਾਰ ਵਿਚ ਅਵਤਾਰ ਲੀਤਾ, ਉਸ ਨੂੰ ਹੁਣ ਪੂਰਣ ਕਰਨਾ ਚਾਹੁੰਦੇ ਹਨ, ਇਹ ਦੇਖਕੇ ਕਿ ਖੋਟੀ ਮਤ ਵਾਲੇ ਪੁਰਖ ਬਹੁਤੇ ਨਰਕ ਵਿਚ ਭਰੇ ਗਏ ਹਨ (ਆਪ ਨੇ) ਹਰੀ ਦਾ ਕੀਰਤਨ ਰੂਪੀ ਪੁਲ ਬਣਾ ਦਿਤਾ, ਜੋ ਪੁਰਖ ਓਸ ਦੇ ਉਪਰ ਦੀ (ਲੰਘੇ) ਓਹ ਪਾਰ ਪਏ ਹਨ, ਜੋ (ਪੁਰਖ) ਦਿਲੋਂ ਚਰਨਾਂ ਕਮਲਾਂ ਨੂੰ ਪੂਜਦੇ ਹਨ, ਜੋ ਗੁਰੂ ਰੂਪ ਵਿਚ ਨਿਤ ਧਿਆਨ ਧਰਦੇ ਹਨ, ਓਹ ਨਿਰਸੰਸੇ ਹੋ ਗਏ ਹਨ (ਆਪਣੀ ਕਲ੍ਯਾਨ ਦੇ ਸੰਸੇ ਤੋਂ) (ਅਰ ਓਹ) ਜਮ ਤੋਂ (ਹੁਣ) ਨਹੀਂ ਡਰਦੇ ।

ਦੋਹਰਾ ॥ **ਨਿਕਸੇ ਪੁਰਿ ਸੁਲਤਾਨ ਤੇ ਮਰਦਾਨਾ ਸੰਗਿ ਲੀਨ। ਕਮਲਾਨਨ ਤੇ ਬਚ ਭਨੇ ਸ੍ਰੀ ਗੁਰੁ ਪਰਮ ਪ੍ਰਬੀਨ॥੫॥** ਤੋਟਕ ਛੰਦ ॥**"ਚਲਿਬੇ ਚਿਤ ਚਾਹਤਿ ਹੋ ਕਿਤ ਕੋ ? ਅਬ ਦੇਹੁ ਬਤਾਇ, ਚਲੈਂ ਤਿਤ ਕੋ**[1]**" । ਨਿਜ ਦਾਸ ਉਧਾਰਨ ਕਾਜ ਚਲੇ । ਬਹੁ ਮਾਨਵ ਕੇ ਜਿਨ ਦੂਖ ਦਲੇ ॥ ੬ ॥** ਦੁਵੈਯਾ ਛੰਦ॥ **ਕਹਿ ਮਰਦਾਨਾ "ਜਿਤ ਨਿਜ ਇੱਛਾ ਗੱਛਹੁ**[2] **ਸੁੱਛ ਸਰੀਰਾ**[3] **॥ ਆਗੇ ਤਵ**[4] **ਪਾਛੈ ਹੌਂ ਚਲਿ ਹੌਂ ਸ੍ਰੀ ਪ੍ਰਭੁ ਗੁਨੀ ਗਹੀਰਾ**[5]**"।ਜਗ*ਗੁਰੁ ਕਹੈਂ "ਏਮਨਾਬਾਦ੍ਰ ਏਕ**

[1]ਓਧਰ ਨੂੰ । [2]ਚਲੋ । [3]ਹੇ ਸੁਹਣੇ ਸਰੀਰ ਵਾਲੇ । [4]ਅੱਗਾ ਤੁਸਾਂ ਦਾ । [5]ਹੇ ਗੁਣਾਂ ਦੇ ਸਮੁੰਦਰ ।
*ਪਾਃ-ਤਬ ।

ਨਗਰ ਉਰ ਲਖਿਯੋ[੧]। ਤਹਿਂ ਤਖਾਣ ਇਕ ਲਾਲੋ ਬਸਈ ਚਲਹੁ ਪ੍ਰਾਕ[੨] ਤਿਹ ਪਿਖਿਯੋ' ॥ ੭ ॥ ਇਹ ਬਿਧਿ ਕਹਿ ਕਰਿ ਕਮਲ ਬਦਨ ਤੇ ਮੰਦਮੰਦ ਗਤਿ[੩] ਜਾਏ। ਪਦਵੀ* ਮੈਂ[੪] ਪਦ[੫] ਪੰਕਜ ਸੁੰਦਰ, ਦਾਸ ਰਿਦੇ ਜੁ ਬਸਾਏ[੬]। ਬਾਸੁਰ ਦਸ ਸਪਤਮ[੭] ਮਹਿਂ ਪਹੁੰਚੇ ਨਗਰ ਏਮਨਾਵਾਦੂ। ਗਏ ਸਦਨ ਤਿਹ ਦੋਖ ਨਿਕੰਦਨ ਸੇਵਕ ਦਾ ਅਹਿਲਾਦੂ[੮] ॥ ੮ ॥ ਹੇਰਿ[੯] ਮੁਖਾਰਬਿੰਦ ਭਾ ਠਾਂਢੋ, ਪਦ ਬੰਦਨ ਕਰਬੰਦੇ[੧੦]। ਦਰਸ ਬਿਲੋਕਤਿ ਸ਼ਾਂਤਿ ਭਈ ਮਨ ਲਾਲੋ ਰਿਦੇ ਅਨੰਦੇ। 'ਚਿਤ ਕਰਤਾਰ ਨਿੱਤ ਹੈ ਤੋਕੋ ਬੈਸ[੧੧] ਕਿਰਤਿ ਕੋ ਕਰਿਯੋ'। ਬੂਝਤਿ ਲਾਲੋ 'ਆਏ ਕਿਤ ਤੇ ? ਕਰੁਨਾ-ਸਦਨ ! ਉਚਰਿਯੋ ॥ ੯ ॥ ਬੇਸ ਅਪੂਰਬ ਰੂਪ ਅਨੂਪਮ ਮਧੁਰ ਮੁਖਰ[੧੨]† ਗਤਿ ਦੈਨਾ। ਚੀਤ ਨਿਰੰਤਰ ਪ੍ਰੀਤਿ ਵਧੀ ਮੁਝ, ਹੇਰਤਿ ਹੋਵਤਿ ਚੈਨਾ'। ਕਹਿ ਨਾਨਕ 'ਪਰਦੇਸ਼ੀ ਹਮ ਹੈਂ, ਨਹੀਂ ਨਿਕੇਤੰ[੧੩] ਨੇਰੈ। ਲਖਹੁ ਬੇਸ ਦਰ-ਵੇਸ਼ ਹਮਾਰੋ ਦੇਸ਼ ਬਿਦੇਸ਼ਨ ਹੇਰੈਂ[੧੪]' ॥ ੧੦॥ ਛਪਯ ॥ 'ਦਰਸ਼ਨ ਪਰਸਤਿ ਮਿਟਤਿ ਕਲੁਖ[੧੫], ਸ਼ੁਭ ਬਦਨ[੧੬] ਬਿਰਾਜਹਿ[੧੭]। ਜ਼ਨਮ ਮਰਨ ਭਵਮੱਧ[੧੮] ਨਸ਼ਟ ਕਰਿ[੧੯] ਤੁਮ[੨੦] ਤਨ ਛਾਜਹਿ[੨੧]। ਹਮ ਸਮ ਨਰ ਅਘ ਕਰਤਿ ਤਿਨਹਿ ਅਪਵਰਗ ਉਦਾਰਹਿ[੨੨]। ਉਪਜਤਿ ਸੁਖ ਉਰ ਮੱਧ ਸੁਨਤਿ ਹਉਂ ਬਚਨ ਤਿਹਾਰਹਿ। ਸੁਖਕੰਦ ਮੁਕੰਦ ਸੁ ਸੰਤ ਹੋ ਨਾਮ ਉਚਾਰਨ ਨਿਜ ਕਰੋ। ਤੁਮ ਚਰਨ ਸ਼ਰਨ ਮਨ ਪਰਨ ਮਮ[੨੩] ਕਰੁਨਾ ਕਰ[੨੪] ! ਕਰੁਨਾ ਢਰੋ[੨੫]' ॥੧੧॥ ਦੋਹਰਾ॥ ਬੋਲੇ ਸ਼੍ਰੀ ਮੁਖ ਸੋਂ ਬਚਨ 'ਜਾਨ ਜਾਹੁਗੇ ਆਪ। ਅਬ ਬੈਸਹੁ ਕ੍ਰਿਤ ਕੋ ਕਰੋ ਹਰਿ ਹਰਿ ਜਪਿਯੋ ਜਾਪ' ॥ ੧੨ ॥ ਦੁਵੱਯਾ ਛੰਦ ॥ [੨੬]'ਪ੍ਰਗਟਯੋ ਤਪਾ ਏਕ ਸ਼੍ਰੀ ਨਾਨਕ ਭਾਸਤਿ ਹੋ ਤੁਮ ਸੋਊ। ਨਹਿਂ ਸਮਾਨ ਰਾਵਰਿ ਕੋ ਦੀਸਹਿ ਖੋਜੇ ਦਸ ਦਿਸ਼ ਜੋਊ। ਤੱਦਪਿ ਭੀ ਤੁਮਰੇ ਬਿਨ ਭਾਖੇ

---

[੧]ਜਾਣੋਂ। [੨]ਪਹਿਲਾਂ। [੩]ਚਾਲੇ। [੪]ਰਾਹ ਵਿਚ। [੫]ਚਰਨ। [੬](ਚਰਨ) ਜੋ ਦਾਸਾਂ ਦੇ ਦਿਲ ਵਿੱਚ ਵੱਸਦੇ ਹਨ। [੭]ਸਤਾਰਾਂ। [੮]ਅਨੰਦ ਦੇਣ ਹਾਰੇ। [੯]ਭਾਵ ਲਾਲੋ ਵੇਖਕੇ। [੧੦]ਹਥ ਜੋੜਕੇ। [੧੧]ਬੈਠ। [੧੨]ਮਿੱਠੇ ਵਚਨ। [੧੩]ਘਰ। [੧੪]ਵੇਖਨੇ ਹਾਂ। [੧੫]ਪਾਪ। [੧੬]ਮੁਖੜਾ। [੧੭]ਪ੍ਰਕਾਸ਼ ਰਿਹਾ ਹੈ। [੧੮]ਸੰਸਾਰ ਵਿੱਚ। [੧੯]ਕਰਨਹਾਰਾ। [੨੦]ਤੁਹਾਡਾ। [੨੧]ਸਰੀਰ ਸ਼ੋਭ ਰਿਹਾ ਹੈ। [੨੨]ਮੁਕਤੀ ਦੇਣ ਲਈ ਉਦਾਰ ਹੋ। [੨੩]ਮੇਰਾ ਮਨ ਪਿਆ ਹੈ (ਅ) ਮੇਰੇ ਮਨ ਨੇ ਪਰਨਾ (ਆਸਰਾ ਲੀਤਾ ਹੈ)। [੨੪]ਹੇ ਕਿਰਪਾ ਦੀ ਖਾਨ। [੨੫]ਕਿਰਪਾ (ਕਰਕੇ) ਪਸੀਜੋ। [੨੬]ਲਾਲੋ ਜੀ ਬੋਲੇ।

*ਪਾ:—ਪਦਮੀ। †ਪਾ:—ਬਚਨ।

ਨਹਿੰ ਆਵਤਿ ਪਰਤੀਤੂ' ।ਕਹਿ ਮਰਦਾਨਾ'ਜਾਨਹੁ ਸੋਊ, ਰਾਖਹੁ ਸ਼ਰਧਾ ਚੀਤੂ' ॥ ੧੩ ॥ ਸੰਕਰ ਛੰਦ ॥ ਸੁਨਿ ਕਰਿ ਕਹਤਿ ਭਯੋ ਬਚ ਲਾਲੋ 'ਕੌਨ ਵਰਨ ਤਵ ਨਾਮ। ਸਰਬ ਬ੍ਰਿਤਾਂਤ ਜਨਾਵਹੁ ਅਪਨਾ ਕਿਹ ਅਸਥਾਨੈ ਧਾਮ[੧]'। 'ਮਰਦਾਨਾ ਲਖਿ[੨] ਨਾਮ ਹਮਾਰਾ ਬਿਚਰਤਿ ਇਨ ਕੇ ਸਾਥ। ਬੇਦੀ ਕੁਲ ਕੋ ਚੀਨ ਮਿਰਾਸੀ ਨਾਨਕ ਜੀ ਮਮ ਨਾਥ[੩]' ॥ ੧੪ ॥ ਦੁਵੱਯਾ-ਛੰਦ॥ਬੰਦ ਉਭੈ[੪] ਕਰ[੫] ਬੰਦਨ ਕੀਨੀ ਸੁਨਿ ਕਰਿ ਲਾਲੋ ਤਬ ਹੀ। ਸੀਸ ਧਰਯੋ ਪਦ ਪੰਕਜ ਊਪਰ ਪ੍ਰਾਪਤਿ ਨਿਸ਼ਚਾ ਜਬ ਹੀ। ਸਾਦਰ ਸੋ ਤਬ ਮੰਚ[੬] ਡਸਾਵਾ[੭] ਬੈਸ ਗਏ ਤਿਹ ਕਾਲਾ। ਸੁਖ ਸਾਗਰ ਪੂਰਨ ਜਗਦੀਸ਼ਾ ਦਾਸਹਿੰ ਕਰਨ ਨਿਹਾਲਾ[੮] ॥ ੧੫ ॥ ਆਇਸੁ ਪਾਇ ਅਸਨ ਕਰਿਬੇ[੯] ਹਿਤ ਗਵਨਯੋ ਲਾਲੋ ਤਬਹੀ। ਬੂਝਤਿ ਭਾ[੧੦] ਮਰਦਾਨਾ ਬਹੁਰੋ 'ਹਮ[੧੧] ਸੋ ਕਹਿਯੇ[੧੨] ਸਭਿਹੀ। ਕੌਨ ਅਹੈ ਇਹ ਮਾਨਵ[੧੩] ਸ੍ਵਾਮੀ ਜਿਹ ਪਰ ਕਰੁਨਾ ਕੀਨੀ ? ਭਾਗ ਵਡੇ ਇਹ ਦੀਸਤਿ ਮੋਕਹੁ, ਬੁੱਧਿ ਭਗਤ ਮਹਿੰ ਭੀਨੀ' ॥ ੧੬ ॥ ਸੁਨਿ ਕਰਿ ਬਚਨ ਉਚਾਰੇ* ਸ਼੍ਰੀ ਮੁਖ 'ਚੀਨਹੁ ਸੰਤ ਸਰੂਪਾ। ਭਗਤਿ ਕਰਤਿ ਬੀਤੇ ਕੁਛ ਜਨਮਾ ਅਬ ਭੀ ਸਫਲ ਅਨੂਪਾ। ਨੌ ਬਿਧਿ ਭਗਤਿ ਅਹੈਂ ਮਰਦਾਨਾ ਜਾ ਮਹਿੰ[੧੪] ਏਕੋ ਹੋਈ। ਭਵ[੧੫] ਸਾਗਰ ਤਰ ਗਤਿ[੧੬] ਕੋ ਪਾਵੈ, ਨਹਿੰ ਲਖਿ[੧੭] ਸੰਸਾ ਕੋਈ' ॥ ੧੭ ॥ ਮਰਦਾਨਾ ਬੂਝਤਿ ਭਾ ਤਬਹੀ 'ਸਭਿ ਬਿਧਿ ਭਗਤਿ ਕਹੀਜੈ। ਜਿੰਹ ਕੇ ਕਰਤਿ ਪਰਮਗਤਿ ਪਾਵੈ ਭਵਜਲ ਭਲੇ ਤਰੀਜੈ'। ਸ਼੍ਰੀ ਮੁਖ ਭਨਤਿ ਭਏ ਤਿਹ ਕਾਲਾ 'ਸੁਨੀਏ ਭਗਤ ਪ੍ਰਕਾਰਾ। ਪ੍ਰਿਥਕ-ਪ੍ਰਿਥਕ[੧੮] ਹੌਂ ਭਾਖੋ ਸਭਿ ਹੀ ਜੇ ਹੈਂ ਭਗਤਿ ਅਚਾਰਾ[੧੯] ॥ ੧੮ ॥ (ੳ)† ਸਤ ਸੰਗਤ ਸਸ਼ੂਖਾ[੨੦]‡ ਕਰਨੀ ਮਿਲ ਤਿਹ ਕਾਲ[੨੧] ਬਿਤਾਵੈ[੨੨]। (ਅ) ਹਰਿ ਗੁਰੁ ਕੋ ਇਤਿਹਾਸ[੨੩] ਸੁਨੀਜੈ ਮਨ ਏਕਾਗਰ ਲਾਵੈ। (ੲ) ਪਦ ਅਰਬਿੰਦ[੨੪]

---

[੧]ਘਰ। [੨]ਜਾਣੋਂ। [੩]ਸੁਆਮੀ। [੪]ਦੋਵੇਂ। [੫]ਹੱਥ। [੬]ਪਲੰਘ। [੭]ਡਾਹਿਆ। [੮]ਨਿਹਾਲ ਕਰਨ ਵਾਲੇ। [੯]ਭੋਜਨ ਕਰਨ। [੧੦](ਗੁਰੂ ਜੀ ਤੋਂ) ਪੁਛਣ ਲਗਾ। [੧੧]ਮੈਨੂੰ। [੧੨]ਦਸੋ। [੧੩]ਮਨੁਖ। [੧੪]ਜਿਸ ਵਿਚ। [੧੫]ਸੰਸਾਰ। [੧੬]ਮੁਕਤੀ। [੧੭]ਨਾਂ ਜਾਣ। [੧੮]ਵਖੋ ਵਖ। [੧੯]ਕਰਮ। [੨੦]ਸੇਵਾ। [੨੧]ਸਮਾਂ। [੨੨]ਗੁਜ਼ਾਰੇ। [੨੩]ਕਥਾ। [੨੪]ਚਰਣਾਂ ਕਵਲਾਂ ਉੱਤੇ।

*ਪਾ:-ਉਬਾਚੇ।

†(ੳ), (ਅ) ੲ) ਆਦਿ ਨੌਂ ਅੱਖਰ ਅਸਾਂ ਭਗਤੀ ਦੀਆਂ ਭਾਂਤਾਂ ਅੱਡ ਅੱਡ ਸਮਝ ਆ ਜਾਣ ਲਈ ਲਾਏ ਹਨ।

‡ਪਾ:-ਸਸੂਖਾ।

ਮਲਿੰਦ ਕਰੈ ਮਨ[੧] ਗੁਰੁ ਮੂਰਤਿ ਉਰ[੨] ਧਯਾਨਾ। (ਸ) ਪ੍ਰੇਮ ਸਹਿਤ ਗੁਨ ਗਾਵਹਿ ਮੁਖ ਸੋਂ* ਪੁਲਕਾਵਲ[੩] ਤਨ[੪] ਆਨਾ[੫] ॥ ੧੯ ॥ (ਹ) ਦਮ[੬] ਸਮ[੭] ਭਾ ਬਿਰਕਤ ਕਰਮਨ ਤੇ ਸੁਰਗਾਦਿਕ ਤਜਿ ਚਾਹਾ[੮]। (ਕ) ਪਰ[੯] ਕੇ ਦੋਖ ਨ ਚੀਨਤਿ ਮਨ ਮੈਂ ਹਾਨ ਲਾਭ ਸਮ[੧੦] ਤਾਹਾ[੧੧]। (ਖ) ਛਲ ਬਿਹੀਨ ਸਭਿ ਹੀ ਤੇ ਹੋਵਨ ਹਰਖ ਸ਼ੋਕ ਨਹਿਂ ਆਵੈ। (ਗ) ਦ੍ਰਿੜ ਨਿਸ਼ਚਾ ਕਰਤਾਰ ਵਿਖੈ ਅਤਿ ਡੋਲ ਨ ਕਬਹੂੰ ਜਾਵੈ ॥੨੦॥ (ਘ) ਹਰਿ ਸਰੂਪ ਸਭਿ ਹੂੰ ਕੋ ਜਾਨੈ ਰਵਿਓ[੧੨] ਸਭਿ ਕੇ ਮਾਂਹੀ। ਇਹ ਬਿਧਿ ਹੈ ਸੂਛਮ[੧੩] ਕਰਿ ਵਰਨੀ[੧੪], ਏਕ ਪਰਾਪਤਿ ਜਾਂਹੀ। ਕੁਲ ਸਮੇਤ ਤਰਿ ਹੈ ਭਵਸਾਗਰ, ਅਵਰ ਤਰੈਂ ਤਿਹ ਸੰਗਾ। ਭਗਤਿ ਕਰਤਿ ਮਾਯਾ ਨਹਿਂ ਮੋਹਹਿ ਰਾਚਹਿ ਹਰਿ ਕੇ ਰੰਗਾ' ॥੨੧॥

ਚੁਲਕਾ ਛੰਦ ॥ ਮਰਦਾਨਾ ਸੁਨਿ ਕਰ ਤਬੈ ਪਦ ਪਰ ਧਾਰਿ ਲਿਲਾਰ[੧੫] ਅਲਾਵੈ[੧੬]। 'ਸਤਿਬਚਨ ਤੁਮ ਕਹਿਤਿ ਹੋ ਜੋ ਭਵ ਕੇ ਦੁਖ ਦਾਰ†[੧੭] ਮਿਟਾਵੈ'॥੨੨॥ ਦੁਵੱਯਾਛੰਦ ॥ ਇਤਨੇ ਮਹਿਂ ਲਾਲੋ ਤਹਿਂ ਆਵਾ ਇਹ ਬਿਧਿ ਕਹਯੋ ਸੁਨਾਈ। 'ਅਚਵਹ[੧੮] ਅਸਨ[੧੯] ਚਲਹੁ ਸ਼੍ਰੀ ਨਾਨਕ ਦੁਖ ਕੁੰਜਰ[੨੦] ਮ੍ਰਿਗਰਾਈ![੨੧]। ਭਵ[੨੨] ਬੰਧਨ ਪੰਨਗ ਜੇ ਗਰਸੇ[੨੩] ਬੈਨਤੇਯ ਹੋ ਤਿਨ ਕੋ[੨੪]। ਕਰਿ ਕਿਰਤਾਰਥ ਮੁਝ ਕਰੁਨਾ ਕਰਿ[੨੫] ਆਨਨ ਪਾਇ ਅਸਨ ਕੋ'॥੨੩॥ ਸੁਨਿ ਕਰਿ ਸ਼੍ਰੀ ਮੁਖ ਬਚਨਾਂ ਭਾਖੇ 'ਆਨਹੁ[੨੬] ਇਹ ਠਾਂ ਜਾਈ'। ਕਹਿ ਲਾਲੋ 'ਤੁਮਰੇ ਗਲ ਜੰਞੂ‡ ਵਹਿਰ[੨੭] ਅਸਨ ਕਿਉਂ ਪਾਈ? ਚੌਂਕੇ

[੧] ਭੌਰਾ ਕਰੇ ਮਨ ਨੂੰ। [੨] ਰਿਦੇ ਵਿਚ। [੩] ਲੂੰ ਖੜੇ। [੪] ਸਰੀਰ ਤੇ। [੫] ਲੈ ਆਵੇ। [੬] ਇੰਦ੍ਰੇ ਰੋਕਣੇ। [੭] ਮਨ ਨੂੰ ਰੋਕਣਾ। [੮] ਇੱਛਾ। [੯] ਪਰਾਏ। [੧੦] ਬਰੋਬਰ। [੧੧] ਉਸ ਨੂੰ। [੧੨] ਪੂਰਨ ਹੋ ਰਹਿਆ। [੧੩] ਸੰਖੇਪ। [੧੪] ਕਹੀ। [੧੫] ਮੱਥਾ ਰੱਖਕੇ। [੧੬] ਆਖਦਾ ਹੈ। [੧੭] ਕਠਨ ਦੁਖ (ਅ) ਦੁਖ ਦਲਿੱਦ੍ਰ। [੧੮] ਛਕੋ। [੧੯] ਭੋਜਨ। [੨੦] ਦੁਖ ਰੂਪੀ ਹਾਥੀ ਨੂੰ। [੨੧] ਹੇ ਸ਼ੇਰ ਰੂਪੀ [੨੨] ਸੰਸਾਰ। [੨੩] ਸੱਪਾਂ (ਕਰਕੇ) ਜੋ ਗ੍ਰਸੇ ਹੋਏ ਹਨ। [੨੪] (ਤੁਸੀਂ) ਗਰੜ ਹੋ ਉਨ੍ਹਾਂ ਲਈ। [੨੫] ਕਿਰਪਾ ਕਰਕੇ। [੨੬] ਲਿਆਵੋ। [੨੭] ਬਾਹਰ

*ਪਾ:–ਪ੍ਰਭੁ ਕੇ। †ਪਾ:–ਦਰਦ।

‡ਭਾਈ ਸਾਹਿਬ ਜੀ ਨੇ ਅਧ੍ਯਾ: ੩੭ ਦੇ ੬੪ ਤੋਂ ੭੧ ਅੰਕਾਂ ਵਿਚ ਦੱਸਿਆ ਹੈ ਕਿ ਸ਼੍ਰੀ ਗੁ: ਨਾਨਕ ਪ੍ਰਕਾਸ਼ ਗ੍ਰੰਥ ਓਹਨਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ਯ ਲੈਕੇ, ਭਾਈ ਗੁਰਦਾਸ ਜੀ, ਤੇ ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਦੇ ਆਧਾਰ ਤੇ ਬਣਾਯਾ ਹੈ ਅਤੇ ਭਾਈ ਬਾਲੇ ਵਾਲੀ ਸਾਖੀ ਦਾ ਟਾਕਰਾ ਦੱਸਦਾ ਹੈ ਕਿ ਮੁੱਖ ਸ਼ੈ ਉਨ੍ਹਾਂ ਪਾਸ ਬਾਲੇ ਦੀ (ਵਿਗੜੀ ਹੋਈ) ਸਾਖੀ ਸੀ ਜਿਸ ਦੇ ਆਧਾਰ ਤੇ ਉਸਨੂੰ ਸੋਧਦੇ ਹੋਏ ਟੁਰੇ ਹਨ। ਸੋ ਇਨ੍ਹਾਂ ਵਿਚ ਕਿਤੇ ਬੀ ਏਸ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ [illegible]

ਅੰਦਰ ਚਲ ਕਰਿ ਜੇਵੌਂ[੧] ਉੱਤਮ ਜਨਮ ਤੁਮਾਰਾ। ਜੇ ਇਹ ਠਾਂ ਮੰਗ-
ਵਾਵਹੁ ਸ੍ਵਾਮੀ! ਸੰਸੈ ਖੋਇ[੨] ਹਮਾਰਾ' ॥ ੨੪ ॥ ਸ਼੍ਰੀ ਮੁਖ ਕਹਤਿ 'ਧਰਤਿ
ਹੈ ਜਿਤਨੀ ਤਿਤਨੋ ਚੌਂਕਾ ਜਾਂਨੋਂ। ਸੱਚ ਰਤੇ ਸੇ ਸੂਚੇ ਹੂਏ ਮਨ ਕੋ
ਭਰਮ ਮਿਟਾਨੋ'। ਸੁਨਿ ਕਰਿ ਲਾਲੋ ਬਿਕਸ੍ਯੋ ਤਬ ਹੀ ਆਨ੍ਯੋ ਭੋਜਨ
ਧਾਈ। ਬਨੀ ਬਾਜਰੇ* ਕੀ ਸ਼ੁਭ ਰੋਟੀ ਸਰਖਪ ਸਾਕ[੩] ਬਨਾਈ ॥ ੨੫ ॥
ਮਰਦਾਨੇ ਅਵਿਲੋਕ ਅਹਾਰਾ ਮਨ ਮਹਿਂ ਗਟੀ[੪] ਵਿਚਾਰੀ। ਜਿਹ ਬਿਧਿ
ਗੁਨੀ[੫] ਸੁ ਜਾਨੀ ਸ਼੍ਰੀ ਗੁਰੁ ਅੰਤਰਜਾਮੀ ਸਾਰੀ। 'ਮਰਦਾਨੇ ਕਿਉਂ
ਗਿਨਤੀ ਕੀਨੀ ਅਚਵਹੁ ਜਾਨਹੁ ਤਬਹੀ'। ਕਹਿ ਕਰਿ ਦੀਨੋ ਨਿਜ ਕਰਿ
ਅਸਨਾ ਜੋ ਦਾਨੀ ਸੁਖ ਸਭਿ ਹੀ[੬] ॥ ੨੬ ॥ ਮਰਦਾਨੇ ਤਬ ਪਾਯੋ ਕੌਰਾ[੭]
ਸੁਧਾ ਸ੍ਵਾਦ ਜਨੁ[੮] ਆਯਾ। ਪਰਮ ਪੁਰਖ ਪੂਰਨ ਪਰਮਾਤਮ ਸ਼੍ਰੀ ਮੁਖ
ਵਾਕ ਅਲਾਯਾ। 'ਅਸਨ ਬਨ੍ਯੋ ਹੈ ਕੈਸੇ ਸ੍ਵਾਦਾ? ਦੇਵਹੁ ਸੁਧ[੯] ਮਰਦਾਨਾ!'
ਮੁਸਕ ਮਨਾਕ[੧੦] ਭਨੇ[੧੧] ਬਚ ਐਸੇ 'ਕੈਸੇ ਕਰੌਂ ਬਖਾਨਾ ॥੨੭॥ ਸੁਨ੍ਯੋ ਸੁਧਾ
ਪਸ਼੍ਯੰਤ[੧੨] ਨ ਕਬਹੂੰ ਸਾਦ ਬਨ੍ਯੋ ਹੈ ਸੋਊ। ਅੰਤਰਜਾਮੀ ਜਾਨਹੁ ਤੁਮ

[੧]ਛਕੋ। [੨]ਦੂਰ ਕਰੋ। [੩]ਸਰ੍ਹੋਂ ਦਾ ਸਾਗ। [੪]ਗਿਣਤੀ। [੫]ਸੋਚੀ। [੬]ਭਾਵ, ਗੁਰੂ ਜੀ ਨੇ। [੭]ਗ੍ਰਾਹੀ। [੮]ਮਾਨੋਂ। [੯]ਖਬਰ। [੧੦]ਥੋੜਾ ਮੁਸਕ੍ਰਾ ਕੇ। [੧੧]ਕਹੇ। [੧੨]ਡਿੱਠਾ। *ਪਾਃ—ਕੋਧਰੇ।

[ਪਿਛਲੇ ਪੰਨੇ ਦੀ ਬਾਕੀ ਟੂਕ ਇਹ ਹੈ]

ਪ੍ਰਸੰਗ ਵਿਖੇ 'ਜੰਵੂ' ਦਾ ਜ਼ਿਕਰ ਨਹੀਂ ਆਇਆ ਤੇ ਪੁਰਾਤਨ ਜਨਮ ਸਾਖੀ ਵਿਚ ਭੀ ਕਿਤੇ ਇਹ ਜ਼ਿਕਰ ਨਹੀਂ ਹੈ। ਪੋਥੀ ਮਹਿੰਮਾ ਪ੍ਰਕਾਸ਼ ਜੋ ਨਾਨਕ ਪ੍ਰਕਾਸ਼ ਤੋਂ ਪਹਿਲਾਂ ਦੀ ਬਣੀ ਹੋਈ ਹੈ, ਉਸ ਵਿਚ ਬੀ ਇਹ ਅੱਖਰ ਨਹੀਂ ਹਨ। ਭਾਈ ਬਾਲੇ ਵਾਲੀ (ਵਿਗਾੜੀ ਹੋਈ) ਜਨਮ ਸਾਖੀ ਵਿਚ ਕੇਵਲ ਇਤਨਾ ਲਿਖਿਆ ਹੈਃ—

'ਭਾਈ ਲਾਲੋ ਰਸੋਈ ਤਯਾਰ ਕਰਕੇ ਸੱਦਣ ਆਇਆ, ਚਲੋ ਗੁਰੂ ਜੀ ਪ੍ਰਸ਼ਾਦ ਤਯਾਰ ਹੋਇਆ ਹੈ। ਗੁਰੂ ਨਾਨਕ ਜੀ ਕਹਿਆ, ਲਾਲੋ ਏਥੇ ਹੀ ਲੇ ਆਉ। ਲਾਲੋ ਕਹਿਆ ਜੀ ਚਉਕੇ ਚਲੋ ਤਾਂ ਗੁਰੂ ਨਾਨਕ ਜੀ ਕਹਿਆ, 'ਭਾਈ ਲਾਲੋ ਜਿਤਨੀ ਧਰਤੀ ਉਤਨਾਂ ਚਉਕਾ ਹੈ, ਭਾਈ ਲਾਲੋ ਅੱਗੇ ਪ੍ਰਸ਼ਾਦਿ ਆਣਿ ਰਾਖਿਆ'।

ਪਰੰਤੂ ਮਹਿੰਮਾ ਪ੍ਰਕਾਸ਼ ਤੇ ਹੋਰ ਜਨਮ ਸਾਖੀਆਂ ਵਿਚ ਇਤਨਾ ਬੀ ਜ਼ਿਕਰ ਨਹੀਂ ਕੀਤਾ, ਇਸ ਲਈ ਬੜਾ ਸੰਦੇਹ ਹੁੰਦਾ ਹੈ ਕਿ ਇਹ ਜ਼ਿਕਰ ਆਖੇਪਕ ਹੈ।

ਦੂਸਰਾ ਵਿਚਾਰ ਇਹ ਹੈ ਕਿ ਹਰ ਉਦਾਸੀ ਵਿਚ ਗੁਰੂ ਜੀ ਦੇ ਭੇਸ ਅਨੂਠੇ ਸਨ, ਜੋ ਇਕ ਕੌਤਕ ਮਾਤ੍ਰ ਸਨ। ਕਈ ਵੇਰ ਪਰਸਪਰ ਵਿਰੋਧੀ ਚਿੰਨ੍ਹ ਕਠੇ ਕਰ ਵਿਖਾਲਦੇ ਸਨ ਜੋ ਕਿਵੇਂ ਕਿਸੇ ਮਤ ਦੇ ਚਿੰਨ੍ਹ ਜਾਣਕੇ ਧਾਰਨ ਨਹੀਂ ਕੀਤੇ ਗਏ ਸਨ। ਵੇਖੋ ਅਧ੍ਯਾਯ ੫੭ ਅੰਕ ੨੩ ਦੀ ਹੇਠਲੀ ਟੂਕ। ਤੀਸਰੇ ਆਪ ਦਾ ਭੇਸ ਹੁਣ ਸਾਧੂ ਦਾ ਹੈ ਸਾਧ ਜੰਵੂ ਧਾਰਨ ਨਹੀ ਕਰਦਾ।

ਸਭਿ ਵਰਤਹਿ ਉਰ ਮਹਿਂ ਜੋਊ'। ਲਾਲੋ ਬਿਨੈ ਸੁਨਾਈ ਸੁਨਿ ਕੈ 'ਵਡਿ-ਯਨ ਕੀ ਵਡਿਆਈ। ਭਾਉ ਪੁਰਖ ਮੈਂ ਦੇਖਤਿ ਹਿਤ ਕਰਿ, ਅਸਨ ਵਿਚਾਰ ਨ ਕਾਈ॥ ੨੮॥ ਦੋਹਰਾ॥ ਭਾਜੀ ਲੀਨੀ ਬਿਦਰ ਕੀ ਦੁਰਜੋਧਨ ਤਜਿ ਰਾਜ। ਦਿਜਬਰ[1] ਕੇ ਤੰਦੁਲ[2] ਲਏ, ਬਿਰਦ ਗਰੀਬ ਨਿਵਾਜ॥ ੨੯॥ ਜਾਤ ਭੀਲਨੀ ਨੀਚ ਕੇ ਜੂਠੇ ਲੀਨੇ ਬੇਰ। ਕੇਵਲ ਭਾਵ ਸੁਭਾਵਈ ਗੁਨ ਅਵਗੁਨ ਨਹਿਂ ਹੇਰ[3]*'॥ ੩੦॥ ਦੁਵੱਯਾ ਛੰਦ॥ ਬਿਗਸੇ ਸ਼੍ਰੀ ਨਾਨਕ ਮੁਖਭਾਖੀ 'ਸੁਧਾ ਅਸਨ ਮਹਿਂ ਪਾਵਾ। ਇਸ ਮਹਿਂ ਤੇ ਆਵਤਿ ਅਸ ਸਾਦਾ ਭੋਜਨ ਭਲੋ ਬਨਾਵਾ'। ਹਾਥ ਬੰਦਿ ਅਭਿਬੰਦਤਿ[4] ਲਾਲੋ ਪਦ ਅਰਬਿੰਦ ਮੁਕੰਦਾ। 'ਜਨਮ ਜਨਮ ਕੇ ਕਲਿਮਲ ਖੋਇ ਭਵ ਬੰਧਨ ਕਰਿ ਮੰਦਾ[5]॥ ੩੧॥ ਸੈਯਾ॥ ਆਜ ਕਿਯੋ ਕਿਰਤਾਰਥ ਮੋਕਹੁ ਸ਼੍ਰੀ ਗੁਰੂ ਨਾਨਕ ਭੋ[6] ਗਤਿਦਾਈ! ਕੂਪ ਵਿਖੈ ਹਮ ਬੂਡਤਿ ਥੇ[7] ਕਰੁਨਾ ਕਰਿਕੇ ਤੁਮ ਲੀਨ ਬਚਾਈ। ਪੂਰਨ ਰੂਪ ਪਰਾਤਮ[8] ਹੋ, ਨਿਜ ਦਾਸਨ ਕੇ ਨਿਤ ਹੋਤਿ ਸਹਾਈ'। ਯੌਂ ਕਹਿਕੈ ਪਦ ਕੋ ਗਹਿਕੈ ਅਤਿ ਦੀਨਤਿ ਸੋਂ ਤਿਨ ਗ੍ਰੀਵ[9] ਨਿਵਾਈ॥ ੩੨॥ ਊਪਰ ਸੀਸ ਉਠਾਵਹਿ ਨਾ, ਜਬ ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ। ਛੂਵਤਿ ਹਾਥ ਕਪਾਟ[10]† ਖੁਲੇ ਤਿਹੁ ਲੋਕਨ ਕੀ ਸੁਧਿ ਭੀ ਮਨ ਮਾਂਹੀ। ਪੰਕਜ ਪਾਨ[11] ਮੁਕੰਦ[12] ਕੇ ਲਾਗਤਿ ਭਾ ਜੁ ਅਨੰਦ[13] ਨ ਜਾਇ ਸੁ ਪ੍ਰਾਹੀ[14]। ਪੂਰਨ ਸੋਂ ਮਿਲ ਪੂਰਨ ਭਾ, ਭਵ[15] ਪੂਰਨ ਆਤਮ ਹੀ ਦਰਸਾਈ[16]॥ ੩੩॥ ਦਿਨ ਤੀਨ ਰਹੇ ਤਿਹ ਭੌਨ ਵਿਖੈ, ਭਲਿ ਭਾਂਤਿ ਦਲੇ ਦੁਖ, ਕੀਨ ਨਿਹਾਲਾ। ਮਨ ਚੀਨ ਲਈ ਮਹਿਮਾ ਗੁਰ ਕੀ, ਪਦ-

---

[1]ਭਾਵ ਸੁਦਾਮੇ ਦੇ। [2]ਚਾਵਲ। [3]ਨਹੀਂ ਵੇਖਦੇ। [4]ਨਮਸਕਾਰ ਕਰਦਾ ਹੈ। [5]ਨਾਸ਼। [6]ਹੇ। [7]ਡੁਬਦੇ ਸੀ। [8]ਪਰਮਾਤਮਾ। [9]ਗਿੱਚੀ। [10]ਤਖਤੇ, ਪਰਦੇ, ਛੋੜ। [11]ਕਵਲ ਹਥ। [12]ਗੁਰੂ ਜੀ ਦੇ। [13]ਜੋ ਹੋਯਾ ਅਨੰਦ। [14]ਉਹ ਕਿਹਾ ਨਹੀਂ ਜਾਂਦਾ। [15]ਸੰਸਾਰ ਵਿਚ। [16]ਦਿਸਦਾ ਹੈ।

*ਦ੍ਰਿਸ਼ਟਾਂਤ ਲਈ ਬੀਤ ਚੁਕੇ ਜੁੱਗਾਂ ਦੇ ਭਗਤਾਂ ਦੀ ਭਗਤੀ ਪਰ ਸਮੇਂ ਸਮੇਂ ਦੇ ਪ੍ਰਗਟ ਮਹਾਂ ਪੁਰਖਾਂ ਦੀ ਗਰੀਬ ਨਿਵਾਜਤਾ ਦੱਸੀ ਹੈ।

†ਮਾਨੁੱਖ ਤੇ ਸਾਈਂ ਦੇ ਵਿਚਕਾਰ ਜੋ ਪੜਦੇ ਹਨ ਉਹੋ ਤਖਤੇ ਹਨ, ਗੁਰਬਾਣੀ ਵਿਚ ਉਨ੍ਹਾਂ ਦਾ ਨਾਮੁ ਆਸਾ ਤੇ ਅੰਦੇਸਾ ਹੈ। ਯਥਾ:-

'ਆਸਾ ਅੰਦੇਸਾ ਦੁਇ ਪਟ ਜੜੇ॥' [ਰਾਮਕਲੀ ਮ: ੧

ਪੰਕਜ ਸੇਵ ਕਰੰਤਿ ਬਿਸਾਲਾ। ਲਿਵਲਾਗਿ ਅਨਾਹਦ ਕੀ ਧੁਨਿ* ਸੋਂ, ਬਿਨਸੇ ਭਵਬੰਧਨ ਔ ਜਮਜਾਲਾ। ਪੁਨਿ ਆਨ ਸਥਾਨਹਿ[੧] ਜਾਵਨ ਕੀ ਮਨ ਮਾਹਿ[੨] ਠਟੀ[੩] ਬਿਧਿ ਰੂਪ ਕ੍ਰਿਪਾਲਾ[੪] ॥ ੩੪ ॥ ਦੋਹਰਾ ॥ ਮਰਦਾਨੇ ਸੋਂ ਬੂਝਹੀ 'ਕਿਤ ਚਲਿਬੇ ਕੀ ਚਾਹਿ ?। ਹੇਤ ਭਗਤਿ ਵਿਸਤਾਰ ਕੋ[੫],ਆਨ ਕਾਜ ਕਛੁ ਨਾਂਹਿ' ॥ ੩੫ ॥ਸ੍ਵੈਯਾ ॥[੬] 'ਭੋ ਪ੍ਰਭੁ ਜੀ ! ਤੁਮ ਅੰਤਰ ਕੀ ਗਤਿ ਜਾਨਨਹਾਰ ਅਹੋ ਮਮਰਾਈ[੭]। ਬੂਝ ਲਯੋ ਮਨ ਮੋਰ ਮਨੋਰਥ, ਹੈ ਜਿਤ ਚਾਹਿ ਚਲੋ,ਤਿਹ ਜਾਈ। ਨਿੰਦ ਕਰੈਂ ਬਿਨ ਬਿੰਦ[੮] ਇਹਾਂ ਨਰ ਮੰਦਮਤੀ ਗਤਿ ਪੰਧ ਭੁਲਾਈ[੯]। ਜੋ ਤੁਮਰੇ ਉਰ ਸੋ ਤੁਮ ਜਾਨਹੁ, ਮੋ ਉਰ ਲਾਗਤਿ ਹੈ ਦੁਖਦਾਈ'॥੩੬॥ਸ਼੍ਰੀ ਮੁਖ ਤੇ ਪੁਨਿ ਬੈਨ ਭਨੇ'ਅਬਿ ਲੇਯ ਬਿਦਾ ਗਵਨੈਂ ਮਰਦਾਨਾ। ਹੋਤਿ ਭਲੋ ਰਹਿਬੋ ਤਹਿੰਹੀ ਸਤਿਸੰਗਤਿ ਕੋ ਮਿਲਬੋ ਜਿਹ ਥਾਨਾ[੧੦]।ਮਾਨਵ ਦੇਖਿ ਦੁਖੈਂ ਦੁਸ਼ਟਾਤਮ ਧਾਮ ਰਹੇ ਸਿਖਜਾਨ ਸੁਜਾਨਾ[੧੧]। ਦੇਸ਼ ਬਿਦੇਸ਼ਹਿਂ ਸੈਲ ਕਰੈਂ ਦਰਵੇਸ਼ਿ ਕੇ ਬੇਸ' ਭਨੈ ਸੁਖਦਾਨਾ[੧੨]। ॥ ੩੭ ॥ ਦੁਵੱਯਾ ਛੰਦ॥ ਕਹਿ ਮਰਦਾਨਾ 'ਜਾਵੋਂ ਦਿਸ† ਜਿਂਹ ਮੁਝ ਪਿਖ ਇਉਂ ਨਰ ਪ੍ਰਾਹੀ[੧੩]।–ਇਹ ਆਵਤਿ ਹੈ ਡੂਮ ਤਿਸੀ ਕੋ ਜੋ ਜਗ ਭਯੋ ਕੁ-ਰਾਹੀ–।ਸੁਨਿਕਰਿ ਰਿਸ ਆਵਤਿ ਹੈ ਮਨ ਮੈਂ,ਰਹੋ ਨ,ਕਰਹੁ ਪਯਾਨਾ[੧੪]'। ਬਿਕਸ ਕਪੋਲਨ ਤੇਇਉਂ ਭਾਖੀ[੧੫],'ਪ੍ਰਾਤ[੧੬]ਚਲੈਂ ਮਰਦਾਨਾ!'॥੩੮॥ਦੋਹਰਾ ॥ ਭਈ ਭੋਰ ਗੁਰੁ ਬਚ ਕਹੈਂ 'ਲਾਲੋ ਚਿਤ ਕਰਤਾਰ ! ਅਨੰਤ[੧੭] ਦੇਸ਼ ਕੋ ਰਮਤਿ[੧੮] ਹੈਂ ਹੇਰਨ ਹੇਤ ਹਮਾਰ[੧੯]'॥੩੯॥ ਸ੍ਵੈਯਾ ॥ 'ਔਗੁਨ ਕੌਨ ਭਯੋ ? ਤਜਿ ਭੌਨਕੋ ਗੌਨ[੨੦]ਕਰੋ ਦ੍ਰੁਤਿ[੨੧],ਕਯੋਂ ਨ ਰਹੋ?।ਜਾਨਹੁ ਦਾਸ ਮੁਝੈ ਸੁਖ

---

[੧]ਹੋਰ ਜਗ੍ਹਾ । [੨]ਵਿਚ। [੩]ਧਾਰੀ । [੪]ਗੁਰੂ ਜੀ ਨੇ । [੫]ਫੈਲਾਉਣ ਲਈ। [੬]ਮਰਦਾਨੇ ਕਿਹਾ । [੭]ਮੇਰੇ ਸੁਵਾਮੀ। [੮]ਬਿਨਾਂ ਜਾਣੇ। [੯]ਮੁਕਤੀ ਦੇ ਰਾਹ ਤੋਂ ਭੁੱਲੇ ਹੋਏ। [੧੦]ਜਿਸ ਜਗ੍ਹਾ। [੧੧]ਸੁਜਾਣ ਸਿਖ (ਲਾਲੋ) ਦੇ ਘਰ ਰਿਹਾਂ। [੧੨]ਆਖਿਆ ਸੁਖਦਾਤੇ ਨੇ। [੧੩]ਆਖਦੇ ਹਨ। [੧੪]ਚਲੇ ਚਲੋ। [੧੫]ਕਹੀ। [੧੬]ਸਵੇਰੇ। [੧੭]ਹੋਰ। [੧੮]ਜਾਂਦੇ ਹਾਂ। [੧੯]ਸ਼ੌਕ ਹੈ ਸਾਡਾ। [੨੦]ਤੁਰਨਾ। [੨੧]ਛੇਤੀ।

*ਉਹ ਧੁਨ (ਲਗਾਉ) ਜਿਸਦੀ ਹੱਦ ਨਹੀਂ ਹੈ, ਲਗਾਤਾਰ ਨਾ ਮੁੱਕਣ ਵਾਲਾ ਲਗਾਉ। ਅਨਾਹਦ ਧੁਨ ਦਾ ਮਤਲਬ ਕੰਨਾਂ ਦੀ ਘੂੰ ਘੂੰ ਤੋਂ ਨਹੀਂ ਹੈ, ਕਿਉਂਕਿ ਇੱਥੇ ਅਨਾਹਦ ਦਾ ਫਲ ਭਵ ਬੰਧਨ ਦਾ ਟੁੱਟਣਾ ਤੇ ਜਮਜਾਲ ਦਾ ਕੱਟੇ ਜਾਣਾ ਕਵੀ ਜੀ ਲਿਖ ਰਹੇ ਹਨ। ਕੰਨਾਂ ਵਿਚ ਸੁਣੀ ਜਾਣ ਵਾਲੀ ਅਵਾਜ਼ ਅਕਾਸ਼ ਦਾ ਗੁਣ ਹੈ, ਉਹ ਭਵ ਬੰਧਨ ਵਿਚ ਹੈ। ਅਨਹਦ ਦਾ ਗੁਣ ਗੁਰੂ ਜੀ ਬੀ ਲਿਖਦੇ ਹਨਃ–

ਅਨਹਦੁ ਵਾਜੈ ਭ੍ਰਮੁ ਭਉ ਭਾਜੈ॥

†ਪਾਃ–ਪਰਿਪ। ਪਰਿਪ=ਗਲੀ।

ਰਾਸ ! ਉਦਾਸ. ਭਏ ਕਿਵ ? ਵਾਕ ਕਹੋ'। ਸ੍ਰੀ ਪ੍ਰਭੁ ਭਾਖਤਿ 'ਔਗੁਨ ਤੋਰ ਨ, ਮਾਨਵ ਮੂਢ ਖਿਝੰਤਿ ਲਹੋ[1]। ਹ੍ਵੈ ਸਤਿਸੰਗ ਰਹੰਨ ਭਲੋ ਤਹਿੰ ਬਾਸੁਰ ਰੈਨ ਅਨੰਦ ਅਹੋ' ॥੪੦॥ 'ਸੰਤ ਮਤੋ ਪਰਮੇਸ਼ੁਰ ਅੰਗ[2], ਬਿਲੋਕ ਤੁਮੈਂ ਖਿਝ ਕਰੈਂ ਦੁਖ ਪਾਵੈਂ। ਕਾਜ ਨਹੀਂ ਕਿਹ ਸੰਗਿ ਤੁਮਾਰ, ਪਚੀ[3] ਭਵ ਮਾਂਹਿ ਜੋਊ ਬਿਲਲਾਵੈਂ। ਸੰਤਨ ਸੋਂ ਮਿਲ ਬੋਲਨ ਬੈਸਨ ਹੇਰਤਿ[4] ਹੀ ਹਿਰਦਾ ਹੁਲਸਾਵੈਂ। ਕੋਇਕ ਬਾਸੁਰ[5] ਮੋਹਿ ਅਵਾਸ[6] ਰਹੋ, ਸੁਖਰਾਸ ! ਭਲੇ ਤੁਮ ਭਾਵੈ' ॥੪੧॥ ਸ਼੍ਰੋਨ ਸੁਨੇ ਬਚ ਫੇਰ ਕਹਯੋ ਤਿਹ 'ਸਾਚ ਕਹੌਂ ਇਹ ਕੂਰ ਨ ਰਾਈ। ਹੈ ਬਿਕਰਾਲ[7] ਸੰਸਾਰ ਬਿਆਕੁਲ, ਆਗਲ[8] ਸੁੱਧ[9] ਨ ਜਾਨਤਿ ਕਾਈ। ਬੈਠਤਿ,ਉਠਤਿ, ਤੂਸ਼ਨ[10], ਬੋਲਤਿ ਚਾਲਤਿ ਨਾਂਹਿਨ ਮੇਵਹਿ[11]ਭਾਈ।ਨਾ ਗੁਜਰੈ ਇਹ ਨਾਲ ਭਲੇ,ਕਿਵਹੀ[12] ਇਸ ਬੀਚ[13] ਨਹੀਂ ਬਨਿ ਆਈ ॥ ੪੨ ॥

†ਸ੍ਰੀ ਮੁਖਵਾਕ ॥ ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ ॥ ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ ॥ ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ ॥ ਜੇ ਬਹਿ ਰਹਾਂ ਤਾ ਆਖੀਐ ਬੈਠਾ ਸਥਰ ਘਤ ॥ ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ ॥ ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ ॥ ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ ॥ ਏਥੇ ਓਥੇ ਨਾਨਕਾ ਕਰਤਾ ਰਖੈ ਪਤਿ ॥ ੧ ॥

ਦੋਹਰਾ ॥ ਸੁਨਿ ਲਾਲੋ ਸੰਸਾਰ ਤੇ ਜੋ ਰਾਖਹਿ ਕਰਤਾਰ। ਤੌ ਰਹਿਬੋ ਇਹ ਤੇ ਬਨੈ ਹੈ ਇਹ ਗਰਤ[14] ਅਪਾਰ ॥੪੩॥ ਦੁਵੱਯਾ ਛੰਦ ॥ ਪੁਨ ਉਦਾਸ ਉਰ ਮਹਿੰ ਮਰਦਾਨਾ ਦੇਖਿ ਦੁਖੈ ਮਤਿ ਮੰਦੇ'। ਸੁਨਿ ਲਾਲੋ ਮਨ ਦੀਨ ਭਯੋ ਬਹੁ ਪੁਨ ਪੁਨ ਪਦ ਪਰ ਬੰਦੇ। 'ਏਕ ਮਾਸ[15] ਮੁਝ ਰਹਹੁ ਅਵਾਸੂ[16] ਬਿਨੈ ਬਿਲੋਕਹੁ ਸੁਆਮੀ। ਪੁਨਿ ਗਵਨਹੁ ਜਿਤ ਇੱਛਾ ਹੋਵਹਿ ਸ੍ਰੀ ਗੁਰੁ ਅੰਤਰਜਾਮੀ !' ॥ ੪੪ ॥ ਦੇਖ ਦੀਨਤਾ ਦਾਸ ਈਠ[17] ਕੀ ਮਾਨ

---

[1]ਵੇਖਕੇ। [2]ਸੰਤ ਮਤਾ ਹੈ ਤੁਮਾਂ ਦਾ, ਰਬ ਤੁਹਾਡੇ ਪੱਖ ਵਿਚ ਹੈ। [3]ਫਸੇ ਹੋਏ, (ਅ) ਸੜੇ ਹੋਏ, (ੲ) ਸ਼ਰਮਿੰਦੇ। [4]ਵੇਖਕੇ। [5]ਕੁਝਕ ਦਿਨ। [6]ਘਰ। [7]ਭਜਾਨਕ । [8]ਅੱਗੇ ਦੀ। [9]ਖਬਰ। [10]ਚੁਪ। [11]ਮੇਵਿਆਂ ਨਹੀਂ ਜਾਂਦਾ ਇਨ੍ਹਾਂ ਨਾਲ (ਭਾਵ ਹਰ ਗਲੇ ਨੁਕਤਾਚੀਨੀ ਕਰਦੇ ਹਨ)। [12]ਕਿਸੇ ਤਰ੍ਹਾਂ ਬੀ। [13]ਭਾਵ ਜਗਤ ਵਿਚ (ਭਗਤਾਂ ਦੀ)। [14]ਖਾਤਾ । [15]ਮਹੀਨਾ। [16]ਘਰ। [17]ਪਿਆਰੇ ਦੀ।

*ਇਹ ਸ਼ਬਦ ਭਾ: ਬੰਨੋ ਜੀ ਦੀ ਬੀੜ ਦਾ ਹੈ।

ਲਏ ਤਿਹ ਬੈਨਾ[੧]। 'ਲਾਲੋ ਬਚਨ ਨ ਮੇਟਯਾ ਜਾਈ' ਭਨਤਿ ਭਏ
ਗੁਨ ਐਨਾ। 'ਇਕ ਮਾਸ ਰਹਿਯੇ ਮਰਦਾਨਾ!, ਬਹੁਰੋ ਕਰਹਿੰ ਪਯਾਨਾ[੨]।
ਤ੍ਰਿੱਸਕਾਰ[੩] ਇਸ ਕੋ ਕਰਿ ਕੈਸੇ ਜਾਹਿੰ ਆਨ[੪] ਅਸਥਾਨਾ[੫]' ॥ ੪੫ ॥ ਰਹੇ
ਦਯਾਲੁ ਏਮਨਾਵਾਦੂ ਬਾਸੁਰ[੬] ਦੋਇ ਬਿਤੀਤੇ। ਜਿਸ ਕਰੁਨਾ ਤੇ ਜਨਮ
ਮਰਨ ਗਤਿ[੭],ਨਾਮ ਜਪੇ ਜਮ ਭੀਤੇ[੮]। ਆਸਨ ਪੈ ਆਸੀਨ[੯]ਕ੍ਰਿਪਾਲਾ ਪੈਰ
ਪਲੋਟਤਿ[੧੦]ਲਾਲੋ। ਜਿਹਕੋ ਮੁਨਿਜਨਧਯਾਨ ਧਰਤਿ ਹੈਂ,ਬਸਹਿੰ ਜਿ ਉਰ[੧੧]
ਨਹਿੰ ਕਾਲੋ[੧੨]॥੪੬॥ ਬੈਸਯੋ ਨਿਕਟ ਭਨਤਿ ਮਰਦਾਨਾ 'ਤੁਮ ਹਯਾਂ[੧੩]ਬਹੁ
ਦਿਨ ਰਹਿਨਾ। ਦੇਹੁ ਨਿਦੇਸ[੧੪]ਜਾਉਂ ਤਲਵੰਡੀ ਕਹਹੁ ਤਹਾਂ ਜੋ ਕਹਿਨਾ॥
ਤੂਰਨ ਤਹਿੰ ਤੇ ਆਵੌਂ ਤੁਮ ਢਿਗ, ਬਿਲਮ[੧੫] ਨ ਕਹੂ ਲਗਾਵੌਂ। ਨਿਜ
ਪਰਵਾਰਹਿ ਦੇਯ ਖਬਰ ਸਭਿ—ਹੌਂ ਨਾਨਕ ਸੰਗ ਜਾਵੌਂ—' ॥੪੭॥[੧੬] 'ਘਰ
ਮਹਿੰ ਜੀਉ ਬਸਤਿ ਹੈ ਤੇਰੋ,ਜਾਹੁ,ਦ੍ਰੁੱਤਿ[੧੭] ਪੁਨ ਅੱਯੋਹਮਰੀ ਸੁਧ[੧੮]ਜਿਹ
ਬਿਧਿ ਕੀ ਦੇਖਹੁ ਤੈਸੀ ਤਿਹਠਾਂ ਦੱਯੋ'। ਲੇ ਰਜਾਇ ਮਰਦਾਨਾ ਗਵਨਯੋ
ਮਿਲਯੋ ਜਾਇ ਪਰਵਾਰੂ। ਤਿੰਹ ਪਸ਼ਚਾਤ ਦਾਸ ਦੁਖਖੰਡਨ[੧੯] ਰਾਜਤਿ[੨੦]
ਨਗਰ ਉਦਾਰੂ ॥ ੪੮ ॥ ਬਾਸੁਰ ਬਨ ਮਹਿੰ ਜਾਇ ਬਿਰਾਜਹਿੰ
ਕਮਲ ਬਦਨ ਦੁਖ ਕਦਨਾ। ਜਬਹਿ ਬਿਭਾਵਰ[੨੧] ਹੋਵਹਿ ਲਖਿਹੀਂ
ਆਵਹਿੰ ਲਾਲੋ ਸਦਨਾ। ਕਰਤਿ ਪ੍ਰੀਤਿ ਸੋਂ ਅਸਨ[੨੨]ਤਿਆਰਾ ਬਿਨੈ ਭਾਖਿ
ਅਚਵਾਵੈ[੨੩]। ਭਗਤ ਵੱਛਲ ਬਹੁ ਭਗਤਿ ਦੇਖਿ ਕੈ ਭੋਜਨ ਤਿਹ ਘਰ
ਪਾਵੈਂ ॥ ੪੯ ॥ ਸਦਾ ਅਧੀਨ ਦਾਸ ਕੇ ਜੋਊ ਜਾਤਿ ਕੁਜਾਤਿ ਨ ਜਾਨੈਂ।
ਗੁਣ ਚਤੁਰਾਈ ਰੀਝਹਿੰ ਨਾਂਹੀ ਭਾਉ ਭਗਤਿ ਪਹਿਚਾਨੈ। ਦਿਜ[੨੪], ਖੱਤ੍ਰੀ,
ਤਜਿ ਬੈਸ[੨੫]ਤਹਾਂ ਕੋ ਸੂਦਰ ਹੁਤੋ ਤਿਖਾਨਾ। ਖਾਇੰ ਸਾਦ ਸੋਂ ਭੋਜਨ ਤਾਂ-
ਕੋ ਕੇਵਲ ਪ੍ਰੇਮੀ ਮਾਨਾ॥੫੦॥ਚਾਂਪਤਿ ਪਾਉਂ, ਹਾਂਕਤੇ ਪੌਨਾ[੨੬],ਰਿਦੇ ਅਨੰਦ
ਨ ਮਾਵੈ। ਦਿੰਨ ਮਹਿੰ ਕ੍ਰਿੱਤ ਕਰਤਿ ਸਭਿ ਅਪਨੀ ਨਿਸਿ[੨੭] ਸੇਵਾ ਚਿਤ
ਲਾਵੈ। ਆਤਮ ਕੋ ਅੱਭਯਾਸ ਭਨਹਿੰ ਗੁਰ 'ਤੂੰ ਸਤਿ ਚਿਤ[੨੮]ਆਨੰਦਾ॥ਰਾਗ

---

[੧]ਬਚਨ। [੨]ਤੁਰਨਾ। [੩]ਨਿਰਾਦਰ। [੪]ਹੋਰ। [੫]ਜਗ੍ਹਾਂ। [੬]ਦਿਨ। [੭]ਛੁਟੀਦਾ ਹੈ। [੮]ਡਰਦਾ ਹੈ। [੯]ਬਿਰਾਜੇ। [੧੦]ਮਲਦਾ ਹੈ। [੧੧]ਜਿਸਦੇ ਰਿਦੇ ਵਿਚ। [੧੨]ਮੌਤ ਨਹੀਂ (ਉਸਨੂੰ)। [੧੩]ਇਥੇ। [੧੪]ਆਗਯਾ। [੧੫]ਦੇਰ। [੧੬]ਗੁਰੂ ਜੀ ਬੋਲੇ। [੧੭]ਛੇਤੀ। [੧੮]ਖਬਰ। [੧੯]ਭਾਵ ਗੁਰੂ ਜੀ। [੨੦]ਬਿਰਾਜੇ। [੨੧]ਸੰਧਯਾ। [੨੨]ਭੋਜਨ। [੨੩]ਛਕਾਵੇ। [੨੪]ਬ੍ਰਾਹਮਣ। [੨੫]ਵੈਸ਼ ਛੱਡਕੇ। [੨੬]ਝੁਲਦਾ ਹੋਯਾ (ਪੱਖਾ)। [੨੭]ਰਾਤ੍ਰੀ ਨੂੰ। [੨੮]ਚੇਤਨ।

ਦ੍ਵੈਖ ਤੇ ਹੀਨ ਸਰੂਪਾ ਭਵ[1] ਮ੍ਰਿਤੁ[2] ਬਿਨ, ਸੁਖਕੰਦਾ ॥ ੫੧ ॥ ਅੱਕ੍ਰਯ[3] ਏਕ ਪ੍ਰਮਾਤਮ ਪੂਰਨ ਜਿਹ ਬਿਨ ਜੜ ਹੈ ਮਾਯਾ[7]। ਸ਼੍ਰੀ ਗੁਰੁ ਕੇ ਬਚ ਸੁਨਿ ਅਸ ਲਾਲੋ ਸਭਿ ਅਗ੍ਯਾਨ ਗਵਾਯਾ।ਬੀਤੀ ਹੁਤੀ ਬਾਸ਼ਨਾ ਮਨ ਮਹਿਂ ਭਯੋ ਤੱਤ ਕੋ ਬੇਤਾ[4]। ਅਸ[5] ਬਿਧਿ[6] ਦਿਵਸ ਬਿਤਾਇ ਕਛੁ ਤਹਿਂ ਸ਼੍ਰੀ ਬੇਦੀ ਕੁਲਕੇਤਾ ॥ ੫੨ ॥ ਦੋਹਰਾ ॥ ਸੁਨਿ ਸ਼੍ਰੋਤਾ ਚਿਤ ਲਾਇਕੈ ਸਿੱਖੀ ਪ੍ਰਾਪਤਿ ਹੋਇ। ਸਿੱਖੀ ਕੀ ਪਦਵੀ ਅਧਿਕ ਮਹਿਮਾ ਜਾਨਹਿ ਕੋਇ ॥੫੩॥ ਚੌਪਈ ॥ ਸਤਿਗੁਰੁ ਸਿਖ ਕੋ[7] ਜਮ ਨਹਿਂ ਫੰਦੂ।ਜਿਉਂ ਬਾਸੁਰ ਮਹਿਂ[8]ਜੌਨ ਨ ਚੰਦੂ[9]। ਚਰਨ ਕਮਲ ਰਤਿ ਭਾਨੁ ਪ੍ਰਕਾਸ਼ੂ[10]। ਕਿਉਂ ਦੀਸਹਿਂ ਸ਼ਸ਼ਿ[11] ਤਮ[12] ਨਹਿਂ ਪਾਸੂ[13] ॥ ੫੪ ॥ ਸ਼ਰਧਾ ਆਤਪ[14] ਦੀਪਤਿ[15] ਜਹਿਂਵਾ[16]। ਭਰਮ ਤਿਮਰ[17] ਕਿਉਂ ਹੋਵਹਿ ਤਹਿਂਵਾ[18]। ਉਡਗਨ ਕਿਲਵਿਖ[19] ਨਹੀਂ ਪ੍ਰਕਾ-ਸ਼ਤਿ। ਬੇਮੁਖਤਾ ਨਿਸ[20] ਜਹਿਂ ਭੀ ਨਾਸਤਿ ॥ ੫੫ ॥ ਕਵਿ ਕਰ ਬੰਦ ਗੁਰੂ ਪਦ ਬੰਦੇ। ਸਿਖੀ ਜਾਚਹਿ ਆਨੰਦ ਕੰਦੇ। ਏਕ ਆਸ ਨਾਸੀ ਅਬ ਔਰੀ। ਦਰਸਨ ਦੇਹੁ ਲਾਲਸਾ ਮੋਰੀ* ॥ ੫੬ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲਾਲੋ ਪ੍ਰਸੰਗ' ਬਰਨਨੰ ਨਾਮ ਅਠੱਤੀਸਮੋ ਅਧ੍ਯਾਯ ॥ ੩੮ ॥

## ੩੯. [ਗੁਰਚਰਣ ਮੰਗਲ। ਮਲਕ ਭਾਗੋ ਆਦਿ]

ਦੋਹਰਾ ॥ ਸ਼੍ਰੀ ਗੁਰੁ ਚਰਨ ਸਰੋਜ ਕੀ ਰਜ ਸ਼੍ਰਿੰਖਲ ਗਲ† ਪਾਇ।
ਮਨ ਗਇੰਦ ਕੋ ਰੋਕ ਕਰਿ ਕਹੋਂ ਕਥਾ ਗਤਿਦਾਇ ॥੧॥

{ ਸਰੋਜ=ਕ੍ਮਲ। ਸ਼੍ਰਿੰਖਲ=ਸੰਗਲ [ਸੰਸ:, ਸ਼੍ਰਿੰਖਲ]
ਗਲ=ਛਾਪੇ ਦੇ ਦੋ ਗ੍ਰੰਥਾਂ ਵਿਚ ਪਾਠ-ਸਰ-ਹੈ, ਲਿਖਤ ਦੇ ਇਕ ਵਿਚ ਪਾਠ-ਗਲ-ਹੈ। ਅਸਾਂ ਗਲ ਨੂੰ ਵਧੇਰੇ ਸੁੱਧ ਸਮ-ਸਮਝਿਆ ਹੈ।
ਗਇੰਦ=ਹਾਥੀ, [ਸੰਸ:, ਗਜੇਂਦ੍ਰ] }

**ਅਰਥ**—ਸ਼੍ਰੀ ਗੁਰੂ ਜੀ ਦੇ ਚਰਨ ਕਮਲਾਂ ਦੀ ਧੂੜੀ (ਰੂਪੀ) ਸੰਗਲ ਨੂੰ ਮਨ ਰੂਪੀ ਹਾਥੀ ਦੇ ਗਲ ਪਾਕੇ (ਤੇ ਇਸਨੂੰ ਇਸ ਤਰ੍ਹਾਂ) ਰੋਕਕੇ (ਹੁਣ ਮੈਂ) ਮੁਕਤ ਦਾਇਨੀ ਕਥਾ ਕਹਿੰਦਾ ਹਾਂ।

---

[1]ਜਨਮ। [2]ਮਰਨ। [3]ਕ੍ਰਿਯਾ ਤੋਂ ਰਹਿਤ। [4]ਜਾਣੂੰ। [5]ਇਸ । [6]ਤਰ੍ਹਾਂ। [7]ਸਤਿਗੁਰ ਦੇ ਸਿੱਖ ਨੂੰ। [8]ਦਿਨ ਵਿਚ। [9]ਚੰਦ ਦੀ ਚਾਂਦਨੀ ਨਹੀਂ। [10]ਚਰਨ ਕਵਲਾਂ ਦਾ ਪ੍ਰੇਮ ਸੂਰਜ ਦਾ ਪ੍ਰਕਾਸ਼ ਹੈ। [11]ਚੰਦ੍ਰਮਾਂ । [12]ਅਨ੍ਹੇਰਾ। [13]ਪਾਸ ਨਹੀਂ ਹੈ। [14]ਸ਼ਰਧਾ (ਰੂਪੀ) ਧੁਪ। [15]ਚਮਕਦੀ ਹੈ। [16]ਜਿਥੇ। [17]ਅਨ੍ਹੇਰਾ। [18]ਉਥੇ। [19]ਪਾਪਾਂ (ਰੂਪੀ) ਤਾਰੇ। [20]ਬੇਮੁਖਤਾ (ਰੂਪੀ) ਰਾਤ।

*ਕਵਿ ਜੀ ਦੀ ਇਸ਼ਟਾਪਤੀ ਵੇਖਣ ਯੋਗ ਹੈ। †ਪਾ:—ਸਰ=ਤੁੱਲ। ਵਾ, ਸਿਰ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਇਹ ਬਿਧਿ ਨਗਰ ਏਮਨਾਵਾਦੂ । ਰਹੇ ਹੇਤ ਲਾਲੋ ਅਹਿਲਾਦੂ[੧] । ਪੰਦ੍ਰਹ ਬਾਸੁਰ[੨] ਜਬਹਿ ਬਿਤੀਤੇ। ਸੇਵਹਿ ਚਰਨ ਕਮਲ ਉਰ ਪ੍ਰੀਤੇ ॥ ੨ ॥ ਹੁਤੋ ਪਠਾਨ ਤਹਾਂ ਕੋ ਰਾਜਾ। ਨਿਕਟਿ[੩] ਸਭਾ ਜਿਹ ਦੁਸ਼ਟ ਸਮਾਜਾ । ਤਿਹ ਮੰਤ੍ਰੀ ਥੋ ਖੱਤ੍ਰੀ ਏਕੂ। ਨਾਮ ਮਲਕ ਭਾਗੋ ਅਵਿਵੇਕੂ[੪] ॥ ੩ ॥ ਹੁਤੋ ਪਾਸ ਤਿੰਹ ਕੇ ਬਹੁ ਦਰਬਾ[੫]। ਕਰਿ ਕਲਿਮਲ[੬] ਸੋ ਸੰਚਯੋ[੭] ਸਰਬਾ । ਕਰਨ ਸੁਜਸ ਅਪਨੋ ਨਰ ਮਾਂਹੀ। ਬ੍ਰਹਮ ਭੋਜ ਕੀਨੋ ਪੁਰਿ ਤਾਂਹੀ[੮] ॥ ੪ ॥ ਦਿਜ, ਖੱਤ੍ਰੀ ਬਿਟ[੯]*, ਸ਼ੂਦਰ ਚਾਰੀ[੧੦] । ਸਭਿ ਕੋ ਦਯੋ ਅਮੰਤ੍ਰ[੧੧] ਪੁਕਾਰੀ। ਜਿਤੇ ਫਕੀਰਨ ਕੇ ਅਸਥਾਨਾ।ਪਠਿਨਰ[੧੨] ਸਭਿਨਿ ਅਸਨ ਬਰਜਾਨਾ[੧੩]॥੫॥ਦੋਹਰਾ॥ਤਿਹਖੱਤ੍ਰੀ ਕੋ ਦਿਜ ਨਗਰ ਫਿਰਤਿ ਅਮੰਤ੍ਰ ਦੇਤਿ[੧੪]।ਜਾਵਤਿ ਥੇ ਉਦਿਆਨ ਕੋ ਤਬ ਬੇਦੀ ਕੁਲਿਕੇਤੁ[੧੫]॥੬॥ਚੌਪਈ॥ਬਿੱਪ੍ਰ[੧੬]ਬਿਲੋਕਤਿ ਬਚਨ ਅਲਾਇ।'ਕਿਤਕੋ ਨਾਨਕ ਤਪਾ ਸਿਧਾਏ? ਅਹੈ ਅਮੰਤ੍ਰ[੧੭], ਨ ਕਰਹੁ ਅਹਾਰਾ'। ਸੁਨਿਕੈ ਸ੍ਰੀ ਮੁਖ ਬਚਨ ਉਚਾਰਾ ॥ ੭ ॥ 'ਕੈਸ ਅਮੰਤ੍ਰ ਬਿੱਪ੍ਰ ਤੁਮਾਰੇ ? ਨਿਜ[੧੮] ਬਿਰਤਾਂਤ[੧੯] ਬਤਾਉਵਿਚਾਰੇ?'।ਕਹਿਦਿਜ,ਭਾਗੋਖੱਤ੍ਰੀ ਜੋਊ।'ਚਤੁਰ ਬਰਨ ਨਿਉਤੇ ਸਭਿ ਕੋਊ ॥੮॥ ਬ੍ਰਹਮ ਭੋਜ ਤਿਨ ਕੀਨ ਬਿਸਾਲਾ। ਆਜ ਜਾਹਿੰ ਨਰ ਸਭਿ ਤਿਹ ਸ਼ਾਲਾ[੨੦]'। ਕਹਯੋ ਗੁਰੂ 'ਹਮ ਕਿਨਕੇ ਮਾਂਹੀ। ਹੈਂ ਦਰਵੇਸ਼, ਬਰਨ ਕੋ ਨਾਂਹੀ†' ॥੯॥ ਦੋਹਰਾ॥ ਸੁਨਿ ਸ਼੍ਰੋਨਨ ਮੈਂ ਬਿੱਪ੍ਰ ਸੋ ਬਿਗਸਯੋ ਬਚਨ ਅਲਾਇ। 'ਨਾਮ ਕੁਰਾਹੀ ਤੋਹਿ ਕੋ ਇਨ ਬਾਤਨ[੨੧] ਬਨਿ ਆਇ ॥੧੦॥ ਚੌਪਈ॥ ਛੋਰੀ ਲੋਕ ਰੀਤਿ ਜਗ ਮਾਂਹੀ। ਭਯੋ ਨਾਮ ਇਉਂ ਤੋਹਿ ਕੁਰਾਹੀ। ਬ੍ਰਹਮਭੋਜ ਮਹਿੰ ਜੋ ਨਹਿੰ ਆਵਹਿ।ਮਲਕ ਕ੍ਰੋਧ ਹਿਰਦੇ ਉਪਜਾਵਹਿ॥੧੧॥ ਨਗਰ ਵਿਖੇ ਤੇ ਦੇ ਨਿਕਸਾਈ[੨੨]। ਤੁਮ ਜਾਨਹੁ, ਮੈਂ ਕਹਯੋ ਸੁਨਾਈ'।

---

[੧]ਦੀ ਖੁਸ਼ੀ ਵਾਸਤੇ। [੨]ਪੰਦ੍ਰਾਂ ਦਿਨ । [੩]ਪਾਸ। [੪]ਅਗਯਾਨੀ। [੫]ਧਨ। [੬]ਪਾਪ । [੭]ਕੱਠਾ ਕੀਤਾ ਸੀ। [੮]ਉਸਨੇ ਸ਼ਹਿਰ ਵਿੱਚ। [੯]ਵੈਸ਼ਯ। [੧੦]ਚਾਰੋਂ ਨੂੰ। [੧੧]ਨਿਉਂਦਾ। [੧੨]ਆਦਮੀ ਭੇਜਕੇ। [੧੩]ਸਭ ਦਾ ਭੋਜਨ ਵਰਜਿਆ । [੧੪]ਨਿਉਂਦਾ ਦੇਂਦਾ ਫਿਰਦਾ ਸੀ (ਜਿਸ ਵੇਲੇ)। [੧੫]ਭਾਵ ਗੁਰੂ ਜੀ। [੧੬]ਬ੍ਰਾਹਮਣ ਨੇ। [੧੭]ਨਿਉਂਦਾ ਹੈ(ਤੁਹਾਨੂੰ)। [੧੮]ਆਪਨਾ। [੧੯]ਹਾਲ [੨੦]ਉਸਦੇ ਘਰ। [੨੧]ਇਨ੍ਹਾਂ ਗੱਲਾਂਤੋਂ। [੨੨]ਕੱਢ ਦੇਵੇਗਾ।

*ਪਾਠਾਂਤ੍ਰ—ਬਟ=ਬ੍ਰਹਮਚਾਰੀ।

†'ਵਰਨ ਕੋਈ ਨਹੀਂ' ਆਪ ਕਹਿ ਰਹੇ ਹਨ। ਪਿੱਛੇ ਜੋ ਜੰਵੂ ਲਾਲੋ ਦੀ ਰੋਟੀ ਵੇਲੇ ਦੱਸਿਆ ਹੈ ਸੋ ਸਿੱਧ ਹੋਯਾ ਕਿ ਕੋਈ ਨਹੀਂ ਸੀ, ਜੇ ਉਹ ਸੀ ਤਾਂ ਹੁਣ 'ਵਰਨ ਕੋਈ ਨਹੀਂ' ਕਿਵੇਂ ਕਹਿ ਸਕਦੇ ਸਨ। ਕਿਉਂਕਿ ਜੰਵੂ ਵਰਣਾਸ਼੍ਰਮ ਦੀ ਮਰਯਾਦਾ ਦਾ ਚਿੰਨ੍ਹ ਹੈ।

ਇਹ ਬਿਧਿ ਕਹਿ ਕਰਿ ਦਿਜ ਤਬ ਗਵਨਾ। ਤੂਸ਼ਨ ਕਰੀ ਖਿਮਾ ਕੇ ਭਵਨਾ ॥ ੧੨ ॥ ਬ੍ਰਹਮਭੋਜ ਤਿਨ ਅਧਿਕ* ਬਨਾਵਾ। ਊਚ ਨੀਚ ਸਭਿ ਸਦਨ ਅਲਾਵਾ। ਕਰਯੋ ਜਾਇ ਕਰਿ ਖਾਨ[੧] ਅਹਾਰਾ। ਅਨਿਕ ਭਾਂਤਿ ਕਰਿ ਜੁਊ ਸਵਾਰਾ ॥੧੩ ॥ ਤ੍ਰਿਪਤਿ ਹੋਇ ਬਹੁ ਸੁਜਸ ਬਖਾਨਹਿਂ। ਪੁੰਨ ਵਾਨ ਤਾਂਕੋ ਅਤਿ ਮਾਨਹਿਂ। ਝੂਠੇ ਲਖਹਿਂ ਨ ਇਹ ਪਰਪੰਚੀ[੨]। ਜਿਨ ਵਡ ਅਘ[੩] ਕਰਿ ਮਾਯਾ ਸੰਚੀ ॥ ੧੪ ॥ ਦੋਹਰਾ ॥ ਤਿਂਹ ਗ੍ਰਿਹ[੪] ਨਹਿਂ ਸ਼੍ਰੀ ਗੁਰੂ ਗਏ ਦਿਨ ਬਿਤਾਇ ਉਦਿਆਨ[੫]। ਲਾਲੋ ਆਲਯ ਆਨਿਕੈ ਰਾਜਤਿ[੬] ਮਯਾ ਨਿਧਾਨ ॥ ੧੫ ॥ ਚੌਪਈ ॥ ਤਪਾ ਨ ਆਯੋ ਦਿਜ ਤਿਂਹ[੭] ਜਾਨੀ। ਦੂਤੀ[੮] ਭਾਗੋ ਨਿਕਟਿ ਬਖਾਨੀ। ਕਰਤਿ ਹੁਤੋ ਸੁ ਅਸੂਯਾ[੯] ਆਗੇ। ਯਾਂਤੇ ਦੁਸ਼ਟੀ[੧੦] ਸੋਂ ਅਨੁਰਾਗੇ॥੧੬॥ 'ਦੇਖਹੁ ਮਲਕ ! ਨ ਤੁਮਰੇ ਆਯੋ। ਖੱਤ੍ਰੀ ਨਾਨਕ ਤਪਾ ਕਹਾਯੋ। ਤੁਮ ਤੇ ਅਧਿਕ ਆਪ ਕੋ ਜਾਨਾ। ਅਚਯੋ ਅਹਾਰ ਨ ਤੁਮ ਘਰ ਆਨਾ[੧੧] ॥੧੭॥ ਆਂਖ ਤਰੈ ਨਹਿਂ ਆਨਤਿ ਕਾਹੂ[੧੨]। ਤਜੀ ਰੀਤਿ, ਪਗ ਧਰਤਿ ਕੁਰਾਹੂ। ਸ਼ੂਦਰ ਕੇ ਘਰ ਭੋਜਨ ਕਰਿਹੀ। ਆਵਾ ਇਹਾਂ ਨ ਉਰ ਮਹਿਂ ਡਰਿਹੀ' ॥ ੧੯ ॥ ਦੋਹਰਾ ॥ ਸੁਨਿ ਭਾਗੋ ਪੁਨ[੧੩] ਬੂਝਹੀ[੧੪] 'ਦਯੋ ਅਮੰਤ੍ਰੁ ਕਿ ਨਾਂਹਿ?'। ਕਹਿ ਦਿਜ 'ਕੀਨਿ ਤਗੀਦ ਮੈਂ ਬਹੁਤ ਬਾਰਬਚ[੧੫] ਪ੍ਰਾਹਿ[੧੬]' ॥੧੯॥ ਚੌਪਈ ॥ ਸੁਨਤਿ ਮਲਕ ਮਨ ਕ੍ਰੋਧਹਿ ਆਯੋ। ਮਨਹੁ ਸਿੰਘ ਪਰ[੧੭] ਮਸ਼ਕ[੧੮] ਰਿਸਾਯੋ[੧੯]। 'ਜਾਵਹੁ ਦਿਜ ! ਤਿਹ ਆਨਿ ਬੁਲਾਈ। ਦੇਖਿ ਲੇਹਿਂ ਤਿਨ ਕੀ ਮਨੁਸ਼ਾਈ[੨੦] ॥ ੨੦॥ ਕੇਤਿਕ ਜੋਰ ਐਂਠ[੨੧] ਸੋ ਕਰਿਹੀ। ਆਵਾ ਖਾਨਿ ਨ ਉਰ ਮਹਿਂ ਡਰਿਹੀ'। ਸੁਨਿ ਦਿਜ ਹਰਖਤਿ ਤੂਰਨ ਗਵਨਾ। ਹੁਤੋ ਜਹਾਂ ਲਾਲੋ ਕੋ ਭਵਨਾ ॥੨੧॥ ਦਰ[੨੨] ਠਾਂਢੋ ਊਚੋ ਬਚ ਪ੍ਰਾਹੀ[੨੩]। 'ਲਾਲੋ ! ਨਾਨਕ ਤਪਾ ਇਹਾਂਹੀ ?'। ਕਹਿ ਲਾਲੋ 'ਬੈਸੇ ਹੈਂ ਅੰਤਰ। ਕਾਜ ਕੌਨ ਤੋਂ ? ਕਹੋ ਨਿਰੰਤਰ[੨੪]' ॥੨੨॥ ਦੋਹਰਾ ॥ ਕਹਿ ਦਿਜ 'ਪਠਵਹੁ ਵਹਿਰ ਕੋ', ਸ਼੍ਰੀ ਗੁਰੂ ਆਪੇ ਆਇ। 'ਕਯਾ ਪਾਧਾ ਤੁਮ ਕਹਤਿ ਹੋ ਕਾਰਜ ਦੇਹੁ ਸੁਨਾਇ ?'।

---

[੧]ਖਾਣਾ ਕੀਤਾ। [੨]ਛਲੀਆ। [੩]ਪਾਪ। [੪]ਘਰ। [੫]ਬਨ ਵਿੱਚ। [੬]ਟਿਕੇ। [੭]ਉਸ ਬ੍ਰਾਹਮਣ ਨੇ। [੮]ਚੁਗਲੀ। [੯]ਈਰਖਾ। [੧੦]ਦੋਸ਼ ਲਗਾਉਣ ਤੇ ਚੁਗਲੀ ਕਰਨ ਵਿਚ। [੧੧]ਆਕੇ। [੧੨]ਲਿਆਉਂਦਾ ਨਹੀਂ ਕਿਸੇ ਨੂੰ। [੧੩]ਫੇਰ। [੧੪]ਪੁੱਛਿਆ [੧੫]ਬਚਨ। [੧੬]ਆਖਕੇ। [੧੭]ਸ਼ੇਰ ਉੱਤੇ। [੧੮]ਮੱਛਰ। [੧੯]ਗੁੱਸੇ ਹੋਇਆ। [੨੦]ਮਰਦਾਨਗੀ, ਪ੍ਰਾਕ੍ਰਮ। (ਅ) ਮਰਜ਼ੀ। [੨੧]ਆਕੜ। [੨੨]ਦਰਵਾਜੇ ਤੇ। [੨੩]ਅਵਾਜ਼ ਦਿੱਤੀ। [੨੪]ਪੜਦੇ ਬਿਨਾਂ।

*ਪਾ:—ਅਨਿਕ।

॥੨੩॥ ਚੌਪਈ॥ 'ਚਲਿਯੇ ਤੂਰਨ ਮਲਕ ਬੁਲਾਵੈ। ਨਤੁ[੧] ਮਾਨਵ ਕੋ ਅਵਰ ਪਠਾਵੈ[੨]'। ਬੋਲੇ ਸ੍ਰੀ ਗੁਰੁ ਸਭਿ ਸੁਖਧਾਮਾ[੩]। 'ਮਲਕ ਸੰਗ ਕ੍ਯਾ ਹਮਰੋ ਕਾਮਾ ॥ ੨੪ ॥ ਕੌਨ ਮਲਕ ? ਹੈਂ ਜਾਨਤਿ ਨਾਂਹੀ। ਕਬਿ ਨ ਬਿਲੋਕਯੋ ਕਹਾਂ ਬਸਾਹੀ[੪]। ਲੈਨਿ ਦੇਨਿ ਕੋ ਕਾਜ ਨ ਕੋਊ। ਕਿਉਂ ਆਇਸ ਕਰਿ ਭੇਜਤਿ ਸੋਊ'॥੨੫॥ ਹਟਿ ਦੂਜੀ ਦੂਤੀ[੫] ਦ੍ਵਿਜ[੬] ਕੀਨੀ। ਭੇਵ ਨ ਸਮਝਹਿ ਜਿਹ ਮਤਿ ਹੀਨੀ। 'ਸੁਨਹੁ ਮਲਕ! ਜੋ ਆਇਸ ਤੋਰੀ। ਰਿਦੇ ਨ ਆਨਤਿ, ਦੀਨ ਬਹੋਰੀ[੭]' ॥੨੬ ॥ ਦੋਹਰਾ ॥ ਕਹੈ,–ਨ ਜਾਨੋਂ ਮਲਕ ਮੈਂ, ਕੋ ਹੈ ਕਹਾਂ ਬਸਾਇ?–। ਵਡੋ ਢੀਠ ਨਿਸ਼ਠੁਰ[੮] ਬਚਨ ਤੁਮ ਕੋ ਕਹੇ ਬਨਾਇ ॥੨੭॥ ਚੌਪਈ ॥ ਨਹੀਂ ਬੁਲਾਯੋ ਇਹ ਠਾਂ ਆਵੈ। ਕਰਹੁ ਅਬਹਿ ਜਿਉਂ ਹਿਰਦੈ ਭਾਵੈ। ਤਵ ਭੋਜਨ ਕੀ ਕਰਿ ਹੈ ਨਿੰਦਾ। ਖਾਵਹਿ ਘਰ ਸ਼ੂਦਰ ਜੋ ਮੰਦਾ ॥੨੮॥ ਖੱਤ੍ਰੀ ਜਾਤਿ ਨ ਲੱਜਾ ਕਰਿਈ।ਲੋਕ ਰੀਤਿ ਉਰ ਤੇ ਪਰਿਹਰਿਈ[੯]'। ਆਗੈ ਪਾਵਕ ਰੋਸ ਬਹੂਤੀ[੧੦]। ਬਚਨ ਘ੍ਰਿਤ ਜਨੁ ਦੀਨਿ ਅਹੂਤੀ[੧੧]॥੨੯॥ ਅਰੁਨਬੇਖ[੧੨] ਕਰਿ ਮਲਕ ਅਲਾਵੈ[੧੩]। 'ਅਬਹਿ ਬੁਲਾਇ, ਜੇ ਨਹਿਂ ਆਵੈ। ਬਹੁ ਨਰ ਜਾਵਹੁ ਗਹਿ ਆਨੀਜੈ[੧੪]*। ਦ੍ਵਿਜ ਕੇ ਸੰਗ, ਬਿਲਮ ਨਹਿਂ ਕੀਜੈ' ॥੩੦॥ ਦੋਹਰਾ॥ਲੇਕਰਿ ਪਾਂਚ ਕ[੧੫] ਮਨੁਜ ਪੁਨ ਦ੍ਵਿਜ ਤਬ ਗਯੋ ਰਿਸਾਇ। ਊਚੇ ਬਚਨ ਉਚਾਰਿ ਕੈ ਨਾਨਕ ਲਏ ਬੁਲਾਇ ॥ ੩੧ ॥ ਚੌਪਈ ॥ 'ਮਲਕ ਰੋਸ ਤੁਝ ਪਰ ਬਹੁ ਕੀਨੋ। ਚਲਹੁ ਸੰਗ ਭਲਿ ਬਿਧਿ[੧੬] ਮਨ ਚੀਨੋ[੧੭]। ਨਾਤੁਰ ਤੁਮ ਕੋ ਗਹਿ ਲੇਜਾਵਹਿਂ। ਹੇਰਹੁ ਨਰ[੧੮], ਨਹਿਂ ਬਿਲਮ ਲਗਾਵਹਿਂ[੧੯]'॥੩੨॥ ਬਿਗਸੇ[੨੦] ਸ੍ਰੀ ਪ੍ਰਭੁ ਸੁਨਿ ਬਚ ਐਸਾ।ਚਲੇ ਸੰਗ ਜਹਿਂ ਭਾਗੋ ਬੈਸਾ।ਮਤਿ ਮੰਦਨ ਕੋ ਲੱਜਤਿ ਕਰਨੇ।ਸਰਬ ਗਰਬ ਤਿੰਹ ਉਰ ਕੋ ਹਰਨੇ[੨੧] ॥ ੩੩ ॥ ਸ੍ਰੀ ਗੁਰੁ ਗਵਨੇ ਜਾਇਂ[੨੨] ਅਗਾਰੀ[੨੩]। ਲਾਲੋ ਚਲ੍ਯੋ ਸਸ਼ੰਕ[੨੪] ਪਿਛਾਰੀ[੨੫]। ਦ੍ਵਿਜ ਅਰ ਮਨੁਜ ਜਾਹਿਂ ਸੰਗ ਲਾਗੇ। ਪਗ ਨਹਿਂ ਲਾਗਹਿਂ

[੧]ਨਹੀਂ ਤਾਂ। [੨]ਭੇਜੇਗਾ। [੩]ਸਾਰੇ ਸੁਖਾਂ ਦੇ ਘਰ। [੪]ਕਿੱਥੇ ਵਸਦਾ ਹੈ। [੫]ਦੁਗਲੀ। [੬]ਬ੍ਰਾਹਮਣ ਨੇ [੭]ਮੋੜ ਦਿੱਤੀ ਹੈ। [੮]ਕਠੋਰ। [੯]ਛਡ ਦਿੱਤੀ ਹੈ। [੧੦]ਗੁੱਸਾ ਰੂਪੀ ਅਗਨੀ ਬਹੁਤੀ ਸੀ। [੧੧](ਚੁਗਲੀ ਦੇ ਵਾਕ ਘਿਓ ਦੀ ਅਹੂਤੀ ਮਿਲ ਗਏ। [੧੨]ਲਾਲ ਸਰੂਪ (ਚਿਹਰਾ)। [੧੩]ਕਿਹਾ। [੧੪]ਫੜ ਲਿਆਓ। [੧੫]ਪੰਜ। [੧੬]ਵੰਗੀ ਤਰ੍ਹਾਂ। [੧੭]ਸਮਝ ਲਓ। [੧੮]ਵੇਖਦੇ ਹੋ ਮਨੁਖ। [੧੯]ਇਹ ਦੇਰ ਨਹੀਂ ਲਾਣਗੇ। [੨੦]ਹੱਸੇ। [੨੧]ਦੂਰ ਕਰਨ ਲਈ। [੨੨]ਟੁਰੇ ਜਾਂਦੇ ਹਨ। [੨੩]ਅੱਗੇ। [੨੪]ਸੰਸੇ ਨਾਲ, ਡਰਦਾ ਹੋਯਾ। [੨੫]ਪਿੱਛੇ।

*ਪਾ:–ਬਹੁਰ ਨ ਆਵੈ ਗਹਿ ਆਨੀਜੈ।

ਦੁਸ਼ਟ ਅਭਾਗੋ[੧] ॥੩੪॥ ਦੋਹਰਾ ॥ ਸੁਨੀ ਨਗਰ ਮਹਿ ਜਹਿ ਤਹਾਂ–ਸ਼੍ਰੀ ਗੁਰੂ ਗਹਿ ਮੰਗਵਾਇ–। ਧਾਇ ਧਾਇ ਹਿਤ ਹੇਰਨੇ ਸੰਗ[੨] ਚਲੇ ਸਭਿ ਜਾਇਂ ॥੩੫॥ ਚੌਪਈ ॥ ਜਾਇ ਮਲਕ ਢਿਗ, ਬਚਨ ਅਲਾਯੋ । 'ਅਬ ਨਾਨਕ ਤੁਮਰੇ ਪਹਿ ਆਯੋ' । ਮਲਕ ਕਹੈ 'ਆਨਹੁ ਮਮ ਪਾਸਾ' । ਸ਼੍ਰੀ ਗੁਰੁ ਅੰਤਰ ਗਏ ਅਵਾਸਾ[੩]॥੩੬॥ ਕਹਯੋ ਜਾਇ 'ਮੁਝ ਕਿਉਂ ਬੁਲਿਵਾਯੋ ? ਬਾਰ ਬਾਰ ਨਿਜ ਮਨੁਜ ਪਠਾਯੋ । ਕੌਨ ਕਾਜ ਤੇਰੋ ਮਮ ਸੰਗਾ ?। ਭੇਜਹਿਂ ਆਇਸ ਹੋਇ ਨਿਸੰਗਾ' ॥ ੩੭ ॥ ਸੁਨਿ ਕਰਿ ਭਾਗੋ ਬਚਨ ਅਲਾਯੋ । 'ਬ੍ਰਹਮ ਭੋਜ ਮਮ[੪] ਕਿਉਂ ਨਹਿਂ ਆਯੋ ?। ਦਿਜ ਨੈ ਤੁਝੈ ਅਮੰਤ੍ਰ ਦੀਨੋ[੫]। ਆਨਿ ਅਹਾਰ ਨ ਖਾਵਨ ਕੀਨੋ ॥ ੩੮ ॥ ਬ੍ਰਹਮਭੋਜ ਮੈਂ ਦੋਖੁ ਕਵਨਾ ?। ਜਿਹ ਪਿਖਿ ਨਹਿਂ ਆਵਾ ਮੁਝ ਭਵਨਾ' ।[੬]'ਹਮ ਫਕੀਰ ਸਭਿ ਤੇ ਸੁ ਬਿਦਾਵੈ[੭]' । ਜਹਿਂ ਗੁਜਰੈ ਤਹਿਂ ਹੀ ਗੁਜਰਾਵੈਂ ॥ ੩੯ ॥ ਦੋਹਰਾ ॥ ਜਹਾਂ ਬਨੀ ਅਚਵੀ[੮] ਤਹੀਂ ਲਾਲਚ ਅਚਵਨ ਨਾਂਹਿ। ਜੈਸੇ ਦੇਵਹਿ ਆਨਿ ਕੋ ਉਰ ਕਰਿ ਹਰਖ ਸੁ ਖਾਂਹਿ' ॥ ੪੦ ॥ ਚੌਪਈ ॥ ਸੁਨਿ ਕਰਿ ਮਲਕ ਕਹੈ ਰਿਸ ਬੈਨਾ । 'ਭਾ ਬਿਪਰੀਤਿ[੯], ਰਿਦੇ ਤੁਝ ਭੈ ਨਾ । ਸੁਨੀ ਹਮਹਿਂ ਤਵ ਖੱਤ੍ਰੀ ਜਾਤਾ । ਸ਼ੂਦ੍ਰਨ ਸਦਨ ਅਸਨ[੧੦] ਨਿਤ ਖਾਤਾ॥੪੧॥ਤਪਾ ਰਖਾਯੋ ਆਖਯ ਤੋਹੀ[੧੧] । ਦੇਖਤਿ ਹੀ ਰਿਸ ਉਪਜਹਿ ਮੋਹੀ । ਬ੍ਰਹਮਭੋਜ ਕੋ ਨਾਮ ਰਖੇਈ[੧੨] । ਅੰਨ ਪਾਕ[੧੩] ਘਰ ਨੀਚ[੧੪] ਅਚੇਈ[੧੫] ॥੪੨॥ ਰਹੇ ਬੁਲਾਇ, ਨ ਹਮ ਘਰ ਆਵਾ । ਕਿਹ ਕੋ ਕਹਨਿ ਨ ਮਨ ਮਹਿਂ ਲਜਾਵਾ । ਦਿਜ, ਖੱਤ੍ਰੀ, ਬੈਸਨ ਸਭਿ ਖਾਯੋ । ਸੋ ਨਹਿਂ ਇਹ ਕੇ ਹਿਰਦੇ ਭਾਯੋ' ॥ ੪੩ ॥ ਦੋਹਰਾ ॥ ਸੁਨਿ ਸ਼੍ਰੋਨਨ ਸ਼੍ਰੀ ਗੁਰੂ ਭਨੈ 'ਆਨਹੁ[੧੬] ਅਬਹਿ ਅਹਾਰ । ਬ੍ਰਹਮ ਭੋਜ ਮਹਿਂ ਜੋ ਕਰਯੋ, ਰਹੇ ਨ ਚਾਹਿ ਤੁਮਾਰ' ॥ ੪੪ ॥ ਚੌਪਈ ॥ ਤਿਹ ਸੋਂ ਕਹਿ, ਲਾਲੋ ਸੋਂ ਭਾਖਾ[੧੭] । 'ਆਨਹੁ ਅਸਨ[੧੮] ਹੋਇ ਕੁਛ ਰਾਖਾ' । ਲਾਲੋ ਨਿਜ ਘਰ ਆਵਾ ਦੌਰਾ । ਲੀਨ ਕੋਧਰੇ ਕੋ ਟੂਕ[੧੯] ਟੋਰਾ[੨੦] ॥ ੪੫ ॥ ਮਲਕ ਅਸਨ ਸੰਨਿਗਧ[੨੧]

---

[੧]ਅਭਾਗਾ ਚਰਨੀ ਨਹੀਂ ਲਗਦੇ (ਗੁਰੂ ਜੀ ਦੇ) । [੨]ਨਾਲ । [੩]ਘਰ ਦੇ ਅੰਦਰ ਗਏ। [੪]ਮੇਰੇ ਤੇ । [੫]ਨੇਉਂਦਾ ਦਿੱਤਾ ਸੀ । [੬]ਗੁਰੂ ਜੀ ਬੋਲੇ । [੭]ਦਾਵਾ ਨਹੀਂ ਰਖਦੇ (ਕਿਸੇ ਨਾਲ) । [੮]ਛਕ ਲਈ । [੯]ਉਲਟ । [੧੦]ਭੋਜਨ । [੧੧]ਨਾਮ ਆਪਣਾ । [੧੨]ਨਾਮ ਧਰਨਾ=ਐਬ ਲਾਣਾ । [੧੩]ਰਸੋਈ ਦਾ । [੧੪]ਨੀਚ ਦੇ ਘਰ ਦਾ । [੧੫]ਛਕਦਾ ਹੈਂ । [੧੬]ਲਿਆਓ । [੧੭]ਕਿਹਾ । [੧੮]ਭੋਜਨ । [੧੯]ਟੁੱਕਰ । [੨੦]ਟੋਲਕੇ (ਅ) ਟੁਕਰ ਟੋਰ । [੨੧]ਘਿਉ ਵਾਲਾ ।

ਮੰਗਾਵਾ। ਬ੍ਰਹਮਭੋਜ ਮਹਿਂ ਜੋ ਕਰਿਵਾਵਾ। ਪੂਪ[੧] ਪੂਰਿਕਾ[੨] ਬਹੁਰ ਤਿਹਾਵਲ[੩] । ਬਿਬਿਧ[੪] ਅਹਾਰ ਮੰਗਾਇ ਉਤਾਵਲ[੫] ॥ ੪੬ ॥ ਆਗੇ ਸ੍ਰੀ ਨਾਨਕ ਕੇ ਰਾਖੇ। 'ਖਾਹੁ ਚਾਹੁ ਸੋਂ'[੭] ਇਉਂ ਮੁਖ ਭਾਖੇ[੬]। ਲਾਲੋ ਕੀ ਦਿਸ਼ਿ ਦੇਖਿ ਦਯਾਲਾ। ਲੀਨਿ ਕੋਧਰੇ ਟੁਕ ਤਤਕਾਲਾ ॥ ੪੭ ॥ ਦੋਹਰਾ ॥ ਬਾਂਵੇਂ-ਕਰ[੭] ਮਹਿਂ ਪੂਪ[੮] ਲੈ ਦਾਹਨ[੯] ਟੁਕਰਾ ਧਾਰਿ। ਹਾਥ ਝਪੀੜੇ ਜੁਗਲ[੧੦] ਜਬ ਹੇਰਤਿ ਲੋਕ ਅਪਾਰ ॥੪੮॥ ਚੌਪਈ ॥ ਦੁਹੂੰ ਹਾਥ ਤੇ ਨਿਕਸੀ ਧਾਰਾ। ਬਹੁ ਲੋਕਨ ਕੀ ਸਭਾ ਮਝਾਰਾ।ਇਕ ਤੇ ਦੂਧ,ਰਕਤ[੧੧] ਇਕ[੧੨] ਨਿਸਰੀ[੧੩]। ਗੰਗ[੧੪] ਸਰਸੁਤੀ[੧੫] ਸੀ ਤਹਿਂ ਪਸਰੀ[੧੬] ॥ ੪੯ ॥ ਇਕ ਦਿਸ ਦੂਧ ਪਰਤਿ ਧਰ ਮਾਂਹੀ। ਇਕ ਦਿਸ ਸ੍ਰੋਣਿਤ[੧੭] ਨਿਚੁਰਤਿ ਤਾਂਹੀ। ਹਾਥ ਝਪੀੜਹਿਂ ਸ੍ਰੀ ਗੁਰੁ ਜਿਉਂ ਜਿਉਂ। ਨਿਕਸਹਿ ਤਿਨ ਤੇ ਅਧਿਕਹਿ ਤਿਉਂ ਤਿਉਂ ॥ ੫੦ ॥ ਚੱਕ੍ਰਿਤ ਭਏ ਸਭਾ ਨਰ ਸਾਰੇ।–ਇਹ ਅਚਰਜ ਕਬਿ ਨਹੀਂ ਨਿਹਾਰੇ। ਅਸਨ ਵਿਖੈ ਤੇ ਰਕਤ[੧੭] ਨਿਕਾਸਾ[੧੮]। ਕੀਨੋ ਇਕ ਤੇ ਦੂਧ ਪ੍ਰਕਾਸ਼ਾ–॥ ੫੧ ॥ ਦੋਹਰਾ ॥ ਭੀਰ ਭੂਰ ਭੌਨੈ[੧੯] ਭਰਜੋ ਹੇਰਤਿ ਅਚਰਜ ਬਾਤ। ਕੋ ਬਿਧਿ ਸਮਝ ਨ ਆਵਈ, ਦੀਸਤਿ ਹੈ ਬਖਜਾਤ[੨੦] ॥ ੫੨ ॥ ਚੌਪਈ॥ ਸ੍ਰੀ ਗੁਰੁ ਧਰਮ ਮੂਲ ਸੋਂ ਸਾਨੀ[੨੧]। ਬੋਲੇ ਪਰਮ ਮਨੋਹਰ ਬਾਨੀ। 'ਬਹੁਤ ਨਰਨ ਕੋ ਸ੍ਰੋਣਤਿ[੨੨] ਲੀਨਾ। ਤਿਹਂ ਕੋ ਬ੍ਰਹਮ ਭੋਜ ਤੈਂ ਕੀਨਾ ॥ ੫੩ ॥ ਇਹ ਕੇ ਅਚਵਤ[੨੩] ਪੁੰਨ ਪਲਾਈ[੨੪] । ਕਲਿਮਲ ਸੋਂ[੨੫] ਧਨ ਕਿਯ ਇਕਠਾਈ[੨੬]। ਸੁਨਹੁ ਮਲਕ! ਜਿਹ ਕੋ ਸੁਧ ਨਾਂਹੀ। ਸੋ ਇਹ ਸ੍ਰੋਣਿਤ ਹਿਤ ਕਰਿ ਖ਼ਾਹੀ॥ ੫੪ ॥ ਤਪਿਯਨ ਤਪ ਛੀਜਹਿ[੨੭] ਇਹ ਖ਼ਾਏ। ਧਯਾਨੀ[੨੮] ਧਯਾਨ ਨ ਲਗਹਿ ਲਗਾਏ[੨੯]। ਖਾਵਤਿ ਮਨ ਕੋ ਕਰਤਿ ਮਲੀਨਾ। ਹਰਿ ਜਸੁ ਰੰਗ ਨ ਚਢਹਿ ਨਵੀਨਾ[੩੦] ॥ ੫੫ ॥ ਦੋਹਰਾ ॥ ਸੁਧ[੩੧] ਜਿਨ ਕੇ ਹਿਰਦੇ ਵਿਖੈ ਸੋ ਕਿਉਂ ਸ੍ਰੋਣਿਤ ਪੀਅ। ਪੁੰਨਹੀਨ[੩੨] ਨਿਜ[੩੩] ਕਿਉਂ

[੧]ਪੂੜੇ । [੨]ਪੂੜੀ । [੩]ਕੜਾਹ । [੪]ਤਰ੍ਹਾਂ ਤਰ੍ਹਾਂ ਦੇ । [੫]ਛੇਤੀ। [੬]ਕਿਹਾ । [੭]ਖੱਬੇ ਹੱਥ । [੮]ਪੂੜੇ। [੯]ਸੱਜੇ। [੧੦]ਦੋਵੇਂ । [੧੧]ਲਹੂ । [੧੨]ਇਕ ਤੋਂ। [੧੩]ਚੋਈ । [੧੪]ਗੰਗਾ ਚਿੱਟੀ ਹੈ । [੧੫]ਸਰਸੁਤੀ ਲਾਲ ਹੈ । [੧੬]ਫੈਲੀ, ਵੱਗੀ। [੧੭]ਲਹੂ । [੧੮]ਕਢਿਆ । [੧੯]ਘਰ । [੨੦]ਪ੍ਰਗਟ। [੨੧]ਮਿਲੀ ਹੋਈ । [੨੨]ਲਹੂ । [੨੩]ਛਕਿਆਂ । [੨੪]ਪੁੰਨ ਨਾਸ਼ ਹੁੰਦੇ ਹਨ । [੨੫]ਪਾਪਾਂ ਨਾਲ । [੨੬]ਇਕੱਠਾ ਕੀਤਾ ਹੈ । [੨੭]ਨਾਸ਼ ਹੁੰਦਾ ਹੈ । [੨੮]ਧਯਾਨੀਆਂ ਦਾ । [੨੯]ਲਾਯਾਂ ਨਹੀਂ ਲਗਦਾ । [੩੦]ਨਵਾਂ। [੩੧]ਖਬਰ ਹੈ । [੩੨]ਪੁੰਨ ਰਹਿਤ । [੩੩]ਆਪਨੂੰ ।

ਕਰੈਂ, ਸਮਝ ਦੇਖਿਯੇ ਹੀਯ[੧] ॥ ੫੬ ॥ ਚੌਪਈ ॥ ਅਸਨ ਬਿਲੋਕਹੁ ਸ਼ੂਦ੍ਰ ਧਾਮੂ[੨]। ਨਿਕਸਤਿ ਪੈ[੩] ਜਿਹਤੇ ਅਭਿਰਾਮੂ[੪]। ਬ੍ਰਹਮ ਭੋਜ ਹੋਵਤਿ ਨਿਤ ਇਨ ਕੇ। ਕਰੋਂ ਅਹਾਰ ਸਦਨ[੫] ਹੌਂ ਜਿਨ ਕੇ ॥ ੫੭ ॥ ਨਿਜ ਕਰ ਟਹਿਲ ਦਿਵਸ ਮਹਿਂ ਕਰਿਹੀ। ਬ੍ਰਿੱਤਿ[੬] ਨ ਕਲਿਮਲ[੭] ਕੀ ਉਰ ਧਰਿਹੀ। ਕਰਿ ਮਿਹਨਤ ਸੋਂ ਹਾਥ ਕਮਾਈ। ਬਹੁਰ ਅਥਿਤ ਕੋ ਦੇਯ ਤ ਖਾਈ* ॥ ੫੮ ॥ ਇਸ ਅਚਵੇ[੮] ਉਰ[੯] ਨਿਰਮਲ ਹੋਵਹਿ। ਜਨਮ ਜਨਮ ਮਲ ਜਲ ਸਮ ਧੋਵਹਿ। ਕਰਿ ਤੈਂ[੧੦] ਇਕਠੀ ਕਲਖੁ[੧੧] ਕਮਾਈ। ਕੀਰਤਿ[੧੨] ਕਾਰਣ[੧੩] ਨਰਨ[੧੪] ਖੁਵਾਈ ॥ ੫੯ ॥ ਪਾਪ ਛਪਾਵਤਿ ਨਿਜ ਮਨ ਮਾਂਹੀ। ਨਹਿਨ ਸੁਨਾਇ ਦਿਖਾਵਹਿਂ ਕਾਹੀ[੧੫]। ਕਿਕਰ ਬੀਜ ਜਿਉਂ ਧਰਤਿ ਮਝਾਰੀ। ਉਗ[੧੬] ਲਗਿ[੧੭] ਕੰਟਕ[੧੮], ਦੇਂ ਦੁਖਭਾਰੀ ॥੬੦॥ ਇਹ ਜੁ ਪੁੰਨ ਕਰਿ ਸਭਿਨਿ ਦਿਖਾਵਾ। ਸੁਜਸ ਪਾਇ ਹਿਰਦੇ ਗਰਬਾਵਾ[੧੯]। ਧਰਤਿ ਵਹਿਰ ਜਿਉਂ ਬੀਜ ਰਸਾਲਾ[੨੦]। ਉਗਹਿ ਨ, ਕਿਉਂ ਫਲ ਦੇਹਿ ਬਿਸਾਲਾ[੨੧] ॥ ੬੧ ॥ ਹੁਇ ਜੁ ਛਪਾਯੋ ਉਗਵਹਿ ਸੋਊ। ਯਹੀ ਰੀਤਿ ਜਾਨਹਿ ਸਭਿ ਕੋਊ। ਤੁਝਕੋ ਹ੍ਵੈ ਦੋਨੋ ਬਿਪਰੀਤਾ। ਤਬ ਜਾਨਹੁ ਜਬ ਦੇ ਜਮ ਭੀਤਾ[੨੨] ॥ ੬੨ ॥ ਦੋਹਰਾ ॥ ਮਹਿਮਾ ਪਾਵਕ[੨੩] ਸੀ ਨਿਰਖਿ[੨੪], ਨਿਜ ਮਨ ਕਰਿ ਲਘੁ ਦਾਰ[੨੫]। ਜਰਬਰਿ[੨੬] ਕੇ ਜਢ[੨੭] ਭਸਮ ਭਾ[੨੮] ਸਮਝਤਿ ਨਹੀਂ ਗਵਾਰ ॥ ੬੩ ॥ ਬਹੁਰੋ ਬਚਨ ਘ੍ਰਿੱਤ ਕੇ ਪਰਸੇ। ਪਾਵਕ[੨੯] ਭਯੋ ਜਾਂਹਿ ਤੇ ਸਰਸੇ[੩੦]। ਉਰ ਮਹਿਂ ਰਿਸਿ[੩੧] ਅਤਿ ਕਛੁ ਨ ਬਸਾਈ[੩੨]। ਲੱਜਤਿ ਹੋ ਕਰਿ ਗ੍ਰੀਵ ਨਿਵਾਈ ॥ ੬੪ ॥ ਬੋਲ ਨ ਆਵ ਬਿਕੁਲ ਸਾ ਭਯੋ। ਜਿਉਂ ਕਿਰਪਨ ਕਾ ਧਨ ਕਿਤਿ ਗਯੋ। ਕਿਧੌਂ ਜੂਪ ਮੈਂ[੩੩] ਦਰਬ ਹਿਰਾਯੋ। ਚੋਰਜਾਰਿ ਜਿਉਂ ਬੋਲ ਨ ਆਯੋ ॥੬੫॥ ਊਚ ਨੀਚ ਹੇਰਹਿਂ ਨਰ ਠਾਂਢੇ। ਚਿਤ ਮਹਿਂ

[੧]ਦਿਲ ਵਿਚ। [੨]ਸ਼ੂਦਰ ਦੇ ਘਰ ਦਾ। [੩]ਦੁੱਧ। [੪]ਸੁੰਦਰ। [੫]ਘਰ। [੬]ਉਪਜੀਵਕਾ। [੭]ਪਾਪਾਂ ਦੀ। [੮]ਖਾਧੇ। [੯]ਰਿਦਾ। [੧੦](ਪਰ) ਤੂੰ ਕਰਕੇ। [੧੧]ਪਾਪਾਂ ਦੀ। [੧੨.੧੩](ਅਪਨੀ) ਮਹਿਮਾਂ ਵਾਸਤੇ। [੧੪]ਮਨੁਖਾਂ ਨੂੰ। [੧੫]ਕਿਸੇ ਨੂੰ। [੧੬]ਉਗਿਆਂ। [੧੭]ਲੱਗਣਗੇ। [੧੮]ਕੰਡੇ। [੧੯]ਹੰਕਾਰ ਕੀਤਾ। [੨੦]ਧਰਤੀ ਦੇ ਬਾਹਰ (ਉਤੇ ਰਖਿਆਂ) ਸੁਹਣਾ ਬੀਜ ਬੀ ਨਹੀਂ ਉਗਦਾ। [੨੧]ਬਹੁਤਾ ਫਲ ਕੀਕੂੰ ਦੇਵੇਗਾ। [੨੨]ਡਰ। [੨੩]ਅੱਗ ਵਰਗੀ, ਤੇਜਮਯ। [੨੪]ਵੇਖਕੇ। [੨੫]ਛੋਟੀ ਲਕੜੀ ਕਰਕੇ। [੨੬]ਸੜ ਬਲ। [੨੭]ਮੂਰਖ। [੨੮]ਸੁਆਹ ਹੋਗਿਆ। [੨੯]ਅੱਗ। [੩੦]ਵੱਧ। [੩੧]ਗੁੱਸਾ। [੩੨](ਪਰ) ਪੇਸ਼ ਨਹੀਂ ਜਾਂਦੀ। [੩੩]ਜੂਏ ਵਿਚ।

*ਪਾ:—ਦੇਤ ਖਵਾਈ।

ਅਧਿਕ ਬਿਸਮਤਾ ਬਾਢੋ[੧]। ਸ੍ਰੀ ਨਾਨਕ ਉਠਿ ਬਾਹਰ ਆਏ। ਮਨਹੁ ਗ੍ਯਾਨ ਕੋ ਤਰਨਿ ਸੁਹਾਏ[੨] ॥ ੬੬ ॥ ਦੋਹਰਾ ॥ ਲਾਲੋ ਜਿਨਕੇ ਸੰਗ ਹੈ ਅੰਗ ਉਮੰਗਤਿ[੩] ਭਾ ਜੁ[੪]। ਰਦਨ[੫] ਕੁੰਦ[੬] ਕਰੁਨਾ ਸਦਨ ਬਦਨ[੭] ਸੁ ਉਡਗਨ ਰਾਜ[੮] ॥ ੬੭ ॥ ਚੌਪਈ ॥ ਆਨਿ ਸਦਨ ਮਹਿਂ ਪ੍ਰਭੁ ਬਿਰਾਜੇ। ਜਿਹ ਕੀ ਕਰੁਨਾ ਯਮ ਦੁਖ ਭਾਗੇ। ਪੁਰਿ ਮਹਿਂ ਬਿਸਤਰਯੋ[੯] ਬਿਰਤਾਂਤਾ। ਮਿਲਿ ਮਿਲਿ ਕਰਹਿਂ ਪਰਸਪਰ ਬਾਤਾ ॥ ੬੮ ॥ ਮਲਕ ਭਯੋ ਲੱਜਤਿ ਮਨ ਮਾਨੀ[੧੦]। ਗਿਰਾ ਨ ਸਨਮੁਖ ਕਛੂ ਬਖਾਨੀ। ਜੋ ਨਰ ਹੁਤੇ ਚਤੁਰ ਮਤਿਵਾਨਾ । ਮਾਨੀ ਮਹਿਂਮਾ ਮਨਹਿਂ[੧੧] ਮਹਾਨਾ ॥ ੬੯ ॥ ਜਿਹਠਾਂ ਮਿਲਹਿਂ ਕਰਹਿਂ ਪਦ ਬੰਦਨ[੧੨]। ਜਿਸ ਦਰਸ਼ਨ ਤ੍ਰੈ ਤਾਪ ਨਿਕੰਦਨ। ਲਖ੍ਯੋ ਸੁ ਕਲਾਵਾਨ ਇਹ ਕੇਈ[੧੩]। ਨਿੰਦਾ ਯਾਂਕੀ ਬਹੁ ਦੁਖ ਦੇਈ ॥ ੭੦ ॥ ਸੰਤ ਲੋਕ ਸ਼ੁਭ ਮਤੋ ਨਿਰਾਲਾ । ਜਿਹ ਮਹਿਂ ਅਜ਼ਮਤਿ[੧੪] ਅਜਿਤ[੧੫]ਬਿਸਾਲਾ। ਜੇ ਮਤਿਮੰਦ ਮੂਢ ਅਗ੍ਯਾਨੀ। ਤਿਨਹਿਂ ਨ ਮਹਿਮਾ ਕਛੁ ਪਛਾਨੀ ॥੭੧॥ ਜਿਉਂ ਚਿੰਤਾਮਨਿ ਕਪਿਕਰ[੧੬]ਆਈ। ਨਹਿਂ ਜਾਨਹਿ ਤਿਹ ਕੀਮਤਿ ਕਾਈ*। ਕਹਹਿ 'ਕਿ ਨਦਰਬੰਦ ਸਾ ਕੀਨਾ[੧੭]। ਜਾਨਜੋ ਗਯੋ ਨ ਕਜਾ ਕਰਿ ਦੀਨਾ' ॥੭੨॥ ਦੋਹਰਾ ॥ ਮਲਕ ਮੰਦਮਤਿ ਮੂਢ ਮਨ ਕਲਿਮਲ[੧੮] ਬਲਿਤ[੧੯] ਮਲੀਨ। ਮਹਿਮਾ ਮਾਨਿ ਨ ਪਦ ਪਰਸੋ, ਬਹੁਰੋ ਮਤਸਰ ਕੀਨਿ ॥੭੩॥ ਚੌਪਈ ॥ ਰਿਦੈ ਵਿਚਾਰਹਿ ਅਸ ਅਗ੍ਯਾਨਾ।–ਬੈਰ ਲੇਉਂ ਤੌ ਸੁਖ ਮਮ ਪ੍ਰਾਨਾ। ਲੱਜਤਿ ਕੀਨੋ ਮੁਹਿ[੨੦] ਬਹੁ ਮਾਂਹੀ। ਖ਼ਾਨ[੨੧] ਨਿਕਟਿ ਗਹਿਵਾਵੋਂ[੨੨]ਤਾਂਹੀ[੨੩]–॥੭੪ ॥ ਜਿਹਤੇ ਦੁਖ ਪਾਵਹਿ ਜਢ ਸੋਊ। ਕਰਤਿ[੨੪] ਉਪਾਵ ਲੋਕ ਯੁਗ[੨੫] ਖੋਊ[੨੬]। ਭੋਰ ਭਈ ਤਜਿ ਭੌਨ ਪਧਾਰਾ। ਗਯੋ ਖ਼ਾਨ ਕੀ ਸਭਾ ਮਝਾਰਾ ॥ ੭੫ ॥ ਇਕ ਤਿਹਂ[੨੭] ਤਾਤ[੨੮] ਤਰੁਨ[੨੯]

---

[੧]ਵਧੀ। [੨]ਗ੍ਯਾਨ ਦਾ ਸੂਰਜ ਸ਼ੋਭ ਰਹੇ ਹਨ। [੩]ਅੰਗਾਂ ਵਿਚ ਉਤਸਾਹੀ। [੪]ਹੋਇਆ ਹੈ ਜੇਹੜਾ। [੫]ਦੰਦ। [੬]ਮਰਤਬਾਨ ਦੇ ਫੁਲ ਵਤ। [੭]ਮੁਖੜਾ। [੮]ਚੰਦ੍ਰਮਾਂ (ਵਰਗਾ ਹੈ)। [੯]ਫੈਲ ਗਿਆ । [੧੦]ਮਨ ਦਾ ਹੰਕਾਰੀ (ਸੀ ਮਲਕ) । [੧੧]ਮਨ ਵਿਚ। [੧੨]ਨਮਸਕਾਰ । [੧੩]ਕੋਈਆਂ ਨੇ। [੧੪]ਕਰਾਮਾਤ। [੧੫]ਨਾ ਜਿੱਤੀ ਜਾਣ ਵਾਲੀ । [੧੬]ਬੰਦਰ ਦੇ ਹੱਥ । [੧੭](ਗੁਰੂ ਜੀ ਨੇ) ਨਜ਼ਰ ਏਨ੍ਹ ਦਿਤੀ ਸੀ। [੧੮]ਪਾਪਾਂ ਨਾਲ । [੧੯]ਵੇੜ੍ਹਿਆ । [੨੦]ਮੈਨੂੰ । [੨੧]ਹਾਕਮ ਤੋਂ । [੨੨]ਫੜਵਾਵਾਂਗਾ । [੨੩]ਇਸਨੂੰ । [੨੪]ਕਰਦਾ ਹੈ । [੨੫]ਦੋਵੇਂ ਲੋਕ। [੨੬]ਗੁਵਾਏ ਜਾਣ ਦੇ। [੨੭]ਉਸ (ਖਾਨ) ਦਾ। [੨੮]ਪੁਤ੍ਰ ਸੀ। [੨੯]ਜੁਵਾਨ।

*ਪਾ:–ਭਾਈ।

ਜਿਹ ਬੈਸਾ[੧]। ਭਯੋ ਆਮ[੨] ਮੈਂ ਮ੍ਰਿਤਕ[੩] ਜੈਸਾ। ਕਰਿ ਉਪਚਾਰ[੪] ਥਕੇ ਸਮੁਦਾਈ[੫]। ਤਿਹ ਕੋ ਰੋਗ ਨ ਸਕੇ ਗਵਾਈ ॥ ੭੬ ॥ ਦੋਹਰਾ ॥ ਮਲਕ ਨਿਕਟਿ[੬] ਬੂਝਯੋ[੭] ਨ੍ਰਿਪਤਿ[੮] 'ਸੁਤ ਨਹਿਂ ਹੋਇ ਅਰਾਮ। ਕੋ ਉਪਚਾਰ ਨ ਲਾਗਈ ਕਰੌਂ ਕੌਨ ਅਬ ਕਾਮ?॥ ੭੭ ॥ ਚੌਪਈ ॥ ਭੇਖਜ[੯] ਨਾਨਾ ਭਾਂਤਿ ਕਰਾਇ। ਗੌਂਸ ਪੀਰ ਮੈਂ ਸਭੈ ਮਨਾਇ। ਜੋ ਬਿਧਿ ਮੁਝ ਕਿਨ ਆਨਿ ਬਖਾਨੀ। ਸੋ ਮੈਂ ਕਰੀ ਰਿਦੈ ਪਰਮਾਨੀ[੧੦]' ॥੭੮॥ ਸੁਨਿ ਕਰਿ ਭਾਗੋ ਮਨ ਮਹਿਂ ਗੁਨਿਯਾ।–ਜੋ ਚਾਹਤਿ ਸੋ ਕਾਰਜ ਬਨਿਯਾ–। ਬੋਲਯੋ ਦੁਸ਼ਟ ਮੰਦ-ਮਤਿ ਮਾਨੀ[੧੧]। ਜਿਹ ਤੇ ਨਰਕ ਪਾਇ[੧੨] ਦੁਖ ਖਾਨੀ॥੭੯॥'ਗਹੋ ਫਕੀਰ ਕਾਮਲਹਿ ਕੋਊ। ਤੁਮਸੁਤ ਬੇਦਨ[੧੩]ਖੋਵਹਿ ਸੋਊ। ਤਿਨ ਬਿਨ ਰੁਜ ਤਨੁ[੧੪] ਜਾਇ ਨ ਕੈਸੇ। ਨਿਜ ਭੁਜ ਬਲ ਬਿਨ ਸ਼ੱਤ੍ਰੁ ਜੈਸੇ'॥ ੮੦ ॥ ਸੁਨਿ ਸ਼੍ਰੋਨਨ ਭਨੈ* ਅਤੇ ਖਾਨਾ[੧੫]। 'ਕੋ ਕਾਮਲ ਮੁਝ ਨਹੀਂ ਪਛਾਨਾ'। ਕਹਤਿ ਮਲਕ 'ਇਕ ਨਾਨਕ ਨਾਮੂ। ਸੋ ਕਾਮਲ ਸਮਝਹੁ ਅਭਿਰਾਮੂ' ॥ ੮੧ ॥ ਦੋਹਰਾ ॥ [੧੬]ਬਹੁ ਨਰ ਸੁਨਹਿਂ ਨ ਗਨਹਿਂ ਮਨ ਔਗੁਨ ਕੈ ਗੁਨ ਰੀਤਿ[੧੭]। ਸੰਤ ਗਹੇ ਤੇ ਰੀਝਈ ਕਿਧੌਂ[੧੮]ਸੇਵ ਸਹਿ† ਪ੍ਰੀਤ[੧੯] ॥੮੨॥ ਚੌਪਈ॥ ਸੁਨਿ ਪਠਾਨ ਨੇ ਮਨੁਜ ਪਠਾਇ।ਲਾਲੋ ਸਦਨ ਦਿਸ਼ਾ ਸੋ ਆਇ।ਗਵਨੇ ਹੁਤੇ ਤਬਹਿ ਉਦਿ-ਆਨਾ। ਕਮਲ ਨੈਨ ਸ਼੍ਰੀ ਗੁਰੁ ਗਤਿਦਾਨਾ‡ ॥ ੮੩ ॥ ਕਹੈਂ ਕਿ 'ਚਲਹੁ ਭੁਵਾਲ[੨੦] ਬੁਲਾਇ। ਕਰਹੁ ਨਾਂਹਿ[੨੧] ਤੌ ਗਹਿ ਲੈ ਜਾਇਂ'। ਕਮਲ ਬਦਨ ਸੁਨ ਕਰਿ ਤਿਨ ਬਾਨੀ। ਗਵਨੇ ਸੰਗ ਨ੍ਰਿਪਤਿ ਇਸਥਾਨੀ[੨੨] ॥੮੪॥ ਬੈਸੇ ਨਿਕਟਿ ਜਾਇ ਜਗਤੇਸ਼ਾ। ਬੋਲਯੋ ਦਰਸ ਬਿਲੋਕਿ ਨਰੇਸ਼ਾ। 'ਭੋ ਫਕੀਰ ਮਮ ਸੁਤ ਕੋ ਰੋਗੂ।ਦੇਹੁ ਗਵਾਇ ਕਰਹੁ ਨਿਹਸੋਗੂ[੨੩]॥੮੫॥ਨਤੁ[੨੪]ਰਾਖੌਂ ਮੈਂ

---

[੧]ਜੁਵਾਨ ਜਿਸਦੀ ਉਮਰ ਸੀ। [੨]ਬੀਮਾਰੀ ਵਿਚ। [੩]ਮੁਰਦੇ। [੪]ਦਵਾ ਦਾਰੂ, ਇਲਾਜ। [੫]ਸਾਰੇ (ਵੈਦ ਆਦਿ)। [੬]ਪਾਸੋਂ। [੭]ਪੁੱਛਿਆ। [੮]ਖਾਂ ਨੇ। [੯]ਦੁਵਾਵਾਂ। [੧੦]ਚੰਗੀ ਤਰ੍ਹਾਂ ਮੰਨ ਕੇ। [੧੧]ਹੰਕਾਰੀ। [੧੨]ਪ੍ਰਾਪਤ ਹੋਵੇ (ਭਾਗੋ ਨੂੰ)। [੧੩]ਪੀੜਾ। [੧੪]ਰੋਗ ਸਰੀਰ ਦਾ। [੧੫]ਨਾਮ ਨਬਾਬ ਦਾ। [੧੬]ਕਵਿ ਜੀ ਨਸੀਹਤ ਕਰਦੇ ਹਨ। [੧੭]ਗੁਣ ਔਗੁਣ ਦੀ ਰੀਤ ਨਹੀਂ ਸਮਝਦੇ। [੧੮]ਜਾਂ। [੧੯](ਸੰਤ ਯਾ ਸਾਈਂ) ਸੰਤਾਂ ਨੂੰ ਫੜਿਆ ਰੀਝਦਾ ਹੈ ਕਿ ਪ੍ਰੀਤ ਨਾਲ ਸੇਵਾ ਕੀਤਿਆਂ ?। [੨੦]ਰਾਜਾ ਨੇ। [੨੧]ਜੇ 'ਨਾਂਹ' ਕਰੋਗੇ। [੨੨]ਖ਼ਾਂ ਦੇ ਟਿਕਾਣੇ। [੨੩]ਚਿੰਤਾ ਰਹਿਤ ਕਰੋ (ਮੈਨੂੰ)। [੨੪]ਨਹੀਂ ਤਾਂ।

*ਪਾ:–ਭਨਹੀ। †ਪਾ:–ਯੁਤ।

‡ਪਾ:–ਆਨ ਪਹੂਚੇ ਮਨੁਜ ਰਜਾਨਾ।

ਕੈਦ ਮਝਾਰਾ॥ਨਹਿਂ ਛੋਡੌਂ ਨਹਿਂ ਦੇਉਂ ਅਹਾਰਾ'। ਸੁਨਿ ਬੋਲੇ ਸ੍ਰੀ ਨਾਨਕ ਬਚਨਾ।'ਤੂੰ ਭਾ ਮੋਹ ਬੰਧ ਮੈਂ ਪਚਨਾ॥ ੯੬ ॥ ਜਿਸਕੋ ਹਤਨ ਚਹਿਤਿ[1] ਹੋ ਰੋਗੂ॥ਸੋ ਤੋ ਪਹੁੰਚਤਿ ਭਾ ਯਮਲੋਗੂ। ਸੁਧਿ ਨਿਕੇਤ ਕੀ[2] ਲੇਹੁ ਮੰਗਾਈ। ਨਿਕਟਿ[3] ਬੈਠ, ਕਿਉਂ ਗਾਲਬਜਾਈ[4]' ॥ ੯੭ ॥ ਸੁਨਿ ਬਿਸਮਤਿ ਘਰ ਨਰ ਕੋ ਭੇਜਾ। ਰਿਦੈ ਪੀਰ ਜਨੁ ਫਟਤਿ ਕਰੇਜਾ[5]। ਇਤਨੇ ਮਹਿਂ ਮਾਨਵ ਤਹਿਂ[6] ਆਵਾ। ਮ੍ਰਿਤਕ ਭਏ ਕੌ ਬਚਨ ਸੁਨਾਵਾ॥੯੮॥ ਸੁਨਤਿ ਭਯੋ ਸੋ ਬਿਕੁਲ[7] ਨਰੇਸ਼ਾ॥ਉਠਿ ਆਏ ਸ੍ਰੀ ਪ੍ਰਭੁ ਜਗਤੇਸ਼ਾ। ਸਹਿਜ ਸੁਭਾਇ ਗਏ ਉਦਿਆਨਾ। ਕਿਯੋ ਹਾਨ[8] ਜਿਨ ਮਾਨੀ ਮਾਨਾ[9]॥੯੯॥ ਅਸ ਪ੍ਰਕਾਰ ਤਹਿਂ ਸਮਾਂ ਬਿਤਾਵਾ। ਜਨ ਦੁਖ ਬਨ ਕੋ ਜੋ ਗੁਰੁ ਦਾਵਾ[10]। ਲਾਲੋ ਆਲਯ ਰੈਨ ਗੁਜ਼ਾਰੈਂ। ਭੋਰ ਹੋਤਿ ਉਦਿਆਨ ਪਧਾਰੈਂ ॥ ੯੦ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਏਮਨਾਵਾਦ' ਪ੍ਰਸੰਗ ਬਰਨਨੰ ਨਾਮ ਉਨਤਾਲੀਸਮੋ ਅਧਜਾਯ ॥੩੯॥

## ੪੦. [ਚਰਣ ਰਜ ਮੰਗਲ। ਤਿਲਵੰਡੀ ਜਾਣਾ]

ਦੋਹਰਾ॥ ਪਦ ਪੰਕਜ ਕੀ ਪਾਸੁ ਬਰ ਪਰਮ ਮਨੋਗ ਪਰਾਗ।
ਨਿਜ ਮਨ ਮਧੁਪ ਲੁਭਾਇ ਕੈ ਕਹੌਂ ਕਥਾ ਅਨੁਰਾਗ॥ ੧ ॥

ਪੰਕਜ=ਕਮਲ।
ਪਾਸੁ=ਧੂੜੀ, ਦੇਖੋ ਅਧਜਾਯ ੧ ਦੇ ਛੰਦ ੮ ਦੇ ਪਦ ਅਰਥ।
ਮਨੋਗ=ਮਨ ਨੂੰ ਪਿਆਰੀ ਲੱਗਣ ਵਾਲੀ, ਸੁੰਦਰ।
ਪਰਾਗ=ਧੂੜੀ ਜੋ ਫੁੱਲਾਂ ਦੇ ਅੰਦਰ ਤੁਰੀਆਂ ਉਤੇ ਹੁੰਦੀ ਹੈ।
ਮਧੁਪ=ਭਉਰਾ। ਮਧੁ+ਪ=ਜੋ ਸ਼ਹਦ ਪੀਏ।
ਅਨੁਰਾਗ=ਪ੍ਰੇਮ ਮਈ, ਪ੍ਰੇਮ ਵਾਲੀ।

ਅਰਥ-(ਸ੍ਰੀ ਗੁਰੂ ਜੀ ਦੇ) ਚਰਣਾਂ ਕਮਲਾਂ ਦੀ ਸ੍ਰੇਸ਼ਟ ਧੂੜੀ (ਮਾਨੋਂ) ਡਾਢੀ ਸੁੰਦਰ ਪਿਰਾਗ ਹੈ, (ਇਸ ਉਪਰ) ਆਪਣੇ ਭਉਰੇ (ਵਰਗੇ) ਮਨ ਨੂੰ ਲੁਭਾਇਮਾਨ ਕਰਕੇ ਮੈਂ ਹੁਣ ਪ੍ਰੇਮ ਮਈ ਕਥਾ (ਅੱਗੋਂ) ਆਖਦਾ ਹਾਂ।

ਭਾਵ-ਹਰ ਅਧਜਾਯ ਦੇ ਅਰੰਭ ਵਿਚ ਹੁਣ ਅੱਡ ਅੱਡ ਸੁੰਦਰਤਾਈ ਨਾਲ ਸਤਿਗੁਰ ਜੀ ਦੇ ਚਰਣਾਂ ਦੀ ਟੇਕ ਨੂੰ ਅਪਣੀ ਕਥਾ ਦਾ ਆਸਰਾ ਵਰਣਨ ਕਰਦੇ ਜਾ ਰਹੇ ਹਨ।

ਚੌਪਈ॥ ਬਾਲਾ ਕਹਿਤਿ ਸੁਨਤਿ ਸ੍ਰੀ ਅੰਗਦ। ਸ੍ਰੀ ਗੁਰੁ ਕਥਾ ਦੈਵ ਦੋ

[1]ਜਿਸਦਾ ਹਟਾਉਣਾਂ ਚਾਹੁੰਦਾ ਹੈਂ। [2]ਘਰ ਦੀ ਖਬਰ। [3]ਪਾਸ। [4]ਭਾਵ ਡੀਂਗਾਂ ਮਾਰਦਾ ਹੈਂ। [5]ਕਲੇਜਾ। [6]ਓਥੇ। [7]ਵਿਆਕੁਲ। [8]ਨਾਸ਼ ਕੀਤਾ। [9]ਹੰਕਾਰੀ ਦਾ ਹੰਕਾਰ। [10]ਜਨਾਂ ਦੇ ਦੁਖ ਰੂਪੀ ਬਨ ਨੂੰ ਜੋ ਗੁਰੂ ਜੀ ਬਨ ਦੀ ਅੱਗ ਵਤ ਹਨ।

ਸੰਪਦ[੧]। ਤ੍ਰਿਪਤ ਨ ਹੋਤਿ ਸ਼੍ਰਵਨ ਪੁਟ[੨] ਪੀਏ[੩]। ਜੇ ਨਾਨਕ ਅਸਥਾਨੀ[੪] ਥੀਏ ॥ ੨ ॥ ਬਿਦਤ ਨ ਕਰਤਿ ਕਲਾ ਜਿਨ ਗੋਈ[੫]। ਸੁਨਹਿਂ ਅਜਾਨ ਸਮਾਨੈਂ ਸੋਈ। ਤ੍ਰਿਕਾਲੱਗ ਦਰਸ਼ੀ[੬] ਸਭਿ ਜਾਨੈਂ। ਗੁਪਤ ਬਿਦਤ[੭] ਨਿਜ ਰਿਦੈ ਪਛਾਨੈਂ ॥੩॥ ਜਿਉਂ ਸਾਂਗੀ ਬਹੁ ਬੇਖ ਕਰੇਈ। ਏਕ ਜੋਤਿ ਦਸ ਰੂਪ ਧਰੇਈ। ਅਪਨਾ ਆਪ ਨ ਕਬਹਿ ਜਨਾਯੋ। ਭਗਤਿ ਰੂਪ ਧਰਿ ਭਗਤਿ ਕਹਾਯੋ ॥ ੪ ॥ ਦੋਹਰਾ ॥ ਸਾਂਗੀ ਪਾਛਲ[੮] ਬੇਖ ਕੋ ਕਬਿ ਨ ਬਤਾਵਹਿ ਸੋਇ। ਬੇਖ ਧਰੇ ਜਸ[੯] ਕ੍ਰਿੱਤ[੧੦] ਤਸ[੧੧], ਇਹ ਜਾਨਹਿ ਸਭਿ ਕੋਇ ॥ ੫ ॥ ਸ਼੍ਰੀ ਬਾਲਾ ਸੰਧੁਰੁ ਵਾਰ॥ ਦੋਹਰਾ ॥ ਭੁਈ ਏਮਨਾਵਾਦ ਮਹਿਂ ਇਹ ਬਿਧਿ ਕਥਾ ਸੁਜਾਨ। ਅਬ ਤਲਵੰਡੀ ਕੀ ਕਹੌਂ ਸੁਨਿਯੈ ਦਯਾ ਨਿਧਾਨ[੧੨]! ॥੬॥ ਚੌਪਈ ॥ ਬਾਲਾ ਧਰਿ ਧਯਾਨ* ਸੁਖਰਾਸੂ[੧੩]। ਉਚਰਨ ਲਗਾ ਬਹੁਰ ਇਤਿਹਾਸੂ। ਪੂਰਬ ਤਲਵੰਡੀ ਹੌਂ ਆਯੋ।ਕਾਲੂ ਕੋ ਕਿਹ[੧੪] ਜਾਇ ਸੁਨਾਯੋ॥੭॥ ਸੁਨਿ ਕਰਿ ਤੂਰਨ ਆਵਾ ਧਾਈ। ਬੂਝਨ ਲਗਾ ਕੁਸ਼ਲ ਮੁਝ ਤਾਂਈ। ਦੇ ਕਰਿ ਕੁਸ਼ਲ ਨਾਨਕੀ ਕੀ ਤਬ। ਪੁਨ ਨਾਨਕ ਬਿਰਤਾਂਤ ਭਨਯੋ ਸਭਿ ॥੮॥'ਰਹੇ ਤੀਨ ਦਿਨ ਸਰਿਤਾ[੧੫] ਮਾਂਹੀ।ਨਿਕਸੇ ਬਹੁਰ ਕਰੀ ਕ੍ਰਿਤ ਨਾਂਹੀ। ਆਪਨ ਕੋ[੧੬] ਸਭਿ ਦਰਬ ਲੁਟਾਯਾ।ਤਬਹਿ ਨਿਬਾਬ ਹਿਸਾਬ ਕਰਾਯਾ॥੯॥ ਦੋਹਰਾ ॥ ਨਿਕਸੇ ਬਾਕੀ ਸਾਤ ਸੈ ਸਾਠ ਰਜਤਪਣ ਔਰ। ਅਰਧ ਲਏ ਮੂਲੇ ਤਬੇ, ਕਰਿ ਪੁਕਾਰ ਤਿਹਂ ਠੌਰ ॥ ੧੦ ॥ ਚੌਪਈ ॥ ਰਹਯੋ ਸ਼੍ਰੀ ਚੰਦ ਪੁਰਿ ਸੁਲਤਾਨਾ। ਮੂਲਾ ਲੇਕਰਿ ਸੁਤਾ ਪਯਾਨਾ[੧੭]। ਪੁਨਿ ਮਸੀਤ ਮਹਿਂ ਜੈਸੇ ਹੋਈ। ਕਾਲੂ ਢਿਗ ਮੈਂ ਭਾਖੀ ਸੋਈ ॥ ੧੧ ॥ 'ਸ਼੍ਰੀ ਨਾਨਕ ਲਖਿ ਹਰਿ ਅਵਤਾਰਾ। ਕੁਲ ਤੁਮਰੀ ਮਹਿਂ ਭਯੋ ਉਜਾਰਾ[੧੮]। ਬੈਸੇ ਵਹਿਰ ਅਬਹਿ ਉਦਿਆਨਾ।ਕਬਿ ਕਬਿ ਆਵਹਿਂ ਸੁਸਾ ਸਥਾਨਾ[੧੯]॥੧੨॥ਸੁਨਿ ਕਰਿ ਕਾਲੂ ਰਿਸ ਉਪਜਾਈ। ਬਹੁ ਬਿਧਿ ਮੁਝ ਸੋਂ ਕੀਨਿ ਲਰਾਈ। 'ਨਾਨਕ ਕਰਤੋ ਬਹੁਤ ਕਮਾਈ। ਸੋ ਬਾਲੇ ਤੈਂ ਦੀਨਿ ਗਵਾਈ ॥ ੧੩ ॥ ਦੋਹਰਾ ॥

---

[੧]ਦੈਵੀ ਸੰਪਦਾ (ਸ਼ੁਭ ਗੁਣਾਂ ਦੇ) ਦੇਣ ਵਾਲੀ ਹੈ। [੨]ਕੰਨਾਂ ਦੇ ਡੋਨੇ। [੩]ਪੀਂਦੇ ਹੋਏ। [੪]ਭਾਵ ਸ਼੍ਰੀ ਗੁਰੂ ਅੰਗਦ ਦੇਵ ਜੀ। [੫]ਛੁਪਾਈ ਹੈ। [੬]ਤਿੰਨਾਂ ਕਾਲਾਂ ਦੇ ਗਿਆਤਾ ਤੇ ਸਾਖੀ। [੭]ਪ੍ਰਗਟ। [੮]ਪਿਛਲੇ। [੯]ਜੈਸਾ। [੧੦]ਕਰਤਬ ਕਰਦਾ ਹੈ। [੧੧]ਤੈਸਾ। [੧੨]ਭਾਵ,ਹੇ ਸ਼੍ਰੀ ਗੁਰੂ ਅੰਗਦ ਦੇਵ ਜੀ। [੧੩]ਸੁਖਾਂ ਦੀ ਖਾਣ (ਸਤਿਗੁਰੂ ਨਾਨਕ ਦੇਵ ਜੀ) ਦਾ। [੧੪]ਕਿਸੇ ਨੇ। [੧੫]ਨਦੀ। [੧੬]ਹੱਟੀ ਦਾ। [੧੭]ਚਲਾ ਗਿਆ ਹੈ। [੧੮]ਚਾਨਣਾ। [੧੯]ਬੇਬੇ ਦੇ ਘਰ। *ਪਾ:—ਧਰੇ ਧਯਾਨ।

ਮੋਦੀ ਕ੍ਰਿਤ ਮਹਿਂ ਦਰਬ ਬਹੁ ਵਧਤਿ ਆਵਤੋ ਹਾਥ। ਸੋ ਬਾਲੇ ਤੈਂ ਖੋਇ ਕਰ ਦੀਨ ਫਕੀਰਨ ਸਾਥ ॥ ੧੪ ॥ ਚੌਪਈ ॥ ਤਾਂਹਿ[੧] ਰਲਾਇ ਫਕੀਰਨ ਮਾਂਹੀ ।–ਕੁਲ ਉਧਰੀ– ਤਬ ਮੁਝ ਸੋਂ ਪ੍ਰਾਹੀ[੨]। ਸੁਖ ਸੋਂ ਆਪ ਆਨਿ ਘਰ ਬੈਸਾ। ਦਰਬ ਲੁਟਾਵਤਿ ਨਹੀਂ ਰਖੇਸਾ ॥ ੧੫ ॥ ਇਕਠੋਦਰਬ ਨ ਕਛੁਕਰਿਵਾਯੋ।ਜੋ ਆਵਤਿ ਸਭਿ ਬਾਦ ਲੁਟਾਯੋ।ਖਾਵਤਿ ਖਰਚਤਿ ਇਕਸੀ[੩] ਜੋਰੀ[੪]। ਧਨ ਕੀ ਗਮੀ ਨ ਮਨ ਮੈਂ ਥੋਰੀ' ॥ ੧੬ ॥ ਸੁਨਿ ਕਰਿ ਮੈਂ ਪੁਨ ਬਚਨ ਅਲਾਇ। 'ਸੁਤਾ[੫] ਸੁਤਾਪਤਿ[੬] ਬੂਝਹੁ[੭] ਜਾਇ। ਬਿਨਾ ਲਖੇ ਕਿਉਂ ਕਰਿਹੋ ਰੋਸੂ। ਤਿਨਹਿਂ ਬੂਝਿ[੮] ਮੁਝ, ਦੀਜੈ ਦੋਸ਼ੂ ॥੧੭॥ ਦੋਹਰਾ ॥ ਬਹੁਤ ਬਰਖ ਮੈਂ ਆਪਨੀ ਦਈ ਕਮਾਈ ਖੋਇ। ਸ਼੍ਰੀ ਨਾਨਕ ਸੰਗ ਰਹਤਿਓ, ਜਾਨਤਿ ਹੈ ਸਭਿ ਕੋਇ ॥ ੧੮ ॥ ਚੌਪਈ ॥ ਧਨ ਕੀ ਮੁਝ ਕੋ ਰੰਚ ਨ ਚਾਹੀ। ਜਨਮ ਸੁਧਾਰ ਲਖੋਂ[੯] ਭਵ ਮਾਂਹੀ[੧੦]। ਮੋਂ ਸੰਗ ਕਿਉ ਝਗਰਹੁ ਤੁਮ ਐਸੇ। ਬੂਝਹੁ ਸੁਤਾ[੧੧] ਭਈ ਬਿਧਿ ਜੈਸੇ' ॥ ੧੯ ॥ ਇਹ ਬਿਧਿ ਸੁਨਿ ਕਾਲੂ ਤਹਿਂ ਗਯੋ। ਕਾਲ ਬਿਤੀਤ ਕੁਛਕ ਤਹਿਂ ਭਯੋ। ਆਵਾ ਤਲਵੰਡੀ ਮਰਦਾਨਾ।ਨਿਜ ਪਰਵਾਰ ਮਿਲਯੋਸੁਖਮਾਨਾ॥੨੦॥ਸੁਨਿ ਕਾਲੂ ਪੁਨ ਲਯੋ ਬੁਲਾਈ। 'ਕਹੁ ਸੁਧਿ ਨਾਨਕ ਹੈ ਕਿਹ ਥਾਂਈ। ਅਵਿਲੋਕਯੋ ਕੋ ਬਿਧਿ ਤਿਹਂ ਜਾਹੀ। ਰਹਯੋ ਬਾਵਰਾ ਕੈ ਸੁਧਿ ਪਾਈ[੧੨]?'॥੨੧॥ ਦੋਹਰਾ॥'ਸੁਧ ਨਾਨਕ ਕੀ ਲੇਹੁ ਤੁਮ ਸੁਨਹੁ ਕਾਨ ਜਜਮਾਨ!। ਗਟੀ[੧੩] ਨ ਗੁਨਿਯੇ,ਤਿਨ ਕਰਯੋ ਸਭਿ ਕੁਲਿ ਕਾ ਕਲਯਾਨ ॥ ੨੨ ॥ ਚੌਪਈ ॥ ਪਰਮ ਰੂਪ ਪਰਮੇਸ਼੍ਵਰ ਪਰਾ[੧੪]। ਸੋ ਤੁਮ ਘਰ ਤਨ ਧਰਿ ਅਵਤਰਾ[੧੫]। ਮੰਦਮਤੀ ਕਲਿਕਾਲ ਬਿਸਾਲਾ[੧੬]। ਛੁਟਵਾਵਹਿ ਬਹੁ ਨਰ ਜਮਜਾਲਾ[੧੭] ॥੨੩॥ ਭੇਵ ਨ ਤਿਨ ਕੋ ਜਾਨਯੋ ਜਾਵਹਿ। ਕਰਮ ਹੇਰਿ ਅਚਰਜ ਉਰ ਆਵਹਿਂ। ਪੀਰ ਮੀਰ ਨਹਿਂ ਸਮਸਰ[੧੮]ਕੋਈ।ਕਲਾ ਬਿਸਾਲ ਰਖੀ ਜਿਨ ਗੋਈ[੧੯]॥੨੪॥ ਕਿਯੋ ਏਮਨਾ-ਵਾਦ ਪਯਾਨਾ। ਹੌਂ ਭੀ ਗਯੋ ਸੰਗ ਤਿੰਹ ਥਾਨਾ। ਟਿਕੇ ਤਹਾਂ ਮੈਂ ਅਯੋ ਅਵਾਸਾ[੨੦]।ਮਿਲਿ ਕਰਿ ਬਹੁਰ ਜਾਉਂ ਤਿਨ ਪਾਸਾ' ॥੨੫॥ ਦੋਹਰਾ ॥ ਸੁਨਿ

---

[੧]ਭਾਵ ਗੁਰ ਨਾਨਕ ਜੀ ਨੂੰ। [੨]ਆਖਦਾ ਹੈਂ। [੩]ਇਕੋ ਜੇਹੀ। [੪]ਜੋੜੀ (ਤੁਸੀਂ ਦੋਵੇਂ)। [੫]ਪੁੱਤ੍ਰੀ। [੬]ਭਾਈ ਜੈਰਾਮ ਜੀ ਨੂੰ। [੭]ਪੁੱਛਹੁ। [੮]ਪੁੱਛਕੇ। [੯]ਜਾਣਦਾ ਹਾਂ। [੧੦]ਸੰਸਾਰ ਵਿਚ। [੧੧]ਬੀਬੀ ਜੀ ਨੂੰ। [੧੨]ਹੋਸ਼ ਵਿਚ ਹੈ। [੧੩]ਗਿਣਤੀ। [੧੪]ਜੋ ਸਭ ਤੋਂ ਪਰੇ ਹੈ। [੧੫]ਪ੍ਰਗਟਿਆ ਹੈ। [੧੬]ਬੜਾ। [੧੭]ਜਮਫਾਸ ਤੋਂ। [੧੮](ਉਸਦੇ) ਤੁੱਲ। [੧੯]ਛਿਪਾ ਕੇ। [੨੦]ਘਰ।

ਸ਼੍ਰੋਨਨ ਮੈਂ ਬਚਨ ਇਹ ਕਾਲੂ ਰਿਸਿ ਅਧਿਕਾਇ। ਭੇਦ ਨ ਸੁਤ ਕੋ ਜਾਨਿ ਹੀ, ਤਿਹ ਪ੍ਰਤਿ ਪਰੁਖ ਅਲਾਇ[1] ॥ ੨੬ ॥ ਚੌਪਈ ॥'ਕਯਾ ਬੋਲਤਿ ਮੂਰਖ! ਮੁਖਬਾਤੀ। ਮੰਦ ਮਤੀ ਹੈ ਡੂਮ ਕੁਜਾਤੀ। ਮੁਝ ਕੋ ਕਹੈ –ਭਯੋ ਅਵਤਾਰਾ--।ਜਿਨ ਸਗਰੋ ਮਮ ਸਦਨ ਉਜਾਰਾ ॥ ੨੭॥ ਗਯੋ ਹਮਾਰੈ ਤੇ, ਮੈਂ ਜਾਨੀ। ਜਿਸ ਨੈ ਰੀਤਿ ਫਕੀਰੀ* ਠਾਨੀ'। ਇਉਂ ਕਹਿ ਮੋਚਤਿ[2] ਲੋਚਨ ਨੀਰੂ। ਸੁਤ ਕੇ ਦੁਖ ਮੈਂ ਭਯੋ ਅਧੀਰੂ[3] ॥ ੨੮ ॥ ਰਾਇ ਨਿਕਟਿ ਕਿਹ[4] ਜਾਇ ਸੁਨਾਵਾ। 'ਸੁਧਿ ਲੈ ਕਰਿ ਮਰਦਾਨਾ ਆਵਾ'। ਹਰਖ ਅਧਿਕ ਕਰਿ ਨਿਕਟਿ ਬੁਲਾਵਾ। ਬੂਝਨ ਹਿਤ ਸੁਖ ਬਚਨ ਅਲਾਵਾ ॥ ੨੯ ॥ ਦੋਹਰਾ ॥ 'ਸ਼੍ਰੀ ਨਾਨਕ ਸੁਧਿ ਦੀਜਿਯੇ ਕੈਸੇ ਕੀਨੋ ਰੰਗ। ਕੌਨ ਬੇਖ ਤਨ ਮੈਂ ਧਰਯੋ? ਕਯੋਂ ਤੈਂ ਤਜਯੋ ਸੁ ਸੰਗ?' ॥ ੩੦ ॥ ਚੌਪਈ ॥ ਕਹਿ ਮਰਦਾਨਾ 'ਸੁਨਿਯੇ ਰਾਇ!। ਨਾਨਕ ਧਾਰਯੋ ਰੂਪ ਖੁਦਾਇ। ਕਿਹ ਕੀ ਉਪਮਾ ਦੇਵੋਂ ਤਾਂਹੀ। ਤਿਨ ਕੀ ਸਮ ਕੋ ਦੀਸਤਿ ਨਾਹੀ ॥ ੩੧ ॥ ਨਰ ਮਹਿਂ ਐਸੇ ਕਰਮ ਨ ਕੋਊ। ਜਿਹ ਬਿਧਿ ਕੇ ਜਗ ਕਰਿਹੀ ਸੋਊ। ਪੀਰਨ ਕੇ ਸਿਰ ਰਾਜਤਿ ਪੀਰਾ। ਮੀਰਨ ਕੇ ਸਿਰ ਮੀਰ ਗੰਭੀਰਾ ॥ ੩੨॥ ਦੂਖ ਨ ਭੂਖ ਨ ਵ੍ਯਾਪਹਿ[5] ਕੋਊ। ਕਲਾਵਾਨ ਚਾਹੈ ਕਰਿ ਸੋਊ[6]'।'ਸਾਧੁ-ਸਾਧੁ[7]' ਸੁਨਿ ਭਾਖਤਿ[8] ਰਾਊ।'ਜਸੁ[9] ਅਸੁਹੀ[10] ਜਸ[11] ਕੀਨੋ[12] ਗਾਊ[13] ॥੩੩॥ ਦੋਹਰਾ ॥ ਬਿਰਧਿ ਭਈ ਮਮ[14] ਦੇਹਿ ਅਬ, ਮਰਦਾਨਾ! ਸੁਨਿ ਬੈਨ। ਕੈਸੇ ਦਰਸ਼ਨ ਹੌਂ ਕਰੋਂ ਸ਼੍ਰੀ ਮੁਖ ਕਰੁਨਾਐਨ[15] ॥ ੩੪ ॥ ਚੌਪਈ ॥ ਚਿਤ ਚਕੋਰ ਕੋ ਚਾਹਿ ਬਿਸਾਲਾ। ਰਾਂਕਾ ਸ਼ਸ਼ਿ[16] ਸੋਂ ਦਰਸ ਦਯਾਲਾ। ਚਿਤ ਚਾਤ੍ਰਿਕ ਕੋ ਸ੍ਵਾਂਤਿ ਸਰੂਪਾ। ਮਨ ਮਲਿੰਦ[17] ਪਦ ਕੰਜ ਅਨੂਪਾ[18] ॥ ੩੫॥ ਕਰਿ ਮਰਦਾਨੇ! ਕਾਰਜ ਮੇਰਾ। ਹੋਵੋਂ ਰਿਣੀ ਸਦਾ ਮੈਂ ਤੇਰਾ।ਤਵਅਸਾਨ[19] ਕਬਿ ਮਨ ਨ ਭੁਲਾਊਂ। ਜੇ ਦਰਸ਼ਨ ਨਾਨਕ ਅਬ ਪਾਊਂ† ॥੩੬॥ ਕਰਿ ਮੁਝ ਪਰ ਇਹ ਪਰ ਉਪਕਾਰਾ‡। ਦਰਸਾਵਹੁ ਦਰਸ਼ਨ ਇਕ ਬਾਰਾ।

---

[1]ਕਠੋਰ ਵਚਨ ਕਹੇ। [2]ਛੱਡਦਾ ਹੈ। [3]ਬੇਹੌਸਲਾ। [4]ਕਿਸੇ ਨੇ। [5]ਨਹੀਂ ਲਗਦੀ ਹੈ। [6]ਜੋ ਚਾਹੇ ਕਰਦਾ ਹੈ। [7]ਸ਼ਾਬਾਸ਼ (ਅ) ਚੰਗਾ (ੲ) ਸੰਤ ਹੈ। [8]ਆਖਦਾ ਹੈ। [9]ਯਸ਼। [10]ਐਸਾ ਹੀ ਹੈ। [11]ਜੈਸਾ। [12]ਕੀਤਾ ਹੈ। [13](ਤੈਂਨੇ) ਗਾਉਣਾ। [14]ਮੇਰੀ। [15]ਭਾਵ ਗੁਰੂ ਜੀ ਦਾ। [16]ਪੂਰਨਮਾਸ਼ੀ ਦੇ ਚੰਦ੍ਰਮਾਂ। [17]ਭੌਰਾ ਹੈ। [18]ਸੁਹਣੇ ਚਰਣਾਂ ਕਵਲਾਂ ਦਾ। [19]ਅਹਿਸਾਨ।

*ਪਾਃ—ਫਕੀਰਨ। †ਪਾਃ—ਜੇ ਦਰਸ਼ਨ ਸ੍ਰੀ ਨਾਨਕ ਪਾਊਂ। ‡ਪਾਃ—ਭਲ ਉਪਕਾਰਾ।

ਜਿਉਂ ਰੰਕਹਿ ਕੋ ਪਾਰਸ ਦੇਈ। ਜਸ ਆਮੀ ਕੋ[1] ਆਮ ਮਿਟੇਈ[2]'॥ ੩੭॥ ਦੋਹਰਾ॥ ਬੋਲੵੋ ਮਰਦਾਨਾ ਬਚਨ 'ਤੁਮਰਾ ਕਾਰਜ ਰਾਇ! ਕਿਉਂ ਨ ਕਰੌਂ ਮੈਂ ਬੇਗ[3] ਸੋਂ ਜਿਹਤੇ ਸਭਿ ਸੁਖ ਪਾਇ॥ ੩੮॥ ਚੌਪਈ॥ ਪੁਨਿ ਨਾਨਕ ਮਮ[4] ਪਾਨਹਿਂ[5] ਨਾਂਹੀ। ਹੇਰਨ ਚਾਹਿ ਜਿ ਤੁਮ ਮਨ ਮਾਂਹੀ। ਬਾਲੇ ਕੋ ਬੁਲਾਇ ਦਿਹੁ ਸੰਗਾ। ਦੋਨੋ ਗਮਨੈਂ ਸਹਿਤ ਉਮੰਗਾ॥ ੩੯॥ ਜਾਇ ਅਗਾਰੀ ਬਿਨਤੀ ਕਰਿਹੀਂ। ਤੁਮ ਆਇਸ ਕੋ ਸਿਰ ਪਰ ਧਰਿਹੀਂ। ਜਬ ਹੀ ਸੁਨੈਂ ਸੰਦੇਸ[6] ਤੁਮਾਰੇ। ਆਵਹਿੰਗੇ ਤਬ ਲੇਹੁ ਨਿਹਾਰੇ[7]॥ ੪੦॥ ਅਬਹਿ ਏਮਨਾਵਾਦ ਟਿਕੇਈ। ਆਨਹਿਂ[8] ਜਾਇ, ਨ ਅਨਤ ਸਿਧੇਈ[9]'। ਹਰਖੵੋ ਰਾਇ ਬਚਨਤਿਹ ਮਾਨੋ। 'ਸਤਿ ਕਹਤਿ ਹੈਤੂੰ ਮਰਦਾਨੇ' ॥ ੪੧॥ ਦੋਹਰਾ॥ ਭਨਤਿ ਭਯੋ ਬਾਲਾ ਸੁਨਹੁ ਸ੍ਰੀ ਅੰਗਦ ਗਤਿਦਾਇ! ਭੇਜੵੋ ਮਾਨਵ ਨਿਕਟ ਮੁਝ ਲੀਨੋ ਬੇਗ ਬੁਲਾਇ॥ ੪੨॥ ਚੌਪਈ॥[10] 'ਕਰਿ ਕਾਰਜ ਬਾਲੇ ਮੁਝ ਮੀਤਾ! ਸ੍ਰੀ ਨਾਨਕ ਕੀ ਤੁਝ ਬਹੁ ਪ੍ਰੀਤਾ। ਮਰਦਾਨੇ ਕੇ ਸੰਗ ਸਿਧਾਵਹੁ। ਕਰਹੁ ਕ੍ਰਿਤਾਰਥ ਨਾਨਕ ਲਯਾਵਹੁ॥ ੪੩॥ ਜੇਕਰਿ ਨਹਿਂ ਆਵਹਿ ਤੁਮ ਕਹੇ। ਮਮ ਬਿਨਤੀ ਭਨਿਯੇ ਪਦ ਗਹੇ।-ਇਕਵਾਰ ਚਲਿ ਦਰਸ਼ਨ ਦੀਜੈ-। ਕਹਿਯੋ ਤਿਨ ਕੋ-ਕਰੁਨਾ[11] ਕੀਜੈ-'॥ ੪੪॥ ਮੈਂ ਬੋਲੵੋ 'ਭੋ ਰਾਇ ਬੁਲਾਰੂ!। ਤੁਮਰੇ ਕਹੇ ਜਾਉਂ ਸਤਿ ਵਾਰੂ[12]। ਸ੍ਰੀ ਨਾਨਕ ਸੋਂ ਹੇਤ ਤੁਮਾਰਾ। ਆਵਹਿੰਗੇ ਨਹਿਂ ਲਾਇਂ ਅਵਾਰਾ[13]॥ ੪੫॥ ਭਗਤਿ ਵਛਲਤਾ ਤਿਨ ਕੋ ਬਿਰਦਾ। ਜਿਨਕੇ ਧਯਾਨ ਬਿਨਾਸਹਿ ਪਰਦਾ[14]। ਚੇਤਹਿਂ[15] ਬਾਰਿ ਬਾਰਿ ਤੁਮ ਤਾਂਈ। ਦੀਨਬੰਧੁ ਸ੍ਰੀ ਪ੍ਰਭੁ ਜਗਸਾਂਈ'॥ ੪੬॥ ਦੋਹਰਾ॥ ਸੁਨਿ ਕਰਿ ਹਰਖੵੋ ਰਾਇ ਉਰ 'ਸ੍ਰੀ ਨਾਨਕ ਢਿਗ ਆਨਿ[16]। ਕਰਿ ਹੈ ਭਲਾ ਖੁਦਾ-ਇ ਤੁਝ, ਪਰ ਉਪਕਾਰ ਪਛਾਨ'॥ ੪੭॥ ਚੌਪਈ॥ ਬਾਲਾ ਅਰ ਮਰਦਾਨਾ ਦੋਊ। ਭਏ ਤਯਾਰ ਚਲਨ ਕੋ ਸੋਊ। ਤੂਰਨ ਗਏ ਨ ਕਰੀ ਅਵਾਰੂ[17]। ਨਗਰ* ਏਮਨਾਬਾਦ ਮਝਾਰੂ[18]॥ ੪੮॥ ਜਹਿਂ ਬੈਸੇ

[1]ਜਿਵੇਂ ਰੋਗੀ ਦਾ। [2]ਰੋਗ ਦੂਰ ਕਰੇ। [3]ਛੇਤੀ। [4]ਮੇਰੇ। [5]ਹੱਥ ਵਿਚ। [6]ਸੁਨੇਹੇ। [7]ਦਰਸ਼ਨ ਕਰ ਲੈਣਾ। [8]ਲੈਆਵੀਏ। [9]ਕਿਤੇ ਹੋਰਥੇ ਨਾਂ ਚਲੇ ਜਾਣ (ਅ) ਜੇ ਨਹੀਂ ਚਲੇ ਗਏ। [10]ਰਾਇ ਬੋਲਿਆ। [11]ਕ੍ਰਿਪਾ। [12]ਸੌ ਵੇਰੀ। [13]ਦੇਰੀ। [14](ਹੌਮੈ ਦਾ) ਪਰਦਾ। [15]ਯਾਦ ਕਰਦੇ ਹਨ। [16]ਲੈ ਆਓ (ਏਥੇ)। [17]ਦੇਰੀ ਨ ਲਾਈ। [18]ਵਿਚ। *ਪਾ:-ਗਮਨੇ।

ਅਘ[੧] ਓਘ[੨] ਨਿਕੰਦਨ[੩] । ਜਾਇ ਕਰੀ ਜੁਗ[੪] ਪਦ[੫] ਪਰ ਬੰਦਨ। 'ਚਿਤ ਮਹਿਂ ਚਿੱਤ[੬] ਨਿੱਤ ਕਰਤਾਰੇ'। ਬੂਝੀ[੭] ਕੁਸ਼ਲ ਛੇਮ ਸਤਿਕਾਰੇ ॥ ੪੯ ॥ 'ਖੁਸ਼ੀ ਸਕਲ ਹੈ ਰਾਇ ਸਰੀਰੂ'। ਸੁਨਿ ਬਾਲਾ ਬੋਲ੍ਯੋ ਉਰ ਧੀਰੂ ॥ 'ਤੁਮਨੈ ਸਭਿਹਿ ਕੁਸ਼ਲ ਕਰਿ ਦੀਨੀ। ਰਾਇ ਬਿਨੈ ਰਾਵਰ ਸੌਂ[੮] ਕੀਨੀ ॥ ੫੦ ॥ ਦੋਹਰਾ ॥ ਕਰ ਬੰਦੇ ਬੰਦਨ ਕਰੀ ਰਿਦੈ ਭਯੋ ਅਤਿ ਦੀਨ। ਤੁਮ ਦਰਸ਼ਨ ਕੀ ਲਾਲਸਾ ਕਮਲ[੯] ਅਰਕ ਜਿਉਂ ਹੀਨ[੧੦] ॥੫੧॥ ਚੌਪਈ॥ ਕਰਹੁ ਮਨੋਰਥ ਪੂਰਨ ਤਿਸਕੋ। ਪਦ[੧੧] ਪੰਕਜ ਮਹਿਂ ਪ੍ਰੇਮ ਜਿਸਕੋ। ਜਿਉਂ ਸੁਕਤਾ[੧੨] ਸਾਗਰ ਪਰ ਤਰਿਹੀ। ਸ੍ਵਾਂਤਿ ਬੂੰਦ ਤਿਹ ਮੁਖ ਮਹਿਂ ਪਰਿਹੀ ॥੫੨॥ ਤਿਉਂ ਤੁਮ ਅਪਨਾ ਬਿਰਦ ਸੰਭਾਰੀ। ਚਲਿ ਕਰਿ ਦਰਸ਼ਨ ਦਿਹੁ ਇਕਵਾਰੀ'। ਸੁਨਿ ਕਰਿ ਸ਼੍ਰੀ ਮੁਖ ਬਚਨ ਉਚਾਰੇ। 'ਕਾਲੂ ਕਰਿਹੀ-ਕਲਹਿ[੧੩] ਨਿਹਾਰੇ[੧੪] ॥੫੩॥ ਮਿਲਨਾ ਰਾਇ ਜਰੂਰਹਿ ਜਾਈ'। ਸੋਚ ਬਿਮੋ-ਚਹਿ ਸੋਚਹਿਂ[੧੫] ਆਈ[੧੬]। 'ਕਿਹ ਬਿਧਿ ਕਰਹਿਂ? ਰਾਇ ਉਰ ਪ੍ਰੀਤਾ। ਤਿਹ ਬਚ ਕਰਿ ਨ ਜਾਇ ਬਿਪਰੀਤਾ[੧੭]' ॥੫੪ ॥ਦੋਹਰਾ॥ ਮੈਂ ਪੁਨਿ ਬੋਲ੍ਯੋ 'ਇਵ ਕਹ੍ਯੋ ਤੁਮ ਸੋਂ ਰਾਇ ਬੁਲਾਰ। ਜੇ ਹੋਵਹਿ ਬਲ ਤਨ ਵਿਖੈ ਆਵੈਂ ਸਿਰ ਕੇ ਭਾਰ ॥ ੫੫ ॥ ਚੌਪਈ ॥ ਬੈਸ ਬਿਰਧ, ਬਿਹਬਲ[੧੮] ਭੀ ਦੇਹੀ। ਲੋਚਨ ਗੋਚਰ ਹੀਨ[੧੯], ਸਨੇਹੀ[੨੦]। ਦਰਸ਼ਨ ਦਾਨ ਆਨਿ ਗਤਿ ਦਾਨਾ[੨੧]। ਦੇਵਹਿਂ, ਸਫਲ ਜਨਮ ਤਬ ਮਾਨਾ॥੫੬॥ਜਿਉਂ ਸਰਿਤਾ ਨਿਸ਼ਫਲ ਬਿਨ-ਬਾਰੀ[੨੨]। ਹੀਨਮਯੰਕ[੨੩] ਸਰਬਰੀ[੨੪] ਕਾਰੀ[੨੫]। ਜਿਉਂ ਅਨਾਥ ਬਿਨ-ਭਰਤਾ[੨੬] ਨਾਰੀ। ਤਿਉਂ ਤੁਮ ਮਯਾ ਬਿਨ*[੨੭] ਦੇਹ ਹਮਾਰੀ' ॥ ੫੭ ॥ ਸ਼੍ਰੀ ਮੁਖ ਕਹਿ 'ਜੋ ਰਾਇ ਉਚਾਰਾ। ਤਿਸਕਾ ਹੈ ਹਮਰੇ ਸਿਰ ਭਾਰਾ। ਚਲਿ ਉਤਾਰ ਆਵਹਿਂ ਅਬ ਬਾਲਾ!' ਲਾਲੋ ਸੋਂ ਬੋਲੇ ਤਿਹ ਕਾਲਾ ॥ ੫੮ ॥

---

[੧]ਪਾਪਾਂ ਦੇ। [੨]ਸਮੂਹ ਨੂੰ। [੩]ਨਾਸ਼ ਕਰਨ ਵਾਲੇ। [੪]ਦੋਹਾਂ ਨੇ। [੫]ਚਰਨਾਂ ਤੇ। [੬]ਚੇਤੇ। [੭]ਪੁੱਛੀ। [੮]ਆਪ ਅੱਗੇ। [੯](ਜਿਵੇਂ) ਕਮਲ। [੧੦]ਦੀ (ਹੁੰਦੀ ਹੈ) ਸੂਰਜ ਬਿਨਾਂ। [੧੧]ਚਰਣ। [੧੨]ਸਿੱਪੀ। [੧੩]ਕਰੇਗਾ ਲੜਾਈ। [੧੪]ਵੇਖਕੇ। [੧੫]ਚਿੰਤਾ ਹਰਨ ਵਾਲੇ ਨੂੰ ਸੋਚਾਂ। [੧੬]ਆਈਆਂ। [੧੭]ਮੋੜਿਆ ਨਹੀਂ ਜਾ ਸਕਦਾ। [੧੮]ਸਿਥਿਲ। [੧੯·੨੦](ਤੁਸੀਂ) ਲੋਚਨ ਗੋਚਰੇ ਨਹੀਂ ਹੋ ਹੇ ਪਿਆਰੇ। [ਸੰਸ:, ਲੋਚਨ ਗੋਚਰਮੁ=ਦ੍ਰਿਸ਼ਟੀ ਦੇ ਘੇਰੇ ਵਿਚ। ਲੋਚਨ ਗੋਚਰ ਹੀਨ=ਦ੍ਰਿਸ਼ਟਿ ਅਗੋਚਰ।] (ਅ) ਨੇਤ੍ਰਾਂ ਤੋਂ ਘੱਟ ਦਿੱਸਦਾ ਹੈ। [੨੧]ਮੁਕਤੀ ਦਾਤੇ। [੨੨]ਜਲ ਤੋਂ ਬਿਨਾਂ। [੨੩]ਬਿਨਾਂ ਚੰਦ੍ਰਮਾ ਦੇ। [੨੪]ਰਾਤ। [੨੫]ਕਾਲੀ ਹੁੰਦੀ ਹੈ। [੨੬]ਪਤੀ ਬਿਨਾ। [੨੭]ਕ੍ਰਿਪਾ ਬਿਨਾਂ। *ਪਾ:-ਜਾਨੈ ਮਯਾ ਨ।

ਦੋਹਰਾ ॥ 'ਤਲਵੰਡੀ ਤੁਝ ਸਾਰਖਾ[1]ਮੋ* ਪ੍ਰੀਤਮ ਹੈ ਈਠ[2]। ਸੋ ਚਾਹਤਿ ਹੈ ਰਿਦੈ ਮਹਿਂ ਹਮਰੋ ਦਰਸ਼ਨ ਡੀਠ[3] ॥੫੯॥ ਚੌਪਈ ॥ ਲੈ ਸੰਦੇਸ਼ਾ[4] ਤਿਹ ਕੋ ਆਏ। ਬਹੁਤ ਪ੍ਰੇਮ ਕਰਿ ਬੋਲ ਪਠਾਏ[5]।ਜਾਵਨ ਹਮਹਿਂ ਜ਼ਰੂਰ ਬਿਸਾਲਾ। ਦੇਹੁ ਖੁਸ਼ੀ ਪਹੁਚਹਿਂ ਤਤਕਾਲਾ' ॥੬੦॥ [6]"ਅਬਲੌ ਭਯੋ ਨ ਪੂਰਨ ਮਾਸੂ। ਕਿਉਂ ਤਜਿਕਰਿ ਮਮ ਚਲੇ ਅਵਾਸੂ।ਕੈ ਕਛੁ ਅਵਗੁਨ ਹਮਤੇ ਭਯੋ।ਕਿਉਂ ਉਦਾਸ ਨਿਜ ਹਿਰਦਾ ਕਯੋ ? ॥੬੧॥ ਕਿਧੌਂ ਨ ਮੋਤੇ ਹੋਵੀ ਸੇਵਾ॥ ਰੰਕ[7],ਹੀਨਧਨ[8] ਸ੍ਰੀਗੁਰ ਦੇਵਾ !॥ ਤੂਰਨ ਕੀਨੀ ਗਵਨ ਤਯਾਰੀ।ਮੈਂਜਾਚੌਂ ਨਿਜ ਮਯਾ ਤੁਮਾਰੀ' ॥੬੨॥ਦੋਹਰਾ॥ 'ਦਜੋਸ ਪਚੀਸ ਅਵਾਸ ਹਮ ਲਾਲੋ ! ਰਹੇ ਤੁਮਾਰ। ਬਾਸੁਰ ਬਹੁਰੋ ਪੰਚ ਜੇ ਆਵਹਿਂ ਤੋਰ ਅਗਾਰ' ॥ ੬੩ ॥ ਚੌਪਈ ॥ ਅਸ ਕਹਿ ਚਲੇ ਸਕਲ ਗੁਨ ਖਾਨੀ। ਤਬ ਲਾਲੋ ਪਦ ਬੰਦਨ ਠਾਨੀ। ਮੰਦਮੰਦ ਪਦ ਆਨੰਦ ਕੰਦਾ। ਪਦਵੀ[9] ਧਰਤਿ ਜੁ ਦਾਸਮੁਕੰਦਾ ॥ ੬੪ ॥ ਸਪਤ ਸਰਬਰੀ[10] ਪੰਥ[11] ਬਿਤਾਈ। ਚਲਤਯੋ ਤਲਵੰਡੀ ਨਿਯਰਾਈ। ਬਾਹਰ ਬੈਸ ਗਏ ਗਤਿ ਦਾਨਾ। ਚੰਦ੍ਰਭਾਨ ਕੇ ਕੂਪ ਸਥਾਨਾ। ॥੬੫॥ ਬਾਲੇਕੇ ਪਿਤ ਕੋ ਇਹ ਨਾਮੂ। ਆਸਨ ਪਰ ਅਸੀਨ[12] ਸੁਖਧਾਮੂ। ਅੱਗ੍ਰਜ ਬੈਸਿ ਗਯੋ ਮਰਦਾਨਾ। ਮੈਂ ਪਾਛੇ, ਮਧ[13] ਮਯਾਨਿਧਾਨਾ[14] ॥੬੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ 'ਤਲਵੰਡੀ ਆਵਨ' ਪ੍ਰਸੰਗ ਬਰਨਨੰ ਨਾਮ ਚਾਲੀਸਮੋਂ ਅਧਯਾਯ ॥ ੪੦ ॥

## ੪੧. [ਗੁਰਚਰਨ ਮੰਗਲ। ਤਲਵੰਡੀ ਆਉਣਾ।]

ਦੋਹਰਾ ॥ ਸ੍ਰੀ ਗੁਰੁ ਪਦ ਨਖ ਕਾਂਤਿ ਜੋ ਕਵਿਕਾ ਕੇ ਸਮ ਜਾਨਿ॥
ਤਰਲ ਤੁਰੰਗ ਮਨ ਦੇਯ ਮੁਖ ਕਹੌਂ ਕਥਾ ਗਤਿਦਾਨ ॥੧॥

{ ਨਖ=ਨਹੁੰ। ਕਾਂਤਿ=ਸੁੰਦਰਤਾ।
ਕਵਿਕਾ=ਲਗਾਮ [ਸੰਸ:, ਕਵਿਕ:] }

**ਅਰਥ**—ਸ੍ਰੀ ਗੁਰੂ ਜੀ ਦੇ ਚਰਨਾਂ ਦੇ ਨਹੁੰਆਂ ਦੀ ਜੋ ਸੁੰਦਰਤਾ ਹੈ (ਉਸਨੂੰ) ਲਗਾਮ ਦੇ ਤੁੱਲ ਜਾਣਕੇ ਮਨ ਰੂਪੀ ਚੰਚਲ ਘੋੜੇ ਦੇ ਮੂੰਹ ਵਿਚ ਦੇਕੇ ਮੈਂ ਮੁਕਤ ਦਾਇਨੀ ਕਥਾ ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਬੈਸੇ ਸ੍ਰੀ ਗੁਰੁ ਰੂਪ ਅਨੂਪਾ। ਮੋਰ ਪਿਤਾ ਕੋ

---

[1]ਤੇਰੇ ਜਿਹਾ। [2]ਪਿਆਰਾ। [3]ਦੇਖਣਾ। [4]ਸੁਨੇਹਾ। [5]ਸੱਦ ਘੱਲਿਆ ਹੈ। [6]ਲਾਲੋ ਬੋਲਿਆ। [7]ਕੰਗਾਲ। [8]ਧਨ ਹੀਨ ਹਾਂ। [9]ਰਸਤੇ ਵਿਖੇ। [10]ਸੱਤ ਰਾਤਾਂ। [11]ਰਾਹ ਵਿਚ। [12]ਬੈਠੇ। [13]ਵਿਚਾਲੇ। [14]ਸਤਿਗੁਰ ਜੀ। *ਪਾ:—ਤੇ।

ਹੁਤੋ ਜੁ ਕੂਪਾਤਹਿਂ ਬਿਲੋਕ ਇਕ ਨਰ ਗਾ[੧]ਨਗਰੀ। ਘਰ ਕਾਲੂ ਕੇ ਸੁਧਿ ਦਿਯ ਸਗਰੀ ॥੨॥ ਸੁਨਯੋ ਸ਼੍ਰੋਨ ਜਬ ਕਾਲੂ ਲਾਲੂ। ਉਠਿ ਕਰਿ ਗਵਨ ਕਿਯੋ[੨]ਤਤਕਾਲੂ। ਮਨਹੁ ਹੁਤੇ ਬਹੁ ਦਿਨ ਕੇ ਪਯਾਸੇ। ਜਲ ਕੋ ਸੁਨਿ ਦੌਰੇ ਤਿਹਂ ਪਾਸੇ ॥੩॥ ਦੋਹਰਾ ॥ ਸ਼੍ਰੂਨਨ ਸੁਨਿ ਜਨਨੀ[੩]ਮਨੈ[੪] ਅਰਨਵ[੫] ਮਨਹੁ[੬] ਸਮਾਨ। ਬੀਚੀ[੭] ਜਿਉਂ ਉਮਗਤਿ[੮] ਚਲੀ ਸੁਤ[੯] ਰਾਂਕੇਸ਼ ਪ੍ਰਮਾਨ[੧੦] ॥੪॥ ਚੌਪਈ ॥ ਬਤਸ[੧੧] ਬਿਲੋਕ ਨ[੧੨] ਬਹੁਤੇ ਬਾਸੁਰ[੧੩]। ਬਛ[੧੪] ਬਿਛੋਭ ਨਹ[੧੫] ਛਕ[੧੬] ਆਤੁਰ[੧੭]। ਚਲੀ ਧਾਇ[੧੮], ਅਟਪਟ[੧੯] ਪਗ ਪਾਵਹਿ[੨੦]।–ਮਿਲੌਂ ਉਤਾਇਲ–ਅਸ ਮਨ ਲਯਾਵਹਿ ॥ ੫ ॥ ਸੁਨਿ ਸੁਨਿ ਸਭਿ ਕੁਟੰਬ ਕਿਯ ਗਵਨਾ।ਤਹਾਂ ਗਏ ਜਹਿਂਥੇ ਗੁਨ ਭਵਨਾ[੨੧]।ਜਨਨਿ ਜਨਕ ਆਵਤਿ ਜਬ ਹੇਰੇ। ਕਮਲਾਨਨ ਉਠਿ ਕਰਿ ਬਿਨ ਦੇਰੇ॥੬॥ਸਭਿਨਿ ਪਦਨ ਪਰ ਬੰਦਨ ਕੀਨੀ। ਜਨਨੀ ਹਰਖ ਆਸ਼ਿਖਾ[੨੨]ਦੀਨੀ। ਗਰ ਸੋਂ ਲਾਇ ਨੀਰ ਦ੍ਰਿਗ[੨੩] ਜਾਈ।ਮਹਾਂ ਮੋਹ ਮਾਤਾ ਬਿਰਮਾਈ[੨੪]॥੭॥ ਤਜਿ ਨ ਸਕਤਿ ਸੁਤ ਕੋ ਨਿਜ ਅੰਕਾ[੨੫]। ਜਿਉਂ ਪਾਵਹਿ ਪਾਰਸ ਕਿਤਿ[੨੬] ਰੰਕਾ[੨੭]।ਅਸ਼੍ਰੁਪਾਤ[੨੮] ਸੋਂ ਭੀਗੇ[੨੯] ਅੰਗਾ।ਮਨਹੁ ਪ੍ਰੇਮ ਪਰਵਾਹਿ ਉਮੰਗਾ ॥੮॥ਦੋਹਰਾ॥ ਬੇਖੈ ਗੁਰੂਕੋ ਦੇਖਿਕਰਿ ਪਿਤ ਵਿਸ਼ੇਖ ਰਿਸਮਾਨ। ਕਟ[੩੦] ਕੁਪੀਨ, ਇਕ ਨੁਕਤ[੩੧] ਕਰ[੩੨], ਦੋ ਦੁਪਟੇ ਸੰਬਜਾਨ[੩੩] ॥ ੯ ॥ ਚੌਪਈ ॥ ਕਟਹਿ[੩੪]ਲਪੇਟਯੋ ਇਕ ਸੰਬਜਾਨਾ[੩੫]। ਦੂਜੋ ਤਨ ਪਰ[੩੬] ਮਯਾਨਿਧਾਨਾ[੩੭]। ਏਕ ਨੁਕਤ[੩੮] ਸਿਰ ਊਪਰ ਸੋਹੈ। ਮਿਨਤੀ ਜੁਗਲ ਗਜਨ[੩੯] ਕਾ ਜੋ ਹੈ ॥ ੧੦ ॥ ਐਸੋ ਧਯਾਨ ਧਰਤਿ ਸਿਖ ਜੇਊ। ਮਨ ਬਾਂਛਤ ਫਲ ਪਾਵਹਿਂ ਤੇਊ। ਜਬ ਕਾਲੂ ਪਿਖਿ ਰਿਸ ਮਨ ਕੀਨੀ। ਲਾਲੂ ਸਭਿ ਬਿਧਿ ਮਨ ਮਹਿਂ ਚੀਨੀ ॥੧੧॥ ਸਰਬ ਬਿਧਿਨਿ ਸੁ ਅਧਿਕ ਬੁਧਿਵਾਨਾ।ਕਰਿ ਵਿਚਾਰ ਤਿਨ ਬਚਨ ਬਖਾਨਾ।'ਹਮਰੀ ਤੁਮਰੀ

---

[੧]ਮਨੁੱਖ ਗਿਆ। [੨]ਚਲੇ ਆਏ। [੩]ਮਾਤਾ ਜੀ। [੪]ਮਨ ਵਿਚ। [੫]ਸਮੁੰਦਰ ਵਾਂਗੂ। [੬]ਮਾਨੋਂ। [੭]ਲਹਿਰ। [੮]ਉੱਛਲਦੀ। [੯]ਪੁੱਤ੍ਰ। [੧੦]ਪੁੰਨਯਾ ਦੇ ਚੰਦ ਜਹੇ (ਵੱਲ)। [੧੧]ਪੁਤ੍ਰ। [੧੨]ਨਹੀਂ ਦੇਖਿਆ। [੧੩]ਬਹੁਤੇ ਦਿਨਾਂ ਤੋਂ। [੧੪]ਰਿਦਾ। [੧੫]ਪ੍ਰੇਮ ਨਾਲ ਕਾਂਗਾਂ ਵਿਚ। [੧੬]ਪੂਰਨ ਹੈ। [੧੭]ਤੇ ਦੁਖੀ ਹੈ। [੧੮]ਦੌੜਕੇ। [੧੯]ਬੇਥਵੇ(ਅ)ਅੱਗੇ ਪਿੱਛੇ। [੨੦]ਚਰਨ ਪੈਂਦੇ ਹਨ। [੨੧]ਗੁਰੂ ਜੀ। [੨੨]ਅਸੀਸਾਂ। [੨੩]ਅੱਖਾਂ ਤੋਂ। [੨੪]ਮੋਹ ਵਿਚ ਵਹਿ ਰਹੀ ਹੈ। [੨੫]ਜੱਫੀ ਤੋਂ। [੨੬]ਕਿਤੋਂ। [੨੭]ਗਰੀਬ। [੨੮]ਹੰਝੂ ਡਿੱਗਣ ਨਾਲ। [੨੯]ਭਿਜੇ। [੩੦]ਲਕ। [੩੧]ਸਾਫਾ। [੩੨]ਹੱਥ ਵਿਚ। [੩੩]ਦੋ ਪੱਟਾਂ ਵਾਲੇ ਦੋ ਚਾਦਰੇ। [੩੪]ਲੱਕ ਨਾਲ। [੩੫]ਚਾਦਰਾ। [੩੬]ਉੱਤੇ ਲੀਤਾ ਹੋਯਾ। [੩੭]ਭਾਵ, ਗੁਰੂ ਜੀ ਦੇ। [੩੮]ਸਾਫਾ। [੩੯]ਦੋ ਗਜ਼ਾਂ ਦਾ।

ਏਕਹਿ ਲਾਜਾ। ਜਸ ਅਪਜਸੁ ਕੋ ਕਾਜ ਕੁਕਾਜਾ॥ ੧੨ ॥ ਦੋਹਰਾ ॥ ਇਕ ਬਨਾਰਸੀ ਮਾਤ ਹਮ ਪਿਤਾ ਏਕ ਸ਼ਿਵਰਾਮ। ਹਮਰਾ ਤੁਮਰਾ ਭੇਦ ਨਹਿਂ, ਹੈ ਏਕੋ ਸਭਿ ਧਾਮ॥੧੩॥ ਚੌਪਈ॥ਮਾਨਹੁ ਬਚਨ ਕਹਜੋ ਅਬ ਮੇਰਾ।ਕਠਨਿ ਸੁਭਾਇ ਅਧਿਕ ਹੈ ਤੇਰਾ। ਨਹਿਂ ਦੁਰਬਾਕ[੧] ਬਖਾਨਹੁ ਕੋਊ। ਰੋਸ ਨਿਵਾਰਹੁ, ਹਿਰਦੇ ਜੋਊ ॥੧੪॥ ਆਨਨ ਉਚਰ ਮਧੁਰ ਬਰ ਬੈਨਾ। ਏਕ ਬਾਰ ਲੇ ਚਲੀਏ ਐਨਾ[੭] ।ਅਸ ਸੁਨਿ ਕਾਲੂ ਤੂਸ਼ਨ ਰਹਜੋ। ਕਰਿ ਵਿਚਾਰ ਨਹਿਂ ਬਚ ਕਛੁ ਕਹਯੋ ॥ ੧੫॥ ਲਾਲੂ ਢਿਗ ਹ੍ਵੈ ਬਚਨ ਉਬਾਚਾ[੨]। 'ਸੁਨਿ ਨਾਨਕ ! ਮੈਂ ਤੁਮਰੋ ਚਾਚਾ। ਅੰਤਰ ਤਨਕ ਤੋਰ ਮਮ ਬੈਸਾ[੩]। ਮੈਹੌਂ ਤੁਮਰੇ ਤਾਤਹਿਂ ਜੈਸਾ[੪] ॥ ੧੬ ॥ ਦੋਹਰਾ ॥ ਜਬ ਬਿਦੇਸ ਉਠਿ ਕਰਿ ਚਲੇ, ਰੁਦਨ ਕਰਤਿ ਤਵ ਮਾਤ। ਸੁਤ ਕੋ ਬਿਰਹਿ[੫] ਬਿਚਾਰਿਕੈ ਬਿਲਪਤ[੬] ਬਾਸੁਰ ਰਾਤ ॥ ੧੭ ॥ ਚੌਪਈ ॥ ਕਾਲੂ ਤੁਮਹਿਂ ਕੁਵਾਕ ਉਚਾਰੇ। ਚੇਤ ਨ ਕਰਿ,ਚਿਤ ਦੇਹੁ ਵਿਸਾਰੇ।ਨਿਜ ਜਨਨੀ ਦਿਸ਼ ਦੇਖ ਦਯਾ ਕਰਿ।ਗਵਨਹੁ[੭] ਨਹਿਂ ਬਿਦੇਸ਼[੮], ਰਹੁ ਨਿਜ ਘਰ॥ ੧੮ ॥ ਮਨ ਸਨੇਹ[੯] ਮਹਿਂ ਮਗਨ ਰਹੈ ਨਿਤ।–ਗਯੋ ਬਿਦੇਸ਼ ਹੁਤੋ ਮੁਝ ਇਕ ਸੁਤ[੧੦]–। ਯਾਂਤੇ ਕਰਤਿ ਬਿਲਾਪ[੧੧] ਕਲਾਪਾ[੧੨]*। ਸੁਤ ਬਿਰਹਾ ਤੇ ਤਨ ਪਰ ਤਾਪਾ[੧੩] ॥ ੧੯ ॥ ਸੁਨਤਿ ਸੂਤ ਸਦਨਹਿਂ ਤੇ ਧਾਈ[੧੪]। ਬਦਨ ਬਿਲੋਕਨ ਹਿਤ[੧੫] ਦੂਤਿ[੧੬] ਆਈ। ਵਡੋ ਭ੍ਰਾਤ ਹੌਂ ਪਿਤ ਸਮ ਜਾਨੋਂ[੧੭] । ਸਨਮੁਖ ਨਹਿਂ ਕੋਬਿ ਬਚਨ ਬਖਾਨੋਂ ॥ ੨੦ ॥ ਦੋਹਰਾ॥ ਨਿਜ ਨਿਕੇਤ ਚਲਿਯੇ ਅਬੈ, ਰਹੋ, ਨ ਜਾਉ ਬਿਦੇਸ। ਮਾਤ ਪਿਤਾ ਸੁਖ ਦੀਜਿਯੇ ਦੂਰ ਕਰਹੁ ਇਹ ਬੇਸ[੧੮] ॥ ੨੧ ॥ ਚੌਪਈ ॥ ਗਯਾਨ ਸਾਨ[੧੯] ਸ਼੍ਰੀ ਨਾਨਕ ਬਾਨੀ।ਆਨਨ[੨੦] ਭਨੈ ਅਨਿਕ ਗੁਨ ਖਾਨੀ। 'ਇਕ ਨਿਕੇਤ ਰੋਕਜੋ[੨੧] ਕਰਿ ਦਾਵਾ। ਜਿਹਤੇ ਕਬਹਿ ਨ ਹੋਤਿ ਚਲਾਵਾ ॥੨੨॥ ਕੂਰ ਨਿਕੇਤ ਔਰ ਸਭਿ ਜਾਨੇ। ਤਿਹ ਨਿਕੇਤ ਸੋਂ ਜਬ ਮਨ ਮਾਨੇ।

---

[੧]ਮਾੜਾ ਵਾਕ। [੨]ਕਿਹਾ। [੩]ਫਰਕ ਤੇਰੇ (ਪਿਤਾ ਦੀ ਤੇ) ਮੇਰੀ ਉਮਰ ਦਾ ਥੋੜਾ ਹੈ। [੪]ਪਿਤਾ ਵਰਗਾ। [੫]ਵਿਛੋੜਾ। [੬]ਵਿਲਕਦੀ ਹੈ। [੭]ਜਾਵੋ ਨਾ। [੮]ਪਰਦੇਸ਼। [੯]ਮੋਹ। [੧੦]ਪੁੱਤ੍ਰ। [੧੧]ਵਿਰਲਾਪ। [੧੨]ਬੜਾ। [੧੩]ਸਰੀਰ ਪੀੜਿਤ ਹੁੰਦਾ ਹੈ। [੧੪]ਘਰੋਂ ਭੱਜੀ ਆਈ ਹੈ। [੧੫]ਵੇਖਣ ਵਾਸਤੇ। [੧੬]ਛੇਤੀ। [੧੭](ਭਾਵ) ਵਡੇ ਭਰਾ ਕਾਲੂ ਨੂੰ (ਮੈਂ) ਪਿਤਾ ਬਰੋਬਰ ਜਾਣਦਾ ਹਾਂ। [੧੮]ਇਹ ਭੇਸ ਤਜ ਦਿਓ। [੧੯]ਗਿਆਨ ਵਾਲੀ। [੨੦]ਮੁਖੋਂ। [੨੧]ਮੱਲਿਆ ਹੈ।

*ਪਾ:–ਯਾਂਤੇ ਕਰਤ ਰਹਤ ਬਿਰਲਾਪਾ।

ਬਿਨਸ ਜਾਇ ਇਹ ਕੂਰ ਪਸਾਰਾ। ਫਸਹਿਂ ਬਾਦ ਨਰ ਜਗ ਜੰਜਾਰਾ॥ ੨੩॥ ਬੈਸ ਬਿਹਾਵਹਿ ਵਿਸਰੇ[1] ਸਾਰੀ।ਗਮਨਹਿਂ ਅੰਤ ਸਮੇਂ ਕਰ ਝਾਰੀ[2]। ਝੂਰ ਬਿਸੂਰਹਿਂ ਆਗੇ ਜਾਈ।–ਫਸੇ ਕੂਰ ਮਹਿਂ ਬੈਸ ਬਿਹਾਈ–'॥ ੨੪॥ ਦੋਹਰਾ॥ ਲਾਲੂ ਭਾਖੇ 'ਤਾਤ ਸੁਨਿ! ਆਈ ਹੈ ਤੁਝ ਮਾਤ। ਬਹੁਤ ਦਿਵਸ ਕੀ ਦਰਸ ਕੋ ਅਭਿਲਾਖਾ ਅਧਿਕਾਤ[3]॥੨੫॥ ਚੌਪਈ॥ ਹੈਂ ਚਾਚਾ, ਕਾਲੂ ਪਿਤ ਤੁਮਰਾ। ਪ੍ਰੇਮ ਕਰਤਿ ਪਰਵਾਰਹਿ ਸਗਰਾ। ਚਲਹੁ ਕੁਟੰਬ ਵਿਖੈ ਨਿਜ ਰਹਿਯੈ।ਆਨ[4] ਜਾਨਿ ਕੋ ਨਾਮ ਨ ਕਹਿਯੈ॥੨੬॥ ਬਾਂਧਵ ਮਹਿਂ ਪਤਿ[5] ਹ੍ਵੈ ਅਧਿਕਾਈ। ਲਖਿਹੈਂ ਲਾਇਕ ਕੌ ਸਭਿ ਭਾਈ। ਬੇਖ ਫਕੀਰੀ ਜੋ ਤੁਮ ਕੀਨੋ। ਸਭਿਹਿ ਸ਼ਰੀਕਨ ਇਉਂ ਮਨ ਚੀਨੋ[6]॥ ੨੭॥–ਭਯੋ ਨਿਲਾਯਕ, ਆਯ ਨ ਕਾਜਾ[7]। ਤਨ ਮੈਂ ਬੇਖ ਫਕੀਰੀ ਸਾਜਾ[8]–। ਚਲਹੁ ਬਸਹੁ ਨਿਜ ਬਾਂਧਵ ਮਾਂਹੀਂ[9]। ਮਾਨਹੁ ਬਚ ਮਮ, ਫੇਰਹੁ ਨਾਂਹੀਂ'॥ ੨੭॥* ਦੋਹਰਾ॥ ਸ੍ਰੀ ਨਾਨਕ ਆਨਨ ਭਨੈਂ'ਹੈ ਬਹੁ ਮਮ ਪਰਵਾਰ। ਬਸੌਂ

[1](ਸਾਈਂ ਤੋਂ) ਵਿਸਰਿਆਂ। [2]ਹੱਥ ਝਾੜਕੇ। [3]ਬਹੁਤ। [4]ਹੋਰਥੇ। [5]ਇੱਜ਼ਤ। [6]ਜਾਣਿਆਂ ਹੈ। [7]ਕੰਮ ਨਹੀਂ ਹੋ ਆਇਆ। [8]ਬਣਾਇਆ ਹੈ। [9]ਆਪਣੇ ਸਾਕਾਂ ਵਿਚ।

*ਲਿਖਤ ਦੇ ਦੋ ਨੁਸਖਿਆਂ ਵਿਚ ਤੇ ਛਾਪੇ ਦੇ ਇਕ ਨੁਸਖੇ ਵਿਚ ਏਥੇ ਹੋਰ ਪਾਠ ਕੋਈ ਨਹੀਂ ਹੈ, ਪਰ ਛਾਪੇ ਦੇ ਦੋ ਨੁਸਖਿਆਂ ਵਿਚ ਏਥੇ ਇਕ ਸ਼ਬਦ ਦਿੱਤਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ। ਇਸ ਸ਼ਬਦ ਵਿਚ ਗਿਣਿਆਂ ਪਰਵਾਰ ਉਸ ਗਿਣਤੀ ਨਾਲ ਨਹੀਂ ਮਿਲਦਾ ਜੋ ਕਵਿ ਜੀ ਨੇ ਏਥੇ ਅੰਕ ੨੮ ਤੋਂ ਅੰਕ ੩੨ ਤਕ ਗਿਣਿਆ ਹੈ। ਜੇ ਕਦੇ ਕਵਿ ਜੀ ਇਹ ਸ਼ਬਦ ਆਪ ਅੰਕ ੨੮ ਦੇ ਅੱਗੇ ਲਿਖਦੇ ਤਾਂ ੨੯ ਤੋਂ ੩੨ ਤਕ ਦੇ ਛੰਦਾਂ ਵਿਚ ਉਸ ਦੀ ਟੀਕਾ ਕਰਦੇ ਤੇ ਮੂਲ ਤੇ ਟੀਕਾ ਵਿਚ ਵਿਰੋਧ ਨਾ ਹੁੰਦਾ। ਇਸ ਤੋਂ ਸੰਸਾ ਹੁੰਦਾ ਹੈ ਕਿ ਇਹ ਸ਼ਬਦ ਕਿਸੇ ਨੇ ਪਿਛੋਂ ਪਾਯਾ ਹੈ।

> ਖਿਮਾ ਹਮਾਰੀ ਮਾਤਾ ਕਹੀਐ ਸੰਤੋਖ ਹਮਾਰਾ ਪਿਤਾ॥ ਸਤ ਹਮਾਰਾ ਚਾਚਾ ਕਹੀਐ ਜਿਸ ਸੰਗ ਮਨੂਆ ਜਿਤਾ॥ ੧॥ ਸੁਣ ਲਾਲੂ ਗੁਣ ਐਸਾ॥ ਸਗਲ ਲੋਕ ਬੰਧਨ ਕੇ ਬਾਂਧੇ ਸੋ ਗੁਣ ਕਹੀਐ ਕੈਸਾ॥ ੧॥ ਰਹਾਉ॥ ਭਾਉ ਭਾਈ ਸੰਗ ਹਮਾਰੈ ਪ੍ਰੇਮ ਪੂਤ ਸੋ ਸਾਚਾ॥ ਧੀ ਹਮਾਰੇ ਧੀਰਜ ਬਣੀਐ ਐਸੇ ਸੰਗ ਹਮ ਰਾਚਾ॥ ੨॥ ਸਾਂਤ ਹਮਾਰੇ ਸੰਗ ਸਹੇਲੀ ਮਤਿ ਹਮਾਰੇ ਦੇਲੀ॥ ਏਹ ਕੁਟੰਬ ਹਮਾਰਾ ਕਹੀਐ ਸਾਸ ਸਾਸ ਸੰਗ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਰੈਨ ਦਿਨ ਤਿਨਹਿ ਮਹਿਂ ਪਤਿ ਜਹਿਂ ਪਰਮ ਅਪਾਰ॥੨੯॥ ਚੌਪਈ ॥ ਪ੍ਰੇਮ ਪਿਤਾ ਬਰ, ਸੁਮਤਿ ਸੁ ਮਾਤਾ। ਧਾਇ[1] ਦੁਲਾਰਹਿ ਕਰਿ ਹਿਤ ਸ਼ਾਂਤਾ[2]। ਭਯੋ ਸੰਤੋਖ ਭਲੋ ਸੋ ਦਾਯਾ[3]। ਨਿਸ ਬਾਸੁਰ ਲੇ ਅੰਕ[4] ਖਿਲਾਯਾ॥ ੩੦ ॥ ਖਿਮਾ ਭਗਨਿ, ਬੈਰਾਗ ਸੁਭਾਈ॥ਸਤਿ ਚਾਚਾ ਹਿਰਦੈ*ਹਿਤ ਲਾਈ॥ਗਜਾਨ ਸਪੂਤ ਉਪਜ ਸੁਖਪਾਯਾ। ਸਭਿ ਬਾਧਵ ਮਹਿਂ ਨਾਮ ਵਧਾਯਾ ॥ ੩੧ ॥ ਤਿਹਂ ਕੋ ਸੁਤ ਬਿਗਜਾਨ ਪ੍ਰਕਾਸ਼ਾ। ਜਿਨ ਦਾਰਿਦ ਅੱਗਜਾਨ ਬਿਨਾਸ਼ਾ। ਇਹ ਪਰਵਾਰ ਸਰਸ[5] ਸੁਖਰਾਸੂ॥ ਜਿਸ ਮਹਿਂ ਹੌਂ ਨਿਤ ਕਰਤਿ ਬਿਲਾਸੂ ॥ ੩੨॥ ਦੋਹਰਾ ॥ ਇਸ ਕੁਟੰਬ ਕੌ ਛੋਡਿ ਜੇ ਅਨਤ ਬਸਹਿਂ ਅਨਜਾਨ। ਪਤਿ ਸਦੀਵ ਆਗੈ ਇਹਾਂ ਜਿਸਤੇ ਹੋਇ ਨ ਹਾਨ[6]॥੩੩॥ ਚੌਪਈ ॥ ਇਹ ਬਿਧਿ ਕਮਲ ਬਦਨ ਤੈ ਬਦਿਕਰਿ†। ਤੂਸ਼ਨ ਹੋਇ ਰਹੇ ਪੁਨਿ ਜਗ ਗੁਰ॥ਲਾਲੂ ਤਬ ਕਾਲੂ ਸੋਂ ਕਹਜੋ। 'ਹਮ ਅਵਾਸ ਤੇ ਨਾਨਕ ਰਹਜੋ ॥ ੩੪ ॥ ਕਿਹ ਬਿਧਿ ਲੇਯ ਚਲਹੁ ਢਿਗ ਰਾਇ[7]। ਜੋ ਦੇਵਹਿ ਇਹ ਕੋ ਸਮਝਾਇ'। ਸ੍ਰੀ ਗੁਰ ਸੋਂ ਬੋਲਜੋ ਪੁਨਿ ਬੈਨਾ।'ਰਾਇ ਨਿਕਟ ਚਲੀਅਹਿ ਸੁਖਦੈਨਾ'! ॥੩੫॥ਸੁਨਿ ਕਰਿ ਰਾਇ ਨਾਮ ਕੋ ਦਜਾਲਾ। ਉਠਿ ਕਰਿ ਚਲੇ ਸੰਗ ਤਤ-ਕਾਲਾ॥ਮਾਨਵ ਔਰ ਬਹੁਤ ਕੇ ਸਾਥੂ॥ਮਿਲਤਿ ਨਿਵਾਵਤਿ ਹੈਂ ਨਿਜ ਮਾਥੂ[8] ॥ ੩੬ ॥ ਦੋਹਰਾ ॥ ਸ੍ਰੀ ਨਾਨਕ ਕੇ ਨਾਮ ਕੀ ਲਿਵ ਮਨ[9] ਦਰਸ ਪਿਆਸ। ਰਿਦੈ ਉਡੀਕ ਸਦੀਵ ਹੀ–ਕਬਿ ਆਵਹਿਂ ਮਮ ਪਾਸ–॥ ੩੭ ॥ ਚੌਪਈ ॥

---

[1]ਦਾਈ। [2]ਸ਼ਾਂਤੀ। [3]ਖਿਡਾਵਾ। [4]ਗੋਦੀ ਵਿਚ। [5]ਵਧੀਕ। [6]ਪਤ ਨਾਸ਼ ਨਹੀਂ ਹੁੰਦੀ। [7]ਰਾਇ ਬੁਲਾਰ ਦੇ। [8]ਮੱਥਾ। [9]ਰਾਇ ਬੁਲਾਰ (ਦੇ) ਮਨ ਵਿਚ। *ਪਾ:–ਹੇਰੇ। †ਪਾ:–ਬਚ ਕਰ।

[ਪਿਛਲੇ ਪੰਨੇ ਦੀ ਬਾਕੀ ਟੂਕ]

ਖੇਲੀ ॥ ੩ ॥ ਏਕੰਕਾਰ ਹਮਾਰਾ ਖਾਵੰਦ ਜਿਨ ਹਮ ਬਣਤ ਬਣਾਏ ।
ਉਸ ਕੋ ਤਿਆਗ ਅਵਰ ਕੋ ਲਾਗੇ ਨਾਨਕ ਸੋ ਦੁਖ ਪਾਏ ॥ ੪ ॥

ਜੇ ਕਦੇ ਅਸਾਂ ਇਸ ਭਾਵ ਨਾਲ ਕੁਛ ਮਿਲਦਾ ਸ਼ਬਦ ਗੁਰਬਾਣੀ ਦਾ ਸ੍ਰੀ ਮੁਖ ਵਾਕ ਅਸਲੀ ਲੱਭਣਾ ਹੋਵੇ ਤਾਂ ਇਹ ਹੈ:– ਗਉੜੀ ਮਹਲਾ ੧ ॥

ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥ ੧ ॥ ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥ ੧ ॥ ਰਹਾਉ ॥ ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥ ੨ ॥ ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥ ੩ ॥

ਇਕ ਨਰ ਦੌਰ ਕਹੀ ਸੁਧਿ ਤਾਂਕੋ। 'ਆਵਤਿ ਨਾਨਕ ਚਾਹਤਿ ਜਾਂਕੋ'। ਸੁਨਿ ਕਰਿ ਗਿਰਾ ਬਿਸਾਲ ਹੁਲਾਸੇ[1]। ਮਨਹੁ ਮਿਲ੍ਯੋ ਜਲ ਬਿਕੁਲ[2] ਪਿਆਸੇ[3]॥ ੩੮॥ ਆਵਤਿ ਦੇਖਿ ਦੂਰ[4] ਰਵਿ-ਦਯਾਲਾ। ਬਦਨ ਕਮਲ ਸਾ ਖਿਰਾ[5] ਬਿਸਾਲਾ। ਚੰਦ੍ਰਬਦਨ ਪ੍ਰੀਤਮ ਕੋ ਹੇਰਾ। ਚਖ ਚਕੋਰ[6] ਭਾ ਅਨੰਦ ਘਨੇਰਾ ॥ ੩੯ ॥ ਬਿਨ ਬਲ ਬਪੁਖ[7], ਬਿਰਧ, ਵਡ ਬੈਸਾ। ਹੁਤੋ ਮੰਚ[8] ਪਰ ਤਿਹ ਛਿਨ ਬੈਸਾ। ਉਠਨ ਲਗ੍ਯੋ ਪਗ ਧਰਨੀ ਧਰੇ। ਸ੍ਰੀ ਗੁਰੁ ਜਾਇ ਨਿਵਾਰਨ[9] ਕਰੇ ॥ ੪੦॥ ਦੋਹਰਾ ॥ ਪ੍ਰੇਮ ਸੰਗਿ ਗਦਗਦ ਗਿਰਾ, ਨੈਨ ਅਨੰਦ ਕੋ ਨੀਰ। ਮਾਨਹੁ ਗ੍ਯਾਨ ਸਨੇਹ ਦੋ* ਧਰਿ ਕੇ ਮਿਲੇ ਸਰੀਰ ॥੪੧॥ ਚੌਪਈ॥ ਭਯੋ ਨਿਮਗਨ ਪ੍ਰੇਮ ਅਸਗਾਹੂ। ਪੈਰਨ[10] ਪਾਰ ਨ ਪਾਵਹਿ ਬਾਹੂ[11]। ਲੋਚਨ ਤੇ ਮੋਚਤਿ[12] ਜਲਧਾਰਾ। ਪੁਲਕਤਿ[13] ਦੇਹਿ ਨ ਬੋਲ ਉਚਾਰਾ ॥੪੨॥ ਕਿਤਕ ਬਾਰ ਭਰਿ ਕਰਿ ਨਿਜ ਅੰਕਾ[14]। ਬਹੁਰੋ ਛੋਰੇ ਬਦਨ ਮਯੰਕਾ[15]। ਪਗ ਪਰ ਸ਼੍ਰੀ ਗੁਰੁ ਯੁਗ ਕਰ ਰਾਖੇ। ਔਗੁਨ ਜਾਨ ਬਦਨ ਬਚ ਭਾਖੇ[16] ॥੪੩॥ 'ਕਹਿਰ ਕਰ੍ਯੋ ਸ਼੍ਰੀ ਨਾਨਕ ਤੋਹੀ। ਜੀਵਤਿ ਮਿਰਤਕ† ਕੀਨੋ ਮੋਹੀ। ਬੰਦਨ ਪੂਜਨ ਤੁਮਹਿਂ ਬੁਲਾਯੋ। ਮਮ ਮਨ ਦਰਸ਼ਨ ਕੋ ਲਲਚਾਯੋ॥੪੪॥ ਪਗ ਪਰ ਧਰਿ ਕਰਿ ਮੁਝ ਦੁਖ ਦੀਨੋ। ਵਡ ਬਿਪਰੀਤਿ ਬਾਤ ਇਹ ਕੀਨੋ। ਕਿਹ ਬਿਧਿ ਔਗੁਨ ਏਹ ਉਤਾਰੋਂ। ਕੋ ਉਪਚਾਰ ਨ ਰਿਦੈ ਬਿਚਾਰੋਂ' ॥ ੪੫ ॥ ਦੋਹਰਾ ॥ ਸ਼੍ਰੀ ਨਾਨਕ ਕਹਿਂ 'ਵਡੇ ਤੁਮ ਪ੍ਰੇਮੀ ਬਹੁਰ ਖ਼ੁਦਾਇ। ਭ੍ਰਿੱਤਨ[17] ਸਮ ਜਾਨਹੁ ਹਮੈ ਬੰਦਨ ਹੀ ਬਨਿਆਇ' ॥ ੪੬ ॥ ਚੌਪਈ ॥ 'ਭਗਤਨ ਕੋ ਨਿਜ ਤੇ ਅਧਿਕਾਈ[18]। ਦੇਤਿ ਦਾਸ ਕੋ ਵਡ ਵਡਿਆਈ। ਜਾਨਤਿ ਹੈ ਜਗ ਨਈ ਨ ਰੀਤੀ। ਅਹੈ ਸਨਾਤਨ ਸਭਿ ਜੁਗ ਕੀਤੀ॥੪੭॥ ਪਾਂਡਵ ਹੁਤੋ ਜੁਧਿਸ਼ਟਰ ਰਾਊ। ਕ੍ਰਿਸ਼ਨ ਕਿਯੋ ਬਸਿ ਭਗਤਿ ਪ੍ਰਭਾਊ। ਆਇਸ[19] ਮਾਨ ਕਰਹਿਂ ਪਦ ਬੰਦਨ । ਰਹਹਿਂ ਦਾਸ ਜਿਉਂ ਦੇਖ

[1]ਬੜਾ ਖੁਸ਼ ਹੋਇਆ। [2]ਵਿਆਕੁਲ ਹੋਏ। [3]ਤਿਹਾਏ ਨੂੰ। [4]ਦੂਰੋਂ। [5]ਖਿੜਿਆ। [6]ਨੇਤਰਾਂ ਰੂਪੀ ਚਕੋਰਾਂ ਨੂੰ। [7]ਨਿਰਬਲ ਸਰੀਰ। [8]ਪਲੰਘ। [9]ਰੋਕਿਆ। [10]ਤਰਕੇ। [11]ਬਾਹਾਂ ਨਾਲ। [12]ਕੇਰਦਾ ਹੈ। [13]ਰੋਮ ਖੜੇ। [14]ਜੱਫੀ ਵਿਚ। [15]ਭਾਵ ਗੁਰੂ ਜੀ। [16]ਗਾਇ ਨੇ ਕਹੇ। [17]ਦਾਸਾਂ। [18]ਉੱਚਾ ਪਨ। [19]ਆਗ੍ਯਾ।

*'ਗ੍ਯਾਨ ਮੂਰਤੀ' ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੇ ਸਨੇਹ='ਪ੍ਰੇਮ ਸ੍ਵਰੂਪ' ਰਾਇ ਬੁਲਾਰ ਜੀ।

†ਪਾ:-ਮ੍ਰਿਤਕਿਨ।

ਨਿਕੰਦਨ ॥੪੮॥ ਸਦਾ ਅਧੀਨ ਭਗਤਿ ਕਰਤਾਰਾ। ਇਹ ਬਿਧਿ ਹਿਰਦੈ ਬਿਰਦ ਮੁਰਾਰਾ। ਬਸੀ ਬਿਸ੍ਵ ਜਿਸ ਬਿਸ਼ਨ ਬਿਆਪੂ[੧] *। ਸੋ ਬਸ ਤਿਨਕੇ[੨] ਭਗਤਿ ਪ੍ਰਤਾਪੂ[੨] ॥ ੪੯ ॥ ਦੋਹਰਾ ॥ ਬਿਨੈ[੩] ਬਖਾਨਤਿ[੪] ਦੀਨ ਮਨ ਹਾਥ ਬੰਦਿ ਕਰਿ ਰਾਉ[੫]। 'ਜਗਤਜੋਨਿ, ਜਲਜਾਨਨੰ, ਜਲਜੰਘ੍ਰੀ ਜਜਵਾਉ[੬]॥੫੦ ॥ ਚੌਪਈ ॥ ਪਰਮੇਸ਼ੁਰ ਤੂੰ ਪੁਰਖ ਪੁਰਾਤਨ। ਪਾਰਬ੍ਰਹਮ ਕਿਰਪਾਲ ਸਨਾ-ਤਨ[੭]। ਜੋਤੀ ਰੂਪ ਅਨੂਪ ਸਰੂਪਾ। ਸ਼ਾਹਿਨਸ਼ਾਹ ਭੂਪ ਕੋ ਭੂਪਾ[੮] ॥ ੫੧ ॥ ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ !। ਦੀਨਬੰਧੁ ਸਭਿ ਅੰਤਰਜਾਮੀ। ਭਵ ਬੰਧਨ ਤੇ ਕਰਿ ਛੁਟਕਾਰਾ। ਪਤਿਤ ਉਧਾਰਨ ਬਿਰਦ ਤੁਮਾਰਾ'॥੫੨॥ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ। ਤਿਉਂ ਤਿਉਂ ਰਾਇ ਮੋਹ ਤਮ[੯] ਟਰਿਈ। ਦੇਖ ਦੀਨਤਾ ਅਧਿਕ ਦਯਾਲਾ। ਰਿਦੈ ਪ੍ਰਸੀਦਤਿ[੧੦] ਭਯੋ ਬਿਸਾਲਾ ॥੫੩॥ ਦੋਹਰਾ ॥'ਬਖਸ਼ੇ ਪ੍ਰਥਮ ਖ਼ੁਦਾਇ ਤੁਮ ਨਿਸ਼ਚਾ ਰਿਦੈ ਅਡੋਲ। ਆਪ ਰਹਹੁ-ਗੇ ਸੰਗ ਮੁਝ, ਪਾਵਹੁ ਅਨਦ ਅਮੋਲ'॥੫੪॥ਚੌਪਈ॥ ਸੁਨਿ ਸ਼੍ਰੋਨਨ ਪੁਨਿ ਬੋਲਯੋ† ਰਾਊ। 'ਜਬ ਮਾਨਹੁ ਗੇ ਮੈਂ ਜੁ ਅਲਾਊਂ[੧੧]। ਤਬ ਜਾਨੋਂਗੋ ਕਰੁਨਾ ਕਰੀ। ਯੋਂ ਨ ਪ੍ਰਤੀਤਿ ਆਇ, ਨਰਹਰੀ[੧੨] !॥੫੫॥ ਪਦ ਅਰਬਿੰਦ ਅਨੰਦ ਕੰਦ ਜੇ। ਜਜਿ ਕਰਿ‡[੧੩] ਬੰਦੋਂ[੧੪] ਹਾਥ ਬੰਦ[੧੫] ਜੇ। ਤਬ ਤ੍ਰਿਪਤਹਿ ਚਿਤ, ਤਰਨ ਤਰੰਨਾ[੧੬]!। ਅਸ ਬਿਧਿ ਬਿਨ ਮਨ§ ਨਹੀਂ ਅਮੰਨਾ[੧੭]॥੫੬॥ਹੁਇ ਜਾਊਂ ਮੈਂ ਤਬਹਿ ਨਿਹਾਲੂ[੧੮]। ਛੂਟਹਿ ਜਗਤ ਜੋਨਿ ਜਮ ਜਾਲੂ। ਬਿਨੈ ਮਾਨਿਯੇ ਦੀਨ ਦਯਾਲਾ। ਪਰਨਾ ਚਰਨਹਿੰ ਸ਼ਰਨ[੧੯] ਬਿਸਾਲਾ' ॥੫੭ ॥ ਦੋਹਰਾ ॥ ਪ੍ਰੇਮਾਤੁਰ ਅਵਿਲੋਕ ਗੁਰ ਕਹਤਿ 'ਲਾਲਸਾ ਜੋਇ। ਬਚਨ

---

[੧]ਵਸ ਹੈ ਜਗਤ ਜਿਸ ਵਿਆਪਕ ਵਿਸ਼ਨੂੰ ਦੇ। [੨]ਭਾਵ ਭਗਤਾਂ ਦੇ। [੩]ਬੇਨਤੀ। [੪]ਆਖਦਾ ਹੈ। [੫]ਰਾਇ ਬੁਲਾਰ। [੬]ਭਾਵ ਤੁਸੀਂ ਜਗਤ ਦਾ ਕਾਰਨ ਹੋ, ਕਵਲ ਮੁਖ ਹੋ, ( ਮੈਥੋਂ ਅਪਣੇ ) ਜਲਜ ਅੰਘ੍ਰੀ=ਚਰਨ ਕਮਲ, ਪੁਜਵਾਓ। [੭]ਅਨਾਦੀ। [੮]ਰਾਜਿਆਂ ਦਾ ਰਾਜਾ। [੯]ਮੋਹ ਰੂਪੀ ਹਨੇਰਾ। [੧੦]ਪ੍ਰਸੰਨ(ਅ)ਪੰਘਰੇ। [੧੧]ਆਖਾਂ। [੧੨]ਭਾਵ ਹੇ ਰੱਬ ਜੀ। [੧੩]ਪੂਜਨ ਕਰਕੇ। [੧੪]ਮੱਥਾ ਟੇਕਾਂ। [੧੫]ਹੱਥ ਜੋੜਕੇ। [੧੬]ਹੇ ਤਾਰਨ ਹਾਰ ਜਹਾਜ ਰੂਪ (ਅ) ਹੇ ਸੂਰਜਾਂ ਦੇ ਸੂਰਜ। [੧੭]ਮਨ ਨਹੀਂ ਪਤੀਜਦਾ। [੧੮]ਤਦੋਂ ਨਿਹਾਲ ਹੋ ਜਾਸਾਂ (ਜਦੋਂ ਤੁਸੀਂ ਚਰਨੀਂ ਹੱਥ ਲੁਆ ਲਓ)। [੧੯]ਚਰਨਾਂ ਦੀ ਸ਼ਰਣ ਦਾ ਆਸਰਾ।

*ਪਾঃ—ਬਿਸ੍ਵ ਬਿਵਸ ਜਿਸ ਬਿਸ਼ਨ ਬਿਆਪੂ—ਵਾ—ਬਸਬ ਬਿਸ੍ਵ......।

†ਪਾঃ—ਪੁਲਕਯੋ। ‡ਪਾঃ—ਜੁਗ ਕਰ। §ਪਾঃ—ਮਮ।

ਬਹੋਰਯੋ[੧] ਜਾਤਿ ਨਹਿੰ, ਕਰੀਯੇ ਤਸ ਬਿਧਿ[੨] ਸੋਇ[੩] ॥ ੫੮ ॥ ਚੌਪਈ ॥
ਘਟਿਕਾ ਚਤੁਰ[੪] ਸਰਬ ਪਰਵਾਰਾ[੫]। ਕਹਯੋ ਰਾਇ, ਪੁਨ ਗਏ ਅਗਾਰਾ[੬]।
ਉਰ ਕਰਿ ਹਰਖ ਬੁਲਾਰ ਬਿਚਾਰਾ।–ਪੂਰਬ ਪਾਕ ਕਰਾਉਂ[੭] ਅਹਾਰਾ–॥੫੯॥
ਦਾਸ ਪਠਯੋ[੮], ਦਿਜ ਦੂੱਤ ਬੁਲਾਯੋ। ਹੋਇ ਪ੍ਰੇਮ ਮੈਂ ਬਚਨ ਅਲਾਯੋ।
'ਮਿਲਯੋ ਆਨਿ ਕਰਿ ਮੋਹਿ ਖੁਦਾਇ। ਕਰਹੁ ਰਸੋਈ ਦਿਜ ਅਬ ਨ੍ਹਾਇ
॥੬੦॥ ਮਮ ਹਦੂਰ ਸ਼ੁਭ ਪਰਮ ਅਹਾਰਾ। ਅਚਵਾਵਹੁ, ਨਹਿੰ ਕਰਹੁ ਅਵਾ-
ਰਾ[੯]। ਸੁਚ ਸੋਂ ਲੇ ਜਲ ਕੁੰਭ[੧੦] ਨਵੀਨਾ। ਰੁਚਿ ਸੋਂ ਕਰਹੁ ਪਾਕ[੧੧], ਪਰ-
ਬੀਨਾ[੧੨]' ॥ ੬੧ ॥ ਬਿੰਜਨ[੧੩], ਮਧੁਰ ਰੁਚਿਰ ਕਰਿਵਾਏ। ਮੇਵੇ ਪਾਇਸੁ[੧੪]
ਮਾਂਹਿ ਮਿਲਾਏ। ਸੂਖਮ[੧੫] ਚਾਵਰ[੧੬] ਘ੍ਰਿੱਤ[੧੭] ਭੁੰਦਾਏ[੧੮]। ਨਾਨਾ ਭਾਂਤਿ ਸਲ-
ਵਨ[੧੯] ਬਨਾਏ॥੬੨॥ ਦੋਹਰਾ॥ ਆਪ ਉਠੇ ਲੇ ਆਬ[੨੦] ਕੋ ਪਾਦ ਪਖਾਲਨ[੨੧]
ਹੇਤ। ਬੈਸੇ ਬਰ ਪਰਯੰਕ ਪਰ ਸ਼੍ਰੀ ਬੇਦੀ ਕੁਲਿਕੇਤ॥੬੩॥ ਚੌਪਈ॥ ਅਵਨੀ[੨੨]
ਆਸਨ ਹੀਨ ਅਸੀਨਾ[੨੩]। ਅਤਿ ਸਤਿਕਾਰ ਤਿ ਪ੍ਰੀਤਹਿੰ ਲੀਨਾ। ਗਹੇ ਚਰਨ
ਕਚ[੨੪] ਨੀਰ ਪਖਾਰੇ[੨੫]। ਚਰਨੋਦਿਕ[੨੬] ਲੇ ਸਿਰ ਪਰ ਧਾਰੇ ॥ ੬੪॥ ਪਾਇ
ਬਦਨ ਮਹਿੰ, ਨੈਨ ਸਲੋਸੇ[੨੭]। ਪੁਨ ਪਟ[੨੮] ਸੋਂ ਪਦ[੨੯] ਪੌਂਛਿ[੩੦] ਪਲੋਸੇ[੩੧]।
ਧਰਿ ਮਾਥੇ ਪਰ ਪ੍ਰੇਮ ਮਗੀਨਾ। ਬਿਹਬਲ ਬੱਕ੍ਰਤ[੩੨] ਬੋਲ ਅਵੈ ਨਾ[੩੩]
॥ ੬੫ ॥ ਭਾ ਅਨੰਦ ਉਰ ਬਰਨ ਨ ਜਾਈ। ਕੋ ਕਵਿ ਪ੍ਰੇਮ ਗਾਥ
ਜੋ ਗਾਈ ?। ਪ੍ਰੇਮ ਸਾਦ ਗੂੰਗੇ ਮਿਠਿਆਈ। ਕਹਜੈ ਨ ਜਾਇ, ਰਹਤਿ
ਅਰਗਾਈ[੩੪] ॥ ੬੬ ॥ ਦੋਹਰਾ ॥ ਪਾਨ[੩੫] ਪਰਸ[੩੬] ਪਦ ਪੰਕਜੇ, ਪਾਕਹਿੰ
ਸੁਧਿ ਮੰਗਵਾਇ[੩੭]। ਪਾਕਸਾਲ[੩੮] ਮਹਿੰ ਲੇਗਯੋ ਪ੍ਰੇਮ ਵਧਿਤਿ ਅਧਿਕਾਇ
॥੬੭॥ ਚੌਪਈ॥ ਨਿਜ ਹਦੂਰ[੩੯] ਬੈਸਾਇ ਕ੍ਰਿਪਾਲਾ[੪੦]। ਦਿਜ ਸੋਂ ਬਚਨ ਭਨੇ

---

[੧]ਮੋੜਿਆ। [੨]ਓਸੇ ਤਰ੍ਹਾਂ। [੩]ਓਹੋ ਗਲ। [੪]ਚਾਰ ਘੜੀਆਂ। [੫]ਪਰਵਾਰ, (ਓਥੇ ਰਿਹਾ)।
[੬]ਗਏ ਘਰ (ਆਪਣੇ)। [੭]ਪਕਵਾਵਾਂ ਭੋਜਨ (ਅ) ਪਵਿੱਤ੍ਰ ਅਹਾਰ। [੮]ਭੇਜਿਆ। [੯]ਡੇਰ।
[੧੦]ਘੜਾ। [੧੧]ਰਸੋਈ। [੧੨]ਹੇ ਸਿਆਣੇ। [੧੩]ਭੋਜਨ। [੧੪]ਖੀਰ। [੧੫]ਬਰੀਕ। [੧੬]ਚਾਵਲ।
[੧੭]ਘਿਉ ਵਿਚ। [੧੮]ਤੜਕੇ। [੧੯]ਸਲੂਣੇ। [੨੦]ਜਲ। [੨੧]ਚਰਨ ਧੋਣ। [੨੨]ਜਮੀਨ ਤੇ।
[੨੩]ਬੈਠਕੇ (ਰਾਇ ਬੁਲਾਰ ਨੇ)। [੨੪]ਹੱਥਾਂ ਨਾਲ। [੨੫]ਧੋਤੇ। [੨੬]ਚਰਣਾਂਮ੍ਰਿਤ। [੨੭]ਛਿੜਕਿਆ
(ਅ) ਨੈਣ ਗਿੱਲੇ ਕੀਤੇ (ਸਲ=ਪਾਣੀ, ਓਸਨੇ=ਵਸਾਉਣਾ)। [੨੮]ਕਪੜੇ। [੨੯]ਚਰਣ।
[੩੦]ਪੂੰਝਕੇ। [੩੧](ਹੱਥਾਂ ਨਾਲ) ਮਲੇ। [੩੨]ਮੂੰਹੋਂ, [ ਸੰਸ:, ਵਕ੍ਤ੍ਰ ]। [੩੩]ਆਉਂਦਾ ਨਹੀਂ।
[੩੪]ਚੁੱਪ। [੩੫]ਹੱਥਾਂ ਨਾਲ। [੩੬]ਛੋਹਕੇ। [੩੭]ਭੋਜਨ ਦੀ ਖਬਰ ਮੰਗਾਈ। [੩੮]ਰਸੋਈ।
[੩੯]ਸਾਹਮਣੇ। [੪੦]ਗੁਰੂ ਜੀ ਨੂੰ।

ਤਿਹੰ ਕਾਲਾ। 'ਰੁਚਿ ਅਨੁਸਾਰਹਿ ਦੇਹੁ ਅਹਾਰਾ। ਪਾਤ੍ਰ[1] ਧਰਿ ਕਰਿ ਬਿਬਿਧ[2] ਪ੍ਰਕਾਰਾ ॥ ੬੮ ॥ ਪੂਰਬ ਮਧੁਰ[3] ਪਰੋਸਿ[4] ਅਹਾਰੂ । ਪੀਛੇ ਤੇ ਤੁਰਸ਼ੈ[5], ਲਵਨਾਰੂ[6]। ਰੁਚਿ[7] ਸੋਂ ਅਸਨ ਅਚਹਿੰਗੇ[8] ਜਬਹੀ। ਜਨਮ ਕ੍ਰਿਤਾਰਥ ਹ੍ਵੈ ਮਮ ਤਬਹੀ'॥ ੬੯ ॥ ਸੁਨੇ ਰਾਇ ਕੇ ਬੈਨ ਉਦਾਰਾ[9]। ਸੁਖ-ਸਾਗਰ ਮੁਖ ਬਚਨ ਉਚਾਰਾ। ਭੋਜਨ ਕੀ ਬਿਧਿ ਦੀਨਿ ਬਤਾਈ। ਜਿਹ ਤੇ ਸ਼ੁਭ ਪਦਵੀ ਨਰ ਪਾਈ[10] ॥੭੦॥

ਮਾਰੂ ਮਹਲਾ ੧ ॥

*ਮਿਠਾ ਮਰਮ ਸਲੂਣਾ ਸੰਜਮ ਖਟਾ ਖਰਾ ਧਿਆਨ ॥ ਐਸਾ ਭੋਜਨ ਜੋ ਜਨ ਅਚਵੈ ਸੋ ਮਾਣਸ ਪਰਧਾਨ ॥ ੧ ॥ ਰਾਇ ਜੀ ਭੋਜਨ ਐਸਾ ਕਰੀਐ ॥ ਔਰ ਸਕਲ ਪਰਹਰੀਐ ॥ ੧ ॥ ਰਹਾਉ ॥ ਮੇਵਾ ਮਗਨ ਲਗਾ ਸਚੁ ਸੇਤੀ ਜਿਸ ਖਾਧੇ ਤ੍ਰਿਪਤਾਵੈ ॥ ਸਤਿਗੁਰੁ ਬਿਰਖ ਫਲਿਆ ਸਣਿ ਡਾਲੀ ਸੋ ਫਲ ਚੁਗ ਚੁਗ ਖਾਵੈ ॥ ੨ ॥ ਅੰਮ੍ਰਿਤ ਫਲ ਰਸ ਨਾਮ ਧਣੀ ਕਾ ਸੋ ਪੀਵੈ ਜਿਸੁ ਦੇਵੈ ॥ ਸਫਲ ਦਰਸ ਅਕਾਲ ਮੂਰਤਿ ਹੈ ਜਾਂਕੇ ਹਿਦੇ ਸਮੇਵੈ ॥ ੩ ॥ ਕਹੁ ਨਾਨਕ ਸੋ ਖਰਾ ਸੁਆਦੀ ਏਕੰਕਾਰ ਰਸੁ ਲੀਆ ॥ ਅਵਰ ਸੁਆਦ ਸਭ ਫੀਕੇ ਲਾਗੇ ਜਬ ਸਚੁ ਨਾਮ ਮੁਖ ਦੀਆ ॥ ੪ ॥

ਦੋਹਰਾ ॥ ਸੁਨਿ ਸ਼੍ਰੋਨਨ ਮੈਂ ਰਾਇ ਕਹਿ 'ਕਰਨ ਕਰਾਵਨ ਆਪ। ਜਿਸ ਪਰ ਤੁਮ ਕਰੁਨਾ ਕਰਹੁ ਦੇਹੁ ਨਾਮ ਕੋ ਜਾਪ'॥੭੧॥ਚੌਪਈ॥ ਪੂਰਬ ਮਧੁਰ ਪਰੋਸਯੋ ਦਿਜ ਕਰ[11]। ਲਵਨ ਸਹਿਤ ਪੁਨਿ ਤੁਰਸ਼ ਸਾਦ ਬਰ। ਜਿਉਂ ਜਿਉਂ ਕੌਰ[12] ਬਦਨ ਮਹਿਂ ਪਾਵਹਿਂ। ਤਿਉਂ ਤਿਉਂ ਰਾਇ ਅਨੰਦ ਨ ਮਾਵਹਿ† ॥ ੭੨ ॥ ਬਦਨ ਚੰਦ ਕੀ ਦਿਸ਼[13] ਹ੍ਵੈ ਕੋਕਾ[14]। ਲੋਚਨ ਲਾਇ ਬਿਲੋਕ ਅਸ਼ੋਕਾ[15]।ਉਠੇ ਅਚਵ ਕਰਿ ਬਿਬਿਧ ਅਹਾਰਾ। ਰਾਇ ਜੋਰਿ ਕਰ ਬਚਨ ਉਚਾਰਾ ॥ ੭੩ ॥ 'ਸਫਲ ਮਨੋਰਥ ਕੀਨ ਹਮਾਰਾ। ਮਨ ਜਾਨਯੋ ਅਬ ਭਾ[16] ਨਿਸਤਾਰਾ'। ਬੈਸੇ ਬਹੁਰ ਆਨ ਪਰਯੰਕਾ। ਸੋਹਤਿ ਬਦਨ[17]

[1]ਭਾਂਡੇ। [2]ਅਨੇਕ। [3]ਮਿੱਠੇ। [4]ਪਰੋਸਕੇ। [5]ਖੱਟੇ। [6]ਸਲੂਣੇ। [7]ਸੁਆਦ ਨਾਲ। [8]ਛਕਣਗੇ। [9]ਸ੍ਰੇਸ਼ਟ। [10]ਪ੍ਰਾਪਤ ਹੋਵੇ। [11]ਬ੍ਰਾਹਮਨ ਨੇ ਹੱਥੀਂ। [12]ਬੁਰਕੀ, ਗ੍ਰਾਹੀ। [13]ਗੁਰੂ ਜੀ ਦੇ ਚੰਦ ਮੁਖ ਵਲ। [14]ਚਕੋਰ ਹੋਕੇ। [15]ਵੇਖਦਾ ਹੈ ਅਨੰਦ ਨਾਲ। [16]ਹੋ ਗਿਆ। [17]ਮੁਖ।

*ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ਸ਼ਬਦ ਨਹੀਂ ਹੈ, ਤਾਂਤੇ ਸ੍ਰੀ ਮੁਖਵਾਕ ਨਹੀਂ। †ਪਾ:-ਅਨੰਦ ਮਨਾਵਹਿ।

ਅਨੰਕ* ਮਯੰਕਾ[੧]॥੭੪॥ਪ੍ਰੇਮਾਤੁਰ ਚਿਤ ਰਾਇਬੁਲਾਰੂ। ਮਧੁਰ ਸ੍ਰੇਯ[੨] ਯੁਤ ਕੀਨ ਉਚਾਰੂ।'ਕੀਨ ਭਲੋ ਬਾਲੇ ਮਰਦਾਨੇ। ਮੋ ਪਰ ਭਾ ਉਪਕਾਰ ਮਹਾਨੇ ॥੭੫॥ਬਿਨਦਾਨੋ ਪਰਬੋ ਜਿਮ ਖੇਤੀ।ਜਲ ਬਿਨ ਸੁਸਕਤਿ ਤਪਤ ਸਮੇਤੀ। ਤਿਸਪਰ ਜਲਧਰ[੩] ਬਹੁਬਰਖੰਤਾ।ਤਿਮ ਮੋਕਉ ਤੁਮ ਭੇ ਸੁਖਵੰਤਾ†'॥੭੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਆਵਨ' ਪ੍ਰਸੰਗ ਬਰਨਨੰ ਨਾਮ ਇਕਤਾਲੀਸਮੋਂ ਧਯਾਇ ॥ ੪੧ ॥

## ੪੨. [ਚਰਣ ਰਜ ਮੰਗਲ—ਤਲਵੰਡੀ ਪ੍ਰਸੰਗ]

ਦੋਹਰਾ ॥ ਚੂਰਨ ਸ੍ਰੀ ਗੁਰੁ ਚਰਨ ਰਜ, ਰਾਗ ਦ੍ਵੈਖ ਮਨ ਰੋਗ।
ਕਰਿਕੈ ਤਾਂਹਿ ਅਨਾਮ ਹੌਂ, ਕਹੌਂ ਕਥਾ ਨਿਰਸੋਗ‡ ॥ ੧ ॥

[ ਚੂਰਨ=ਪੀਸੀ ਹੋਈ ਸ਼ੈ, ਕੋਈ ਦਵਾਈ ਜੋ ਧੂੜੇ ਵਾਂਗੂ ਹੋਵੇ, ਹਾਜ਼ਮੇ ਦੀ ਦਵਾਈ, ਕੋਈ ਦਵਾਈ। [ਸੰਸ:, ਚੂਰ੍ਣ]
ਅਨਾਮ=ਅਰੋਗ [ਸੰਸ:, ਅਨਾਮਯ, ਅਨ+ਆਮਯ=ਰੋਗ]
ਨਿਰਸੋਗ=ਐਸੀ ਕਥਾ ਜੋ ਸੋਗ ਤੋਂ ਨਿਰਸੋਗ ਕਰੇ। ਖੁਸ਼ੀ ਦੇਣ ਵਾਲੀ। ]

**ਅਰਥ**—ਰਾਗ ਤੇ ਦ੍ਵੈਖ ਮਨ ਦੇ (ਦੋ) ਰੋਗ ਹਨ, ਸ੍ਰੀ ਗੁਰੂ ਜੀ ਦੇ ਚਰਨਾਂ ਦੀ ਰਜ (ਦੋਹਾਂ ਦੀ) ਦਵਾਈ ਹੈ। (ਇਸ ਦਵਾਈ ਨਾਲ) ਇਸ (ਮਨ) ਨੂੰ ਅਰੋਗ ਕਰਕੇ ਮੈਂ ਖੁਸ਼ੀ ਦੇਣ ਹਾਰੀ ਕਥਾ (ਅਗੋਂ) ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਅਸਨ ਅਚਵ ਕਰਿ ਮ੍ਰਿਦੁਲ ਸੁਭਾਊ। ਬੈਸੇ ਨਿਕਟ ਬਿਰਾਜਤਿ ਰਾਊ[੪]। ਤਬ ਤ੍ਰਿਪਤਾ ਬਿਰਹਾਤੁਰ[੫] ਆਈ। ਸੁਤ ਰਾਖਨ ਕੋ ਮਨ ਲਲਚਾਈ ॥੨॥ ਘੁੰਡ ਕਰੇ ਮੁਖ ਬੈਠਿ ਸਮੀਪਾ। ਬੋਲੀ ਬਚਨ ਸੰਗ ਅਵਨੀਪਾ[੬]। ਬੰਦਿ ਹਾਥ ਦ੍ਵੈ ਦੀਨ ਭਵੰਤੀ[੭]। 'ਸੁਨਹੁ ਰਾਇ ਜੀ ਮੋਰ ਬਿਨੰਤੀ ॥ ੩ ॥ ਕਰਹੁ ਆਪ ਇਹ ਵਡ ਉਪਕਾਰਾ।ਮਮ ਸੁਤ ਕੋ ਕਿਵ ਰਖਹੁ ਅਗਾਰਾ[੮]'। ਅਸ ਪ੍ਰਕਾਰ ਕਹਿ ਕਰਿ ਗੁਰੁ ਮਾਤਾ। ਰੋਦਤਿ[੯] ਲੋਚਨ ਤੇ ਜਲ ਜਾਤਾ ॥ ੪ ॥ ਸੁਨਤਿ ਰਾਇ ਕੋ ਗਰ[੧੦]§ ਭਰਿ ਆਵਾ। ਧਰਿ ਧੀਰਜ ਪੁਨਿ ਬਚਨ ਅਲਾਵਾ। 'ਕਮਲ ਬਦਨ ਗੁਨ ਸਦਨ

---

[੧]ਕਲੰਕ ਤੋਂ ਬਿਨਾਂ ਚੰਦ੍ਰਮਾ। [੨]ਖੁਸ਼ੀ, ਸ਼ਰਧਾ। [੩]ਬੱਦਲ। [੪]ਜਿਥੇ ਬਿਰਾਜਦਾ ਹੈ ਰਾਇ ਬੁਲਾਰ। [੫]ਵਿਛੋੜੇ ਕਰ ਦੁਖੀ। [੬]ਰਾਜੇ ਨਾਲ। [੭]ਹੁੰਦੀ ਹੈ। [੮]ਘਰ। [੯]ਰੋਂਦੀ ਹੈ। [੧੦]ਗਲਾ।

*ਪਾ:—ਅਕਲੰਕ। †ਅੰਕ ੭੫ ਤੇ ੭੬ ਦੀਆਂ ਚੋਪਈਆਂ ਛਾਪੇ ਦੇ ਨੁਸਖਿਆਂ ਵਿਚ ਨਹੀਂ ਹਨ, ਪਰ ਦੋ ਕਲਮੀ ਨੁਸਖਿਆਂ ਵਿਚ ਹਨ।

‡ਪਾ:—ਨਿਹਸੋਗ। ਵਾ—ਅਨਸੋਗ। §ਪਾ:—ਉਰ।

ਪੁਨੀਤਾ[1]! ਜਾਨਤਿ ਆਪ ਸਰਬ ਸ਼ੁਭ ਰੀਤਾ॥੫॥ਤਦਪਿ ਚਹੋਂ ਕਛੁ ਕਹਿ ਤੁਮ ਸੰਗਾ॥ਬਿਨ ਰਜਾਇ ਕਿਉਂ ਕਹੋਂ ਨਿਸੰਗਾ[2]'।ਕਾਲੂ ਲਾਲੂ ਪੁਨਿ ਚਲਿ ਆਵਾ। ਨ੍ਰਿਪ ਢਿਗ ਬੈਠਿ ਭਰਯੋ ਦੁਖ ਹਾਵਾ ॥੬॥ ਤਬ ਬੋਲੇ ਸ਼੍ਰੀ ਬਦਨ ਮਯੰਕਾ। 'ਕਹਹੁ ਰਾਇ ਜੀ ਹੋਇ ਨਿਸ਼ੰਕਾ'। ਆਇਸ ਦਿਯ ਜਬ ਅਸ ਸੁਖਦਾਨੀ। ਬੋਲਯੋ ਤਬ ਨਰੇਸ਼ ਮੁਖ ਬਾਨੀ ॥ ੭ ॥ ਕੁੰਡਲੀਆ ਛੰਦ ॥ 'ਨਿਜ ਖੇਤੀ ਕਰਵਾਇਯੇ ਕਾਮੇਂ ਦੇਉਂ ਰਖਾਇ। ਨਹਿੰ ਹਾਲਾ ਲੇਵੈਂ ਕਛ ਸਭਿਹਿ ਇਨਾਮ[3] ਕਰਾਇ। ਸਭਿਹਿ ਇਨਾਮ ਕਰਾਇ,ਸਦਨ ਨਿਜ ਰਹੁ ਦੁਖ ਕਦਨਾ ! ਮਾਤਾ ਬਿਰਹਿ ਅਧੀਨ ਹੋਤਿ, ਨਹਿੰ ਪੇਖਤਿ ਬਦਨਾ[4]'। ਸੁਨਿ ਬੁਲਾਰ ਕੇ ਬਚਨ ਕੋ ਦੀਨਾ ਨਾਥ ਸੁਭਾਇ। ਸ਼੍ਰੀ ਮੁਖ ਖੇਤੀ ਬਿਧਿ ਕਹੀ ਸੋਰਠ ਰਾਗ ਉਠਾਇ ॥ ੮ ॥

ਸ਼੍ਰੀ ਮੁਖ ਵਾਕ ॥ ਸੋਰਠਿ ਮਹਲਾ ੧ ਘਰੁ ੧ ॥

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ੧ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥

ਦਵੱਯਾ ਛੰਦ ॥ ਪੁਨ ਲਾਲੂ ਬੋਲਯੋ ਮੁਖ ਬਚਨਾ 'ਤਲਵੰਡੀ ਹਟ ਕਰੀਏ। ਰਹੋ ਸਦਨ ਨਿਜ, ਬਨਜਹੁ ਬਨਜਾ, ਮਮ ਬਚ[5] ਉਰ ਮਹਿ ਧਰੀਏ। ਤੁਝ ਪਸ਼ਚਾਤ ਕਰਤਿ ਨਿਤ ਰੋਦਨ[6], ਹੇਰਹੁ ਜਨਨੀ[7] ਘਾ ਤੇ[8]'। ਸੁਨਿ ਦੂਸਰਿ ਪਦ ਸ਼੍ਰੀ ਮੁਖ ਭਾਖੇਂ ਸ਼ੁਭ ਗਤਿ ਪ੍ਰਾਪਤ ਜਾਂ ਤੇ[9]॥ ੯ ॥

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ ੨ ॥

ਕੁੰਡਲੀਆ ਛੰਦ ॥ ਤੁਬ ਲਾਲੂ ਕਹਿਵਾਇਓ ਰਾਇ ਬੁਲਾਰੂ ਪਾਸ। 'ਨਾਨਕ! ਜੋ ਮਨ ਫਿਰਨ ਪਰ ਘਰ ਤੇ ਭਯੋ ਉਦਾਸ। ਘਰ ਤੇ ਭਯੋ ਉਦਾਸ ਮੋਲ ਲੀਜੈ ਕਿੰਕਾਨਾ[10]। ਕਰਿਯੇ ਤਿਨ ਕੋ ਵਣਜ ਫਿਰਉ ਦੇਸ਼ਨ ਜਹਿੰ ਜਾਨਾ। ਤਵ ਜਨਨੀ ਧੀਰਜ ਧਰੈ ਸੁਤ ਆਵਹਿ ਫਿਰ ਧਾਮ'। ਸੁਨਿ ਸ਼੍ਰੋਨਨ ਸ਼੍ਰੀ ਮੁਖ ਭਨੈਂ ਤ੍ਰਿਤੀਯਾ ਪਦ[11] ਅਭਿਰਾਮ ॥ ੧੦ ॥

---

[1]ਭਾਵ ਹੇ ਗੁਰੂ ਜੀ। [2]ਨਿਸੰਗ ਹੋਕੇ। [3]ਮਾਮਲੇ ਤੋਂ ਮਾਫੀ ਵਾਲੀ ਜ਼ਮੀਨ। [4]ਮੁਖੜੇ ਨੂੰ ਨਾ ਦੇਖਕੇ। [5]ਬਚਨ। [6]ਰੋਣਾ। [7]ਮਾਤਾ। [8]ਵੱਲ। [9]ਜਿਸ ਤੋਂ। [10]ਘੋੜੇ। [11]ਤੀਜੀ ਪੌੜੀ।

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿ-
ਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ
ਸੁਖਿ ਲਹਹਿ ਮਹਲੁ ॥ ੩ ।

ਦੋਹਰਾ ॥ ਕਹੇ ਨਿਬ੍ਰਿਤਿ[੧] ਕੇ ਬਚਨ ਜੋ ਨਹਿਂ ਸਮਝਤਿ ਮਨ ਮਾਂਹਿ। ਬਹੁਰ ਬਹੁਰ ਪਰਬ੍ਰਿੱਤਿ ਕੇ[੨] ਕਮਲ ਬਦਨ[੩] ਸੋਂ ਪ੍ਰਾਹਿਂ[੪] ॥ ੧੧ ॥ ਦੁਵੱਯਾ ਛੰਦ ॥ ਸੁਨਿ ਕਾਲੂ ਪੁਨਿ ਬਚਨ ਬਖਾਨੇ 'ਜੌ ਤੁਮ ਇਹ ਨਹਿਂ ਕਰਨਾ। ਕਰਹੁ ਚਾਕਰੀ ਭੂਪਤਿ ਕਿਹਂ ਕੀ ਹੋਵਹੁ ਚਾਕਰ ਬਰਨਾ[੫]। ਮੁਝ ਬਚ ਮਾਨਿ, ਕਰਹੁ ਯਿਹ ਕਾਜਾ ਤਜਹੁ ਫਕੀਰੀ ਬੇਸਾ'। ਸੁਨਿ ਕਰਿ ਚਤੁਰਥ ਪਦ ਕੋ ਬਦਤੇਂ[੬] ਸ੍ਰੀ ਨਾਨਕ ਜਗਤੇਸ਼ਾ ॥ ੧੨ ॥

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ
ਕਰਿ ਧਾਵਣੀ ਤਾਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ
ਚਵਗਣ ਵੰਨੁ ॥ ੪ ॥ ੨ ॥

ਸੈਯਾ॥ ਸ਼ੋਨ ਸੁਨੇ ਇਵ, ਤੂਸ਼ਨ ਕੀਨਿ ਅਧੀਨ[੭] ਭਏ ਜਨਨੀ ਜਨਕੰ ਸੋ[੮]। –ਕੌਨ ਉਪਾਇ ਨਿਕੇਤ ਰਹੈ–ਬਿਰਹਾਤੁਰ ਹੋਇ ਵਿਚਾਰ ਉਰੰ ਸੋ[੯]। ਏਕ ਤਨੂਜਸੋ[੧੦] ਹੋਇ ਫਕੀਰ ਬਿਦੇਸ਼ ਗਵੈ, ਕਿਵ ਧੀਰ ਧਰੈ ਸੋ[੧੧]। ਤਾਤ ਦੋ ਮੋਹ, ਨ ਭੇਦ ਪਛਾਨਹਿ ਜਾਨਹਿਂ[੧੨] ਮਾਨਵ ਆਨ ਸਮੰ ਸੋ[੧੩] ॥੧੩॥ ਰਾਇ ਕਹੈ 'ਫੁਰਮਾਇਸ਼[੧੪] ਕੀ ਨਿਜ ਆਇਸ ਦੇਵਹੁ[੧੫] ਜੋ ਉਰ ਹੋਈ।ਮੋ[੧੬] ਕਰ[੧੭] ਤੇ ਤੁਮ ਸੇਵ ਬਨੈ ਸਫਲਾ ਸ਼ੁਭ ਬਾਸੁਰ ਜਾਨਹੁਂ ਸੋਈ। ਲੇਹੁ ਪਦਾਰਥ ਤੌ ਕਿਰਤਾਰਥ ਹੋਇ ਸੁਆਰਥ[੧੮] ਲੋਕਨ ਦੋਈ[੧੯]'। ਸ੍ਰੀ ਗੁਰੁ ਯੌਂ ਸੁਨਿ ਕੈ ਤਿਹ ਤੇ ਕਹਿ ਬਾਨੀ ਬੈਰਾਗ ਕੇ ਸੰਗ ਭਿਗੋਈ[੨੦] ॥ ੧੪ ॥ 'ਸ੍ਰੀ ਕਰਤਾਰ ਉਦਾਰ ਮਹਾਂ ਤਿਹਂ ਊਪਰ ਹੈ ਫੁਰਮਾਇਸ਼ ਮੇਰੀ। ਪਾਲਤਿ ਜੋ ਜਲ ਮੈਂ ਥਲ ਮੈਂ ਸੁ ਚਲਾਚਲ[੨੧] ਕੋ ਸਭਿ ਕਾਲ[੨੨] ਅਦੇਰੀ[੨੩]। ਹੈਂ ਜਿ ਪਦਾਰਥ ਨਾਂਹਿ ਰਹੈਂ ਥਿਰ[੨੪], ਹੋਤਿ ਬਿਨਾਸ਼ ਨ ਲਾਵਹਿਂ ਦੇਰੀ। ਛੋਰਿ ਗਏ ਦਿਸ

---

[੧]ਵੈਰਾਗ। [੨]ਗ੍ਰਿਹਸਤ ਮਾਰਗ ਦੇ। [੩]ਗੁਰੂ ਜੀ ਨੂੰ। [੪]ਆਖਣ। [੫]ਨੌਕਰੀ ਪੇਸ਼ਾ, ਜਾਂ ਸ੍ਰੇਸ਼ਟ ਨੌਕਰ। [੬]ਬੋਲੇ। [੭](ਮੋਹ ਦੇ) ਅਧੀਨ। [੮]ਉਹ (ਗੁਰੂ ਜੀ ਦੇ) ਮਾਤਾ ਪਿਤਾ। [੯]ਵਿਚਾਰਦੇ ਹਨ ਓਹ ਰਿਦੇ ਵਿਚ। [੧੦]ਪੁਤਰ। [੧੧]ਕਿਵੇਂ ਧੀਰਜ ਧਾਰਨ ਓਹ (ਮਾਤਾ ਪਿਤਾ)। [੧੨]ਜਾਣਦੇ ਹਨ। [੧੩]ਹੋਰਨਾਂ ਮਨੁੱਖਾਂ ਜੇਹਾ ਉਸ (ਗੁਰੂ ਜੀ ਨੂੰ)। [੧੪]ਆਪਣੇ ਹੁਕਮ ਦੀ। [੧੫]ਆਗਯਾ ਦਿਓ। [੧੬]ਮੇਰੇ। [੧੭]ਹੱਥੋਂ। [੧੮]ਮੇਰਾ ਮਤਲਬ, ਮੇਰਾ ਸੁਖ। [੧੯]ਦੋਹਾਂ ਲੋਕਾਂ ਵਿਚ। [੨੦]ਭਿੱਜੀ ਹੋਈ। [੨੧]ਚੇਤਨ ਜੜ੍ਹ। [੨੨]ਸਭ ਸਮੇਂ। [੨੩]ਦੇਰੀ ਬਿਨਾਂ। [੨੪]ਕਾਇਮ।

ਚਾਰ ਕੋ ਜੈਕਰ[੧], ਸੰਗ ਕਿਸੈ ਨਹਿੰ ਜਾਵਤਿ ਹੇਰੀ[੨] ॥੧੫॥ ਜੀਤ ਦਸੋ ਦਿਸ਼ ਦ੍ਰਿਤਿ[੩] ਲਈ, ਜਿਨ ਭੂਪਨ ਤੇ[੪] ਨਿਜ ਸੇਵ ਕਰਾਏ। ਪੁੰਜ-ਕੀਏ[੫] ਧਨ ਹੈਵਰ[੬] ਗੈਵਰ[੭] ਜੋਰਿ ਚਮੂੰ[੮] ਚਤੁਰੰਗ[੯] ਬਨਾਏ। ਜੌਨ ਸਮੈਂ ਕਰ ਕਾਹਿ ਨ ਜਾਨਤਿ[੧੦], ਅੰਤ ਸਮੈਂ ਪਗ ਨੰਗ ਸਿਧਾਏ[੧੧]। ਜੋ ਕਛੁ ਸਾਜ ਸਮਾਜ ਹੁਤੋ ਸਭਿ ਛੋਰ ਗਏ, ਨਹਿੰ ਪਾਰ ਬਸਾਏ[੧੨] ॥੧੬॥ ਕੂਰ ਪਸਾਰ ਰਚਯੋ ਕਰਤਾਰ ਨੈ ਤਾਨ ਕਨਾਤ ਦਈ ਇਹ ਮਾਯਾ। ਰੰਗ ਅਨੇਕਨ ਕੀ ਜੁ ਬਨੀ ਜਿਨ ਮਾਨਵ ਕੋ ਨਿਜ ਗਯਾਨ[੧੩] ਭੁਲਾਯਾ। ਪਸਾਰ ਪਦਾਰਥ, ਕੂਰ ਸੁਆਰਥ[੧੪] ਬੀਚ ਫਸੇ ਸਭਿ ਬੈਸ[੧੫] ਬਿਹਾਯਾ। ਆਦਿ ਸਰੂਪ ਅਨਾਦਿ ਲਖਯੋ ਨਹਿੰ, ਤੌ ਲਖਿਹੀਂ ਜਿ ਕਰੈ ਹਰਿ ਦਾਯਾ' ॥੧੭॥ ਰਾਇ ਬੁਲਾਰ ਉਚਾਰਤਿ ਵਾਕ'ਕਹੋਂ ਸਤਿ ਬਾਤ ਨ ਕੂਰ, ਦਯਾ-ਲਾ!। ਮਾਤ ਪਿਤਾ ਤੁਮਰੇ ਬਿਰਹਾਤੁਰ,ਨਾ ਗਵਨੋ ਰਹਿਯੇ ਨਿਜ ਸ਼ਾਲਾ[੧੬]। ਤੀਨ ਸੁ ਕੂਪ ਕੀ[੧੭] ਲੇਹੁ ਕ੍ਰਿਖੀ[੧੮] ਕਰਿ ਦੇਗਹਿੰ[੧੯]ਦੀਨ[੨੦] ਖੁਵਾਉ ਬਿਸਾ-ਲਾ। ਦੀਨਨ ਕੋ ਦੁਖ ਦੇਖ ਸਕੋ ਨਹਿੰ,ਯੌਂ ਕਰਿਯੇ ਘਰ ਬੈਸ, ਕ੍ਰਿਪਾਲਾ!' ॥੧੮॥[੨੧]'ਏਕਕੀ ਦੇਗ ਅਖੰਡਚਲੈ ਬ੍ਰਹਮੰਡ ਹੀ ਮਾਂਗਤਿ ਹੈ ਜਿਸ ਪਾਹੀਂ। ਆਦਿ ਨ ਅੰਤ ਬਿਅੰਤ ਲਖੋ, ਜਗ ਕੰਤ ਦਤਾਰ ਸਮਾਨ ਕੋ ਨਾਂਹੀ। ਪ੍ਰਾਨ ਸ਼ਰੀਰ ਰਚਯੋ ਧਨ ਧਾਨ[੨੨], ਸਦਾ ਭਜਿਯੇ ਕਰਤਾ ਮਨ ਮਾਂਹੀ। ਆਨ ਕੀ ਦੇਗ ਨਹੀਂ ਜਗ ਮੈਂ ਥਿਰ ਭੂਪਤਿ ਹੋਇ ਕਿ ਸ਼ਾਹਨਿਸ਼ਾਹੀ' ॥੧੯॥ਦੋਹਰਾ॥ ਸੁਨਿ ਸ਼੍ਰੋਨਨ ਮਹਿੰ ਸਮਝਿਆ ਹਿਰਦੈ ਅਸ ਬਿਧਿ ਰਾਇ। —ਰਹੈਂ ਨ ਕੈਸੇ ਸਦਨ ਮਹਿੰ ਕਰਹਿੰ*ਜਿ ਅਨਿਕ ਉਪਾਇ—॥੨੦॥ਕਬਿੱਤ॥ ਉਰ ਇਉਂ ਬਿਚਾਰ ਰਾਇ ਕਾਲੂ ਸੋਂ ਅਲਾਇ ਗਿਰਾ 'ਰੂਪ ਸੁਖਦਾਇ ਨਹਿੰ ਕਾਂਕੇ[੨੩] ਕਰ ਮਾਂਹਿ ਹੈ। ਮਨ ਨ ਡੁਲਾਇ, ਅਬ ਬੈਠ ਘਰ ਜਾਇ

---

[੧]ਜੋ ਜਿੱਤਕੇ। [੨]ਕਿਸੇ ਨਾਲ ਜਾਂਦੀ ਨਹੀਂ ਡਿੱਠੀ। [੩]ਛੇਤੀ। [੪]ਰਾਜਿਆਂ ਤੋਂ ਜਿਨ੍ਹਾਂ। [੫]ਕੱਠੇ ਕੀਤੇ [੬]ਅਛੇ ਘੋੜੇ। [੭]ਚੰਗੇ ਹਾਥੀ। [੮]ਫੌਜ। [੯]ਚਾਰ ਤਰ੍ਹਾਂ ਦੀ ਫੌਜ—ਹਾਥੀ ਸਵਾਰ, ਰਥ ਸਵਾਰ, ਘੋੜ ਚੜ੍ਹੇ ਤੇ ਪੈਦਲ। [੧੦]ਜਿਸ (ਪ੍ਰਤਾਪ ਦੇ) ਸਮੇਂ ਕਿਸੇ ਨੂੰ ਕੁਝ ਕਰਕੇ ਨਹੀਂ ਸਨ ਜਾਣਦੇ। [੧੧]ਨੰਗੇ ਪੈਰੀਂ ਅੰਤ ਵੇਲੇ ਤੁਰ ਗਏ। [੧੨]ਚਾਰਾ ਨਾਂ ਚਲਿਆ। [੧੩]ਅਪਣੇ ਆਪ ਦਾ ਗਯਾਨ। [੧੪]ਖ਼ੁਦਗਰਜ਼ੀ। [੧੫]ਉਮਰ। [੧੬]ਆਪਣੇ ਘਰ। [੧੭]ਤਿੰਨ ਖੂਹਾਂ ਦੀ। [੧੮]ਖੇਤੀ (ਜ਼ਿਮੀਂ)। [੧੯]ਲੰਗਰ। [੨੦]ਗਰੀਬਾਂ ਨੂੰ। [੨੧]ਗੁਰੂ ਜੀ ਨੇ ਉੱਤਰ ਦਿਤਾ। [੨੨]ਦੌਲਤ ਤੇ ਅੰਨ। [੨੩]ਕਿਸੇ ਦੇ। *ਪਾ:—ਕਰੀਏ।

ਨਿਜ, ਚਿੰਤ ਕੋ ਬਿਲਾਇ[੧] ਸੁਤ ਤੇਰੋ ਦੂਖ ਦਾਹਿ ਹੈ[੨]। ਧਰਜੇ ਹੈ ਖੁਦਾਇ ਤਨ, ਇਨ ਕੀ ਰਜਾਇ ਸਕੈ ਕੌਨ ਉਲਟਾਇ, ਜਹਿਂ ਇੱਛਾ ਤਹਿਂ ਜਾਹਿਂ ਹੈਂ। ਦਾਨਦਾ[੩] ਅਨੰਦ ਸੁਖ ਕੰਦ[੪] ਜਗ ਬੰਦ ਯੋਗ[੫] ਦੰਭਨ[੬] ਕੋ ਮੰਦ[੭], ਅਵਤਾਰ ਵਾਹਿ ਵਾਹਿ[੮] ਹੈ' ॥੨੧॥ ਕਾਲੂ ਸੁਨਿ ਬਾਤ ਮਨ ਮਾਂਹਿ ਪਛੁਤਾਤੁ ਅਤਿ, ਜਾਨ ਨਿਜ ਤਾਤ, ਨਹਿਂ ਭੇਵ ਕੋ ਪਛਾਨ ਹੀ। ਗਵਨਯੋ ਅਵਾਸ, ਬਹੁ ਲੇਤਿ ਸੀਤ[੯] ਸ੍ਵਾਸ ਤਬ, ਹੋਤਿ ਸੁਖ ਜੋਊ ਤਾਂਕੋ ਦੂਖ ਪਰਮਾਨਹੀ[੧੦]।ਸੁਧਾਸਿੰਧੁ[੧੧] ਤ੍ਯਾਗ, ਅਨੁਰਾਗ ਮ੍ਰਿਗ-ਤ੍ਰਿਖਾ[੧੨] ਨੀਰ,ਸੂਧਾ ਧਾਰਿ ਲੇਤਿ ਨ ਗ੍ਯਾਨ ਗਤਿਦਾਨ ਹੀ[੧੩]।ਲਾਲੂ ਜਾਤਿ ਸਾਥ, ਸਮਝਾਇਬੇ ਕਥਤਿ ਗਾਥ[੧੪], 'ਧਾਰਹੁ ਸਰੀਰ ਧੀਰ[੧੫], ਕਯੋਂ ਤੂੰ ਪੀਰ ਮਾਨਿਹੀਂ[੧੬]'॥੨੨॥ਮਾਤਘਰ ਜਾਤਿਬਿਲਖਾਤਿ ਬਿਰਹਾਤੁਰੀਤੇ[੧੭]'ਹੁਤੋਇਕ ਤਾਤ, ਸੋ ਬਿਦੇਸ਼ ਜਾਨਿ ਠਾਨਿਹੀ[੧੮]। ਰਾਇ ਸਮਝਾਯੋ, ਨਹਿਂ ਵਾਕ ਮਨ ਭਾਯੋ ਕੋਊ, ਉਦਾਸੀਨ ਭਯੋ, ਨ ਅਵਾਸ ਹਿਤ[੧੯] ਜਾਨਿ ਹੀ'। ਬੇਦੀ ਕੁਲਕੇਤ ਰਹੇ ਰਾਇ ਕੇ ਨਿਕੇਤ ਨਿਸਿ, ਭੋਰ ਜਬ ਭਈ ਜਾਇ ਬੈਸੇ ਉਦਿਆਨ ਹੀ। ਬਾਸੁਰ ਗੁਜਾਰਿ ਕਰਿ ਅਪਨੇ ਅਗਾਰ ਆਏ, ਮੋਖਕੇ ਉਦਾਰ[੨੦], ਕਰਤਾਰ ਗੁਨਖਾਨ ਹੀ॥੨੩॥ ਮਾਤ ਹਰਖਾਇ ਉਰ, ਆਨਦ ਨ ਮਾਇ, ਸੁਤ ਨੇਹ ਅਧਿਕਾਇ,ਬਹੁ ਬਿਧਿ ਸਮਝਾਵਈ। 'ਤਾਤ! ਕੋਊ ਕਾਜ ਨਹਿਂ, ਰਹੋ ਘਰ ਮਾਂਹਿ ਬੈਸੇ, ਕੋਊ ਨ ਕਹੈ ਹ ਕਛੁ, ਕਰੋ ਮਨ ਭਾਵਈ। ਆਂਖ ਤੈ ਨ ਹੋਵੋ ਦੂਰ, ਰਹਿਯੋ ਹਦੂਰ[੨੧] ਸੁਤ! ਫਿਕਰ ਕੋ ਜ਼ਿਕਰ[੨੨] ਨ ਤੁਮ ਤਕ ਆਵਈ। ਪੋਸ਼ਿਸ਼[੨੩] ਕੋ ਪਾਵੋ, ਉਰ ਇੱਛਾ ਸੋਊ ਖਾਵੋ, ਬੈਸੇ ਹਰਿ ਗੁਨ ਗਾਵੋ, ਤੁਮੈਂ ਕੋਊ ਨ ਹਟਾਵਈ[੨੪]' ॥ ੨੪ ॥ ਕਾਲੂ ਫਿਗ ਆਯੋ ਬੈਠਿ ਬਚਨ ਅਲਾਯੋ 'ਮੋਦੀ ਕ੍ਰਿੱਤ ਕੋ ਹਟਾਯੋ, ਭਲੀ ਬਾਤ ਨ ਵਿਚਾਰੀਆ। ਆਵਤਿ ਅਪਾਰ ਬਿਤ[੨੫],ਖਾਤਿ ਖਰਚੰਤਿ ਨਿਤ, ਇਕਠੋ

---

[੧]ਦੂਰ ਕਰ। [੨]ਨਾਸ਼ ਕਰਤਾ ਹੈ। [੩]ਦੇਨ ਵਾਲੇ। [੪]ਸੁਖਦਾਤੇ। [੫]ਜਗਤ ਦੇ ਬੰਦਨ ਜੋਗ। [੬]ਪਖੰਡਾਂ ਨੂੰ। [੭]ਦੂਰ ਕਰਤਾ। [੮]ਧੰਨ ਹੈ ਇਹ ਅਵਤਾਰ (ਅ) ਵਾਹਿ=ਵਾਹਿਗੁਰੂ ਦਾ ਅਵਤਾਰ ਵਾਹਿ=ਧੰਨ ਹੈ। [੯]ਠੰਢੇ। [੧੦]ਭਾਵ, ਸੁਖ ਨੂੰ ਦੁਖ ਮੰਨ ਰਿਹਾ ਹੈ। [੧੧]ਅੰਮ੍ਰਿਤ ਦਾ ਸਮੁੰਦਰ। [੧੨]ਮ੍ਰਿਗ ਤ੍ਰਿਸ਼ਨਾ ਦੇ ਜਲ ਨਾਲ ਪ੍ਰੇਮ ਕਰਦਾ ਹੈ। [੧੩]ਗੁਰੂ ਜੀ ਪਾਸੋਂ। [੧੪]ਗੱਲ। [੧੫]ਤਨ ਵਿਚ ਧੀਰਜ ਧਾਰੋ। [੧੬]ਕਿਉਂ ਪੀੜ ਮੰਨਦਾ ਹੈਂ। [੧੭]ਬਿਰਹ ਦੇ ਦੁਖ ਕਰਕੇ। [੧੮]ਠਾਣ ਲਈ ਹੈ। [੧੯]ਘਰ ਦਾ ਮੋਹ। [੨੦]ਮੋਖ ਦੇ ਦਾਤਾ। [੨੧]ਸਾਹਮਣੇ। [੨੨]ਗਲ ਬਾਤ। [੨੩]ਪੁਸ਼ਾਕ। [੨੪]ਕੋਈ ਹਟਾਏਗਾ ਨਹੀਂ। [੨੫]ਧਨ।

ਨ ਕੀਨੋ ਸਭਿ ਬਾਦ ਕਰਯੋ ਖ਼ੁਆਰੀਆ[੧]। ਆਪਨ[੨] ਕੀ ਸੌਜ[੩] ਸਭਿ ਦੀਨੀ ਹੈ ਲੁਟਾਇ ਤੁਮ, ਸੁਨਯੋ ਹਮ ਕਾਨ ਧਨ ਸ਼ੇਖ਼ ਬਹੁ ਬਾਰੀਆ[੪]। ਸੋ ਭੀ ਨਹਿਂ ਲਯੋ, ਸਭਿ ਰੰਕਨ ਕੋ ਦਯੋ ਕਹਿ[੫], ਸਾਧ ਬੇਖ ਭਯੋ ਕੀਨੋ ਕੁਜਸ[੬] ਹਮਾਰੀਆ ॥੨੫॥ ਜਬ ਕੋ ਜਨਮ ਭਯੋ, ਤਬ ਕੋ ਨ ਸੁਖ ਦਯੋ, ਭੂਰ ਸਮਝਾਯੋ, ਏਕ ਬਾਤ ਨਹਿਂ ਮਾਨੀਆ। ਭਾਖੈਂਗੇ ਸ਼ਰੀਕ –ਸੁਤ ਕਾਲੂ ਕੋ ਫਕੀਰ ਭਯੋ–, ਜਾਤਿ ਕੀ ਨ ਗੋਤ ਲਾਜ ਰਿਦੇ ਇਕ ਜਾਨੀਆ। ਤਜੋ ਤਨ ਬੇਖ, ਪਤਿ[੭] ਹਤੋ ਨ[੮] ਵਿਸ਼ੇਖ[੯] ਮੇਰੀ, ਦੇਨੋ ਸੁਖ ਰਹਯੋ, ਸਦਾ ਭਯੋ ਦੁਖਦਾਨੀਆ[੧੦]। ਰਹੋ ਨਿਜ ਧਾਮ, ਨਹਿਂ ਕਹੈਂ ਕਰੋ ਕਾਜ ਕੁਛ, ਕੌਨ ਭੀਰ[੧੧] ਪਰੀ ਤੈ ਫਕੀਰੀ ਰੀਤਿ ਠਾਨੀਆ[੭] ॥ ੨੬ ॥ ਜਨਕ ਕੀ ਬਾਤੇਂ ਸੁਨਿ ਤੂਸ਼ਨ ਹੀ ਰਹੇ ਗੁਰੁ, ਵਾਕ ਨ ਬਖਾਨਯੋ ਸੁ ਕਲ੍ਯਾਨ ਕੋ ਜੁ ਦਾਨੀਆ[੧੨]। ਕਮਲਬਦਨ[੧੩] ਤੇ ਨਿਕਾਸੀ ਨ ਅਲਿਨ[੧੪] ਗਿਰਾ[੧੫], ਤਾਤ[੧੬] ਕੀ ਜਿਠਾਈ[੧੭] ਨਿਸ ਸਾਮਹੀ[੧੮] ਪ੍ਰਮਾਨੀਆ*। ਮਾਨਸ[੧੯] ਮੈਂ ਹੰਸਨੀ ਸੀ[੨੦] ਤਹਾਂ ਹੀ[੨੧] ਬਿਰਾਜ ਰਹੀ, ਹੁਤੀ ਜੁ ਬਿਗ੍ਯਾਨ ਕੇ ਅਨੰਦ ਮੈਂ ਸਮਾਨੀਆ। ਹਿਤ ਸੋਂ ਬੁਲਾਇ ਮਾਤਾ ਭੋਜਨ ਅਚਾਯੋ, ਪੁਨ ਪਾਨ ਪੈ[੨੨] ਕਰਾਯੋ, ਪਰ-ਯੰਕ ਪੌਢੇ[੨੩] ਆਨੀਆ[੨੪] ॥ ੨੭ ॥ ਸ੍ਵੈਯਾ ॥ ਭੋਰ ਭਈ, ਅਰਬਿੰਦ ਖਿਰੇ[੨੫], ਅਰਨੋਦਯ[੨੬] ਤੇ ਚਕਵੇ ਹਰਿਖਾਇ! ਜਯੋਂ ਗੁਰੁ ਕੀ ਕਰੁਨਾ ਬਿਕਸੇ ਉਰ, ਮੇਲ ਸੁਖੰ, ਸੁਮਤੀ ਮਨ ਪਾਇ[੨੭]। ਤਾਰੇ ਛਪੇ ਜਯੋਂ ਬਿਕਾਰ ਨਸੇ, ਜਨੁ ਮੋਹ ਤਮੰ[੨੮] ਨਹਿਂ ਦੀਸਨ ਪਾਏ[੨੯]। ਕੀਨ ਸ਼ਨਾਨ ਗਏ ਉਦਿਆਨ ਇਕੰਤ

[੧]ਬਿਰਥਾ ਜ਼ਾਯਾ ਕੀਤਾ। [੨]ਹੱਟ। [੩]ਸਾਮਾਨ। [੪]ਆਪਦਾ ਸੀ। [੫]ਕਹਿਕੇ। [੬]ਅਪਜਸ। [੭]ਇੱਜ਼ਤ। [੮]ਨਾਸ਼ ਨਾ ਕਰੋ। [੯]ਹੋਰ। [੧੦]ਦੁਖ ਦਾਤਾ। [੧੧]ਮੁਸ਼ਕਲ। [੧੨]ਕਲਯਾਨ ਦਾਤੇ ਨੇ। [੧੩]ਕੌਲ ਵਰਗੇ ਮੁਖੋਂ। [੧੪]ਭੌਰੀ (ਰੂਪ)। [੧੫]ਬਾਣੀ। [੧੬]ਪਿਤਾ ਦੀ। [੧੭]ਵਡਿਆਈ। [੧੮]ਰਾਤ ਵਰਗੀ। [੧੯]ਮਾਨ ਸਰੋਵਰ। [੨੦]ਭਾਵ ਹੰਸਨੀ ਰੂਪੀ ਬਾਣੀ। [੨੧]ਭਾਵ, ਗੁਰੂ ਜੀ ਦੇ ਹਿਰਦੇ ਅੰਦਰੇ। [੨੨]ਦੁੱਧ। [੨੩]ਲੇਟੇ। [੨੪]ਆਕੇ। [੨੫]ਕਵਲ ਖਿੜੇ। [੨੬]ਸੂਰਜ ਉਦੇ ਤੇ। [੨੭]ਜਿਵੇਂ ਗੁਰੂ ਜੀ ਦੀ ਕ੍ਰਿਪਾ ਨਾਲ (ਸਿੱਖ ਦਾ) ਮਨ ਖਿੜਦਾ, ਮੇਲ ਦਾ ਸੁਖ ਹੁੰਦਾ ਤੇ ਸ੍ਰੇਸ਼ਟ ਬੁਧ ਪ੍ਰਾਪਤ ਹੁੰਦੀ ਹੈ। [੨੮]ਅਨ੍ਹੇਰਾ। [੨੯]ਤਾਰੇ ਛਪੇ ਮਾਨੋ ਵਿਕਾਰ ਨੱਸੇ, ਜਿਵੇਂ ਤਾਰੇ ਛਪਯਾਂ ਹਨੇਰਾ ਨਹੀਂ, ਤਿਵੇਂ ਵਿਕਾਰਾਂ ਦੇ ਦੂਰ ਹੋਇਆਂ ਮੋਹ ਨਹੀਂ ਦਿੱਸਦਾ (ਗਯਾਨੀ ਵਿਚ)।

*ਕੌਲ ਫੁਲ ਵਿਚ ਬੈਠੀ ਭੌਰੀ ਰਾਤ ਪੈਣ ਤੇ ਫੁਲ ਮਿਟਣ ਤੇ ਅੰਦਰੇ ਹੀ ਰਹਿ ਜਾਂਦੀ ਹੈ, ਇਸ ਤਰ੍ਹਾਂ ਸਤਿਗੁਰੂ ਜੀ ਦੇ ਮੁਖ ਕਵਲ ਤੋਂ ਬਾਣੀ ਰੂਪੀ ਭੌਰੀ ਪਿਤਾ ਦੀ ਵਡ੍ਯਾਈ ਰੂਪ ਰਾਤ ਕਰਕੇ ਨਾਂ ਨਿਕਲੀ। ਭਾਵ ਸ਼੍ਰੀ ਗੁਰੂ ਜੀ ਨੇ ਵਡਿਆਂ ਅਗੇ ਉੱਤਰ ਦੇਵਣਾ ਯੋਗ ਨਾ ਜਾਤਾ।

ਸਥਾਨ ਮੈਂ ਬੈਸ ਸੁਹਾਏ॥੨੮॥ ਦੋਹਰਾ॥ ਰਜਨੀ ਰਹੈਂ ਨਿਕੇਤ ਮਹਿ ਬਾਸੁਰ ਮਹਿਂ ਉਦਿਆਨ । ਦਿਵਸ ਬਿਤਾਏ ਤਹਿਂ ਕਛੂ ਸ੍ਰੀ ਨਾਨਕ ਗੁਨ ਖਾਨ* ॥੨੯॥ਚੌਪਈ॥ ਕਬਹਿ ਬੁਲਾਵਹਿ ਰਾਇ ਬੁਲਾਰੂ। ਦਰਸ਼ਨ ਬਦਨ[੧] ਬਿਲੋ-ਕਤਿ ਚਾਰੂ । ਭੋਜਨ ਦਿਜ ਤੇ ਰੁਚਿਰ ਕਰਾਵੈ। ਪੁਨਿ ਪੁਨ ਬਿਨੈ ਭਨਹਿ ਅਚਵਾਵੈ॥੩੦॥ ਪ੍ਰੇਮ ਬਿਲੋਕਿ ਰਾਇਕੋ ਪੂਰਾ। ਨਾਹਿਂ ਸ਼ਰਧਾ ਤੇ ਜਿਹਂ ਉਰ ਊਰਾ[੨]। ਸ੍ਰੀ ਗੁਰੁ ਬਚਨ ਬਹੋਰਹਿਂ ਨਾਂਹੀ[੩]। ਜਬਹਿ ਬੁਲਾਇ ਨਿਕਟਿ ਤਬ ਜਾਂਹੀਂ ॥੩੧॥ ਲੇਵਨ ਹੇਤ ਗਯਾਨ ਉਪਦੇਸ਼ਾ। ਉਰ ਅਭਿਲਾਖਾ ਅਧਿਕ ਨਰੇਸ਼ਾ[੪]। ਬਿਬਿਧਿ ਭਾਂਤਿ ਕੀ[੫] ਕਰਹਿ ਸੁ ਸੇਵਾ। ਨਿਸਦਿਨ ਧ੍ਯਾਨ ਧਰਹਿ ਗੁਰੁ ਦੇਵਾ[੬]॥੩੨॥ਆਯੁ ਬ੍ਰਿੱਧਿ ਜਿਹਿ ਜੀਵਨ ਥੋਰਾ[੭]। ਚਹਿਤਿ ਕਿ –ਸਫਲ ਜਨਮ ਹ੍ਵੈ ਮੋਰਾ–। ਅਸ਼ਟਜਾਮ[੮] ਮਨ ਮੈਂ ਲਿਵਲਾਗੀ। ਸ੍ਰੀ ਗੁਰੂ ਚਰਨ ਕਮਲ ਅਨੁਰਾਗੀ॥੩੩॥ ਇਕ ਬਾਸੁਰ ਨਰ ਪਠਿ[੯] ਅਵਨੀਪਾ[੧੦]। ਕਮਲ ਬਦਨ ਬੁਲਵਾਇ ਸਮੀਪਾ।ਦ੍ਵੈ ਕਰ ਬੰਦੇ[੧੧], ਬਿਨੈ ਬਖਾਨੀ। 'ਦੀਨ ਦਯਾਲ ! ਦਾਸਨ ਗਤਿਦਾਨੀ ! ॥੩੪॥ ਮਮ ਸਰੂਪ ਕੋ[੧੨] ਦੇਹੁ ਬੁਝਾਈ[੧੩]। ਭੂਲ ਰਹ੍ਯੋ ਜਿਹ ਸੁਧ ਨਹਿਂ ਕਾਈ। ਕੋ ਮੈਂ ਹੋਂ ? ਕਛੁ ਜਾਇ ਨ ਜਾਨਾ। ਬਢ੍ਯੋਵਿਸ਼ੇਖ਼ਰਿਦੈਅਗ੍ਯਾਨਾ॥੩੫॥ਸੁਮਤਿ[੧੪]ਕਹਤਿ–ਤਮਸਾਅਗ੍ਯਾਨਾ[੧੫] –। ਮੈਂ ਨਹਿਂ ਜਾਨੋ ਤਾਂਹਿ ਸਮਾਨਾ। ਤਿਮਰ ਵਿਖੈ ਤਨ ਸੁਧ ਸਭਿ ਭਾਨੇ[੧੬]। ਅਨਤ ਪਦਾਰਥ ਜਾਇਂ ਨ ਜਾਨੇ[੧੭] ॥੩੬॥ ਸੁਧ ਅਗਿਆਨਹਿ ਸਰਬ ਗਵਾਈ[੧੮]। ਅਪਨੋ ਆਪ ਨ ਜਾਨਯੋ ਜਾਈ[੧੯]। ਯਾਂਤੇ ਤਮ[੨੦] ਜੋ ਸਮ ਨਹਿਂ[੨੧] ਤਾਂਕੇ[੨੨]।ਸਰਬ ਜੀਵ ਦੁਖੀਆ ਬਸਿ ਜਾਂਕੇ[੨੩]॥੩੭॥ਉਪਦੇਸ਼ਕ ਪ੍ਰਭੁ ਤੋਹਿ ਸਮਾਨਾ।ਅਵਨੀ ਬਿਖੈ ਨ ਜਾਨੋਂ ਆਨਾ। ਕ੍ਰਿਪਾ ਸਿੰਧੁ ! ਕਰੁਨਾ ਅਬ ਕੀਜੈ। ਮਮ ਸਰੂਪ ਸਮਝਾਇ ਸੁ ਦੀਜੈ ॥੩੮॥ ਤੁਮ ਕਰੁਨਾ ਤੇ ਮੁਝ

---

[੧]ਮੁਖ ਦਾ। [੨]ਊਣਾ। [੩]ਮੋੜਦੇ ਨਹੀਂ ਸਨ। [੪]ਰਾਜੇ ਦੇ ਮਨ ਵਿਚ। [੫]ਕਈਤਰਾਂਦੀ। [੬]ਗੁਰੂ ਜੀ ਦਾ। [੭](ਬਾਕੀ) ਜੀਵਨ ਥੋੜਾ ਹੈ। [੮]ਅੱਠੇ ਪਹਿਰ। [੯]ਭੇਜਕੇ। [੧੦]ਰਾਇ ਬੁਲਾਰ ਨੇ। [੧੧]ਹਥ ਜੋੜੇ। [੧੨]ਮੇਰੇ ਸਰੂਪ ਨੂੰ (ਮੈਨੂੰ)। [੧੩]ਲਖਾ ਦਿਓ। [੧੪]ਬੁੱਧੀਵਾਨ। [੧੫]ਅਗ੍ਯਾਨ ਹਨੇਰੇ ਵਰਗਾ ਹੈ। [੧੬]ਹਨੇਰੇ ਵਿਚ ਅਪਣੇ ਤਨ ਦੀ ਸਾਰੀ ਸੋਝੀ ਭਾਨ ਹੁੰਦੀ ਰਹਿੰਦੀ ਹੈ। [੧੭]ਭਾਵੇਂ ਹੋਰ ਪਦਾਰਥ ਨਹੀਂ ਦਿਸਦੇ। [੧੮]ਪਰ ਅਗ੍ਯਾਨ ਸਾਰੀ ਸੁੱਧ (ਐਉਂ) ਗਵਾਉਂਦਾ ਹੈ ਕਿ। [੧੯]ਆਪਣਾ ਆਪ ਹੀ ਨਹੀਂ ਲਖ ਸਕਦਾ। [੨੦]ਅਨ੍ਹੇਰਾ। [੨੧]ਬਰੋਬਰ ਨਹੀਂ। [੨੨]ਉਸ (ਅਗ੍ਯਾਨ) ਦੇ। [੨੩]ਭਾਵ ਅਗ੍ਯਾਨ ਦੇ। *ਪਾ:–ਗਤਿ ਦਾਨ।

ਜਗਯਾਸਾ[੧]। ਵਧੀ ਰਿਦੇ ਮਹਿਂ ਅਧਿਕ ਪਿਆਸਾ।ਲਖਿਅਧਿਕਾਰਿ[੨] ਗ੍ਯਾਨ ਕੋ ਦਾਨਾ[੩] । ਦੇਕਰਿ, ਕਰਹੁ ਮੋਰ ਕਲਯਾਨਾ' ॥ ੩੯ ॥ ਅਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਬਿਨੈ ਦੀਨਤਾ ਮਹਿਂ ਜੋ ਸਾਨੀ। ਦੇਨਿ ਗ੍ਯਾਨ ਕੀ ਮਤਿ ਤਿਹ ਤਾਂਈਂ। ਉਦਿਤ ਭਏ[੪] ਸ੍ਰੀ ਗੁਰੁ ਜਗ ਸਾਈਂ ॥ ੪੦ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਪ੍ਰਸੰਗ' ਬਰਨਨੰ ਨਾਮ ਬੈਤਾਲੀਸਮੋਂ ਅਧਯਾਯ ॥ ੪੨ ॥

## ੪੩. [ਚਰਣ ਕਮਲ ਮੰਗਲ। ਗ੍ਯਾਨ ਉਪਦੇਸ਼। ਤੁਲਸਾਂ]

ਦੋਹਰਾ ॥ ਸ੍ਰੀ ਗੁਰੂ ਪਗ ਸ਼ੋਭਾ ਬਿਮਲ ਪਿੰਜਰ ਸਰ ਪਹਿਚਾਨ।
ਮਨ ਖੰਜਨ ਤਹਿ ਪਾਇਕੈ ਕਹੌਂ ਕਥਾ ਗੁਨਖਾਨਿ* ॥ ੧ ॥

ਬਿਮਲ=ਨਿਰਮਲ, ਉੱਜਲ। ਪਿੰਜਰ=ਪਿੰਜਰਾ।
ਸਰ=ਰੱਸੀ, ਲੜੀ। ਸਰੀ, ਮੋਤੀਆਂ ਦੀ ਮਾਲਾ। (ਅ) ਸਦਰਸ਼, ਤੁੱਲ।
ਖੰਜਨ=ਇਕ ਪੰਛੀ ਜਿਸਨੂੰ ਮਮੋਲਾ ਕਹਿੰਦੇ ਹਨ, ਏਹ ਬਹੁਤ ਚੰਚਲ ਹੁੰਦਾ ਹੈ, ਇਸ ਕਰਕੇ ਕਵਿ ਜੀ ਨੇ ਮਨ ਨਾਲ ਉਪਮਾਂ ਦਿੱਤੀ ਹੈ, ਇਹ ਪਿੰਜਰੇ ਭੀ ਔਖਾ ਹੀ ਪੈਂਦਾ ਹੈ, ਪੈ ਜਾਏ ਤਾਂ ਮਰ ਜਾਂਦਾ ਹੈ। ਇਹੋ ਕਵਿ ਜੀ ਦਾ ਕਟਾਖ ਹੈ ਕਿ ਮਨ ਜੇ ਪਿੰਜਰੇ ਪੈ ਗਿਆ ਤਾਂ ਏਹ ਆਪਾ ਪਲਟਕੇ ਸ਼ੁੱਧ ਹੋ ਜਾਏਗਾ।

**ਅਰਥ**—ਸ੍ਰੀ ਗੁਰੂ ਜੀ ਦੇ ਚਰਨਾਂ ਦੀ ਉੱਜਲ ਸ਼ੋਭਾ (ਮਾਨੋਂ) ਮੋਤੀ ਮਾਲਾ ਦਾ ਪਿੰਜਰਾ ਹੈ, (ਮੈਂ ਅਪਣੇ) ਮਨ ਰੂਪੀ ਮਮੋਲੇ ਨੂੰ ਉਸ ਵਿਚ ਪਾਕੇ (ਹੁਣ ਹੋਰ) ਕਥਾ (ਜੋ) ਗੁਣਾਂ ਦੀ ਖਾਣ ਹੈ, ਕਹਿੰਦਾ ਹਾਂ। ਅਥਵਾ ਗੁਣਾਂ ਦੀ ਖਾਣ ਗੁਰ ਨਾਨਕ (ਦੇਵ ਜੀ ਦੀ ਹੋਰ) ਕਥਾ ਵਰਣਨ ਕਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਤਿ ਬੇਨਤੀ ਕਰੀ ਜੁ ਰਾਊ[੫]। ਬੋਲੇ ਸ੍ਰੀ ਗੁਰੁ ਮ੍ਰਿਦੁਲ ਸੁਭਾਊ।'ਕੋ ਭੂਪਤਿ! ਤੁਮ[੬] ਆਪਨ[੭] ਹੰਤਾ[੮]। ਕਿਹ ਮਹਿਂ ਧਰੀ? ਕਹਹੁ ਬਿਰਤੰਤਾ' ॥੨॥ 'ਤੁਰਕ ਜਨਮ ਮਮ[੯], ਦੀਨਦਯਾਲਾ!। ਆਰਬਲਾ[੧੦] ਬ੍ਰਿਧ, ਮਮ[੧੧] ਸਿਤ[੧੨] ਬਾਲਾ[੧੩]। ਚਰਮ[੧੪] ਸਿਥਲ[੧੫], ਮੈਂ ਨਿਰਬਲ ਹੋਯੋ। ਕੰਪਤ ਸਿਰ ਮੈਂ ਬਿਸ਼ਿਯਨ ਭੋਯੋ[੧੬]॥੩॥ ਮਮ ਬਨਿਤਾ[੧੭], ਮੇਰੇ ਸੁਤ ਨਾਤੀ[੧੮]। ਮਮ ਸੋਦਰ[੧੯], ਇਹ ਮੇਰੇ ਗ੍ਯਾਤੀ[੨੦]। ਨਾਮ ਬੁਲਾਰ ਵਿਖੇ ਮਮ

---

[੧]ਚਾਹ। [੨](ਜੇ) ਅਧਿਕਾਰੀ ਮੈਨੂੰ ਲਖੋ ਤਾਂ। [੩]ਗਿਆਨ ਦਾ ਦਾਨ। [੪]ਤਿਆਰ ਹੋਏ। [੫]ਰਾਏ ਨੇ। [੬]ਤੁਸਾਂ। [੭]ਅਪਨੀ। [੮]ਹੰਗਤਾ (ਮੈਂ ਪਨਾ)। [੯]ਮੇਰਾ। [੧੦]ਆਯੂ। [੧੧]ਮੇਰੇ। [੧੨]ਚਿੱਟੇ। [੧੩]ਵਾਲ ਹਨ। [੧੪]ਚਮੜਾ। [੧੫]ਢਿੱਲਾ ਹੈ। [੧੬]ਮਿਲਿਆ ਹੋਇਆ। [੧੭]ਮੇਰੀ ਇਸਤ੍ਰੀ। [੧੮]ਮੇਰੇ ਪੁਤ ਪੋਤਰੇ। [੧੯]ਮੇਰੇ ਭਾਈ। [੨੦]ਮੇਰੇ ਸ਼ਰੀਕ ਭਰਾ। *ਪਾਃ—ਸੁਖਦਾਨ। ਵ,ਗਤਿਦਾਨ।

ਹੰਤਾ[੧]। ਸੰਬੰਧਨ ਮਹਿਂ ਲਖਹੁਂ[੨] ਇਦੰਤਾ[੩੭]॥੪॥ 'ਹੇ ਭੂਪਤਿ ! ਇਹ ਤਨ[੪] ਕੇ ਧਰਮਾ। ਆਪ ਅਰੋਪੇ[੫],ਭਾ ਉਰ ਭਰਮਾ[੬]। ਜਨਮ ਮਰਨ ਦੁਖ ਤਨ ਕੇ ਮਾਂਹੀ। ਬਾਲਿਕ, ਤਰੁਨ[੭], ਬ੍ਰਿੱਧ ਤੂੰ ਨਾਂਹੀ॥੫॥ ਖਾਕ[੮] ਬਾਦ[੯]ਆਤਸ਼ਹਿ[੧੦] ਆਬ[੧੧]ਨਭ[੧੨]। ਪੰਚ ਭੂਤ ਏ ਜੜ ਜਾਨਹੁ ਸਭਿ।ਤਿਨ ਕੀ ਦੇਹਿ ਰਚੀ ਜੜ੍ਹ ਸੋਊ[੧੩]।ਜਸ ਕਾਰਨ ਤਸ ਕਾਰਜ ਹੋਊ[੧੪] ॥੬॥ ਤੂੰ ਸਦੀਵ ਚੇਤਨ, ਸੁਖ ਸੰਗਾ। ਜਨਮ ਮਰਨ ਤੇ ਰਹਿਤ, ਅਭੰਗਾ[੧੫]। ਨਾਮ,ਰੂਪ, ਪੁਨ ਬਰਨ[੧੬] ਬਿਹੀਨਾ[੧੭]। ਸਦਾ ਏਕਰਸ, ਦੁਖ ਸਭਿ ਹੀਨਾ ॥੭॥ ਸੋ[੧੮]ਤਜਿ ਕਰਿ ਜਬ ਜਾਵਤਿ ਦੇਹੀ[੧੯]। ਘਰ ਤੇ ਕਾਢਹਿਂ ਵਹਿਰ ਸਨੇਹੀ[੨੦]। ਜਿਸ ਬਿਹੀਨ ਤਨ ਮ੍ਰਿਤ[੨੧] ਅਪਵਿੱਤ੍ਰਾ। ਸੋ ਤੂੰ ਲਖਿਯੇ[੨੨] ਪ੍ਰਿਥਕ ਪਵਿੱਤ੍ਰਾ[੨੩]॥੮॥ਜਾਤਿ ਬਰਨ ਤੇਂ ਲਖਿ ਕਰਿ ਨਯਾਰੋ। ਨਿਜ ਸਰੂਪ[੨੪] ਕਰਿਯੇ ਨਿਰਧਾਰੋ[੨੫]। ਅਰ ਪੁਨ ਜਹਿਂ ਜਹਿਂ ਮਮਤਾ[੨੬] ਥਾਪੀ। ਦੁਖ ਮੈਂ ਸੰਗੀ ਹ੍ਵੈਂ ਨ ਕਦਾਪੀ[੨੭] ॥ ੯ ॥ ਧਨ ਆਦਿਕ ਜੋ ਪਿਖੋ ਪਦਾਰਥ। ਸਭਿ ਜੀਵਤਿ ਲੌ,ਮੁਏ ਅਕਾਰਥ। ਜੋ ਗਯਾਤੀ[੨੮], ਬਨਿਤਾ ਸੁਤ, ਨਾਤੀ[੨੯],। ਤਨ ਤਯਾਗੇ ਤੇ ਕੋ ਨ ਸੰਗਾਤੀ[੩੦] ॥ ੧੦ ॥ ਦੋਹਰਾ ॥ ਬਸਤ੍ਰ ਸਮਾਨ ਸਰੀਰ ਸੋ ਜੀਰਨ[੩੧] ਹ੍ਵੈ ਤਜਿ ਜਾਹਿ[੩੨]। ਯਾਂਤੇ ਨਯਾਰੋ ਆਤਮਾ ਲਖਹੁ ਰਿਦੇ,ਨਰਨਾਹਿ![੩੩]॥੧੧॥ ਚੌਪਈ ॥ ਸੁਨਿ ਤਨੁ ਮਾਨ[੩੪] ਵਿਸਾਰਯੋ ਰਾਈ[੩੫]। ਸ਼੍ਰੀ ਗੁਰੂ ਸੋਂ ਪੁਨ ਗਿਰਾ ਅਲਾਈ। 'ਤਨ ਮੈਂ ਨਹੀਂ,ਬਤਾਈ ਸਾਚੀ। ਇੰਦ੍ਰਯ ਮੈਂ ਹੰਤਾ[੩੬] ਰੁਚਿ ਰਾਚੀ ॥੧੨॥ ਜਾਂਤੇ ਮੈਂ ਦੇਖੋਂ,ਮੈਂ ਸੁਨਿਹੋਂ।ਮੈਂ ਚਲਿਹੋਂ[੩੭],ਮੈਂਗਹੋਂ[੩੮]ਬਖਨਹੋਂ[੩੯]।ਮੈਂ ਸੂੰਘੋਂ, ਮੈਂ ਕਰੋਂ ਸਪਰਸਾ। ਲੇਊਂ ਸਾਦ ਅਸ ਹੰਤਾ[੪੦]ਧਰਿਸਾ[੪੧]॥੧੩॥ ਤਾਂਤੇ ਤਨ

---

[੧]ਹੰਕਾਰ (ਮੈਂ ਪਨਾ)। [੨]ਜਾਣਦਾ ਹਾਂ। [੩]ਇਸ ਪ੍ਰਕਾਰ। [੪]ਸਰੀਰ। [੫]ਆਪ ਲਾਏ ਹਨ। [੬]ਦਿਲ ਨੂੰ ਭਰਮ ਹੋਯਾ ਹੈ। [੭]ਜਵਾਨ। [੮]ਮਿੱਟੀ। [੯]ਵਾਯੂ। [੧੦]ਅਗਨੀ। [੧੧]ਪਾਣੀ। [੧੨]ਅਕਾਸ਼। [੧੩]ਓਹ ਬੀ ਜੜ ਹੈ। [੧੪]ਜੈਸਾ ਕਾਰਣ ਹੋਵੇ ਤੈਸਾ ਹੀ ਕਾਰਜ ਹੁੰਦਾ ਹੈ। [੧੫]ਜੋ ਭੰਗ ਨ ਹੋਵੇ। [੧੬]ਰੰਗ, ਜਾਤੀ। [੧੭]ਬਿਨਾ। [੧੮]ਉਹ, ਭਾਵ ਚੇਤਨ। [੧੯]ਦੇਹ ਨੂੰ। [੨੦]ਪਿਆਰ ਵਾਲੇ। [੨੧]ਮੁਰਦਾ। [੨੨]ਉਸਨੂੰ ਲਖੋ ਤੁਸੀਂ। [੨੩]ਵੱਖਰਾ ਤੇ ਪਵਿੱਤ੍ਰ। [੨੪](ਉਸਨੂੰ) ਅਪਣਾ ਸਰੂਪ। [੨੫]ਨਿਸ਼ਚੇ ਕਰੋ। [੨੬](ਮਮਤ੍ਵ) ਮੇਰਾ ਪਨ। [੨੭]ਕਦੇ ਭੀ। [੨੮]ਸਜਾਤੀ, ਸੰਬੰਧੀ। [੨੯]ਪੋਤ੍ਰੇ। [੩੦]ਸਾਥੀ ਨਹੀਂ। [੩੧]ਪੁਰਾਣਾ। [੩੨](ਆਤਮਾ) ਛਡ ਜਾਂਦਾ ਹੈ ਸਰੀਰ ਨੂੰ। [੩੩]ਹੇ ਰਾਜਾ। [੩੪]ਤਨ ਦਾ ਹੰਕਾਰ। [੩੫]ਰਾਜੇ ਨੇ। [੩੬]ਹੰਕਾਰ। [੩੭]ਮੈਂ ਚਲਦਾ ਹਾਂ। [੩੮]ਮੈਂ ਫੜਦਾ ਹਾਂ। [੩੯]ਮੈਂ ਕਹਿੰਦਾ ਹਾਂ। [੪੦]ਐਸੀ ਅਹੰਗਤਾ। [੪੧]ਧਾਰਦਾ ਹਾਂ।

ਤੇ ਅਨਯ[1] ਰਿਖੀਕਾ[2]। ਸੋ ਸਰੂਪ ਮੈਂ ਮਾਨਯੋ ਨੀਕਾ'। 'ਭੋ ਰਾਜਨ ! ਤੂੰ
ਇੰਦ੍ਰਯ ਨਾਂਹੀ। ਸੁਨਹੁ ਜੁਕਤਿ[3] ਯਾ ਪਰ[4] ਸ੍ਰੁਤਿ* ਮਾਂਹੀ[5] ॥ ੧੪॥
ਜਿਉਂ ਤਿਖਾਨ ਕੇ ਹਾਥਨ ਮਾਂਹੀ। ਬਿਨਾ ਕੁਠਾਰੋ[6] ਕ੍ਰਿੱਤਿ[7] ਹ੍ਵੈ ਨਾਂਹੀ।
ਤ੍ਰਿਉਂ ਸਾਧਨ ਹੈਂ ਇੰਦ੍ਰਯ ਬ੍ਰਿੰਦਾ[8]। ਇਨ ਤੇ ਆਤਮ ਪ੍ਰਿਥਕ[9] ਅਨੰਦਾ[10]
॥੧੫॥ ਨਾਨਾ ਇੰਦ੍ਰਯ ਤਾ[11] ਮਤਿ[12] ਨਾਨਾ†। ਕੈਸੇ ਨਿਜ ਸਰੂਪ ਅਨੁ-
ਮਾਨਾ[13]। ਸਦਾ ਏਕ ਤੂੰ ਚੈਤਨ ਨੀਕਾ।ਜਿਹ ਬਿਨ ਜੜ੍ਹ ਹੈਂ ਬ੍ਰਿੰਦ ਰਿਖੀ-
ਕਾ[14]॥੧੬॥ ਅੰਧ[15], ਮੂਕ[16],ਗੁੰਗੇ ਪੁਨ ਜੇਈ। ਜੀਵਤਿ ਜਗਤ ਰਹਤਿ ਹੈਂ
ਤੇਈ।ਇਨ ਤੇ ਆਤਮ ਲਖਿਯੇ ਨਯਾਰੋ। ਇੰਦ੍ਰਯ ਤਨ ਕੇ ਜੌਨ ਅਧਾਰੋ[17]
॥ ੧੭ ॥ ਨਿਜ ਤਤ ਕੋ ਰਿਖੀਕ ਗੁਣ ਗ੍ਰਾਹੀ[18]। ਨਭ ਕੋ ਸ਼ਬਦ ਸ਼੍ਰਵਣ
ਗਹਿ ਤਾਂਹੀ[19]। ਤੁਚਾ ਵਾਉ ਕੀ ਇੰਦ੍ਰਯ[20] ਜਾਨਿ। ਤਿਹ ਕੋ ਬਿਸ਼ੈ ਸਪ-
ਰਸ਼ ਪਛਾਨ[21]॥੧੮॥ ਜਿਹ ਸੁਭਾਉ ਤਾਂਕੋ ਸੋ ਗਹਿਈ[22]।ਬਾਦ[23] ਅਹੰਤਾ[24]
ਤੂੰ ਕਿਉਂ ਲਹਿਈ। ਚਖ[25] ਅਗਨੀ ਕੀ[26] ਗੁਨ ਤਿਹ ਰੂਪਾ[27]। ਸੋ ਤਿਹ
ਗਹੈ, ਸਮਝਿਯੇ ਭੂਪਾ ! ॥ ੧੯ ॥ ਜਲ ਕੀ ਜੀਹ[28] ਸੁ ਰਸ ਗੁਣ ਤਾਂਹੀ[29]।
ਜਾਨਹੁ ਬਿਸ਼ੈ ਸਾਦ ਕੋ ਗ੍ਰਾਹੀ[30]। ਛਿਤਕੀ[31] ਘ੍ਰਾਣ[32], ਗੰਧ ਗੁਣ[33]
ਜਾਨ।ਗਹੇ ਸੁ ਤਾਂਕੋ ਲੇਹੁ ਪਛਾਨ ॥੨੦॥ ਅਸ[34] ਇਨ[35] ਸਹਿਜ ਸੁਭਾਇ
ਵਿਚਾਰੋ। ਅਪਨਿ ਅਹੰਤਾ[36] ਕਿਉਂ ਤੁਮ ਧਾਰੋ। ਸਭਿ ਰਿਖੀਕ[37] ਲਖਿਯੇ
ਦੁਖ ਕੂਪਾ[38]। ਤੋਰ ਸਰੂਪ ਅਨੰਦ ਅਨੂਪਾ'॥੨੧॥ਸੁਨਿ ਗੋ ਅਹੰ[39] ਬੁਲਾਰ

---

[1]ਭਿੰਨ। [2]ਇੰਦ੍ਰੀਆਂ। [3]ਦਲੀਲ। [4]ਇਸ ਉੱਤੇ। [5]ਕੰਨਾਂ ਵਿੱਚ। [6]ਕੁਹਾੜੇ। [7]ਕੰਮ। [8]ਸਾਰੇ ਇੰਦ੍ਰੇ। [9]ਵੱਖ। [10](ਤੂ) ਅਨੰਦ ਸਰੂਪ ਹੈ। [11]ਉਨ੍ਹਾਂ ਦੇ। [12]ਮਤੇ। [13]ਸਮਝਿਆ ਹੈਂ (ਤੂੰ)। [14]ਸਾਰੀਆਂ ਇੰਦ੍ਰੀਆਂ। [15]ਅੰਨ੍ਹੇ। [16]ਡੋਰੇ। [17]ਆਸਰੇ। [18]ਇੰਦ੍ਰੀਆਂ ਆਪੋ ਆਪਣੇ ਤੱਤਾਂ ਦੇ ਗੁਣ ਗ੍ਰਹਣ ਕਰਦੀਆਂ ਹਨ। [19]ਅਕਾਸ਼ ਦਾ ਗੁਣ ਹੈ ਸ਼ਬਦ, ਉਸ ਨੂੰ ਕੰਨ ਗ੍ਰਹਣ ਕਰਦੇ ਹਨ। [20]ਵਾਉ ਦਾ ਤੂਚਾ। [21]ਵਿਸ਼ਾ ਸਪਰਸ਼ (ਛੁਹ) ਪਛਾਣ ਲੈ। [22]ਫੜਦਾ ਹੈ (ਇੰਦ੍ਰਯ)। [23]ਵਿਅਰਥ। [24]ਹੰਗਤਾ। [25]ਅੱਖਾਂ। [26]ਅੱਗ ਦਾ (ਇੰਦ੍ਰੇ ਹਨ)। [27]ਉਨ੍ਹਾਂ ਦਾ ਗੁਣ ਰੂਪ ਹੈ। [28]ਜੀਭ। [29]ਉਸ ਦਾ ਗੁਣ ਰਸ ਹੈ। [30]ਉਸ ਦਾ ਵਿਸ਼ਾ ਜਾਣੋਂ ਸਵਾਦ ਨੂੰ ਗ੍ਰਹਣ ਕਰਨਾ। [31]ਪ੍ਰਿਥਵੀ ( ਦਾ ਇੰਦ੍ਰੇ )। [32]ਨੱਕ। [33]ਉਸ ਦਾ ਗੁਣ 'ਗੰਧ' ਜਾਣ। [34]ਇਸ ਤਰ੍ਹਾਂ। [35]ਇਨ੍ਹਾਂ ਦਾ। [36]ਹੰਗਤਾ। [37]ਇੰਦ੍ਰੀਆਂ। [38]ਦੁਖਾਂ ਦੇ ਖੂਹ। [39]ਇੰਦ੍ਰੀਆਂ ਦੀ ਅਹੰਗਤਾ।

*ਪਾ:—ਸਤ—ਬੀ ਹੈ। †ਪਾ:—ਮਤ ਜਾਨਾ। ਵਾ—ਤਨ ਨਾਨਾ=ਕਈ ਸਰੂਪ।

ਬਿਸਾਰੀ। ਪੁਨ ਸ੍ਰੀ ਗੁਰ ਸੋਂ ਗਿਰਾ ਉਚਾਰੀ। 'ਨਹਿਂ ਰਿਖੀਕ ਹੈਂ ਮੋਰ ਸਰੂਪਾ। ਜਾਨੋਂ ਮੈਂ ਹੌਂ ਪ੍ਰਾਨ ਅਨੂਪਾ ॥ ੨੨ ॥ ਜਬ ਲੌ ਪ੍ਰਾਣ ਰਹੈਂ, ਤਨ ਜੀਵਤਿ। ਨਿਕਸ ਜਾਇਂ, ਤਬ ਮ੍ਰਿਤੁ ਪੁਨ ਥੀਵਤਿ। ਜੀਵਤਿ ਮਰਨਾ ਪ੍ਰਾਣ ਅਧੀਨਾ[੧]। ਯਾਂਤੇ ਸੋ ਸਰੂਪ ਨਿਜ ਚੀਨਾ[੨] ॥੨੩ ॥ ਦੁਖ ਸੁਖ ਕੋ ਅਨੁਭਵ ਜਿਸ ਮਾਂਹੀ। ਤਨ ਰਿਖੀਕ ਜਿਹ ਬਿਨ ਥਿਰ ਨਾਂਹੀ। ਖਾਉਂ ਅਸਨ, ਮੈਂ ਪੀਵੌਂ ਪਾਨਾ।ਤਾਂਤੇ ਮਮ ਸਰੂਪ ਹੈ ਪ੍ਰਾਨਾ[੩]' ॥੨੪॥ 'ਹੇ ਰਾਜਨ ਜੇ ਪ੍ਰਾਣ ਅਨੂਪਾ। ਸੋਪਿ[੪]* ਨਹੀਂ ਹੈ ਤੋਰ[੫] ਸਰੂਪਾ। ਜਾਗ੍ਰਤ, ਸੁਪਨ, ਸੁਖੋਪਤ ਮਾਂਹੀ। ਤਿਨਹਿਂ ਸਥਿਰਤਾ ਕਬਹੂੰ ਨਾਂਹੀ ॥੨੫॥ ਇਨ ਸਮਾਂਨ ਨਹਿ ਤੇਰੀ ਰੀਤਾ। ਇਨਤੇ ਆਪ ਲਖਹੁ ਵਿੱਪ੍ਰੀਤਾ। ਜਾਗ੍ਰਤ,ਸੁਪਨ,ਭੋਗ ਸ਼੍ਰਮ[੬] ਪਾਵਾ। ਬਹੁਰ ਸਖੋਪਤਿ ਮਾਂਹਿ ਸਿਧਾਵਾ[੭] ॥ ੨੬ ॥ ਘਨਾਨੰਦ[੮] ਕੇ ਬੀਚ ਸਮਾਵੈ। ਬ੍ਰਿਤਿ ਬਿਹੀਨ[੯], ਨ ਆਵੈ ਜਾਵੈ। ਜੋ ਹੈ ਸਦਾ ਅਚੱਲ ਅਨੂਪਾ। ਸੋ ਉਰ ਲਖਿਯੇ ਅਪਨ ਸਰੂਪਾ ॥ ੨੭ ॥ ਤੈਂ ਜੋ ਭਾਖੇ ਪ੍ਰਾਨ ਬਿਹੀਨਾ। ਦੇਹੀ ਇੰਦ੍ਰਯ ਥਿਰ ਨਹਿਂ ਚੀਨਾ। ਯਾਂ ਕੋ ਉੱਤਰ ਸੁਨਹੁ ਉਮੰਗਾ[੧੦]। ਅਹੈ ਜੀਵ ਕੋ ਪ੍ਰਾਨ[੧੧] ਤੁਰੰਗਾ[੧੨] ॥ ੨੮ ॥ ਤਾਂ ਪਰ ਹ੍ਵੈ ਆਰੂਢ[੧੩] ਪ੍ਰਲੋਕਾ। ਜਾਇ, ਸਬੰਧੀ ਹੋਤਿ ਸਸ਼ੋਕਾ[੧੪]। ਯਾਂਤੇ ਅਨਤ ਸਰੂਪ ਪਛਾਨੋ। ਜਿਹ ਜਾਨੇ ਸਭਿ ਸੰਕਟ ਹਾਨੋ[੧੫]' ॥੨੯॥ ਸੁਨਿ ਕਰਿ ਰਾਇ ਸ਼੍ਰੋਨ[੧੬] ਅਸ ਬਚਨਾਂ। ਤਯਾਗੀ ਪ੍ਰਾਣਅਹੰ[੧੭] ਕੀ ਰਚਨਾ।ਬੋਲਯੋ 'ਜਗਤ ਲਖਯੋ ਸਭਿ ਕਾਚਾ। ਪ੍ਰਾਨ ਨਹੀਂ ਮੈਂ ਸਾਚ ਉਬਾਚਾ ॥ ੩੦ ॥ ਮਨ ਸਰੂਪ ਮੈਂ ਅਪਨਾ ਜਾਨਾ। ਜਾਂਕੇ ਹੈ ਅਧੀਨ[੧੮] ਸਭਿ ਗਯਾਨਾ। ਸਾਵਧਾਨ ਮਨ ਹੋਇ ਨ ਜੌਲੌਂ[੧੯]। ਗਯਾਨ ਉਪਾਵੈ ਕੋਇ ਨ ਤੌਲੌਂ[੨੦] ॥੩੧॥ ਮੈਂ ਸੰਕਲਪ ਕਿਯੋ ਅਸ ਭਾਂਤੀ[੨੧]। ਜਾਂਤੇ ਜੀਤੋਂ ਸਕਲ ਅਰਾਤੀ[੨੨]। ਮਨ ਕੋ ਧਰਮ ਸੰਕਲਪ ਉਠਾਵਤਿ। ਸੋ ਸਭਿ ਆਪਨ ਮੈਂ ਲਖਿ ਪਾਵਤ੍ਰਿ॥੩੨॥ਤਾਂਤੇ ਮਨ ਸਰੂਪ ਹੈ ਮੇਰੋ। ਯਾਂਤੇ ਅਨਤ[੨੩]

---

[੧]ਪ੍ਰਾਣਾਂ ਦੇ ਵੱਸ ਵਿਚ ਹੈ। [੨]ਮੈਂ ਪਛਾਣਿਆਂ ਹੈ ਆਪਣਾ। [੩]ਪ੍ਰਾਣ ਮੇਰਾ ਸਰੂਪ ਹੈ। [੪]ਉਹ ਬੀ। [੫]ਤੇਰਾ। [੬]ਥਕੇਵਾਂ। [੭]ਚਲਾ ਜਾਂਦਾ ਹੈ। [੮]ਡੂੰਘੇ ਆਨੰਦ। [੯]ਬ੍ਰਿਤੀ ਰਹਿਤ। [੧੦]ਉਤਸਾਹ ਸਹਿਤ। [੧੧]ਪ੍ਰਾਣ ਜੀਵ ਦਾ। [੧੨]ਘੋੜਾ ਹੈ। [੧੩]ਅਸਵਾਰ ਹੋਕੇ। [੧੪]ਸ਼ੋਕ ਵਾਲੇ। [੧੫]ਨਾਸ਼ ਹੁੰਦੇ ਹਨ। [੧੬]ਕੰਨੀ। [੧੭]ਪ੍ਰਾਣ ਮੈਂ ਹਾਂ, ਪ੍ਰਾਣਾਂ ਦੀ ਹੰਗਤਾ। [੧੮]ਵੱਸ। [੧੯]ਜਦ ਤਕ। [੨੦]ਤਦ ਤਕ। [੨੧]ਇਸ ਪ੍ਰਕਾਰ। [੨੨]ਵੈਰੀ। [੨੩]ਵੱਖਰਾ, ਹੋਰ।

*ਪਾ:-ਸੋ ਬਿ।

ਔਰ ਨਹਿਂ ਹੇਰੋਂ[੧]।'ਭੋ ਰਾਜਨ ! ਤੂੰ ਮਨ ਭੀ ਨਾਂਹੀ। ਹੋਨਿ ਵਿਕਾਰ,ਹੇਤ ਤਿਹ ਮਾਂਹੀ[੨]॥੩੩॥ਬਿਨਾ ਵਿਕਾਰ ਰੂਪ ਹੈ ਤੇਰੋ। ਤਾਂਕੋ ਅਬ ਨੀਕੀ ਬਿਧਿ ਹੇਰੋ ।ਜਿਹਨੈ ਇਸ ਮਨ ਕੋ ਉਪਜਾਵਾ[੩]। ਸੋ ਸਰੂਪ ਤੂੰ ਸਦਾ ਸੁਹਾਵਾ॥੩੪॥ ਉਪਜਨ ਬਿਨਸਨ ਮਹਿਂ ਤੂੰ ਨਾਂਹੀ। ਨਿੱਤਯ ਏਕਰਸ ਲਖਿ ਉਰ ਮਾਂਹੀ॥ ਕਹਤਿ ਜੌਨ[੪]–ਮੇਰੇ ਮਨ ਆਈ। ਸ਼ੱਤ੍ਰ[੫] ਜੀਤੌਂ, ਕਰੌਂ ਲਰਾਈ–॥ ੩੫ ॥ ਜੋ[੬] ਭਾਖਤਿ ਮਨ ਕੋ–ਮਨ ਮੇਰੋ–। ਸੋ ਸਰੂਪ ਅਪਨੋ ਤੁਮ ਹੇਰੋ। ਮਨਕੀ ਗਤਾਗਤੀ[੭] ਜੋ ਜਾਨੈ। ਸ੍ਵਯੰਪ੍ਰਕਾਸ਼ ਸਦਾ ਸੋ ਭਾਨੈ[੮] ॥ ੩੬ ॥ ਸਾਧਨ ਜਿਉਂ ਨੈਨਾਦਿ ਰਿਖੀਕਾ[੯]।ਤਿਉਂ ਮਨ ਸਾਧਨ ਜਾਨਹੁ ਨੀਕਾ। ਪਿਖਨ[੧੦] ਸੁਨਨ[੧੧],ਚਖ੍ਯ[੧੨] ਸ੍ਰੋਤ[੧੩] ਬਿਨ ਨਾਂਹੀ। ਮਨ ਬਿਹੀਨ ਤਿਉਂ ਬ੍ਰਿੱਤਿ[੧੪] ਨ ਕਾਹੀ ॥੩੭॥ ਅਸ ਪ੍ਰਕਾਰ ਕੀ ਸੁਨਿ ਕਰਿ ਬਾਨੀ।ਗਇ ਤਬਹਿ ਹੈਂਤਾ[੧੫] ਮਨ ਹਾਨੀ[੧੬]। ਕਰਿ ਵਿਚਾਰ ਪੁਨ ਬਚਨ ਉਚਾਰਾ। 'ਮਨ ਨਹਿਂ ਮੇਰੋ ਰੂਪ ਉਦਾਰਾ[੧੭] ॥ ੩੮ ॥ ਇਸ ਤੇ ਪਰੈ ਬੁੱਧਿ ਹੈ ਜੋਈ। ਨਿਜ ਸਰੂਪ ਮੈਂ ਮਾਨਯੋ* ਸੋਈ । ਨਿਸ਼ਚਾ ਕਰਨ ਧਰਮ ਬੁਧਿ ਕੇਰਾ[੧੮]। ਆਪਨ ਹੈਂਤਾ ਤਾ ਮਹਿਂ ਹੇਰਾ ॥ ੩੯ ॥ ਯਾਂਤੇ ਪਰੈ ਨ ਜਾਨਯੋ ਜਾਈ। ਅਹੈ ਪਰੇ ਤੌ ਦੇਹੁ ਬੁਝਾਈ[੧੯]। ਸੁਨਿ ਬੋਲੇ ਸ੍ਰੀ ਪੰਕਜ ਬਦਨਾ। 'ਭੋ ਰਾਜਨ ਕਰਿ ਅਹੰ ਨਿਕਦਨਾ[੨੦] ॥ ੪੦ ॥ ਨਹੀਂ ਬੁੱਧਿ, ਤੂੰ ਦੇਖਿ ਵਿਚਾਰਾ । ਮਿਲ ਯਾ ਸੋਂ[੨੧] ਭਾ ਜੀਵ ਦੁਖਾਰਾ। ਪੰਚ ਭੂਤ ਮੈਂ ਤਮਗੁਨ[੨੨] ਜੋਈ। ਤਿਹਤੇ ਬਨਯੋ ਥੂਲ[੨੩] ਸਭਿ† ਕੋਈ॥੪੧॥ਤਿਨ ਮਹਿਂ ਅੰਸੁ ਜੁ ਰਜਗੁਨ[੨੪]ਨੀਕਾ[੨੫]।ਤਿਹ ਨਿਰਮਾਈ[੨੬]ਸਰਬ ਰਿਖੀਕਾ[੨੭]। ਤਾਂਮਹਿ ਸਤਗੁਨ[੨੮]ਅੰਸ ਸੁਹਾਵਾ। ਤਿਹਤੇ ਅੰਤਹਿਕਰਣ ਬਨਾਵਾ॥੪੨॥ਚਤੁਰ ਪ੍ਰਕਾਰ ਭਯੋ ਸੋ[੨੯]ਜਾਨੋ। ਮਨ,ਬੁਧਿ,

---

[੧]ਨਹੀਂ ਦੇਖਦਾ। [੨]ਇਸ ਕਾਰਣ ਕਿ ਉਸ (ਮਨ) ਵਿੱਚ ਹੁੰਦੇ ਹਨ ਵਿਕਾਰ । [੩]ਉਤਪਤ ਕੀਤਾ। [੪]ਜੇਹੜਾ। [੫]ਵੈਰੀ । [੬]ਜੇਹੜਾ। [੭]ਔਣਾ ਜਾਣਾ। [੮]ਅਪਣੇ ਪ੍ਰਕਾਸ਼ ਤੋਂ ਆਪ ਪ੍ਰਕਾਸ਼ਣ ਵਾਲਾ ਉਹ ਪ੍ਰਤੀਤ ਹੁੰਦਾ ਹੈ । [੯]ਨੇਤ੍ਰਾਦਿਕ ਇੰਦ੍ਰੀਆਂ, ਜਿਵੇਂ ਸਾਧਨ ਮਾਤ੍ਰ ਹਨ । [੧੦]ਦੇਖਣਾ । [੧੧]ਸੁਣਨਾ । [੧੨]ਅਖਾਂ । [੧੩]ਕੰਨ । [੧੪]ਬਿਰਤੀ । [੧੫]ਹੰਕਾਰ । [੧੬]ਨਾਸ਼ ਕੀਤਾ। [੧੭]ਸ੍ਰੇਸ਼ਟ। [੧੮]ਬੁਧਿ ਦਾ ਧਰਮ ਹੈ 'ਨਿਸ਼ਚੇ' ਕਰਨਾ । [੧੯]ਸਮਝਾ ਦਿਓ । [੨੦]ਹੰਗਤਾ ਨੂੰ ਨਾਸ਼ ਕਰ। [੨੧]ਇਸ ਨਾਲ ਮਿਲਕੇ। [੨੨]ਤਮੋ ਗੁਣ। [੨੩]ਅਸਥੂਲ। [੨੪]ਰਜੋ ਗੁਣ ਦੀ ਹੈ । [੨੫]ਚੰਗੀ । [੨੬]ਪੈਦਾ ਕੀਤੀਆਂ। [੨੭]ਸਾਰੀਆਂ ਇੰਦ੍ਰੀਆਂ । [੨੮]ਸਤੋ ਗੁਣ। [੨੯]ਭਾਵ, ਅੰਤਹਕਰਣ।

*ਪਾ:–ਜਾਨਯੋ।

†ਪਾ:–ਥੂਲ ਗੁਨ।

ਚਿਤ*, ਅਹੰਕਾਰ ਪਛਾਨੋ। ਇਨਕੀ ਬਿਧਿ ਸਭਿ ਜਾਨਹੁ ਐਸੇ।ਤਵ ਸਰੂਪ ਕੈ ਆਸ਼ੈ ਜੈਸੇ ॥੪੩॥ ਰਥ ਰੂਪੀ ਜੋ ਅਹੈ ਸਰੀਰਾ। ਤਿਹ[1] ਤੁਰੰਗ[2] ਇੰਦ੍ਰੀ ਲਖਿ ਧੀਰਾ[3]! ਮਨ ਡੋਰੀ ਕੇ ਸਮ ਪਹਿਚਾਨਹੁ। ਬੁੱਧਿ ਸਾਰਥੀ[4] ਤਿਨਹਿੰ ਪ੍ਰਮਾਨਹੁ ॥ ੪੪ ॥ ਰਥੀ[5]ਆਤਮਾ ਰੂਪ ਸੁ ਤੇਰੋ[6]। ਜਾਂਕੋ ਹਰਖ ਸ਼ੋਕ ਨਹਿੰ ਹੇਰੋ†। ਤਾਂਕੋ ਤੂੰ ਨੀਕੈ ਲਖਿ ਲੀਜੈ। ਅਪਰ ਅਹੰਤਾ ਤਯਾਗਨ ਕੀਜੈ ॥ ੪੫ ॥ ਜਿਹ ਕੋ ਸਕੈ ਨ ਅਗਨਿ ਜਰਾਈ[7]। ਨੀਰ ਨ ਤਾਂਕੋ ਕਬਹਿ ਗਰਾਈ[8]। ਨਹਿੰ ਸ਼ਸਤ੍ਰਨ ਸੋਂ ਛੇਦਯੋ ਜਾਇ। ਪੌਨ ਨ ਤਾਂਕੋ ਸਕੈ ਉਡਾ-ਇ ॥੪੬॥ ਬਾਲਕ ਬੂਢਾ ਜੋ ਨਹਿੰ ਤਰੁਨਾ[9]। ਜਾਹਿੰ ਕਦਾਚਿਤ ਜਨਮ ਨ ਮਰਨਾ। ਜਾਂਕੋ ਭੂਖ ਪਿਆਸ ਨ ਥੋਰੀ। ਜਿਹ ਬਿਸਰੇ ਤੇ ਹ੍ਵੈ ਦੁਖ ਘੋਰੀ' ॥੪੭॥ ਸੁਨਿ ਬੁਲਾਰ ਇਸ ਬਿਧਿ ਕੇ ਬੈਨਾ। ਨਿਜ ਸਰੂਪ ਜਾਨਯੋ ਸੁਖ ਐਨਾ। ਭਯੋ ਨਿਮਗਨ[10] ਅਥਾਹਿ ਅਨੰਦਾ। ਛੂਟ ਗਏ ਜਗ ਕੇ ਸਭਿ ਫੰਦਾ॥੪੮॥ਹਾਥ ਬੰਦਿ ਪਦ ਬੰਦਨਧਾਰੀ।ਉਸਤਤਿ ਪਦ ਕੀ ਗਿਰਾ ਉਚਾਰੀ। 'ਧੰਨ ਧੰਨ ਪੂਰਨ ਗੁਰਦੇਵਾ!। ਕ੍ਰਿਪਾ ਤੁਮਾਰਿ ਲਖਯੋ ਅਸ ਭੇਵਾ ॥੪੯॥ ਰਾਗ ਦ੍ਵੈਖ ਦ੍ਵੈ ਸਿੰਘ ਸਮਾਨਾ। ਇਨਕੇ ਭੈ ਤੇ ਮੁਝਹਿ ਮੁਚਾਨਾ[11]। ਗ੍ਰਸਯੋ ਸਰਪ ਦੀਰਘ[12]ਅਹੰਕਾਰਾ[13]। ਦੀਨ ਜਾਨਿ ਤੁਮ ਲੀਨ ਉਬਾਰਾ[14] ॥੫੦॥ ਅਬ ਮੈਂ ਆਤਮ ਰੂਪ ਪਛਾਨਾ। ਜਿਹ ਜਾਨੇ ਜਗ ਕੋ ਦੁਖ ਹਾਨਾ'। ਅਸ ਪ੍ਰਕਾਰ ਕੋ ਸੁਨਿ ਉਪਦੇਸੂ। ਜਾਨਯੋ ਸਹਜ ਸਰੂਪ ਨਰੇਸੂ[15] ॥ ੫੧ ॥ ਏਕ ਆਤਮਾ ਬਯਾਪਕ ਸਾਰੇ। ਹੁਤੋ ਭੇਦ ਸੋ ਦੂਰ ਨਿਵਾਰੇ। ਕਰਿ ਬੁਲਾਰ ਕੋ ਭਲੇ ਨਿਹਾਲਾ। ਪੁਨ ਆਏ ਨਿਜ ਸਦਨ ਕ੍ਰਿਪਾਲਾ ॥ ੫੨ ॥ ਮਨਹੁ ਗਯਾਨ ਕੋ ਤਰਨਿ[16] ਬਿਰਾਜੈ॥ਜਿਹਕੇ ਦਰਸ਼ਨ ਕਲਿਮਲ ਭਾਜੈਂ।ਕਿਤਕ ਦਿਵਸ ਇਸ ਭਾਂਤਿ ਬਿਤਾਏ। ਸ਼ੁਭ ਮਗ ਦੇਨਿ ਜਗਤ ਜੋ ਆਏ ॥ ੫੩ ॥

ਕਮਲ ਬਦਨ ਇਕ ਦਿਨ ਨਿਜ ਸਦਨਾ। ਪੌਢ ਸੈਨ ਕਿਯ, ਦੋਖ ਨਿਕਦਨਾ। ਤਿਹ ਛਿਨ ਅਸਨ ਹੋਤਿ ਭਾ ਤਯਾਰਾ। ਸ੍ਵਾਦ ਸਰਸ ਨਾਨਾ ਪਰਕਾਰਾ॥੫੪॥ ਪਾਕਸ਼ਾਲ[17] ਮਹਿੰ ਤ੍ਰਿਪਤਾ ਮਾਤਾ। ਬਿੰਜਨ[18] ਕਰਿਵਾਏ

[1]ਤਿਸ ਸਰੀਰ ਦੇ। [2]ਘੋੜੇ । [3]ਇੰਦ੍ਰੀਆਂ ਨੂੰ ਜਾਣ, ਹੇ ਧੀਰਜੀ। [4]ਰਥ ਹੱਕਣ ਵਾਲਾ । [5]ਰਥ ਦਾ ਮਾਲਕ। [6]ਆਤਮਾ ਹੈ ਸੋ ਤੇਰਾ ਰੂਪ ਹੈ। [7]ਸਾੜ ਨਹੀਂ ਸਕਦੀ। [8]ਗਾਲ। [9]ਜਵਾਨ। [10]ਮਸਤ। [11]ਛੁਡਾਇਆ। [12]ਬੜੇ। [13]ਹੰਕਾਰ ਨੇ। [14]ਬਚਾ ਲਿਆ। [15]ਰਾਜੇ ਨੇ। [16]ਸੂਰਜ। [17]ਰਸੋਈ। [18]ਭੋਜਨ।

*ਇਹ ਉਹ 'ਚਿਤ' ਨਹੀਂ ਜੋ 'ਸਤ ਚਿਤ ਆਨੰਦ' ਵਿਚ ਪਦ 'ਚਿਤ' ਹੈ।

†ਪਾ:—ਮੇਰੋ।

ਤਿਹ ਤਾਤਾ[1]। ਇਕ ਦਾਸੀ ਸੋ ਨਿਕਟਿ ਬੁਲਾਈ। ਕਹੈ ਕਿ 'ਸੁਤ ਕੋ ਆਨਿ ਜਗਾਈ ॥੫੫॥ ਸੀਤਲ ਹੋਇ ਨ ਜਾਇ ਅਹਾਰਾ। ਜੇਵਹਿ ਆਨ ਅਨੇਕ ਪ੍ਰਕਾਰਾ'। ਤਬ ਗਵਨੀ ਦਾਸੀ ਸੁਨਿ ਬੈਨਾ। ਪਹੁੰਚੀ ਜਹਿਂ ਸੈਨੇ[2] ਗੁਨ ਐਨਾ ॥ ੫੬ ॥ ਰਿਦੇ ਜਗਾਵਨ ਕੀ ਅਭਿਲਾਖਾ। ਸੁਮਤਿਵਾਨ ਥੀ, ਬਚਨ ਨ ਭਾਖਾ। ਵਹਿਰ ਚੀਰ ਤੇ ਚਰਨ ਸੁਹਾਵਾ[3]। ਤਿਹ ਪਰਸਨ ਹਿਤ ਮਨ ਲਲਚਾਵਾ ॥੫੭॥ ਪਰਮ ਪ੍ਰੇਮ ਜਾਗਯੋ ਮਨ ਮਾਂਹੀ। ਚਰਨਹਿਂ ਹਾਥ ਛੁਹਾਯੋ ਨਾਹੀ। ਰਸਨਾ ਸੰਗ ਸੁ ਚਾਟਨ ਲਾਗੀ। ਜਗ ਮੈਂ ਵਡਭਾਗਨਿ ਅਨੁਰਾਗੀ[4] ॥ ੫੮ ॥ ਕੀਨਿ ਸਪਰਸ਼ਨ[5] ਰਸਨਾ ਜਬਹੀ। ਤੀਨ ਲੋਕ ਕੀ ਸੁਧਿ ਭੀ ਤਬਹੀ।ਗ੍ਰਾਮ ਨਗਰ ਕਾਨਨ[6] ਗਿਰ[7] ਭਾਰੀ। ਸਭਿ ਸੁਧ ਜਾਨੀ ਸਿੰਧ ਮਝਾਰੀ[8] ॥੫੯॥ ਤਹਿਂ ਇਕ ਕੌਤਕ ਲਖਯੋ ਅਨੂਪਾ। ਸ੍ਰੀ ਨਾਨਕ ਕੋ ਪਿਖਯੋ ਸਰੂਪਾ। ਲਵਪੁਰਿ ਕੋ ਮਨਸੁਖ ਜੋ ਸ਼ਾਹਾ। ਤਿਹ ਜਹਾਜ ਥੋ ਸਾਗਰ ਮਾਂਹਾ ॥ ੬੦ ॥ ਤਾਂਕੋ ਬਿਘਨ ਹੋਨਿ ਕਛੁ ਲਾਗਾ। ਸਿਮਰਨ ਸ੍ਰੀ ਨਾਨਕ ਅਨੁਰਾਗਾ। 'ਹੇ ਪ੍ਰਭੁ ਦੀਨ ਬੰਧੁ ਗੁਰੂ ਪੂਰਨ ! ਕਰਹੁ ਸਹਾਇ ਆਨਿ ਮਮ ਤੂਰਨ[9] ॥ ੬੧ ॥ ਜਹਿਂ ਸਨਬੰਧੀ ਕੋਇ ਨ ਸਾਥਾ। ਤਹਿਂ ਤੁਮ ਸਾਥ ਹੋਤਿ* ਜਗਨਾਥਾ ! ਤੀਰ[10] ਸੰਗਲਾਦੀਪ ਪੁਚਾਵਨ। ਕਰਹੁ ਜਹਾਜ, ਭਗਤ ਮਨ ਭਾਵਨਿ[11]' ॥ ੬੨ ॥ ਨਿਜ ਅਰਾਧਨਾ ਲਖਿ ਕਰਿ ਸ੍ਵਾਮੀ। ਗਏ ਸਿੰਧੁ ਮਹਿਂ ਅੰਤਰਜਾਮੀ। ਤਿਹ ਜਹਾਜ ਕੋ ਤਟ[12] ਪਹੁੰਚਾਵਾ। ਮਨਸੁਖ ਦੇਖਿ ਰਿਦੇ ਸੁਖ ਪਾਵਾ ॥ ੬੩ ॥ ਦਾਸੀ ਸਭਿ ਬਿਲੋਕ ਬਿਰਤਾਂਤਾ। ਗਈ ਤਬਹਿ ਜਹਿਂ ਥੀ ਗੁਰਮਾਤਾ। ਕਹਯੋ ਜਾਇ 'ਮੈਂ ਕਿਯ ਨ ਜਗਾਵਨ। ਸੋ ਤੋ ਕਰਹਿਂ ਜਹਾਜ ਲੰਘਾਵਨਿ ॥੬੪॥ ਜਬ ਨਿਜ ਸਿਖ ਕੋ ਕਰਿ ਹੈਂ ਕਾਜਾ[13]। ਦੇਇਂ ਸਮੁੰਦ੍ਰ ਲੰਘਾਇ ਜਹਾਜਾ। ਤਬ ਮੈਂ ਆਨੋ ਤਿਨਹਿਂ ਜਗਾਈ। ਕਹੋਂ ਸਾਚ ਬਚ ਕੂਰ ਨ ਰਾਈ'॥੬੫॥ ਸੁਨਿ ਤ੍ਰਿਪਤਾ ਰਿਸ[14] ਕਛੁ ਕਹਿ ਬੈਨਾ।ਗਈ ਆਪ ਜਹਿਂ ਕਿਯ ਸੁਤ[15] ਸੈਨਾ[16]।ਤਿਨਹਿਂ

---

[1]ਵਾਸਤੇ ਪੁੱਤ੍ਰ ਦੇ। [2]ਸੁੱਤੇ ਪਏ ਸਨ। [3](ਉਤੇ ਕੀਤੇ) ਕਪੜੇ ਤੋਂ (ਗੁਰੂ ਜੀ ਦਾ) ਚਰਨ ਬਾਹਰ ਸੀ। [4]ਪ੍ਰੇਮ ਵਾਲੀ। [5]ਛੁਹਾਈ। [6]ਜੰਗਲ। [7]ਪਰਬਤ। [8]ਸਮੁੰਦਰ ਵਿਚ ਦੀ। [9]ਸ਼ੀਘਰ। [10]ਕੰਢੇ। [11]ਹੇ ਭਗਤਾਂ ਦੇ ਮਨ ਭਾਵਨ ਵਾਲੇ। [12]ਕੰਢੇ। [13]ਕੰਮ। [14]ਗੁੱਸੇ ਨਾਲ। [15]ਪੁੱਤਰ ਨੇ। [16]ਸੌਣਾ ਕੀਤਾ ਸੀ। *ਪਾ:–ਹੋਇ।

ਜਗਾਇ ਅਚਾਇ ਅਹਾਰਾ। ਪਾਛੇ ਤੇ ਮੁਖ ਬਚਨ ਉਚਾਰਾ॥੬੬॥ 'ਸੁਨਹੁ ਪੁਤ੍ਰ! ਲਖਿ ਦਸ਼ਾ ਤੁਮਾਰੀ। ਦਾਸੀ ਭੀ ਮੁਝ ਹਸੀ ਉਚਾਰੀ। ਕਹੈ ਕਿ -ਕਰਹਿਂ ਜਹਾਜ ਲੰਘਾਵਨ। ਨਹਿਂ ਯਾਂਤੇ ਮੈਂ ਕਰੋਂ ਜਗਾਵਨ-' ॥੬੭॥ ਮਾਤ ਬਚਨ ਸੁਨਿ ਕਰਿ ਜਗ ਸ੍ਵਾਮੀ। ਬੋਲੇ ਮੁਖ ਤੇ ਅੰਤਰਜਾਮੀ।'ਕਮਲੀ ਝਮਲੀ ਕੇ ਬਚ ਐਸੇ। ਇਸ ਕੇ ਕਹੇ ਨ ਮਾਨਹੁ ਕੈਸੇ' ॥੬੮॥ ਅਸ ਕਹਿ ਕਰਿ ਗਮਨੇ ਉਦਿਆਨਾ। ਬੈਸੇ ਜਾਇ ਇਕੰਤ ਸਥਾਨਾ। ਸੋ ਦਾਸੀ ਬਚ ਕਹਿਨੇ ਕਰਿ ਕੈ। ਭੀ ਕਮਲੀ ਸੁਧ ਗਈ ਬਿਸਰਿਕੈ ॥ ੬੯ ॥ ਜੀਵਤਿ ਰਹੀ ਜਗਤ ਮਹਿਂ ਜਾਵਦ[1]। ਨਹਿਂ ਆਈ ਸੁਧ ਤਿਹ ਕੋ ਤਾਵਦ[2]*। ਜਬ ਹੀ ਤਯਾਗਯੋ ਭੂਤਕ ਦੇਹਾ[3]। ਭਈ ਮੁਕਤਿ ਗਵਨੀ ਹਰਿ ਗੇਹਾ[4] ॥ ੭੦ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਉਪਦੇਸ਼, ਦਾਸੀ' ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋਂ ਅਧਜਾਯ ॥ ੪੩ ॥

## ੪੪. [ਗੁਰਚਰਣ ਮੰਗਲ। ਸੰਗਲਾਦੀਪ ਜਾਣਾ। ਸ਼ਿਵਨਾਭ]

ਦੋਹਰਾ ॥ ਸ਼੍ਰੀ ਗੁਰੁ ਪਗ ਦੀਪਕ ਸਰਸ ਧਰਿਕਰਿ ਰਿਦੇ ਨਿਕੇਤੁ।
ਯੁਕਤਿ ਖੋਜ ਉਚਰੋਂ ਕਥਾ ਸ਼੍ਰੀ ਬੇਦੀ ਕੁਲਕੇਤੁ ॥ ੧ ॥

[ ਸਰਸ=ਸਰ+ਸ=ਰਸ ਵਾਲੀ, ਦੀਪਕ ਸਰਸ=ਉਹ ਦੀਵਾ ਜਿਸ ਵਿਚ ਤੇਲ ਵਟੀ ਸੱਭੋ ਕੁਛ ਹੈ। ਭਾਵ, ਪਿਆਰ ਪੂਰਤ।
੨. ਸੁੰਦਰ। ੩. ਜਿਸ ਵਿਚ ਕਵਿਤਾ ਦੇ ਉੱਚੇ ਭਾਵ ਭਰੇ ਹੋਣ।
[ਸੰਸ:,ਸਰਸ]†।
ਨਿਕੇਤ=ਘਰ। ਯੁਕਤਿ=ਯੁਕਤੀ।
ਕੇਤੁ=ਨਿਸ਼ਾਨ, ਝੰਡਾ, ਪ੍ਰਕਾਸ਼, ਗਿਆਨ, ਤਾਰਾ। ]

---

[1]ਜਦ ਤਕ। [2]ਤਦ ਤਕ। [3]ਤੱਤਾਂ ਦੀ ਦੇਹ। [4]ਹਰੀ ਦੇ ਘਰ।

*ਕਮਲੀ ਹੋਣ ਤੋਂ ਮੁਰਾਦ ਸ਼ੁਦਾਈ ਹੋਣ ਦੀ ਨਹੀਂ, ਜਿਕੂੰ ਬੀਮਾਰ ਹੁੰਦੇ ਹਨ, ਪਰੰਤੂ ਮਸਤਾਨੀ ਅਵਸਥਾ ਦੀ ਮੁਰਾਦ ਹੈ, ਕਿ ਉਹ ਅੰਤਰ ਮੁਖ ਸੁਖ ਵਿਚ ਰਹੀ ਤੇ ਬਾਹਰਲੀ ਸੁਧ ਪੂਰੀ ਸਾਵਧਾਨਤਾ ਦੀ ਨਾ ਹੋਈ। ਜੇ ਅੰਤਰ ਮੁਖ ਸੁਰਤ ਏਕਾਗ੍ਰ ਤੇ ਨਾਮ ਰਸ ਵਿਚ ਨਾ ਰਹੀ ਹੋਵੇ, ਤਾਂ ਮੁਕਤ ਨਹੀਂ ਹੋ ਸਕਦੀ। ਸੁਧ ਪਰਤੀ ਇਸ ਵਾਸਤੇ ਨਾ, ਕਿ ਉਹ ਭਾਂਡਾ ਹਲਕਾ ਸੀ, ਹੱਬੀ ਭੇਤ ਜਰ ਨਹੀਂ ਸਕਦੀ ਸੀ, ਜੇ ਹੋਸ਼ ਪੂਰੀ ਪਰਤਦੀ ਤਾਂ ਡਰ ਸੀ ਕਿ ਉਹ ਰਿਧੀਆਂ ਸਿਧੀਆਂ ਵਿਚ ਪਰਚ ਜਾਂਦੀ ਤੇ ਮੁਕਤ ਨਾ ਹੋ ਸਕਦੀ।

†'ਸਰ' ਪਦ ਦੇ ਹੋਰ ਅਰਥ ਏਹ ਹਨ:—ਚਾਲ, ਟੁਰਨਾ, ਤੀਰ, ਦਹੀਂ, ਮਲਾਈ, ਲੂਣ, ਪਾਣੀ, ਤਲਾ, ਝਰਨਾ, ਆਦਿ।

**ਅਰਥ**–ਸ੍ਰੀ ਗੁਰੂ ਜੀ ਦੇ ਚਰਨ ਸਰੋਸ ਦੀਵੇ (ਸਮਾਨ) ਹਨ, (ਉਸ ਦੀਪਕ, ਨੂੰ ਅਪਣੇ) ਹਿਰਦੇ (ਰੂਪੀ) ਘਰ ਵਿਚ ਰੱਖਕੇ ਬੇਦੀਆਂ ਦੀ ਸ਼ੋਭਾ ਵਾਲੀ ਕੁਲ ਦੇ ਕੇਤੁ (ਸ਼੍ਰੀ ਗੁਰੂ ਨਾਨਕ ਦੇਵ ਜੀ) ਦੀ ਕਥਾ ਯੁਕਤੀ ਤੇ ਖੋਜ (ਨਾਲ ਪ੍ਰਾਪਤ ਕਰਕੇ) ਉਚਾਰਨ ਕਰਦਾ ਹਾਂ।

ਭਾਵ–ਏਥੇ ਕਵਿ ਜੀ ਪਤਾ ਦੇਂਦੇ ਹਨ ਕਿ ਕਥਾ ਓਹ ਐਵੇਂ ਨਹੀਂ ਕਰ ਰਹੇ, ਜਿੰਨੀ ਕਿ ਖੋਜ ਉਨ੍ਹਾਂ ਦੇ ਹਾਲਾਤ ਮੂਜਬ ਓਦੋਂ ਮੁਮਕਿਨ ਸੀ, ਆਪ ਨੇ ਕੀਤੀ ਤੇ ਯੁਕਤੀ ਦੀ ਕਸਵੱਟੀ ਤੇ ਲਾਈ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਕਛੁਕ ਅਹੈ ਮਨਸੁਖ ਬਿਰਤੰਤੇ। ਸੋ ਸੁਨਿਯੇ ਸ਼੍ਰੀ ਗੁਰ ਜਸਵੰਤੇ। ਗਯੋ ਸਿੰਗਲਾਦੀਪ ਸੁ ਜਹਿੰਵਾ[੧]। ਨਗਰ ਸ਼ਿਰੋਮਣਿ[੨] ਥੋ ਇਕ ਤਹਿੰਵਾ[੩] ॥੨॥ ਧਨੀ ਲੋਕ ਜਹਿਂ ਬਸਤਿ ਅਪਾਰਾ ॥ ਬਹੁ ਸੁੰਦਰ ਜਿਹ ਰਚੇ ਬਜਾਰਾ। ਮਨਸੁਖ ਲੇਯ ਬਨਜ[੪] ਨਿਜ ਸਗਰਾ[੫]। ਪ੍ਰਾਪਤਿ ਭਯੋ ਜਾਇ ਤਿਹ ਨਗਰਾ ॥੩॥ ਹੁਤੋ ਜਹਾਂ ਸ਼ਿਵਨਾਭ ਭੁਵਾਲਾ[੬]।ਕਰਮ ਧਰਮ ਮਹਿਂ ਚਲਤਿ ਬਿਸਾਲਾ।ਸਾਲਗ-ਰਾਮ ਉਪਾਸਨ ਰਾਖੈ।ਬ੍ਰਤ ਇਕਾਦਸ਼ੀ ਕ ਤ ਅਭਿਲਾਖੈ॥੪॥ ਸਰਬ ਨਗਰ ਨਰ ਰਹਿਤਿ ਅਨਸਨਾ[੭]। ਤਿਹ* ਦਿਨ ਕੋਇ ਨ ਕਰਿਹੀ ਅਸਨਾ।ਭਾਨੁ ਉਦੇ ਤੇ ਕਰਹਿਂ ਸ਼ਨਾਨਾ। ਤਿਲਕ ਲਗਾਵਹਿਂ ਤਨ ਬਿਧਿ ਨਾਨਾ ॥ ੫ ॥ ਅਸ ਪ੍ਰਕਾਰ ਕੀ ਰੀਤਿ ਨਰੇਸ਼ਾ।ਆਪ ਕਰਹਿ, ਕਿਯ ਦੇਸ਼[੮]ਨਿਦੇਸ਼ਾ[੯]।ਤਿਹ ਪੁਰਿ[੧੦] ਪ੍ਰਵਿਸ਼ਯੋ[੧੧] ਮਨਸੁਖ ਜਾਈ। ਸਰਬ ਬਨਜ ਕੀ ਸੌਜ[੧੨] ਲਵਾਈ[੧੩] ॥੬॥ ਡੇਰਾ ਕੀਨ ਥਾਂਇ ਸ਼ੁਭ ਦੇਖੀ। ਜਿਸ ਮਹਿਂ ਸਿੱਖੀ ਰੀਤਿ ਵਿਸੇਖੀ[੧੪]। ਸ਼੍ਰੀ ਨਾਨਕ ਜਿਉਂ ਆਇਸ ਪ੍ਰਾਹੀ[੧੫]। ਨਿਤਪ੍ਰਤਿ ਕਰਿਹੈ ਤਿਉਂ ਨਿਰ-ਬਾਹੀ॥੭॥ ਸਵਾਜਾਮ ਨਿਸਿ[੧੬] ਕਰਹਿ ਸ਼ਨਾਨਾ। ਇਕ ਮਨ ਕਰਹਿ ਕੀਰ-ਤਨ ਗਾਨਾ।ਗੁਰ ਕੇ ਸਬਦ ਅਧਿਕ ਲਿਖਿ ਲੀਨੇ। ਪਢਹਿ ਪ੍ਰੇਮ ਕਰਿ ਚਿਤ ਹਿਤ ਦੀਨੇ ॥ ੮ ॥ ਭੋਰ ਭਈ ਪੰਚਾਂਮ੍ਰਿਤ[੧੭] ਕਰਿਕੈ। ਕਰਿ ਅਰਦਾਸ ਭਾਉ ਉਰ ਧਰਿਕੈ।ਨਿਕਟਿ ਨਰਨ ਸਭਿ ਹੀ ਕੋ ਦੈ ਕੈ।ਬਹੁਰੋ ਆਪ ਅਚਹਿ ਕਰ ਲੈ ਕੈ ॥੯॥ ਅਸ ਪ੍ਰਕਾਰ ਨਿਤ ਨੇਮ ਨਿਬਾਹੈ। ਬਨਜ ਕਰੈ ਪੁਨਿ ਪਾਵਤਿ

---

[੧]ਜਿੱਥੇ। [੨]ਵਡਾ ਨਗਰ। [੩]ਤਿਥੇ। [੪]ਸੌਦਾ। [੫]ਸਾਰਾ। [੬]ਰਾਜਾ। [੭]ਬਿਨਾ ਭੋਜਨ। [੮]ਦੇਸ਼ ਨੂੰ ਕੀਤੀ ਹੋਈ ਸੀ। [੯]ਆਗਯਾ। [੧੦]ਉਸ ਸ਼ਹਿਰ। [੧੧]ਵੜਿਆ। [੧੨]ਸਮੱਗ੍ਰੀ। [੧੩]ਲੈਕੇ। [੧੪]ਬਹੁਤ। [੧੫]ਆਗਯਾ ਕਹੀ ਸੀ। [੧੬]ਰਾਤ (ਰਹਿੰਦੀ)। [੧੭]ਕੜਾਹ ਪ੍ਰਸ਼ਾਦਿ।

*ਪਾ:–ਤਿਸ।

ਲਾਹੈ[1] । ਸੰਧ੍ਯਾ ਹੋਇ ਤਬਹਿ ਗੁਰਬਾਨੀ । ਪਢਹਿ ਪ੍ਰੀਤਿ ਕਰਿਕੈ ਸੁਖ-ਸਾਨੀ[2] ॥ ੧੦ ॥ ਸ਼੍ਰੀ ਨਾਨਕ ਕੀ ਮੂਰਤਿ ਧ੍ਯਾਨਾ । ਦੋਨੋਂ ਕਾਲ ਧਰਹਿ ਦੁਖਹਾਨਾ । ਇਸ ਕੀ ਰੀਤਿ ਦੇਖਿ ਨਰ ਪੁਰਿ ਕੇ।ਤਰਕਤਿ[3]ਮੂਢ ਅਸੂਯਾ[4] ਕਰਿਕੇ ॥੧੧॥ ਮੁਖ ਸੋਂ ਹਸਹਿਂ ਬਚਨ ਕਹਿ ਨਿੰਦਹਿਂ । ਸ਼ੁਭ ਮਾਰਗ ਕੀ ਗਤਿ ਨਹਿਂ ਬਿੰਦਹਿ[5] । 'ਹਿੰਦੁ ਕਹਾਵੈ ਧਰਮ ਬਿਹੀਨਾ । ਪੂਜਾ ਬ੍ਰੱਤ ਨੇਮ ਤੇ ਖੀਨਾ[6] ॥੧੨॥ ਸਾਲਗਰਾਮ[7] ਨ ਸੇਵਾ* ਕਰਿਹੀ। ਮਸਤਕ ਵਿਖੈ ਤਿਲਕ ਨਹਿਂ ਧਰਿਹੀ' । ਸਗਰੇ ਨਗਰ ਪ੍ਰਗਟ ਸੁਧ ਹੋਈ । 'ਧਰਮ ਭ੍ਰਿਸ਼ਟਿ ਇਹ ਬਨੀਆ ਕੋਈ' ॥੧੩॥ ਭੂਪਤਿ ਕੇ ਢਿਗ ਜਾਇ ਸੁਨਾਯੋ । ਸਿੰਧੁ ਪਾਰ[8] ਤੇ ਸ਼ਾਹਿ ਇਕ ਆਯੋ । ਹਿੰਦੂ ਧਰਮ ਨ ਕੋ ਤਿਹ ਮਾਂਹੀ। ਜਗ ਤੇ ਨਈ ਰੀਤਿ ਕੋ ਰਾਹੀ[9]' ॥੧੪॥ ਸੁਨੀ ਭੂਪ, ਉਰ ਅਚਰਜ ਧਾਰਾ। ਮਨਸੁਖ ਕੋ ਪਠਿ ਮਨੁਜ[10] ਹਕਾਰਾ[11] । ਏਕ ਨਲੇਰ ਰਜਤਪਣ[12] ਸੰਗਾ। ਗਯੋ ਸ਼ਾਹੁ[13] ਲੇ ਭੇਟ ਨਿਸੰਗਾ ॥੧੫॥ ਦੇ ਭੂਪਤਿ ਕੋ ਬੰਦਨ ਕੀਨਾ। ਬੈਸਿ ਨਾਮ 'ਸ਼੍ਰੀ ਨਾਨਕ' ਲੀਨਾ । ਬੂਝਤਿ ਭਾ ਰਾਜਾ ਤਿਹ ਸੰਗਾ।'ਹਿੰਦੁ ਕਹਾਵੈਂ ਧਰਮਹਿਂ ਭੰਗਾ[14]॥੧੬॥ਮੱਜਨ,ਪੂਜਾ,ਬ੍ਰੱਤ ਨ ਕਰਿਈ। ਸੰਜਮਨੇਮ ਤਿਲਕ ਨਹਿਂ ਧਰਿਈ । ਕਰਹਿਂ ਆਪਨੀ ਰੀਤਿ ਨਿਰਾਲੀ । ਇਹ ਕਿਹਂ ਸਿਖਵਨ ਦੀਨਿ ਕੁਚਾਲੀ[15]?'॥੧੭॥ਸ਼ਾਹਕਹੈ'ਭੂਪਤਿ ! ਸੁਨਿ ਲੀਜੈ।ਏਕ ਕੁਤਰਕ ਨ ਮਨ ਮੈਂ ਕੀਜੈ।ਜਗਤ ਤਰੋਵਰ[16] ਕੇ ਸਮ ਜਾਨਹੁ । ਤਿਹਕੇ ਸ਼ਿਖਰ[17] ਮੁਕਤਿ ਫਲ ਮਾਨਹੁ ॥ ੧੮ ॥ ਤਾਂਕੋ ਲੇਨਿ ਹੇਤ ਦ੍ਵੈ ਪੰਥਾ[18] । ਸਰਬ ਸੰਤ ਭਾਖਤਿ ਪੁਨਿ ਗ੍ਰੰਥਾ । ਇਕ ਬਿਹੰਗ[19] ਇਕ ਕੀਟੀ ਰੀਤਾ[20] । ਚਲਹਿ ਨਿਰੰਤਰਿ ਪਾਇ ਸਪ੍ਰੀਤਾ[21]॥੧੯॥ਜਿਨ ਕੋ ਸਤਿਗੁਰੁ ਮਿਲਹਿ ਕ੍ਰਿਪਾਲਾ। ਤੇ ਖਗ ਜਿਉਂ[22] ਪਹੁੰਚਹਿਂ ਤਤਕਾਲਾ। ਮਿਲੈਂ ਨ ਸਤਿਗੁਰ ਜਿਨ ਕੋ ਪੂਰੇ । ਤਿਨ ਕੋ ਫਲ ਲੇਨੋ ਅਤਿ ਦੂਰੇ ॥ ੨੦॥ ਤਿਨ ਕੀ ਗਤਿ[23] ਕੀਟੀ ਕੀ

---

[1]ਖੱਟੀ ਖੱਟੇ। [2]ਸੁੱਖਾਂ ਨਾਲ ਮਿਲੀ ਹੋਈ। [3]ਹੁੱਜਤਾਂ ਕਰਦੇ। [4]ਈਰਖਾ। [5]ਨਹੀਂ ਜਾਣਦੇ। [6]ਖਾਲੀ। [7]ਠਾਕਰਾਂ ਦੀ। [8]ਸਮੁੰਦਰੋਂ ਪਾਰ। [9]ਪੈਰੋਕਾਰ। [10]ਭੇਜ ਕੇ ਆਦਮੀ। [11]ਬੁਲਾਯਾ। [12]ਰੁਪਯਾ। [13]ਮਨਸੁਖ। [14]ਧਰਮੋਂ ਬਿਹੀਨੇ। [15]ਖੋਟੀ। [16]ਬ੍ਰਿੱਛ। [17]ਏਟੀ ਤੇ। [18]ਦੋ ਰਾਹ ਹਨ। [19]ਪੰਛੀ ਦੀ। [20]ਕੀੜੀ ਦੀ ਰੀਤੀ ਦਾ। [21]ਸਹਤ ਪ੍ਰੀਤ ਦੇ। [22]ਪੰਛੀ ਵਤ। [23]ਹਾਲਤ। *ਪਾ:-ਪੁਜਾ।

ਨਜਾਈਂ।ਦੁਸ਼ਤਰ ਪਹੁੰਚਨ ਹੈ ਤਿਹ ਥਾਂਈ।ਤੁਮ ਇਕਾਦਸ਼ੀ ਬ੍ਰਤ ਰਖੰਤੇ। ਦਿਨ ਪੰਦ੍ਰਵੇਂ ਸੰਯਮ[1] ਕਰੰਤੇ॥੨੧॥ਕਾਮ, ਕ੍ਰੋਧ, ਪੁਨਿ ਖਾਨ, ਰੁ ਪਾਨਾ[2]। ਇਕ ਦਿਨ ਤੁਮ ਨ ਕਰਤਿ ਰਾਜਾਨਾ[3]!। ਅਸ ਸੰਜਮ ਮਹਿਂ ਸੰਤ ਸਦੀਵਾ। ਵਰਤਤਿ ਹੈਂ ਨਿਜ ਮਨ ਕਰਿ ਨੀਵਾ॥੨੨॥ ਥੋਰੋ ਖਾਨ,ਸੈਨ ਪੁਨਿ ਥੋਰਾ। ਤਿਨ ਪਰ ਕਾਮ ਨ ਕ੍ਰੋਧ ਨ*ਜੋਰਾ[4]। ਦਿਵਸ ਪੰਦ੍ਰਵੇਂ ਜਗ ਮੈਂ ਆਵੈ। ਬ੍ਰਤ ਇਕਾਦਸ਼ੀ ਜੋ ਕਹਿਲਾਵੈ ॥੨੩॥ ਦੋਹਰਾ॥ ਸੋ ਇਕਾਦਸ਼ੀ ਸਦਾ ਹੀ ਸੰਤਨ ਕੇ ਮਨ ਮਾਂਹਿ। ਜੋ ਤੂੰ ਭਾਖਤਿ ਬ੍ਰਤ ਕੋ ਗਤਿ ਐਸੀ ਲਖਿ ਤਾਂਹਿ[5]॥੨੪॥ ਚੌਪਈ॥ ਪੁਨਿ ਮੱਜਨ[6] ਕੀ ਗਾਥਾ ਸੁਨਿਯੇ। ਨਿਸ਼ਚੇ ਨ੍ਹਾਨ[7] ਅਧਿਕ ਫਲ ਜਨਿਯੇ[8]। ਜਾਮ ਜਾਮਨੀ[9] ਨ੍ਹਾਵਨ ਕਰਿਹੀ। ਕੰਚਨ[10] ਭਾਰ ਦਾਨ ਫਰ-ਫਰਿਹੀ[11]॥੨੫॥ਚਤੁਰ ਘਟੀ ਨਿਸ ਤੇ ਜੋ ਨ੍ਹਾਵੈ। ਤਿਤਨੋ ਦਾਨ ਰਜਤ[12] ਫਲ ਪਾਵੈ। ਘਟੀ ਰੈਨ ਤੇ[13] ਕਰਹਿ ਸ਼ਨਾਨਾ। ਫਲ ਹ੍ਵੈ ਖੀਰ[14] ਸਵਾਮਨ ਦਾਨਾ[15]॥੨੬॥ ਪ੍ਰਾਤਿਕਾਲ ਉਠ ਕਰਿ ਜੋ ਨ੍ਹਾਵੈ। ਮਨ[16] ਜਲ ਦਾਨ ਕਰੇ ਫਲ ਪਾਵੈ। ਦਿਵਸ ਚਰੇ ਤੇ ਨਾਵਹਿ ਜੋਊ। ਤਾਂਕੋ ਹ੍ਵੈ ਨ ਪੁੰਨ ਫਲ ਕੋਊ॥ ੨੭॥ ਫਲ ਏਤੋ ਹੀ ਦੇਹਿ ਪੁਨੀਤਾ[17]। ਨਿਸ[18] ਤੇ ਨ੍ਹਾਵਨ ਆਦੀ[19] ਰੀਤਾ। ਨਿਗਮਾਗਮ ਕੀ ਅਹੈ ਨਿਦੇਸ਼ਾ[20]।ਨਹਿੰ ਕਛੁ ਮੇਰੇ ਵਾਕ ਨਰੇਸ਼ਾ![21]॥੨੮॥ ਜੇ ਤੂੰ ਅਸ ਸੰਸੈ[22] ਉਪਜਾਇਸ[23]। ਭਾਨ ਉਗੇ ਤੇ ਮੱਜਨ ਆਇਸ[24]। ਤਾਂ ਪਰ ਮੇਰੇ ਬਚਨ ਸੁਨੀਜੈ। ਨੀਕੇ ਸੁਮਤਿ ਧਾਰਿ ਮਨ ਲੀਜੈ ॥ ੨੯ ॥ ਦੋਹਰਾ ॥ ਕਿਤਕ ਦਿਨਨ ਤੈ ਪਰਵ੍ਰਿਤੀ[25]† ਕਰਮ ਕਾਂਡ ਕੀ ਰੀਤਿ। ਕਰਹਿ ਨ੍ਹਾਨ ਰਵਿ ਉਦੈ ਤੇ ਅਸ ਬਿਧਿ ਸਮਝਹੁ ਚੀਤ ॥ ੩੦ ॥ ਚੌਪਈ ॥ ਜਾਮ ਜਾਮਨੀ ਮੱਜਨ ਕਰਿਕੈ। ਸਿਮਰਹਿ ਨਾਮ ਪ੍ਰੇਮ ਉਰ ਧਰਿਕੈ। ਮਹਿਮਾ ਜਾਗਨ ਪਿਛਲੀ ਰੈਨਾ। ਨਿਗਮਾਗਮ ਭਾਖਤਿ ਕਹਿ ਬੈਨਾ ॥ ੩੧ ॥ ਪੁਨ ਪਾਹਨ ਪੂਜਨ[26] ਪਰਕਾਰਾ। ਸੋ ਮੈਂ ਕਹੌਂ ਸੁਨਹੁ ਨਿਰਧਾਰਾ[27]। ਖਾਤ ਨ

[1]ਭਾਵ ਅਲਪ ਅਹਾਰ। [2]ਅਰ ਪੀਣਾ। [3]ਹੇ ਰਾਜਨ! [4]ਬਲ ਨਹੀਂ ਕਰਦਾ। [5]ਵਰਤਾਂ ਦੀ ਗਤੀ। [6]ਇਸ਼ਨਾਨ। [7]ਇਸ਼ਨਾਨ ਦਾ। [8]ਜਾਣੋ। [9]ਪਹਿਰ ਰਾਤ ਰਹਿੰਦੀ। [10]ਸੋਨਾਂ। [11]ਫਲ ਫਲਦਾ ਹੈ। [12]ਚਾਂਦੀ। [13]ਘੜੀ ਰਾਤ ਰਹਿੰਦੀ। [14]ਦੁੱਧ। [15]ਦਾਨ ਦਾ। [16]ਇਕ ਮਣ। [17]ਪਵਿੱਤ੍ਰ ਹੋ ਜਾਂਦੀ ਹੈ ਦੇਹ। [18]ਰਾਤ। [19]ਪਹਿਲੇ ਦੀ। [20]ਵੇਦ ਸ਼ਾਸ਼ਤ੍ਰ ਦੀ ਆਗਯਾ ਹੈ। [21]ਹੇ ਰਾਜਾ। [22]ਸ਼ੰਕਾ। [23]ਪੈਦਾ ਕਰਦਾ ਹੈਂ। [24]ਤੇਰੀ ਆਗਯਾ ਸੂਰਜ ਚੜ੍ਹੇ ਨ੍ਹਾਵਣੇ ਦੀ ਹੈ। [25]ਪ੍ਰਚਲਤ ਹੋਈ ਹੈ। [26]ਪੱਥਰ ਪੂਜਣ ਦੀ। [27]ਨਿਰਨੇ ਕਰਕੇ। *ਪਾ:-ਨਹਿੰ। †ਪਾ:-ਪ੍ਰਬ੍ਰਿਤੀ।

ਪੀਤ ਨ ਦੇ ਉਪਦੇਸ਼ਾ। ਤਾਂਹਿ ਸੇਵ ਮੈਂ ਕਯਾ ਫਲ ਲੇਸਾ* ॥ ੩੨ ॥ ਸਤਿਗੁਰ ਪੂਰਨ ਪਰਮ ਕ੍ਰਿਪਾਲਾ। ਤਿਨਹਿ ਸੇਵ ਫਲ ਲੇਉ ਬਿਸਾਲਾ। ਜਗਤ ਉਧਾਰਨ ਹਿਤ ਤਨ ਧਾਰਾ। ਕਲਿ ਕੇ ਕਾਲ ਵਿਖੈ ਅਵਤਾਰਾ ॥ ੩੩॥ ਬਚਨ ਸੁ ਜਿਨ ਕੇ ਭਾਨੁ[1] ਸਮਾਨਾ। ਤਮ ਅਗਯਾਨ ਕੀਨ ਹਮ[2] ਹਾਨਾ। ਮਗ ਬਿਹੰਗ[3] ਕੋ ਜਿਨਹਿਂ ਬਤਾਵਾ। ਫਲ ਕੇ ਨਿਕਟਿ ਜਾਇ ਸੁਖ ਪਾਵਾ॥੩੪॥ਹਉਮੈਂ ਸੰਗ ਕਰਨ ਸਭਿ ਕਰਮਾ।ਜਪ ਤਪ ਬ੍ਰਤ ਆਦਿਕ ਜੇ ਧਰਮਾ॥ਸੋ ਕੀਟੀ ਮਗ ਜਾਨਹੁ ਐਸੇ।ਬਰਨ ਸੁਨਾਵਤਿ ਹੌਂ ਤੁਝ ਜੈਸੇ॥੩੫॥ ਕੇਤੇ ਜਨਮ ਕਰਮ ਸ਼ੁਭ ਕਰਿਹੀਂ। ਅੰਤਹਕਰਣ ਮੈਲ ਪੁਨਿ ਹਰਿਹੀਂ। ਮਿਲਹਿ ਗੁਰੂ ਤਬ ਦੇ ਉਪਦੇਸ਼ਾ। ਮੋਚਹਿ[4] ਬੰਧਨ ਜਗਤ ਕਲੇਸ਼ਾ॥੩੬॥ ਅਸ ਪ੍ਰਕਾਰ ਪਹੁੰਚਹਿ ਤਹਿਂ ਜਾਈ।ਫਲ ਰੂਪੀ ਜੋ ਮੁਕਤਿ ਸੁਨਾਈ'।ਹਉਮੈ ਤਜਿਨੇ ਕੀ ਬਹੁ ਗਾਥਾ।ਉਚਰੀ ਮਨਸੁਖ ਨ੍ਰਿਪ ਕੇ ਸਾਥਾ॥੩੭॥ਕਹੀ ਸ਼ਾਹੁ[5] ਕੀ ਬਾਨੀ ਜੋਈ। ਸਗਰੋ ਮਰਮ[6] ਭੇਦਗੀ[7] ਸੋਈ। ਕਸੀ ਤੁਫੰਗ[8] ਮਾਰਿਯੇ ਜੈਸੇ।ਘਾਇਲ ਭਯੋ ਭੁਵਾਲੂ ਤੈਸੇ॥੩੮॥ਛੂਛੀ ਤੁਪਕ[9] ਘਾਉ ਨਹਿਂ ਕਰਿਈ। ਬਿਨਾ ਕਮਾਇ ਸੁ ਐਸ ਉਚਰਈ[10]। ਗਾਡੀ ਭਰੀ ਚਲੈ ਜਿਹ ਥਾਂਈ। ਤੋਰਤਿ[11] ਧਰਨੀ ਕੋ ਸੋ ਜਾਈ॥੩੯॥ਛੂਛੀ[12] ਜਾਇ ਊਪਰੇ ਪੋਲੀ। ਤਿਉਂ ਮਨਾਖ ਕੀ ਜਾਨਹੁ ਬੋਲੀ। ਗੁਰਮੁਖਿ ਮਨਸੁਖ ਕੀ ਸ਼ੁਭ ਬਾਨੀ। ਨੀਕੇ ਨ੍ਰਿਪ ਕੈ ਮਨ ਮੈਂ ਮਾਨੀ ॥੪੦॥ ਸੁਨਿ ਬਚ ਹ੍ਵੈ ਸ਼ਿਵਨਾਭ ਅਚੰਭਾ। ਜਾਨੀ ਮਨ-ਇਹ ਕਹਿਤਿ ਅਦੰਭਾ[13]।ਇਸਕੋ ਮਿਲਯੋ ਗੁਰੂ ਕੋ ਪੂਰਾ। ਪਾਯੋ ਗਯਾਨ ਕਿਯੋ ਭ੍ਰਮ ਦੂਰਾ-॥ ੪੧ ॥ ਅਸ ਵਿਚਾਰ ਕਰਿ ਬੋਲਯੋ ਬਾਨੀ।'ਧੰਨ ਸ਼ਾਹੁ ਸੁਮਤੇ ਗੁਨ ਖਾਨੀ!। ਕੌਨ ਗੁਰੂ ਤਵ ਨਾਮ ਅਲਾਵਹੁ?। ਤਿਨ ਕੀ ਬਾਨੀ ਬਹੁਰ ਸੁਨਾਵਹੁ ॥ ੪੨ ॥ ਜਿਹ ਕੈ ਨਿਕਟਿ ਬਿਬੇਕਹਿ[14] ਪਾਵਾ। ਕੋ ਅਸ ਕਲਿ ਮਹਿਂ ਜਗ ਪ੍ਰਗਟਾਵਾ?'। ਸੁਨਿ ਨਰੇਸ਼ ਕੇ ਮਨਸੁਖ ਬੈਨਾ। ਕਹਯੋ ਨਾਮ ਸ੍ਰੀ ਗੁਰ ਗੁਨ ਐਨਾ ॥੪੩॥ 'ਸ੍ਰੀ ਨਾਨਕ ਸਭਿ ਪਾਤਿਕ ਹਾਰੀ[15]',

---

[1]ਸੂਰਜ। [2]ਸਾਡਾ। [3]ਪੰਛੀ ਵਾਲਾ ਰਸਤਾ। [4]ਛੁਡਾ ਦੇਂਦਾ ਹੈ। [5]ਮਨਸੁਖ ਦੀ। [6]ਉਹ ਗੁੱਝਾ ਥਾਂ ਜਿਥੋਂ ਸੱਟ ਪਿਆਂ ਅਤੀ ਪੀੜਾ ਯਾ ਮੌਤ ਹੋਵੇ (ਅ) ਮਨ। [7]ਵਿੰਨ੍ਹ ਗਈ। [8]ਬੰਦੂਕ। [9]ਖਾਲੀ ਬੰਦੂਕ। [10]ਬਿਨ ਕਮਾਈ ਉਚਾਰਨਾ ਐਸਾ ਹੈ। [11]ਤੋੜਦੀ। [12]ਖਾਲੀ (ਗੱਡੀ)। [13]ਕਪਟ ਰਹਿਤ ਗੱਲ, ਸੱਚ। [14]ਗਿਆਨ। [15]ਸਾਰੇ ਪਾਪਾਂ ਦੇ ਨਾਸ਼ ਕਰਤਾ।

*ਪਾਠਾਂਤ੍ਰ-ਤਾਂਹਿ ਸੇਵ ਮੈਂ ਕਿਆਹ ਫਲੇਸਾ।

ਅਸ ਕਹਿ ਪ੍ਰੇਮ ਬਢ੍ਯੋ ਉਰ ਭਾਰੀ।ਗਦ ਗਦ ਬਾਨੀ ਪੁਲਕੇ ਅੰਗਾ।ਲੋਚਨ ਛਾਵਾ ਨੀਰ ਉਮੰਗਾ॥੪੪॥ਕਿਤਕ ਕਾਲ ਮਹਿਂ ਧਰਿ ਕਰਿ ਧੀਰਾ।ਗੁਰਬਾਨੀ ਪਢਿ ਗੁਨੀ ਗਹੀਰਾ। ਪਰਮ ਪ੍ਰੇਮ ਭੂਪਤਿ ਉਪਜਾਵਾ। ਦਰਸ਼ਨ ਕਰਨ ਹੇਤ ਉਮਗਾਵਾ ॥ ੪੫ ॥ ਸੁਨਿ ਸ੍ਰੀ ਗੁਰੁ ਕੇ ਬਚਨ ਅਨੂਪਾ। ਮਨਸੁਖ ਸੋਂ ਬੋਲ੍ਯੋ ਤਬ ਭੂਪਾ। 'ਮੁਝ ਕੋ ਦਰਸ਼ਨ ਦੇਹੁ ਕਰਾਈ। ਕਰਿ ਉਪਕਾਰ ਦੀਨ ਕੀ ਨ੍ਯਾਈ[1] ॥੪੬॥ ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ। ਮਿਲਹਿਂ, ਉਪਾਇ ਕਰਹੁ ਸੋ ਤੂਰਨ। ਗਵਨੋਂ ਮੈਂ ਅਬ ਤੁਮਰੇ ਸੰਗਾ। ਤਜਿ ਕਰਿ ਦੇਸ਼ ਰਾਜ ਸਰਬੰਗਾ[2] ॥੪੭॥ ਕਰਿ ਕੈ ਦਰਸ਼ਨ ਭਰਮ ਮਿਟਾਵੋਂ। ਲੇ ਉਪਦੇਸ਼ ਪਰਮਪਦ ਪਾਵੋਂ। ਜਿਨਕੇ ਬਚਨ ਚੁਭੇ ਮਨ ਮੇਰੇ। ਸ਼ਾਂਤਿ ਨ ਆਵਤਿ ਬਿਨ ਅਬ ਹੇਰੇ ॥ ੪੮ ॥ ਬਨਜ ਨਿਕਟ ਹੈ ਤੁਮਰੇ ਜੇਤੋ। ਸੌਦਾ ਕਰਹੁ ਸਦਨ ਮਮ ਤੇਤੋ। ਗਮਨਹੁ ਪੁਨ, ਨਹਿਂ ਬਿਲਮ ਲਗਾਵਹੁ। ਜਹਿਂ ਸ੍ਰੀ ਨਾਨਕ ਤਹਾਂ ਪੁਚਾਵਹੁ' ॥ ੪੯ ॥ ਜਗ੍ਯੋ ਪ੍ਰੇਮ ਭੂਪਤਿ ਵਡਭਾਗੀ। ਪਿਖ ਮਨਸੁਖ ਬੋਲ੍ਯੋ ਅਨੁਰਾਗੀ। 'ਅਸ ਪ੍ਰਕਾਰ ਨਹਿਂ ਕਰਹੁ ਰਜਾਨਾ[3] !। ਤਜਿ ਕਰਿ ਦੇਸ਼ ਨ ਬਨਹਿ ਪਯਾਨਾ ॥੫੦॥ ਜੇ ਤੁਮ ਚਲਹੁ ਸੰਗ ਤਿਹ ਦੇਸ਼ਾ। ਬਹੁ ਦਿਨ ਮਹਿਂ ਦਰਸਹਿਂ ਜਗਤੇਸ਼ਾ। ਇਹਾਂ ਪ੍ਰੇਮ ਕਰਿ ਚਿਤਵਹਿਂ[4] ਮਨ ਮੈਂ। ਦਰਸ਼ਨ ਦੇਖਹਿਂ[5] ਥੋਰਨ ਦਿਨ ਮੈਂ ॥੫੧॥ ਸ੍ਰੀ ਨਾਨਕ ਜੀ ਅੰਤਰਜਾਮੀ। ਸਰਬ ਥਾਨ ਗ੍ਯਾਤਾ ਜਗ ਸ੍ਵਾਮੀ। ਪੂਰਨ ਪ੍ਰੇਮ ਦੇਖ ਕਰਿ ਤੇਰਾ। ਦਰਸ਼ਨ ਦੇਹਿਂ ਆਇ ਬਿਨ ਦੇਰਾ' ॥੫੨॥ਕਹਿਤਿ ਨ੍ਰਿਪਤ 'ਪਰਖੋਂ ਕਿਸ ਭਾਂਤੀ?।ਮੁਝੇ ਬਤਾਵਹੁ ਗੋਤ ਸੁਜਾਤੀ।ਕਿਸ ਪ੍ਰਕਾਰ ਕੋ ਬੇਖ ਸਰੀਰਾ।ਕੌਨ ਨਗਰ ਰਹਿਂ ਗੁਨੀ ਗਹੀਰਾ'॥੫੩॥ਸੁਨਿ ਮਨਸੁਖ ਨੇ ਬਚਨ ਉਚਾਰਾ।'ਤਿਨਕੋ ਪਰਖਨ ਦੁਸ਼ਤਰ ਭਾਰਾ। ਬੇਦੀ ਬੰਸ ਖੱਤਰੀ ਜਾਤੀ। ਜਨਮ ਪੁਰੀ ਤਲਵੰਡੀ ਖ੍ਯਾਤੀ[6]॥੫੪॥ਕ੍ਰਿੱਤਿ ਕਰੀ ਕਛੁ ਪੁਰਿਸੁਲਤਾਨਾ। ਅਬ ਤਜਿ ਦੀਨੋ ਮੋਦੀਖਾਨਾ।ਬੇਖ ਅਤੀਤਨ[7]ਕਾ ਕਰਿ ਬੈਸੋ।ਸਾਂਗ ਕਰਤਿ ਮਾਯਕ[8]ਨਰ ਜੈਸੋ'॥੫੫॥ਇਹ ਸਭਿ ਪਤੇ ਲੀਨਿ ਲਿਖਿ ਭੂਪਾ[9]।ਜਿਹ ਉਰ ਜਾਗ੍ਯੋ ਪ੍ਰੇਮ ਅਨੂਪਾ। ਮਨਸੁਖ ਕੋ ਬੂਝੀ ਗੁਨਖਾਨੀ। ਲਿਖੀ ਮਨੋਹਰ ਸ੍ਰੀ

---

[1]ਜਿਵੇਂ ਗ੍ਰੀਬਾਂ ਪਰ ਕਰੀਦਾ ਹੈ। [2]ਸਾਰਾ। [3]ਹੇ ਰਾਜਨ !। [4](ਜੇ ਤੂੰ) ਚਿਤਵੇਂ। [5]ਦੇਖੇਂਗਾ (ਤੂੰ)। [6]ਪ੍ਰਗਟ। [7]ਤ੍ਯਾਗੀਆਂ ਦਾ। [8]ਮਾਯਾਵੀ। [9]ਰਾਜੇ ਨੇ।

ਗੁਰਬਾਨੀ ॥੫੬॥ ਰਹਯੋ ਜਿਤੇ ਦਿਨ ਨਗਰ ਮਝਾਰਾ। ਨਿਤ ਨਰੇਸ਼ ਕੈ ਜਾਇ ਅਗਾਰਾ।ਮਹਿਮਾ ਸ੍ਰੀ ਨਾਨਕ ਕੀ ਭਾਖੈ।ਤਿਉਂ ਤਿਉਂ ਨ੍ਰਿਪ ਕੋ ਮਨ ਅਭਿਲਾਖੈ॥੫੭॥ਜਬ ਨਿਜ ਬਨਜ ਸਰਬ ਕਰਿ ਲੀਨਾ।ਗਮਨਯੋ ਨਿਕਟਿ ਭੂਪ ਪਰਬੀਨਾ। ਬੰਦ ਹਾਥ ਕਹਿ'ਦੇਹੁ ਨਿਦੇਸ਼ਾ। ਚਲਯੋ ਚਹਤਿ ਹੌਂ ਅਬ ਨਿਜ ਦੇਸ਼ਾ' ॥੫੮॥ ਸੁਨਿ ਭੂਪਤਿ ਨੈ ਕੀਨ ਸਨੇਹਾ।ਜੈਸੇ ਕਰੈ ਜੀਵ ਸੰਗ ਦੇਹਾ[1]।ਕਹਤਿ ਭਯੋ'ਉਪਕਾਰ ਸੁ ਤੇਰੋ।ਜੇ ਕਿਰਤਾਰਥ ਹ੍ਵੈ ਤਨ ਮੇਰੋ॥੫੯॥ ਕਹਿ ਨ ਸਕੋਂ ਮੈਂ ਤੋਰ[2] ਵਡਾਈ। ਜਬੈ ਕ੍ਰਿਪਾਲ ਮਿਲੈਂ ਮੁਝ ਤਾਂਈ। ਹੁਤੋ 'ਨਿਕਟਿ[3],ਆਵਤਿ ਪਰਚਾਵਤਿ।ਸ੍ਰੀਨਾਨਕ ਗੁਨ ਬਰਨ ਸੁਨਾਵਤਿ ॥੬੦॥ ਬਿਨ ਦਰਸ਼ਨ ਮੈਂ ਸਦਾ ਉਦਾਸਾ। ਕਬਹਿ ਆਨ ਪੂਰਹਿਂ ਮਨ ਆਸਾ'। ਮਨਸੁਖ ਧੀਰਜ ਦੀਨ ਬਹੂਤੀ[4]। ਸੁਨਹੁ'ਨ੍ਰਿਪਤ!ਤਵ ਮਤਿ ਅਤਿ ਪੂਤੀ[5] ॥ ੬੧ ॥ ਦ੍ਰਿੜ ਨਿਸ਼ਚਾ ਰਾਖਹੁ ਮਨ ਮਾਂਹੀ। ਮਿਲਹਿਂ ਕ੍ਰਿਪਾਲ ਦੇਰਿ ਕਛੁ ਨਾਂਹੀ'। ਅਸ ਕਹਿ ਕਰੀ ਪਰਸਪਰ ਬੰਦਨ। ਗਵਨਯੋ ਸਿਮਰਤ ਬਿਘਨ ਨਿਕੰਦਨ[6] ॥ ੬੨ ॥ ਉਤ ਭੂਪਤਿ ਕੇ ਮਨ ਲਿਵਲਾਗੀ। ਸਿਮਰਹਿ ਨਿਸ ਬਾਸੁਰ ਵਡਭਾਗੀ। ਊਠਤਿ ਬੈਠਤਿ ਗਵਨਤਿ[7] ਨਾਮੂ। ਕਹਿ'ਸ੍ਰੀ ਨਾਨਕ ਨਿਤ ਸੁਖਧਾਮੂ'॥੬੩॥ ਮੋਰ ਸਮਾਨ ਭਯੋ ਮਨ ਮੋਰਾ[8]। ਕਬਹਿ ਮਿਲਹਿਂ ਹ੍ਵੈ ਕੈ ਘਨਘੋਰਾ।ਚਿਤ ਚਾਤ੍ਰਿਕ ਕੋ ਪਯਾਸ ਪੁਕਾਰਤਿ। ਚਾਹਤਿ ਸ੍ਵਾਂਤਿ ਦਰਸ ਹਰਿ ਆਰਤਿ[9] ॥੬੪ ॥ ਲੋਚਨ ਭਏ ਚਕੋਰ ਵਿਚਾਰੇ। ਚੰਦ ਬਦਨ ਕਬਿ ਆਨ ਦਿਖਾਰੇਂ। ਬਿਰਦ ਸੁਨਯੋਂ ਮੈਂ ਦੀਨ ਦਯਾਲਾ। ਯਾਂਤੇ ਆਸਾ ਕਰੋਂ ਬਿਸਾਲਾ' ॥੬੫॥ ਅਸ ਪ੍ਰਕਾਰ ਭੂਪਤਿ ਅਭਿਲਾਖਾ। ਦਿਨ ਪ੍ਰਤਿ ਬਧਤਿ ਬਿਟਪ[10] ਜਿਉਂ ਸਾਖਾ[11]। ਰੈਨ ਵਿਖੈ ਨਿੰਦ੍ਰਾ ਜਿਨ ਤਯਾਗੀ। ਦਿਨ ਮੈਂ ਭੂਖ ਪਯਾਸਾ ਭਾਗੀ ॥੬੬॥ ਪ੍ਰੇਮ ਅਧਾਰ ਜੀਵਨਾ ਜਿਹ ਕੋ।ਲੋਚਨ ਚਲਤਿ ਰਹਤਿ ਜਲ ਤਿਹਕੋ। ਕਿਤਿਕ ਦਿਵਸ ਅਸ ਭਾਂਤਿ ਬਿਤਾਏ। ਜਿਹ ਕੇ ਜਾਗੇ ਭਾਗ ਸੁਹਾਏ ॥ ੬੭ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਨਸੁਖ ਪ੍ਰਸੰਗ' ਬਰਨਨੰ ਨਾਮ ਚੁਤਾਲੀਸਮੋ ਅਧਯਾਯ ॥ ੪੪ ॥

---

[1]ਦੇਹ ਕਰਦੀ ਹੈ ਆਤਮਾ ਨਾਲ। [2]ਤੇਰੀ। [3]ਤੂੰ ਮੇਰੇ ਕੋਲ ਹੁੰਦਾ ਸੈਂ ਤਾਂ। [4]ਬਹੁਤੀ ਧੀਰਜ ਦਿੱਤੀ। [5]ਪਵਿੱਤ੍ਰ। [6]ਬਿਘਨਾਂ ਦੇ ਕੱਟਣ ਵਾਲੇ ਨੂੰ। [7]ਤੁਰਦਿਆਂ । [8]ਮੇਰਾ। [9]ਦੁਖ ਦੂਰ ਕਰਨ ਵਾਲੇ (ਗੁਰੂ ਜੀ ਦਾ) ਦਰਸ਼ਨ। [10]ਬ੍ਰਿੱਛ ਦੀਆਂ। [11]ਜਿਵੇਂ ਡਾਲੀਆਂ।

[ਸ੍ਰੀ ਗੁਰੂ ਚਰਨ ਮੰਗਲ। ਤਲਵੰਡੀ ਤੋਂ ਟੁਰਨਾ]

ਦੋਹਰਾ ॥ ਸ੍ਰੀ ਗੁਰੁ ਪਗ ਸੁਰਤਰੁ ਸਰਸ ਸੁਬਦਾ* ਮੰਗਲ ਖਾਨ।
ਦਾਰਿਦ ਬਿਘਨ ਨ ਬਯਾਪਈ ਬਸਹਿਂ ਰਿਦੇ ਗਤਿਦਾਨ ॥੧॥

{ ਸੁਰਤਰੁ=ਕਲਪ ਬ੍ਰਿੱਛ। [ਸੰਸ:, ਸੁਰਤਰੁ:] ਸਰਸ=ਸੁੰਦਰ।
ਦਾਰਿਦ=ਦਰਿੱਦ੍ਰਤਾ। ਗ਼ਰੀਬੀ, ਕੰਗਾਲਤਾਈ।
ਗਤਿਦਾਨ=ਮੁਕਤੀ ਦਾ ਦਾਨ। }

ਅਰਥ—ਸ੍ਰੀ ਗੁਰੂ ਜੀ ਦੇ ਸੁੰਦਰ ਚਰਣ ਕਲਪ ਬ੍ਰਿੱਛ ਹਨ ਤੇ ਸਦਾ ਹੀ ਖੁਸ਼ੀਆਂ ਦੀ ਖਾਣ ਹਨ, (ਜਿਸ) ਹਿਰਦੇ ਵਿਚ ਇਹ ਬਸ ਜਾਣ (ਉਥੇ ਲੋਕ ਵਿਚ ਤਾਂ) ਵਿਘਨ ਤੇ ਕੰਗਾਲਤਾਈ ਵ੍ਯਾਪ ਹੀ ਨਹੀਂ ਸਕਦੀ (ਤੇ ਪਰਲੋਕ ਵਿਚ) ਮੁਕਤੀ ਦਾ ਦਾਨ (ਪ੍ਰਾਪਤ ਹੁੰਦਾ ਹੈ)।

ਸ੍ਰੀ ਬਾਲਾ ਸੰਧੁਰੁ ਵਾਚ ॥ਚੌਪਈ॥ ਜਬਹਿ ਬਹੁਤ ਭੂਪਤਿ ਅਨੁਰਾਗਾ।ਰੰਗਯੋ ਪ੍ਰੇਮ ਰੰਗ ਵਡਭਾਗਾ। ਸੁਨਯੋ ਸ਼੍ਰੋਨ ਜੋ ਹੁਤੇ ਫਕੀਰਾ। ਕੌਤਿਕ ਢਿਗ ਪਹੁੰਚੇ ਨ੍ਰਿਪ ਧੀਰਾ† ॥੨॥ਨਾਮ ਆਪਨੋ ਨਾਨਕ ਧਰਿਕੈ।ਪੁਰਿਕੇਨਰਨ ਸੁਨਾਇਉ ਚਰਿਕੈ। ਜਬ ਨਿਜ ਸ਼੍ਰੋਨ ਸੁਨਹਿ ਅਵਨੀਪਾ[1]।ਚਲਿਕਰਿ ਆਵਹਿ ਤਿਨਹਿਂ ਸਮੀਪਾ ॥੩॥ਬੈਸੇ ਸੈਸੇ ਕੋ ਜਬ ਪੂਛੈ। ਕਛੁ ਨ ਬਤਾਵਹਿਂ ਗਯਾਨਹਿਂ ਛੂਛੈ[2]।ਅਸਬਿਧਿ ਦੇਖਿ ਸੋਚਿ ਕਰਿ ਰਾਜਾ। ਔਰ ਕਿਯੋ ਪਰਖਨ ਕੋ ਕਾਜਾ ॥੪॥ ਹੁਤੀ ਤਹਾਂ ਜੋ ਸੁੰਦਰ ਨਾਰੀ। ਤਿਨ ਸੋਂ ਐਸੀ ਗਿਰਾ ਉਚਾਰੀ। 'ਜੋ ਪੁਰਿ ਬਿਖੈ‡ ਬਿਦੇਸ਼ੀ ਆਵਹਿ। ਭੇਖ ਫਕੀਰ ਜੁ ਸੰਤ ਕਹਾਵਹਿ ॥੫॥ ਕਰਹੁ ਜਾਇ ਨਿਸ ਮਹਿਂ ਤਿਹ ਸੇਵਾ। ਪੂਰ[3] ਊਰ[4] ਕੋ ਲਖਿਯਹਿ ਭੇਵਾ। ਜਬ ਤੁਮ ਪੂਰਨ ਦੇਖਹੁ ਕੋਊ। ਆਨਿ ਬਤਾਵਹੁ ਮੁਝ ਢਿਗ ਸੋਊ' ॥੬॥ ਸੁਨਿ ਕਰਿ ਬਚਨ ਕਹੇ ਜੋ ਰਾਜਾ। ਕਰਨ ਲਗੀ ਤਿਯ ਤੈਸੋ ਕਾਜਾ। ਜਬ ਫਕੀਰ ਕੋ ਪੁਰਿ ਮਹਿਂ ਆਵਹਿ। ਲਾਇ ਸਿੰਗਾਰ ਤਾਸੁ ਢਿਗ ਜਾਵਹਿਂ ॥ ੭ ॥ ਨੈਨ ਕੋਰ[5] ਜਿਨ[6] ਬਾਨ ਸਮਾਨਾ[7]। ਧਨੁਖ ਸੁ ਭ੍ਰਿਕੁਟੀ[8] ਕੁਟਿਲ[9] ਮਹਾਨਾ[10]§। ਜੋ ਦੇਖੈ ਤਿਹ ਤੀਖੇ ਲਾਗੈਂ। ਤਤਖਿਨ ਧੀਰਜ ਧਰਮ ਸੁ ਭਾਗੈ ॥ ੮ ॥ ਜਿਨ ਕੋ

---

[1]ਰਾਜਾ। [2]ਸੱਖਣੇ। [3]ਪੂਰੇ (ਸੰਤ) ਦਾ। [4]ਊਣੇ (ਸੰਤ) ਦਾ। [5]ਨੇਤ੍ਰਾਂ ਦੇ ਕੋਣੇ। [6]ਜਿਨ੍ਹਾਂ ਦੇ। [7]ਤੀਰਾਂ ਵਰਗੇ ਸਨ। [8]ਭਰਵੱਟੇ। [9]ਟੇਢੇ। [10]ਬੜੇ।

*ਪਾ:—ਸਰਬ ਦਾ। (ਅ)—ਸਬ ਦਾ। †ਪਾ:—ਪੀਰਾ।
‡ਪਾ:—ਕੋਊ ਪੁਰਖ। §ਪਾ:—ਭ੍ਰਿਕੁਟੀ ਧਨੁਖਹਿ ਕੁਟਿਲ ਮਹਾਨਾ।

ਪਿਖਿ ਸੁਰ ਮੁਨਿ ਜਤ ਤਯਾਗੈਂ। ਕ੍ਯਾ ਕਲਿ ਨਰ[1] ਬਪੁਰੇ ਤਿਨ ਆਗੈ।
ਅਨਿਕ ਫਕੀਰ ਕਰਤਿ ਬਿਭਚਾਰਾ[2]। ਧਰਮ ਭ੍ਰਿਸ਼ਟਿ ਹ੍ਵੈ ਜਾਤਿ ਗਵਾਰਾ
॥੯॥ ਹਿੰਦੂ ਤੁਰਕ ਤਪੀ ਬ੍ਰਹਮਚਾਰੀ। ਧਰਹਿਂ ਨ ਧੀਰਜ ਦੇਖਤਿ ਨਾਰੀ।
ਕਹੈਂ ਭੂਪ ਸੋਂ"ਕੋਇ ਨ ਪੂਰਾ।ਕਿਯੋ ਕਾਮ[3] ਜਤ ਸਤ ਉਰ*ਊਰਾ[4]†॥੧੦॥
ਸੁਨਿ ਨ੍ਰਿਪ ਕਿਯ ਵਿਚਾਰ ਮਨ ਮਾਂਹੀ।-ਪ੍ਰਬਲ ਕਲੀ ਪੂਰਾ ਕੋ ਨਾਂਹੀ।
ਇਕ ਸ਼੍ਰੀ ਨਾਨਕ ਗੁਰੂ ਬਿਹੀਨਾ।ਪੰਚ ਦੁਸ਼ਟ ਕੈ ਸਰਬ ਅਧੀਨਾ-॥੧੧॥
ਅਸ ਕਹਿ ਚਿਤਵ[5] ਰੂਪ ਕਿਰਪਾਲਾ। ਲੇਤਿ ਸ੍ਵਾਸ ਜੋ ਸੀਤ[6]ਬਿਸਾਲਾ।
ਪੀਰੀ[7] ਪਰ ਰਹੀ ਮੁਖ ਪਰ ਜਾਂਕੇ। ਮੋਚਤਿ ਜਲ ਦ੍ਵੈ ਲੋਚਨ ਤਾਂਕੇ॥
੧੨॥ਅਸ ਜਬ ਖੈਂਚ ਪ੍ਰੇਮ ਨੈ ਕੀਨੀ। ਕ੍ਰਿਪਾਨਿਧਾਨ[8] ਸਰਬਗਤਿ ਚੀਨੀ।
ਚਿਤਵਯੋ ਤਿਹ ਕੋ ਕਰਨ ਨਿਹਾਲਾ। ਕੀਨ ਜਾਸ ਕੋ ਪ੍ਰੇਮ ਬਿਹਾਲਾ॥
੧੩॥ਤਹਾਂ ਚਲਿਨਿ ਕੀ ਮਨਸ਼ਾ ਧਾਰੀ।ਸਹਿ ਨ ਸਕਤਿ ਬ੍ਰਿਹੁ ਭਗਤ[9] ਜੁ
ਭਾਰੀ।ਪ੍ਰੇਮ ਡੋਰਿ ਕਰਿ ਬੰਧੇ ਗੁਸਾਈਂ।ਖੈਂਚੇ ਮਿਲਨ ਚਹਿਤ ਨ੍ਰਿਪ ਤਾਂਈ॥
੧੪ ॥ ਬੈਸੇ[10] ਏਕ ਦਿਵਸ ਉਦਿਆਨਾ। ਮੈਂ ਤਹਿਂ ਗਯੋ ਸੰਗ ਮਰਦਾਨਾ।
ਕਰਿ ਬੰਦਨ ਗੇ ਬੈਸ ਸਮੀਪਾ।ਤਬੈ ਬੋਲੇ ਬੇਦੀ ਕੁਲਦੀਪਾ ॥੧੫॥"ਚਲਹੁ
ਸੈਲ ਹਿਤ ਦੇਖਨ ਛੋਨੀ[11]। ਰਚਨਾ ਕੀਨਿ ਅਨਿਕ ਜਗ ਜੋਨੀ[12]। ਕਿਤੇ
ਥਾਨ ਨਰ ਅਨਤ[13]ਸੁਭਾਊ[14]। ਰਾਖਸ਼ ਰਹਿਨ ਥਾਨ ਹਹਿਂ ਕਾਊ ॥੧੬॥
ਕਿਤ ਧਰਮੀ, ਕਿਤ ਅਧਮੀ ਬਸੰਤੇ। ਕਹੂੰ ਦੁਖੀ, ਕਹਿਂ† ਸੁਖੀ ਰਹੰਤੇ।
ਨਿਗਮਾਗਮ[15]ਕਿਤ ਕਥਤਿ ਪੁਰਾਨਾ। ਕਹੂੰ ਤੁਰਕ ਹਹਿਂ ਪਢਤਿ ਕੁਰਾਨਾਂ
॥ ੧੭ ॥ ਦੇਸ਼ ਬਿਦੇਸ਼ਨ ਕੀ ਬਹੁ ਭਾਖਾ[16]। ਚਲਹੁ ਬਿਲੋਕਨ ਕੀ ਅਭਿ-
ਲਾਖਾ"। ਸੁਨਿ ਕਰਿ ਬਚਨ ਕਹਤਿ ਮਰਦਾਨਾ।"ਪ੍ਰਭੂ ! ਸਮਰਥ! ਸਕਲ
ਗੁਨਖਾਨਾ!॥੧੮॥ਜਹਿ ਇੱਛਾ ਤੁਮ ਚਲਹੁ ਅਗਾਰੀ।ਹੌਂ ਰਾਵਰ ਕੀ ਸਦਾ
ਪਿਛਾਰੀ। ਤੁਮ ਸਮ ਪ੍ਰਭੁ ਕੀ ਸਰਨਹਿਂ ਛੋਰੀ। ਕਾਂਕੋ[17] ਗਹੌਂ[18] ਅਲੰਬ
ਬਹੋਰੀ"॥੧੯॥ ਸੁਨਹੁ ਗੁਰੂ ਅੰਗਦ ਗਤਿਦਾਨੀ !। ਬੰਦਿ ਪਾਨ[19] ਪੁਨ ਮੈਂ

---

[1]ਕਲਯੁਗ ਦੇ ਨਰ। [2]ਮਾੜਾ ਕੰਮ। [3]ਕਾਮ ਦੇਵ ਨੇ ਕੀਤਾ ਹੈ। [4]ਜਤ ਸਤ (ਤੋਂ) ਰਿਦਾ ਖਾਲੀ। [5]ਯਾਦ ਕਰਕੇ। [6]ਠੰਢੇ ਸਾਹ। [7]ਪੀਲੱਤਣ। [8]ਭਾਵ ਗੁਰੂ ਨਾਨਕ ਜੀ ਨੇ। [9]ਭਗਤਾਂ ਦੇ ਵਿਛੋੜੇ ਨੂੰ। [10]ਬੈਠੇ ਸਨ। [11]ਪ੍ਰਿਥਵੀ। [12]ਪਰਮੇਸ਼ੁਰ ਨੇ। [13]ਹੋਰ। [14]ਸੁਭਾਉ ਦੇ ਹਨ। [15]ਵੇਦ ਸ਼ਾਸਤ੍ਰ। [16]ਬੋਲੀ। [17]ਕਿਸਦਾ। [18]ਫੜਾਂ। [19]ਹੱਥ ਜੋੜਕੇ।

*ਪਾ:-ਬ੍ਰਤ। †ਪਾ:-ਕਹੁੰ।

ਕਹਿ[1] ਬਾਨੀ। 'ਦੀਨ ਦਯਾਲੁ! ਰਾਖਿ ਨਿਜ ਸਾਥਾ।ਤੁਮ ਸਮ ਦੇਖੋਂ ਔਰ ਨ ਨਾਥਾ' ॥ ੨੦ ॥ ਸੁਨਿਕੈ ਬਚਨ ਪ੍ਰਸੀਦ ਬਿਸਾਲਾ। ਭਈ ਪ੍ਰਦੋਖ[2] ਉਠੇ ਤਿਹ ਕਾਲਾ। ਆਏ ਨਗਰ ਵਿਖੈ ਨਿਜ ਸਦਨਾ। ਪਰਫੁੱਲਤ ਅਰਬਿੰਦ ਸੁ ਬਦਨਾ ॥ ੨੧ ॥ ਸੈਯਾ ॥ ਬੈਨ ਕਹੇ ਨਿਜ ਧਾਮ ਵਿਖੈ 'ਅਬ ਨਾਨਕ ਜੀ ਚਲਿਬੇ ਕਿਤ ਤਯਾਰਾ। ਸੰਗ ਚਲੈਂ ਤਿਨਕੇ ਹਮ ਤਾਂ ਛਿਨ ਪ੍ਰੀਤ ਬਿਸਾਲ ਦਯਾਲ ਉਦਾਰਾ[3]'। ਯੌਂ ਸੁਧਿ ਭੀ ਜਬ ਸ਼੍ਰੀ ਗੁਰੁ ਆਲਯ ਮਾਤ ਪਿਤਾ ਸੁਧ ਦੇਹਿ ਵਿਸਾਰਾ। ਚਿੰਤ ਬਧੀ ਉਰ ਅੰਤਰ ਭੂਰ, ਨਿਰੰਤਰ ਦੀਨ[4], ਚਲਹਿ ਨਹਿੰ ਚਾਰਾ ॥ ੨੨ ॥ ਰਾਇ ਬੁਲਾਰ ਅਵਾਸ ਗਏ ਤਹਿੰ ਜਾਵਤਿ ਹੀ ਬਹੁ ਰੋਦਨ ਕੀਨੋ।ਸ਼੍ਰੀ ਗੁਰੁ ਕੀ ਜਨਨੀ ਉਰ ਆਤੁਰ,ਤਾਤ[5] ਗਯੋ,ਪਿਤ ਭ੍ਰਾਤ[6] ਸੁ ਤੀਨੋਂ[7]। ਹੋਇ ਅਧੀਨ ਕਹੇ ਮੁਖ ਸੋਂ ਬਚ 'ਨਾਨਕ ਧਾਮ ਰਖੋ ਜਿਵ ਚੀਨੋ'। ਯੌਂ ਕਹਿ ਸ੍ਵਾਸ ਲਯੋ ਜਬਹੀ ਸੁਨ ਰਾਇ ਤਬੈ ਕਰੁਨਾ ਰਸ ਭੀਨੋ ॥ ੨੩ ॥ ਭੁਜੰਗ ਛੰਦ ॥ ਤਬੈ ਰਾਇ ਭੇਜਯੋ ਉਮੇਦਾ[8] ਜੁ ਦਾਸੂ। 'ਤਪਾ ਤਾਤ ਕਾਲੂ ਕਿ ਜਾਵੋ ਸੁ ਪਾਸੂ[9]। ਕਰੋ ਬੰਦਗੀ ਜਾਇ ਆਗੈ ਘਨੇਰੀ। ਦਯਾ ਧਾਰਿ ਦੀਦਾਰ ਦੀਜੈ ਬਿਦੇਰੀ[10]' ॥੨੪॥ ਉਮੇਦਾ ਗਯੋ ਬੇਗ ਬਾਨੀ ਅਲਾਈ। 'ਤਪਾ ਜੀ! ਤੁਮੈਂ ਬੰਦਗੀ ਰਾਇ ਗਾਈ। ਇਕੰ ਬਾਰ ਐਕੈ[11] ਦਿਦਾਰੰ ਦਈਜੈ। ਜਿਤੰ ਫੇਰ ਜਾਨੋ ਪਯਾਨੋ ਕਰੀਜੈ'॥੨੫॥ ਸੈਯਾ॥ਯੌਂ ਸੁਨਿ ਕੈ ਤਬ ਨਾਨਕ ਜੀ ਤਜਿ ਆਸਨ ਕੋ ਤਿਹ ਸੰਗ ਪਧਾਰੇ। ਰਾਇ ਰਿਦੈ ਸੁਖ ਸੋਂ ਬਿਗਸਾ ਨਿਜ ਪ੍ਰੀਤਮ ਕੋ ਜਬ ਰੂਪ ਨਿਹਾਰੇ।ਊਠਤਿਭਾ ਮਚ ਊਪਰ ਤੇ ਢਿਗ ਸ਼੍ਰੀਗੁਰੁ ਜਾਇਕੈ ਕੀਨ ਨਿਵਾਰੇ[12]। ਬੰਦਨ ਕੀਨਿ ਅਧੀਨ ਭਯੋ,ਮੁਖ ਭਾਖਿ ਬਿਨੈ ਨਿਜ ਊਚ ਬਿਠਾਰੇ[13] ॥੨੬॥ 'ਤਾਤਰੁਮਾਤ[14] ਤੁਮਾਰ ਬ੍ਰਿਹਾ-ਤੁਰ ਸਾਗਰ ਮੋਹ ਮੈਂ ਹ੍ਵੈ ਮਗਨਾਈ[15]*। ਹੀਨ ਅਲੰਬ[16] ਤਰੈਂ ਤਿਹ ਕਿਉਂ ਕਰਿ ਜਾਨਤਿ ਹੋ ਸਭਿ ਪੀਰ ਪਰਾਈ।ਕੈਤਿਨ ਗਯਾਨ ਕੇ ਪੋਤ[17] ਚਢਾਵਹੁ

---

[1]ਕਹੀ। [2]ਸੰਧਯਾ। [3]ਭਾਵ ਗੁਰੂ ਜੀ ਵਿਚ ਸਾਡੀ ਪ੍ਰੀਤ ਬਹੁਤ ਹੈ। [4]ਹਰ ਵੇਲੇ ਦੀਨ ਹੋ ਰਹੇ। [5]ਪਿਤਾ ਕਾਲੂ ਜੀ। [6]ਚਾਚਾ ਲਾਲੂ ਜੀ। [7]ਤਿੰਨੇ ਜਣੇ। [8]ਦਾਸ ਦਾ ਨਾਮ। [9]ਦੇ ਕੋਲ ਜਾਵੋ। [10]ਬਿਨਾਂ ਦੇਰੀ। [11]ਆਕੇ। [12]ਗੁਰੂ ਜੀ ਨੇ ਕੋਲ ਜਾਕੇ ਰੋਕ ਦਿੱਤਾ। [13]ਆਪਣੇ ਕੋਲੋਂ ਉੱਚੀ ਥਾਵੇਂ ਬਿਠਾਏ ਗੁਰੂ ਜੀ (ਬੁਲਾਰ ਨੇ)। [14]ਪਿਤਾ ਅਰ ਮਾਤਾ। [15]ਡੁੱਬ ਰਹੇ ਹਨ। [16]ਬਿਨਾਂ ਆਸਰੇ। [17]ਜਹਾਜ।

*ਪਾ:—ਸਾਗਰ ਸੋ ਮਹਿ ਹ੍ਵੈ ਮਗਨਾਈ।

ਮੋਹ ਕਲੋਲ[੧] ਤੇ ਪਾਰ ਲੰਘਾਈ। ਨਾਤੁਰ ਹੋਕਰਿ ਤੀਰ ਮਿਲੋ[੨] ਤੁਮ, ਧੀਰ ਸਰੀਰ ਧਰੈਂ ਸੁਖ ਪਾਈ'॥੨੭॥ 'ਰਾਇ ਜੀ! ਕਾਰਜ ਜਾਨ ਕੋ* ਜਾਨਹੁ, ਗ੍ਯਾਨ ਬਖਾਨਤਿ ਆਨਨ ਜੋਈ[੩]। ਪਾਇ ਸਮਾਂ ਹੁਇ ਜਾਵਹਿ ਪ੍ਰਾਪਤਿ, ਪਾਰ ਪਰੈਂ ਭਵ ਬੰਧਨ ਖੋਈ[੪]। ਨੌਕਾ ਸੁ[੫] ਮੇਲ ਬਨ੍ਯੋ ਜਗ ਮਾਂਹਿ ਸੰਜੋਗ ਵਿਜੋਗ ਸਮੇਂ ਸਿਰ ਹੋਈ। ਗ੍ਯਾਨੀ ਸਮਾਨ ਰਹੈ ਜੁਗ ਤੇ[੬] ਜਗ, ਸ਼ੋਕ ਨ ਹ੍ਵੈ ਹਰਖੰਤਿ ਨ ਕੋਈ'[੭] ॥੨੮॥ ਰਾਇ ਭਨੈ 'ਮੁਖ ਜੋ ਅਰਬਿੰਦ ਨਿਦੇਸ਼ ਬਨੀ ਮਕਰੰਦ[੮] ਤੁਮਾਰੀ। ਮੋ ਮਨ ਰੀਤਿ ਮਲਿੰਦ ਕੀ ਚਾਹਤਿ ਜੋ ਕਰੁਨਾ ਪਰਕਾਸ਼ ਤੁਮਾਰੀ। ਚਾਤ੍ਰਿਕ[੯] ਚਿੱਤ[੧੦] ਸ੍ਵਾਂਤਿ[੧੧] ਸੀ ਚਾਹਤਿ ਹੈ, ਰਸਨਾ[੧੨] ਘਨ[੧੩] ਸੀ ਬਚ ਬਾਰੀ[੧੪]। ਆਪ ਕਰੋ ਫੁਰਮਾਇਸ਼[੧੫] ਕੋ ਇਕ ਸੇਵ ਕਰੋ ਸਫਲੀ ਸੁ ਹਮਾਰੀ ॥੨੯॥ ਮੋ ਤੇ ਨ ਸੇਵ ਭਈ ਤੁਮਰੀ ਕਛੁ ਯਾਂਤੇ ਰਿਦਾ ਥਿਰਤਾ[੧੬] ਨਹਿਂ ਪਾਵੈ। ਈਹਾਂ ਰਹੋ ਤਬ ਹੇਰਤਿ ਹੋਂ ਪਗ[੧੭], ਸ਼੍ਰੋਨ ਸੁਨੋਂ ਬਚ[੧੮] ਹਿਯ ਹੁਲਸਾਵੈ[੧੯]। ਹੇ ਜਗਨਾਯਕ! ਹੇ ਗਤਿਦਾਯਕ! ਹੋ ਸਭਿ ਲਾਇਕ ਪ੍ਰੋਖ ਰਹਾਵੈ[੨੦]। ਪੂਰਨ ਰੂਪ ਪਰਾਤਮ[੨੧] ਪਾਵਨ[੨੨]! ਸ਼੍ਰੀ ਪਰਮੇਸ਼ੁਰ ਮੋ ਦਰਸਾਵੈ'[੨੩] ॥੩੦॥ ਸ਼੍ਰੀ ਗੁਰੁ ਆਨਨ ਬੈਨ ਭਨੈ 'ਜਿਵ ਛਾਹਿ ਸਰੀਰ ਤਥੋਂ ਸੰਗ ਹਮਾਰੇ[੨੪]। ਨੀਤ ਰਹੋ, ਥਿਰਚੀਤ ਕਰੋ, ਉਰ ਪ੍ਰੀਤਿ ਭਰਾ ਸ਼ਰਧਾ ਸੁ ਤੁਮਾਰੇ। ਏਕਸ਼ ਪੈ ਫੁਰਮਾਇਸ਼[੨੫] ਆਇਸ[੨੬] ਜਾ ਸਮ[੨੭] ਕੋਇ ਨ ਆਨ ਉਦਾਰੇ। ਹਾਥ ਨ ਮੇ[੨੮] ਇਹ ਠਾਂ ਰਹਿਨੋ ਕਰਤਾਰ ਅਧੀਨ ਲਖੋ[੨੯] ਬਿਧਿ ਸਾਰੇ' ॥੩੧॥ ਰਾਇ ਬੁਲਾਰ ਅਨੰਦ ਮੈਂ ਹੋਕਰਿ ਬੰਦਨ ਕੀਨਿ ਪਦੰ ਅਰਬਿੰਦੂ। ਛੂਟ ਗਏ ਭਵ ਬੰਧਨ ਜਾਸ ਕੇ ਮੱਤਿ[੩੦] ਭਯੋ ਮਕਰੰਦ[੩੧] ਮਲਿੰਦੂ[੩੨]। ਲੇ ਰਸ ਤੂਸ਼ਨ ਹੋਇ

---

[੧] ਮੋਹ ਰੂਪੀ ਤਰੰਗਾਂ। [੨] ਕਿਨਾਰਾ ਹੋਕੇ ਮਿਲੋ ਉਨ੍ਹਾਂ ਨੂੰ ਭਾਵ ਪਾਸ ਰਹੋ। [੩] ਤੇ ਜੋ ਤੁਸੀਂ ਮੂੰਹੋਂ ਕਹਿੰਦੇ ਹੋ ਗ੍ਯਾਨ (ਦਿਓ)। [੪] ਨਾਸ਼ ਕਰਕੇ। [੫] ਬੇੜੀ ਵਤ। [੬] ਦੋਹਾਂ ਸੰਜੋਗ ਵਿਜੋਗ ਤੋਂ। [੭] ਤੇ ਕੋਈ ਸ਼ੋਕ ਹਰਖ ਨਾ ਕਰੇ। [੮] ਕਮਲ ਮੁਖ ਤੋਂ ਮਕਰੰਦ ਰਸ ਰੂਪੀ ਆਪਦੀ ਆਗ੍ਯਾ ਬਣੀ ਹੈ। [੯] (ਮੇਰਾ) ਪਪੀਹੇ ਵਰਗਾ। [੧੦] ਦਿਲ। [੧੧] ਸ੍ਵਾਂਤੀ ਬੂੰਦ। [੧੨] (ਆਪ ਦੀ) ਜੀਭ। [੧੩] ਬੱਦਲ ਵਰਗੀ ਹੈ। [੧੪] ਆਪਦੇ ਬਚਨ ਪਾਣੀ (ਸ੍ਵਾਂਤੀ ਬੂੰਦ) ਹਨ। [੧੫] ਹੁਕਮ। [੧੬] ਟਿਕਾਉ। [੧੭] ਚਰਣ ਆਪ ਦੇ ਵੇਖਦਾ ਹਾਂ। [੧੮] ਬਚਨ ਕੰਨੀਂ ਸੁਣਕੇ। [੧੯] ਦਿਲ ਚਾਉ ਵਿਚ ਆਉਂਦਾ ਹੈ। [੨੦] ਛੁਪਕੇ ਰਹਿੰਦੇ ਹੋ। [੨੧] ਆਤਮਾ ਤੋਂ ਪਰੇ। [੨੨] ਪਵਿੱਤ੍ਰ। [੨੩] ਮੈਨੂੰ ਦਿੱਸਦੇ ਹੋ। [੨੪] ਜਿਵੇਂ ਛਾਇਆ ਸਰੀਰ ਦੇ ਨਾਲ ਰਹਿੰਦਾ ਹੈ ਓਵੇਂ ਸਾਡੇ ਨਾਲ। [੨੫] ਪਰਮੇਸ਼੍ਵਰ ਦੇ ਪਾਸ ਫੁਰਮਾਇਸ਼ ਹੈ। [੨੬] ਆਗ੍ਯਾ। [੨੭] ਜਿਸ ਦੇ ਸਦ੍ਰਸ਼। [੨੮] ਮੇਰੇ ਹੱਥ ਨਹੀਂ। [੨੯] ਜਾਣੋਂ। [੩੦] ਮਸਤ। [੩੧] (ਚਰਣਾਂ ਦੇ) ਮਕਰੰਦ ਦਾ ਭੌਰਾ (ਹੋਕੇ)। [੩੨] ਭੌਰਾ।

*ਪਾ:--ਕੇ।

ਰਹਯੋ ਨਿਜ ਰੂਪ ਜੁ ਆਦਿ ਰਿਦੈ ਸੁਧ ਬਿੰਦੂ[1]। ਪ੍ਰਾਪਤ ਪੂਰਨ ਤਾਂ ਸੁਖ ਕੋ ਕਮਲਾਨਨ ਹੇਰਿ ਗੁਰੂ ਜੁ ਗੁਬਿੰਦੂ[2] ॥੩੨॥ ਕਰੁਨਾ ਬਹੁ ਕੀਨਿ ਨਿਹਾਲ ਕਰਯੋ ਜਿਹਕੇ ਸਮ ਈਠ ਨ ਹੈ ਬਿਬ[3] ਕੋਈ। ਪੁਨ ਹੋਇ ਬਿਦਾ ਤਹਿਂ ਤੇ ਉਠਿ ਸ਼੍ਰੀ ਗੁਰੁ ਆਇ ਗਏ ਘਰ ਜਾਮਨਿ ਹੋਈ। ਬਿਛੁਰਯੋ ਨ ਚਹੈ[4],ਕਛੁ ਹਾਥ ਨਹੀਂ ਨਿਜ, ਜਾਂ ਬਿਧਿ ਸੋਂ ਢਿਗ ਰੂਪ ਅਲੋਈ[5]। ਧਰਿ ਧਯਾਨ ਲਯੋ ਉਰ ਤਾਂ ਛਿਨ ਮੈਂ ਸੁਠਿ ਧ੍ਰੂਵ[6] ਕਿਯੋ ਨਿਸਿ ਬਾਸੁਰ ਸੋਈ ॥ ੩੩ ॥ ਦੋਹਰਾ ॥ ਕਾਲੂ ਲਾਲੂ[7] ਰਾਇ[8] ਨੇ ਸਮਝਾਏ ਬਹੁ ਭਾਂਤਿ। 'ਸ਼੍ਰੀ ਨਾਨਕ ਪੂਰਨ ਪੁਰਖ ਪਰਮੇਸ਼ੁਰ ਬਖਯਾਤ ॥ ੩੪ ॥ ਪੁੰਨ ਵਡੇ ਪੂਰਬ ਜਨਮ ਕੀਨੇ ਤੁਮ ਨੇ ਕੋਇ। ਜਿਸ ਫਲ ਤੇ ਅਸ ਸੁਤ ਭਯੋ ਸਹਿਜੇ ਸ਼ੁਭ-ਗਤਿ ਹੋਇ ॥੩੫॥ ਧੰਨ ਧੰਨ ਪੁਨਿ ਧੰਨ ਤੁਮ ਕੁਲ ਉਧਾਰ ਸਭਿ ਕੀਨਿ। ਰਿਦੈ ਨ ਭਰਮਹੁ ਤਨਕ ਭਰਿ[9] ਭੇ[9] ਜਗ ਬੰਧਨ ਹੀਨ ॥ ੩੬ ॥ ਸੋਰਠਾ ॥ ਚਿਤ ਕੀ ਚਿੰਤ ਬਿਦਾਰਿ[10] ਕਰਹੁ ਕਾਜ ਨਿਜ ਸਦਨ ਕੋ। ਲਖਹੁ ਸੰਤਿ* ਅਵਤਾਰ, ਤਿਹੰ ਰਾਖਨ ਕਿਹ ਕਰ ਨਹੀਂ[11]' ॥ ੩੭ ॥ ਸ੍ਵੈਯਾ ॥ ਧੀਰ ਧਰੀ ਸੁਨਿ, ਆਇ ਗਏ ਘਰ ਭੋਜਨ ਕੇ ਹਿਤ ਮਾਤ ਬੁਲਾਵੈ। 'ਆਵਹੁ ਤਾਤ! ਅਰੋ ਉਠਿਕੇ' ਗਵਨੈਂ ਢਿਗਮਾਤ ਅਹਾਰ ਕੋ ਖਾਵੈਂ। ਹੇਰਤਿ ਹੈ ਕਮਲਾਨਨ ਕੋ ਸੁਖ ਪਾਇ ਰਿਦੈ ਜਨਨੀ ਬਲਿ ਜਾਵੈ। 'ਤਾਤ ! ਨ ਜੋਰ ਹਮਾਰ ਚਲੈ ਕੁਛ, ਆਪ ਕਰੋ ਬਿਧਿ ਜਨੋਂ ਮਨ ਭਾਵੈ' ॥੩੮॥ ਦੋਹਰਾ ॥ ਕ੍ਰਿਪਾ ਦ੍ਰਿਸ਼ਟਿ ਕਰਿ ਬਚਨ ਸ਼ੁਭ ਕਹਿਕੈ, ਹਨਿ ਅਗਯਾਨ[12]। ਦ੍ਰਿੜ ਬੰਧਨ ਜਗ ਮਿਟ ਗਏ ਭਈ ਯੋਗ ਨਿਰਬਾਨ[13] ॥੩੯ ॥ ਸ੍ਵੈਯਾ ॥ ਮਾਤ ਕੋ ਦੇਯ ਸੰਤੋਖ ਉਠੇ ਪੁਨ ਤਾਤ[14] ਅਯੋ ਕਹਿਕੈ ਸਮਝਾਵੈ। 'ਜਾਨਹੁ ਜਯੋਂ ਕਰਿਯੇ ਨਿਜ ਕਾਰਜ' ਮੋ ਕਹਿਨੋ ਕਬ ਲੌ ਬਨਿ ਆਵੈ। ਏਕ ਤੂੰ ਤਾਤ[15] ਹੁਤੋ ਹਮਰੇ ਘਰ ਛੋਰਿ ਚਲੇ, ਇਹ ਕਯੋਂ ਮਨ ਭਾਵੈ'। ਔਰ ਕਹੈ ਬਹੁ ਭਾਂਤਿਨ ਕੇ

---

[1]ਜਾਣ ਲਈ ਸੁਧ ਰਿਦੇ ਵਿਚ ਆਪਣੇ; ਅਸਲੀ ਸਰੂਪ ਦੀ। [2]ਗੋਬਿੰਦ ਰੂਪ ਗੁਰੂ ਦਾ ਕਵਲ ਮੁਖ ਵੇਖ ਕੇ। [3]ਦੂਸਰਾ। [4]ਨਹੀਂ ਚਾਹੁੰਦਾ (ਰਾਇ)। [5]ਜਿਸ ਬਿਧ ਰੂਪ ਕੋਲੋਂ ਦੇਖਦਾ ਰਹੇ। [6](ਧਿਆਨ ਧਰਣਾ) ਪਕਾ ਲਿਆ। [7]ਅਤੇ ਲਾਲੂ (ਨੂੰ)। [8]ਬੋਹੜਾ ਬੀ। [9]ਹੋਏ। [10]ਦੂਰ ਕਰਕੇ। [11]ਕਿਸੇ ਦੇ ਹੱਥ ਨਹੀਂ। [12]ਅਗਯਾਨ ਨਾਸ਼ ਕੀਤਾ। [13](ਮਾਤਾ) ਮੁਕਤੀ ਦੇ ਲਾਇਕ ਹੋ ਗਈ। [14]ਪਿਤਾ ਜੀ। [15]ਪੁੱਤ੍ਰ। *ਪਾ:-ਸੰਤ।

ਬਚ-ਧਾਮ ਰਹੈ ਹਿਰਦਾ ਬਿਰਮਾਵੈ[1]-॥ ੪੦ ॥ ਦੇਖਿ ਦਯਾ ਦ੍ਰਿਸ਼ਟੀ ਪਿਤ ਕੀ ਦਿਸ਼, ਮੋਹ ਹਨਯੋ[2], ਉਪਮਾ ਭਲਿ ਆਈ। ਜਯੋਂ ਬਹਿਰੀ[3] ਖਗ ਕੋ ਝਪਟਾਤਿ[4] ਦਬਾਇਕੈ ਦੇਤਿ ਨਹੀਂ ਉਕਸਾਈ[5]। ਸ਼ਾਂਤਿ ਭਈ ਮਨ ਫੇਰ ਕਹ੍ਯੋ ਨਹਿਂ, ਤੂਸ਼ਨਿ ਹੋਇ ਰਹਯੋ ਸੁਖ ਪਾਈ। ਪੌਢਿ ਰਹੇ ਪਰਯੰਕ ਕੇ ਊਪਰਿ ਸ਼੍ਰੀ ਗੁਰੂ ਨਾਨਕ ਜੀ ਗਤਿ ਦਾਈ ॥ ੪੧॥ ਨੀਂਦ ਬਸੀ ਹੁਇ ਸੋਇ ਰਹੇ ਤਬ, ਜਾਮਨਿ[6] ਜਾਮ[7] ਰਹੀ ਜਬ ਹੀ। ਆਲਸ ਛੋਰਿ ਉਠੇ ਕਰੁਨਾ ਨਿਧਿ ਦਾਸਨ ਕੇ ਸੁਖਦਾ ਸਭਿ ਹੀ। ਨ੍ਹਾਨ ਕੇ ਹੇਤ ਚਲੇ ਉਠਿ ਬਾਹਿਰ ਚੰਦ ਕੀ ਜੌਨ੍ਹ ਦਿਪੈ[8] ਤਬਹੀ। ਤਯੋਂ ਭਗਤੀ ਪਰਕਾਸ਼ਨ ਕੋ ਸਭਿ ਦੇਸ਼ ਬਦੇਸ਼ ਚਲੈ ਅਬ ਹੀ ॥ ੪੨ ॥ ਕੂਪ[9] ਹਰੱਠ[10] ਚਲੇ ਨਹਿ ਕੋਇ, ਫਿਰੇ ਇਕ ਦੋਇ ਤਬੈ ਗਤਿਦਾਈ[11]। ਨੀਰ ਨ ਪਾਵਤਿ ਭੇ ਕਿਤਹੂੰ ਤਿਹੰਕਾਲ ਵਿਖੇ ਮੁਖ ਬਾਨੀ ਅਲਾਈ। 'ਕੋਊ ਸਰੋਵਰ ਨਾਂਹਿ ਇਹਾਂ, ਨਗਰੀ ਬਿਨ ਨੀਰ[12], ਨ ਕੂਪ ਚਲਾਈ[13]'। ਜਾਗਤਿ ਰਾਇ ਬੁਲਾਰ ਸੁਨੀ ਤਿਹ ਕਾਲ ਵਿਖੈ ਮਨ ਯੋਂ ਠਹਿਰਾਈ ॥੪੩॥-ਨਾਨਕ ਨਾਮ ਸਰੋਵਰ ਲਾਵਹੁਂ ਊਠਤਿ ਭੋਰ-ਇਹੈ ਮਨ ਆਨਾ। ਜਾਨਤਿ ਭਾ[14] ਨਿਜ ਕੋ ਕਿਰਤਾਰਥ ਲਾਇ ਤੜਾਗ[15] ਰਿਦੇ ਬਿਗਸਾਨਾ। ਸੋ ਖੁਨਵਾਇ[16] ਤਹਾਂ ਝਟਿਤੀ[17] ਦਿਨ ਈਖਦ[18] ਮੈਂ ਕਰਿ ਤਯਾਰ ਸੁਜਾਨਾ[19]। ਹੈ ਅਬ ਲੌ, ਅਸ਼ਨਾਨ ਪੁਨੀਤ ਕਰੇ ਤਿਹਠਾਂ, ਤਹਿਂ ਪਾਪ ਪਰਾਨਾ[20] ॥ ੪੪ ॥ ਦੋਹਰਾ ॥ ਮੁਝਕੋ ਲਯੋ ਬੁਲਾਇ ਤਬ ਕਰਿਵਾਯੋ[21] ਇਸ਼ਨਾਨ। ਆਲਯ ਮਿਲਿ ਕਰਿ ਸਤਿਗੁਰੂ ਕੀਨੋ ਪੁਨ ਪ੍ਰਸਥਾਨ[22] ॥੪੫॥ ਸੈਯਾ ॥ ਦੋਇ ਮਹੂਰਤ[23] ਜਾਮਨਿ ਤੇ ਗੁਰ ਨਾਨਕ ਜੀ ਤਬ ਕੀਨ ਪਯਾਨਾ। ਸੰਗ ਚਲੇ ਸੁਖਸਾਗਰ ਕੇ ਜੁਗ, ਮੈਂ ਪੁਨਿ ਔਰ ਚਲਯੋ ਮਰਦਾਨਾ। ਚੇਤ[24], ਅਨੰਦ, ਸਤੰ[25], ਸੁਖਕੰਦ[26], ਗੁਬਿੰਦ ਮੁਕੰਦ[27] ਸਦਾ ਦੁਖ ਹਾਨਾ। ਤਾਂ ਗੁਰ ਕੇ ਪਦ ਪੰਕਜ ਊਪਰ ਜਾਤਿ

[1](ਕਿ ਕਿਵੇਂ) ਘਰ ਰਹਿਣ (ਵਿਚ ਇਨ੍ਹਾਂ ਦਾ) ਜੀ ਪਰਚ ਜਾਵੇ। [2]ਨਾਸ਼ ਕੀਤਾ। [3]ਇਕ ਸ਼ਿਕਾਰੀ ਪੰਛੀ ਦਾ ਨਾਮ ਹੈ। [4]ਝਪਟ ਮਾਰਦਾ ਹੈ। [5]ਉਠਨ ਨਹੀਂ ਦੇਂਦਾ। [6]ਰਾਤ। [7]ਪਹਿਰ। [8]ਚਾਨਣੀ ਚਮਕ ਰਹੀ। [9]ਖੂਹ। [10]ਹਲਟ। [11]ਭਾਵ, ਗੁਰੂ ਨਾਨਕ ਜੀ। [12]ਬਿਨਾਂ ਜਲ ਹੈ। [13](ਇਸ ਵੇਲੇ ਕੋਈ) ਖੂਹ ਬੀ ਨਹੀਂ ਵਗਦਾ। [14]ਜਾਣ ਲਿਆ। [15]ਤਾਲਾਬ। [16]ਖੁਦਵਾ ਕੇ। [17]ਛੇਤੀ ਹੀ। [18]ਥੋੜੇ। [19]ਚਤੁਰ (ਰਾਏ ਨੇ)। [20]ਨੱਸ ਜਾਂਦੇ ਹਨ। [21](ਮੈਂ) ਕਰਵਾਯਾ। [22]ਚਲਣਾ। [23]ਦੋਇ ਘੜੀਆਂ। [24]ਚੇਤਨ, ਚਿੱਤ। [25]ਭਾਵ, ਸਤ ਚਿਤ ਆਨੰਦ ਰੂਪ। [26]ਸੁਖਾਂ ਦੇ ਮੇਘ। [27]ਮੁਕਤੀ ਦਾਤੇ।

ਸਦੀਵ ਕਵੀ ਕੁਰਬਾਨਾ ॥ ੪੬ ॥ ਦੋਹਰਾ ॥ ਮੰਦ ਮੰਦ ਗਤਿ ਸੁੰਦਰੀ ਪਦ ਪਦਵੀ[੧] ਪਰ ਪਾਇ। ਮੈਂ ਪੁਨ ਮਰਦਾਨਾ ਦੁਊ ਸਤਿਗੁਰ ਪੀਛੇ* ਜਾਇੰ ॥ ੪੭ ॥ ਚੌਪਈ ॥ ਹੇਤ ਭਗਤਿ ਸਰਿਤਾ[੨] ਬਿਸਤਾਰਨ। ਨਾਨਕ ਰਾਇ ਜਗਤ ਨਿਸਤਾਰਨ। ਸੁਥਲ ਭਲੋ ਤਿਹ ਜੋ ਮਨ ਨੀਵਾਂ। ਜਾਂਹਿ ਕੀਰਤਨ ਨੀਰ ਸਦੀਵਾ[੩] ॥ ੪੮ ॥ ਨਾਮ ਸਿਫਤ ਸੁਠ ਉਠਤਿ ਤਰੰਗਾ[੪]। ਨਿਕਸਨ ਥਾਨ[੫] ਜਾਸੁ ਸਤਿਸੰਗਾ। ਭ੍ਰਮ ਅੱਗਯਾਨ ਅਧਿਕ ਦ੍ਰਿਢ ਕੂਲਾ[੬]। ਤਿਨਹਿੰ ਨਿਕੰਦਨ[੭] ਕੋ ਅਨਕੂਲਾ ॥ ੪੯ ॥ ਖਰੇ ਬਿਟਪ ਕਲਮਲ ਕਲਿਕਾਲਾ[੮]। ਮੂਲ[੯] ਉਖਾਰਹਿੰ ਬੇਗ ਬਿਸਾਲਾ। ਸਤਿਗੁਰ ਸਿਖ ਜਲਜੰਤੁ[੧੦] ਅਪਾਰਾ। ਬਿਛਰਹਿੰ ਨਹੀਂ, ਲੀਨ ਸੁਖ ਭਾਰਾ ॥੫੦॥ ਦੋਹਰਾ ॥ ਪ੍ਰੇਮ ਬੇਗ[੧੧] ਪਰਵਾਹਿ ਤਿਹੰ, ਮਾਯਾ ਕਾਈ ਹੀਨ[੧੨]। ਚਰਨ ਕਮਲ ਕੋ ਧਯਾਨ ਜੋ ਸੀਤਲਤਾ ਸੁਖ ਲੀਨ ॥੫੧॥ ਚੌਪਈ॥ ਸਹਿਜ ਸਰੂਪ ਸਿੰਧੁ ਸਮੁਹਾਈ[੧੩]। ਮਿਲੀ ਜਾਇ ਇਸਥਿਰਤਾ ਪਾਈ। ਜਨਮ ਮਰਨ ਕੋ ਬਹੁਰ ਨ ਫੇਰਾ। ਹ੍ਵੈ ਅਡੋਲ ਸੁਖ ਭਯੋ ਘਨੇਰਾ ॥ ੫੨ ॥ ਕਾਲ ਘਾਮ ਕੋ ਡਰ ਨਹਿੰ ਜਹਿੰਵਾ। ਸਰਿਤਾ ਸੰਗ ਪਹੁੰਚਗੇ ਤਹਿੰਵਾ। ਜਿਨ ਐਸੀ ਸਰਿਤਾ† ਬਰ ਤਯਾਗੀ। ਮ੍ਰਿਗ ਤ੍ਰਿਸ਼ਨਾ[੧੪] ਜਗ ਭ੍ਰਮਹਿੰ ਅਭਾਗੀ ॥੫੩॥ ਸ੍ਰੀ ਨਾਨਕ ਸਰਿਤਾ ਬਿਸਤਾਰੀ। ਜਹਾਂ ਤਹਾਂ ਪਸਰੀ ਬਰਬਾਰੀ[੧੫]। ਵਡੇ ਭਾਗ ਤੇ ਪ੍ਰਾਪਤ ਹੋਈ। ਕਵਿ ਸੰਤੋਖ ਸਿੰਘ ਸਿਮਰੇ ਸੋਈ ॥੫੪॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਚਲਨ' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋ ਅਧਯਾਯ ॥ ੪੫ ॥

---

[੧] ਰਾਹ ਤੇ। [੨] ਭਗਤੀ ਰੂਪੀ ਨਦੀ। [੩] ਜਿੱਥੇ ਕੀਰਤਨ ਰੂਪੀ ਜਲ ਹਮੇਸ਼ (ਵਹਿੰਦਾ) ਹੈ। [੪] ਲਹਿਰਾਂ। [੫] ਜਿਸਦਾ ਸੋਮਾਂ। [੬] ਪੱਕੇ ਕਿਨਾਰੇ ਹਨ। [੭] ਕਟਣ। [੮] ਕਲਜੁਗ ਸਮੇਂ ਦੇ ਪਾਪ। [੯] ਜੜ੍ਹਾਂ ਤੋਂ। [੧੦] ਜਲ ਜੀਵ। [੧੧] ਪ੍ਰੇਮ ਦੀ ਤੀਬ੍ਰਤਾ। [੧੨] ਮਾਯਾ ਮੈਲ ਤੋਂ ਬਿਨਾਂ। [੧੩] ਸਾਹਮਣੇ (ਅ) ਮੁਹਾਂਨੇ (ਨਦੀ ਤੇ ਸਾਗਰ ਦੇ ਸੰਗਮ ਦਾ ਥਾਂ) ਕੋਲ। [੧੪] ਮ੍ਰਿਗ ਤ੍ਰਿਸ਼ਨਾ ਵਤ। [੧੫] ਸ੍ਰੇਸ਼ਟ ਜਲ (ਵਾਲੀ ਨਦੀ)। *ਪਾ:-ਪਾਛੇ।

†ਕਵੀ ਜੀ ਨੇ ਨਦੀ ਦੇ ਰੂਪਕ ਵਿਚ ਭਗਤੀ ਦਾ ਨਕਸ਼ਾ ਬੰਨ੍ਹਕੇ ਦਸਿਆ ਨੇ:—

ਭਗਤੀ ਰੂਪੀ ਨਦੀ ਹੈ (ਇਸ ਪਵਿੱਤ੍ਰ ਨਦੀ ਨੂੰ ਸਾਰੇ ਜਗਤ ਵਿਚ ਫੈਲਾਉਣ ਲਈ ਸਤਿਗੁਰੂ ਤੁਰੇ ਹਨ) ਇਸ ਨਦੀ ਦੇ ਵਗਣ ਦਾ ਥਾਂ ਮਨ ਨੀਵਾਂ ਹੈ, ਧੁਨੀ ਇਹ ਹੈ ਕਿ ਨੀਵੇਂ ਮਨ ਵਿਚ ਭਗਤੀ ਦਾ ਪ੍ਰਵੇਸ਼ ਹੁੰਦਾ ਹੈ, ਵਾਹਿਗੁਰੂ ਜੀ ਦੇ ਕੀਰਤਨ ਦਾ (ਅੰਮ੍ਰਿਤ) ਜਲ ਹੈ, ਨਾਮ ਦੀ ਮਹਿੰਮਾਂ ਦੀਆਂ ਲਹਿਰਾਂ ਹਨ ਸਤਿਸੰਗ ਰੂਪੀ ਸੋਮੇ ਤੋਂ

[ਬਾਕੀ ਦੇਖੋ ਟੂਕ ਅਗਲੇ ਸਫੇ ਦੇ ਹੇਠ]☛

੪੬. [ਚਰਣ ਮੰਗਲ। ਅੱਕ ਖੱਖੜੀਆਂ ਖੁਵਾਕੇ ਮਰਦਾਨੇ ਦੀ ਭੁਖ ਨਿਵਾਰੀ। ਕਾਵਰੂ ਦੇਸ਼]

ਦੋਹਰਾ ॥ **ਸ੍ਰੀ ਗੁਰ ਚਰਨਨ ਧ੍ਯਾਨ ਤਰੁ ਪ੍ਰੇਮ ਨੀਰ ਤਹਿਂ ਪਾਇ।**
**ਕਵਿਤਾ ਕੁਸਮ ਪ੍ਰਫੁੱਲਹੀਂ ਸੁਫਲ ਅਰਥ ਸਮੁਦਾਇ ॥ ੧ ॥**

[ਤਰੁ=ਬ੍ਰਿੱਛ। ਕੁਸਮ=ਫੁੱਲ।
ਪ੍ਰਫੁੱਲ ਹੀਂ=ਫੁਲਾਂ ਨਾਲ ਭਰ ਜਾਂਦੇ ਹਨ।
ਸੁਫਲ=ਸੁ+ਫਲ=ਸ੍ਰੇਸ਼ਟ ਫਲ, ਸ੍ਰੇਸ਼ਟ ਫਲਾਂ ਨਾਲ ਭਰਪੂਰ ਹੋਣਾ।
ਅਰਥ=ਪਦਾਂ ਦੀ ਬ੍ਰਿਤੀ ਤੇ ਆਪਨੇ ਭਾਵ। ਕਵਿਤਾ ਦੇ ਪਦਾਂ ਵਿਚ ਜੋ ਉਚੇ ਭਾਵ ਤੇ ਅਰਥ ਭਰੇ ਜਾਂਦੇ ਹਨ, ਏਹ ਮਾਨੋਂ ਉਸਦੇ ਫੁੱਲ ਹਨ। (ਅ) ਇਸ ਕਵਿਤਾ ਦੇ ਵਿਚਾਰਨ ਵਾਲਿਆਂ ਨੂੰ ਮਨੋ ਕਾਮਨਾ ਦੀ ਪ੍ਰਾਪਤੀ ਰੂਪੀ ਫਲ ਪ੍ਰਾਪਤ ਹੋ ਸਕਦੇ ਹਨ। [ਸੰਸ:, ਅਰ੍ਥ।]
ਸਮੁਦਾਇ=ਬਹੁਤੇ, ਸਾਰੇ।]

**ਅਰਥ**—ਸ੍ਰੀ ਗੁਰੂ ਜੀ ਦੇ ਚਰਣਾਂ ਦਾ ਧਿਆਨ ਬ੍ਰਿੱਛ (ਸਮਾਨ) ਹੈ ਉਸਨੂੰ ਪ੍ਰੇਮ (ਰੂਪੀ) ਪਾਣੀ ਪਾਈਏ (ਤਾਂ) ਕਵਿਤਾ (ਰੂਪੀ) ਫੁੱਲ ਪ੍ਰਫੁੱਲਤ ਹੁੰਦੇ ਹਨ ਤੇ ਸਾਰੇ ਅਰਥਾਂ ਦੇ ਸ੍ਰੇਸ਼ਟ ਫਲ (ਪੈਂਦੇ ਹਨ)।

ਸ੍ਰੀ ਬਾਲਾ ਸੰਧੁਰੁ ਵਾਚ ॥ ਭੁਜੰਗ ਪ੍ਰਯਾਤ ਛੰਦ* ॥ **ਚਲੇ ਪੰਥ ਨਾਥੰ ਭਏ ਦੌਨ ਸਾਥਾ।**
**ਦਯਾ ਸਿੰਧ ਰੂਰੀ ਭਨੈਂ ਗ੍ਯਾਨ ਗਾਥਾ[1]। ਗਏ ਧਾਮ ਲਾਲੋ ਗੁਬਿੰਦੰ**

[1]ਗ੍ਯਾਨ ਦੀਆਂ ਗੱਲਾਂ। *ਪਾ:—ਭੁਜੰਗ ਛੰਦ ॥

[ਪਿਛਲੇ ਪੰਨੇ ਦੀ ਬਾਕੀ ਟੂਕ]

ਇਹ ਨਦੀ ਨਿਕਲਦੀ ਹੈ, ਭ੍ਰਮ ਤੇ ਅਗ੍ਯਾਨ ਦੁਹਾਂ ਕਿਨਾਰਿਆਂ ਦੇ ਢਾਹੁਣ ਲਈ ਸਮਰੱਥ ਹੈ, ਏਸੇ ਤਰ੍ਹਾਂ ਪਾਪਾਂ ਰੂਪੀ ਬ੍ਰਿੱਛਾਂ ਨੂੰ ਇਹ (ਨਦੀ) ਜੜ੍ਹੋਂ ਪੁਟ ਦਿੰਦੀ ਹੈ (ਅਰਥਾਤ ਪਾਪ ਵਾਸ਼ਨਾਂ ਹੀ ਦੂਰ ਕਰ ਦਿੰਦੀ ਹੈ)। ਸਤਿਗੁਰੂ ਜੀ ਦੇ ਸਿੱਖ ਜਲ ਜੀਵਾਂ ਵਾਂਗ ਇਸ ਨਦੀ ਨੂੰ ਹੀ ਆਪਣਾ ਜੀਵਨ ਸਮਝਦੇ ਹਨ, ਭਾਵ ਭਗਤੀ ਪਰਾਇਨ ਸਦਾ ਰਹਿੰਦੇ ਹਨ। ਇਸ ਨਦੀ ਦਾ ਸ੍ਵੱਛ ਪ੍ਰਵਾਹ (ਪ੍ਰੇਮ ਹੈ) ਜੋ ਮਾਇਆ ਰੂਪੀ ਜਾਲੇ ਤੋਂ ਰਹਿਤ ਹੈ। ਸਤਿਗੁਰੂ ਜੀ ਦੇ ਚਰਣਾਂ ਕਮਲਾਂ ਦਾ ਧਿਆਨ ਇਸ ਨਦੀ ਵਿਚ ਠੰਢ ਹੈ, ਇਹ ਭਗਤੀ ਰੂਪੀ ਨਦੀ ਵਾਹਿਗੁਰੂ ਰੂਪੀ ਸਮੁੰਦ੍ਰ ਤੇ ਸਨਮੁਖ ਜਾਂਦੀ ਹੈ ਤੇ ਓਸੇ ਵਿਚ (ਪਰਾ ਭਗਤੀ ਦੇ ਰੂਪ ਵਿਚ) ਲੀਨ ਹੋ ਜਾਂਦੀ ਹੈ। ਧ੍ਵਨੀ ਇਹ ਹੈ ਕਿ ਭਗਤ ਜਨ ਦੀ ਆਤਮਾ ਭਗਤੀ ਪ੍ਰਭਾਵ ਕਰਕੇ ਵਾਹਿਗੁਰੂ ਜੀ ਵਿੱਚ ਅਭੇਦ ਹੋਕੇ ਆਵਾਗੌਣ ਤੋਂ ਛੁੱਟ ਜਾਂਦੀ ਹੈ, ਜੋ ਇਸ ਨਦੀ ਤੇ ਪੁੱਜੇ ਹਨ ਉਨ੍ਹਾਂ ਨੂੰ ਮੌਤ ਰੂਪੀ ਧੁੱਪ ਦੀ ਤੱਪਸ਼ ਦਾ ਡਰ ਨਹੀਂ।

ਯਥਾ—'ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ' ॥

[ਗਉੜੀ ਵਾ: ਮ: ੫

ਮੁਕੰਦਾ। ਕਰੀ ਬੰਦਨਾ[੧] ਹੇਰਿ ਬਾਢਯੋ ਅਨੰਦਾ॥ ੨ ॥ ਡਸਾਯੰ ਪ੍ਰਯੰਕੰ ਬਸਾਏ[੨] ਹੁਲਾਸੰ। ਮਨੋ ਪਾਨ ਕੀਨੰ ਅਮੀ[੩] ਭੂਰ ਪਯਾਸੰ[੪]। ਰਹੇ ਪੰਚ ਰੈਨਾ ਚਲੇ ਫੇਰ ਆਗੈ। ਲਏ ਨਾਮ ਜਾਂਕੇ ਵਡੇ ਪਾਪ ਭਾਗੈਂ॥੩॥ਪਦੰ ਬੰਦਿ ਲਾਲੋ ਗਯੋ ਦੂਰ ਸੰਗੀ। ਮੁਰੇ ਨਾ ਘਰੰ,ਪ੍ਰੇਮ ਭੂਰੰ ਉਮੰਗੀ। ਭਨਯੋ ਬਾਰਬਾਰੰ ਮੁਰਯੋ ਧਾਮ ਆਯੰ। ਰਿਦੈ ਮੈਂ ਗੁਰੂ ਰੂਪ ਤੈਸੇ ਬਸਾਯੰ[੫] ॥੪॥ ਜਹਾਂ ਦੇਸ਼ ਮੰਤ੍ਰੰਨ[੬] ਢਾਕਾ ਬੰਗਾਲਾ। ਤਹਾਂ ਕੋ ਚਲੇ ਪ੍ਰਾਕ[੭] ਦੀਨੰ ਦਯਾਲਾ। ਗਤੀ ਮੰਦ-ਮੰਦੰ ਪਦੰ ਪੰਥ ਪਾਵੈਂ। ਬਸੈਂ[੮] ਰੈਨ ਮਾਂਹੀ, ਚਲੇ ਦਯੋਸ[੯] ਜਾਵੈਂ ॥ ੫ ॥ ਇਸੀ ਭਾਂਤਿ ਬੀਤੇ ਜਬੈ ਦਯੋਸ ਤੀਨੰ। ਅਹਾਰੰ ਕਿਸੂ ਥਾਨ ਲੀਨੰ ਨ ਕੀਨੰ। 'ਛੁਧਾ ਹੈ ਨ ਮੋਕੋ[੧੦]', ਗੁਰੂ ਧੀਰ ਦੀਨੰ। ਅਨੰਦੰ ਦਿਨੰ ਰੈਨ ਸ਼ੋਕੰ ਬਿਹੀਨੰ ॥ ੬ ॥ ਦੋਹਰਾ ॥ ਛੁਧਾ ਲਗੀ, ਬਯਾਕੁਲਾ ਭਯੋ, ਮਰਦਾਨਾ ਅਕੁ-ਲਾਇ[੧੧]। ਸਮਿਤ ਹੇਤ[੧੨] ਕਾਰਨ ਕਰਨ ਤਿਹੰ ਉਰ ਭੂਖ ਲਗਾਇ ॥ ੭ ॥ ਸੈਯਾ ॥ ਭੂਰ ਛੁਧਾ, ਖਿਝ ਹੈ ਮਨ ਮੈਂ, ਕੁਛ ਭਾਖਤਿ ਨਾ ਮੁਖਤੇ ਮਰਦਾਨਾ। ਓਜ ਬਿਹੀਨ[੧੩] ਸਰੀਰ ਅਧੀਰ ਭਯੋ ਸਿਥਲੈ, ਹਿਰਦੈ ਦੁਖ ਮਾਨਾ।–ਸੰਗਤਿ[੧੪] ਕਿਉਂ ਨਿਭਹੈ ਇਨਿਕੀ, ਮੁਖ ਖਾਤ ਅਹਾਰ ਨ ਪਾਨਿ ਨ ਪਾਨਾ[੧੫]?। ਹੌਂ ਇਹ ਭਾਂਤਿ ਮਰੋਂ ਕਿਹੰ ਥਾਨ, ਬਿਹੀਨ ਅਹਾਰ ਰਹੈਂ[੧੬] ਉਦਿਆਨਾ[੧੭]–॥੮॥ਸ਼੍ਰੀ ਗੁਰੁ ਜੀ ਤਿਹੰ ਅੰਤਰਿਕੀਗਤਿ[੧੮] ਜਾਨਨ-ਹਾਰ ਸਭੈ ਬਿਧਿ ਜਾਨਾ। ਆਨਨ ਸੋਂ ਮੁਸਕਾਵਤਿ ਮੰਦ, ਬਿਲੋਕਤਿ[੧੯] ਦੇਤਿ ਅਨੰਦ ਕੋ ਦਾਨਾ।ਬੈਨ ਭਨੇ ਰਸ ਹਾਸ ਵਿਖੈ[੨੦] 'ਤੁਮਰੀ ਸੁਧ ਕਯਾ? ਕਹਿਯੋ ਮਰਦਾਨਾ!–ਤੂਸ਼ਨਿ ਕੀਨ ਚਲੇ ਗਤਿ ਦੀਨ, ਹੁਤੋ ਕਮਲਾਨਨ ਸੋ ਕੁਮਲਾਨਾ[੨੧]' ॥ ੯ ॥ 'ਤੂੰ ਜਗਤੇਸ਼੍ਵਰ ਸ਼੍ਰੀ ਪਰਮੇਸ੍ਵਰ, ਬਯਾਪਹਿ ਭੂਖ ਪਿਆਸ ਨ ਥੋਰੀ। ਭੋਜਨ ਕੀ ਨਹਿੰ ਚਾਹਿ ਕਬੈ, ਮਗ ਸੰਗਤਿ ਕਯੋਂ ਨਿਬਹੈ ਅਬ ਤੋਰੀ?। ਬਾਸੁਰ ਤੀਨ ਬਿਤੀਤ ਭਏ ਬਿਨ ਅੰਨ ਬਿਆਕੁਲ ਹੈ ਗਤਿ

---

[੧]ਭਾਵ ਲਾਲੋ ਨੇ। [੨]ਬੈਠਾਏ। [੩]ਅੰਮ੍ਰਿਤ। [੪]ਬਹੁਤ ਤਿਹਾਏ ਨੇ। [੫]ਵਸਾ ਲਿਆ। [੬]ਜਾਦੂ ਟੂਣੇ ਮੰਤ੍ਰਾਂ ਦਾ ਦੇਸ਼। [੭]ਪਹਿਲੇ। [੮]ਮੁਕਾਮ ਕਰਦੇ ਹਨ। [੯]ਦਿਨ ਨੂੰ। [੧੦]ਭਾਵ ਬਾਲੇ ਨੂੰ। [੧੧]ਬਿਆਕੁਲ ਹੋਕੇ। [੧੨]ਬਿਲਾਸ ਕਰਨ ਲਈ ਗੁਰੂ ਜੀ ਨੇ। [੧੩]ਬਲ ਹੀਨ। [੧੪]ਸਾਥ। [੧੫]ਪਾਣੀ ਬੀ ਨਹੀਂ ਪੀਂਦੇ। [੧੬]ਰਹਿੰਦੇ ਹਨ। [੧੭]ਬਨ ਵਿਚ। [੧੮]ਹਾਲਤ। [੧੯]ਦੇਖਕੇ। [੨੦]ਹਾਸ ਰਸ, ਹਾਸੇ ਦੇ ਭਾਵ ਵਿਚ। [੨੧]ਚੁਪ ਧਾਰੀ ਹੈ ਤੇ ਆਜਜ਼ਾਂ ਵਾਲੀ ਟੋਰ ਟੁਰਦਾ ਹੈਂ ਕਮਲ ਵਰਗਾ ਤੇਰਾ ਮੂੰਹ ਸੀ ਸੋ ਕੁਮਲਾ ਗਿਆ ਹੈ।

ਮੋਰੀ। ਅੰਤਿਕ ਓਕ[੧] ਸਸ਼ੋਕ[੨] ਅਰੋਗਹੀ ਜਾਵਹਿੰਗੇ ਮਮ ਪ੍ਰਾਨ ਅਛੋਰੀ[੩]' ॥੧੦॥ ਬਿਗਸੇ ਸੁਨਿ ਬੈਨ ਗੁਰੂ ਗੁਨ ਐਨ ਦਯਾ ਜਿਹ ਨੈਨ ਰਹੀ ਛਬਿ ਛਾਈ। 'ਤੁਝਕੋ ਮ੍ਰਿਤੁ ਹੋਵਨ[੪] ਦੇਹਿਂ ਨਹੀਂ, ਮਰਿ ਜਾਵਹਿ ਜੇ, ਤਬ ਲੇਹਿਂ ਜਿਵਾਈ'। ਤਹਿਂ ਆਕ[੫] ਕੋ ਬੂਟ ਬਿਲੋਕਿ ਵਡੋ ਤਿਹ ਕਾਲ ਵਿਖੈ ਮੁਖ ਬਾਨੀ ਅਲਾਈ। 'ਫਲ ਲੇਹੁ ਬਿਸਾਲ ਅਚੋ[੬] ਤਤਕਾਲ[੭] ਅਘਾਵਹੁ[੮] ਪੇਟ ਛੁਧਾ ਮਿਟ ਜਾਈ' ॥੧੧॥ ਸੋਰਠਾ॥ 'ਹਸੀ ਕਰਤਿ ਮਮ ਸਾਥ ਮਾਰਹੁ ਏਹ ਖੁਵਾਇਕੈ। ਕੈਸੇ ਖਾਵੋਂ ਨਾਥ! ਅਰਕ ਫਲਨ[੯] ਮ੍ਰਿਤੁ ਕੋ ਕਰੈਂ'॥੧੨॥ ਸੈਯਾ॥ ਕਮਲਾਨਨ ਵਾਕ ਕਹੇ ਸਮਿਤੰ[੧੦] 'ਤੁਮ ਖਾਵਹੁ ਖਾਇ ਸੁ ਜਾਇਂ* ਜਿਤੇ। ਪੁਨ ਲਾਲਚ ਫੇਰ ਕਰੋ ਨ ਰਿਦੇ ਨਿਜ ਰਾਖਿ ਨ ਪਾਸ, ਸੁਨੋ ਸੁਮਤੇ[੧੧]!। ਤਵ ਪੇਟ ਛੁਧਾ ਜਿਤਨੀ ਕੁ ਅਹੈ ਭਰਿ ਲੇਹੁ ਤਿਤੀ ਤਨ ਹੋਇ ਹਿਤੇ[੧੨]। ਨਹਿਂ ਹੋਵਹਿਗੋ ਦੁਖ[੧੩] ਪ੍ਰਾਨਨ ਕੋ ਹਤਿ[੧੪], ਮਾਨਹੁ ਵਾਕ, ਅਚੇਹੁ ਇਤੇ[੧੫]'॥੧੩॥ ਯੋਂ ਸੁਨਿ ਬੈਨਿ ਮਨੇ[੧੬] ਮਨ ਮੈਂ ਪੁਨਿ ਆਨਨ[੧੭] ਖਾਤਿ ਅਨੰਦ ਚਿਤੇ। ਤੋਰਤ ਤੂਰਨ ਪਾਵਤਿ ਹੈ ਮੁਖ, ਖਾਵਤਿ ਸਾਦ ਸੁਧਾ[੧੮] ਤੇ ਅਤੇ[੧੯]। ਛੋਰਿ ਸਕੈ ਨਹਿਂ, ਪੇਟ ਭਰਾ ਬਹੁ, ਥਾਂਵ ਰਹਾ ਨਹਿਂ ਪਾਇ ਕਿਤੇ। ਪੂਰ ਲਯੋ ਗਰਲੌ[੨੦] ਉਦਰੰ, ਤ੍ਰਿਸ਼ਨਾਂ ਨ ਹਟੈ ਬਹੁ ਤੋਰ ਲਿਤੇ[੨੧] ॥੧੪॥ ਲਾਲਚ ਕੋ ਕਰਿਕੈ ਫਲ ਤੋਰਿ ਕੇ ਬਾਂਧ ਸੁ ਪੱਲੇ† ਕੇ ਸੰਗ ਲਿਯੇ। ਬਾਸੁਰ ਏਕ ਅਹਾਰ[੨੨] ਰਖਾ ਤਿਨ ਸ਼੍ਰੀ ਗੁਰ ਤੇ ਚਖਚੋਰਿ[੨੩] ਕਿਯੋ। ਭੂਖ ਲਗੀ ਜਬਹੀ ਅਗਲੇ ਦਿਨ ਤੂਸ਼ਨਿ ਹੀ[੨੪] ਤਬ ਕਾਢਿ ਖਯੋ। ਖਾਵਤਿ ਬਯਾਕੁਲ ਹੋਇ ਗਯੋ ਮੁਖ 'ਹਾਇ' ਪੁਕਾਰਤਿ 'ਹਾਇ' ਕਿਯੇ[੨੫] ॥੧੫॥ ਪਰਿਕੈ ਧਰਤੀ ਪਰ ਪਾਇ ਪਸਾਰ ਪੁਕਾਰਤਿ, ਆਰਤ[੨੬] ਭਾ ਮਰਦਾਨਾ। ਕਬਿ ਪੌਢਤਿ[੨੭] ਦਾਬਤਿ ਹੈ ਉਦਰੰ[੨੮], ਕਬਿ ਬੈਠਤਿ

---

[੧] ਜਮ ਦੇ ਘਰ। [੨] ਸਹਤ ਸ਼ੋਕ ਦੇ। [੩] ਪ੍ਰਤੱਖਯ। [੪] ਮਰਨ। [੫] ਅੱਕ। [੬] ਖਾਵੋ। [੭] ਹੁਣੇ ਹੀ। [੮] ਰੱਜ ਜਾਓ। [੯] ਅੱਕ ਦੇ ਫਲ। [੧੦] ਮੁਸਕ੍ਰਾਉਂਦਿਆਂ [ਸੰਸ:, ਸਿਮਤੰ]। [੧੧] ਹੇ ਸ੍ਰੇਸ਼ਟ ਮਤਿ ਵਾਲੇ! [੧੨] ਜਿਸ ਨਾਲ ਸਰੀਰ ਸੁਖੀ ਰਹੇ। [੧੩] ਨਹੀਂ ਹੋਵੇਗਾ ਦੁਖ। [੧੪] ਤੇ ਪ੍ਰਾਣਾਂ ਦਾ ਨਾਸ਼। [੧੫] ਜਿੰਨੇ ਖਾਓ (ਜਿੰਨੇ ਮੈਂ ਕਹੇ ਹਨ,) (ਅ) ਏਥੇ ਖਾਲੈ, (ਜਿੰਨੇ ਖਾਣੇ ਹੈਨ)। [੧੬] ਮੰਨਕੇ। [੧੭] ਮੂੰਹ ਨਾਲ। [੧੮] ਅੰਮ੍ਰਿਤ ਤੋਂ। [੧੯] ਵੱਧ ਹੈ। [੨੦] ਗਲ ਤਕ। [੨੧] ਤੋੜ ਲੀਤੇ। [੨੨] ਇਕ ਦਿਨ ਦੇ ਭੋਜਨ ਜੋਗੇ। [੨੩] ਅੱਖ ਬਚਾ ਕੇ ਚੋਰੀ ਰੱਖੇ। [੨੪] ਚੁੱਪ ਕੀਤਿਆਂ। [੨੫] ਕਰਕੇ। [੨੬] ਦੁਖੀ। [੨੭] ਪੈ ਜਾਂਦਾ ਹੈ। [੨੮] ਪੇਟ ਨੂੰ।

*ਪਾ:-ਖਾਹਿ ਸੁ ਜਾਹਿਂ।

†ਪਾਠਾਂਤ੍ਰ-'ਬਾਂਧ ਸੋ ਪੱਲੇ' ਦੀ ਥਾਂ ਹੈ-'ਬਾਂਧ ਪ੍ਰਵਾਰ'। ਪ੍ਰਵਾਰ=ਕਪੜਾ, ਚਾਦਰ।

ਐਂਠ[੧] ਅਮੈਡਤਿ ਘ੍ਰਾਨਾ[੨]। ਨਿਜ ਕਾਰ[੩] ਕਰੀ, ਤਰਪਾ ਕਰਿਕੈ[੪] ਉਚਰੈ ਨ ਗੁਰੂ ਢਿਗ ਬੈਨ ਅਯਾਨਾ। ਉਰ ਭੂਰ ਬਿਸੂਰਤਿ ਬਯਾਕੁਲ ਹੋਵਤਿ ਯੌਂ ਦੁਖ ਪਾਇ ਪਰਯੋ ਤਿਹ ਥਾਨਾ ॥ ੧੬ ॥ ਸਿੱਖਨ ਕੇ ਸੁਖਦਾ ਚਖਿ[੫] ਦੇਖਿ ਦੁਖਾਤੁਰ ਹੈ ਬਪੁਖੈਂ[੬] ਮਰਦਾਨਾ। ਆਨਨ ਤੇ ਸਮਿਤਾ[੭] ਕਰੁਨਾਨਿਧਿ ਤਾਂਹਿ ਕੇ ਸੰਗ ਸੁ ਵਾਕ ਬਖਾਨਾ।'ਲਾਲਚ ਕੋ ਕਰਿ ਪਾਸ ਰਖੇ ਤੁਹਿ, ਬੂਝ ਨ ਮੋਹਿ ਲਿਯੋ ਤਿਹ ਥਾਨਾ। ਤੌ ਦੁਖ ਪਾਵਤਿ ਹੋ ਇਤਨੋ, ਮੁਝ ਬੂਝਹਿਂ[੮] ਜੇ,ਨਹਿਂ ਦੂਖ ਸੁਜਾਨਾ[੯]!' ॥੧੭॥–ਜਾਨਿ ਸਤੇਯ ਲਈ ਮਮ ਜੋ ਕਰਿ–ਯੌਂ ਹਿਰਦੇ ਲਖਿ[੧੦] ਬੈਨ ਉਚਾਰੇ। 'ਹੌਂ ਅਨਜਾਨਪਨਾ ਮਨ ਮਾਨ[੧੧], ਨ ਚੀਨਤਿ ਭੇਦ ਚਰਿੱਤ੍ਰ ਤੁਮਾਰੇ। ਪੂਰਬ[੧੨] ਸੇ[੧੩] ਲਖਿ ਖਾਇ ਲਏ, ਜਿਨ ਖਾਵਤਿ ਦੇਹਿ ਭਈ ਦੁਖਿਯਾਰੇ। ਤੌਰਿ[੧੪]*ਰਖੇ ਤੁਮ ਚੋਰੀ[੧੫] ਦੁਰਾਇਕੈ[੧੬] ਹੇਤ ਛੁਧਾ ਇਕ ਦਯੋਸ ਅਹਾਰੇ'॥੧੮॥ਔਰ ਖਰੋ ਤਹਿਂ ਠੌਰ ਵਿਖੈ ਅਰਕੈ[੧੭] ਫਲ ਫੂਲਨ ਸੋਂ ਗੁਰੁ ਚੀਨੋ[੧੮]। ਤੋਰਤਿ ਭੇ ਫਲ ਆਪਨ ਹਾਥਨ ਪੀਰ ਮਿਟਾਵਨ ਕੋ ਤਿਹ ਦੀਨੋ। ਪਾਵਤਿ† ਹੀ ਮੁਖ,ਭਾ ਬਪੁਖੈਂ[੧੯] ਸੁਖ,ਖੈ ਦੁਖ ਤੇ[੨੦],ਹਰਖ੍ਯੋ ਲਖਿ ਲੀਨੋ। ਬੰਦ ਉਭੈ ਕਰ, ਭਾਖ ਬਿਨੈ ਬਰ, ਬੰਦਨ ਕੋ ਕਰਿ, ਹੋਤਿ ਅਧੀਨੋ[੨੧] ॥ ੧੯ ॥ ਯਾ ਬਿਧਿ ਸੋਂ ਕਰਿ ਅੱਗ੍ਰ ਚਲੇ ਗੁਰ ਹਾਸ ਬਿਲਾਸ ਕੇ ਵਾਕ ਉਚਾਰੈਂ। ਮਾਰਗ ਜਾਤਿ[੨੨],ਉਭੈ ਪਸ਼ਚਾਤ[੨੩],ਸੁਨੈਂ ਸ਼ੁਭ ਬਾਤ ਸੰਦੇਹ ਨਿਵਾਰੈਂ। ਮੰਦਹਿਂ ਮੰਦ ਚਲੈਂ ਗਤਿ[੨੪] ਪੰਧ[੨੫] ਅਨੰਦ ਭਏ ਪੁਰਿ ਗ੍ਰਾਮ ਨਿਹਾਰੈਂ। ਗਾਉਂ ਬਸੈਂ ਨਿਸਿ, ਬਾਸੁਰ ਮੈਂ ਚਲਿ, ਦੇ ਉਪਦੇਸ਼ ਕਿਤੇ ਨਰ ਤਾਰੈਂ ॥ ੨੦॥ ਕਾਵਰੂ‡ ਦੇਸ਼ ਕਿਯੋ ਪਰਵੇਸ਼, ਭਲੇ ਦਰਵੇਸ਼,

---

[੧]ਆਕੜ ਕੇ। [੨]ਨੱਕ ਚੜ੍ਹਾਉਂਦਾ ਹੈ। [੩]ਅਪਨੀ (ਚੋਰੀ ਵਾਲੀ) ਕਾਰ। [੪]ਸ਼ਰਮ ਦੇ ਮਾਰੇ। [੫]ਨੇਤ੍ਰੀਂ। [੬]ਸਰੀਰ। [੭]ਮੁਸਕ੍ਰਾਕੇ। [੮]ਜੇ ਪੁਛ ਲੈਂਦੋ। [੯]ਦੁਖ ਨਾਂ ਹੁੰਦਾ, ਹੇ ਸੁਜਾਨ। [੧੦]ਮਰਦਾਨੇ ਨੇ ਲਖਕੇ ਕਿ ਜੋ ਚੋਰੀ ਮੈਂ ਕੀਤੀ ਇਨ੍ਹਾਂ ਨੇ ਜਾਣ ਲਈ ਹੈ [ਸੰਸ:, ਸ੍ਤੇਯ=ਚੋਰੀ]। [੧੧]ਮਨ ਵਿਖੇ ਮੰਨਿਆਂ। [੧੨]ਪਹਿਲੇ। [੧੩]ਵਰਗੇ। [੧੪]ਤੋੜ। [੧੫]ਤੁਹਾਥੋਂ ਚੋਰੀ ਰਖੇ। [੧੬]ਛਪਾਇਕੇ। [੧੭]ਅੱਕ। [੧੮]ਦੇਖਿਆ। [੧੯]ਸਰੀਰ। [੨੦]ਦੁਖ ਦੂਰ ਹੋ ਜਾਣ ਤੇ। [੨੧]ਨਿਮ੍ਰਤਾ ਕਰਦਾ ਹੈ। [੨੨]ਭਾਵ ਗੁਰੂ ਜੀ। [੨੩]ਭਾਵ ਅਸੀਂ ਦੋਵੇਂ ਪਿੱਛੇ ਪਿੱਛੇ ਜਾਂਦੇ ਸਾਂ। [੨੪]ਚਾਲ। [੨੫]ਰਸਤੇ ਵਿਚ।

*ਪਾਠਾਂਤ੍ਰ:–ਤੀਰ=ਕੋਲ। †ਪਾ:–ਖਾਵਤ।

‡ਕਾਮਰੂਪ, ਆਸਾਮ ਦੇਸ਼ ਵਿਚ ਹੈ।

ਕੋ ਬੇਸ[1] ਬਨਾਏ। ਮੰਤ੍ਰਨ ਜੰਤ੍ਰਨ ਤੰਤ੍ਰਨ ਕੀ ਨਿਧਿ ਜੋਰ ਸੀਮੰਤਨਿ[2]*
ਕੋ ਜਿਹ ਥਾਏ। ਆਇ ਗਯੋ ਢਿਗ ਹੀ ਨਗਰਾ, ਗੁਰੁ ਬੈਸ ਗਏ ਤਰੁ
ਕੀ ਇਕ[3] ਛਾਏ। ਬੀਤ ਮਹੂਰਤ ਏਕ ਗਯੋਂ ਮਰਦਾਨੇ ਤਬੈ ਮੁਖ ਵਾਕ
ਅਲਾਏ ॥੨੧॥ 'ਹੇ ਪ੍ਰਭੁ ਜੀ' ਇਹ ਸੁੰਦਰ ਦੇਸ਼ ਤਰੋਵਰ ਭਾਂਤਿ ਅਨੇਕ
ਖਰੇ। ਪੁੰਗ, ਤੰਬੂਲਨ[4], ਤਾਲ, ਤਮਾਲ, ਬਿਸਾਲ ਭਲੇ ਦਲ ਸੋਹੈਂ ਹਰੇ[5]।
ਸਾਖ ਝੁਕੀ ਫਲ ਪੀਨਨ[6] ਸੋਂ, ਕਦਲੀ[7] ਕੇ ਬਗੀਚਨ ਬ੍ਰਿੰਦ ਜਰੇ[8]। ਜੇ
ਨਰ ਨਾਰਿ ਸਰੀਰ ਮੈਂ ਚੀਰਨ[9] ਆਨ ਹੀ ਰੀਤਿ ਸੋਂ ਤਾਂਹਿ ਧਰੇ[10] ॥੨੨॥
ਆਯਸੁ ਦੇਵਹੁ ਜਾਵਹੁਂ ਮੈਂ ਪੁਰਿ ਹੇਰਿ ਅਹਾਰ ਕਰੋਂ ਕਿਹਂ ਥਾਨਾ। ਭੂਰ
ਛੁਧਾ ਮੁਝ ਲਾਗ ਰਹੀ ਨਹਿਂ ਕੂਰ ਕਹੌਂ ਤੁਮਰੇ ਅਗੁਵਾਨਾ[11]'।
ਸ੍ਰੀ ਮੁਖਵਾਕ ਕਹੇ ਤਿਹਂ ਸੋਂ 'ਨਹਿਂ ਜਾਵਹੁ ਯਾ ਪੁਰਿ ਮੈਂ ਮਰਦਾਨਾ!।
ਜਾਨਿ ਰਿਦੇ ਦੁਖਦਾਨ[12] ਸਥਾਨ ਨ ਲਾਯਕ ਜਾਨਿ ਕੇ, ਮਾਨ
ਸੁਜਾਨਾ[13]' ॥ ੨੩ ॥ 'ਪੁਰਿ ਤੇ ਬਰਜੋ[14] ਡਰ ਦੇ ਉਰ ਕੋ[15] ਮੁਝ, ਨਾ ਬਰ[16]
ਆਪ ਕਹੂੰ ਕਛੁ ਖ੍ਵਾਹਾ[17]। ਕਰ ਆਇ ਅਹਾਰ ਨ ਹੇ ਕਰੁਨਾਕਰ! ਕਯੋਂ ਕਰਿ
ਬਾਹਰ[18] ਮੇ[19] ਨਿਰਬਾਹਾ[20]'। ਬਿਨ ਭੋਜਨ ਤੇ ਤਨ ਹਾਨਿ[21] ਬਨੇ, ਹਠ ਕੌ
ਲਗਹੌਂ ਕਰਿਹੌਂ ਮਨਮਾਂਹਾ? ਅਬ ਦੇਹੁ ਰਜਾਇ ਕੋ ਜਾਇਕੈ ਜਾਇਕੋ[22] ਖਾਇ
ਅਘਾਇ ਅਵੋਂ ਤੁਮ ਪਾਹਾ[23]†'॥੨੪॥ ਨਾਨਕ‡ ਤਾਂ[24] ਮਨ ਕੀ ਮਨਜਾਨਿ[25]
ਸੁ ਆਨਨ ਬੈਨ ਭਨੇ ਮੁਸਕਾਨੇ। 'ਧੀਰ ਸਰੀਰ ਧਰੈਂ ਨਹਿਂ ਤੂੰ ਪੁਰਿ ਮੈਂ
ਬਰ[26] ਹੇਰਹੁ ਜਾ ਮਰਦਾਨੇ। ਤੌ ਉਰ ਹੇਰਨ ਚਾਹਿ ਰਹੈ ਨਹਿਂ ਖਾਹੁ
ਅਹਾਰ ਅਹੈ ਲਲਚਾਨੇ'। ਸ੍ਰੋਨਨ ਯੌਂ ਸੁਨਿ ਕੀਨਿ ਪਯਾਨ, ਅਜਾਨ[27]

---

[1]ਭੇਸ। [2]ਇਸਤ੍ਰੀਆਂ ਦਾ [ਸੰਸ:, ਸੀਮੰਤਿਨੀ=ਇਸਤ੍ਰੀ। ਫਾ:, ਸੀਮੀਂ ਤਨ]। [3]ਇਕ ਬ੍ਰਿੱਛ ਦੀ। [4]ਪੁੰਗ=ਸਪਾਰੀ। ਤੰਬੂਲ=ਪਾਨ। [5]ਸਾਵੇ। [6]ਮੋਟੇ। [7]ਕੇਲੇ। [8]ਬਹੁਤ ਲਗੇ ਹਨ। [9]ਬਸਤ੍ਰ। [10]ਹੋਰ ਹੀ ਰੀਤ ਦੇ ਪਾਏ ਹੋਏ ਹਨ। [11]ਅੱਗੇ। [12]ਦੁਖਦਾਈ। [13]ਹੇ ਸੁਜਾਨ ਤੂੰ ਮੰਨ। [14]ਸ਼ਹਿਰ ਜਾਣ ਤੋਂ (ਮੈਨੂੰ) ਰੋਕਦੇ ਹੋ। [15]ਦਿਲ ਵਿਚ ਭੈ ਦੇਕੇ। [16]ਵੜਕੇ। [17]ਨਾ ਆਪ (ਸ਼ਹਿਰ) ਵੜਕੇ ਕਿਤੋਂ ਕੁਛ ਖਾਂਦੇ ਹੋ। [18]ਜੰਗਲ ਵਿਚ। [19]ਮੇਰਾ। [20]ਨਿਰਬਾਹ ਹੋਵੇ। [21]ਨਾਸ਼। [22]ਕਿਸੇਂ ਥਾਵੇਂ ਜਾਕੇ। [23]ਪਾਸ। [24]ਤਿਸਦੇ। [25]ਅਪਣੇ ਮਨ ਵਿਖੇ ਜਾਣਕੇ। [26]ਵੜਕੇ। [27]ਅਜਾਨ ਨੇ।

*ਪਾਠਾਂਤ੍ਰ—ਸ੍ਰੀ ਮੰਤ੍ਰਨ=ਸ੍ਰੀ ਦੇਵੀ ਦੀ ਉਧਰ ਪੂਜਾ ਹੁੰਦੀ ਸੀ।
†ਪਾ:—'ਅਬ ਦੇਹੁ ਰਜਾਇ ਕੋ ਜਾਇ ਕੇ ਖਾਇ ਅਘਾਇ ਅਵੋਂ ਤੁਮ ਪਾਹਾ'—
‡ਕਿਤੇ—ਗੁਰ ਨਾਨਕ—ਪਾਠ ਬੀ ਹੈ।

ਨ ਜਾਨੀ ਜੁ ਬੈਨ ਬਖਾਨੇ ॥੨੫॥ ਪੁਰਿ ਮੈਂ ਬਰਿਕੈ[੧] ਉਰਮੈਂ ਹਰਖਾ ਬਰ[੨], ਹੇਰਤਿ ਨਾਰਿਨ ਰੂਪ ਅਪਾਰੈ[੩]। ਤਰੁ ਪਾਤਰ ਮੂਲ ਉਖਾਰਨ ਕੋ[੪] ਕਰਨੀ ਸੀ[੫] ਅਹੈਂ ਬਿਭਚਾਰ ਬਿਹਾਰੈ[੬]। ਸਿਰ ਬਾਰ[੭] ਸਵਾਰਿ ਕੈ ਅੰਜਨ[੮] ਡਾਰਿ, ਸ਼ਿੰਗਾਰ ਸੁਧਾਰਿ, ਕਟਾਛ[੯] ਨਿਹਾਰੈਂ। ਨਰ ਜੋ ਪਰਦੇਸੀ ਕਰੈ ਪਰਵੇਸ਼ ਬਸੀ ਕਰਿ ਲੇਤਿ ਹੈਂ[੧੦] ਮੰਤ੍ਰ ਉਚਾਰੇ ॥੨੬॥ ਦੋਹਰਾ ॥ ਰਮਤ[੧੧] ਪੁਰਖ ਸੋਂ ਥਕਤਿ ਨਹਿੰ ਅਸ ਕੁਲਟਾ[੧੨] ਤਹਿੰ ਨਾਰ। ਪਤਿ ਕੋ ਰਾਖਹਿੰ ਸਬਸਿ[੧੩] ਕਰਿ ਆਪ ਕਰੈਂ ਬਿਭਚਾਰ[੧੪] ॥੨੭॥ ਕਬਿੱਤ ॥ ਜਬੈ ਮਰਦਾਨਾ ਪੁਰਿ ਮੱਧਮੈਂ ਪਯਾਨਾ ਤਬ ਗਯੋ ਏਕ ਥਾਨ ਹਿਤ ਲੇਨਿ ਕੇ ਅਹਾਰਿਆ[੧੫]। ਬੈਸੀ ਚਾਰੁ[੧੬] ਨਾਰਿ, ਚਾਰੁ ਨੈਨ ਸੋਂ ਨਿਹਾਰਿ ਇਸ[੧੭], ਬਚਨ ਪਰਸਪਰ ਬਿਬਿਧ[੧੮] ਉਚਾਰਿਆ। ਏਕ ਕਹੈ 'ਮੇਰੋ ਇਹ', ਦੂਜੀ ਕਹੈ 'ਮੀਤ ਮੋਹਿ[੧੯]' ਤੀਜੀ ਕਹੈ 'ਪੂਰਬ[੨੦] ਮੈਂ ਤੁਮ ਤੇ ਨਿਹਾਰਿਆ'। ਚੌਥੀ ਉਠਿ ਤਾਤਕਾਲ ਤੰਤੁ[੨੧] ਗੇਰਿ[੨੨] ਗ੍ਰੀਵ[੨੩] ਮਾਂਹਿ, ਲੀਨੋ ਕਰਿ ਮੇਢਾ[੨੪], ਦਾਮ ਦੀਨ ਗਰ ਡਾਰਿਆ[੨੫] ॥੨੮॥ ਸੈਯਾ ॥ ਮਾਨਵ ਦੇਹ[੨੬] ਗਈ ਪਲਟੀ ਤਬ ਏਂਢਕ* ਰੂਪ ਸੁ ਦੀਸਨ ਲਾਗਾ[੨੭]। ਗ੍ਰੀਵ ਮੈਂ ਗੇਰਿ ਕੈ ਦਾਮਨਿ ਬੰਧਨ[੨੮] ਬਾਂਧ ਦਯੋ[੨੯] ਕਿਲਕੈ[੩੦] ਜਿਨ ਭਾਗਾ[੩੧]। ਰੂਪਹਿੰ ਤੇ ਸੁ ਕੁਰੂਪ ਭਯੋ ਪੁਨ ਮਾਰਤਿ ਨਾਸਨ ਸੋਂ ਫੁਰੜਾਗਾ[੩੨]। ਜਾਨਤਿ ਹੈ ਮਨਮੈਂ ਸਭਿਹੀ ਸੁਧ ਜੋਰ ਚਲੈ ਨਹਿੰ ਬੰਧ ਜਿ ਤਯਾਗਾ[੩੩] ॥੨੯॥ ਝੂਰਬਿਸੂਰਤ ਹੈ ਉਰ ਮੈਂ--ਤਿਯ ਧੂਰਤ[੩੪] ਕੀਨ ਮੈਥੋਂ ਅਨਜਾਨਾ†। ਨਾਨਕ

[੧]ਵੜਕੇ। [੨]ਸ੍ਰੇਸ਼ਟ (ਮਰਦਾਨਾ)। [੩](ਮਰਦਾਨਾ ਕੀ) ਦੇਖਦਾ ਹੈ ਕਿ (ਉਸ ਸ਼ਹਿਰ ਵਿਚ) ਸੁਹਣੀਆਂ ਰੂਪਵਾਨ ਨਾਰੀਆਂ ਅਪਾਰ ਹਨ। [੪]ਜੋ (ਕਰਨੀ ਦੇ) ਬ੍ਰਿਛ ਨੂੰ ਪਤੇ ਜੜ੍ਹ (ਸਜੇਤ) ਉਖੇੜਨ ਨੂੰ। [੫]ਹਥਣੀ ਵਤ ਹਨ,—ਕਰਨੀ—ਸ਼ਲੇਖ ਹੈ, ਸ਼ੁਭ ਕਰਨੀ ਰੂਪੀ ਬ੍ਰਿਛ ਨੂੰ, ਕਰਨੀ= ਹਥਣੀ ਵਤ। [੬]ਵਿਹਾਰ ਹੈ ਜਿਨ੍ਹਾਂ ਦਾ। [੭]ਸਿਰ ਦੇ ਵਾਲ। [੮]ਸੁਰਮਾ। [੯]ਮਟੱਕੇ ਨਾਲ। [੧੦]ਵੱਸ ਕਰ ਲੈਂਦੀਆਂ ਹਨ। [੧੧]ਰਮਦੀਆਂ। [੧੨]ਭੈੜੀਆਂ ਐਸੀਆਂ ਹਨ। [੧੩]ਆਪਣੇ ਵੱਸ ਵਿਚ, ਸੁਬਸ। [੧੪]ਭੈੜੇ ਕੰਮ। [੧੫]ਭੋਜਨ। [੧੬]ਸੁੰਦਰ। [੧੭]ਇਸ (ਮਰਦਾਨੇ ਨੂੰ)। [੧੮]ਕਈ ਪ੍ਰਕਾਰ ਦੇ। [੧੯]ਮੇਰਾ। [੨੦]ਤੇਰੇ ਤੋਂ ਪਹਿਲਾਂ। [੨੧]ਧਾਗਾ। [੨੨]ਪਾਕੇ। [੨੩]ਗਿੱਚੀ। [੨੪]ਛੱਤ੍ਰਾ। [੨੫]ਤੇ ਰੱਸੀ ਗਲ ਵਿੱਚ ਪਾ ਦਿੱਤੀ। [੨੬]ਮਨੁਖਾ ਦੇਹ। [੨੭]ਛੱਤ੍ਰਾ ਰੂਪ (ਮਰਦਾਨੇ ਨੂੰ ਆਪਣਾ ਆਪ) ਦਿੱਸਣ ਲਗ ਪਿਆ। [੨੮]ਰੱਸੀ ਦਾ ਬੰਨਣ। [੨੯]ਬੰਨ੍ਹ ਦਿੱਤਾ। [੩੦]ਕਿੱਲੇ ਨਾਲ। [੩੧]ਮਤਾਂ ਭੱਜ ਨ ਜਾਏ। [੩੨]ਫ਼ੁਰਾਟੇ। [੩੩]ਬੰਨ੍ਹ ਜੁ ਛੱਡਿਆ ਹੈਸੀ (ਅ) (ਕਿਵੇਂ) ਬੰਧਨ ਜੇ ਖੁਲ੍ਹ ਸਕੇ। [੩੪]ਮਾਯਾਵੀ ਛਲ।

*ਪਾ:—ਮੇਢੇ ਕੇ।

†ਅਰਥਾਤ ਦਿਲ ਵਿੱਚ ਢੇਰ ਝੂਰਦਾ ਹੈ ਕਿ ਇਸਤ੍ਰੀਆਂ ਨੇ ਮੈਨੂੰ ਮੂਰਖ ਬਣਾ ਦਿੱਤਾ ਹੈ, ਮੈਂ ਅਨਜਾਣ ਸਾਂ, ਭਾਵ ਹੈ, ਇਨ੍ਹਾਂ ਦੀ ਇਸ ਜਾਦੂਗਰੀ ਤੋਂ ਮੈਂ ਅਨਜਾਣ ਸਾਂ।

[ਬਾਕੀ ਤੁਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਬੈਨ ਨ ਮਾਨੇ ਮਨੈਂ[1] ਦੁਖ ਯਾਤੇ ਸਹਾਰਹੁ ਆਪਨੇ ਪਾਨਾ[2]। ਜੌਨ ਹਿਤੂ ਕੋ ਨ ਮਾਨਤਿ ਬੈਨ ਕੋ ਪ੍ਰਾਪਤ ਹ੍ਵੈ[3] ਦੁਖ ਮੋਹਿ ਸਮਾਨਾ। ਦੇਸ਼ ਨਿਕੇਤ ਕਹਾਂ ਹਮਰੋ, ਕਿਤ ਆਨਿ ਫਸ੍ਯੋ ਪਰਦੇਸ਼ ਸਥਾਨਾ ॥ ੩੦ ॥ ਕੌਨ ਬਤਾਵਹਿ ਜਾਇ ਅਬੈ ਸੁਧ, ਆਨਿ ਛੁਡਾਵਹਿਂ ਮੋ ਪ੍ਰਭੁ ਜੇਊ। ਬੋਲਨ ਕੀ ਸ਼ਕਤੀ ਨ ਰਹੀ ਮੁਝ ਬੈਨ ਪੁਕਾਰ ਕਹੋਂ ਬਿਧਿ ਕੇਊ[4]।ਕੈਸੇ ਛੁਟੋਂ–ਚਿਤ ਬੀਚ ਬਿਚਾਰਤਿ ਆਤੁਰਤਾ[5]ਉਰਧਾਰਤਿ ਏਊ[6]–।ਜਾਨਤਿ ਜੋ ਸਭਿ ਕੇ ਘਟ ਅੰਤਰ ਤੌ ਅਬ ਸ੍ਰੀ ਪ੍ਰਭੁ ਆਨਿ ਛੁਟੇਊ–॥੩੧॥ਦੋਹਰਾ॥ਇਹਬਿਧਿ ਉਰ ਮਹਿਂ ਧਾਰਿਕੈ ਦਹਿਦਿਸ਼ ਸੋ ਦ੍ਰਿਗਦੀਨ[7]। ਆਵਨ ਗੁਰ ਕੋ ਹੇਰਈ ਪ੍ਰੇਮ ਚਰਨ ਕੋ ਕੀਨ ॥੩੨॥ ਸੈਯਾ ॥ ਦੋਇ ਮਹੂਰਤ ਬੀਤ ਗਏ ਜਬ ਸ੍ਰੀ ਗੁਰੁ ਬੈਨ ਕਹੇ* 'ਸੁਨਿ ਬਾਲਾ। ਆਨਹਿਂ ਤਾਂਹਿ ਅਬੈ ਚਲਿਕੈ' ਉਠਿ ਠਾਂਢ ਭਏ ਸੁਖਦਾ

[1]ਗੁਰੂ ਜੀ ਦੇ ਬਚਨ ਨਾ ਮੰਨੇ ਮਨ ਵਿੱਚ। [2]ਆਪਣੇ ਹਥੀਂ। [3]ਪ੍ਰਾਪਤ ਹੁੰਦਾ ਹੈ। [4]ਕਿਸਤਰ੍ਹਾਂ। [5]ਦੁਖ। [6]ਇਸਤਰ੍ਹਾਂ। [7]ਹਰ ਪਾਸੇ ਤੱਕਿਆ। *ਪਾ:–ਭਨੇ।

[ਪਿਛਲੇ ਪੰਨੇ ਦੀ ਬਾਕੀ ਟੂਕ]

ਇਸੇ ਤੁਕ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਰਦਾਨਾ 'ਧੂਰਤ ਹੋ ਗਿਆ' ਸੀ। ਧੂਰਤ=ਮਾਯਕ ਛਲ ਹੇਠ ਆ ਗਿਆ ਸੀ। ਜਿਵੇਂ ਅੱਜ ਕੱਲ ਮੈਸਮਰਿਜ਼ਮ ਕਰਕੇ ਖਿਆਲ ਕਰਨ ਵਾਲਾ, ਜਿਸ ਪਰ ਜੋ ਖਯਾਲ ਕਰੇ, ਉਸ ਦੇ ਅੰਦਿਰ ਭਰ ਦੇਵੇ ਉਹ ਉਹੋ ਕੁਛ ਆਪ ਨੂੰ ਸਮਝਦਾ ਹੈ, ਤਿਵੇਂ ਮਰਦਾਨਾ ਆਪਣੇ ਆਪ ਨੂੰ ਮੇਢਾ ਸਮਝਣ ਲਗ ਪਿਆ ਸੀ, ਪਰ ਇਹ ਹੋਸ਼ ਸਾਸੁ ਕਿ ਮੈਂ ਮਰਦਾਨਾ ਸਾਂ; ਮੈਸਮਰਿਕ ਪ੍ਰਭਾਵ ਇਹ ਪਿਆ ਕਿ ਨਿਜ ਨੂੰ ਮੇਢੇ ਦੇ ਸਰੀਰ ਵਾਲਾ ਸਮਝਣ ਲਗ ਪਿਆ। ਇਹ ਤਮਾਸ਼ੇ ਅਕਸਰ ਲੋਕਾਂ ਨੇ ਦੇਖੇ ਹੋਣਗੇ ਕਿ ਮੈਸਮਰਿਜ਼ਮ ਹੇਠਾਂ ਲੋਕੀ ਕੌੜੀ ਸ਼ੈ ਖਾਕੇ ਮਿੱਠੀ ਕਹਿੰਦੇ ਹਨ, ਜੇ ਉਹਨਾਂ ਨੂੰ ਪਸ਼ੂ ਖਿਆਲ ਦਿੱਤਾ ਜਾਵੇ ਤਾਂ ਆਪ ਨੂੰ ਪਸ਼ੂ ਮੰਨਦੇ ਹਨ। ਜੇ ਕੁੱਤੇ ਦਾ ਖਿਆਲ ਦਿਤਾ ਜਾਵੇ ਤਾਂ ਭੌਂਕਣ ਲਗ ਜਾਂਦੇ ਹਨ। ਜੇ ਮੱਛੀ ਦਾ ਖਿਆਲ ਦਿੱਤਾ ਜਾਵੇ ਤਾਂ ਤਰਨ ਲਗ ਜਾਂਦੇ ਹਨ। ਏਸੇ ਕਿਸਮ ਦੀ ਕਿਸੇ ਵਿਦਯਾ ਦਾ ਸ਼ਿਕਾਰ ਮਰਦਾਨਾ ਹੋ ਗਿਆ ਜਾਪਦਾ ਹੈ। ਜਿਹੜਾ ਬਾਰ ਬਾਰ ਦੇਹ ਪਲਟਣ ਦਾ ਜ਼ਿਕਰ ਇਸ ਅਧ੍ਯਾਯ ਵਿੱਚ ਹੈ, ਉਸ ਦੀ ਮੁਰਾਦ ਬੀ ਇਹੋ ਹੈ ਕਿ ਮਰਦਾਨਾ ਆਪਣੇ ਆਪ ਨੂੰ ਸੱਚੀਂ ਮੁਚੀਂ ਮੇਢੇ ਦੀ ਦੇਹੀ ਵਾਲਾ ਹੋਗਿਆ ਸਮਝਦਾ ਤੇ ਉਹੋ ਕਰਤਬ ਕਰਦਾ ਸੀ। ਜਿਹੜੀ ਉਸ ਨੂੰ ਕੁਛ ਹੋਸ਼ ਦੀ ਬਾਕੀ ਸੀ, ਸੋ ਉਸ ਦੇ ਅਭ੍ਯਾਸੀ ਹੋਣ ਕਰਕੇ ਸੀ, ਜਿਸ ਕਰਕੇ ਉਹ ਮੂਲੋਂ ਅਸਲਾ ਨਹੀਂ ਸੀ ਭੁੱਲ ਸਕਿਆ। ਕਿਸੇ ਵਿਧੀ ਨਾਲ ਮਰਦਾਨੇ ਦਾ ਮਨ ਮਫੂਲ ਹੋ ਗਿਆ ਜਿਸ ਪਰ ਮੈਸਮਰਿਜ਼ਮ ਵਰਗੇ ਕਿਸੇ ਪ੍ਰਭਾਵ ਦਾ ਅਸਰ ਪੈ ਗਿਆ, ਇਸ ਦੇ ਵਿਸਥਾਰ ਲਈ ਦੇਖੋ 'ਗੁਰ ਨਾਨਕ ਚਮਤਕਾਰ' ਵਿੱਚ–'ਨੂਰਸ਼ਾਹ ਨਿਸਤਾਰਾ' ਨਾਮ ਵਾਲਾ ਲੇਖ।

ਤਤਕਾਲਾ। 'ਹੈ ਕਿਹਂ ਥਾਨ? ਚਲੋ ਕਿਵ[੧] ਆਪ? ਬਤਾਵਹੁ' ਬੂਝੇ ਮੈਂ[੨] ਐਸ ਕ੍ਰਿਪਾਲਾ*। 'ਇੰਢਕ[੩] ਕੀਨ, ਭਯੋ ਮਨ ਦੀਨ, ਕੁਮੰਤ੍ਰਨ ਸੋਂ ਤਿਨ ਬੰਧਨ ਘਾਲਾ[੪]' ॥੩੩॥ ਮਰਹਰੀ ਛੰਦ ॥ ਭਨਿ ਹੀ ਬਚ ਬਾਲਾ 'ਇਉਂ ਤਿਹ ਨਾਲਾ ਚਹਿਯੇ, ਸੁਨਹੁ ਕ੍ਰਿਪਾਲ†। ਤਬ ਤੁਮਨੈ ਹਟਕਯੋ ਮੰਨ ਨ ਅਟ-ਕਯੋ, ਸਟਕਯੋ[੫] ਪੁਰਿ ਤਤਕਾਲ। ਕੋ ਚਿਰ ਦੁਖ ਦੀਜੈ, ਮੋਖ ਨ ਕੀਜੈ[੬], ਜਾਨਹਿ ਤਬ ਮਨ ਮਾਂਹਿ। ਬਹੁਰ ਨ ਬਚ ਹੋਰਹਿ ਕਹੋ ਸੁ ਲੋਰਹਿ[੭], ਆਂ-ਸੋਮੁਖੀ[੮] ਤਾਂਹਿ' ॥੩੪॥ 'ਸੁਨਿਯੇ ਸੁਤ ਬਾਲਾ[੯], ਬੁੱਧਿ ਬਿਸਾਲਾ! ਸੰਗ ਲਏ ਕੀ ਲਾਜ। ਬਹੁ ਭੂਖ ਸੁਭਾਊ ਧੀਰੋ ਨਸਾਊ, ਪੁਨ ਤਿਹ ਸੋਂ ਹਮ ਕਾਜ। ਸਿਮਰਨ ਮਮ ਕਰਤਾ ਅਬ ਉਰ ਡਰਤਾ, ਚਲਹੁ ਛੁਟਾਵਹਿਂ ਤਾਸ[੧੦]'। ਇਉਂ ਕਹਿ ਗੁਰੁ ਪੂਰਨ ਗਵਨੇ ਤੂਰਨ ਦੁਖ ਭੰਜਨ ਨਿਜ ਦਾਸ॥ ੩੫॥ ਕਬਿੱਤ॥ ਮੋਕੋ ਲੀਨੋ ਸੰਗ ਅਰਬਿੰਦ ਨੈਨ ਗਏ ਤਹਾਂ ਇੰਢਕ[੧੧] ਕੋ ਰੂਪ ਮਰਦਾਨਾ ਜਹਾਂ ਬੈਸਿਯਾ। ਹੇਰ ਕਰਿ ਦੂਰ ਹੀ ਤੇ ਭੂਰ ਹਰਖਾਇ ਉਠਯੋ ਨਾਸਾ ਫੁਰਕਾਇ[੧੨]‡ ਖੁਰ ਅਵਨੀ ਹਨੇਸਿਯਾ[੧੩]। ਭਯਾਂ ਭਯਾਂ[੧੪] ਭਨੈ ਮੁਖ ਔਤ ਨ ਚਲੈ ਹੈ ਬਸ ਦੇਖਿ ਦ੍ਰਿਗ ਬਿਗਸਤਿ[੧੫] ਬਦਨ ਕੁਸੇਸਿਯਾ[੧੬]। ਗਏ ਤਿਸੁ ਆਲਯ ਦਯਾਲ, ਦਰ ਠਾਂਢੇ[੧੭] ਭਏ, ਸੁੰਦਰ ਸਰੀਰ ਚੀਰ[੧੮] ਸਜੇ ਸੁਭ ਬੇਸਿਯਾ[੧੯] ॥ ੩੬ ॥ ਕਾਮਨੀ ਜੇ ਕਾਮਰਤਿ ਭੋਗ ਅਭਿਲਾਖਾ ਉਰ ਹੇਰਿ ਕਰਿ[੨੦] ਧਾਮ ਦਰ[੨੧] ਚਾਮਲੀ[੨੨] ਅਪਾਰ ਹੀ। ਹੁਤੀ ਚਾਰ ਬੈਠੀ ਤਹਾਂ, ਦੋਇ ਉਠਿ ਦੌਰ ਆਈ, ਤੰਤ[੨੩] ਲੀਏ ਹਾਥ, ਮੰਤ[੨੪] ਮੁਖ ਤੇ ਉਚਾਰਹੀ।

---

[੧]ਕਿਉਂ। [੨]ਮੈਂ ਪੁੱਛਿਆ। [੩]ਛੱਤ੍ਰਾ। [੪]ਫਾਹੀਆਂ ਵਿੱਚ ਪਾ ਦਿੱਤਾ। [੫]ਚਲਾ ਗਿਆ। [੬]ਛੁਡਾਓ ਨਾ। [੭]ਜੋ ਕਹੋਗੇ ਓਹੀ ਕਰਨਾ ਲੋੜੇਗਾ। [੮]ਅਕਲ। [੯]ਕੰਨ ਦੇਕੇ ਸੁਣ। [੧੦]ਤਿਸ ਨੂੰ। [੧੧]ਮੇਂਢੇ ਦੇ। [੧੨]ਫੁਰਾਟਾ ਮਾਰਕੇ। [੧੩]ਖੁਰਾਂ ਨਾਲ ਪ੍ਰਿਥਵੀ ਨੂੰ ਪੁੱਟਣ ਲਗਾ। [੧੪]ਭੈਂ ਭੈਂ। [੧੫]ਨੇਤ੍ਰਾਂ ਨਾਲ ਦੇਖਕੇ ਖਿੜ ਰਿਹਾ ਹੈ। [੧੬]ਗੁਰੂ ਜੀ ਦੇ ਕਮਲ ਮੁਖ ਨੂੰ [ਸੰਸ:,ਕੁਸ਼ੇਸ਼ਯ=ਕਮਲ]। [੧੭]ਖੜੇ। [੧੮]ਬਸਤਰ। [੧੯]ਗੁਰੂ ਜੀ ਦੇ। [੨੦]ਗੁਰੂ ਜੀ ਨੂੰ ਤੱਕਕੇ। [੨੧]ਘਰ ਦੇ ਬੂਹੇ ਵਿੱਚੋਂ। [੨੨]ਖੁਸ਼ ਹੋਈਆਂ। [੨੩]ਧਾਗਾ। [੨੪]ਮੰਤ੍ਰ। *ਪਾ:-ਦੀਨ ਦਯਾਲਾ।

†ਪੰਜ ਪੋਥੀਆਂ ਵਿੱਚ ਪਾਠ-ਕ੍ਰਿਪਾਲਾ ਤੇ=ਤਤਕਾਲਾ ਹੈ, ਪਰੰਤੂ ਮਰਹਰੀ ਛੰਦ ਦਾ ਅੰਤ ਲਘੁ ਚਾਹੀਦਾ ਹੈ। ਇਸ ਕਰਕੇ ਸ਼ੁਧ ਪਾਠ-ਕ੍ਰਿਪਾਲ ਤੇ-ਤਤਕਾਲ ਹੈ। ਇਕ ਪੁਰਾਤਨ ਨੁਸਖੇ ਵਿੱਚ ਪਾਠ- ਕ੍ਰਿਪਾਲ--ਤੇ ਤਤਕਾਲ-ਬੀ ਮਿਲਿਆ ਹੈ।

‡ਪਾਠਾਂਤ੍ਰ-ਫੁਰਰਾਏ।

ਲੋਚਨ ਨਚਾਇ, ਹਾਵ ਭਾਵ ਦਿਖਰਾਇ ਕਰਿ, ਮੁੱਖ ਮੁਸਕਾਇ ਉਰ ਹਰਖ ਸੁ ਧਾਰਿਹੀ[੧]। ਮੇਰੇ ਗਰ ਤੰਤ ਜਬ ਡਾਰਨ ਲਗੀ ਹੈ ਇਕ ਭਈ ਤਤਕਾਲ[੨] ਮੀਢੀ[੩] ਕੁਲਟਾ ਕੁਨਾਰਿਹੀ ॥੩੭॥ ਸੈਯਾ॥ ਦੂਸਰੀ ਦੌਰ ਗਈ ਦਿਸ਼ ਸ੍ਰੀ ਗੁਰੁ ਸੋ ਉਕਸੀ[੪] ਤੰਤ[੫] ਪਾਵਨ ਹੇਤੂ। ਹੋਇ ਗਈ ਸ਼ਰਮਾ[੬] ਤਨ ਤੂਰਨ, ਪੂਰਨ ਕੀ ਅਵਗਯਾ ਦੁਖ ਦੇਤੂ[੭]। ਔਰ ਹੁਤੀ, ਡਰ ਧਾਰਿ ਰਿਦੈ ਪਿਖਿ ਭਾਜ[੮] ਬਰੀ[੯] ਤਤਕਾਲ ਨਿਕੇਤੂ। ਮੇਖ[੧੦] ਕੇ ਸੰਗ ਬਧਯੋ ਫੁਰਕੈ[੧੧] ਬਹੁ, ਸ਼੍ਰੀ ਗੁਰੂ ਕੋ ਨਿਜ ਦੇਵਨ ਭੇਤੂ॥ ੩੮॥ ਕਬਿੱਤ॥ ਬੋਲੇ ਤਬ ਨਾਨਕ ਜੀ 'ਜਾਹੁ ਅਬ ਬਾਲਾ ਤੁਮ ਕੰਠ ਮਰਦਾਨੇ ਕੇ ਤੇ ਤੋਰ ਡਾਰੁ ਬੰਧਨਾ'। ਆਇਸੁ ਕੋ ਪਾਇ ਤਾਤਕਾਲ ਢਿਗ ਜਾਇ ਕਰਿ, ਕੰਠ ਜੇਊ ਤੰਤ ਸੋਊ ਕੀਨੋ ਹੈ ਨਿਕੰਦਨਾ[੧੨]। ਮਾਨਵ ਕੀ ਦੇਹਿ ਭਈ ਫੇਰ ਮਰਦਾਨੋ ਹੂੰ ਕੀ ਆਇ ਗੁਰ ਪੂਰਨ ਕੋ ਕੀਨਿ ਤਬ ਬੰਦਨਾ। 'ਵਡੀ ਜੋ ਬਲਾਈ[੧੩] ਤਿਨ ਮਾਂਹਿ ਲੀਏ ਬਿਹਰਤਿ[੧੪], ਸੂਧੋ ਮਨ ਮੇਰੋ[੧੫], ਹੌਂ ਸੁ ਜਾਨੋ ਛੰਦ ਬੰਦ ਨਾ[੧੬]'॥੩੯॥ ਨਾਨਕ ਬਖਾਨਾ 'ਸੁਨਿ ਕਾਨ ਮਰਦਾਨਾ! ਨਹਿਂ ਬੈਨ ਮਮ ਮਾਨਾ, ਤੁਮ ਕਰੀ ਮਨ ਭਾਈਆ[੧੭]'। ਭਨਤਿ ਪਰਸਪਰ ਐਸੇ ਈ ਬਚਨ ਗੁਰ ਤਾਂਹਿ ਕਾਲ ਵਿਖੇ ਕੰਤ ਅੰਗਨਾ[੧੮] ਕੇ ਆਈਆ। ਦੌਰ ਕਰਿ ਕੂਕਰੀ ਔ ਮੀਢੀ ਗਈ ਪਤਿ ਪਾਸ, ਗੁਰੂ ਦਿਸ਼ ਹੋਇ ਬਾਰ ਬਾਰ[੧੯] ਤਾਂ[੨੦] ਬਤਾਈ-ਆ। ਬੋਲਨ ਸ਼ਕਤਿ ਨਹੀਂ ਇਤ ਉਤ ਦੌਰੀ ਫਿਰੈਂ ਲਾਂਗੁਲ ਹਿਲਾਇ[੨੧] ਫੁਰਗਾਇ[੨੨] ਸਮਝਾਈਆ॥ ੪੦॥ ਤੀਯ ਨਿਜ ਦੇਖ ਕਰਿ ਚਿੰਤ ਮੈਂ ਵਿਸ਼ੇਖ[੨੩] ਭਏ ਜਾਨੇ–ਕਲਾਵਾਨ ਇਹ ਸੰਤ ਕੋਊ ਆਈਆ। ਟਾਮਨ[੨੪] ਹੈ ਕੀਨੋ ਇਨ ਭਯੋ ਵਿਪਰੀਤ[੨੫] ਸੋਊ ਕੂਕਰੀ ਔ ਮੀਢੀ ਬਨਿ ਮਨ ਦੁਖ ਪਾਈਆ। ਚਲੇ ਨਹਿਂ ਜਾਇਂ[੨੬] ਇਸਬਿਧਿ ਕੀ ਬਨਾਇ ਅਬ, ਕੀਨੀ

---

[੧]ਪ੍ਰਸੰਨਤਾ ਦਿਲ ਵਿਚ ਧਾਰਨ ਕਰਕੇ। [੨]ਉਸੇ ਵੇਲੇ। [੩]ਭੇਡ। [੪]ਹੰਭਲਾ ਮਾਰਕੇ। [੫]ਧਾਗਾ। [੬]ਕੁੱਤੀ। [੭]ਪੂਰਨ ਪੁਰਖਾਂ ਦੀ ਅਵੱਗਯਾ ਦੁਖ ਦੇਂਦੀ ਹੈ। [੮]ਭੱਜਕੇ। [੯]ਵੜੀ। [੧੦]ਕਿੱਲੇ। [੧੧]ਭਾਵ ਮਰਦਾਨਾ। [੧੨]ਤੋੜ ਦਿੱਤਾ। [੧੩]ਵਡੀਆਂ ਬਲਾਵਾਂ ਵਿੱਚ। [੧੪]ਮੈਨੂੰ ਲਈ ਫਿਰਦੇ ਹੋ। [੧੫]ਮੇਰਾ ਮਨ ਸਿੱਧਾ ਹੈ। [੧੬]ਮੈਂ ਵਲ ਛਲ ਜਾਣਦਾ ਨਹੀਂ। [੧੭]ਮਨ ਮਰਜ਼ੀ। [੧੮]ਇਸਤ੍ਰੀਆਂ ਦੇ ਪਤੀ। [੧੯]ਗੁਰੂ ਜੀ ਦੀ ਵਲ ਇਸ਼ਾਰੇ ਕਰਕੇ ਵਾਰ ਵਾਰ। [੨੦]ਭਾਵ ਪਤੀਆਂ ਨੂੰ। [੨੧]ਪੂਛਾਂ ਹਲਾਕੇ। [੨੨]ਫੁਰਾਟੇ ਮਾਰਕੇ। [੨੩]ਬੜੇ। [੨੪]ਟੂਣਾਂ। [੨੫]ਪੁੱਠਾ ਪਿਆ। [੨੬]ਭਾਵ ਕਿਤੇ ਗੁਰੂ ਜੀ ਚਲੇ ਨਾ ਜਾਣ।

ਖਤਾ ਜੋਊ ਲੇਹਿਂ ਯਾਤੇ ਬਖ਼ਸ਼ਾਈਆ–। ਦੌਰ ਦੋਨੋਂ ਮੇਰਈ[੧] ਚਰਨ ਗਹੇ ਆਨਿ ਕਹਿ ਭਏ ਮਨ ਦੀਨ ਕੀਨੀ ਬੇਨਤੀ ਵਡਾਈਆ॥੪੧॥ ਬਾਨੀ ਮੈਂ ਬਖਾਨੀ 'ਜਾਹੁ ਤਾਂਹਿ ਪਾਸ ਬੰਦ੍ਹ ਪਾਨੀ[੨], ਬਖ਼ਸ਼ਨ ਹਾਰ ਸੋਊ ਖ਼ਤਾ ਕੀਨੀ ਜਾਂਹਿਕੀ'। ਧਾਇ ਕਰਿ ਪਾਇਂ ਗਹੇ ਜਾਇ ਗੁਰੂ ਨਾਨਕ ਕੇ 'ਦੂਰ ਅਬ ਕੀਜੈ ਰਿਸ[੩] ਕੀਨੀ ਜੋ ਗੁਨਾਹਿ ਕੀ।ਜੋਖਤਾ[੪] ਕੁਚੀਲ[੫], ਨਹਿਂ ਜਾਨਤਿ ਹੈਂ ਸੰਤ ਸ਼ੀਲ[੬],ਭੂਲੀ ਮਤ ਸਦਾ ਜਿਨ ਕਾਮ ਭੋਗ ਚਾਹਿਕੀ। ਕਰਮ ਕਮਾਯੋ ਜਸ ਪਾਯੋ ਫਲ ਇਨੈ ਤਸ[੭], ਸਾਧ ਉਪਕਾਰੀ ਹੋਤਿ ਇੱਛਾ ਨਹਿਂ ਕਾਹਿ ਕੀ॥੪੨॥ਸ੍ਵੈਯਾ॥ ਮੰਦ ਮਤੀ ਮਨ ਮੂਰਖ ਏ ਜਿਨ ਸੰਤਨ ਸੋਂ ਉਠ ਟਾਮਨ ਕੀਨਾ।ਠੌਰ ਕੁਠੌਰ ਨ ਜਾਨਤਿ ਹੈਂ ਨਿਤ ਆਤੁਰ ਕਾਮ ਤੇ ਹੋਤਿ ਅਧੀਨਾ॥ ਆਪ ਕਰੋ ਕਰੁਨਾ ਕਰੁਨਾਕਰ! ਤੋ ਸ਼ਰਨਾ ਪਰਨਾ ਹਮ ਲੀਨਾ। ਮਾਨ ਵੀ ਦੋਹਿ ਕਰੋ ਇਨਕੀ ਬਖਸ਼ੋ ਅਪਰਾਧ ਤੁਮੇ ਪ੍ਰਭੁ ਚੀਨਾ[੮]॥ ੪੩ ॥ ਗੁਰ ਨਾਨਕ ਆਨਨ ਬੈਨ ਭਨੈਂ 'ਗੁਰ ਸਿਖੀ ਮਨਜ਼ੂਰ[੯] ਕਰੋ ਮਨ ਮਾਂਹੀ। ਧ੍ਰਮ-ਸਾਲ ਕਰੋ, ਹਰਿਨਾਮ ਰਰੋ[੧੦], ਉਰ ਭਾਉ ਧਰੋ, ਹਰਿ ਕੈ ਕ੍ਰਿਤ ਯਾਹੀ[੧੧]। ਸਿਖ ਸੰਤਨ ਸੇਵਹੁ ਹੋਇ ਭਲੋ ਤੁਮ, ਗ੍ਰੀਵ[੧੨]ਪਰੈ ਨਹਿਂ ਅੰਤਕ[੧੩] ਫਾਹੀ'। ਸੁਨਿ ਦੀਨ ਭਏ ਭਨਿਹੀ ਮੁਖ ਤੇ 'ਤੁਮਰੇ ਅਨੁਸਾਰ ਬਿਨਾ ਹਮ ਨਾਂਹੀ'॥ ੪੪॥ ਕਬਿੱਤ ॥ 'ਨਾਰਿ[੧੪] ਦੁਰਾਚਾਰ[੧੫] ਬਿਭਚਾਰਨ ਕੀ ਚਾਲ ਜਿਹ, ਸੋ ਤੋ ਦੁਖ ਦੈਨ ਹੂੰ ਕੇ ਜੋਗ ਮਨ ਜਾਨਿਯੇ। ਭਏ ਹੋ ਅਧੀਨ ਪੁਨ ਬੇਨਤੀ ਸੋ ਕੀਨ ਤੁਮ, ਯਾਂਤੇ ਹੋਇਂ ਨਾਰ ਤਨ ਇਨਕੇ ਪ੍ਰਮਾਨਿਯੇ'। ਐਸੇ ਹੀ ਭਨਤਿ[੧੬] ਭਈ ਦੇਹ ਤਿਨ ਪੂਰਬ ਸੀ, ਹੇਰਿ ਗੁਰ ਰੂਪ ਪੁਨ ਮਨ ਪਛੁਤਾ-ਨਿਯੇ। ਕਰੁਨਾ ਕੇ ਐਨ ਰਹੇ ਤਹਾਂ ਭਈ ਰੈਨ ਜਬ ਕੀਨੀ ਸੁਖ ਸੈਨ, ਜਾਂਕੋ ਭੈ ਨ ਕਿਤ ਥਾਨਿਯੇ॥੪੫॥ਸ੍ਵੈਯਾ॥ ਭੁਨਸਾਰ[੧੭] ਭਈ ਧੁਨ ਕੰਬੁ[੧੮]* ਕਈ, ਨਿਸ[੧੯] ਨਾਸ[੨੦] ਗਈ ਸੁਖ ਸਾਗਰ ਜਾਗੇ। ਮਿਲ ਮਾਨਵ ਜਾਨਵ[੨੧]

---

[੧]ਭਾਵ ਬਾਲਾ ਜੀ ਦੇ। [੨]ਹੱਥ ਜੋੜਕੇ। [੩]ਗੁੱਸਾ। [੪]ਇਸਤ੍ਰੀਆਂ। [੫]ਕੁਚੀਲ ਹਨ। [੬]ਸੁਭਾਉ ਨੂੰ। [੭]ਤੈਸਾ। [੮]ਆਪਨੂੰ ਹੀ ਅਸਾਂ ਸਵਾਮੀ ਜਾਣਿਆ ਹੈ। [੯]ਕਬੂਲ। [੧੦]ਜਪੋ। [੧੧]ਇਹ ਕੰਮ ਛਡਕੇ। [੧੨]ਗਲ ਵਿਚ। [੧੩]ਯਮ ਦੀ। [੧੪]ਇਹ ਨਾਰਾਂ। [੧੫]ਖੋਟੀਆਂ। [੧੬]ਗੁਰੂ ਜੀ ਦੇ ਐਉਂ ਕਹਿੰਦਿਆਂ ਹੀ। [੧੭]ਸਵੇਰ ਹੋਈ। [੧੮]ਸੰਖ ਨੇ। [੧੯]ਰਾਤ। [੨੦]ਬੀਤੀ। [੨੧]ਜਾਣਕੇ।

*ਪਾਠਾਂਤ੍ਰ:–ਕੁੰਤ=ਕੁਕੜ। ਕੁਕ੍ਕੁਟ ਦਾ ਅਪਭ੍ਰੰਸ਼।

ਭੇਵਹਿ ਕੋ ਤਿਨ ਆਨਵ[੧] ਭੇਟ ਰਿਦੇ ਅਨੁਰਾਗੇ*। ਪਗ ਪਾਹੁਲ ਦੀਨਿ ਕ੍ਰਿਤਾਰਥ ਕੀਨਿ, ਭਏ ਅਘ ਹੀਨ ਵਡੇ ਵਡਭਾਗੇ। ਧ੍ਰਮਸਾਲ ਬਿਸਾਲ ਰਚੀ[੨] ਤਿਹੰ ਕਾਲ ਦਯਾਲ† ਕੀ ਕੀਰਤਿ ਮੈਂ ਮਤਿ ਪਾਗੇ[੩] ॥੪੬॥ ਦਿਨ ਪੰਚ ਰਹੇ ਅਘ ਓਘ ਦਹੇ, ਪੁਨ ਬੈਨ ਕਹੇ 'ਹਮ ਜਾਹਿੰ ਅਗਾਰੀ'। ਕਰ ਜੋਰਿ ਪ੍ਰਮਾਨ[੪] ਬਿਨੈਂ ਯੌਂ ਬਖਾਨ 'ਭਈ ਇਹ ਥਾਨ ਮਯਾ ਸੁ ਤੁਮਾਰੀ। ਮਤਿਮੰਦਨ ਕੋ ਗਤਿ ਪੰਧ‡ ਦਯੋ, ਸੁਖ ਕੰਦ, ਗੁਬਿੰਦ, ਮੁਕੰਦ, ਉਦਾਰੀ!। ਇਹ ਠੌਰ ਰਹੋ ਦਿਨ ਔਰ ਕਛੂ ਸਿਰਮੌਰ ਤੁਹੀਂ ਜਗ ਮੈਂ ਗਤਿਕਾਰੀ[੫]' ॥ ੪੭ ॥ ਸ੍ਵੈਯਾ ॥ 'ਨਿਤ ਵਾਹਿਗੁਰੂ ਮੁਖ ਨਾਮ ਜਪੋ ਅਰਦਾਸ ਤਿਹਾਵਲ[੬] ਕੀ ਕਰਿਯੇ। ਮਨਕਾਮਨਾ ਪੂਰਨ ਹੋਵਹਿੰਗੀ ਹਰਿ ਕੀਰਤਿ ਪ੍ਰੀਤਿ ਰਿਦੇ ਧਰਿਯੇ। ਸਤਿ ਸੰਗਤ ਸੋਂ ਮਿਲਿ ਕਾਲ ਬਿਤਾਵਹੁ ਮੈਲ ਅਮੰਗਲ[੭]§ ਕੀ ਹਰਿਯੇ'। ਇਹ ਭਾਂਤਿ ਦਯੋ ਉਪਦੇਸ਼ ਤਿਨੈ ਪੁਨ ਆਪ ਚਲੇ ਪਿਖ ਜਾਂ ਤਰਿਯੇ[੮]॥੪੮॥ ਦੋਹਰਾ ॥ ਅਸ ਪ੍ਰਕਾਰ ਕੀ ਸੁਮਤਿ ਦੇ ਅਨਤ[੯] ਦੇਸ਼ ਜਗ-ਤੇਸ਼[੧੦]। ਗਵਨੇ ਪੂਰਨ ਕਾਮਨਾ ਜੋ ਸ਼ਿਵਨਾਭ ਨਰੇਸ਼॥੪੯॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ਗ੍ਰੰਥੇ ਪੂਰਬਾਰਧੇ'ਕਾਵਰੂਦੇਸ਼'ਪ੍ਰਸੰਗਬਰਨਨੰਨਾਮਛਿਤਾਲੀਸਮੋਂ ਅਧਯਾਯ ॥੪੬॥

## ੪੭. [ਨਖਕਾਂਤ ਮੰਗਲ। ਸੰਗਲਾਦੀਪ। ਰਾਜਾ ਸ਼ਿਵਨਾਭ]

ਦੋਹਰਾ ॥ ਸ੍ਰੀ ਗੁਰ ਪਦ ਨਖ ਕਾਂਤਿ ਜੋ ਰੁਚਿਰ ਚੰਦ੍ਰਿਕਾ ਮਾਨ।
ਕਰਿ ਚਕੋਰ ਮਨ ਆਪਨੋ ਕਹੌਂ ਕਥਾ ਗਤਿਦਾਨ ॥੧॥

{ ਕਾਂਤਿ=ਸੁੰਦਰਤਾ।
ਰੁਚਿਰ=ਰੁਚੀ ਉਪਜਾਉਣ ਵਾਲੀ, ਪਯਾਰੀ ਲੱਗਣ ਵਾਲੀ; ਸੁੰਦਰ।
ਚੰਦ੍ਰਿਕਾ=ਚੰਦ ਦਾ ਪ੍ਰਕਾਸ਼, ਚਾਂਦਨੀ। }

**ਅਰਥ**—ਸ੍ਰੀ ਗੁਰੂ ਜੀ ਦੇ ਚਰਣਾਂ ਦੇ ਨਹੁੰਆਂ ਦੀ ਜੋ ਸੁੰਦਰਤਾ ਹੈ, ਉਹ ਮਾਨੋ ਸੁੰਦਰ ਚਾਂਦਨੀ ਹੈ, (ਮੈਂ) ਆਪਣੇ ਮਨ ਨੂੰ (ਉਸ ਦਾ) ਚਕੋਰ ਬਣਾਕੇ ਮੁਕਤੀ ਦੇਣ ਹਾਰੀ (ਯਾ, ਮੁਕਤਿ ਦਾਤੇ ਦੀ) ਕਥਾ (ਅਗੋਂ ਹੋਰ) ਵਰਣਨ ਕਰਦਾ ਹਾਂ।

---

[੧]ਲਿਆਏ। [੨]ਢਾਕੇ ਤੋਂ ਪੰਜੁ ਕੁ ਮੀਲ ਅਗੇ ਧਨਪੁਰ ਗਿਰਾਂ ਵਿਚ ਇਹ ਸਾਖੀ ਹੋਈ। ਗੁਰੂ ਨਾਨਕ ਜੀ ਦਾ ਦਿੱਤਾ ਬਰਛਾ ਉਨ੍ਹਾਂ ਪਾਸ ਯਾਦਗਾਰ ਹੈ। (ਦੇਖੋ ਖਾ: ਤਵਾ: ਪੰਨਾ ੧੭੯)। [੩]ਰੰਗੇ ਗਏ। [੪]ਪੁਰਸ਼ਾਂ ਨੇ। [੫]ਮੁਕਤੀ ਕਰਨ ਵਾਲੇ। [੬]ਕੜਾਹ ਪ੍ਰਸ਼ਾਦਿ। [੭]ਦੁੱਖਾਂ ਦੀ। [੮]ਜਿਸ ਨੂੰ ਤੱਕਕੇ ਤਰ ਜਾਈਏ, ਭਾਵ ਗੁਰੂ ਜੀ ਨੂੰ। [੯]ਦੂਸਰੇ। [੧੦]ਜਗਤ ਦੇ ਈਸ਼੍ਵਰ।

*ਪਾ:—ਮਿਲ ਮਾਨਵ ਜਾਨਹਿੰ ਭੇਵਨ ਕੋ ਤਿਨ ਆਨਵ ਭੇਟ ਹੀਯੇ ਅਨੁਰਾਗੇ।
†ਪਾ:—ਕ੍ਰਿਪਾਲ। ‡ਪਾ:—ਪੰਥ। §ਪਾ:—ਅਮੰਕਨ=ਪਾਪਾਂ ਦੀ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਅਬ* ਸ੍ਰੀ ਨਾਨਕ ਕੀਨ ਪਯਾਨਾ। ਮੈਂ ਪੁਨ ਸੰਗਿ ਦੁਤਿਯ ਮਰਦਾਨਾ। ਦੇ ਕਰਿ ਕਿਤਿਕ[1] ਥਾਨ ਉਪਦੇਸ਼ਾ।'ਸਿਮਰਹੁ ਸੱਤਿਨਾਮ ਜਗਤੇਸ਼ਾ'॥੨॥ਗ੍ਰਾਮ ਨਗਰ ਸ਼ੁਭ ਮਗ ਪ੍ਰਗਟਾਵਾ।ਚਲਤਿ ਚਲਤਿ ਸਾਗਰ ਪੁਨ ਆਵਾ।ਜਾਇ ਭਏ ਠਾਂਢੇ ਤਿਹ ਤੀਰਾ[2]। ਬੋਲੇ ਸ੍ਰੀਮੁਖ ਵਾਕ ਗੰਭੀਰਾ॥੩॥'ਕਹੁ ਬਾਲਾ ਸਾਗਰ ਅਸਗਾਹਾ। ਕਹੂੰ ਨ ਪੱਯਤਿਇਹ ਕੋ ਥਾਹਾ[3]। ਜਾਨੋਂ ਪਾਰ ਚਹਿਤਿ ਹਮ ਮਨ ਮੈਂ।ਕਿਸ ਪ੍ਰਕਾਰ ਗਮਨੈਂ ਅਬ ਬਨ ਮੈਂ[4] ?॥੪॥ ਨਿਕਟ ਨ ਕੋ ਅਬ ਆਇ ਜਹਾਜਾ। ਜਾਂਤੇ ਪਾਰ ਜਾਨ ਹੈ ਕਾਜਾ। ਤੂੰ ਸਯਾਨੋ ਕਛੁ ਮਸਲਤ ਦੀਜੈ†। ਜਿਸ ਪ੍ਰਕਾਰ ਤੇ ਗਮਨ ਕਰੀਜੈ'। ॥੫॥ ਸੁਨੀਏ ਸ੍ਰੀ ਅੰਗਦ ਗਤਿ ਦਾਨੀ। ਗੁਰ ਸੋ ਮੈਂ ਬੋਲਯੋਅਸ ਬਾਨੀ।'ਜੋ ਪਾਹਨ ਲੇ ਔਰ ਡੁਬੰਤੇ। ਤੁਮਰੇ ਬਚਨਨ ਤੇ ਸੁ ਤਰੰਤੇ ॥੬॥ ਗਰੂਏ[5] ਗਿਰ[6] ਸਾਗਰ ਪਰ ਤਾਰੇ। ਮਾਨਵ ਕੀ ਕਥਾ ਗਨਤਿ ਉਚਾਰੇ। ਨਾਮ ਲੇਯ ਜੋ ਤੁਮ ਦਿਨ ਰੈਨਾ। ਸੋ ਭਉਜਲ ਲੰਘਹਿ ਸੁਖ ਚੈਨਾ॥ ੭॥ ਇਹ ਸਾਗਰ ਕਥਾ ਤਰਨ ਦੁਹੇਲਾ। ਤਾਰਹੁ ਭਉਜਲ ਭੂਰ ਸੁਹੇਲਾ[7]' ਸੁਨਿ ਪ੍ਰਸੀਦ ਭੇ ਬਹੁ ਗਤਿ ਦਾਨੀ। ਬੋਲੇ ਪਰਮ ਮਨੋਹਰ ਬਾਨੀ ॥ ੮ ॥

ਸ੍ਰੀ ਮੁਖਵਾਕ:-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਚੌਪਈ ॥ 'ਇਹੁ ਸ਼ਲੋਕ ਪਠਿ ਕਰਿ ਮੁਖ ਆਛੇ। ਆਵਹੁ ਗਮਨੇ ਹਮਰੇ ਪਾਛੇ'। ਅਸ ਕਹਿ ਸਾਗਰ ਪਰ ਗੁਨਖਾਨੀ । ਚਲੇ ਜਾਤਿ ਪਗ ਛ੍ਵੈਤ‡ ਨ ਪਾਨੀ ॥ ੯ ॥ ਸ੍ਰੀ ਗੁਰ ਪਾਛੇ ਮੈਂ ਮਰਦਾਨਾ। ਤਿਉਂ ਹੀ ਕੀਨੋ ਹਮ ਪ੍ਰਸਥਾਨਾ[8]। ਭੀਗਯੋ ਕਹੂੰ ਨ ਜਲ ਸੋਂ ਚਰਨਾ§। ਕਰੁਨਾ ਕੀਨੀ ਤਾਰਨ

[1]ਕਈ। [2]ਉਸ ਦੇ ਕੰਢੇ। [3]ਭਾਵ ਡੂੰਘਾ ਹੈ। [4]ਪਾਣੀ ਵਿਚ। [5]ਭਾਰੇ। [6]ਪਹਾੜ। [7]ਸੁਖੇਨ ਹੀ। [8]ਤੁਰਨਾ। *ਪਾ:-ਤਬ। †ਪਾ:-ਕੀਜੈ। ‡ਪਾ:-ਛੁਵਤ।

§ਪਾਣੀ ਉਤੇ ਤੁਰ ਲੈਣਾ ਆਦਿਕ ਸ਼ਕਤੀਆਂ ਨੂੰ 'ਅਨਹੋਣੀ ਗਲ' ਕਹਿ ਦੇਣਾ ਠੀਕ ਨਹੀਂ। ਯੋਗ ਦੇ ਤਰੀਕੇ ਮੂਜਬ ਸਮਾਹਿਤ ਚਿਤ ਜਿਸ ਗਲ ਪਰ ਸੰਯਮ (ਧਾਰਨਾ ਧਯਾਨ ਸਮਾਧੀ) ਕਰੇ ਉਹੋ ਸਿੱਧ ਕਰ ਸਕਦਾ ਹੈ। ਜਲ ਚਿੱਕੜ ਕੰਡਿਆਂ ਉਪਰ ਟੁਰ ਸਕਣਾ ਯੋਗੀ ਲਈ ਯੋਗ ਦਰਸ਼ਨ ਦੇ ਵਿਭੂਤੀ ਪਾਦ ਅੰਕ ੩੯ ਵਿਚ ਦੱਸਿਆ ਹੈ । ਮੁਸਲਮਾਨਾਂ ਤੇ ਈਸਾਈਆਂ ਦੇ ਪੈਗ਼ੰਬਰ ਹਜ਼ਰਤ ਈਸਾ ਜੀ ਦਾ ਜਲ ਪਰ ਤੁਰਨਾ ਮਤੀ ਦੀ ਇੰਜੀਲ ਬਾਬ ੧੪ ਆਇਤ ੨੫ ਵਿਚ ਲਿਖਿਆ ਹੈ। ਪੱਛਮੀ ਦੁਨੀਆਂ ਵਿਚ ਜਿੱਥੇ ਇਸ ਵੇਲੇ ਸਾਇੰਸ ਦਾ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਤਰਨ॥੧੦॥ ਜਾਇ ਪਹੂੰਚੇ ਥੋ ਇਕ ਟਾਪੂ। ਨਾਮ ਜਪਾਯੋ ਸੰਕਟ ਖਾਪੂ[੧]। ਨਾਗਾ ਬੰਦਰ* ਤਾਂਕੋ ਨਾਮਾ। ਪੁਨ ਆਗੇ ਗਵਨੇ ਸੁਖ ਧਾਮਾ ॥੧੧॥ ਹੁਤੋ ਦੇਸ਼ ਜਹਿਂ ਸੰਗਲਾ ਦੀਪਾ।ਪਹੁੰਚੇ ਤਾਂਕੇ ਜਾਇ ਸਮੀਪਾ।ਰਾਜੇ ਕੇ ਅਰਾਧਨੇ ਕਰਿ ਕੈ। ਗਏ ਦੇਸ਼ ਤਹਿਂ ਸੇਵ ਬਿਚਰਿਕੈ[੨]॥੧੨॥ ਦੋਹਰਾ ॥ ਤਿਹ ਨ੍ਰਿਪਕੋ ਉਪਬਨ[੩]ਹੁਤੋ ਸ਼ੁਸ਼ਕ ਖਰੋ ਜਿਹ ਥਾਨ।ਸ਼੍ਰੀ ਗੁਰ ਪ੍ਰਵਿਸ਼ੇ ਤਾਸਮਹਿਂ ਦਾਸਨ ਕੇ ਸੁਖਦਾਨ ॥੧੩॥ ਚੌਪਈ ॥ ਚਰਨ ਕਮਲ ਜਬ ਤਿੰਹ ਠਾਂ ਪਾਏ। ਸੂਕੇ ਬਿਟਪ[੪]ਹਰੇ ਹ੍ਵੈ ਆਏ।ਸੁੰਦਰ ਸ਼ਾਖਾ ਦਲ[੫]ਫਲ[੬]ਫੂਲਾ[੭]। ਸੋਹਤਿ ਭਾ ਸਭਿ ਮਨ ਅਨਕੂਲਾ ॥੧੪॥ ਜਬਹਿ ਨਗਰ ਕੇ ਲੋਕਨ ਦੇਖਾ। ਰਿਦੇ ਸਭਿਨਿ ਆਚਰਜ ਵਿਸ਼ੇਖਾ। ਬਾਗਵਾਨ ਤਬਹੀ ਸੁਧ ਪਾਈ।ਆਨਿ ਗੁਰੂ ਪਗ ਗ੍ਰੀਵ[੮] ਨਿਵਾਈ ॥੧੫॥ ਹਰਖ ਕੀਨਿ ਤਿਨ ਰਿਦੇ ਬਿਸਾਲਾ। ਪੁਨ ਗਵਨਯੋ ਜਹਿਂ ਹੁਤੋ ਭੁਵਾਲਾ[੯]।ਜਾਇ ਸਭਾ ਮਹਿਂ ਗਿਰਾ ਉਬਾਚੀ।'ਸੁਨਹੁ ਬਾਤ ਭੂਪਤਿ! ਮਮ ਸਾਚੀ॥੧੬॥ਉੱਤਮ ਸੰਤ ਏਕ ਚਲਿ ਆਯੋ।ਸੂਕੇ ਉਪਬਨ ਪਗ ਜਬ ਪਾਯੋ।ਹਰਿਆ ਹੋਤਿ ਭਯੋ ਤਤਕਾਲਾ। ਜਿਹ ਕੋ ਦਰਸ਼ਨ ਕਰਤਿ ਨਿਹਾਲਾ ॥੧੭॥ ਦ੍ਵੈ ਚੇਲੇ ਹੈਂ ਤਾਂਕੇ ਸੰਗਾ। ਚਲਹੁ ਨਿਕਟ ਤਹਿਂ ਧਾਰਿ ਉਮੰਗਾ'।

---

[੧]ਜਿਨ੍ਹਾਂ ਨਾਮ ਜਪਾਇਆ ਦੁੱਖਾਂ ਦੇ ਨਾਸ਼ ਕਰਨ ਵਾਲਾ। [੨]ਉਸ ਰਾਜੇ ਦੀ ਸੇਵਾ ਦਾ ਵਿਚਾਰ ਕਰਕੇ। [੩]ਬਾਗ। [੪]ਬ੍ਰਿੱਛ। [੫]ਪੱਤੇ। [੬]ਫਲ ਤੇ। [੭]ਫੁਲ। [੮]ਗਰਦਨ। [੯]ਰਾਜਾ।

*ਮਦਰਾਸ ਦੇ ਇਲਾਕੇ ਕੋਰੂ ਮੰਡਿਲ ਕਿਨਾਰੇ ਦੇ ਬੰਦਰਾਂ ਵਿਚੋਂ ਇਕ ਬੰਦਰਗਾਹ ਦਾ ਨਾਮ ਨਾਗਾਪਟਨਮ ਯਾ ਨਾਗਾਪਟਮ ਹੁਣ ਤਕ ਹੈ। ਹੁਣ ਸਮੁੰਦਰ ਬਸਤੀ ਤੋਂ ਕੁਛ ਪਰੇ ਹੋ ਗਿਆ ਹੈ, ਪਰ ਬੰਦਰਗਾਹ ਇਸ ਥਾਉਂ ਅਜੇ ਬੀ ਹੈ ਤੇ ਸੰਗਲਾਦੀਪ ਨੂੰ ਏਥੋਂ ਜਹਾਜ ਜਾਂਦੇ ਹਨ। ਲੋਕੀ ਕਿਨਾਰੇ ਤੋਂ ਜਹਾਜ਼ਾਂ ਤਕ ਕਿਸ਼ਤੀਆਂ ਵਿਚ ਜਾਂਦੇ ਹਨ। ਦੂਜੇ ਪਾਸੇ ਸੰਗਲਾਦੀਪ ਦੇ ਸਿਰੇ ਤੇ—ਜਾਫਨਾ=ਨਾਮੇ ਟਿਕਾਣਾ ਹੈ, ਜਿਸ ਨੂੰ ਹਕੀਕਤ ਰਾਹ ਮੁਕਾਮ ਵਿਚ ਜਾਪਾ ਬੰਦਰ ਲਿਖਿਆ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਡੰਕਾ ਵਜ ਰਿਹਾ ਹੈ, 'ਕਾਂਕੇਸਟ ਆਫ ਡੈਥ' ਨਾਮੇ ਕਿਤਾਬ ਵਿਚ ਲੇਖਕ ਦਾ ਆਪਣਾ ਤਜਰਬਾ ਦਿੱਤਾ ਹੈ ਕਿ 'ਬਿਨਾ ਕਿਸੇ ਸਰੀਰਕ ਪਰਬੰਧ ਦੇ ਮੈਂ ਮੰਜੇ ਸਮੇਤ ਉਚੀ ਉਠਦੀ ਚਲੀ ਗਈ ਕਿ ਛੱਤ ਨੂੰ ਜਾ ਹਥ ਲਾਇਆ। ਇਕ ਮਜ਼ਬੂਤ ਮੇਜ਼ ਤੇ ਬੈਠਕੇ ਮੇਜ਼ ਸਮੇਤ ਉਚੀ ਉਠਦੀ ਗਈ ਜਿਥੋਂ ਤਾਂਈਂ ਕਿ ਸਾਰਾ ਸਿਰ ਛਤ ਨਾਲ ਜਾ ਲਗਾ' ਦੇਖੋ 'ਕਾਂਕੇਸਟ ਆਫ ਡੈਥ' ਬਾਈ 'ਹੇਲਨ ਵਿਲਮੈਨਸ' ਸਫਾ ੭੩। ਸ਼੍ਰੀ ਗੁਰੂ ਜੀ ਜੋ ਆਤਮ ਬਲ ਦੇ ਬਲੀ ਸੂਰਮੇ ਸਨ, ਉਹਨਾਂ ਲਈ ਏਹ ਬਾਤਾਂ ਕਠਨ ਨਹੀਂ ਸਨ।

ਸੁਨਤਿ ਸ੍ਰੋਨ ਭੂਪਤਿ ਹਰਖਾਯੋ । ਮੰਤ੍ਰੀ ਅਪਨੋ ਨਿਕਟ ਬੁਲਾਯੋ ॥ ੧੮ ॥
ਤਿਹ ਕੇ ਸੰਗ ਕਹੀ ਇਹ ਬਾਨੀ । 'ਜਾਵਹੁ ਨਿਕਟ ਸੰਤ ਸੁਖਦਾਨੀ । ਜੋ
ਸ੍ਰੀ ਨਾਨਕ ਆਗਮ ਕੀਨਾ॥ਕਰਹੁ ਪਰਖ ਭਲ ਬਿਧਿ ਲਿਹੁ ਚੀਨਾ[1]'॥੧੯॥
ਪਰਸ਼ੁਰਾਮ[2] ਸੁਨਿ ਬਚ ਅਵਨੀਪਾ[3] । ਸੁੰਦਰ ਭੋਜਨ ਲੀਨ ਸਮੀਪਾ[4] ।
ਗਮਨ੍ਯੋ ਉਪਬਨ ਕੋ ਤਤਕਾਲਾ । ਜਹਾਂ ਬਿਰਾਜਤਿ ਦੀਨ ਦਯਾਲਾ ॥
੨੦ ॥ ਕੀਨਿ ਬੰਦਨਾ ਦ੍ਵੈ ਕਰ ਜੋਰੀ । ਆਗੈ ਭੋਜਨ ਧਰ੍ਯੋ ਬਹੋਰੀ॥'ਨ੍ਰਿਪਤ
ਪਠ੍ਯੋ ਹੈ ਕਰਹੁ ਅਹਾਰਾ' । ਸੁਨਿ ਸ੍ਰੀ ਨਾਨਕ ਬਚਨ ਉਚਾਰਾ:–॥ ੨੧॥

ਮਾਰੂ ਮਹਲਾ ੧ ॥ ਰਸ ਕਸ ਸੁਆਦ ਅਨੇਕ ਹੈ ਬਿਖ ਫਲ ਮੀਠੇ ਚਾਖ ॥
ਕਿਰਪਾ ਕਰੇ ਜਿਸ ਆਪਣੀ ਤਾਕਉ ਰਾਖੇ ਆਪ* ॥੧॥

ਚੌਪਈ ॥ 'ਰਸ ਕਸ ਸਾਦ ਬਾਦ[5] ਏ ਜਾਨੋ। ਨਾਮ ਮਹਾਂਰਸ ਸੁਖਦਾ[6]ਮਾਨੋ।
ਫਸੇ ਜਿ ਉਨ ਮਹਿਂ ਹੋਤਿ ਬਿਕਾਰਾ॥ਅਹੈਂ ਨਾਮ ਕੇ ਰਸ ਅਵਿਕਾਰਾ[7]'॥੨੨॥
ਸੁਨਿਕੈ ਬਚ ਮੰਤ੍ਰੀ[8] ਬਿਸਮਾਨਾ । ਬਹੁਰੋ ਗਮਨ੍ਯੋ ਨਿਕਟ ਰਜਾਨਾ[9] ।
ਜਾਇ ਸਭਿਹਿ ਉਚਰ੍ਯੋ ਬਿਰਤੰਤਾ । 'ਸਾਦ ਅਸਨ ਤੇ ਬ੍ਰਿਕਤੀ ਸੰਤਾ' ॥
੨੩॥ਭੂਪਤਿ ਭਾਖਤਿ 'ਸੁੰਦਰ ਨਾਰੀ । ਲੇ ਜਾਵਹੁ ਤਿਹ ਸੰਤ ਅਗਾਰੀ[10]'।
ਸੁਨਤਿ ਸਚਿਵ[11]ਲੇ ਬੇਸ੍ਯਾ ਸੰਗਾ॥ਜਿਨਹਿ ਬਿਲੋਕੇਲਜਤਿ ਅਨੰਗਾ॥੨੪॥
ਆਇ ਸਮੀਪ ਕਰੀ ਨ੍ਰਿਤਕਾਰੀ । ਕਹਿ ਮੰਤ੍ਰੀ 'ਇਹ ਭੇਟ ਤੁਮਾਰੀ । ਪਠੀ
ਭੂਪ ਹਿਰਦਾ ਹੁਲਸਾਵਨ' । ਸੁਨਿ ਬੋਲੇ ਜਿਨ† ਕੀਰਤਿ ਪਾਵਨ ॥੨੫ ॥

ਇਹ ਬਿਖ ਭਰੀਆਂ ਗੰਦਲਾ ਧਰੀਆਂ ਖੰਡ ਲਿਵਾੜ ॥ ਸੁੰਦਰ ਰੂਪ ਅਪਾਰ
ਹੈ ਦੇਤੀ ਜਨਮ ਵਿਗਾੜ‡ ॥ ੨ ॥

ਚੌਪਈ ॥ 'ਦੁਰਗੰਧ ਕੋ ਬਾਸਨ[12] ਹੈ ਦੇਹੀ । ਇਨਹਿ ਸਪਰਸ਼ੈ ਹ੍ਵੈ ਜੁ
ਸਨੇਹੀ[13]॥ਇਹਠਾਂ ਜਨਮ ਭ੍ਰਿਸ਼ਟਿ ਤਿਨ ਕੇਰਾ॥ਮੁਏ ਨਰਕ ਮਹਿਂ ਜਮ ਨੈ
ਗੇਰਾ[14]'॥੨੬॥ਸੁਨਿ ਮੰਤ੍ਰੀ ਕਰਿ ਬੰਦਨ ਗਯੋ॥ਨ੍ਰਿਪ ਸੋਂ ਸਭਿ ਬਿਧਿ ਭਾਖਤਿ

---

[1]ਪੜਤਾਲ ਲਓ । [2]ਮੰਤ੍ਰੀ ਦਾ ਨਾਮ । [3]ਰਾਜੇ ਦਾ । [4]ਨਾਲ । [5]ਬਿਰਥੇ । [6]ਸੁਖਾਂ ਨੂੰ ਦੇਣ ਵਾਲਾ । [7]ਵਿਕਾਰਾਂ ਤੋਂ ਬਿਨਾਂ । [8]ਵਜ਼ੀਰ । [9]ਫਿਰ ਗਿਆ ਰਾਜੇ ਦੇ ਪਾਸ । [10]ਅੱਗੇ । [11]ਮੰਤ੍ਰੀ । [12]ਭਾਵ ਹੈ ਵੇਸ਼੍ਯਾ ਦਾ ਸਰੀਰ । [13]ਪ੍ਰੇਮੀ ਹੋਕੇ । [14]ਭਾਵ ਉਨ੍ਹਾਂ ਨੂੰ ਜਿਨ੍ਹਾਂ ਨੇ ਵੇਸ਼ਵਾ ਸਪਰਸ਼ੀ ਹੈ । *ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ । †ਪਾ.–ਜਿਹ ।

‡ਇਹ ਗੁਰ ਨਾਨਕ ਵਾਕ ਨਹੀਂ, ਫਰੀਦ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਲੋਕ ਹੈ ਤੇ ਉਸ ਦਾ ਐਉਂ ਸ਼ੁੱਧ ਪਾਠ ਹੈ:–'ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥ ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ' ॥ ੩੭ ॥

ਭਯੋ। 'ਦੋਖ ਅਰੋਪਤਿ ਇਨ ਕੇ ਮਾਂਹੀ॥ ਅਪਨੇ ਅੰਗ ਸਪਰਸਤਿ ਨਾਂਹੀ[1]' ॥੨੭॥ ਪਰਸ਼ੁਰਾਮ ਕੋ ਕਹਿ ਅਵਨੀਪਾ। 'ਅਬ ਕੇ ਬਹੁਰੋ ਜਾਇ ਸਮੀਪਾ॥ ਸੁੰਦਰ ਭੂਖਨ ਬਸਨ ਸੁਹਾਏ। ਦੇਵਹੁ ਤਿਨ ਜੇ ਮਨ ਲਲਚਾਏ' ॥੨੮॥ ਲੇ ਮੰਤ੍ਰੀ ਭੂਖਨ ਪਟ[2] ਰੂਰੇ[3]। ਆਇ ਧਰੇ ਆਗੈ ਗੁਰੁ ਪੂਰੇ। 'ਲੇਹੁ ਭੇਟ ਇਹੁ ਭੂਪ ਪਠਾਈ'। ਦੇਖਤਿ ਸ੍ਰੀ ਗੁਰੁ ਗਿਰਾ ਅਲਾਈ ॥੨੯॥

ਕਾਇਆ ਕਪੜੁ ਕੂੜੁ ਹੈ ਇਨਕੋ ਦੇਖਿ ਨ ਭੂਲ ॥ ਸੁਇਨਾ ਰੁਪਾ ਮਾਲ ਧਨ
ਏਈ ਨਰਕ ਕੇ* ਮੂਲ[4]† ॥ ੩ ॥

ਚੌਪਈ ॥ 'ਕਾਂਇਆਂ ਆਦਿ ਕਪੜ ਹੈਂ ਕੂੜੇ। ਇਨ ਬਿਲੋਕ ਭੂਲਤਿ ਹੈਂ ਮੂੜੇ।ਹਮਰੇ ਏਹੁ ਨ ਕਿਸਹੂੰ ਕਾਜਾ॥ਜਾਇ ਦੀਜੀਏ ਆਪਨ ਰਾਜਾ'॥੩੦॥ ਸੁਨਿ ਮੰਤ੍ਰੀ ਗਾ[5] ਨਿਕਟ ਰਜਾਨਾ। ਅਸ ਪ੍ਰਕਾਰ ਮੁਖ ਬਚਨ ਬਖਾਨਾ। 'ਉੱਤਮ ਸੰਤ ਸੁਸ਼ੀਲ ਉਦਾਰਾ। ਕਛੂ ਨ ਲੇਵਤਿ ਪਠਯੋ ਤੁਮਾਰਾ ॥ ੩੧॥ ਚਲਹੁ ਆਪ ਤਿਹ ਦਰਸ਼ਨ ਕੀਜੈ। ਸ੍ਰੀ ਨਾਨਕ ਕੋ ਪਰਖ ਪਤੀਜੈ'। ਸੁਨਤਿ ਸੁਮਤਿ ਕੇ ਭੂਪਤਿ ਬੈਨਾ। ਗਮਨਯੋ ਆਪ ਨਿਕਟ ਗੁਨ ਐਨਾ। ॥੩੨॥ ਭੀਰ ਨਰਨ ਕੀ ਲੀਨੇ ਸੰਗਾ। ਮਿਲਨ ਹੇਤੁ ਸਤਿਗੁਰੂ ਉਮੰਗਾ[6]। ਪਹੁੰਚਯੋ ਉਪਬਨ, ਹੋਇ ਸਮੀਪਾ। ਪਦ ਬੰਦਨ ਕੀਨੀ ਅਵਨੀਪਾ ॥੩੩॥ ਦਰਸ ਬਿਲੋਕਤਿ ਬਧਯੋ ਅਨੰਦਾ। ਜਿਉਂ ਸਾਗਰ ਪਿਖਿ ਪੂਰਨ ਚੰਦਾ[7]। ਬਹੁਰ ਠਾਂਢ ਭਾ ਗੁਰੂ ਅਗਾਰੀ। ਸ੍ਰੀ ਨਾਨਕ ਤਬ‡ਗਿਰਾ ਉਚਾਰੀ॥੩੪॥

ਸੁਨਿ ਰਾਜਾ ਸਿਵਨਾਭ ਤੂੰ ਸੁਭ ਮਤਿ ਤੇਰੀ ਰਾਸ॥ ਨਾਨਕ ਪੜਦਾ ਦੂਰਿ
ਕਰਿ ਹੋਵੇਂ ਦਾਸਨ ਦਾਸ† ॥ ੪ ॥ ਚੌਪਈ ॥

ਸੁਨਿ ਸ੍ਰੀ ਗੁਰੁਕੇ ਬਚਨ ਰਜਾਨਾ[8]।ਨਿਸ਼ਚਾ§ਭਯੋ ਰਿਦੇ ਸੁਖ ਮਾਨਾ॥-ਤਦਪਿ ਏਕ ਨਿਸ ਲਿਊਂ ਪਤਿਆਰਾ[9]।ਪੰਥ‖ ਕਰੋਂ ਪੁਨ ਅੰਗੀਕਾਰਾ-॥੩੫॥ ਅਸ ਮਨ ਠਾਨਿ ਗਯੋ ਨਿਜ ਧਾਮਾ॥ਉਪਬਨਿ ਰਾਜਤਿ ਪੂਰਨਕਾਮਾ[10]। ਬਹੁ ਸੁੰਦਰ ਪਰਯੰਕ[11]ਪਠਾਏ¶।ਸੇਵਨ ਹਿਤ ਸੇਵਕ ਤਬ ਆਏ॥੩੬॥ਰੈਨਿਭਏ ਪਦਮਨਿ[12]ਬੁਲਵਾਈ॥ਭੂਪਤਿ ਤਿਹ ਸੋਂ ਗਿਰਾ ਅਲਾਈ। 'ਸੁੰਦਰ ਸਖੀਆਂ

---

[1]ਛੂੰਹਦੇ ਨਹੀਂ। [2]ਪੱਟ ਦੇ ਬਸਤਰ। [3]ਸੁੰਦਰ। [4]ਜੜ੍ਹ। [5]ਗਿਆ। [6]ਚਾਉ ਭਰਿਆ। [7]ਪੂਰਨ-ਮਾਸ਼ੀ ਦੇ ਚੰਦ ਨੂੰ। [8]ਰਾਜਾ। [9]ਪਰਤਾਵਾ। [10]ਭਾਵ ਗੁਰੂ ਜੀ। [11]ਪਲੰਘ। [12]ਚਾਰ ਪ੍ਰਕਾਰ ਦੀਆਂ ਇਸਤ੍ਰੀਆਂ ਵਿਚੋਂ ਸਭ ਤੋਂ ਸ਼੍ਰੇਸ਼ਟ।

*ਪਾ:-ਕੋ, ਕਾ †ਇਹ ਦੋਵੇਂ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹਨ। ‡ਪਾ:-ਮੁਖ। §ਪਾ:-ਮਗਨ। ‖ਪਾ:-ਪੇਖ। ¶ਪਾ:-ਡਸਾਏ।

ਲੇਕਰਿ ਸੰਗਾ। ਤਾਂਹਿ ਸੰਤ ਉਪਜਾਉ ਅਨੰਗਾ[੧]॥੩੭॥ਤਿਨ ਸੁਨਿ ਨਵ-ਸਤ[੨] ਕੀਨ ਸ਼ਿੰਗਾਰਾ॥ ਭੂਖਨ[੩] ਪਟ[੪]ਸੁਠ[੫]ਅੰਜਨ[੬]ਡਾਰਾ। ਉਪਬਨ ਵਿਖੈ ਆਨਿ ਤਤਕਾਲਾ॥ਰੂਪ ਅਨੂਪਮ ਰੁਚਿਰ ਬਿਸਾਲਾ॥੩੮॥ਗੌਰ ਰੰਗ ਕੰਚਨ ਗਜਗੌਨੀ[੭] ।ਕਚ[੮]ਮੇਚਕ[੯]ਜਨੁ[੧੦]ਕੰਦ੍ਰਪ ਛੌਨੀ[੧੧] ।ਪੀਨ[੧੨] ਉਰੋਜਨ,ਖੰਜਨ-ਨੈਨੀ[੧੩] । ਕਟ[੧੪]ਜਿਨ[੧੫] ਛੀਨ[੧੬] ਕੋਕਲਾ[੧੭] ਬੈਨੀ[੧੮] ॥੩੯॥ ਬਰਖ ਚਤੁਰ-ਦਸ[੧੯] ਕੀ ਕਿਹ[੨੦] ਬੈਸਾ। ਕੋ ਖੋੜਸ ਕੀ ਰੂਪ ਸੁਦੇਸ਼ਾ[੨੧]। ਚਲਤਿ ਹੋਤਿ ਭੂਖਨ ਝੁਨਕਾਰਾ। ਮਨਹੁ ਮਦਨ[੨੨] ਕੋ ਬਜਤਿ ਨਗਾਰਾ ॥੪੦॥ ਜਿਨਕੋ ਚਿਤਵਨ[੨੩]ਬਾਨ ਸਮਾਨਾ[੨੪]।ਭ੍ਰਿਕੁਟੀ[੨੫]ਕੁਟਿਲ[੨੬] ਧਨੁਖ[੨੭] ਪਰਮਾਨਾ[੨੮]। ਮਨਹੁ ਭੂਪ ਇਕ ਕੀਨ ਬਹਾਨਾ। ਆਵਾ ਮਦਨ ਕਰਨ ਪਤਿਯਾਨਾ[੨੯] ॥ ੪੧ ॥ ਜਹਿਂ ਅਰਬਿੰਦ ਬਿਲੋਚਨਿ[੩੦]ਰਾਜਤਿ[੩੧]। ਤਹਿਂ ਬੈਸੀ,ਜਿਨ ਪਿਖ ਰਤਿ[੩੨] ਲਾਜਤਿ। ਕਰ ਕਮਲਨ ਸੋਂ ਚਰਨ ਮੁਕੰਦਾ॥ ਚਾਂਪਤਿ ਭੀ[੩੩] ਧਰਿ ਰਿਦੇ ਅਨੰਦਾ ॥੪੨॥ ਮੰਦ ਮੰਦ[੩੪] ਕਰਿ ਮੁਖ ਮੁਸ਼ਕਾਵਨ। ਰਿਦੈ ਚਹਿਤਿ ਹੈ ਮਦਨ[੩੫]ਬਢਾਵਨ।ਕਰਿ ਕਟਾਖ[੩੬]ਗੁਰੁ ਓਰ ਨਿਹਾਰੀ। ਮਧੁਰ ਮ੍ਰਿਦੁਲ ਮੁਖ ਗਿਰਾ ਉਚਾਰੀ॥੪੩॥ਮਨਹੁ ਕਾਮ ਕੀ ਬਾਜੀਬੀਨਾ[੩੭]।ਜੋ ਸੁਰ ਮੁਨਿ ਕੋ ਕਰਤਿ ਅਧੀਨਾ॥'ਸੁਨਹੁ ਸੰਤਜੀ ਬਚਨਨ ਪੂਰੇ॥ਹੌਂਆਈ ਦਰਸ਼ਨ ਹਿਤ ਰੂਰੇ॥੪੪॥ਸ਼ੰਕਾ ਤਜਿਯੇ ਬਦਨਮਯੰਕੇ[੩੮]॥ਹਮਹਿਂ ਬਿਲੋਕ ਕਟਾਖਨ ਬੰਕੇ। ਇਸਤ੍ਰਿਨਿ ਮਹਿਂ ਜੋ ਪਦਮਨਿਜਾਤੀ[੩੯]।ਸੋਂ ਮੁਝ ਮਹਿਂ ਲੱਖਨ ਬੱਖ੍ਯਾਤੀ[੪੦] ॥ ੪੫ ॥ ਸੁੰਦਰ ਮੋਰ ਕਠੋਰ ਉਰੋਜਾ। ਕਰਹੁ ਸਪਰਸ਼ਨ ਪਾਨ ਸਰੋਜਾ[੪੧]

---

੧ਕਾਮ ਉਪਜਾਵੇ। ੨੯+੭=੧੬ । ੩ਗਹਿਣੇ। ੪ਬਸਤ੍ਰ । ੫ਸੁੰਦਰ। ੬ਸੁਰਮਾਂ । ੭ਸੋਨੇ ਵਰਗਾ ਗੋਰਾ ਰੰਗ ਤੇ ਚਾਲ ਹਾਥੀ ਵਰਗੀ। ੮ਵਾਲ । ੯ਕਾਲੇ । ੧੦ਮਾਨੋਂ। ੧੧ਕਾਮਦੇਵ ਦੀ ਪੁੱਤ੍ਰੀ। ਛੌਨਾ=ਜਾਨਵਰ ਦਾ ਬੱਚਾ । ੧੨ਕਠੋਰ। ੧੩ਮਮੋਲੇ ਵਰਗੇ ਨੇਤ੍ਰਾਂ ਵਾਲੀਆਂ। ੧੪ਲੱਕ। ੧੫ਜਿਨ੍ਹਾਂ ਦਾ। ੧੬ਪਤਲਾ। ੧੭ਕੋਇਲ ਵਤ। ੧੮ਬੋਲੀ ਵਾਲੀਆਂ। ੧੯ਚੌਦਾਂ। ੨੦ਕਿਸੇ ਦੀ। ੨੧ਸੁਹਣੇ ਰੂਪ ਤੇ ਸੁਹਣੇ ਅੰਗਾਂ ਵਾਲੀ। ੨੨ਕਾਮਦੇਵ । ੨੩ਨਜ਼ਰ। ੨੪ਤੀਰ ਵਰਗੀ ਹੈ। ੨੫ਭਰਵੱਟੇ। ੨੬ਟੇਢੇ। ੨੭ਕਮਾਨ । ੨੮ਵਰਗੇ। ੨੯ਰਾਜੇ ਦਾ ਇਕ ਬਹਾਨਾ ਬਨਾਕੇ ਕਾਮਦੇਵ ਆਪ ਅਜ਼ਮਾਇਸ਼ ਕਰਨ ਆਯਾ ਹੈ। ੩੦ਭਾਵ, ਸ਼੍ਰੀ ਗੁਰੂ ਨਾਨਕ ਦਵ ਜੀ। ੩੧ਬਿਰਾਸਦੇ ਹਨ। ੩੨ਕਾਮ ਦੀ ਇਸਤ੍ਰੀ। ੩੩ਦਬਾਉਣ ਲੱਗੀਆਂ। ੩੪ਹੌਲੇ । ੩੫ਕਾਮ । ੩੬ਮਟੱਕੇ। ੩੭ਬੀਨ ਵੱਜ ਪਈ ਹੈ। ੩੮ਹੇ ਚੰਦ੍ਰ ਮੁਖ। ੩੯ਪਦਮਨੀ ਜਾਤੀ ਹੈ। ੪੦ਪ੍ਰਗਟ ਹਨ। ੪੧ਹਸਤ ਕਮਲਾਂ ਨਾਲ।

ਅਧਰ ਮਧੁਰ ਅੰਮ੍ਰਿਤ ਕੀ ਨਜਾਈਂ।ਆਪ ਲੇਹੁ ਰਸ ਹ੍ਵੈ ਮਮ ਸਾਈਂ ॥੪੬॥ ਰੁਚਿਰ ਸਰੂਪ ਅਨੂਪ ਅਮੋਲਾ।ਮਿਲ ਮਨ ਭਾਵਤਿ ਕਰਹੁ ਕਲੋਲਾ। ਹੋਇ ਸਫਲ ਤਬਹੀ ਮਮ ਦੇਹਾ।ਗ੍ਰਹਣ ਕਰਉ ਜਬਧਰਿ ਉਰ ਨੇਹਾ॥੪੭॥ਕ੍ਰਿਪਾ-ਸਿੰਧੁ ! ਕਰਿ ਕ੍ਰਿਪਾ ਬਿਸਾਲਾ। ਪੂਰਹੁ ਸ਼ਰਧਾ ਕਰਹੁ ਨਿਹਾਲਾ'। ਅਸ ਜਬ ਬਾਨੀ ਭਨੀ ਅਧੀਨਾ[1]। ਬੋਲੇ ਸ੍ਰੀ ਗੁਰੂ ਗੁਨੀ ਪ੍ਰਬੀਨਾ[2] ॥ ੪੮ ॥ 'ਸੱਤਿਨਾਮੁ ਸਿਮਰਹੁ ਸੁਖ ਭਾਰੀ। ਸਫਲ ਜਨਮ ਕਰਿ ਲਿਹੁ ਇਹ ਬਾਰੀ। ਬਿਸ਼ੈ ਸਾਦ ਮਹਿਂ ਬੈਸ ਨ ਖੋਵਹੁ। ਹਰਿ ਕੋ ਭਜਹੁ ਮੁਕਤਿ ਸਭਿ ਹੋਵਹੁ'॥ ੪੯ ॥ ਸੋਰਠਾ ॥ 'ਹਮਸੋਂ ਕੀਜੈ ਭੋਗ'ਭਨਤਿ ਭਈ ਪੁਨ ਅੰਗਨਾ॥ 'ਹੇ ਤੁਮ ਪੂਰਨ ਜੋਗ ਪੂਰਨ ਕਰਿਯੇ ਕਾਮਨਾ' ॥ ੫੦ ॥ ਤਿਨਕੇ ਸੁਨਿ ਕਰਿ ਬੈਨ ਸ੍ਰੀਨਾਨਕ ਬੋਲਤਿ ਭਏ'ਹੋਇ ਰਿਦੈ ਸੁਖ ਚੈਨ ਸ਼ਬਦ ਕਮਾਵਨ ਕੀਜਿਯੈ[3] ॥੫੧॥

ਸ੍ਰੀ ਮੁਖਵਾਕ ॥ ਆਸਾ ਘਰੁ ੬ ਮਹਲਾ ੧ ॥

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥ ੧ ॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥ ੧ ॥ ਰਹਾਉ ॥ ਹਰਿ ਹਰਿ ਹਾਰੁ ਕੰਠਿਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰਿ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥ ੨ ॥ ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥ ੩ ॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥ ੪ ॥ ੧ ॥ ੩੫ ॥'

ਦੋਹਰਾ ॥ ਸਰਬ ਸਬਦ ਸਮਝਾਇ ਇਹ ਸ੍ਰੀ ਨਾਨਕ ਜਗਕੇਤ।
ਅਸ਼ਟਪਦੀ ਪੁਨ ਅਰਥ ਸੋਂ ਉਚਰੀ ਰਾਗ ਬਸੰਤ ॥ ੫੨ ॥

ਬਸੰਤੁ ਮਹਲਾ ੧ ॥

ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥ ੧ ॥ ਕਾਮੁ, ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥ ੧ ॥ ਰਹਾਉ ॥ ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ ਬੁਦਬੁਦਾ ਹੇਰਿ ॥ ਮਾਤ੍ਰ ਬੂੰਦ ਤੇ ਧਰਿ ਚਕੁਫੇਰਿ ॥ ਸਰਬ ਜੋਤਿ ਨਾਮੈ ਕੀ ਚੇਰਿ ॥ ੨ ॥ ਸਰਬ ਉਪਾਇ ਗੁਰੂ ਸਿਰਿਮੋਰੁ ॥ ਭਗਤਿ ਕਰਉ ਪਗ ਲਾਗਉ ਤੋਰ ॥ ਨਾਮਿ ਰਤੋ ਚਾਹਉ ਤੁਝ ਓਰੁ ॥ ਨਾਮੁ ਦੁਰਾਇ

---

[1]ਨਿੰਮ੍ਰੀ ਹੋਕੇ। [2]ਗੁਣ ਸੰਪੰਨ। [3]ਭਾਵ ਇਸ ਸਬਦ ਵਿਚ ਦੱਸੇ ਉਪਦੇਸ਼ ਤੇ ਅਮਲ ਕਰੋ।

ਚਲੈ ਸੋ ਚੋਰੁ ॥ ੩ ॥ ਪਤਿ ਖੋਈ ਬਿਖੁ ਅੰਚਲਿ ਪਾਇ ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥ ਜੋ ਕਿਛੁ ਕੀਨਸਿ ਪ੍ਰਭੁ ਰਜਾਇ ॥ ਭੈ ਮਾਨੈ ਨਿਰਭਉ ਮੇਰੀ ਮਾਇ ॥੪॥ ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗੁ ॥ ਖੀਲੈ ਬਿਗਸੈ ਤੇਤੋ ਸੋਗੁ ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥ ੫ ॥ ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ॥੬॥ਗਾਛਹੁ ਪੁਤ੍ਰੀ ਰਾਜਕੁਆਰਿ ॥ ਨਾਮੁ ਭਣਹੁ ਸਚੁ ਦੋਤ ਸਵਾਰਿ ॥ ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰਸਬਦੀ ਬਿਖੁ ਤਿਆਸ ਨਿਵਾਰਿ ॥ ੭ ॥ ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥ ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥ ੮ ॥ ੧ ॥

ਚੌਪਈ ॥ ਸੁਨਿ ਕਰਿ ਸ਼੍ਰੀ ਗੁਰ ਬਚਨ ਰਸਾਲਾ। ਮਹਿਮਾ ਨਾਮ ਮੁਕਤਿ ਜਨੁ[੧] ਮਾਲਾ[੨]। ਉਰ ਪਹਿਰਾਇ ਪਰਮ ਭਾ ਪ੍ਰੇਮਾ। ਸਿਮਰਨ ਲਿਵ ਲਗਿ ਮਗ[੩] ਜੋ ਖੇਮਾ[੪] ॥ ੫੩ ॥ ਜਿਉਂ ਬਿਰਾਟਿਕਾ[੫] ਜਾਚਤਿ ਕੀਰਾ[੬]। ਹੋਇ ਅਚਾਨਕ ਪ੍ਰਾਪਤਿ ਹੀਰਾ[੭]। ਤਿਉਂ ਅਨੰਦ ਭਾ ਬਰਨ ਨ ਜਾਈ। ਬਿਖੈ ਬਾਸ਼ਨਾ ਅਗਨਿ ਬੁਝਾਈ ॥ ੫੪ ॥ ਚਰਨ ਸੇਵ ਕੀਨੀ ਸਭਿ ਜਾਮਨਿ[੮]। ਮਿਹਰਿ ਦ੍ਰਿਸ਼ਟਿ ਤੇ ਉਧਰੀ ਕਾਮਨਿ[੯]। ਭੋਰ ਭਈ[੧੦] ਜਹਿਂ ਥੋ ਅਵਨੀਪਾ। ਪਹੁੰਚੀ ਤਾਂਕੇ ਜਾਇ ਸਮੀਪਾ ॥ ੫੫ ॥ ਨ੍ਰਿਪਤਿ[੧੧] ਬਿਲੋਕਤਿ ਬਚਨ ਬਖਾਨਾ। 'ਕਹਹੁ ਸੰਤੁ ਨਿਸ ਕਸ ਪਹਿਚਾਨਾ ?। ਕਾਮਾਤੁਰ ਕਰਿ ਜਿਤਯੋ ਕਿ ਨਾਂਹੀ। ਜਸ[੧੨] ਬੀਤੀ ਤਸ ਕਹੁ ਮੁਝ ਪਾਹੀ[੧੩]' ॥੫੬॥ ਸਰਬ ਅੰਗਨਾ ਮੈਂ ਜੋ ਪਰਧਾਨਾ। ਸੋ ਬੋਲੀ 'ਸੁਨਿਯੇ ਰਾਜਾਨਾ[੧੪] !। ਪੂਰਬ ਬਹੁ ਫਕੀਰ ਜੇ ਆਏ। ਦੇਖਿ ਰੂਪ ਤਿਯ[੧੫]* ਸਭੈ ਲੁਭਾਏ ॥੫੭॥ ਇਨਸੋਂ ਹਾਵਭਾਵ[੧੬] ਮੈਂ ਕੀਨੇ। ਜਿਨ ਬਿਲੋਕਿ[੧੭] ਮੁਨਿ ਤਪੀ ਭੁਲੀਨੇ। ਇਨ ਕੇ ਤਨ ਕੋ ਤਨਕ ਨ ਪਰਸੇ। ਰਹੇ ਅਡੋਲ ਸਿ ਕੰਚਨ ਗਿਰ ਸੇ[੧੮] ॥ ੫੮ ॥ ਕ੍ਰਿਪਾ ਦ੍ਰਿਸ਼ਟਿ ਪੁਨ ਹਮ ਪਰ ਕੀਨੀ। ਹਰਿ ਸਿਮਰਨ ਕ ਰਸ ਮਤਿ ਭੀਨੀ[੧੯]। ਇਹ ਤੌ ਪੂਰਨ ਪੁਰਖ ਕ੍ਰਿਪਾਲਾ। ਜਿਸਕੋ ਦਰਸ਼ਨ ਕਰਤਿ ਨਿਹਾਲਾ ॥ ੫੯ ॥

[੧]ਮਾਨੋਂ। [੨](ਭਾਵ—ਨਾਮ ਰੂਪੀ ਮੋਤੀਆਂ ਦੀ) ਮਾਲਾ (ਪੁਆਈ)। [੩]ਰਸਤਾ। [੪](ਭਾਵ) ਮੁਕਤੀ (ਦੇ ਰਸਤੇ ਸਿਮਰਨ ਦੀ ਲਿਵ ਲੱਗ ਗਈ)। [੫]ਕੌਡੀ ਮੰਗ ਰਹੇ। [੬]ਕੰਗਾਲ ਨੂੰ। [੭]ਹੀਰਾ ਮਿਲ ਜਾਏ। [੮]ਸਾਰੀ ਰਾਤ। [੯]ਇਸਤ੍ਰੀਆਂ। [੧੦]ਸਵੇਰ ਹੋਈ। [੧੧]ਰਾਜਾ ਨੇ। [੧੨]ਜਿਵੇਂ। [੧੩]ਮੇਰੇ ਪਾਸ। [੧੪]ਹੇ ਰਾਜਾ। [੧੫]ਤੀਮੀਂ ਦਾ। [੧੬]ਅਦਾਵਾਂ। [੧੭]ਦੇਖਕੇ। [੧੮]ਸੁਮੇਰ ਪਰਬਤ ਵਾਂਙੂ। [੧੯](ਸਾਡੀ) ਮਤ ਭਿੱਜ ਗਈ/

*ਪਾঃ—ਤ੍ਰੀਯ।

ਪੂਰਬ ਜਨਮ ਕਰਸ ਹਮ ਜਾਗੇ । ਤੌ ਪੁਰਸ਼ੋਤਮ[1] ਸੇਵਾ ਲਾਗੇ । ਸਰਬ ਰੈਨਿ ਦੇਕਰਿ ਉਪਦੇਸ਼ਾ । ਕਿਯੋ ਕ੍ਰਿਤਾਰਥ[2], ਸੁਨਹੁ ਨਰੇਸ਼ਾ ॥ ੬੦ ॥ ਬਿਸ਼ੈ ਭੋਗ ਬਿਸ਼ਟਾ ਕੀ ਨ੍ਯਾਈਂ । ਦੁਰਗੰਧਤਿ ਸੋ ਹਮੈ ਨ ਭਾਈ। ਰਿਦੇ ਸ਼ਾਂਤਿ ਪ੍ਰਾਪਤਿ ਸਭਿ ਭਾਂਤੀ। ਸੁਨਤਿ ਬਚਨ ਭੀ ਸੀਤਲ ਛਾਤੀ ॥ ੬੧ ॥ ਕਾਢਿ ਨਰਕ ਤੇ ਸੁਰਗ ਪੁਚਾਏ । ਐਸੋ ਸੰਤ ਪਿਖ੍ਯੋ ਨਿਸ ਜਾਏ'। ਸੁਨਤਿ ਭੂਪ[3] ਮਨ ਮਹਿੰ ਹਰਖਾਨਾ[4] ।–ਹੈ ਇਹ ਸ੍ਰੀ ਨਾਨਕ ਗਤਿ ਦਾਨਾ ॥੬੨॥ ਕਲੀ ਕਾਲ ਕੀ ਪ੍ਰਬਲ ਕੁਚਾਲੀ। ਜਤ ਸਤ ਤੈ ਕਿਯ ਨਰ ਸਭਿ ਖਾਲੀ। ਬਿਨ ਸ੍ਰੀ ਨਾਨਕ ਕੋਇ ਨ ਪੂਰਨ–। ਅਸ ਵਿਚਾਰ ਗਮਨ੍ਯੋ ਪੁਨ ਤੂਰਨ ॥੬੩॥ ਪਗ ਨੰਗੇ ਕਰਿ ਪ੍ਰੇਮ ਸੁ ਗਾਢੋ ਗਯੋ ਸੁ ਗੁਰ ਤਰੁਵਰ ਤਰ ਠਾਂਢੋ[5] । ਪੀਠ ਕਰੇ ਭੂਪਤਿ ਕੀ ਓਰਾ । ਤਨਕ ਨ ਚਿਤਵਨ ਹਿਤ ਮੁਖ ਮੋਰਾ[6] ॥ ੬੪ ॥ ਕੀਨਿ ਡੰਡੌਤ ਭੂਪ ਬਿਧਿ ਨੀਕੀ। ਵਧੀ ਚਰਨ ਪਰ ਸ਼ਰਧਾ ਹੀ[7]* ਕੀ। ਬੰਦਿ ਹਾਥ ਹੋਯੋ ਪੁਨਿ ਠਾਂਢਾ। ਡੋਲ੍ਯੋ ਰਿਦੈ ਨ ਨਿਸ਼ਚਾ ਗਾਢਾ ॥੬੫॥ ਸ਼੍ਰੀ ਗੁਰ ਮੁਖ ਤੇ ਤੂਸਨਿ ਠਾਨੀ। ਕਛੁ ਨ ਭੂਪ ਸੰਗ ਬੋਲੇ ਬਾਨੀ। ਜਬ ਇਉਂ ਬੀਤੇ ਜਾਮ[8] ਅਢਾਈ। ਡੁਲ੍ਯੋ ਨ ਸੋਇ[9] ਰਹ੍ਯੋ ਥਿਰਥਾਈ[10] ॥ ੬੬ ॥ ਤਬ ਬੋਲੇ ਸ਼੍ਰੀ ਗੁਰੂ ਮੁਕੰਦਾ। 'ਹੈ ਭੂਪਤਿ ਤੁਝ ਕੁਸ਼ਲ ਅਨੰਦਾ ?। ਕਹਹੁ ਆਪਨੀ ਮਨ ਅਭਿਲਾਖਾ। ਖਰੋ ਹੋਨਿ ਜਾਂਤੇ ਪ੍ਰਨ ਰਾਖਾ' ॥੬੭॥ ਦੋਹਰਾ ॥ ਬੇਦੀ ਖੱਤ੍ਰੀ ਜਾਤ ਜੋ ਨਾਨਕ ਨਾਮ ਅਨੂਪ। ਮਨਸੁਖ ਕੋ ਬੂਝਣ ਕਰੀ ਲਿਖਿ ਲੀਨੀ ਤਬ ਭੂਪ[11] ॥੬੮॥ ਚੌਪਈ ॥ ਤਿਨ ਬੂਝਨ ਕੇ ਹੇਤ ਭੁਵਾਲਾ। ਬੋਲ੍ਯੋ 'ਸੁਨਹੁ ਸੰਤ ਕਿਰਪਾਲਾ !। ਅਪਨੋ ਨਾਮ ਜਾਤ ਮੁਝ ਤਾਂਈ । ਨਿਜ ਕਰਿ ਕਰੁਨਾ ਦੇਹੁ ਸੁਨਾਈ ॥ ੬੯ ॥ ਮਨ ਅਭਿਲਾਖ ਕਹੌਂ ਸਭਿ ਪਾਛੇ । ਜਬ ਮੈਂ ਜਾਨਿ ਲੇਉਂ ਬਿਧਿ ਆਛੇ'। ਸੁਨਿ ਕਰਿ ਸ਼੍ਰੀ ਨਾਨਕ ਜਗ ਸਾਈਂ। ਸ਼੍ਰੀ ਮੁਖ ਸੌਂ ਸ਼ੁਭ ਗਿਰਾ ਅਲਾਈ ॥ ੭੦ ॥

ਸ਼੍ਰੀ ਮੁਖ ਵਾਕ ॥ ਮਾਰੂ ਮਹਲਾ ੧ ॥ ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾਕੈ

---

[1]ਭਾਵ ਗੁਰੂ ਨਾਨਕ ਜੀ ਦੀ। [2]ਨਿਹਾਲ ਕੀਤਾ। [3]ਰਾਜਾ। [4]ਪ੍ਰਸੰਨ ਹੋਇਆ। [5]ਜਿਸ ਬ੍ਰਿੱਛ ਹੇਠ ਗੁਰੂ ਜੀ ਬੈਠੇ ਸਨ ਉਥੇ ਗਿਆ। [6]ਗੁਰੂ ਜੀ ਨੇ ਪਿੱਠ ਕਰ ਲਈ ਰਤੀ ਮੂੰਹ ਨਾ ਭੁਆਇਆ ਦੇਖਣ ਲਈ। [7]ਹਿਰਦੇ। [8]ਪਹਿਰ। [9]ਉਹ। [10]ਸਥਿਰ। [11]ਮਨਸੁਖ ਤੋਂ ਪੁੱਛਕੇ ਰਾਜੇ ਨੇ ਲਿਖ ਲਿਆ ਸੀ ਤਦੋਂ। *ਪਾ:-ਜੀ।

ਮੈਲੁ ਨ ਰਾਤੀ ॥ ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥ ੧ ॥

ਚੌਪਈ ॥ ਸਮਝ ਭੂਪ ਕਛੁ ਔਰੈ ਰੀਤੀ। ਬੋਲਯੋ ਬਹੁਰ ਬੂਝਨੇ ਪ੍ਰੀਤੀ[1]। 'ਜੋਗੀ ਰੂਪ ਆਪਕੋ ਅਹੈ?'। ਅਸ ਸੁਨਿ ਪੁਨ ਸ੍ਰੀ ਨਾਨਕ ਕਹੈਂ ॥੭੧॥

ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥ ਜਾਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥ ੧ ॥ ਰਹਾਉ ॥

ਚੌਪਈ ॥ ਅਸ ਸੁਨਿ ਬੋਲਯੋ ਬਹੁਰ ਰਜਾਨਾ* ।ਸਮਝਤਿ ਕਛੂ ਆਨ ਤੇ ਆਨਾ[2] । 'ਜੇ ਬ੍ਰਹਮਣ ਹੈ ਤੁਮਰੀ ਜਾਤੀ। ਕਰੁਨਾ ਕਰਿ ਕਹਿਯੇ ਬਖ੍ਯਾਤੀ' ॥ ੭੨ ॥

ਬ੍ਰਹਮਣੁ ਬ੍ਰਹਮੁ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥ ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥੨॥

ਚੌਪਈ ॥ ਸੁਨਿ ਕਰਿ ਐਸੇ ਬਚਨ ਅਨੂਪਾ।ਬਹੁਰੋ ਬੋਲਤਿ ਭਾ ਬਚ†ਭੂਪਾ। 'ਜਾਤਿ ਤੁਮਾਰੀ ਖੱਤ੍ਰੀ ਅਹੈ?'ਸੁਨਿ ਇਉਂ ਕਮਲ ਨੈਨ ਪੁਨਿ ਕਹੈਂ॥੭੩॥

ਜਿਹਬਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ ॥ ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ ॥ ੩ ॥

ਚੌਪਈ ॥ ਤਦਪਿ ਨ ਨਿਸ਼ਚਾ ਭੂਪਤਿ ਆਵਾ। ਮਨਕੇ ਵਿਖੈ ਅਧਿਕ ਅਕੁਲਾਵਾ।-ਨਿਰਨੈ ਕਰਿ ਨਹਿਂ ਜਾਤਿ ਬਤਾਵੈਂ। ਨਹਿਂ ਨਿਜ ਆਨਨ ਨਾਮੁ ਅਲਾਵੈਂ-॥੭੪॥ ਦੋਹਰਾ ॥'ਸਾਧ ਗ੍ਰਿਹਸਤੀ ਜਗਤ ਮੈਂ ਔਰ ਸੇਮੁਖੀ[3] ਸੰਤ‡। ਉਭਯ ਮੱਧ[4] ਤੁਮ ਕੌਨ ਹੋ? ਕਹੋ ਸੰਤ ਜੀ ਮੰਤ§' ॥ ੭੫ ॥

ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵਲਾਗੀ ਜੀਅਹੁ ਰਹੈ ਨਿਭਰਾਤੀ ॥ ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥ ੪ ॥

ਚੌਪਈ ॥ ਬਹੁ ਵਿਚਾਰ ਕਰਿ ਸੋਚਨ ਲਾਗਾ। ਘਟੀ ਬਿਤੈ[5]ਪੁਨ ਕਹਿ ਵਡ-ਭਾਗਾ। 'ਜੇ ਤੁਮ ਗੋਰਖ? ਦੇਹੁ ਬੁਝਾਈ'। ਸੁਨਿ ਕਰਿ ਸਤਿਗੁਰੁ ਗਿਰਾ ਅਲਾਈ ॥੭੬ ॥

ਊਪਰਿ ਗਗਨੁ ਗਗਨ ਪਰਿ ਗੋਰਖੁ ਤਾਕਾ ਅਗਮੁ ਗੁਰੂ ਪੁਨਿ ਵਾਸੀ ॥ ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥ ੫ ॥ ੧੧ ॥

---

[1]ਪੁੱਛਣ ਵਾਸਤੇ ਪ੍ਰੀਤੀ ਧਾਰਕੇ। [2]ਹੋਰ ਤੋਂ ਹੋਰ। [3]ਬੁਧੀਮਾਨ (ਅ) ਆਜ਼ਾਦ ਵਿਚਰਨ ਵਾਲੇ (ੲ) ਸੁਮੁਖ=ਸੁਹਣੇ। [4]ਦੋਹਾਂ ਵਿਚੋਂ। [5]ਘੜੀ ਬੀਤੀ ਤੇ।

*ਪਾ:-ਤਬ ਰਾਜਾਨਾ। †ਪਾ:-ਤਬ।

‡ਪਾ:-ਸੇਮੁਖੀ ਜਾਨਤ ਵੰਤ। ਵਾ-ਸੇਮੁਖ ਜਾਨ ਭਵੰਤਿ।

§ਏਹ ਦੋਹਰਾ ਛਾਪੇ ਦੇ ਨੁਸਖਿਆਂ ਵਿਚ ਨਹੀਂ ਹੈ, ਲਿਖਤੀ ਵਿਚ ਹੈ।

ਚੌਪਈ॥ ਸੁਨੀ ਜਬਹਿ ਬਾਨੀ ਸੁਖ ਰਾਸੀ। ਜਾਨਹੁ[1]–ਨਾਨਕ ਭਇਆ ਉਦਾਸੀ–। ਨਿਸ਼ਚਾ ਦ੍ਰਿੜ੍ਹ ਕੀਨੋ ਮਨ ਰਾਊ। ਬਹੁਰ ਨ ਕਬਹੂੰ ਭਯੋ ਡੁਲਾਊ॥੭੭॥ ਪ੍ਰੇਮ ਵਿਖੈ ਭੀ ਗਦਗਦ ਬਾਨੀ। ਭਨਤਿ ਬਿਨੈ ਉਸਤਤਿ ਪਦ ਸਾਨੀ[2]। 'ਜਨਮ ਧੰਨ ਵਡਭਾਗ ਹਮਾਰਾ। ਜਾਂ ਤੇ ਦਰਸ਼ਨ ਭਯੋ ਤੁਮਾਰਾ॥ ੭੮॥ ਮਨ ਮੇਰੇ ਕੀ ਜਾਨਹੁ ਸ੍ਵਾਮੀ!। ਬਨੈ ਨ ਕਹਿਬੋ, ਅੰਤਰਜਾਮੀ!। ਅਸ ਨ ਮਨੀਖਾ[3] ਤੁਮੈਂ ਪਛਾਨੋਂ। ਰਸਨਾ ਸਕਤਿ ਨ ਨੁਤਹਿ[4] ਬਖਾਨੋਂ'॥ ੭੯॥ ਕਹਿ ਇਉਂ ਤੀਨ ਪ੍ਰਦੱਖਨਿ ਦੀਨੀ। ਚਰਨ ਕਮਲ ਪਰ ਬੰਦਨ ਕੀਨੀ। 'ਸਰਬ ਭਾਂਤਿ ਮੁਝ ਦਾਸ ਜਨੀਜੈ। ਚਲਿ ਕਰਿ ਭਵਨ ਪੁਨੀਤ ਕਰੀਜੈ' ॥੮੦॥ [5]"ਪੂਰਬ ਧਰਮਸਾਲ ਬਨਿਵਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ'। ਸੁਨਿ ਕਰਿ ਭੂਪਤਿ ਸਦਨ ਸਿਧਾਯੋ। ਕਹਯੋ ਜੁ ਗੁਰੁ ਸੁ ਅਰੰਭ ਕਰਾਯੋ ॥੮੧॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੰਗਲਾਦੀਪ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋਂ ਅਧਯਾਯ॥ ੪੭॥

## ੪੮. [ਧਯਾਨ ਮਹਿਮਾ। ਸ਼ਿਵਨਾਭ ਪ੍ਰਤਿ ਉਪਦੇਸ਼। ਯੋਗ]

ਦੋਹਰਾ॥ ਸ੍ਰੀ ਗੁਰੁ ਧਯਾਨ ਸੁ ਭਾਨੁ ਸਮ ਰਿਦਾ ਕਮਲ ਬਿਗਸਾਇ।
ਕਵਿਤਾ ਰਚੌਂ ਜਥਾਮਤੀ ਕਹੌਂ ਕਥਾ ਸੁਖਦਾਇ॥ ੧॥

{ ਭਾਨੁ=ਸੂਰਜ।
ਜਥਾਮਤੀ=(ਅਪਨੀ) ਮਤਿ ਅਨੁਸਾਰ, ਬੁੱਧੀ ਅਨੁਸਾਰ। }

**ਅਰਥ**–ਸ੍ਰੀ ਗੁਰੂ ਜੀ ਦਾ ਧਯਾਨ ਸੂਰਜ ਸਮਾਨ ਹੈ, (ਜੋ) ਹਿਰਦੇ (ਰੂਪੀ) ਕਮਲ ਨੂੰ ਖਿੜਾ ਦਿੰਦਾ ਹੈ (ਇਸ ਖਿੜੇ ਹਿਰਦੇ ਦੀ ਦਸ਼ਾ ਵਿਚ ਮੈਂ ਅਪਨੀ) ਮਤਿ ਅਨੁਸਾਰ ਕਵਿਤਾ ਰਚਕੇ ਸੁਖਦਾਈ ਕਥਾ (ਅੱਗੋਂ) ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ॥ ਚੌਪਈ॥ ਬਹੁ ਲੋਕਨ ਬੁਲਿਵਾਇ ਭੁਵਾਲਾ[6]। ਰਚੀ ਧਰਮਸਾਲਾ ਤਤਕਾਲਾ। ਮ੍ਰਿਗਮਦ[7] ਚੰਦਨ ਅਗਰ ਕਪੂਰਾ। ਕੀਨ ਸੁ ਲੇਪਨ ਤਾਂਸੋ ਰੂਰਾ॥੨॥ ਬਹੁ ਸੁੰਦਰ ਤਿਹਂ ਦਰ ਬਨਿਵਾਏ। ਭਾਂਤਿ ਅਨੇਕ ਵਿਛੌਨਾ ਛਾਏ[8]। ਸਰਬ ਗੁਲਾਬ ਕੀਨ ਛਿਰਕਾਵਾ। ਬਹੁ ਸੁਗੰਧਿ ਜਾਂ ਮਹਿਂ ਮਹਿਕਾਵਾ ॥੩॥ ਤਾਂ ਮਹਿਂ ਏਕ ਪ੍ਰਯੰਕ ਡਸਾਯੋ*। ਊਪਰ ਰੁਚਿਰ ਬਿਛੌਨ

---

[1]ਜਾਨਿਆਂ (ਰਾਜੇ ਨੇ)। [2]ਪਦਾਂ ਨਾਲ ਮਿਲੀ ਹੋਈ। [3]ਐਸੀ ਮੇਰੀ ਬੁੱਧੀ ਨਹੀਂ ਜੋ। [4]ਉਸਤਤੀ। [5]ਗੁਰੂ ਜੀ ਬੋਲੇ। [6]ਰਾਜੇ ਨੇ। [7]ਕਸਤੂਰੀ। [8]ਵਿਛਾਏ।

*ਪਾ:–ਵਿਛਾਯੋ।

ਬਿਛਾਯੋ* । ਅਸ ਪ੍ਰਕਾਰ ਕੀ ਰਚਨਾ ਕਰਿਕੈ । ਗਮਨਯੋ ਭੂਪ ਭਾਉ ਉਰ ਧਰਿਕੈ॥੪॥ਜਬ ਆਵਾ ਉਪਬਨ ਕੇ ਮਾਂਹੀ।ਸ਼੍ਰੀ ਨਾਨਕ ਤਹਿਂ ਦੇਖੇ ਨਾਂਹੀ। ਪਰਖਨ ਭਾਉ ਭੂਪ[1],ਗਤਿਦਾਨਾ। ਭਏ ਕਾਲ ਤਿਹਂ ਅੰਤਰ ਧਯਾਨਾ[2] ॥੫॥ ਬਿਨਾਂ ਬਿਲੋਕੇ ਬਿਹਬਲ ਰਾਊ[3] । ਧਰਨਿ ਗਿਰਯੋ ਤਨ ਸੁਧ ਨਹਿਂ ਕਾਊ । ਲਗੀ ਮ੍ਰਿਤਕਾ[4] ਅੰਗਨ ਮਾਂਹੀ[5]। ਲੀਨ ਉਚਾਇ ਸੇਵਕਨ ਤਾਂਹੀ ॥ ੬ ॥ ਪੌਂਛ ਅੰਗ ਕਰਿ ਪੌਨ ਝੁਲਾਈ।ਚੇਤਨਤਾ ਭੂਪਤਿ ਤਨ ਆਈ।ਬੋਲਯੋਬਾਣੀ ਹੋਇ ਸਸ਼ੋਕਾ। 'ਕਿਤਗੇ ਸ਼੍ਰੀ ਨਾਨਕ ਸੁਖ[6] ਓਕਾ[7] ? ॥੭॥ ਜਿਨਕੇ ਦਰ-ਸ਼ਨ ਤੀਨਹੁ ਤਾਪਾ।ਤਨਕ ਬਿਲੋਕਤਿ ਹੋਵਤਿ ਖਾਪਾ[8] । ਕਿਤਕ ਦਿਵਸ ਕੀ ਲਗੀ ਉਡੀਕਾ। ਅਬ ਪ੍ਰਾਪਤ ਭਾ ਸੁਖ ਮਮ ਜੀ ਕਾ॥੮॥ਮੰਦ ਭਾਗ ਭਾ ਮੋਰ ਮਹਾਨਾ[9]। ਭਏ ਸਪਦ ਹੀ ਅੰਤਰ ਧਯਾਨਾ'। ਅਸ ਕਹਿ ਕਾਨਨ[10]† ਕੀ ਦਿਸ਼ ਦੌਰਾ। ਪ੍ਰੇਮ ਪ੍ਰਬਲ ਨੇ ਕੀਨੋਂ ਬਉਰਾ ॥ ੯ ॥ ਆਰਤ ਹੋਇ ਪੁਕਾਰਤਿ ਭਾਰੀ। 'ਪ੍ਰਾਨ ਨਾਥ ! ਮਿਲਿਯੇ ਇਕ ਬਾਰੀ'। ਦੌਰ ਦੌਰ ਸੁਧ ਹੇਤ ਮੁਕੰਦਾ। ਬੂਝਤਿ[11] ਬਿਟਪ[12] ਬਿਹੰਗਨ[13]ਬ੍ਰਿੰਦਾ[14] ॥੧੦॥ ਗਿਰਵਰ ਸਰਵਰਹ੍ਵੈਕਰਿਤੀਰਾ[15]। 'ਤੁਮਦੇਖਯੋਕਿਤ[16] ਗੁਨੀਗਹੀਰਾ[17]?'।ਬਿਕੁਲ[18] ਬਚਨ ਬੋਲਤਿ ਬਨ‡ ਮਾਂਹੀ। ਕਿਹ ਅਸਥਾਨ ਬਿਲੋਕੇ ਨਾਂਹੀ ॥ ੧੧ ॥ ਸ੍ਵੇਦ[19] ਅੰਗ ਪੁਨ ਲੋਚਨ ਨੀਰਾ । ਸਰਬ ਭੀਗਗੇ[20] ਚੀਰ[21] ਸਰੀਰਾ। ਗਿਰਯੋ ਧਰਨਿ ਪਰ ਹ੍ਵੈ ਮੁਰਛਾਈ[22]। ਤਬ ਪ੍ਰਗਟੇ ਸ਼੍ਰੀ ਗੁਰ ਜਗ ਸਾਈਂ ॥੧੨॥ ਮੰਦ ਮੰਦ ਕਰਿ ਪਵਨ ਝੁਲਾਵਾ॥ ਪੌਂਛ ਬਦਨ ਕੋ ਨੀਰ ਚੁਵਾਵਾ। ਭੀ ਤਨ ਕੀ ਸੁਧ ਪੁਨ ਅਵਨੀਪਾ। ਪ੍ਰੀਤਮ ਦੇਖੇ ਖਰੇ ਸਮੀਪਾ॥ ੧੩ ॥ ਪਾਇਨ ਪਰਯੋ ਉਤਾਇਲ[23]ਕਰਿਕੈ।ਉਮਗ ਅਨੰਦ ਰਹਯੋ ਗਰ[24]ਭਰਿਕੈ। 'ਧਰਮਸਾਲ ਮੈਂ ਸਿਰਜੀ[25] ਸ੍ਵਾਮੀ !। ਤੁਮ ਕਿਤ ਗਮਨੇ ਅੰਤਰਜਾਮੀ ? ॥ ੧੪ ॥ ਅਬ ਚਲਿ ਕਰਿਯੇ ਨਗਰ ਪਵਿੱਤ੍ਰਾ । ਬੈਸ ਰਾਜਿਯੇ ਭਵਨ ਬਚਿੱਤ੍ਰਾ'। ਬਿਨੈ ਸਨੀ[26] ਸ਼੍ਰੋਨਨ ਸੁਨਿ§ ਬਾਨੀ। ਨ੍ਰਿਪਤ ਸੰਗ ਗਵਨੇ

---

[1]ਰਾਜੇ ਦਾ ਪ੍ਰੇਮ । [2]ਗੁਪਤ । [3]ਰਾਜਾ । [4]ਮਿੱਟੀ । [5]ਵਿਚ । [6]ਸੁੱਖਾਂ ਦੇ । [7]ਘਰ । [8]ਨਾਸ਼ । [9]ਬੜਾ । [10]ਬਨ । [11]ਪੁੱਛਦਾ ਹੈ । [12]ਬ੍ਰਿੱਛਾਂ । [13]ਪੰਛੀਆਂ ਨੂੰ । [14]ਸਾਰਿਆਂ ਤੋਂ । [15]ਕੋਲ । [16]ਕਿਤੇ । [17]ਭਾਵ ਗੁਰੂ ਜੀ ਨੂੰ । [18]ਵਯਾਕੁਲ ਹੋਇਆ । [19]ਮੁੜ੍ਹਕਾ । [20]ਭਿੱਜ ਗਏ । [21]ਕਪੜੇ । [22]ਮੂਰਛਾ । [23]ਛੇਤੀ । [24]ਗਲ । [25]ਬਨਾਈ । [26]ਬੇਨਤੀ ਵਾਲੀ ਬਾਣੀ ।

*ਪਾ:—ਡਸਾਯੋ । †ਪਾ:—ਨਾਨਕ । ‡ਪਾ:—ਮਨ । §ਪਾ:—ਸ਼ੁਭ । ਸੁਠ ।

ਗਤਿ ਦਾਨੀ ॥ ੧੫ ॥ ਧਰਮਸਾਲ ਮਹਿਂ ਰੁਚਿਰ[1] ਪ੍ਰਯੰਕਾ। ਤਹਿਂ ਬੈਸਾਏ ਬਦਨ[2] ਮਯੰਕਾ[3]। ਸਗਰੇ ਨਗਰ ਬਢਾਇ ਉਛਾਹਾ। ਦਰਸ਼ਨ ਹਿਤ ਨਰ ਨਾਰਿ ਉਮਾਹਾ ॥੧੬॥ ਪਾਇਨ[4] ਨਿਕਟ ਉਪਾਇਨ ਧਰਿਹੀਂ। ਹਾਥ ਜੋਰਿਕੈ ਬੰਦਨ ਕਰਿਹੀਂ। ਮੰਜੁਲ[5] ਫੂਲਨ ਅੰਜੁਲ[6] ਡਾਰਹਿਂ। ਚਰਚੈਂ[7] ਚੰਦਨ,ਧੂਪ ਧੁਖਾਰਹਿਂ॥੧੭॥ਅਤਿ ਉਤਸ਼ਵ ਸੋਂ ਪੁਰਿ[8]ਭਾ ਪੂਰਨ।ਕੀਰਤਿ ਪਸਰੀ ਪਾਵਨ ਰੂਰਨ[9]*। ਚੰਦਕਲਾ[10] ਲੇ ਰਾਨੀ ਸੰਗਾ। ਆਵਾ ਭੂਪਤਿ ਹ੍ਰਿਦੇ ਉਮੰਗਾ॥੧੮॥ ਪੂਜਾ ਕੀਨਿ ਖੋੜਸ[11]†ਪ੍ਰਕਾਰਾ। ਕੰਚਨ ਥਾਰ ਹਾਥ ਨਿਜ ਧਾਰਾ।ਬਾਰ[12]ਚੌਮੁਖੇ[13]ਤਾਂ ਮਹਿਂ ਦੀਪਾ[14]।ਕਰੀ ਆਰਤੀ ਪੁਨਿ ਅਵ-ਨੀਪਾ॥ ੧੯ ॥ 'ਜੈ ਜੈ' ਧੁਨਿ ਧੁਮਸਾਲਾ ਪੂਰੀ।ਹੋਇ ਦੀਨ ਬਿਨਤੀ ਕਹਿ ਰੂਰੀ। 'ਭੋ ਪ੍ਰਭੁ ਮੁਝਹਿ ਸਨਾਥ ਕਰੀਜੈ। ਚਰਨ ਸ਼ਰਨ ਕੋ ਪਰਨਾ[15] ਦੀਜੈ॥੨੦॥ ਕਰਹੁ ਆਪਨੋ ਬਰ ਉਪਦੇਸ਼ੂ॥ਜਿਹਂ ਤੇ ਮਿਟਿਹੈ ਜਗਤ ਕਲੇਸ਼ੂ॥ ਸਰਬ ਦੇਸ਼ ਕੋ ਕਰਹੁ ਕ੍ਰਿਤਾਰਥ॥ ਤੁਮ ਬਚਨਨ ਮਹਿਂ ਚਤੁਰ[16]ਪਦਾਰਥ ॥ ੨੧ ॥ ਅਸ ਪ੍ਰਕਾਰ ਕੀ ਬਿਨਤੀ ਸੁਨਿਕੈ। ਬੋਲੇ ਦਯਾਲ ਬਿਰਦ ਨਿਜ ਜਨਿਕੈ[17]। 'ਮਨ ਕੋ ਰੋਕਨ ਨਿਰਮਲ ਕਰਨੋ। ਯਹੀ ਉਪਾਵ ਕਲੇਸ਼ਨ ਹਰਨੋ॥੨੨॥ਤਾਂਕੀ ਜਾਨਹੁ ਹੈ ਬਿਧਿ ਦੋਊ॥ਬੇਦ ਸੰਤ ਪੁਨਿ ਭਾਖਤਿ ਸੋਊ॥ ਜੋ ਹੋਵਹਿ ਤੁਝ ਪਾਸ ਸੁਖਾਰੋ[18]।ਸੋ ਕਰਿਯੇ ਨੀਕੇ ਨਿਰਧਾਰੋ[19]'॥੨੩॥ਸੁਨਿ ਸ਼ਿਵਨਾਭ ਬੰਦ ਦ੍ਵੈ ਹਾਥਾ। ਚਰਨ ਕਮਲ ਪਰ ਧਰਿ ਕਰਿ ਮਾਥਾ॥ 'ਜੋ ਦ੍ਵੈ ਬਿਧਿ ਕੇ ਕਹੇ ਉਪਾਈ। ਕਰਿ ਬਿਥਾਰ ਸੋ‡ ਦੇਹੁ ਸੁਨਾਈ' ॥ ੨੪ ॥'ਭੋ[20] ਰਾਜਨ ਜੋ ਦ੍ਵੈ ਪਰਕਾਰਾ॥ ਸੋ ਉਚਰਤਿ ਹੌਂ ਕਰਿ ਬਿਸਥਾਰਾ। ਕਸ਼ਟ ਜੋਗ§

---

[1]ਸੁੰਦਰ । [2]ਮੂੰਹ। [3]ਚੰਦਰਮਾਂ (ਵਾਂਙੂ) ਵਾਲੇ। [4]ਚਰਨਾਂ ਦੇ। [5]ਉੱਜਲ । [6]ਬੁੱਕ ਭਰਕੇ। [7]ਛਿੜਕਦੇ ਹਨ। [8]ਸ਼ਹਿਰ। [9]ਸੁੰਦਰ। [10]ਰਾਣੀ ਦਾ ਨਾਮ। [11]ਸੋਲਾਂ। [12]ਬਾਲਕੇ। [13]ਚਾਰ ਮੂੰਹ ਵਾਲੇ। [14]ਦੀਵੇ। [15]ਆਸਰਾ। [16]ਚਾਰੋਂ। [17]ਜਾਣਕੇ। [18]ਤੈਥੋਂ ਸੌਖੇ ਹੋ ਸਕੇ। [19]ਨਿਸ਼ਚੇ। [20]ਹੇ! *ਪਾ:-ਊਰ ਨ। †ਪਾ:-ਕੀਨੀ ਖੋੜ ਪ੍ਰਕਾਰ। ‡ਪਾ:-ਕਰ ਬਿਸਥਾਰ ਸੁ।

§ਕਸ਼ਟ ਯੋਗ ਤੋਂ ਮੁਰਾਦ ਹਠ ਯੋਗ ਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪ ਪਰਤਾਵੇ ਮਾਤ੍ਰ ਲਈ ਹਠ ਯੋਗ ਕਰਕੇ ਵੇਖਕੇ ਇਸ ਦੀ ਪ੍ਰੌੜ੍ਹਤਾ ਨਹੀਂ ਕੀਤੀ। ਯਥਾ:-

ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ ਬਿਨੁ
ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ॥ ਅੰਧਾ ਭਰਿਆ
ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥ ਨਾਮ ਬਿਨਾ ਫੋਕਟ

[ਬਾਕੀ ਫੁਟ ਵੇਖੋ ਅਗਲੇ ਪੰਨੇ ਦੇ ਹੇਠਾਂ]

ਇਕ ਭਗਤਿ ਜੋਗ ਸੁਨਿ। ਇਨ ਦੋਨੋਂ ਤੇ ਹ੍ਵੈ ਨਿਰਮਲ ਤਨ॥੨੫॥ ਪ੍ਰਥਮ ਕਸ਼ਟ ਜੋ ਜੋਗ ਬਖਾਨਾ॥ਅਸ਼ਟ ਅੰਗ ਤਾਂਕੇ ਸੁਨਿ ਕਾਨਾ॥ਯਮ ਅਰ ਨੇਮ, ਇਕੰਤੈਂ ਦੇਸੂ॥ ਆਸਨ,ਪ੍ਰਾਣਾਯਾਮ ਸੁਦੇਸੂ ॥੨੬॥ ਧ੍ਯਾਨ,ਧਾਰਨਾ ਅਸ਼ਟ[1] ਸਮਾਧਿ[2]।ਪਾਇ ਪਰਮਪਦ[3]ਇਨਕੋ ਸਾਧਿ[4]।ਪ੍ਰਿਥਮੇ ਯਮਸੋ ਦਸਪਰਕਾਰਾ॥ ਲੱਛਨ ਤਿਨਕੋ ਕਰੋਂ ਬਿਥਾਰਾ ॥ ੨੭ ॥ ਦੋਹਰਾ ॥ ਏਕ ਅਹਿੰਸਾ[5] ਜਾਨਿਯੇ ਮਨ ਬਚ ਕਾਂਯਾਂ ਤੀਨ। ਪਰ ਕੋ ਬੁਰਾ ਜਿ ਚਿਤਵਨਾ ਮਨਕੀ ਹਿੰਸਾ ਚੀਨ ॥੨੮॥ਚੌਪਈ॥ ਫਿੱਕਾ ਬੋਲ ਦੁਖਾਇ ਹਨਾਵੈ[6]* । ਹਿੰਸਾ ਬਚਨਨ ਕੀ ਕਹਿ-ਲਾਵੈ। ਤੀਜੀ ਮਾਰਨ ਜੀਵਨ ਕੇਰੀ। ਤ੍ਯਾਗੈ ਇਨ ਕੋ ਹ੍ਵੈ ਬਿਨ ਦੇਰੀ ॥ ੨੯॥ ਦੁਤਿਯੇ ਸਚ ਉਚਰਨ ਨਿਰਬਹੈ[7]।ਕਬਹੂ ਕੂਰ ਨ ਕਿਹ ਬਿਧਿ ਕਹੈ। ਤੀਜੇ ਹੈ ਦ੍ਵੈ ਭਾਂਤਿ ਸਤੇਈ[8]। ਇਕ ਤਨ ਕੀ ਇਕ ਮਨ ਕੀ ਸੋਈ ॥੩੦॥ ਪਰ ਕੀ ਵਸਤੁ ਛਪਾਵਨ ਕਰਨੀ।ਏਹੁ ਸਤੇਈ ਤਨ ਕੀ ਬਰਨੀ। ਕਰਹਿ ਪਾਪ ਪੁਨ ਰਾਖਿ ਦੁਰਾਏ। ਇਹ ਮਨ ਕੀ ਚੋਰੀ ਕਹਿਲਾਏ॥੩੧॥ ਇਨਦ੍ਵੈ ਤਜਿਨ, ਤ੍ਰਿਤਿਯ ਯਮ ਜਾਨਹੁ। ਭੂਲ ਨ[9] ਕਹੂੰ ਨ੍ਰਿਪਤ! ਮਨ ਠਾਨਹੁ। ਚੌਥੇ ਬ੍ਰਹਮਚਰਜ ਸੁਖਸਾਰੂ[10] । ਜੀਤਨ ਕਾਮ ਅਸ਼ਟ ਪਰਕਾਰੂ[11]:— ॥੩੨॥ਪ੍ਰਿਥਮੈ ਤ੍ਰਿਯ ਕੀ ਬਾਤੈਂ ਕਰਨੀ॥ਦੂਜੇ ਸੁਨਿ ਸੁਨਿ ਮਨ ਮਹਿਂ ਧਰਨੀ॥

[1]ਅੱਠਵਾਂ। [2]ਸਮਾਧੀ। [3]ਮੁਕਤੀ ਦਾ ਪਦ। [4]ਸਾਧਕੇ। [5]ਜੀਵ ਨਾ ਮਾਰਨੇ। [6]ਦਿਲ ਢਾਹੇ। [7]ਨਿਬਾਹਵੇ। [8]ਚੋਰੀ। [9]ਭੁੱਲਕੇ ਵੀ ਨਾ। [10]ਸ੍ਰੇਸ਼ਟ ਸੁਖ ਦਾਤਾ। [11]ਅੱਠ ਤਰ੍ਹਾਂ। *ਪਾ:—ਸੁਨਾਵੈ।

☞ [ਪਿਛਲੇ ਪੰਨੇ ਦੀ ਬਾਕੀ ਟੂਕ]

ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥ ੧ ॥ [ਪ੍ਰ: ਅ: ਮ: ੧

ਇਸ ਵਿਦ੍ਯਾ ਦਾ ਪੂਰਾ ਉਸਤਾਦ ਬੀ ਨਹੀਂ ਮਿਲਦਾ । ਇਸਦੇ ਸਾਧਨਾਂ ਵਿਚ ਸਰੀਰ ਤੇ ਐਸੇ ਅਸਰ ਪੈਂਦੇ ਹਨ ਕਿ ਅਕਸਰ ਲੋਕ ਰੋਗੀ ਹੋ ਜਾਂਦੇ ਵੇਖਣ ਵਿਚ ਆਏ ਹਨ। ਸਤਿਗੁਰਾਂ ਨੇ ਇਸ ਕਰਕੇ ਸਹਿਜ ਯੋਗ ਸਿਖਾਯਾ ਹੈ, ਜਿਸਨੂੰ ਪ੍ਰੇਮ ਜੋਗ, ਭਗਤ ਜੋਗ ਆਦਿ ਕਹਿੰਦੇ ਹਨ। ਯਥਾ:—

'ਭਗਤਿ ਜੋਗ ਕੌ ਜੈਤਵਾਰ ਹਰਿ ਜਨਕੁ ਉਪਾਯਉ ।' [ਸਵ: ਮ: ੫ ਕੇ

ਗੁਰੂ ਜੀ ਨੇ ਨਾਮ ਨਾਲ ਚਿਤ ਦਾ ਜੀਉ ਪੈਣਾ ਤੇ ਸਾਈਂ ਦੇ ਪ੍ਰੇਮ ਵਿਚ ਲਗ ਪੈਣਾ ਸਿਖਾਇਆ ਹੈ, ਜੋ ਗ੍ਰਹਸਤੀ ਬੀ ਕਰ ਸਕਦੇ ਤੇ ਜੀਵਨ ਦਾ ਆਤਮ-ਰਸ ਮਾਣ ਸਕਦੇ ਹਨ। ਕਵਿ ਸੰਤੋਖ ਸਿੰਘ ਜੀ ਨੇ ਇਸੇ ਅਧ੍ਯਾਯ ਦੇ ਅਖੀਰ ਅੰਕ ੯੧ ਵਿਚ ਇਹੋ ਗੱਲ ਦੱਸੀ ਹੈ:—

ਭਗਤ ਜੋਗ ਇਹ ਜਾਨਿਯੇ ਕਲਿ ਮਹਿ ਪੰਥ ਸੁਖੇਨ।
ਕਸ਼ਟ ਜੋਗ ਦੁਸ਼ਤਰ ਅਹੈ ਹੋਇ ਨ ਜੇਨੈਂ ਕੇਨ।

ਤੀਜੈ ਤਿਯ ਇਕਾਂਤ ਮਿਲ ਬੈਸਨ ॥ ਚੌਥੇ ਹੋਵਤਿ ਅੰਗ ਸਪਰਸ਼ਨ॥੩੩॥ ਪੰਚਮ ਹਿਤ ਕਰਿ ਦੇਖੈ ਤਿਯ ਕੋ । ਛਠੇ[੧] ਅਲਿੰਗਨ[੨] ਕਰੈ ਹੀਯ ਸੋਂ । ਸਪਤ ਚਿਤਵਨੋ[੩] ਮਨ ਮਹਿਂ ਨਾਰੀ। ਅਸ਼ਟਮ ਭੋਗ ਕਰਨ ਬਿਧਿਸਾਰੀ॥ ੩੪ ॥ ਇਨ ਸਭਿਹਿਨਿ ਕੋ ਤਯਾਗੇ ਜੋਈ। ਬ੍ਰਹਮਚਰਜ ਧਾਰਤਿ ਹੈਂ ਤੇਈ। ਪੰਚਮ ਯਮ ਹੈ ਧੀਰਜ ਕਰਨੀ। ਦੁਖ ਸੁਖ ਸਦਾ ਸਹੇ ਸਮ ਧਰਨੀ॥ ੩੫ ॥ ਆਪਦ[੪] ਸੰਪਦ[੫], ਆਤਪ[੬], ਸੀਤਾ[੭]। ਬਿਕੁਲ[੮] ਨ ਹੋਇ ਡੁਲਾਵੈ ਚੀਤਾ[੯]। ਖਸ਼ਟਮ[੧੦] ਯਮ ਹੈ ਖਿਮਾ[੧੧] ਸੁਹਾਈ[੧੨] । ਮਨ ਮਹਿਂ ਛੋਭ[੧੩] ਨ ਕਬਹੁੰ ਉਠਾਈ ॥ ੩੬ ॥ ਭਲਾ ਕਿ ਬੁਰਾ ਬਖਾਨੈ ਕੋਇ। ਸਹਿਨ ਸ਼ੀਲ[੧੪] ਮਨ ਸਭਿ ਤੇ ਹੋਇ। ਸਪਤਮ ਦੁਖੀ ਨ ਦੇਖੇ ਕਾਂਹੀ[੧੫]। ਦਯਾ ਕਰੇ ਸਭਿ ਸੋਂ ਨਿਰਬਾਹੀ ॥੩੭॥ ਅਸ਼ਟਮ ਕੋਮਲ ਹਿਰਦਾ ਰਾਖੈ। ਸ਼ੁਭ ਉਪਦੇਸ਼ ਸਭਨ ਸੋਂ ਭਾਖੈ।ਨੌਮੋ ਯਮ ਮਿਰਜਾਦ ਅਹਾਰਾ[੧੬]। ਭਲਾ ਬੁਰਾ ਲਖਿ ਕਰੈ ਵਿਚਾਰਾ ॥੩੮॥ ਖਾਵਨ ਕੋ ਅਹਾਰ[੧੭] ਹੈ ਜੇਤੋ। ਚੌਥੇ ਭਾਗ ਖਾਇ ਕਮ[੧੮] ਤੇਤੋ[੧੯]। ਦਸਮੋ ਯਮ ਸੋ ਸ਼ੌਚ[੨੦] ਲਖੀਜੈ। ਜਲ ਮ੍ਰਿਤਕਾ[੨੧] ਇਸ਼ਨਾਨ ਕਰੀਜੈ॥੩੯॥ ਰਾਗ ਦ੍ਵੈਖ ਕੀ ਮਲ ਉਰ ਮਾਂਹੀ। ਤਜਿ ਕਰਿ ਸ਼ੌਚ[੨੨] ਕਰਤਿ ਹੈ ਤਾਂਹੀ[੨੩]। ਯਮ ਦਸ ਇਸੀ ਪ੍ਰਕਾਰ ਅਲਾਏ। ਦਸ ਅਬ ਨੇਮ ਸੁਨੋ ਮਨ ਲਾਏ:- ॥ ੪੦ ॥ ਪ੍ਰਥਮੇ ਤਪ ਸੋ ਤੀਨ ਪ੍ਰਕਾਰਾ। ਰਜ ਤਮ ਬਹੁਰ ਸ਼ਾਂਤਕੀ ਸਾਰਾ। ਛੁਧਾ[੨੪], ਅਗਨ, ਜਲ ਸੋਂ ਤਨ ਤਾਵਾ[੨੫] । ਇਹੈ ਤਾਮਸੀ ਫਲਦਾ[੨੬] ਗਾਵਾ[੨੭] ॥ ੪੧ ॥ ਰਿਦੇ ਗਯਾਨ ਇਸਤੇ ਨਹਿਂ ਹੋਇ। ਦੇਤਿ ਫਲਨ[੨੮] ਜੋ ਕਰਿ ਹੈ ਕੋਇ। ਰੋਕ ਕੁਕਰਮ[੨੯] ਰਿਖੀਕ[੩੦] ਜੁ* ਕਰਨੀ । ਰਾਜਸ ਇਹੈ ਸੁਕਰਮਨ ਧਰਨੀ[੩੧]† ॥੪੨॥ ਦੋਹਰਾ॥ ਬਹੁਰ ਸ਼ਾਂਤਕੀ ਤਪ ਇਹੈ ਬ੍ਰਿਤ[੩੨] ਟਿਕਾਵਨ ਕੀਨਿ। ਨੇਮ ਸੰਤੋਖ ਦੂਜੋ ਲਖੋ ਦ੍ਵੈ ਪ੍ਰਕਾਰ ਸੋ ਚੀਨ ॥ ੪੩ ॥

---

[੧]ਛੀਵੇਂ । [੨]ਛੋਹਣਾ । [੩]ਖਿਆਲ ਕਰਨਾ । [੪]ਦੁੱਖ ਵਿਚ । [੫]ਖੁਸ਼ਹਾਲੀ ਵਿਚ । [੬]ਧੁੱਪ ਵਿਚ । [੭]ਪਾਲੇ ਵਿਚ । [੮]ਵਿਆਕੁਲ । [੯]ਚਿੱਤ ।[੧੦]ਛੇਵੇਂ ।[੧੧]ਦੂਜੇ ਦੀ ਵਧੀਕੀ ਸਹਿਣੀ । [੧੨]ਸ਼ੋਭਾ ਵਾਲੀ ਹੈ। [੧੩]ਰੰਜਗੀ । [੧੪]ਸਹਾਰੇ ਦਾ ਸੁਭਾਵ। [੧੫]ਕਿਸੇ ਨੂੰ ਬੀ । [੧੬]ਭੋਜਨ ਮਰਯਾਦਾ ਦਾ ਖਾਵੇ। [੧੭]ਭੋਜਨ । [੧੮]ਘੱਟ । [੧੯]ਤਿਸਤੋਂ । [੨੦]ਪਵਿੱਤ੍ਰ ਹੋਣਾ। [੨੧]ਮਿੱਟੀ। [੨੨]ਪਵਿੱਤ੍ਰਤਾ। [੨੩]ਤਦੋਂ । [੨੪]ਭੁੱਖ । [੨੫]ਤਪਾਇਆ। [੨੬]ਫਲ ਦੇਣ ਵਾਲਾ। [੨੭]ਕਿਹਾ ਜਾਂਦਾ ਹੈ। [੨੮]ਫਲਾਂ ਨੂੰ। [੨੯]ਮੰਦੇ ਕੰਮਾਂ ਦੀ। [੩੦]ਇੰਦ੍ਰੀਆਂ ਨੂੰ। [੩੧]ਸ੍ਰੇਸ਼ਟ ਕੰਮਾਂ ਦਾ ਧਾਰਨਾ। [੩੨]ਬਿਰਤੀ ਨੂੰ। *ਪਾ: -ਜਿ। †ਪਾ:—ਕਰਨੀ।

ਚੌਪਈ ॥ ਹਾਥ ਪਦਾਰਥ ਆਵਤਿ ਨਾਂਹੀ ।'ਹੌਂ ਸੰਤੋਖੀ' ਅਸ ਮੁਖ ਪ੍ਰਾਹੀ[੧]।
ਤਿਸ ਤੇ ਰਿਦੈ ਹਰਖ ਨਹਿਂ ਹੋਇ ।ਨਿਜ ਕੀਰਤਿ ਕੋ ਚਾਹਤਿ ਸੋਇ॥੪੪॥
ਦੂਜੇ ਯਥਾ ਲਾਭ ਸੰਤੋਖੂ[੨]। ਧਾਰਤਿ ਹੈ ਯੋਗੀ ਬਿਨ ਦੋਖੂ। ਬਸਤਿ ਨ
ਪ੍ਰਾਪਤਿ ਤੌ[੩] ਹਰਖਾਈ[੪]। ਜੋ ਪ੍ਰਾਪਤਿ[੫] ਹ੍ਵੈ ਤੌ[੬] ਸੁਖ ਪਾਈ ॥ ੪੫ ॥
ਦੋਹਰਾ ॥ ਵਾਹਿਗੁਰੂ ਕੀ ਰਜਾਇ ਪੈ ਹਰਖੈ ਮਨ ਸੁਖ ਪਾਇ*। ਤੀਸਰ
ਆਸਤਕ[੭] ਬੁੱਧਿ ਹੈ ਗੁਰੁ ਬਚ[੮] ਦ੍ਰਿੜ ਨਿਸ਼ਚਾਇ[੯] ॥ ੪੬ ॥ ਚੌਪਈ ॥
ਚੌਥੇ ਦਾਨ ਦੇਨਿ ਕੋ ਦਾਤਾ। ਤਮ, ਰਜ, ਸਤ ਗੁਨ ਤਿਂਹ ਤ੍ਰੈ ਭਾਂਤਾ[੧੦]।
ਕਲਹਿ ਕ੍ਰੋਧ ਸੌਂ ਬਿਨ ਸ਼ੁਭ ਕਾਲਾ। ਦੇਤਿ ਤਾਮਸੀ ਰੀਤਿ[੧੧] ਬਿਸਾਲਾ ॥
੪੭॥ ਨਿਜ ਜਸ ਹੇਤ ਦੇਤਿ ਜੋ ਦਾਨ॥ਅਹੈ ਰਾਜਸੀ, ਫਲ ਲਘੁ[੧੨]ਜਾਨ॥
ਕਰਿਕੈ ਬਿਨੈ[੧੩]ਦੇਯਨਰ[੧੪] ਦੇਖੀ॥ ਏਹੁ ਸ਼ਾਂਤਕੀ ਫਲਤਿ[੧੫]ਵਿਸ਼ੇਖੀ ॥੪੮॥
ਦੋਹਰਾ ॥ ਵਾਹਿਗੁਰੂ ਕੋ ਜਾਨਿਕੈ ਸਭੈ ਪਦਾਰਥ ਦੇਇ। ਤਨਕ ਨ ਅਪਨਾ
ਮਾਨਈ ਤਾਂਹਿ ਅਖੈ[੧੬] ਫਲ ਲੇਇ ॥੪੯॥ਚੌਪਈ॥ਦਰਬ ਕਿਧੌਂ[੧੭] ਬਿੱਦਯਾ
ਕੌ ਦਾਨਾ। ਦੇਤਿ ਸ਼ਾਂਤਕੀ ਹ੍ਵੈ ਨਿਰਮਾਨਾ। ਤਿਹਂ ਕੋ ਫਲ ਹ੍ਵੈ ਅਮਿਤ ਬਿ-
ਸਾਲਾ। ਬੇਦ ਸੰਤ ਭਾਖਤਿ ਇਸ ਢਾਲਾ ॥੫੦॥ ਪੰਚਮ ਪੂਜਾ ਮਨ ਕਰਿ
ਕਰਨੀ। ਰਿਦੇ ਭਾਵਨੀ ਗੁਰੁ ਮਹਿਂ ਧਰਨੀ ।ਸਫਲੀ ਪੂਜਾ ਹੋਵਤਿ ਤਾਂਕੀ।
ਸਦਾ ਭਾਵਨੀ ਸੋਂ ਮਤਿ ਜਾਂਕੀ ॥ ੫੧ ॥ ਦੋਹਰਾ ॥ ਛਠਵ ਨੇਮ ਨਿਜ 'ਗੁਰ
ਸਬਦ'ਤਾਂਕੇ ਜੋ†ਅਨੁਸਾਰ। ਤਿਨਹੀ ਕੋ ਪਢਿ ਹੈ[੧੮]ਸੁਨੈ ਤਿਨ ਕੋ ਕਰਹਿ
ਬਿਚਾਰ ॥੫੨॥ਚੌਪਈ॥ਗੁਰੂ ਸਿਧਾਂਤ ਬਿਨਾ ਜੋ ਆਨਾ[੧੯]। ਤਿਨਕੇ ਬਚਨ
ਸੁਨੇ ਨਹਿਂ ਕਾਨਾ॥ਸਪਤਮ ਪਢੈ ਸੁਨੈ ਜਿਹਂ ਰੀਤੀ॥ਵਰਤੈ ਤਿਹ ਅਨੁਸਾਰ
ਸਪ੍ਰੀਤੀ ॥ ੫੩ ॥ ਬਿਨਾ ਦੰਭ[੨੦] ਗੁਰੁ ਸਬਦ ਕਮਾਵਨ। ਕਰਹਿ ਸਦਾ ਹ੍ਵੈ
ਤਨ ਮਨ ਪਾਵਨ[੨੧]। ਅਸ਼ਟਮ ਬ੍ਰਿੱਤਿ ਸ਼ਾਂਤਕੀ ਰਾਖੈ। ਨਿਵ ਚਲਨਾ

---

[੧]ਕਹੇ । [੨]ਜੋ ਮਿਲ ਜਾਏ ਉਸ ਤੇ ਸੰਤੋਖ । [੩]ਤਾਂ ਭੀ । [੪]ਪਰਸੰਨ ਰਹੇ ।
[੫]ਮਿਲ ਜਾਵੇ । [੬]ਤਾਂ ਭੀ । [੭]ਸ਼ਰਧਾ ਵਾਲੀ । [੮]ਗੁਰ ਬਚਨਾ ਉਤੇ । [੯]ਦ੍ਰਿੜ ਨਿਸ਼ਚਾ
ਕਰੇ । [੧੦]ਤਿੰਨ ਤਰ੍ਹਾਂ ਦੇ। [੧੧]ਇਹ ਤਾਮਸੀ ਰੀਤ ਹੈ। [੧੨]ਥੋੜਾ । [੧੩]ਬੇਨਤੀ । [੧੪]ਭਾਵ
ਅਧਿਕਾਰੀ ਪੁਰਖ ਨੂੰ। [੧੫]ਫਲਦਾ ਹੈ। [੧੬]ਅਵਿਨਾਸ਼ੀ, ਜੋ ਕਦੇ ਨਾਸ਼ ਨਾ ਹੋਵੇ। [੧੭]ਯਾਂ।
[੧੮]ਪੜ੍ਹੇ। [੧੯]ਹੋਰ ਸਿੱਧਾਂਤ ਹਨ। [੨੦]ਬਿਨਾ ਪਖੰਡ। [੨੧]ਪਵਿੱਤਰ।

*ਪਾ:-ਵਾਹਿਗੁਰੂ ਕਰਿ ਜਾਪਿ ਲੇਹੁ ਰਖੇ ਜਿ ਮਨ ਸੁਖ ਪਾਇ।

†ਪਾ:-ਮਤ।

ਮਧੁਰੀ[1] ਮੁਖ ਭਾਖੇ ॥ ੫੪ ॥ ਨਵਮੋ ਨੇਮ ਪਾਠ ਜੋ ਕਰਨਾ ।
ਤਿਹ ਮਹਿਂ ਅਪਰ[2] ਨ ਬਚਨ ਉਚਰਨਾ । ਦਸਵੇਂ* ਹੋਮ ਅਗਨਿ ਜੋ
ਕਰਿਹੀ[3]।ਸੁਰ[4] ਪ੍ਰਸੰਨ ਹਿਤ ਮਨਸਾ ਧਰਿਹੀ[5] ॥੫੫॥ ਸਿੱਖ ਛੁਧਾਤੁਰ[6] ਕੋ
ਮੁਖਪਾਵਨ[7] ।ਬ੍ਰਹਮਹੋਮ† ਇਹ ਭਲੋ ਸੁਹਾਵਨ‡। ਵਾਹਿਗੁਰੂ ਕੋ ਕਰਹਿ
ਉਚਾਰਾ। ਤਾਂ ਪਾਛੇ ਮੁਖ ਪਾਇ ਅਹਾਰਾ ॥ ੫੬ ॥ ਬਦਨ ਦੇਵਤਾ ਪਾਵਕ
ਕਹਿਯੇ[8]। ਸਰਬ ਸੁਰਨ ਕੀ ਜਿਹਵਾ ਲਹਿਯੇ[9]। ਬ੍ਰਹਮ ਪ੍ਰਸੰਨ ਸੰਗਿ ਸੁਰ
ਸਾਰੇ। ਤ੍ਰਿਪਤਿ ਹੋਤਿ ਹਰਿਨਾਮ ਉਚਾਰੇ[10] ॥੫੭॥ ਦੋਹਰਾ ॥ ਤ੍ਰਿਤੀ ਹੋਮ ਹੈ
ਗਯਾਨ ਕਾ ਰਸ ਰਿਖੀਕ ਕੇ ਦਰਬ[11]। ਗਯਾਨ ਅਗਨਿ ਮੈਂ ਹੋਮਹੀ ਤਨ
ਹੰਤਾਦਿਕ[12] ਸਰਬ ॥੫੮॥ ਚੌਪਈ ॥ ਦਸ ਪ੍ਰਕਾਰ ਇਹ ਨੇਮ ਗਿਨਾਵਾ।
ਕਸ਼ਟ ਜੋਗ ਦੁਤਿ[13] ਅੰਗ ਸੁਹਾਵਾ। ਅੰਗ ਤੀਸਰੇ 'ਦੇਸ਼ ਇਕੰਤੇ'§।ਨਰ

[1]ਮਿੱਠੀ । [2]ਹੋਰ । [3]ਕਰਦੇ ਹਨ । [4]ਦੇਵਤੇ । [5]ਧਰਦੇ ਹਨ । [6]ਭੁੱਖੇ । [7]ਪਾਵੇ । [8](ਨਾਮ ਵਾਲੇ ਛੁਧਾਤੁਰ) ਦੇ ਮੂੰਹ ਨੂੰ ਅਗਨੀ ਦੇਵਤਾ ਕਹੋ (ਅ) ਅੱਗ ਨੂੰ ਦੇਉਤਿਆਂ ਦਾ ਮੂੰਹ ਕਹਿੰਦੇ ਹਨ । [9]ਅੱਗ ਸਾਰੇ ਦੇਉਤਿਆਂ ਦੀ ਜੀਭ ਸਮਝੋ । [10](ਛੁਧਾਤੁਰ ਦੀ ਜੀਭ ਨੇ ਅਹੂਤੀ ਲਈ ਹੈ ਅੰਨ ਦੀ ਨਾਮ ਉਚਾਰਦੇ) ਹਰਿ ਨਾਮ ਦੇ ਉਚਾਰਨ ਨਾਲ ਬ੍ਰਹਮ ਪ੍ਰਸੰਨ ਹੁੰਦਾ ਹੈ (ਬ੍ਰਹਮ ਪ੍ਰਸੰਨ ਹੋਣ ਨਾਲ) ਸਾਰੇ ਦੇਵਤੇ (ਸੁਤੇ ਹੀ) ਤ੍ਰਿਪਤ ਹੁੰਦੇ ਹਨ। [11]ਇੰਦ੍ਰੇ ਰਸਾਂ ਦੇ ਵੇਗ [ਸੰਸ: ਦ੍ਰਵ] (ਅ) ਇੰਦ੍ਰੇ ਰਸਾਂ ਦੇ ਪਦਾਰਥ। [12]ਹੰਕਾਰ ਆਦਿਕ। [13]ਦੂਜਾ।

*ਪਾ:—ਦਸਮੋਂ। †ਪਾ:—ਬ੍ਰਹਮ ਭੋਜ। ‡ਕਵਿ ਜੀ ਦਸਦੇ ਹਨ ਕਿ ਪਰਮੇਸ਼ੁਰ ਦੇ ਮਾਰਗ ਟੁਰਣ ਵਾਲੇ ਭੁੱਖੇ ਸਿਖ ਨੂੰ ਜੋ ਭੋਜਨ ਖਿਲਾਉਣਾ ਹੈ ਇਹ ਦੇਉਤਿਆਂ ਨੂੰ ਪ੍ਰਸੰਨ ਕਰਨ ਨਮਿੱਤ ਅੱਗ ਵਿਚ ਹੋਮ ਕਰਨ ਨਾਲੋਂ ਸ੍ਰੇਸ਼ਟ ਹੈ।

ਅੰਗ ੫੭ ਵਿਚ ਦੱਸਦੇ ਹਨ ਕਿ ਅੱਗ ਨੂੰ ਦੇਉਤਿਆਂ ਦਾ ਮੂੰਹ ਤੇ ਜੀਭ ਕਹਿੰਦੇ ਹਨ, ਪਰ ਸਾਰੇ ਦੇਉਤੇ ਬ੍ਰਹਮ ਸਮੇਤ 'ਹਰਿਨਾਮ' ਦਾ ਉਚਾਰਣ ਸੁਣਕੇ ਪ੍ਰਸੰਨ ਹੁੰਦੇ ਹਨ, ਨਾਮ ਜਪਣ ਵਾਲੇ ਛੁਧਾਤੁਰ ਦੇ ਮੂੰਹ ਵਿਚ ਅੰਨ ਪਾਉਣਾ ਇਹ ਬ੍ਰਹਮ ਹੋਮ ਹੈ, ਜਿਸ ਵਿਚ ਅੰਨ ਦੀ ਅਹੂਤੀ ਪੈਂਦੀ ਹੈ ਤੇ ਜੀਭ ਨਾਮ ਉਚਾਰਨ ਵਾਲੀ ਹੋਣ ਕਰਕੇ ਉਹ ਅਹੂਤੀ ਬ੍ਰਹਮ ਨੂੰ ਪਹੁੰਚਦੀ ਹੈ, ਬ੍ਰਹਮ ਦੇ ਪ੍ਰਸੰਨ ਹੋਣ ਨਾਲ ਸਾਰਾ ਬ੍ਰਹਮੰਡ ਪ੍ਰਸੰਨ ਹੁੰਦਾ ਹੈ । ਅੰਗ ੫੮ ਵਿਚ ਤਨ ਹੰਤਾ ਦਾ ਅਰਪਨ ਕਰਨਾ ਕਵਿ ਜੀ ਨੇ ਗਯਾਨ ਰੂਪੀ ਹੋਮ ਲਿਖਿਆ ਹੈ।

§ਯੋਗ ਦਰਸ਼ਨ ਵਿੱਚ ਇਕ ਅੰਗ 'ਪ੍ਰਤ੍ਯਾਹਾਰ' ਪੰਜਵੇਂ ਥਾਂ ਹੈ ਜੋ ਏਥੇ ਨਹੀਂ, ਉਸਦੀ ਥਾਵੇਂ 'ਇਕੰਤਦੇਸ਼' ਇਕ ਅੰਗ ਆਪ ਨੇ ਏਥੇ ਤੀਸਰੇ ਥਾਂ ਦਿੱਤਾ ਹੈ, ਇਹ ਵੰਡ ਪੌਰਾਣ ਆਦਿ ਯਾ ਹੋਰ ਯੋਗ ਗ੍ਰੰਥਾਂ ਅਨੁਸਾਰ ਹੈ, ਇਸੀ ਤਰ੍ਹਾਂ ਯਮ ਨਿਯਮ ਇੱਥੇ ਦਸ ਦਸ ਵਰਣਨ ਹੋਏ ਹਨ, ਯੋਗ ਦਰਸ਼ਨ ਵਿੱਚ ਪੰਜ ਪੰਜ ਹਨ।

ਬਚ ਸੁਨਿਯ ਨ[੧] ਤਹਾਂ ਬਸੰਤੇ ॥੫੯॥ ਚੌਥੇ ਅੰਗ ਯੋਗ ਕਾ ਆਸਨ। ਬੇਦ ਜੁਗੀਸ਼ਰ ਕਰਿਹੀਂ ਭਾਸ਼ਨ।ਜੇਤੇ ਜੀਵ ਜਗਤ ਮਹਿਂ ਜਾਨਹੁ। ਆਸਨ ਤੇਤੇ ਹੀ ਪਰਮਾਨਹੁ[੨] ॥ ੬੦ ॥ ਤਿਨ ਤੇ ਯੁਗਮ[੩] ਸ਼ਿਰੋਮਣ ਬੀਨੇ[੪]। ਮਹਾਂ ਪੁਰਖ ਹਿਤ ਕਰਿ[੫] ਸੋ ਲੀਨੇ।ਸਿੱਧ ਆਸਨ,ਪਦਮਾਸਨ ਦੋਊ।ਤਿਨਹਿਂ ਜਿ ਲੱਛਨ ਸੁਨਿਯੇ ਸੋਊ ॥ ੬੧ ॥ ਛਿਤਿ[੬] ਕਛੁ ਖੋਦ ਮ੍ਰਿਦੁਲ ਤ੍ਰਿਣ[੭] ਪਾਇ। ਬੈਸਹਿ ਪੁਨ ਪਟ[੮] ਬਿਮਲ[੯] ਬਿਛਾਏ। ਹ੍ਵੈ ਪਾਵਨ, ਨਹਿਂ ਅੰਗ ਡੁਲਾਏ। ਬਾਮ[੧੦] ਪੈਰ ਸੋਂ ਗੁਦਾ ਦਬਾਏ॥੬੨॥ ਦੋਹਰਾ ॥ ਇੰਦ੍ਰੀ ਪਰ ਦਹਿਨ[੧੧] ਧਰੈ, ਅੱਗ੍ਰ[੧੨] ਨਾਸਕਾ[੧੩] ਧ੍ਯਾਨ ।–ਸਿੱਧਿ ਆਸਨ–ਇਹਕੋ ਭਨੈ[੧੪], ਯੋਗੀ* ਕਰਤਿ ਸੁਜਾਨ[੧੫]॥੬੩॥ਚੌਪਈ॥ ਦਾਏਂ ਪਗ ਪਰ ਧਰਿ ਕਰਿ ਬਾਂਵਾਂ।ਬਾਵੇਂ ਪਰ ਕਰ ਦਹਿਨ ਟਿਕਾਵਾਂ† ।ਦੋਨੋ ਭੁਜਾ ਕੈਂਡ ਕਰਿ ਪਾਛੇ। ਗਹੇ[੧੬] ਅੰਗੂਠੇ ਪਗ[੧੭] ਦ੍ਰਿਢ[੧੮] ਆਛੇ ॥੬੪॥ ਭ੍ਰੂ ਕੋ[੧੯] ਕਿਧੋਂ[੨੦] ਨਾਸਕਾ[੨੧] ਧ੍ਯਾਨਾ। ਕਰਿ ਬੈਸੇ[੨੨] ਪਦਮਾਸਨ ਜਾਨਾ । ਅੰਗ ਪੰਚਮੋ ਪ੍ਰਾਣਾਯਾਮ। ਪੂਰਕ, ਕੁੰਭਕ, ਰੇਚਕ, ਨਾਮ ॥ ੬੫ ॥ ਬਾਹਰ ਤੇ ਮਨ ਸੁਰਤਿ ਟਿਕਾਵੇ। ਦਹਿਨੇ ਸੁਰ ਤੇ ਪ੍ਰਾਣ ਚਢਾਵੈ। ਖੈਂਚਤਿ ਦ੍ਵਾਦਸ਼[੨੩] ਮਾਤ੍ਰਹਿ[੨੪] ਜੋਇ। ਓਅੰਕਾਰ ਜਪੈ ਤਬ ਸੋਇ ॥੬੬॥ ਜਿਤੇ[੨੫] ਪ੍ਰਾਣ ਅੰਤਰ ਠਹਿਰਾਵੈ। 'ਕੁੰਭਕ' ਤੇਤੋ[੨੬] ਨਾਮ ਕਹਾਵੈ। ਚੌਬਿਸ ਮਾਤ੍ਰਾ ਓਅੰਕਾਰਾ। ਜਾਪ ਕਰੈ ਤਿੰਹ ਸਮੈਂ ਉਚਾਰਾ ॥੬੭॥ ਬਾਵੇਂ[੨੭] ਸੁਰ ਸੌਂ ਕਰਹਿ ਉਤਾਰਾ।ਦ੍ਵਾਦਸ਼ ਮਾਤ੍ਰਾ ਜਪ ਓਅੰਕਾਰਾ। 'ਰੇਚਕ' ਯਾਂਕੋ ਨਾਮ ਕਹੀਜੈ। ਸਨੈ ਸਨੈ[੨੮] ਜੋ ਛੋਡਨ ਕੀਜੈ ॥ ੬੮ ॥ ਤੈਸੇ ਹੀ ਬਾਂਏਂ ਤੇ ਦਾਏਂ। ਦਾਏਂ ਤੇ ਬਾਏਂ ਸੁ ਚਢਾਏ। ਖੁਲ੍ਹੈ ਰਾਹਿ ਤ੍ਰਿਕੁਟੀ[੨੯] ਇਸ ਢਾਰਾ[੩੦]। ਠਹਿਰਹਿਂ ਪ੍ਰਾਣ ਜਿ ਦਸਵੇਂ ਦ੍ਵਾਰਾ ॥੬੯ ॥ ਤਬੈ ਅਨਾਹਦ ਕੀ ਧੁਨਿ ਖੁਲਿ ਹੈ।ਦਰਸ਼ਨ ਪਰਮਜੋਤਿ ਕੋ ਮਿਲਿਹੈ।ਝਿਲਮਿਲਕਾਰ ਮਹਾਨ

---

[੧]ਪੁਰਸ਼ਾਂ ਦੇ ਬਚਨ ਸੁਣਾਈ ਨਾ ਦੇਣ। [੨]ਜਾਣੋਂ। [੩]ਦੋ। [੪]ਚੁਣੇ। [੫]ਪ੍ਰੇਮ ਨਾਲ। [੬]ਧਰਤੀ। [੭]ਨਰਮ ਘਾਹ। [੮]ਕੱਪੜਾ। [੯]ਉੱਜਲ। [੧੦]ਖੱਬੇ। [੧੧]ਸੱਜਾ। [੧੨]ਅੱਗੇ। [੧੩]ਨਾਸਾਂ (ਉਤੇ)। [੧੪]ਕਹਿੰਦੇ ਹਨ। [੧੫]ਚਤੁਰ। [੧੬]ਫੜੇ। [੧੭]ਪੈਰਾਂ ਦੇ। [੧੮]ਪੱਕੇ ਕਰਕੇ। [੧੯]ਭਰਵੱਟਿਆਂ ਦੇ ਵਿਚਲੀ ਥਾਂ। [੨੦]ਜਾਂ। [੨੧]ਨਾਸਾਂ। [੨੨]ਬੈਠੇ। [੨੩]ਬਾਰਾਂ। [੨੪]ਵਾਰੀ। [੨੫]ਜਿਤਨੇ। [੨੬]ਤਿਤਨੇ। [੨੭]ਖੱਬੇ। [੨੮]ਹੌਲੇ ਹੌਲੇ। [੨੯]ਭਰਵੱਟਿਆਂ ਵਿਚਕਾਰਲੀ ਥਾਂ ਦਾ। [੩੦]ਇਸ ਤਰ੍ਹਾਂ।

*ਪਾਃ–ਯੋਂ ਨਰ।

†ਪਾਠਾਂਤ੍ਰ–ਦਾਂਏ ਪਟ ਪਰ ਧਰ ਪਗ ਬਾਂਵਾਂ। ਬਾਂਵੇਂ ਪਰ ਪਗ ਦਹਿਨ ਟਿਕਾਵਾ।

ਪ੍ਰਕਾਸ਼ਾ[੧]। ਜਿਹਂ ਪਿਖ ਹ੍ਵੈ ਵਿਸ਼ੇਸ਼ ਸੁਖਰਾਸਾ ॥੭੦॥ ਦੋਹਰਾ ॥ ਜਿਉਂ ਜਿਉਂ ਧਰਿਹੀ ਧਯਾਨ ਕੋ ਤਿਉਂ ਤਿਉਂ ਧੁਨਿ ਵਧਿ ਜਾਇ।ਖਸ਼ਟ[੨] ਅੰਗ ਹੈ ਯੋਗ ਕਾ 'ਧਯਾਨ' ਧਰਤਿ ਸੁਖ ਪਾਇ॥ ੭੧ ॥ ਚੌਪਈ ॥ ਦ੍ਵੈ ਪ੍ਰਕਾਰ ਕੋ ਲਖਹੁ ਸੁ ਧਯਾਨਾ। ਬਾਹਯ ਕਾ,ਅੰਤ੍ਰੀਕ ਬਖਾਨਾ[੩]। ਬਿਸ਼ਨ ਚਤੁਰਭੁਜ* ਕੋ ਜੋ ਧਯਾਨਾ। ਸੋ ਬਾਹਰ ਕਾ ਜਾਨ, ਸੁਜਾਨਾ[੪]! ॥੭੨॥ ਗੁਰ ਕੇ ਸਬਦ ਵਿਖੈ ਜੋ ਜੋਰਾ[੫]। ਨਾਭੀ[੬], ਰਿਦੈ[੭], ਕਿ ਨਾਸਾ † ਓਰਾ[੮]। ਕੈ ਭ੍ਰੂ ਕੇ[੯]‡ ਕੈ ਦਸਵੈਂ ਦ੍ਵਾਰਾ। ਧਰੈ ਅਨਾਹਦ ਧੁਨਿ ਕੈ ਧਾਰਾ ॥ ੭੩ ॥ ਜਬਹਿ ਅਨਾਹਦ ਧੁਨਿ ਖੁਲਿ ਜਾਵਹਿ। ਕਿਧੌਂ ਜੋਤਿ ਕੋ ਧਯਾਨ ਲਗਾ-ਵਹਿ। ਇਹ ਅੰਤ੍ਰਿਕ[੧੦] ਮਨ ਮਹਿਂ ਪਹਿਚਾਨਹਿਂ। ਸਪਤਮ[੧੧] ਅੰਗ ਧਾਰਨਾ§ ਮਾਨਹਿ ॥੭੪॥ ਤਿਹ ਪ੍ਰਤਿਬੰਧ[੧੨] ਸੰਕਲਪ ਉਠਾਵਨ। ਤਿਹਂ ਤੇ ਪੁਨ ਪੁਨ ਮਨਹਿ ਹਟਾਵਨ। ਧਯਾਨ ਵਿਖੈ ਜੋਰਹਿ[੧੩]ਠਹਿਰਾਵਹਿ। ਯਹੀ ਧਾਰਨਾ ਨਾਮ ਕਮਾਵਹਿ॥੭੫॥ਜਬ ਮਨ ਠਹਿਰਹਿ ਹੋਇ ਅਡੋਲਾ।ਤਿਂਹਕੋ ਨਾਮ ਸਮਾਧਿ ਅਡੋਲਾ। ਸੋ ਸਮਾਧਿ ਹੈ ਉਭੈ ਪ੍ਰਕਾਰੀ[੧੪]। ਨਿਰਵਿਕਲਪ ਸਾਕਲਪ ਉਚਾਰੀ ॥੭੬॥ ਦੋਹਰਾ ॥ ਧਯਾਤਾ, ਧਯਾਨ,ਸੁ ਧੇਯ, ਜੋ ਪ੍ਰਿਥਕ-ਪ੍ਰਿਥਕ[੧੫]ਇਕ ਜਾਨ।ਸੋ'ਸਾ ਵਿਕਲਪ' ਕਹਤਿ ਹੈਂ ਜੋਗੀ ਪੁਰਖ ਸੁਜਾਨ ॥੭੭॥ ਚੌਪਈ॥ਆਪ ਭਿੰਨ[੧੬] ਨਹਿਂ ਭਿੰਨ ਧਿਆਨਾ। ਧੇ[੧੭] ਸਭਿ ਬ੍ਰਹਮ ਰੂਪ ਕਰਿ ਜਾਨਾ।'ਨਿਰਵਕਲਪ' ਸੋ ਲਖੌ ਸਮਾਧਿ। ਐਸੇ ਅਸ਼ਟ[੧੮] ਅੰਗ ਤਨ ਸਾਧਿ॥੭੮॥ਬ੍ਰਿੱਤਿ ਅਰੂਢ ਯੋਗ ਮਹਿਂ ਜੌ ਲੌ। ਲੇਯ ਤਾਂਹਿ ਕੋ ਰਸ ਸ਼ੁਭ ਤੌ ਲੌ। ਉਤਰਹਿ ਬ੍ਰਿੱਤਿ ਯੋਗ ਤੇ ਜਬਹੀ।ਗੁਰੂ ਬਾਣੀ ਸੌਂ ਪਰਚਹਿ ਤਬਹੀ¶ ॥੭੯॥ ਐਸੇ ਭੀ ਬਹੁ ਕੋ ਕਲਿਆਨਾ[੧੯]। ਭਯੋ ਜਗਤ ਕੇ ਬੰਧਨ ਹਾਨਾ। ਦੂਜਾ ਭਗਤਿ ਜੋਗ ਕੋ ਪੰਥਾ[੨੦]।ਅਸ਼ਟ ਅੰਗ ਤਿਹਂ[੨੧]ਭਾਖਤਿ[੨੨]ਗ੍ਰੰਥਾ॥੮੦॥ ਪ੍ਰਿਥਮੈ 'ਯਮ'ਮਨ ਰਾਖਨ ਨੀਵਾ। ਨਿਜ ਗੁਨ ਤੇ ਨਿਰਮਾਨ[੨੩] ਸਦੀਵਾ।

[੧]ਹਿਲਦਾ ਯਾ ਝਮਕਦਾ ਪ੍ਰਕਾਸ਼। [੨]ਛੇਵਾਂ। [੩]ਬਾਹਰਲਾ ਤੇ ਅੰਤ੍ਰੀਵ ਕਹਿਆ ਜਾਂਦਾ ਹੈ। [੪]ਹੇ ਚਤੁਰ!। [੫]ਜੋੜਿਆ। [੬]ਧੁੰਨੀ। [੭]ਹਿਰਦਾ। [੮]ਵੱਲ। [੯]ਭਰਵਟਿਆਂ ਵਿੱਚ। [੧੦]ਅੰਦਰਲਾ (ਧਿਆਨ)। [੧੧]ਸੱਤਵਾਂ। [੧੨]ਤਿਸ ਵਿਚ ਰੁਕਾਵਟ ਹੈ। [੧੩]ਜੋਰ ਨਾਲ (ਅ) ਜੋੜਕੇ। [੧੪]ਦੋ ਤਰ੍ਹਾਂ ਦੀ। [੧੫]ਅੱਡ ਅੱਡ। [੧੬]ਵੱਖ। [੧੭]ਜਿਸ ਦਾ ਧਿਆਨ ਧਰੇ। [੧੮]ਅੱਠ। [੧੯]ਮੁਕਤੀ। [੨੦]ਰਾਹ। [੨੧]ਤਿਸਦੇ। [੨੨]ਕਹਿੰਦੇ ਹਨ। [੨੩]ਹੰਕਾਰ ਤੋਂ ਬਿਨਾਂ। *ਸਿਖ ਧਰਮ ਦੇ ਧਯਾਨ ਨਹੀਂ ਕਹਿ ਰਹੇ। †ਪਾ:–ਨਾਸਕਾ। ‡ਪਾ:–ਭ੍ਰੂ ਭ੍ਰੂ। §ਯੋਗ ਦਰਸ਼ਨ ਵਿਚ ਪਹਿਲਾਂ ਧਾਰਨਾ ਹੈ ਫੇਰ ਧਯਾਨ ਹੈ। ¶ਇਹ ਗੁਰ ਸਿੱਖੀ ਹੈ।

ਦੂਜੋ 'ਨੇਮ' ਜਾਇ ਸਤਿਸੰਗਤਿ। ਕਥਾ ਕੀਰਤਨ ਸੁਨਿ ਮਿਲ ਪੰਗਤਿ ॥ ੯੧ ॥ ਦੋਹਰਾ ॥ ਪਢਨ ਸ਼ਕਤਿ[੧] ਜੇ ਹੋਵਈ ਪਢੈ ਨੇਮ ਕਰਿ ਸੋਇ। ਸੁਨਨਿ ਸ਼ਕਤਿ ਜੇ ਹੋਵਈ ਸੁਨੈ ਸੁ ਇਕ ਮਨ ਹੋਇ ॥੯੨॥ਚੌਪਈ॥ ਤੀਜੋ 'ਦੇਸ਼ ਇਕੰਤ' ਬਖਾਨੈ[੨]। ਸਰਬ ਵਿਖੈ ਇਕ ਗੋਬਿੰਦ ਜਾਨੈ। ਔਰ ਦੂਸਰਾ ਲਖਈ ਨਾਂਹਿ। ਏਕੋ ਬਯਾਪਕ[੩] ਸਭਿ ਘਟ[੪] ਮਾਂਹਿ[੫] ॥ ੯੩ ॥ ਚੌਥੋ 'ਆਸਨ' ਸਮਝਹੁ ਚਿੱਤ। ਕਰਹਿ ਗੁਬਿੰਦ ਵਿਖੈ ਥਿਤਿ[੬] ਬ੍ਰਿੱਤਿ[੭]। ਪੰਚਮ 'ਪ੍ਰਾਣਾਯਾਮ' ਚੀਨਿ। ਪੂਰਕ[੮], ਕੁੰਭਕ[੯], ਰੇਚਕ[੧੦] ਤੀਨ ॥੯੪॥ ਦੋਹਰਾ ॥ 'ਪੂਰਕ' ਗੁਰੁਕੇ ਬਚਨ*ਸੁਨਿ ਸਭੈ ਕਰਖ[੧੧]†ਕਰਿ ਲੇਯ। ਬਚ[੧੨] ਸੁਨਿ ਸਮਝੀ ਵਸਤੁ[੧੩] ਜੋ ਰਿਦੇ ਸਦਾ ਥਿਰ ਕੇਯ[੧੪] ॥੯੫॥ਚੌਪਈ॥ ਕਰ ਅਭਿ-ਆਸ ਨ ਤਿਹੰ ਪਰਿਹਰੈ[੧੫]। ਸਦ ਠਹਿਰਾਵਨ ਮਨ ਮੈਂ ਕਰੈ।'ਕੁੰਭਕ'ਦੂਜੋ ਇਸੀ ਪ੍ਰਕਾਰਾ। ਤੀਜੋ ਰੇਚਕ ਕਰੋਂ ਉਚਾਰਾ ॥੯੬॥ ਸਤਿਗੁਰੁ ਬਚਨ ਜੁ ਤਜਿਨਾ[੧੬]ਕਹਾ।ਤਿਹ ਤਜਿ ਦੇਯ[੧੭],ਹੋਤਿ ਸੁਖ ਮਹਾਂ[੧੮]। ਸ਼ਸ਼ਟਮ'ਧਯਾਨ' ਅੰਗ ਸੁਨਿ ਜੈਸੇ। ਪਢਨ ਸੁਨਨ ਗੁਰੁ ਬਚ ਜਬ ਬੈਸੇ ॥ ੯੭ ॥ ਸਬਦ ਅਰਥ ਮਹਿੰ ਰਾਖਹਿ ਧਯਾਨਾ। ਫੁਰਨ ਦੇਯ ਸੰਕਲਪ ਨ ਆਨਾ। ਸਪ-ਤਮ ਅਹੈ'ਧਾਰਨਾ'ਅੰਗਾ। ਤਿਸ ਸਰੂਪ ਸੁਨਿਯੇ ਰੁਚਿ ਸੰਗਾ[੧੯]॥੯੮॥ਮਨ ਸੰਕਲਪ ਵਿਖੈ ਜੇ ਜਾਵਹਿ। ਪੁਨ ਮਨ ਰੋਕਿ‡ ਸ਼ਬਦ ਮਹਿੰ ਲਾਵਹਿ। ਜਬ ਮਨ ਟਿਕਯੋ ਘਟੀ[੨੦] ਦੋ ਚਾਰਾ। ਤਿੰਹਕੋ ਨਾਮ 'ਸਮਾਧਿ' ਉਚਾਰਾ॥ ੯੯ ॥ ਸ਼ਬਦ ਵਿਖੈ ਜਬ ਲਗੀ ਸਮਾਧਿ । ਤਿਸਹਿ ਵਧਾਵੈ ਤਨ ਮਨ ਸਾਧਿ। ਅਸ਼ਟ ਜਾਮ[੨੧]ਮਨ ਸ਼ਬਦ ਵਿਖੈ ਜਬ।ਪੂਰਨ ਹੋਤਿ ਸਮਾਧਿ ਭਲੇ ਤਬ ॥ ੯੦ ॥ ਦੋਹਰਾ ॥ ਭਗਤਿ ਜੋਗ ਇਹ ਜਾਨਿਯੇ ਕਲਿ ਮਹਿੰ ਪੰਥ ਸੁਖੇਨ। ਕਸ਼ਟ ਜੋਗ ਦੁਸ਼ਤਰ[੨੨] ਅਹੈ ਹੋਇ ਨ ਜੇਨੈਕੇਨ[੨੩]§' ॥ ੯੧ ॥ ਚੌਪਈ॥ਸ੍ਰੀ ਗੁਰੁ ਮੁਖ ਤੇ ਸੁਨਿ ਉਪਦੇਸ਼ੂ।ਹਾਥ ਜੋਰਿ ਪਗ ਪਰਯੋ ਨਰੇਸ਼ੂ[੨੪]। ਸੀਖਯੋ ਚਾਹਤਿ ਯੋਗ ਬਹੋਰੀ। ਰਿਦੇ ਲਾਲਸਾ ਜਾਂਹਿ ਨ ਥੋਰੀ[੨੫] ॥ ੯੨ ॥

---

[੧]ਪੜ੍ਹਨੇ ਦੀ ਤਾਕਤ, ਜਾਚ। [੨]ਕਹਿੰਦੇ ਹਨ। [੩]ਪੂਰਨ ਹੈ। [੪]ਸਾਰੇ ਹਿਰਦਿਆਂ। [੫]ਵਿੱਚ। [੬]ਇਸਥਿਰ। [੭]ਬਿਰਤੀ। [੮]ਸ੍ਵਾਸ ਅੰਦਰ ਖਿੱਚਣਾ। [੯]ਅੰਦਰੇ ਠਹਿਰਾਉਣਾ। [੧੦]ਉਤਾਰਨਾ। [੧੧]ਖਿੱਚ। [੧੨]ਬਚਨ। [੧੩]ਚੀਜ, ਬਾਤ। [੧੪]ਟਿਕਾਵੇ। [੧੫]ਦੂਰ ਨਾ ਹਟਾਵੇ। [੧੬]ਜੇਹੜੀ ਗੱਲ ਛੱਡਣੀ ਕਹੀ ਹੈ। [੧੭]ਛਡ ਦੇਵੇ। [੧੮]ਬੜਾ। [੧੯]ਪ੍ਰੀਤੀ ਨਾਲ। [੨੦]ਘੜੀਆਂ। [੨੧]ਅੱਠੇ ਪਹਿਰ। [੨੨]ਕਠਨ। [੨੩]ਜਿਸ ਕਿਸੇ (ਹਰ ਕਿਸੇ) ਤੋਂ ਨਹੀਂ ਹੋ ਸਕਦਾ! [੨੪]ਰਾਜਾ। [੨੫]ਭਾਵ ਬਹੁਤ ਹੈ।

*ਪਾ:-ਸ਼ਬਦ। †ਪਾ:-ਕਰਮ। ‡ਪਾ:--ਮੋਰ। §ਦੇਖੋ ਪੰਨਾ ੫੨੯ §ਨਿਸ਼ਾਨ ਦੀ ਤੂਕ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼ਿਵਨਾਭ ਉਪਦੇਸ਼' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋਂ ਅਧ੍ਯਾਯ ॥ ੪੮ ॥

### ੪੯. [ਗੁਰ ਪਦ ਨਖ ਮੰਗਲ। ਤ੍ਰਿਯਾ ਰਾਜ ਉਪਦੇਸ਼]

ਦੋਹਰਾ ॥ ਸ੍ਰੀ ਗੁਰ ਪਦ ਨਖ ਕ੍ਰਾਂਤਿ ਜੋ ਚਿੰਤਾਮਨਹਿ ਸਮਾਨ ॥
ਚਿਤਵੇ ਮੰਗਲ ਸਰਬਦਾ ਵਿਘਨ ਦੋਖ ਗਨ ਹਾਨਿ ॥ ੧ ॥

[ ਚਿੰਤਾਮਨ=ਇਕ ਕਵਿ ਸੰਕੇਤਕ ਮਣਿ, ਜਿਸ ਤੋਂ ਜੋ ਕੁਛ ਮੰਗੀਏ ਯਾਂ ਚਿਤਵੀਏ ਸੋ ਦੇਂਦੀ ਹੈ। [ਸੰਸ:, ਚਿੰਤਾਮਣਿ]
ਚਿਤਵੇ=ਚਿਤਵਣ ਨਾਲ, ਇੱਛਾ ਕਰਨ ਨਾਲ।
ਸਰਬਦਾ=ਸਾਰੇ ਸਮਿਆਂ ਵਿਚ, ਹਮੇਸ਼। [ਸੰਸ:, ਸਰ੍ਵਦਾ]
ਦੋਖ=ਦੋਸ਼, ਪਾਪ। ਗਨ=ਸਾਰੇ। ਹਾਨ=ਨਾਸ਼ ਹੁੰਦੇ, ਹਾਨੀ ਹੁੰਦੇ। ]

**ਅਰਥ**–ਸ੍ਰੀ ਗੁਰੂ ਜੀ ਦੇ ਚਰਨਾਂ ਦੇ ਨਹੁੰਵਾਂ ਦੀ ਜੋ ਕ੍ਰਾਂਤੀ ਹੈ (ਓਹ) ਚਿੰਤਾਮਣੀ ਦੇ ਤੁੱਲ ਹੈ, (ਜਿਸ ਨੂੰ) ਚਿਤਵਨ ਨਾਲ ਸਾਰੇ ਵਿਘਨਾਂ ਤੇ ਪਾਪਾਂ ਦਾ ਨਾਸ਼ ਹੁੰਦਾ ਹੈ (ਅਰ) ਸਦਾ ਮੰਗਲ ਦੀ ਪ੍ਰਾਪਤੀ ਹੁੰਦੀ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਿ ਕਰਿ ਸ੍ਰੀ ਗੁਰ ਕੋ ਉਪਦੇਸ਼ਾ। ਹਾਥ ਬੰਦਿ ਦ੍ਵੈ ਕਹਿਤਿ ਨਰੇਸ਼ਾ।'ਮਨ ਨਿਰਮਲ ਕੇ ਮਾਰਗ ਦੋਊ। ਕਰੁਨਾਕਰਿ ਬਖ਼ਸ਼ਹੁ, ਦੁਖ ਖੋਊ !॥ ੨ ॥ ਕਰਹੁ ਸਰਬ ਮਮ ਦੇਸ਼ ਨਿਹਾਲਾ। ਤੁਮ ਸਮਾਨ ਨਹਿੰ ਆਨ ਕ੍ਰਿਪਾਲਾ। ਕਰਹੁ ਸਦੀਵ ਬਾਸ ਮੁਝ ਸਦਨਾ। ਹਰਖੋਂ ਹੇਰਿ ਕਮਲ ਸਮ ਬਦਨਾ ॥ ੩ ॥ ਜਿਸ ਪ੍ਰਕਾਰ ਤੁਮ ਕਿਤਨੇ ਕੋਸਾ। ਚਲਿ ਆਇ ਨਿਜ ਦੇਨਿ ਭਰੋਸਾ। ਤਿਸੀ ਪ੍ਰਕਾਰ ਰਹਿਨ ਅਬ ਕੀਜੈ। ਸਰਬ ਦੇਸ਼* ਉਪਦੇਸ਼ਹਿ ਦੀਜੈ' ॥੪॥ ਪ੍ਰੇਮ ਬਿਨੈ ਸਨ[1] ਬਾਨੀ ਸੁਨਿਕੈ। ਪਗ[2] ਪਾਹੁਲ ਦੀਨੀ ਸਿਖ ਗੁਨਿਕੈ। ਧਰਮਸਾਲ ਮਹਿੰ ਕੀਨ ਬਸੇਰਾ। ਸਰਬ ਦੇਸ਼ ਹੋਵਤਿ ਭਾ ਚੇਰਾ ॥੫॥ ਭੂਪਤਿ ਯੋਗ ਦੇਨ ਕੇ ਕਾਜਾ। ਪ੍ਰਾਣ ਸੰਗਲੀ†

---

[1]ਪ੍ਰੇਮ ਦੀ ਬੇਨਤੀ ਸੰਯੁਕਤ। [2]ਚਰਣਾਂ ਦੀ। *ਪਾਠਾਂਤ੍ਰ–ਸਗਰ ਨਗਰ।

†ਜਦ 'ਪ੍ਰਾਣ ਸੰਗਲੀ' ਦੀ ਖੋਜ ਕਰੀਏ ਤਾਂ ਅਖੀਰ ਪੁਰਾਣੀ ਲਿਖਤ, ਪੁਰਾਤਨ ਜਨਮ ਸਾਖੀ ਵਿਚ ਮਿਲਦੀ ਹੈ, ਓਥੇ ਪ੍ਰਾਣ ਸੰਗਲੀ ਦਾ ਨਮੂਨਾ ਦਿੱਤਾ ਹੈ, ਉਸ ਵਿਚ ਉਨਮਨੀ ਅਵਸਥਾ ਦਾ ਜ਼ਿਕਰ ਹੈ, ਜਿਸ ਦਾ ਮਤਲਬ ਮਨ ਦੀ ਉਹ ਦਸ਼ਾ ਹੈ ਜਦ ਮਨ ਆਸ ਅੰਦੇਸੇ ਤੋਂ ਨਿਕਲਕੇ ਉੱਚਾ ਹੋਕੇ ਜਿਸ ਉੱਚੀ ਅਵਸਥਾ ਵਿਚ ਰਹਿੰਦਾ ਹੈ। ਚੜ੍ਹੀ ਹੋਈ ਸੁਰਤ ਦੀ ਦਸ਼ਾ। ਨਮੂਨਾ ਇਹ ਹੈ:–

ਉਨਮਨਿ ਸੁੰਨ ਸੁੰਨ ਸਭ ਕਹੀਐ ॥ ਉਨਿਮਨਿ ਹਰਖ ਸੋਗ ਨਹੀ ਰਹੀਐ ॥
ਉਨਮਨਿ ਆਸ ਅੰਦੇਸਾ ਨਹੀ ਬਿਆਪਤ ॥ ਉਨਮਨਿ ਵਰਨ ਚਿਹਨ

[ਬਾਕੀ ਫੁਟ ਦੇਖੋ ਅਗਲੇ ਪੰਨੇ ਦੇ ਹੇਠਾਂ]

ਗ੍ਰੰਥ ਸੁ ਸਾਜਾ। ਇਕ ਸੌ ਤੇਰਹਿ* ਧਯਾਇ ਬਖਾਨੇ। ਜਿਹ ਪਢਿ ਯੋਗ ਕਲਾ ਸਭਿ ਜਾਨੇ ॥੬॥ ਦੇ ਕਰਿ ਸੋ ਸੌਂਪਯੋ ਅਵਨੀਪਾ। ਬੋਲੇ ਪੁਨ ਬੇਦੀ-ਕੁਲਦੀਪਾ। 'ਜਬ ਸਿਖ ਕੋ ਆਵਹਿ ਹਮ ਦੇਸ਼ੂ। ਜਾਚਹਿ ਤੁਮ ਪੈ ਦੇਹੁ, ਨਰੇਸ਼ੂ!' ॥ ੭ ॥ ਚਿਰੰਕਾਲ ਪੁਨ ਕੀਨ ਬਸੇਰਾ। ਭਯੋ ਸੁ ਦੇਸ਼ ਨਿਹਾਲ ਘਨੇਰਾ। 'ਭਗਤਿ ਜੋਗ' 'ਹਠ ਜੋਗ' ਜੁ ਦੋਊ। ਕਿਯੋ ਪ੍ਰਪੱਕ ਭੂਪ ਮਨ ਸੋਊ ॥ ੮ ॥ ਸਿੱਖੀ ਪ੍ਰਗਟੀ ਦੇਸ਼ ਮਝਾਰੇ। ਸ਼੍ਰੀ ਸਤਿਗੁਰੂ ਕੋ ਜਾਪ ਉਚਾਰੇ। ਭਾ ਸ਼ਿਵਨਾਭ ਅਧਿਕ ਪਰਤਾਪਾ। ਚਢਿ ਕਰਿ ਸਭਿ ਸ਼ੱਤ੍ਰੁਨ ਕੋ

---

☛ [ਪਿਛਲੇ ਪੰਨੇ ਦੀ ਬਾਕੀ ਟੂਬ ਇਹ ਹੈ]

ਨਹੀ ਜਾਪਤ ॥ ਉਨਮਨਿ ਕਥਾ ਕੀਰਤ ਨਹੀ ਬਾਨੀ ॥ ਉਨਮਨਿ ਰਹਤਾ ਸੁੰਨ ਧਿਆਨੀ ॥ ਉਨਮਨਿ ਅਪਨਾ ਆਪ ਨ ਜਾਨਿਆ ॥ ਨਾਨਕ ਉਨਮਨਿ ਸਿਉ ਮਨਿ ਮਾਨਿਆ ॥ ੧ ॥ ਉਨਮਨਿ ਮਾਤਾ ਪਿਤਾ ਨਹੀ ਕੋਈ ॥ ਉਨਮਨਿ ਸੁਰਤਿ ਸੁਧ ਨਹੀ ਲੋਈ ॥ ਉਨਮਨਿ ਮਾਇਆ ਮਮਤਾ ਨਾ ਹੋਤੀ ॥ ਉਨਮਨਿ ਸੁੰਨ ਦੇਹੁਰੀ ਨਹੀ ਹੋਤੀ ॥ ਉਨਮਨਿ ਗਿਆਨ ਧਿਆਨ ਨ ਬੀਚਾਰੇ ॥ ਉਨ ਮਨਿ ਮੁਕਤਿ ਬੇਕੁੰਠ ਨ ਉਤਾਰੇ ॥ ਉਨਮਨਿ ਭਾਉ ਭਗਤਿ ਨਹੀਂ ਕਾਈ ॥ ਨਾਨਕ ਉਨਮਨਿ ਸਿਉ ਉਨਹੂੰ ਬਨਿ ਆਈ ॥ ੨ ॥ ਇਤਯਾਦਿ।

ਸਭ ਤੋਂ ਪੁਰਾਣੀ ਪ੍ਰਾਣ ਸੰਗਲੀ ਇਹ ਹੋ ਸਕਦੀ ਹੈ। ਪੰਜਵੇਂ ਪਾਤਸ਼ਾਹ ਦੇ ਪ੍ਰਸੰਗ ਵਿਚ ਜ਼ਿਕਰ ਹੈ ਕਿ ਓਹਨਾਂ ਨੇ ਪੈੜੇ ਨਾਮੇਂ ਸਿੱਖ ਨੂੰ ਘੱਲਕੇ ਪ੍ਰਾਣ ਸੰਗਲੀ ਸੰਗਲਾ ਦੀਪ ਤੋਂ ਮੰਗਾਈ, ਪਰ ਪੜ੍ਹਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਚੜ੍ਹਾਈ, ਡੋਬ ਦਿੱਤੀ। ਯਥਾ—'ਸੋ ਮੰਗਾਇ ਜਲ ਕਰਯੋ ਪ੍ਰਵਾਹਿ' (ਗੁਰ ਪ੍ਰਤਾਪ ਸੂਰਜ ਰਾਸ ੩, ਅੰਸੂ ੩੨, ਅੰਕ ੫੪)। ਇਹ ਗੱਲ ਹੋਰ ਪਰਚਲਤ ਪ੍ਰਾਣ ਸੰਗਲੀਆਂ ਦੇ ਦਾਵੇ ਨੂੰ ਇਕੋ ਵੇਰ ਉਠਾ ਦੇਂਦੀ ਹੈ। ਜੇ ਕਦੇ ਸ਼੍ਰੀ ਗੁਰੂ ਅਰਜਨ ਦੇਵ ਜੀ ਉਸ ਪੋਥੀ ਨੂੰ ਗੁਰੂ ਨਾਨਕ ਰਚਿਤ ਸਹੀ ਕਰਦੇ ਤਾਂ ਉਸਨੂੰ ਜ਼ਰੂਰ ਬੀੜ ਵਿਚ ਚੜ੍ਹਾਂਦੇ ਤੇ ਕਦੇ ਉਸਦਾ ਤ੍ਰਿਸਕਾਰ ਨ ਕਰਦੇ। ਇਹ ਕਦੇ ਹੋ ਨਹੀਂ ਸਕਦਾ ਸੀ ਕਿ ਸ਼੍ਰੀ ਗੁਰੂ ਨਾਨਕ ਜੀ ਦੀ ਅਸਲੀ ਕਿਸੇ ਹੀ ਰਚਨਾਂ ਨਾਲ ਪੰਚਮ ਗੁਰੂ ਜੀ ਵਿਥੇਵਾਂ ਦਿਖਾਲਦੇ ਯਾਂ ਉਸਨੂੰ ਕਾਇਮ ਨਾਂ ਰੱਖਦੇ। ਉੱਪਰਲੇ ਅੰਕ ੭ ਮੂਜਬ ਗੁਰੂ ਨਾਨਕ ਦੇਵ ਜੀ ਨੇ ਪ੍ਰਾਣ ਸੰਗਲੀ ਡੋਬੀ ਜਾਣ ਵਾਸਤੇ ਰਾਜੇ ਨੂੰ ਨਹੀਂ ਸੀ ਕਹਿਣਾ ਕਿ ਸਾਡੇ ਸਿੱਖ ਨੂੰ ਦੇ ਦੇਣੀ, ਓਹ ਜ਼ਰੂਰ ਕੋਈ ਕਿਸੇ ਹੋਰ ਦੀ ਰਚਿਤ ਸ਼ੈ ਹੋਣੀ ਹੈ। ਜਿਤਨੀਆਂ ਰਚਨਾਂ ਇਸ ਨਾਮ ਹੇਠ ਹੁਣ ਮਿਲਦੀਆਂ ਹਨ ਓਹ ਇਸ ਲਈ ਸਤਿਗੁਰਾਂ ਦੀਆਂ ਨਹੀਂ ਸਮਝਣੀਆਂ ਚਾਹੀਏ, ਅਰ ਉਨ੍ਹਾਂ ਅਨੁਸਾਰ ਕੀਤੇ ਅਭਜਾਸ ਬੀ ਕਈ ਵੇਰ ਸੇਹਤ ਲਈ ਸੁਖਦਾਈ ਨਹੀਂ ਹੋਏ, ਸਿੱਖਾਂ ਨੂੰ ਅਮਲ ਕੇਵਲ ਗੁਰੂਬਾਣੀ ਤੇ ਕਰਨਾ ਚਾਹੀਦੇ ਜੋ ਪੰਚਮ ਸਤਿਗੁਰਾਂ ਨੇ ਬੀੜ ਵਿਚ ਚਾੜ੍ਹੀ ਹੈ।

*ਪਾ:—ਇਕ ਸੈ ਤੇਰਹ।

ਖਾਪਾ ॥ ੯ ॥ ਧਰਮ ਸਾਲ ਮਹਿਂ ਦੇਗ[1] ਬਿਸਾਲਾ। ਕਰਵਾਵਹਿਂ ਸਤਿਗੁਰੂ ਕ੍ਰਿਪਾਲਾ। ਮਨ ਇਕੀਸ* ਜਹਿਂ ਲੌਨ[2] ਮਿਲਾਏ। ਇਤੋ ਅਹਾਰ ਹੋਇ ਸਭਿ ਖਾਏਂ ॥ ੧੦ ॥ ਕੀਰਤਨਿ ਸੱਤਿਨਾਮੁ ਕੋ ਹੋਵੈ। ਜੋ ਬਹੁ ਜਨ ਮਨ ਕਲਮਲ[3] ਖੋਵੈ। ਦਿਨਪ੍ਰਤਿ ਚਲਨ ਚਹਿਤਿ ਜਗਤੇਸ਼ਾ[4]। ਕਰਹਿ ਭਾਉ ਬਹੁ ਰਖਹਿ ਨਰੇਸ਼ਾ ॥੧੧॥ ਕਰੀ ਪ੍ਰਪੱਕ ਸਿਖੀ ਕੀ ਰੀਤਾ। ਨਿਤਪ੍ਰਤਿ ਵਧਹਿ ਭਜਨ ਮਹਿਂ ਪ੍ਰੀਤਾ।ਕਰਯੋ ਗਯਾਨ ਮਹਿਂ ਪੂਰਨ ਰਾਊ[5]।ਸ੍ਰੀਨਾਨਕ ਜੀ ਦਯਾਲੁ ਸੁਭਾਊ ॥ ੧੨ ॥ ਬਹੁਰੋ ਮੰਜੀ[6] ਪਰ ਬੈਸਾਰਾ। ਕਿਯੋ ਪੂਜ[7] ਤਿਹਂ ਦੇਸ਼ ਮਝਾਰਾ। ਆਪ ਗਵਨ ਕੀ ਕੀਨੀ ਤ੍ਯਾਰੀ। ਚਹਿਤ ਨ ਬਿਛ-ਰਯੋ ਨ੍ਰਿਪ ਬ੍ਰਿਹੂ[8] ਭਾਰੀ ॥ ੧੩ ॥ ਕਮਲ ਬਦਨ ਪੁਨ ਬਚਨ ਬਖਾਨੇ। 'ਸੁਨਿ ਰਾਜਨ ਭੋ ਪਰਮ ਸਯਾਨੇ!। ਅਬ ਤੁਝ ਪੂਰਨ ਭਯੋ ਬਿਬੇਕਾ। ਹਮ

[1]ਲੰਗਰ। [2]ਲੂਣ। [3]ਪਾਪ। [4]ਗੁਰੂ ਜੀ। [5]ਰਾਜਾ [6]ਮੰਜੀ ਦਾ ਭਾਵ ਗੁਰ ਨਾਨਕ ਤੁੱਲ ਗੁਰਤਾ ਦਾ ਨਹੀਂ, ਪਰ ਸਾਧ ਸੰਗਤ ਵਿਚ ਗੁਰਮੁਖ ਪਦ ਦਿੱਤਾ। ਅਰਥਾਤ ਆਪ ਜਪੇ ਤੇ ਹੋਰਨਾਂ ਨੂੰ ਜਪਾਵੇ। ਨਾਮ ਜਪਾਉਣ ਦਾ ਅਧਿਕਾਰ ਸਿੱਖ ਨੂੰ ਦਿੱਤਾ ਗਿਆ ਹੈ ਤੇ ਉਸਦਾ ਸਤਿਕਾਰ ਬੀ ਲਿਖਿਆ ਹੈ। ਯਥਾ—'ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥' [7]ਪੂਜਾ ਜੋਗ। [8]ਵਿਛੋੜਾ।

*ਮਣ ਦਾ ਵਜ਼ਨ ਅੱਡ ਅੱਡ ਇਲਾਕਿਆਂ ਵਿੱਚ ਵੱਖੋ ਵੱਖਰਾ ਹੈ, ਦੇਸੀ ਮਣ ਦੋ ਵਜ਼ਨਾਂ ਦਾ ਹੈ, ਪੱਕਾ ਮਣ ੪੦ ਸੇਰ ਦਾ ਹੁੰਦਾ ਹੈ ਤੇ ਕੱਚਾ ਮਣ ਸਾਰੇ ਦੇਸ਼ ਵਿਚ ੧੬ ਸੇਰ ਦਾ ਗਿਣਦੇ ਹਨ। ਈਰਾਨੀ ਮਣ ੧ਸੇਰ ੧੦ ਛਟਾਂਕ ਦਾ ਸੁਣੀਂਦਾ ਹੈ ਜਿਸਨੂੰ ਬਰਜਿੰਦੀ ਮਣ ਆਖਦੇ ਹਨ। ਤਬਰੇਜ਼ੀ ਮਣ ਸਵਾ ਤਿੰਨ ਸੇਰ ਦਾ ਹੁੰਦਾ ਹੈ, ਫਾਰਸੀ ਕੋਸ਼ਾਂ ਵਿਚ ਮਣ ਦਾ ਅਰਥ ਇਕ ਸੇਰ ਲਿਖਿਆ ਹੈ। ਗਯਾਨੀ ਭਗਵਾਨ ਸਿੰਘ ਜੀ ਮਣ ਦਾ ਅਰਥ ਢਾਈ ਸੇਰ ਕਰਦੇ ਹਨ, ਪਰ ਮੁਸਲਮਾਨਾਂ ਦਾ ਰਾਜ ਤੇ ਰਵੱਯੇ ਜਾਰੀ ਹੋਣ ਕਰਕੇ ਮਣ ਦਾ ਭਾਵ ਸੇਰ ਹੋਣਾ ਹੈ। ਸੰਗਤ ਓਥੇ ਬਹੁਤ ਸਿੱਖ ਹੋਈ ਸੀ ਇਸ ਵਿਚ ਸੰਸਾ ਨਹੀਂ ਹੈ, ਨਾਲੇ ਸਾਰੀ ਰਸੋਈ ਦਾ ਇਹ ਲੂਣ ਹੈ, ਪਤਾ ਨਹੀਂ ਦਾਲ, ਕਿੰਨੀਆਂ ਭਾਜੀਆਂ ਅਥਵਾ ਖਿਚੜੀ ਆਦਿ ਬਣਦੇ ਹੋਣ, ਫਿਰ ਇਹ ਰਸੋਈ ਹਰ ਰੋਜ਼ ਦੀ ਹੈ, ਰੋਜ ਘਟ ਤੋਂ ਘਟ ਦੋ ਵੇਰੀ ਤਾਂ ਅੰਨ ਪਕਦਾ ਹੀ ਹੈ। ਹਕੀਕਤ ਰਾਹ ਮੁਕਾਮ ਵਿਖੇ '੨੦ ਮਣ ਲੂਣ' ਲਿਖਿਆ ਹੈ। ਜੇ ਮਣ ਨੂੰ ਇਕ ਸੇਰ ਦਾ ਮੰਨੀਏਂ ਤਾਂ ਵੀਹ ਮਣਾਂ ਦੇ ੨੦ ਸੇਰ ਹੋਏ ਤੇ ੨੦ ਸੇਰ ਲੂਣ ਇਕ ਛਟਾਂਕ ਇਕ ਸੇਰ ਦੇ ਹਿਸਾਬ ਨਾਲ ਅੱਠਾਂ ਮਣਾਂ ਦਾ ਹੋਯਾ। ਫੇਰ ਅੱਠ ਮਣ ਦਾਲ, ੪੦੦ ਆਦਮੀ ਇਕ ਮਣ ਦੇ ਹਿਸਾਬ ੪੦੦×੮=੩੨੦੦ ਆਦਮੀ ਲਗ ਪਗ ਦੋਹੀਂ ਵੇਲੀ ਖਾ ਸਕਦੇ ਹਨ, ਭਾਵ ਇਕ ਡੰਗ ਲਈ ਕੇਵਲ ੧੬੦੦ ਆਦਮੀ ਆਏ ਇਹ ਕੁਛ ਬੜੀ ਗਿਣਤੀ ਨਹੀਂ ਹੈ।

ਕਰਨੇ ਹੈਂ ਕਾਜ ਅਨੇਕਾ ॥ ੧੪ ॥ ਧਰਹੁ ਧਯਾਨ, ਮੈਂ ਸਦਾ ਸਮੀਪਾ’। ਅਸ ਸੁਨਿ ਗਦ ਗਦ ਭਾ ਅਵਨੀਪਾ। ਸਰਬ ਪ੍ਰਕਾਰ ਦੀਨਿ ਤਿੰਹ ਧੀਰਾ। ਗਮਨ ਕਿਯੋ ਪੁਨਿ ਗੁਨੀ ਗਹੀਰਾ[੧] ॥ ੧੫ ॥ ਪੂਜਾ ਨ੍ਰਿਪ ਕੀ ਸ਼੍ਰੀ ਗੁਰੂ ਪਾਛੇ। ਸਰਬ ਦੇਸ਼ ਕਰਿਹੀ ਬਿਧਿ ਆਛੇ। ਬਰ ਪਾਵਹਿੰ ਜੋ ਜਿਹੰ ਮਨ ਭਾਵਾ। ਕਰਹਿੰ ਸਦਾ ਸਤਿਸੰਗ ਸੁਹਾਵਾ ॥ ੧੬ ॥ ਸ੍ਵੈਯਾ ॥ ਦੇਸ਼ ਤਿਸੀ ਜਗਤੇਸ਼[੨] ਗਏ ਜਹਿੰ ਅੰਗਨਾ[੩]ਰਾਜ ਕਰੈ ਪੁਰਿ[੪] ਮਾਂਹੀ*। ਮੈਂ ਮਰਦਾਨਾ ਦੂਊ ਪਸ਼ਚਾਤ[੫] ਚਲੇ ਗੁਰੁ ਨਾਨਕ ਆਗੈ ਸੁ ਜਾਹੀਂ। ਦੰਭ ਨਸਾਵਨ ਨਾਮ ਜਪਾਵਨ,ਜਾਵਨ ਕਾਰਨ ਆਨਕੋ ਨਾਂਹੀ। ਪਾਵਕ ਸਾਗਰ[੬] ਹੇਰਿ ਅਗਾਹ ਕਿਯੋ ਹਰਿਕੀਰਤਿ ਸੇਤ[੭] ਕੋ ਤਾਂਹੀ॥੧੭॥ਭੂਰਹੁਤੋਪੁਰਿ[੮],ਨਾਰ[੯]ਨਰੇਸ਼ਨ[੧੦] ਤਾਂਹੀ ਕੇ ਮੱਧ ਗਏ ਗਤਿ ਦਾਨੀ। ਬੀਥਿਕਾ[੧੧] ਹੇਰਿ ਬਰੇ ਬਿਪਨੀ[੧੨] ਪੁਨ, ਆਪਨ[੧੩] ਭਾਂਤਿ ਅਨੇਕਨ ਠਾਨੀ। ਬੈਨ ਭਨੇ ਮਰਦਾਨੇ ਤਬੈ ‘ਮੁਝ ਆਇਸੁ ਦੇਹੁ ਪਿਵੌਂ ਕਿਤ ਪਾਨੀ। ਲਾਗ ਪਿਪਾਸ[੧੪] ਰਹੀ ਮੁਖ ਸੂਕਤਿ, ਆਪ ਚਲੋ, ਰਲਿ ਜਾਉਂ ਸੰਗਾਨੀ[੧੫]’ ॥੧੮॥ ਦੋਹਰਾ ॥ ਇਹ ਬਿਧਿ ਬਦਿ-ਕਰਿ[੧੬]† ਬਦਨ ਤੇ ਲੇ ਦੁਖ ਕਦਨ[੧੭] ਰਜਾਇ। ਗਯੋ ਸੰਗ ਤਜਿ ਸਦਨ ਇਕ,ਜਾਚਯੋ ‘ਜਲ ਮੁਝ ਪਯਾਇ’ ॥੧੯॥ ਸ੍ਵੈਯਾ॥ ਇਕ ਤੀਯ ਹੁਤੀ ਤਿਨ ਬੋਲ ਲਯੋ ‘ਤੁਮ ਅੰਤਰ ਆਨਿ ਕਰੋ ਜਲ ਪਾਨਾ[੧੮]। ਕਿਤ ਦੇਸ਼ ਰਹੋ ਕਿਤ ਜਾਵਹੁਗੇ?ਨਿਜ ਨਾਮ ਬਤਾਵਹੁ ਭਾਖਿ,ਸੁਜਾਨਾ!। ਤਵ ਰੂਪ ਅਪੂ-ਰਬ ਹੇਰਤਿ ਹੌਂ’ ਇਵ ਬੈਨ ਭਨੈ ਪੁਨਿ[੧੯]ਭਾ ਸਨਮਾਨਾ[੨੦]। ਸਨਯੋ ਇਹ, ਅੰਤਰ ਜਾਤ ਭਯੋ, ਤਹਿੰ ਬੈਸ ਗਯੋ ਮਚ[੨੧] ਪੈ ਮਰਦਾਨਾ ॥ ੨੦ ॥ ‘ਦੇਸ਼ ਪੰਜਾਬ ਲਖੋ ਧਰ ਦੂਰ ਸੋ,ਨਾਮ ਹਮਾਰ ਅਹੈ ਮਰਦਾਨਾ‡। ਕੇਵਲ ਕਾਰਨ ਦੇਸ਼ਨ ਦੇਖਨ, ਕਾਜ ਨ ਆਨਹਿ ਕੀਨ ਪਯਾਨਾ’। ਸੋ ਸੁਨਿ ਪਾਨ

---

[੧]ਭਾਵ, ਗੁਰੂ ਜੀ ਨੇ। [੨]ਗੁਰੂ ਜੀ। [੩]ਇਸਤ੍ਰੀ। [੪]ਸ਼ਹਿਰ। [੫]ਪਿੱਛੇ। [੬]ਅਗਨ ਸਾਗਰ। [੭]ਪੁਲ। [੮]ਵਡਾ ਸ਼ਹਿਰ ਸੀ। [੯.੧੦](ਉਸ ਪਰ ਦੀ) ਇਸਤ੍ਰੀ ਰਾਜਾ ਸੀ। [੧੧]ਗਲੀ। [੧੨]ਮੰਡੀ। [੧੩]ਹੱਟੀਆਂ। [੧੪]ਤ੍ਰੇਹ। [੧੫]ਨਾਲ ਆ ਮਿਲਾਂਗਾ। [੧੬]ਕਹਿਕੇ। [੧੭]ਗੁਰੂ ਜੀ ਦੀ। [੧੮]ਪੀਓ। [੧੯]ਇਓਂ ਬਚਨ ਕਹੇ ਫਿਰ। [੨੦]ਆਦਰ ਕੀਤਾ। [੨੧]ਮੰਜੀ ਤੇ।

*ਹਕੀਕਤ ਰਾਹ ਮੁਕਾਮ ਵਿਚ ਜ਼ਿਕਰ ਹੈ ‘ਤ੍ਰਿਯਾ ਰਾਜ ਹੈ, ਤਹਾਂ ਭੀ ਬਾਬੇ ਕਾ ਦੇਹੁਰਾ ਹੈ’।

†ਪਾਃ—ਕਹਿ ਕਰ।

‡ਪਾਃ—ਦੇਸ਼ ਪੰਜਾਬ ਲਖੋ ਹਮਰਾ ਅਰ ਦੂਸਰ ਨਾਮ ਅਹੈ ਮਰਦਾਨਾ।

ਪਿਆਵਨ ਕੇ ਮਿਸਗ੍ਰੀਵ ਮੈਂ ਤੰਤੁ ਕੋ ਡਾਰਿ ਬੰਧਾਨਾ[੧]।ਇੰਢਕ[੨]ਭ੍ਰਾ ਪਲਟੀ ਨਰ ਦੇਹਿ ਕੁਰੂਪ ਭਯੋ ਮੁਖ ਬੋਲਤਿ ਆਨਾ।*॥੨੧॥ਚੰਚਲ ਨਾਰਿ ਚਲਿ-ਤ੍ਰਹਿ ਸੋਂ ਕਰ ਦਾਮਨਿ[੩] ਲੇ ਕਰਿ ਤਾ ਛਿਨ ਮਾਂਹੀ[੪]†। ਗ੍ਰੀਵ[੫]ਵਿਖੇ ਤਿਨ ਬਾਂਧ ਲਈ ਪੁਨ ਮੇਖ ਕੇ ਸੰਗ ਦਈ ਗਠ ਤਾਂਹੀ। ਆਪ ਚਲੀ ਘਟ[੬] ਸੀਸ ਧਰਾ, ਜਲ ਲੇਵਨ ਕੋ ਉਦਪਾਨ[੭] ਜਹਾਂਹੀ[੮]। ਬੈਸ ਰਹਯੋ ਬਸ ਕੋ ਨ ਚਲੇ ਬਸਿ ਟਾਮਨਿ[੯] ਕੈ ਫਸਿ ਫਾਂਸਨ ਮਾਂਹੀ ॥ ੨੨ ॥ ਬਾਲਾ ਕਹੈ ਸੁਨਿ ਅੰਗਦ ਜੀ, ਪੁਰਿ ਬਾਹਰ ਬੈਸ ਰਹੇ ਜਗ ਸ੍ਵਾਮੀ। ਇਕ ਮਹੂਰਤ[੧੦] ਬੀਤਿ ਗਯੋ ਬਿਧਿ ਜਾਨਤਿ ਭੇ ਸਭਿ ਅੰਤਰਜਾਮੀ। ਬੈਨ ਭਨੇ ਗੁਨ ਐਨ ਪ੍ਰਭੂ 'ਮਰਦਾਨਾ ਨ ਅਯੋ ਰਹਯੋ ਕਿਹ ਕਾਮੀ ?। ਹੋਈ ਕਿਧੋਂ ਅਗਲੀ ਬਿਧਿ ਤਾਂ ਸੰਗ, ਹੈ ਨਗਰੀ ਸਗਰੀ ਇਹ ਖਾਮੀ[੧੧] ॥ ੨੩ ॥ ਨਿਗੁਰੇ ਨਰ ਮੂਰਖ ਸੇ ਲਖਿਯੇ, ਬਹੁ ਜੋਖਤਾ[੧੨]ਜੋਰ ਸੁਸ਼ੀਲ[੧੩] ਬਿਹੀਨਾ। ਪਰਚਾਵਤਿ, ਰਾਗ ਸੁਨਾਵਤਿ ਥੋ ਬਿਹਸਾਵਤਿ,ਸੋ ਕਿਨ ਬੰਧਨ ਕੀਨਾ[੧੪]। ਚਲਿਯੇ ਸੁਧਿ ਲੇਹੁ ਅਬੈ ਤਿਸਕੀ' ਮੁਖ ਭਾਖ ਗਤੇ[੧੫],ਨ ਪਿਖੈਂ ਦੁਖਦੀਨਾ[੧੬]।ਜਿਸ ਬਾਸ ਹੁਤੋ ਤਿਸ ਜਾਤ ਰਥ੍ਯਾ[੧੭]‡ਤਿਯ ਸੋਊ ਮਿਲੀ ਸਿਰ ਪੈ ਘਟ ਲੀਨ॥੨੪॥ ਕਬਿੱਤ॥ਸ਼੍ਰੀ ਗੁਰੂ[੧੮]ਨਿਹਾਰਿ,ਬੂਝੀ[੧੯]ਬਚਨ ਉਚਾਰਸੋਊ[੨੦],'ਮਾਨਵ ਹਮਾਰ ਇਕ ਆਯੋ ਇਹ ਥਾਨ ਕੋ। ਹਟਿਕੈ[੨੧] ਨ ਗਯੋ, ਕੌਨ ਜਾਨੈ ਕਹਾਂ ਭਯੋ, ਤਿਹ ਕਾਜ ਨਹਿੰ ਕਛੂ, ਹੇਤ ਆਯੋ ਪਾਨੀ ਪਾਨ ਕੋ[੨੨]'। ਤੀਯ ਕਹੈ ਬੈਨ 'ਈਹਾਂ ਨਰ ਕੋਊ ਹੈ ਨ ਤਵ,ਆਂਖ ਹੂੰ ਨ ਦੇਖ੍ਯੋ, ਗਯੋ ਥਾਨ ਕਿਤ ਆਨ ਕੋ। ਆਗੈ ਜਾਇ ਹੇਰੋ ਪੁਰਿ, ਰਹੈ ਨਹੀਂ ਕਹੂੰ ਦੂਰ[੨੩]', ਸੁਨੋ ਮਰਦਾਨੇ ਗੁਰ ਬੈਨ ਦੇਯ ਕਾਨ ਕੋ ॥ ੨੫ ॥ ਦੋਹਰਾ ॥ ਬਸ ਨ ਬਸਾਵਹਿ[੨੪] ਫਸੈ ਕੋ

---

[੧]ਬੰਨ੍ਹ ਦਿੱਤਾ। [੨]ਮੇਢਾ। [੩]ਰੱਸੀ। [੪]ਉਸੇ ਵੇਲੇ। [੫]ਗਰਦਨ। [੬]ਘੜਾ। [੭]ਖੂਹ। [੮]ਜਿੱਥੇ ਸੀ। [੯]ਟੂਣੇ (Hypnotism)। [੧੦]ਦੋ ਘੜੀਆਂ। [੧੧]ਕੱਚੀ। [੧੨]ਇਸਤ੍ਰੀਆਂ ਦਾ। [੧੩]ਧਰਮ। [੧੪]ਬੰਨ੍ਹ ਲਿਆ ਹੈ। [੧੫]ਟੁਰੇ। [੧੬]ਦੀਨਾਂ ਦਾ ਦੁਖ ਨਾਂ ਦੇਖ ਸਕਣ ਵਾਲੇ। [੧੭]ਉਸ ਗਲੀ ਵਿਚ ਜਿਸ ਵਿਚ ਘਰ ਸੀ। [੧੮]ਗੁਰੂ ਜੀ ਨੇ। [੧੯]ਪੁਛਿਆ। [੨੦]ਉਸੇ ਨੂੰ। [੨੧]ਮੁੜਕੇ। [੨੨]ਪੀਣ ਨੂੰ। [੨੩]ਛਿਪਕੇ। [੨੪]ਵੱਸ ਨਹੀਂ ਚਲਦਾ।

*ਮਰਦਾਨੇ ਦੀ ਇਹ ਗਤੀ ਪੁਰਾਤਨ ਜਨਮ ਸਾਖੀ ਵਿਚ ਦੋ ਵੇਰ ਨਹੀਂ ਲਿਖੀ। ਦੇਖੋ ਅੱਗੇ ਟੂਕ—ਅਧ੍ਯਾਯ ੫੦, ਦਾ ਅੰਕ ੪੭, ਪੰਨਾ ੫੪੬।

†ਪਾ:—ਚਾਹੀ, ਵਾਹੀ, ਤਾਹੀ।

‡ਪਾ:—ਜਿਸ ਬਾਸ ਹੁਤੇ ਤਿਤ ਜਾਵਤ ਭੇ। ਬਾਸ=ਘਰ।

ਬਾਸ ਵਿਖੇ ਬੰਧਾਨ[੧]। 'ਭਜਾਂ ਭਯਾਂ' ਭਨਹਿ ਸੁਨਾਵਈ ਭਗਤਿ ਵਛਲ ਕੇ ਕਾਨ ॥੨੬ ॥ਸੈਯਾ॥ 'ਕਯੋਂ ਨ ਬਤਾਵਹਿਂ ਮਾਨਵ ਤੂੰ ਮੁਖ ਕੂਰ ਕਹੈਂ ਘਰ ਅੰਤਰ ਜਾਤੀ॥ਹੈ ਇਹ ਥਾਨ,ਸੁਨਯੋ ਹਮ ਕਾਨ[੨],ਬਰਯੋ ਜਲ ਪਾਨਕੇ ਹੇਤ ਤਿਖਾਤੀ[੩]'। ਤੀਯ ਕਹੈ,'ਪਰਤੀਤ ਨਹੀਂ,ਬਰਿ[੪]ਅੰਤਰ ਹੇਰਿ ਲਵੋ ਭਲਿ-ਭਾਂਤੀ। ਬੀਚ ਨਿਕੇਤ ਦੁਰਾਯੋ ਨਹੀਂ, ਹਮ ਬੋਲਤਿ ਯੌਂ, ਪਰਤੀਤ ਨ ਪਾਤੀ'॥੨੭॥ਦੋਹਰਾ॥ਚੰਚਲ ਤਿਯ ਕੇ ਚਲਿਤ[੫] ਲਖਿ ਦਲਿਤ[੬]ਸੀਲਸਤਿ[੭] ਜੌਨ[੮]। ਇਕ ਸਲੋਕ ਕਹਿ ਕਮਲਮੁਖ[੯] ਕਲਾ ਦਿਖਾਈ ਤੌਨ[੧੦] ॥ ੨੮ ॥

ਸਲੋਕ* ॥ ਕਲਰ ਕੀ ਵਣਜਾਰੀਆਂ ਝੂੰਗੇ ਮੁਸਕ ਮੰਗੇਨ ॥
ਅਮਲਾਂ ਬਾਝਹੁ ਨਾਨਕਾ ਕਿਉ ਕਰ ਕੰਤ ਮਿਲੇਨ ॥ ੧ ॥

ਸੈਯਾ॥ਯੌਂ ਕਹਿਤੇ ਸਿਰ ਕੁੰਭ[੧੧]ਲਗਯੋਉਤਰੈ ਨ ਤਰੈ[੧੨],ਰਹੀ ਹਾਰਉਤਾਰੀ॥ 'ਭਯਾਂ ਭਯਾਂ'ਭਨੀ[੧੩]ਮਰਦਾਨੇ ਜਬੈ,'ਕਹੁਵਾਹਿਗੁਰੂ'ਗੁਰਬਾਨੀ[੧੪] ਉਚਾਰੀ। ਯੌਂ ਭਨਿਤੇ ਗਰ ਤੰਤ ਗਈ ਤੁਟ, ਭਾ ਤਨ ਮਾਨਵ,ਟਾਮਨ[੧੫] ਟਾਰੀ[੧੬]। ਲੇਯ ਰਬਾਬ ਧਰ੍ਯੋ ਨਿਜ ਕੰਧ ਅਯੋ ਢਿਗ,ਲੱਜਤਿ ਹੇਰਿ ਅਘਾਰੀ[੧੭]†॥੨੯॥ ਪੁਨ ਨਾਰਿਕੇ ਸੀਸਪੈ ਕੁੰਭ ਲਗਾ ਬਿਸਮਾਦ ਭਏ ਲਖਿਕੈ ਨਰਨਾਰੀ॥ਬਹੁ ਕੀਨ ਪ੍ਰਯਾਸ[੧੮] ਭਏ ਸਭਿ ਬਾਦ[੧੯],ਪਖਾਨ ਭਿਦੈ ਨਹਿਂ[੨੦]ਬੂੰਦਕੇ ਮਾਰੀ[੨੧]। ਪਢਿ ਮੰਤ੍ਰਨ ਜੰਤ੍ਰਨ ਕੋ ਲਿਖਿਕੈ ਕਰਿ ਤੰਤ੍ਰਨਕੋ ਸਭਿਹੀ ਤਿਯ[੨੨]ਹਾਰੀ॥ ਘਟ[੨੩]ਕੂਟਸੋਂ[੨੪]ਬਾਨ ਉਪਾਇ[੨੫] ਚਲਾਵਤਿ,ਖੰਡਤਿ ਹੋ[੨੬],ਨ ਚਲੈ ਉਪ-ਚਾਰੀ[੨੭] ॥ ੩੦ ॥ ਕਬਿੱਤ ॥ ਨੂਰਸ਼ਾਹ ਹੁਤੀ ਸਰਦਾਰ ਤਿਸ ਦੇਸ਼ ਹੂੰ ਕੀ ਭਈ ਸੁਧ ਤਾਕੋ ਕਿਨ ਜਾਇ ਕੈ ਬਖਾਨਿਯਾ। 'ਚੇਟਕੀ ਫਕੀਰ ਇਕ ਆਯੋ ਹੈ ਨਗਰ ਬੀਚ ਘਟਾ ਤੀਯ ਸੀਸ ਪੈ ਲਗਾਯੋ ਸਭਿ ਜਾਨਿਯਾ।

---

[੧]ਬੱਧਾ ਹੋਇਆ ਸੀ। [੨](ਉਸਦੀ ਅਵਾਜ਼) ਅਸਾਂ ਕੰਨੀ ਸੁਣੀ ਹੈ। [੩]ਤਿਹਾਯਾ। [੪]ਵੜਕੇ। [੫]ਚਲਿੱਤ੍ਰ। [੬]ਨਾਸ਼ ਕਰਦੀ ਹੈ। [੭]ਜਤ ਸਤ। [੮]ਜੋ। [੯]ਗੁਰੂ ਜੀ ਨੇ। [੧੦]ਉਸਨੂੰ। [੧੧]ਘੜਾ। [੧੨]ਹੇਠ। [੧੩]ਕਹੀ। [੧੪]ਗੁਰੂ ਜੀ ਨੇ ਬਾਣੀ। [੧੫]ਜਾਦੂ। [੧੬]ਦੂਰ ਹੋਯਾ। [੧੭]ਅਘਾਰੀ (ਅਘ+ਅਰੀ)=ਪਾਪਾਂ ਦੇ ਵੈਰੀ (ਗੁਰੂ ਜੀ ਨੂੰ) ਦੇਖਕੇ। [੧੮]ਜਤਨ। [੧੯]ਬਿਅਰਥ। [੨੦]ਪੱਥਰ ਨਹੀਂ ਵਿੰਨਿਆ ਜਾਂਦਾ। [੨੧]ਪਾਣੀ ਦੀ ਬੂੰਦ ਮਾਰਿਆਂ। [੨੨]ਇਸਤ੍ਰੀਆਂ। [੨੩]ਘੜਾ। [੨੪]ਪਹਾੜ ਵਾਂਗੂ। [੨੫]ਜਤਨਾਂ ਦੇ ਤੀਰ। [੨੬]ਟੁਟ ਜਾਂਦੇ ਹਨ। [੨੭]ਜਤਨ ਨਹੀਂ ਚਲਦੇ।

*ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

†ਪਾਃ—ਅਹਾਰੀ। [ਸੰਸਃ, ਅਹਾਰ੍ਯਜ]=ਜਿਸਨੂੰ ਕੋਈ ਨਾ ਠੱਗ ਸਕੇ—ਗੁਰੂ ਨਾਨਕ ਜੀ। ਪਾਠਾਂਤ੍ਰਃ—ਅਗਾਰੀ=ਅੱਗੇ। ਭਾਵ ਗੁਰੂ ਜੀ ਵਲ ਨਹੀਂ, ਪਰ ਅਗੇਰੇ ਨੂੰ ਤੱਕਦਾ ਹੈ।

ਮੰਤਰ ਨ ਜੰਤਰ ਨ ਤੰਤਰ ਚਲਤਿ ਕੋਊ ਹਾਰੇ ਉਪਚਾਰ[੧] ਕਰਿ ਕਾਹੂੰ ਨ ਹਿਲਾਨਿਯਾ[੨]। ਜੈਸੇ ਸਯਾਰ[੩] ਸ਼ੇਰ ਕੋ, ਪਪੀਲਕਾ[੪] ਸੁਮੇਰ ਕੋ ਉਪਾਇ ਤਿਸ ਸਾਮੁਹੇ[੫] ਸੁ ਐਸੀ ਬਿਧਿ ਠਾਨਿਯਾ[੬] ॥ ੩੧ ॥ ਸੁਨੀ ਜਬ ਰੋਸੀ[੭] ਤਬ ਤਿਯਾ[੮] ਵ੍ਰਿਗ[੯] ਜੋਊ ਸਭਿ ਟਾਮਨ[੧੦] ਕੀ ਬਿਧਿ ਮੈਂ ਸੁਜਾਨ[੧੧] ਜੋਊ ਜਾਨਿਯਾ। ਭੇਜੀ ਤਤਕਾਲ[੧੨] ਜਹਾਂ ਕੁੰਭ ਸੀਸ ਬਾਲ[੧੩] ਲਗੇ, ਧਾਰਤਿ ਬਿਸਾਲ ਮਾਨ[੧੪] ਧਾਈ ਤਿਹੰ ਥਾਨਿਯਾ। ਢੋਲਕ ਬਜਾਇ ਕੋਊ, ਕੰਧ ਕੋ ਭਜਾਇ ਚਲੀ, ਕੋਊ ਨਿਜ ਬਦਨ ਤੇ ਅਗਨਿ ਬਮਾਨਿਯਾ[੧੫]। ਚਢਿ ਹੈ ਬਿਟਪ[੧੬] ਕੋਊ, ਕੋਊ ਮ੍ਰਿਗ ਛਾਲਾ ਪਰ,ਕੋਊ ਭੇਟ ਮੰਤ੍ਰਨ ਕੀ ਦੇਨੇ ਹੇਤ ਆਨਿਯਾ ॥ ੩੨ ॥ ਦੋਹਰਾ ॥ ਲਿਖਹਾਰੀ ਜੰਤ੍ਰਨ ਸਭੈ ਮੰਤ੍ਰਨ ਪਢਿਤਿ ਬਿਸਾਲ। ਘਟਾ ਨ ਡੋਲਯੋ ਕਿਸੂ ਤੇ ਉਰ ਅਚਰਜ ਸਭਿ ਬਾਲ[੧੭] ॥੩੩॥ ਸੋਰਠਾ॥ ਨੂਰਸ਼ਾਹਿ ਕੇ ਪਾਸ ਪੁਨ ਸੁਧ ਦੀਨੀ ਜਾਇਕੈ। 'ਹਾਰੀ ਕਰਤਿ ਪ੍ਰਯਾਸ ਬਲ ਨ ਚਲੈ ਇਕ* ਕੁੰਭ ਪਰ' ॥ ੩੪ ॥ ਕਬਿੱਤ ॥ ਸ਼੍ਰੋਨ ਸੁਨਿ ਰੋਸ ਕੀਨਿ,ਸਭਿਨਿ ਕੋ ਧੀਰ ਦੀਨਿ,ਮੰਤ੍ਰ ਜੰਤ੍ਰ ਲਿਖਿ ਲੀਨ ਚਲੀ ਆਪ ਧਾਇ ਕੈ। 'ਕੈਸੋ ਹੈ ਫਕੀਰ ਜਾਇ ਦੇਖੋਂ ਤਿੰਹ ਤੀਰ[੧੮] ਕੇਤੋ ਚੇਟਕੀ ਗਹੀਰ[੧੯] ਅਬ ਜੀਤੋਂਗੀ ਬਨਾਇਕੈ'। ਆਨਿ ਪਢੇ ਮੰਤਰ ਛੁਹਾਏ ਲਿਖਿ ਜੰਤਰ ਸੁ ਗ੍ਰੀਵ[੨੦] ਬਾਂਧ ਤੰਤ੍ਰਨ ਕੋ ਢੋਲਕੀ ਬਜਾਇਕੈ। ਟਾਮਨ ਬਨਾਇ ਬਹੁ ਕੂਟ ਕੋ ਡੁਲਾਇ ਦੇਤਿ[੨੧] ਐਸੇ ਸਭਿ ਕੀਨ,ਘਟਾ ਸਕੀ ਨ ਡੁਲਾਇ-ਕੈ ॥੩੫॥ ਸ੍ਵੈਯਾ ॥ ਪਾਵਕ[੨੨] ਸੇ ਉਪਚਾਰ[੨੩] ਕਿਯੇ ਘਟ ਲਾਗਣ ਸੀਸ ਭਯੋ ਜਲ ਨ੍ਯਾਈ[੨੪]।ਏਕ ਨ ਜੋਰ ਚਲਯੋ ਤਿਹੰ ਊਪਰ ਹਾਰ ਰਹੀ ਕਰਿ ਕੋਟ ਉਪਾਈ[੨੫]। ਤੀਯ ਭਈ ਦੁਖ ਮੈਂ ਅਤਿ ਆਤੁਰ ਸੀਸ ਪੈ ਕੁੰਭ ਧਰੇ ਅਕੁ-ਲਾਈ[੨੬]। 'ਹਾਇ' ਮੁਹੂਰਮੁਹੂ[੨੭] ਬਕਿ ਆਨਨ 'ਮੋ ਸੰਗ ਕਯਾ ਜਗਦੀਸ਼ ਬਨਾਈ ॥ ੩੬ ॥ ਦੀਨ ਭਈ[੨੮] ਮਨ, ਚੀਨ ਲਈ ਮਹਿਮਾ ਜੁ ਨਈ

[੧]ਯਤਨ ਨਹੀਂ। [੨]ਹਿਲਾਯਾ ਗਿਆ। [੩]ਗਿੱਦੜ। [੪]ਕੀੜੀ। [੫]ਸਾਹਮਣੇ। [੬]ਬਣਾਯਾ। [੭]ਗੁੱਸੇ ਹੋਈ। [੮]ਇਸਤ੍ਰੀਆਂ। [੯]ਕੋਲ। [੧੦]ਟੂਣਿਆਂ ਵਿਚ। [੧੧]ਚਤੁਰ। [੧੨]ਉਸੇ ਵੇਲੇ। [੧੩]ਇਸਤ੍ਰੀ ਦੇ। [੧੪]ਹੰਕਾਰ। [੧੫]ਕੱਢਦੀ ਹੈ। [੧੬]ਬ੍ਰਿੱਛ ਤੇ। [੧੭]ਸਭ ਇਸਤ੍ਰੀਆਂ। [੧੮]ਪਾਸ। [੧੯]ਬੜਾ। [੨੦]ਗਲ ਨਾਲ। [੨੧]ਜੋ ਪਹਾੜ ਨੂੰ ਹਿਲਾ ਦੇਣ। [੨੨]ਅਗਨੀ। [੨੩]ਯਤਨ। [੨੪]ਉਪਚਾਰ ਅਗ ਵਾਂਙੂ ਸਨ ਘੜੇ ਦਾ ਲੱਗਣਾ ਪਾਣੀ ਵਾਙੂੰ ਸੀ। [੨੫]ਕਰੋੜਾਂ ਯਤਨ। [੨੬]ਵ੍ਯਾਕੁਲ ਹੋਈ। [੨੭]ਵਾਰ ਵਾਰ। [੨੮]ਆਜਿਜ਼ ਹੋ ਗਈ। *ਪਾ:-ਕਿਛੁ।

ਗੁਰ ਕੀ ਸੁਖਕਾਰੀ[1]। ਭਾਖਿ ਦਈ,ਅਵਗਯਾ ਜੁ ਭਈ ਸੁਨਿ ਕਾਨ ਲਈ ਸਿਰਦਾਰਨ ਨਾਰੀ[2]। 'ਤੂਰਣ ਜਾਵਹੁ ਪੂਰਣ ਸੰਤ ਪੈ, ਚੂਰਣ ਤਾਂ ਚਰਣਾ ਬਲਿਹਾਰੀ[3]। ਮੈਂ ਅਪਰਾਧ ਕਿਯੋ ਇਹ ਸਾਧ ਕੋ, ਲੇਹੁ ਅਰਾਧ, ਮਿਟੈ ਦੁਖ ਭਾਰੀ' ॥ ੩੭ ॥ ਦੋਹਰਾ ॥ ਨੂਰਸ਼ਾਹਿ ਤਹਿਂ ਤੀਯ ਸੋਂ ਔਰ ਅੰਗਨਾ ਪੁੰਜ[4]। ਗਈ ਤਹਾਂ ਮਿਲਿ ਕੈ ਸਭੈ ਜਹਿਂ ਰਾਜਹਿਂ[5] ਪਦਕੰਜ॥੩੮॥ ਸੋਰਠਾ ॥ ਬੰਦਯੋ ਆਨੰਦ ਕੰਦ, ਚੰਦਬਦਨ ਬੈਸੀ ਨਿਕਟ। ਤਿਨ ਕੋ ਦੇਖਿ ਮੁਕੰਦ ਬੋਲੇ ਸੂਹੀ ਮਹਿਂ ਸ਼ਬਦ ॥ ੩੯ ॥ ਸ੍ਰੀ ਮੁਖਵਾਕ ॥ ਸੂਹੀ ਮਹਲਾ ੧ ॥ ਕੁਚਜੀ ॥

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁਰਾਵਣਿ ਜਾਉ ਜੀਉ ॥ ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥ ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ॥ ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ॥ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥ ਇਕਤੁਟੋਲ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥ ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥ ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥ ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥ ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥ ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥ ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥ ਤੈਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥ ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥ ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥ ੧ ॥

ਕਬਿੱਤ॥ ਨੂਰਸ਼ਾਹਿ ਸੁਨਿ ਨਿਜ ਸੀਸ ਧੁਨਿ ਭਨਯੋ ਪੁਨ ਜਾਨਯੋ ਮਨ ਮਾਂਹੀ -ਏਹ ਚੇਟਕੀ ਫਕੀਰ ਹੈ।ਮੰਤ੍ਰ ਕੋ ਅਲਾਵਤਿ[6] ਸੁਨਾਵਤਿ ਛਲਤਿ ਮੋਹਿ, ਹੌਂ ਨ ਪਤਿਆਵੋਂ[7] ਏਹ ਗਾਢੋਈ[8] ਅਭੀਰ[9] ਹੈ-।ਪਢੇ ਨਿਜ ਮੰਤ੍ਰਨ,ਅਨੇਕ ਲਿਖ ਜੰਤ੍ਰਨ,ਕਰਤਿ ਬਹੁ ਤੰਤ੍ਰਨ ਕੋ,ਜਾਨੇ-ਏ ਗਹੀਰ[10]ਹੈ-। ਬਸ ਨਹਿ ਚਲਯੋ ਕੋਊ, ਹਾਰੀ ਸਭੈ ਬਿਧਿ ਸੋਊ, ਲਖਯੋ ਰਿਦੇ ਮਾਂਹਿ ਤਬ-ਪੀਰਨ ਕੋ ਪੀਰ ਹੈ-॥੪੦॥ ਸ੍ਵੈਯਾ॥ ਨਾਗਨੀ ਜਯੋਂ ਬਿਨਤਾਸੁਤ[11] ਕੋ ਡਰਪਾਵਤਿ ਆਪਨੋ ਜੋਰ ਦਿਖਾਵੈ। ਤਯੋਂ ਗੁਰ ਸਾਮੁਹਿ[12] ਮੰਤ੍ਰਨ ਕੋ ਪਢਿ ਭਾਵਨ ਸੋਂ[13]

[1]ਮੈਂ ਹੁਣ ਦੀਨ ਹੋਈ ਹਾਂ, ਆਦਿ (ਅ) ਉਹ (ਘੜੇ ਵਾਲੀ) ਇਸਤ੍ਰੀ ਦੀਨ ਭਈ, ਆਦਿ। [2]ਇਸਤ੍ਰੀਆਂ ਦੀ ਸਰਦਾਰਨੀ ਨੇ। [3]ਤਿਸਦੇ ਚਰਣਾਂ ਦੀ ਧੂੜ ਤੋਂ ਸਦਕੇ। [4]ਸਾਰੀਆਂ। [5]ਬੈਠੇ ਸਨ। [6]ਕਹਿੰਦਾ ਹੈ। [7]ਪਤੀਜਾਂ। [8]ਤਕੜਾ। [9]ਨਿਰਭੈ। [10]ਜਾਨ ਗਈ ਹਾਂ ਇਹ ਡੂੰਘਾ (ਮੰਤ੍ਰੀ) ਹੈ। [11]ਗਰੁੜ। [12]ਸਾਹਮਣੇ। [13]ਭਾਵਾਂ ਨਾਲ।

ਹਿਰਦਾ ਬਿਰਮਾਵੈ[1]। ਹਾਰਿਕੈ ਜਾਨਤਿ ਭੀ 'ਇਹ ਪੂਰਨ' ਤੂਰਨ ਦੀਨ ਭਈ ਘਿਘਿਆਵੈ। 'ਭੇਵ ਤੁਮਾਰ ਨ ਜਾਨਿ ਸਕੀ ਹਮ, ਕੀਨ ਖ਼ਤਾ ਅਬ ਸੋ ਬਖ਼ਸ਼ਾਵੈਂ ॥ ੪੧ ॥ ਮੰਦਮਤੀ[2] ਤੁਮਰਾ ਇਨ ਮਾਨਵ ਮੰਤ੍ਰਨ ਕੇ ਜਿਨ ਬੀਚ ਫਸਾਯੋ। ਕੁੰਭ ਨਿਵਾਰਹੁ[3] ਯਾਂ ਸਿਰ ਤੇ ਅਬ ਦੀਨ ਭਈ ਮਨ ਤੇ ਦੁਖ ਪਾਯੋ। ਨਾ ਕਰਿ ਹੈਂ ਅਵਿਹੇਲਨ[4] ਸੰਤਨ ਪਾਵਹਿਂ ਆਨ ਜਿਤੀ ਹਮ ਥਾਯੋ[5]। ਹੋ[6] ਸਿਰਮੌਰ, ਅਭੈ ਸਭਿ ਠੌਰ, ਸਮਾਨ ਨ ਔਰ ਤੁਹੀ ਗਤਿਦਾਯੋ[7]॥੪੨॥ ਯੌਂ ਸੁਨਿਕੈ ਤਿਨ ਕੀ ਬਿਨਤੀ ਪੁਨ ਸ੍ਰੀ ਗੁਰ ਆਨਨ ਬੈਨ ਅਲਾਯੋ। 'ਵਾਹਿਗੁਰੂ, ਕਹਿ ਲੇਉ ਉਤਾਰ' ਉਠੀ ਤਤਕਾਲਕ ਬਾਲ ਹਿਲਾਯੋ[8]। ਨਾਮ ਉਚਾਰਤਿ ਹੀ ਉਤਰਾ ਘਟ, ਤੀਯ ਅਚੰਭ ਸਭੈ ਉਰ ਪਾਯੋ।ਆਨ ਉਪਾਇਨ ਕੂਰ ਧਰੀ, ਮੁਕਤਾ[9] ਸਭਿ ਹੀਰ[10] ਤੇ ਚੀਰ[11] ਮੰਗਾਯੋ॥੪੩॥ ਦੋਹਰਾ ॥ 'ਬਖਸ਼ਹੁ, ਲੀਜੈ ਭੇਟ ਕੋ ਪੂਰਨ ਪੁਰਖ ਕ੍ਰਿਪਾਲ'। ਇਹ ਬਿਧਿ ਤਿਨ ਕੋ ਦੇਖਿਕੈ ਬੋਲੇ ਬਚਨ ਰਸਾਲ ॥ ੪੪ ॥ ਸ੍ਰੀ ਮੁਖਵਾਕ:-

> ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗਿ ਮਿਲਾਹ ॥ ੨ ॥ [ਸਿਰੀ: ਵਾਰ ਮ: ੧

ਦੋਹਰਾ ॥ ਆਪਾ ਖੋਵਨ ਕੇ ਸਬਦ ਔਰ ਕਹੇ ਗੁਰੁ ਤਾਂਹਿ। ਸੁਨਿ ਕਰਿ ਉਰ ਬੈਰਾਗ ਭਾ ਦੀਨ ਭਈ ਬਚ ਪ੍ਰਾਹਿ ॥੪੫॥ ਸੈਯਾ ॥ 'ਪਸ਼ਚਾਤ ਕਰੀ ਅਵੱਗਜਾ ਬਖਸ਼ੋ,ਅਬ ਭੂ[12] ਵਿਚਰੋ ਤੁਮ ਜੀ ਪਰਸ੍ਵਾਰਥਿ[13]।ਜਬ ਲੌ ਨਹਿਂ ਭੇਵ ਲਖ੍ਯੋ ਤਬ ਲੌ ਦੁਖ, ਭੇਵ ਲਖ੍ਯੋ ਕਰਿਯੇ ਕਿਰਤਾਰਥ। ਪਦ ਪੈ ਬਲਿਹਾਰ ਮੁਹੂਰਮੁਹੂ ਤਵ ਮੂਰਤਿ ਦ੍ਰਿਸ਼ਟਿ ਅਗਾਤਿ ਪਦਾਰਥ[14]। ਕਰੁਨਾਕਰ ਲੇਹੁ ਉਪਾਇਨ[15] ਕੋ, ਸਿਖ ਦੇਹੁ, ਗਈ ਬਯ[16] ਪਾਛ[17] ਅਕਾਰਥ[18]'

---

[1]ਭਰਮਾਉਣ ਦਾ ਜਤਨ ਕਰਨ ਲਗੀ। [2]ਏਸ ਮਾੜੀ ਮਤ ਵਾਲੀ ਨੇ। [3]ਦੂਰ ਕਰੋ। [4]ਨਿਰਾਦਰ [5]ਸੌਂਹ ਖਾਂਦੀਆਂ ਹਾਂ ਜਿੰਨੇ ਸਾਡੇ ਥਾਂ ਹਨ: ਸੰਤ ਦਾ ਨਿਰਾਦਰ ਨਾਂ ਕਰਾਂਗੀਆਂ (ਅ) ਜਿੱਥੇ ਸਾਨੂੰ ਸੰਤ ਮਿਲੇ ਅਵਗਜਾ ਨਹੀਂ......। [6]ਤੁਸੀਂ ਹੋ। [7]ਮੁਕਤੀ ਦਾਤੇ ਹੋ। [8]ਹਿਲਾਯਾ (ਘੜਾ)। [9]ਮੋਤੀ। [10]ਹੀਰੇ। [11]ਬਸਤਰ। [12]ਜ਼ਿਮੀਂ ਤੇ। [13]ਹੇ ਪਰਸੁਆਰਥੀ ਜੀ। [14]ਤੁਹਾਡੀ ਪਰਤੱਖ ਮੂਰਤੀ ਦੇ ਅੱਗੇ ਪਦਾਰਥ (ਧਰੇ ਹਨ)। (ਅ) ਤੁਸਾਡੇ ਦਰਸ਼ਨ ਨਾਲ (ਸਭ) ਪਦਾਰਥ ਪ੍ਰਾਪਤ ਹੁੰਦੇ ਹਨ। [15]ਭੇਟਾ। [16]ਆਯੂ। [17]ਪਿਛਲੀ। [18]ਬਿਅਰਥ।

॥੪੬॥ਕਬਿੱਤ॥ ਐਸੇ ਜਬ ਭਈ ਦੀਨ ਪਾਹੁਲ*ਪਦਨ ਦੀਨਿ ਗੁਰੂ ਸਿੱਖੀ ਰੀਤਿ† ਕੀਨਿ ਮੁਕਤਿ ਨਿਧਾਨ ਕੀ। ਬੰਧੀ ਧਰਮਸਾਲ ਉਪਦੇਸ਼ ਦੇ ਕ੍ਰਿਪਾਲ ਗੁਰੁ,ਕੀਰਤਿ ਬਿਸਾਲ ਹਰਿ ਕੀਨੀ ਰੀਤਿਗਾਨ ਕੀ[1]।'ਸਿੱਖ ਸੰਤ ਆਇ ਤਾਂਪੈ ਮੰਤ ਨ ਚਲਾਇ ਨਿਜ ਟਹਿਲ ਬਨਾਇ ਕੀਜੈ ਛੋਰ ਰੀਤਿ‡ ਮਾਨ ਕੀ।–ਵਾਹਿਗੁਰੂ–ਜਪੋ ਮੁਖ, ਜਾਹਿਂ ਭਵਜੈਨਜ§ ਦੁਖ[2],ਦੇਤਿ ਸੁਖ ਰੀਤਿ ਜਯੋਂ ਸੰਤੋਖ ਸਿੰਘ ਭਾਨੁ ਕੀ[3]' ॥੪੭॥ਦੋਹਰਾ॥ ਕੇਤਿਕ ਬਾਸੁਰ ਰਹਿ ਤਹਾਂ ਧਰਮ ਦ੍ਰਿੜਾਯੋ ਦੇਸ਼। ਪਰਮ ਪ੍ਰੇਮ ਕਰਿ ਸਿਖ ਭਈ¶ ਭਜਤਿ ਨਾਮ ਜਗਤੇਸ਼ ॥੪੮॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤ੍ਰਿਯਾ ਰਾਜ ਉਪਦੇਸ਼' ਪ੍ਰਸੰਗ ਬਰਨਨੰ ਨਾਮ ਉਨਚਾਸਮੋਂ ਅਧਯਾਯ ॥ ੪੯ ॥

## ੫੦. [ਸਤਿਗੁਰ ਮੰਗਲ। ਭਰਥਰੀ। ਕੋੜਾ]

ਦੋਹਰਾ ॥ ਮਯਾ ਸਦਨ ਪੰਕਜ ਬਦਨ ਮੋਹ ਕਦਨ ਗਤਿਦੈਨ।
ਚਰਨ ਸ਼ਰਨ ਤਿਨ ਪਰਨ ਮਮ ਦਰਸ਼ਨ ਪਰਸਨ ਚੈਨ ॥ ੧ ॥

---

[1]ਹਰਿ ਕੀਰਤਨ ਦੇ ਗਾਇਨ ਦੀ। [2]ਸੰਸਾਰ ਤੋਂ ਉਪਜੇ ਦੁੱਖ ਚਲੇ ਜਾਣ। [3]ਜਿਵੇਂ ਸੂਰਜ ਦੀ ਦੀ ਰੀਤੀ ਹੈ ਸੁਖ ਦੇਣ ਦੀ।

*ਪੁਰਾਤਨ ਜਨਮਸਾਖੀ ਵਿੱਚ ਏਹ ਪ੍ਰਸੰਗ ਦੋ ਨਹੀਂ ਹਨ, ਸਗੋਂ ਕਾਵਰੂ ਦੇਸ਼ ਵਿਚ ਇਕੋ ਹੀ ਪ੍ਰਸੰਗ ਹੈ, ਨੂਰਸ਼ਾਹ ਉਥੇ ਦੀ ਹੀ ਸਰਦਾਰਨੀ ਦੱਸੀ ਹੈ। ਓਥੇ ਬੀ ਤ੍ਰਿਆਰਾਜ ਕਹਿਆ ਹੈ,ਯਥਾ ਗੁਰੂ ਜੀ ਮਰਦਾਨੇ ਨੂੰ ਕਹਿੰਦੇ ਹਨ:–'ਮਰਦਾਨਿਆਂ ਇਹ ਕਾਵਰੂ ਦੇਸ਼ ਹੈ, ਤ੍ਰਿਆ ਰਾਜ ਹੈ'। ਘੜਾ ਸਿਰ ਤੋਂ ਨਾ ਹਿੱਲਣ ਦੀ ਕਥਾ ਬੀ ਉਥੇ ਹੀ ਦਿੱਤੀ ਹੈ।

'ਹਕੀਕਤ ਰਾਹ ਮੁਕਾਮ' ਵਿੱਚ ਤ੍ਰਿਆ ਰਾਜ ਦਾ ਦੱਖਣ ਵਿਚ ਜ਼ਿਕਰ ਆਯਾ ਹੈ, ਯਥਾ:–'ਨੇਕਾਪਟਣ ਬੀਜਾ ਨਗਰ ਤੇ ਇਕੱਤ੍ਰੀ ਕੋਸ ਹੈ। ਘਰ ਭਾਟੜਿਆਂ ਕੇ ਬੇਗਾਪੁਰ ਬੀਜਾ ਪੁਰ ਤੇ ਕੋਸ ਅੱਸੀ ਹੈ ਅਹੋਗਾ ਪੇਠ ਹੈ, ਤਹਾਂ ਸੰਗਤ ਚੰਗੀ ਭਾਟੜੇ ਕੀ ਹੈ। ਤਿਸਕੀ ਗਿਰਦ ਨਿਵਾਹੀ ਸਿਖ ਸੰਗਤ ਬਹੁਤ ਹੈ, ਅਰ ਭਾਟੜਿਆ ਕੇ ਘਰ ਤੇ ਕਜਲੀ ਬਨ ਕੋਸ ਅੱਸੀ ਹੈ। ਤਿਰੀਆ ਰਾਜ ਹੈ। ਤਹਾਂ ਬੀ ਗੁਰੂ ਬਾਬੇ ਕਾ ਦੇਹੁਰਾ ਹੈ। ਸੰਗਤ ਭਾਟੜਿਆਂ ਕੇ ਜੁੜਦੀ ਹੈ। ਓਥੇ ਗੁਰੂ ਸਿਧਾਂ ਨਾਲ ਗੋਸਟ ਕਰਿਕੈ ਪੂਜਾ ਖਿੰਚ ਲੀਤੀ ਹੈਸੁ। ਤਬ ਸਿਧ ਗੁਰੂ ਕਾ ਜੋਰ ਅਜਮਾਇਕੇ ਪੈਰੀ ਆਇ ਪਏ ਹੈਨਿ। ਓਸ ਥਾਉਂ ਕਾ ਨਾਉ ਕਜਲੀ ਬਨ ਤ੍ਰਿਆ ਰਾਜੁ ਹੈ। ਤਹਾਂ ਭੀ ਸੰਗਤ ਹੈ।'

ਇਹ ਹਕੀਕਤ ਰਾਹ ਮੁਕਾਮ ਸੰ: ੧੬੬੧ ਬਿ: ਤੋਂ ਪਹਿਲੇ ਦੀ ਹੈ, ਪੁਰਾਤਨ ਜਨਮਸਾਖੀ ਤੋਂ ਬੀ ਪੁਰਾਣੀ ਹੈ। ਸੋ ਦੱਖਣ ਦੇਸ਼ ਵਿੱਚ ਸਿੱਖੀ ਦਾ ਪਤਾ ਤੇ ਤਿਰੀਆ ਰਾਜ ਦਾ ਪਤਾ ਠੀਕ ਹੈ। ਸਾਖੀ ਉਥੇ ਜੋ ਹੋਈ ਸਿੱਧਾਂ ਦੀ ਦੱਸੀ ਹੈ, ਹੋਰ ਸਾਖੀ ਤ੍ਰੀਮਤਾਂ ਦੀ ਕੋਈ ਨਹੀ ਦੱਸੀ। †ਪਾ:–ਚਾਲ। ‡ਪਾ:–ਬਿਧਿ।

§ਪਾ:–ਭਵਵਲ। ¶ਪਾ:-ਨਾਉਂ ਧਰੀਕੀ ਸਿਖ ਭਈ=ਨਾਮ ਧਾਰਨ ਵਾਲਾ ਸਿਖ।

ਮਯਾ=ਕ੍ਰਿਪਾ, ਮੇਹਰ। ਸਦਨ=ਘਰ।
ਬਦਨ=ਮੂੰਹ, ਮੁਖੜਾ। ਪੰਕਜ=ਕਮਲ। ਪੰਕਜ ਬਦਨ=ਮੁਖਾਰਬਿੰਦ।
ਕਦਨ=ਕੱਟਣ ਵਾਲਾ। ਪਰਨ=ਆਸਰਾ।
ਪਰਸਨ=ਛੁਹ। ਚੈਨ=ਸੁਖ, ਆਰਾਮ।

**ਅਰਥ**–ਮੇਹਰ ਦਾ ਘਰ (ਸੰਸਾਰ ਦੇ) ਮੋਹ ਨੂੰ ਕੱਟਕੇ ਮੁਕਤੀ ਦੇਣਹਾਰੇ (ਸ਼੍ਰੀ ਸਤਿਗੁਰੂ ਜੀ, ਜਿਨ੍ਹਾਂ) ਦਾ ਮੁਖੜਾ ਕਮਲ (ਵਰਗਾ ਸੁੰਦਰ) ਹੈ, ਉਨ੍ਹਾਂ ਦੇ ਚਰਨਾਂ ਦੀ ਸ਼ਰਨ ਦਾ ਮੈਨੂੰ ਆਸਰਾ ਹੈ, (ਜਿਨ੍ਹਾਂ ਚਰਨਾਂ ਦੇ) ਦਰਸ਼ਨ ਅਰ ਛੁਹ ਪ੍ਰਾਪਤੀ ਨਾਲ ਸੁਖ (ਪ੍ਰਾਪਤ) ਹੁੰਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਆਗੈ ਗਮਨੇ ਸ਼੍ਰੀ ਗੁਰੂ ਪੂਰੇ। ਨਿਜ ਦਾਸਨ ਜੋ ਦੇਂ ਗਤਿ ਰੂਰੇ। ਭਰਥਰਿ[1] ਆਸ਼੍ਰਮ ਜਹਾਂ ਸੁਹਾਵਨ। ਤਹਾਂ ਜਾਇ ਪਹੁੰਚੇ ਜਸੁਪਾਵਨ[2] ॥ ੨ ॥ ਜਿਹ ਮਾਨਹਿ ਸੋ ਸਗਰੋ ਦੇਸ਼ਾ। ਤ੍ਰੀਯ ਰਾਜ ਪੁਨਿ ਅਪਰ[3] ਨਰੇਸ਼ਾ। ਪੂਜਕ ਹੁਤੇ ਸਰਬ ਨਰ ਨਾਰੀ। ਮਹਿਮਾ ਯੋਗਨ ਕੀ ਤਹਿਂ ਭਾਰੀ ॥੩॥ ਤਿਹ ਆਸ਼੍ਰਮ ਕੇ ਜਾਇ ਸਮੀਪਾ। ਬੈਸਿ ਗਏ ਬੇਦੀ ਕੁਲਦੀਪਾ। ਸੋ ਕਿਤ ਕਾਜ ਵਹਿਰ ਕੋ ਨਿਕਸਾ। ਦੇਖਯੋ ਮੁਖ ਪੰਕਜ ਸਮ ਬਿਕਸਾ ॥ ੪ ॥ ਦੇਖ ਅਤੀਤ ਦਿਪਤਿ[4] ਪਰਕਾਸ਼ਾ। ਧਰਯੋ ਸਰੂਪ ਮਨਹੁ ਸੁਖਰਾਸਾ[5]। ਮਸਤਕ ਆਯੁਤ[6]ਲੋਚਨ ਲੋਨੇ। ਗਯਾਨ ਤਰਨਿ ਜਨੁ ਜਗ ਪ੍ਰਗਟੋਨੇ ॥੫॥ ਆਇ ਨਿਕਟਿ ਮੁਖ*ਬਚਨ ਬਖਾਨਾ। 'ਕੌਨ ਦੇਸ਼ ਕਿਤ ਕਰਹੁ ਪਯਾਨਾ ?। ਬੇਖ[7] ਅਪੂਰਬ[8] ਤੁਮਰੋ ਪਾਵਨ। ਕੀਜੈ ਅਪਨੋ ਨਾਮ ਬਤਾਵਨ'॥੬॥ ਸੁਨਿਯੋ ਸ਼੍ਰੀ ਅੰਗਦ ਗੁਨਖਾਨੀ। ਗੁਰੂ ਰੁਖ਼ ਦੇਖਿ ਕਹੀ ਮੈਂ ਬਾਨੀ। 'ਦੇਸ਼ ਪੰਜਾਬ ਸੁ ਦੂਰ ਹਮਾਰਾ। ਇਹੁ ਸ਼੍ਰੀ ਨਾਨਕ ਗੁਰੂ ਉਦਾਰਾ ॥੭॥ ਹਮ ਸੇਵਕ ਸੁਖ ਹੇਤ ਸਦਾਈ। ਰਹਹਿਂ ਸੰਗ ਇਨ ਕਰੁਨਾ ਪਾਈ। ਦੇਸ਼ਨ ਦੇਖਨ ਕਰਨ ਨਿਹਾਲਾ। ਬਿਚਰਹਿਂ ਅਵਿਨੀ[9] ਬਿਰਦ ਕ੍ਰਿਪਾਲਾ' ॥ ੮ ॥ ਸੁਨਤਿ ਭਰਥਰੀ ਉਰ ਮਹਿਂ ਹੁਲਸਾ[10]। ਬੰਦੇ ਪਦ ਬੇਦੀ ਕੁਲ-ਕਲਸਾ[11]। ਕਹੈ ਕਿ 'ਧੰਨ ਭਾਗ ਮਮ ਆਜੂ। ਜਾਂਤੇ ਭਾ ਤੁਮ ਮਿਲਿਨਿ ਸਮਾਜੂ[12]॥੯॥ ਚਿਰੰਕਾਲ ਕੀ ਕਰਤਿ ਉਡੀਕਾ। ਭਯੋ ਮਨੋਰਥ ਪੂਰਨ ਜੀ ਕਾ। ਸਭਿ ਸਾਧਨ ਕੌ ਫਲ ਮੈਂ ਪਾਵਾ। ਜੋਗ ਵਿਰਾਗ ਸੁ ਆਜ

[1]ਭਰਥਰੀ ਦਾ। [2]ਪਵਿੱਤ੍ਰ ਜਸ ਵਾਲੇ। [3]ਹੋਰ। [4]ਚਮਕਦਾ। [5]ਰੱਬ ਨੇ। [6]ਚੌੜਾ। [7]ਭੇਸ। [8]ਅਸਚਰਜ। [9]ਧਰਤੀ ਤੇ। [10]ਅਨੰਦ ਹੋਯਾ। [11]ਬੇਦੀ ਕੁਲ ਦੇ ਸ਼ਿਰੋਮਣੀ ਦੇ। [12]ਸਮਾਗਮ।

*ਪਾ:–ਪੂਨ।

ਸੁਹਾਵਾ'॥੧੦॥ਅਸ ਕਹਿ ਕਰਿ ਗਾ ਬੈਠ[੧]ਸਮੀਪਾ। ਤਬ ਬੋਲੇ ਬੇਦੀ ਕੁਲ-ਦੀਪਾ। 'ਕਿਸ ਪ੍ਰਕਾਰ ਤੁਮ ਹਮ ਕੋ ਜਾਨੋ? । ਆਗਮ ਕੀ[੨]ਉਡੀਕ ਕਸ ਠਾਨੋ[੩]?'॥੧੧॥ਸੁਨਿ ਕਰਿ ਭਰਥਰਿ ਬਚਨ ਉਚਾਰੇ। 'ਸਭਿ ਬ੍ਰਿਤਾਂਤ ਮੈਂ ਕਹੋਂ ਸਵਾਰੇ। ਏਕ ਸਮੇਂ ਨਾਰਦ ਮੁਨਿ ਪਾਵਨ। ਮਿਲਯੋ ਮੋਹਿ ਜਿਹ ਰੂਪ ਸੁਹਾਵਨ॥ ੧੨ ॥ ਬੀਨਾ[੪] ਹਾਥ ਭਗਤ ਮਹਿਂ ਭੀਨਾ[੫]। ਰੰਗਯੋ ਪ੍ਰੇਮਹਿਂ ਰੰਗ ਪ੍ਰਬੀਨਾ॥ਮੈਂ ਬਿਲੋਕਿ ਕਰਿ ਬੰਦਨ ਕੀਨੀ।ਹ੍ਵੈ ਕ੍ਰਿਪਾਲ ਤਿਨ ਆਸ਼ਿਖ[੬] ਦੀਨੀ ॥੧੩॥ਮੈਂ ਕਰਿ ਕੈ ਬਹੁ ਬਿਨੈ ਵਡਾਈ। ਕਛੁ ਪੂਛਨ ਹਿਤ ਗਿਰਾ ਅਲਾਈ। ਸੁਨਤਿ ਦੇਵ ਰਿਖ[੭] ਮੁਝ ਸੋਂ ਭਾਖਾ।-ਜੋ ਕੁਛ ਤੁਮਹਿਂ ਪੂਛਨ ਅਭਿਲਾਖਾ ॥ ੧੪॥ ਸਰਬ ਬਤਾਵਹਿਂ ਸ੍ਰੀ ਜਗ ਸਾਈਂ। ਛਿਤ[੮] ਅਵਤਾਰ ਲੀਨ ਅਬ ਜਾਈ। ਸ੍ਰੀ ਨਾਨਕ ਨਿਜ ਨਾਮ ਧਰਾਵਹਿਂ। ਭਗਤਿ ਜਗਤਿ ਮਹਿਂ ਮਗ ਪ੍ਰਗਟਾਵਹਿਂ॥ ੧੫॥ ਖੰਡ[੯] ਪਖੰਡ, ਬ੍ਰਹਮੰਡ ਮਝਾਰਾ। ਉਪਦੇਸ਼ਹਿਂ ਸਤਿਨਾਮ ਸੁਖਾਰਾ। ਅਵਿਨੀ ਸਰਬ ਗਵਨ ਕਰਿ ਨਾਥਾ। ਹ੍ਵੈ ਚਰਚਾ ਬਹੁ ਸਿੱਧਨ ਸਾਥਾ॥ ੧੬ ॥ ਪ੍ਰਥਮ ਮਿਲਹਿਂਗੇ ਤੁਝ ਇਤ ਥਾਈਂ। ਬੈਸਹੁ ਪ੍ਰੇਮ ਰਿਦੇ ਲਿਵਲਾਈ। ਪੂਛ ਲੇਹੁ ਜੋ ਹ੍ਵੈ ਨਿਜ ਮਨ ਮੈਂ। ਸਰਬ ਬਤਾਇ ਦੇਹਿਂ ਇਕ ਛਿਨ ਮੈਂ-॥ ੧੭ ॥ ਤਬ ਕੀ ਮੈਂ ਗਾਵਰਿ ਸੁਧ ਪਾਈ।ਬੈਠਿ ਰਹਯੋ ਥਿਰੁ ਹੁਇ ਇਸ ਥਾਈਂ।ਅਬ ਮੋਕੋ ਭਾ ਦਰਸ ਤੁਮਾਰਾ। ਭਯੋ ਸਾਚ ਜੋ ਮੁਨੀ ਉਚਾਰਾ'॥੧੮॥ ਸ੍ਰੀ ਗੁਰੁ ਬਚਨ ਸੁਨਤਿ ਭਰਥਰਿ ਕੇ। ਗਿਰਾ ਕਹੀ ਬਹੁ ਕਰੁਨਾ ਕਰਿ ਕੈ। 'ਜੋ ਪੂਛਨ ਕੀ ਇੱਛਾ ਤੇਰੇ। ਕਹਹੁ ਆਪ ਸੁਨਿਯੋ ਬਿਨਦੇਰੇ॥੧੯॥ਬਹੁਤਦਿਵਸ ਕੀ ਕਰਤਿ ਉਡੀਕਾ। ਸੋ ਲੀਜੈ ਉੱਤਰ ਅਬ ਨੀਕਾ'। ਬੋਲਯੋ ਤਬਹਿ ਭਰਥਰੀ ਬਾਨੀ। 'ਸੁਨਹੁ ਕ੍ਰਿਪਾਲ ਸਕਲ ਗੁਨ ਖਾਨੀ!॥੨੦॥ਮੈਂ ਸਾਧਯੋ ਹਠ ਜੋਗ ਮਹਾਨਾ। ਜਾਂਤੇ ਮਨ ਰੋਕਯੋ ਬਿਧਿ ਨਾਨਾ।ਮਨ ਨਿਰਮਲ ਤੇ ਸ਼ੁਭ ਗਤਿ ਹੋਵੈ। ਜਨਮ ਮਰਨ ਕੇ ਸੰਕਟ ਖੋਵੈ ॥੨੧॥ ਜਬ ਲੌ ਮਨ ਇਹੁ ਰਹੈ ਮਲੀਨਾ। ਤਬ ਲੌ ਹੋਇ ਨ ਬੰਧਨਹੀਨਾ।ਭਗਤਿ ਵਿਖੈ ਨਿਰਮਲਮਨ ਕੈਸੇ।ਹੋਵਤਿ ਹੈ? ਸੁ ਕਹੋ ਬਿਧਿ ਤੈਸੇ॥੨੨॥ ਬਿਨਾ ਯੋਗ ਅਸਮੰਜਸ[੧੦] ਗਾਥਾ[੧੧]। ਥਿਰਤਾ ਹ੍ਵੈ ਪ੍ਰਾਪਤਿ

---

[੧]ਬੈਠ ਗਿਆ। [੨](ਸਾਡੇ) ਆਉਣ ਦੀ। [੩]ਕਿਵੇਂ ਕਰ ਰਹੇ ਹੋ। [੪]ਬੀਣਾਂ। [੫]ਭਿੱਜਾ ਹੋਇਆ। [੬]ਅਸ਼ੀਰਵਾਦ। [੭]ਨਾਰਦ ਨੇ। [੮]ਧਰਤੀ ਤੇ। [੯]ਤੋੜਕੇ। [੧੦]ਕਠਨ ਜੇਹੀ। [੧੧]ਗੱਲ ਹੈ।

ਮਨ ਸਾਥਾ। ਇਕ ਸੰਸੇ ਮੁਝ ਅਸ ਪਰਕਾਰੀ। ਦੂਸਰ ਕਹੋਂ ਤੁਮਾਰਿ ਅਗਾਰੀ[1] ॥ ੨੩ ॥ ਪੀ ਪਯਾਲਾ[2] ਸਿਧ ਹ੍ਵੈਂ ਮਸਤਾਨੇ[3]। ਰਹੈਂ ਅਨਾਹਦ ਧੁਨਿ ਗ਼ਲਤਾਨੇ। ਬਿਖੈ[4]ਬਾਸ਼ਨਾ ਤੇ ਬੈਰਾਗੀ। ਨਿਸ ਬਾਸੁਰ ਏਕੋਂ ਲਿਵ-ਲਾਗੀ ॥ ੨੪ ॥ ਭਗਤਿ ਵਿਖੈ ਕਾਂਕੇ ਬਲ ਸੰਗਾ[5]?। ਲਿਵ ਲਾਗਹਿ ਏਕਹਿ ਹਰਿ ਰੰਗਾ?। ਕਿਸ ਪ੍ਰਕਾਰ ਦ੍ਰਿੜ ਕਰਹਿਂ ਵਿਰਾਗਾ ?। ਬਿਨੁ ਵੈਰਾਗ ਪ੍ਰੇਮ ਨਹਿਂ ਜਾਗਾ ॥੨੫॥ ਇਹ ਸੰਸੈ ਮੁਝ ਮਨ ਮੈਂ ਦੋਊ। ਪ੍ਰਿਥਮ ਕਹੇ ਨਾਰਦ ਢਿਗ ਜੋਊ। ਸੋ ਮੈਂ ਕਹੇ ਤੁਮਾਰਿ ਅਗਾਰੀ। ਉੱਤਰਿ ਦੀਜੈ ਰਿਦੈ ਵਿਚਾਰੀ'॥ ੨੬॥ਸ਼੍ਰੀ ਨਾਨਕ ਬਚ ਕਹਿ ਗੁਨ ਸਾਨੇ[6]।'ਸੁਨਹੁ ਭ੍ਰਥਰੀ ਪਰਮ ਸਯਾਨੇ!। ਨਿਰਮਲ ਮਨ ਬਿਨ ਭਗਤਿ ਸੁ ਨਾਂਹੀ। ਅਵੈ ਜਥਾਰਥ ਸਾਚੀ ਪ੍ਰਾਹੀ[7]: ॥ ੨੭ ॥—ਮਨ ਨਿਰਮਲ ਨਹਿਂ ਯੋਗ ਬਿਹੀਨਾ। ਤਾਂਤੇ—ਭਗਤਿ ਯੋਗ—ਸ਼ੁਭ ਕੀਨਾ। ਚਹਿਤ ਜਿ ਗਤਿ[8] ਜਗ[9] ਮਨੁਜ[10] ਬਿਚੱਛਨ[11]। ਸੋ ਅਸ ਧਰਤਿ ਜੋਗ ਕੇ ਲੱਛਨ[12] ॥ ੨੮ ॥

ਆਸਾ ਮਹਲਾ ੧ ॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥ ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥ ੧ ॥ ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥ ਅੰਮ੍ਰਿਤੁ ਨਾਮੁ ਨਿਰੰਜਨੁ ਪਾਇਆ ਗਿਆਨ ਕਾਇਆ ਰਸ ਭੋਗੰ ॥ ੧ ॥ ਰਹਾਉ ॥ ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥ ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥ ੨ ॥ ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥ ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੪ ॥ ੩ ॥ ੩੭ ।

ਚੌਪਈ ॥ ਐਸੋ ਜੋਗ ਜਿ ਨਰ ਜਗ ਧਾਰਹਿਂ। ਮਨ ਕੀ ਸਗਲੀ ਮੈਲ ਨਿਵਾਰਹਿਂ। ਪੁਨਿ ਜੋ ਪਯਾਲਾ ਤੋਹਿ ਬਖਾਨਾ। ਸੋ ਅਬ ਕਹੌਂ ਸੁਨਹੁ ਦੇ ਕਾਨਾ ॥ ੨੯ ॥

ਆਸਾ ਮਹਲਾ ੧ ॥

ਗੁੜ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ। ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥ ੧ ॥ ਬਾਬਾ ਮਨੁ ਮਤ-ਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥ ਅਹਿਨਿਸਿ ਬਨੀ ਪ੍ਰੇਮ

---

[1]ਆਪਦੇ ਅੱਗੇ। [2](ਸ਼ਰਾਬ ਦਾ) ਪਿਆਲਾ। [3]ਮਸਤ। [4]ਵਿਸ਼ਯ। [5]ਕਿਸ ਜ਼ੋਰ ਨਾਲ। [6]ਗੁਣਾਂ ਨਾਲ ਮਿਲੇ ਹੋਏ। [7]ਕਹੀ (ਹੈ ਤੂੰ ਉਹ ਬੀ) ਠੀਕ (ਹੈ ਕਿ)। [8]ਮੁਕਤੀ। [9]ਜਗਤ ਵਿਚ। [10]ਪੁਰਸ਼। [11]ਚਤੁਰ। [12]ਨਿਸ਼ਾਨ।

ਲਿਵਲਾਗੀ ਸਬਦੁ ਅਨਾਹਦ ਗਹਿਆ ॥ ੧ ॥ ਰਹਾਉ ॥ ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾਕਉ ਨਦਰਿ ਕਰੇ ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥ ਗੁਰਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ ੩ ॥ ਸਿਫਤੀ ਰਤਾ ਸਦ ਬੈਰਾਗੀ ਜੂਐ ਦਨਮੁ ਨ ਹਾਰੇ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੇ ॥ ੪ ॥ ੪ ॥ ੩੮ ॥

ਚੌਪਈ ॥ 'ਸ਼੍ਰੀ ਕਰਤਾਰ ਸਿਫਤ ਮਹਿਂ ਰੰਗੇ। ਜਪਹਿਂ ਨਾਮ ਮਨ[1] ਬਾਸਨ[2] ਭੰਗੇ[3]। ਸ਼੍ਰੀ ਪ੍ਰਭੁ ਚਰਨ ਪ੍ਰੇਮ ਮਸਤਾਨੇ। ਇਸ ਬਿਧਿ ਸਭਿ ਜਗ ਬੰਧਨ ਹਾਨੇ[4]' ॥੩੦॥ ਸੁਨਿ ਭਰਥਰਿ ਉਰ ਸੰਸੈ ਨਾਸਾ। ਮਹਿਮਾ ਭਗਤਿ ਲਖੀ ਸੁਖਰਾਸਾ। ਹਾਥ ਜੋਰਿ ਪੁਨ ਬੰਦਨ ਕੀਨੀ। ਭਾਉ ਕੀਨ ਪ੍ਰੇਮਹਿਂ ਮਤਿ ਭੀਨੀ[5]॥੩੧॥ਪ੍ਰਸ਼ਨੋਤਰ ਕਰਿ ਰੁਚਿਰ ਪ੍ਰਕਾਰੀ। ਗਵਨੇ ਤਹਿਂਤੇ ਸ਼੍ਰੀ ਸੁਖ-ਕਾਰੀ। ਮੈਂ ਮਰਦਾਨਾ ਪਾਛੇ ਜਾਵਹਿਂ। ਹਾਸ ਬਿਲਾਸ ਕਰਤਿ ਮਨ ਭਾਵਹਿਂ ॥੩੨॥ਕਿਤਕਿ ਕੋਸ ਪਰ ਪਹੁੰਚੇ ਜਾਈ।ਬੈਸੇ ਤਹਿਂ ਸਤਿਗੁਰੂ ਸੁਖਦਾਈ। ਕਾਰਨਕਰਨ[6] ਰਿਦੇ ਇਹ ਆਯੋ। ਮਰਦਾਨੇ ਕੋ ਮਨ ਭਰਮਾਯੋ ॥ ੩੩ ॥ ਕਹਤਿ ਭਯੋ 'ਮੈਂ ਜਾਉਂ ਅਵਾਸੂ। ਬਿਦਾ ਦੇਹੁ ਮਨ ਮੋਰ ਉਦਾਸੂ। ਸ਼੍ਰੀ ਪ੍ਰਭੁ ਮੈਂ ਨਹਿਂ ਜਾਉਂ ਅਗਾਰੀ। ਹਟਿ ਹੌਂ[7] ਲੇਯ ਰਜਾਇ ਤੁਮਾਰੀ' ॥ ੩੪ ॥

ਦੋਹਰਾ॥ ਸ਼੍ਰੀ ਗੁਰੂ ਕਹੈਂ 'ਨ ਜਾਹੁ ਅਬ ਗੈਲ[8] ਵਿਖੈ ਜਿ ਬਲਾਇ। ਕੋ ਭੱਛਨ ਤੁਝ* ਕੋ ਕਰੈ ਰਹਹੁ ਸੰਗ ਸੁਖਪਾਇ ॥ ੩੫ ॥

ਚੌਪਈ ॥ ਕਿਉਂ ਉਦਾਸ ਅਪਨੋ ਮਨ ਕੀਨਾ?।ਕੋ ਦੁਖ ਸੰਗਿ ਰਹਿਨ ਕੋ ਚੀਨਾ?। ਧਰਾ ਸਕਲ ਕੋ ਸੈਲ ਕਰੀਜੈ। ਹਰਖ ਸਹਿਤ ਮਮ ਸਾਥ ਰਹੀਜੈ' ॥ ੩੬ ॥ ਧੀਰਜ ਦੇਨੇ ਹਿਤ ਬਹੁ ਭਾਂਤਾ। ਸਮਝਾਯੋ ਨਹਿਂ ਮਾਨੈ ਬਾਤਾ।ਨਿਜ ਕੁਟੰਬ ਕੇ ਮਿਲਨੇ ਹੇਤਾ।ਹਟਿਕਰਿ[9]ਪਹੁੰਚਯੋ ਚਹਿਤਿ ਨਿਕੇਤਾ॥੩੭॥ ਸ਼੍ਰੀ ਗੁਰੁ ਮੁਝਸੋਂ ਬਚਨ ਉਚਾਰੇ। 'ਰਾਖਹੁ ਰਹਿਹੈ ਕਹੇ ਤੁਮਾਰੇ'। ਸ਼੍ਰੀ ਅੰਗਦ ਸੁਨੀਏ ਗੁਨ ਖਾਨੀ। ਕਹੀ ਤਾਂਹਿ ਸੰਗਿ ਮੈਂ ਇਵ[10] ਬਾਨੀ ॥੩੮॥ 'ਕਿਉਂ ਭੂਲਹੁ ਉਰ ਕਰੋ ਵਿਚਾਰਾ। ਸ਼੍ਰੀ ਨਾਨਕ ਤਨ ਏਕੰਕਾਰਾ। ਇਨ ਕੋ ਸੰਗਿ ਤਜੇ ਹ੍ਵੈ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ[11] ॥ ੩੯ ॥ ਕਾਚ ਬਿਹਾਝਨ ਹਿਤ ਦੁਖ

[1]ਮਨ ਦੀਆਂ। [2]ਵਾਸ਼ਨਾਂ। [3]ਤੋੜਦਾ ਹੈ। [4]ਨਾਸ਼ ਕਰੇ। [5]ਪ੍ਰੇਮ ਭਿੱਜੀ। [6]ਭਾਵ ਗੁਰੂ ਨਾਨਕ ਦੇਵ ਜੀ ਦੇ। [7]ਮੁੜਦਾ ਹਾਂ। [8]ਰਾਹ। [9]ਮੁੜਕੇ। [10]ਐਉਂ । [11]ਫਸਿਆ।

*ਪਾ:—ਤੁਮ।

ਸਹਿਹੀ। ਪਾਰਸ ਨਿਕਟਿ[1] ਤਜਿਨ ਮਨ ਚਹਿਹੀ। ਇਨ ਕੋ ਸੰਗ ਸੁਧਾ ਸਮ ਤਯਾਗੈਂ। ਬਿਖਵਤ ਦੁਖ ਕੁਟੰਬ ਅਨੁਰਾਗੈਂ॥ ੪੦ ॥ਦੋਹਰਾ॥ ਕਹਯੋ ਨ ਮਾਨਯੋ ਭਾਂਤਿ ਕਿਹ ਬਿਦਾ ਲਈ ਕਹਿ ਬੈਨ। ਹਰਖਤ ਹੁਇ ਹਟਿ ਕਰਿ ਚਲਾ ਜਾਵਨ ਕੋ ਨਿਜ ਐਨ ॥੪੧॥ ਚੌਪਈ ॥ ਹੁਤੀ ਜਹਾਂ ਦਾਰੁਨ[2] ਉਦਿਆਨਾ। ਬੈਸਿ ਗਏ ਸ਼੍ਰੀ ਗੁਰੁ ਤਿਹ ਥਾਨਾ। ਇਕ ਪਗ ਆਗੈ ਨਹਿਂ ਪ੍ਰਸਥਾਨੇ[3]। ਬੈਸੇ ਬਾਸੁਰ ਤਹਾਂ ਬਿਤਾਨੇ॥੪੨॥ ਮਰਦਾਨਾ ਹਟਿਕਰਿ ਜਬ ਗਮਨਾ। ਵਧਯੋ ਹੇਤ ਮਿਲਨੇ ਨਿਜ ਭਵਨਾ। ਏਕ ਦਿਵਸ ਜਬ ਪੰਥ ਪਧਾਰਾ। ਦੁਤਿਯੇ ਦਿਨ ਭਾ ਚਲਨ ਤਯਾਰਾ ॥ ੪੩ ॥ ਰਾਖਸ਼ ਹੁਤੋ ਏਕ ਮਗ[4]*ਮਾਂਹੀ। ਤਿਨ ਤਬ ਹੀ ਗਹਿ ਲੀਨ ਤਹਾਂ ਹੀ। ਨਿਜ ਸਥਾਨਗਹਿ ਕਰਿ ਸੋ ਗਵਨਾ[5]। ਬਿਨ ਸਤਿਗੁਰੂ ਛੁਟਾਵਹਿ† ਕਵਨਾ[6] ॥ ੪੪ ॥ ਭੈ ਕਰਿ ਕੰਪਤਿ ਤਨ ਮਰਦਾਨਾ। ਪੀਤ ਭਯੋ ਮੁਖ ਥੂਕ ਸੁਕਾਨਾ।ਦੁਤਿਯ ਨ ਕੋਊ ਤਹਾਂ ਨਿਹਾਰਾ। ਕਿਸ ਪਹਿ ਕਰਹਿ ਪੁਕਾਰ ਵਿਚਾਰਾ॥੪੫॥ ਦਾਰੁਨ ਜਹਿਂ ਕਾਨਨ[7] ਗੰਭੀਰਾ[8]।ਤਜੀ ਧੀਰ[9]ਹ੍ਵੈ ਗੋ[10]ਭੈ ਭੀਰਾ[11]।ਜਾਨਯੋ-ਜੀਵਨ ਅਬ ਨਹਿਂ ਮੇਰੋ। ਬਚਨ ਨ ਮਾਨਯੋਂ ਮਨਿ ਗੁਰੁ ਕੇਰੋ ॥੪੬॥ ਯੱਦਯਪਿ[12] ਕੀਨੋ ਹੈ‡ ਅਪਰਾਧਾ। ਅਹੈ ਜਥਾਰਥ[13] ਮੋਕੋ ਬਾਧਾ[14]। ਤਦਪਿ[15]ਕ੍ਰਿਪਾਲ ਬਿਰਦ[16] ਤਿਨ ਕੇਰਾ। ਭੈ ਕਾਟਹਿੰਗੇ ਸ਼੍ਰੀ ਪ੍ਰਭੁ ਮੇਰਾ-॥ ੪੭ ॥ ਅਸ ਵਿਚਾਰ ਕਰਿ ਧਰਿ ਉਰ ਧਯਾਨਾ।-ਇਸ ਰਾਖ਼ਸ਼ ਤੇ ਕਰਹੁ ਮੁਚਾਨਾ। ਬਹੁਰ ਨ ਹੋਰੌਂ[17] ਬਚਨ ਤੁਮਾਰਾ। ਦੀਨ ਬੰਧੁ ਪ੍ਰਭੁ ਅਭੈ ਦਤਾਰਾ§[18]- ॥ ੪੮ ॥ ਤਿਹ ਛਿਨ ਸ਼੍ਰੀ ਨਾਨਕ ਸੁਖਦਾਨੀ। ਬਿਗਸੇ ਮੁਝ ਸੋਂ ਬੋਲੇ ਬਾਨੀ।'ਰਾਖਸ਼ਨੈ ਗਹਿ ਲਿਯ ਮਰਦਾਨਾ।ਤਲੈ ਤੇਲ ਮਹਿਂ ਕਰਿਹੀ ਖਾਨਾ'। ॥੪੯॥ ਦੋਹਰਾ ॥ ਸੁਨਿ ਕਰਿ ਮੈਂ ਦ੍ਵੈ ਬੰਦ ਕਰਿ ਸ਼੍ਰੀ ਗੁਰੁ ਸੋਂ ਬਚ ਪ੍ਰਾਹਿ[19]। 'ਗੈਲ[20] ਬਲਾਇ ਜੁ ਤੁਮ ਕਹਾ ਮਿਲੀ ਚਾਹਿਯੇ ਤਾਂਹਿ ॥ ੫੦ ॥ ਚੌਪਈ ॥ ਅਵਲ ਬਚਨ ਕਿਉਂ ਹੋਇ ਤੁਮਾਰਾ। ਜਿਹ ਕੇ ਤੀਨ ਲੋਗ ਅਨੁਸਾਰਾ।

---

[1]ਪਾਰਸ ਦੀ ਸਮੀਪਤਾ। [2]ਭਯਾਨਕ। [3]ਨਾਂ ਗਏ। [4]ਰਾਹ। [5]ਗਿਆ। [6]ਕੌਣ ਛੁਡਾਵੇ। [7]ਬਨ। [8]ਗਹਿਰਾ। [9]ਧੀਰਜ। [10]ਹੋ ਗਿਆ। [11]ਡਰ ਨਾਲ ਭੈ ਭੀਤ। [12]ਭਾਵੇਂ। [13]ਠੀਕ। [14]ਬੰਨ੍ਹਣਾ। (ਅ) ਬੱਧ ਕਰਨਾ (ੲ) ਪੀੜਾ, ਦੁਖ। [15]ਤਾਂ ਭੀ। [16]ਧਰਮ। [17]ਨਾ ਮੋੜਾਂਗਾ। [18]ਹੇ ਅਭਯਤਾ ਦੇ ਦਾਤੇ। [19]ਕਹਿਆ। [20]ਰਸਤੇ। *ਪਾ:-ਬਨ।

†ਪਾ:-ਛੁਰਾਵਹ, ਛੁਡਾਵਹਿ। ‡ਪਾ:-ਮੈਂ। §ਪਾ:-ਅਹੈ ਤੁਮਾਰਾ।

ਰਹੇ ਹਟਾਇ ਨ ਮਾਨਹਿ ਮੂਢਾ। ਨ੍ਰਿਜ ਕੁਟੰਬ ਕੇ ਮੋਹ ਅਰੂਢਾ' ॥੫੧॥ ਮੁਝ ਸੋਂ ਸ੍ਰੀ ਗੁਰ ਬਚਨ ਬਖਾਨਾ।'ਚਲਹੁ ਬੇਗ ਤਿੰਹ ਕਰਹਿਂ ਛੁਟਾਨਾ। ਇਕਤੋ ਸੰਗ ਲਏ ਕੀ ਲਾਜਾ*। ਬਹੁਰ ਹਮਾਰੋ ਤਿਹ ਸੋਂ ਕਾਜਾ†'॥੫੨॥ ਅਸ ਕਹਿ ਕਰਿ ਗਵਨੇ ਤਤਕਾਲਾ॥ਮੈਂ ਬੂਝੇ ਤਿੰਹ ਸਮੈ ਕ੍ਰਿਪਾਲਾ॥'ਕਿਤਕ ਦੂਰ ਰਾਖ਼ਸ਼ ਕੋ ਥਾਨਾ। ਹਿਤ ਭੁੱਖਨ ਜਹਿਂ ਗਹਜੇ ਮੂਦਾਨਾ॥ ੫੩॥ ਹਮ ਪਹੁੰਚਨ ਤੇ ਪੂਰਬ ਸੋਊ। ਖਾਇ ਜਾਇ[1] ਜਹਿਂ ਬਿਲਮ[2] ਨ ਕੋਊ'। 'ਨਹੀਂ ਦੂਰ ਬਹੁ ਨਿਕਟਿ ਪ੍ਰਮਾਨਹੁ। ਕੋਸ ਇਕਾਦਸ਼ ਪਰ ਪਹਿਚਾਨਹੁ' ॥੫੪॥ ਅਸ ਕਹਿ ਮਮ ਕਰ ਸੋਂ ਕਰ ਗਹਿਵਾ।ਇਕ ਛਿਨ ਮਹਿਂ ਆਵਤਿ ਭੇ ਤਹਿਂਵਾ[3]। ਕਾਨਨ[4] ਦੀਰਘ[5] ਦਾਰੁਨ[6] ਭਾਰੀ। ਰਾਕਸ਼ ਕੋ ਘਰ ਤਾਂਹਿ ਮਝਾਰੀ॥੫੫॥ਦੋਹਰਾ ॥ਮਰਦਾਨੇ ਕੌ ਦੇਖਿ ਕਰਿ ਬਿਗਸਤਿ ਗਿਰਾ ਅਲਾਇ। 'ਕਿਉਂ ਬੈਠੇ ਘਰ ਜਾਤਿ ਨਹਿਂ?ਸੁਧਿ ਨਿਜ ਦੇਹੁ ਬਤਾਇ' ॥੫੬॥ਚੌਪਈ॥ ਸੁਨਿ ਲੱਜਤਿ ਹੋਇਓ ਮਰਦਾਨਾ। ਗ੍ਰੀਵ ਨੀਚ ਕਰਿ ਕਛੁ ਨ ਬਖਾਨਾ। ਰਿਦੈ ਵਿਖੈ ਹਰਖਤਿ ਬਹੁ ਭਯੋ--ਜੀਵਨ ਜਾਨ ਜਨਮ ਮਮ ਨਯੋ--॥੫੭॥ ਮੁਝ ਸੋਂ ਬੋਲੇ ਦੀਨ ਦਯਾਲਾ। 'ਇਹੁ ਜੁ ਕਰਾਹਾ[7] ਤਪਤ ਬਿਸਾਲਾ। ਤਿਸ ਮਹਿਂ ਮਰਦਾਨੇ ਕੋ ਪਾਵਹਿ।ਤਲ ਕੈ ਤੇਲ ਵਿਖੈ ਪੁਨ ਖਾਵਹਿ॥੫੮॥ ਦੁਰੇ[8] ਰਹੈਂ ਨਹਿਂ ਦੇਇਂ ਦਿਖਾਈ'। ਸੁਨਿ ਕਰਿ ਮੈਂ ਪੁਨ ਗਿਰਾ ਅਲਾਈ। 'ਨਹਿਂ ਆਏ ਜੈਸੇ ਤੁਮ ਆਏ। ਜੇ ਰਾਖਸ਼ ਤਲ ਲੇਵਹਿ ਖਾਏ ॥੫੯॥ ਦੋਹਰਾ ॥ ਸੋ ਬਿਧਿ ਪੂਰਬ[9] ਕੀਜਿਯੇ ਜਿਹ ਬਿਧਿ ਛੂਟਹਿ ਸੋਇ। ਕਿੰਕਰ ਅਪਨੋ ਜਾਨੀਏ ਪਤਨ[10] ਨ ਇਹ ਕੋ ਹੋਇ' ॥ ੬੦ ॥ ਚੌਪਈ ॥ ਸ੍ਰੀ ਗੁਰ ਭਾਖਹਿਂ 'ਦੇਖਿ ਤਮਾਸ਼ਾ। ਜੋ ਕਰਤਾਰ ਦਿਖਾਇ ਬਿਲਾਸਾ'।ਨਹਿਂ ਰਾਖਸ਼ ਕੋ ਦੇਇਂ ਦਿਖਾਈ।ਮਰਦਾਨਾ ਦੇਖਹਿ ਗੁਰੁ ਤਾਂਈ॥੬੧॥ ਤਪਯੋ ਤੇਲ ਜਬ ਅਗਨਿ ਸਮਾਨਾ। ਖਲ ਨੇ ਗਹਿ ਲੀਨੋ ਮਰਦਾਨਾ। ਬਲ ਕੇ ਸੰਗ ਤੇਲ ਮਹਿਂ

---

[1](ਮਤਾਂ) ਖਾ ਹੀ ਜਾਏ। [2]ਦੇਰ। [3]ਤਿੱਥੇ। [4]ਜੰਗਲ। [5]ਬੜਾ। [6]ਭੁਯਾਨਕ। [7]ਕੜਾਹਾ। [8]ਛਿਪੇ ਰਹੀਏ। [9]ਪਹਿਲੇ। [10]ਨਾਸ਼।

*ਇਹ ਬਿਰਦਪਾਲ ਬਿਰਦ ਦਾ ਕਮਾਲ ਹੈ।

†ਇਹ ਕ੍ਰਿਤੱਗਜਤਾ ਦਾ ਕਮਾਲ ਹੈ, ਕਿ ਜਿਨ੍ਹਾਂ ਨੂੰ ਕਿਸੇ ਦੀ ਲੋੜ ਨਹੀਂ, ਓਹ ਫਿਰ ਆਰੇ ਗੋਚਰਾ ਕੰਮ ਦੱਸਦੇ ਹਨ, ਜੋ ਅੱਠ ਪਹਿਰ ਅਖੰਡ ਕੀਰਤਨ ਵਿਚ ਰਹਿੰਦੇ ਹਨ, ਰਦਾਨੇ ਦੇ ਕੀਰਤਨ ਦੇ ਐਤਨੇ ਕ੍ਰਿਤੱਗਜ ਹਨ।

ਡਾਰਾ। ਘਿਘ ਕੈ[੧] ਸ਼੍ਰੀ ਗੁਰੁ ਨਾਮ ਉਚਾਰਾ ॥ ੬੨ ॥ 'ਤ੍ਰਾਹਿ ਤ੍ਰਾਹਿ[੨]! ਨਿਜ* ਬਿਰਦ ਸੰਭਾਰਹੁ!। ਪਾਹਿ ਪਾਹਿ[੩]! ਮੁਝ ਜਰਤਿ ਉਬਾਰਹੁ। ਗੁਨਹਿ[੪] ਗੁਨਨ ਕੋ[੫] ਅਬ ਨਹਿਂ ਕਾਲਾ। ਰੱਛਾ ਕੋ ਇਹ ਸਮਹਿਂ[੬] ਕ੍ਰਿਪਾਲਾ!' ॥ ੬੩ ॥ ਦੋਹਰਾ ॥ ਤੇਲ ਭਯੋ ਸੀਤਲ ਤਬਹਿ ਦੇਹਿ ਪਰਸ ਕਰ ਸੋਇ। ਪਾਵਕ ਤੇਜ[੭] ਨ ਛੁਹਿ ਸਕਾ ਜ਼ਿਉਂ ਹਿਮ ਰਿਤੁ ਕੋ[੮] ਤੋਇ[੯] ॥ ੬੪ ॥ ਚੌਪਈ ॥ ਨਿਜ ਸਰੂਪ ਗੁਰੁ ਤਬਹਿ ਦਿਖਾਯਾ। ਦੇਖਤਿ ਰਾਖਸ਼ ਵਾਕ ਅਲਾਯਾ। 'ਕੋ ਹੈਂ ਤੂੰ ਕਿੰਹ ਤੇ ਚਲਿ ਆਯੋ? ਤਪਤ ਕਰਾਹਾ ਜਿਨ ਸਿਤ-ਲਾਯੋ[੧੦]'॥੬੫॥ ਬਿਗਸੇ ਸ਼੍ਰੀ ਮੁਖ ਬਚਨ ਬਖਾਨਾ। 'ਕੌਡਾ! ਕਰਿ ਤੂੰ ਇਹ ਕੋ ਖਾਨਾ। ਕਿਉਂ ਭੱਖਨ ਮਹਿਂ ਕੀਨੀ ਦੇਰਾ। ਬਿਨਾ ਤਲੇ ਭਖਿ[੧੧] ਭੋਜਨ ਤੇਰਾ'॥੬੬॥ਬਿਸਮ੍ਯੋ ਰਾਖਸ਼ ਵਾਕ ਉਚਾਰਾ। 'ਤੁਮ ਕਿਉਂ† ਜਾਨਤਿ ਨਾਮ ਹਮਾਰਾ। ਪੂਰਬ ਕਬਹਿ ਨ ਮਿਲਨਾ ਭਯੋ। ਅਬਹਿ ਸਰੂਪ ਬਿਲੋਕ੍ਯੋ ਨਯੋ' ॥੬੭॥ ਦੋਹਰਾ ॥ ਅਸ ਪ੍ਰਕਾਰ ਮੁਖ ਕਹਿਤਿ ਹੀ ਉਪਜ੍ਯੋ ਪੂਰਬ ਗ੍ਯਾਨ। ਦਰਸ਼ਨ ਕੇ ਪਰਤਾਪ ਤੇ ਭਈ ਸ੍ਰਾਪ ਕੀ ਹਾਨਿ[੧੨] ॥ ੬੮ ॥ ਚੌਪਈ ॥ ਸੁਧ ਕੋ ਪਾਇ ਮੁਕਰ[੧੩] ਨਿਜ ਲਯਾਯੋ। ਸ਼੍ਰੀ ਗੁਰੁ ਆਗੈ ਧਰਿ ਦਿਖਰਾਯੋ। ਜਬ ਪ੍ਰਤਿਬਿੰਬ[੧੪] ਦੇਖਿ ਮੁਖ ਕੇਰਾ।ਪਰ੍ਯੋ ਚਰਨ ਪਰ ਹ੍ਵੈ ਬਿਨ ਦੇਰਾ॥੬੯॥ਕਰਿ ਬੰਦਨ ਹੋਯੋ ਪੁਨਿ ਠਾਂਢਾ। ਮਨ ਅਨੁਰਾਗ ਅਧਿਕ ਜਿਹ ਬਾਢਾ। ਬੰਦਹਾਥ ਦ੍ਵੈ ਗੁਰੂ ਅਗਾਰੀ।ਗਦਗਦ ਗਿਰਾ ਹਰਖ ਉਰਿ ਭਾਰੀ॥੭੦॥ਕਮਲ ਬਦਨ ਬੂਝਤਿ ਤਿੰਹ ਤਾਈਂ। 'ਬ੍ਰਿਥਾ[੧੫] ਆਪਨੀ ਦੇਹੁ ਬਤਾਈ'। [੧੬]'ਪੂਰਬ ਦਿਹੂ ਰਜਾਇ,ਗੁਨ ਮੰਦਿਰ!।ਆਨੋਂ ਭੇਟਿ ਮਧੁਰ ਫਲਸੁੰਦਰ॥੭੧॥ਬਹੁਰੋ ਉਚਰੋਂ ਅਪਨੀ ਗਾਥਾ। ਜਿਸ ਪ੍ਰਕਾਰ ਬੀਤੀ ਮੁਝ ਸਾਥਾ'। ਆਇਸ ਪਾਇ ਗਯੋ ਬਨ ਮਾਂਹੀ। ਜਿਹਠਾਂ ਸੁਫਲੇ ਬਿਟਪ[੧੭] ਸੁਹਾਹੀਂ ॥ ੭੨ ॥ ਬੀਨ ਬੀਨਕੈ ਮਧੁਰੇ ਆਨੇ। ਜਿਨਹਿ ਦੇਖ ਮੁਨਿ ਮਨ ਲਲਚਾਨੇ। ਸਰਬ ਧਰੇ ਜਬ ਗੁਰੂ ਅਗਾਰੀ। ਬਿਗਸਿ ਬਦਨ ਤੇ ਗਿਰਾ ਉਚਾਰੀ ॥ ੭੩ ॥ 'ਮਰਦਾਨਾ

---

[੧]ਬਿਹਬਲ ਹੋਕੇ। [੨]ਰੱਖਿਆ ਕਰੋ, ਰੱਖਿਆ ਕਰੋ। [੩]ਰਖੋ, ਰਖੋ। [੪]ਗੁਨਾਹਾਂ ਨੂੰ। [੫]ਗਿਣਨੇ ਦਾ। [੬]ਵੇਲਾ। [੭]ਅਗਨੀ ਦਾ ਸੇਕ। [੮]ਸਿਆਲੇ ਦਾ। [੯]ਪਾਣੀ। [੧੦]ਠੰਢਾ ਕਰ ਦਿੱਤਾ ਹੈ। [੧੧]ਖਾਹ। [੧੨]ਨਾਸ਼। [੧੩]ਸ਼ੀਸ਼ਾ। [੧੪]ਅਕਸ। [੧੫]ਕਹਾਣੀ। [੧੬]ਕੌਡਾ ਬੋਲਿਆ। [੧੭]ਫਲਾਂ ਵਾਲੇ ਬ੍ਰਿੱਛ।

*ਪਾ:-ਸ਼੍ਰੀ। †ਪਾ:-ਕਿਮ।

ਅਪਨਾ ਗੁਰੁ* ਮਾਨਹੁੰ। ਫਲ ਧਰਿ ਆਗੇ ਬੰਦਨ ਠਾਨਹੁੰ।ਪੂਜਾ ਕੀਜਹਿ ਹੋਇ ਉਧਾਰਾ'।ਸੁਨਿ ਕੌਡੇ ਪੁਨ ਬਚਨ ਉਚਾਰਾ ॥ ੭੪ ॥ 'ਸੀਸ ਮੁਕਟ ਅਬ ਹੈ ਇਹ ਮੇਰਾ। ਜਾਂਕੇ ਮਿਲੇ ਅਨੰਦ ਘਨੇਰਾ'। ਹਰਖਤਿ ਹ੍ਵੈ ਬੋਲਯੋ ਮਰਦਾਨਾ। 'ਸਭਿ ਪ੍ਰਾਪਤਿ ਮੁਝ, ਹੇ ਗਤਿਦਾਨਾ!॥੭੫॥ ਬਖਸ਼ਹੁ ਖ਼ਤਾ ਕੀਨਿ ਮੈਂ ਭਾਰੀ। ਮੇਟਨ ਕਰੀ ਰਜਾਇ ਤੁਮਾਰੀ। ਨਿਜ ਪ੍ਰਸੰਨਤਾ ਮੋ ਪਰ ਕੀਜੈ। ਸਦਾ ਸੰਗਿ ਅਬ ਮੁਝੈ ਰਖੀਜੈ'॥੭੬॥ ਸ੍ਰੀ ਮੁਖ ਕਹੈਂ 'ਸਦਾ ਸੁਪ੍ਰਸੰਨਾ। ਤੂੰ ਸੰਗ ਰਹਉ ਸਦਾ ਸੁਖ ਮੰਨਾ[1]। ਛੁਧਾ ਲਗੀ ਹ੍ਵੈ ਹੈ ਤੁਝ ਤਾਂਈ। ਖਾਹੁ ਮਧੁਰ ਫਲ ਕੋ ਤ੍ਰਿਪਤਾਈ' ॥ ੭੭ ॥ ਮੈਂ ਆਇਸ ਲੇ ਕਰਿ ਤਿਹਕਾਲਾ। ਜੇ ਫਲ ਸੁੰਦਰ ਮਧੁਰ ਬਿਸਾਲਾ। ਧਰੇ ਗੁਰੂ ਆਗੈ ਰਸ ਪੂਰੇ। ਪੁਨ ਮਰਦਾਨੇ ਕੋ ਦਿਯ ਰੂਰੇ[2] ॥੭੮॥ ਨਿਜ ਅਹਾਰ ਮੈਂ ਲੀਨ ਬਹੋਰੀ। ਅਚੇ[3] ਮਧੁਰ ਜਿਨ ਸਾਦ ਨ ਥੋਰੀ। ਫਲ ਜਿ ਹੁਤੇ ਆਗੇ ਸੁਖਦਾਈ[4]। ਸੋ ਉਚਾਇ[5] ਦਿਯ ਰਾਖ਼ਸ਼ ਤਾਈਂ ॥੭੯॥ ਜਬ ਕੌਡੇ ਕਿਯ ਮੁਖ ਮੈਂ ਪਾਵਨ। ਤਤਛਿਨ ਕਰੀ ਦੇਹਿ ਪਲਟਾਵਨ। ਸੁਰ ਸਰੂਪ ਹ੍ਵੈ ਉਸਤਤਿ ਠਾਨੀ। 'ਨਮੋ ਨਮੋ ਕਰਤਾ ਚਹੁੰਖਾਨੀ[6]!॥੮੦॥ ਨਿਰਗੁਨ ਸਰਗੁਨ ਤੋਰ ਸਰੂਪਾ। ਮਨ ਬਾਨੀ ਤੇ ਪਰੈ ਅਨੂਪਾ।ਪਾਰਬ੍ਰਹਮ ਪਰਮੇਸ਼ੁਰ ਸ੍ਵਾਮੀ। ਮੋਰ[7]ਨਮਾਮਿ[8] ਨਮਾਮਿ ਨਮਾਮੀ ॥੮੧॥ ਭਗਤਿ ਵਛਲ ਦੀਨਨਿ ਦੁਖ ਭੰਜਨ!। ਜੈ ਜੈ ਜੈ ਮੁਨਿ ਜਨ ਮਨ ਰੰਜਨ। ਸੰਤ ਵਿਰੋਧਿਨ ਕੋਂ[9] ਨਿਤ ਘਾਲਿਕ। ਧਰਮ ਸੇਤ[10]ਜਗ ਮਹਿਂ ਪ੍ਰਤਿਪਾਲਕ!॥੮੨॥ ਪੁਨ ਬੰਦਨ ਤਵ ਪਦ ਭਗਵੰਤਾ!। ਸੁਨਹੁ ਭਯੋ ਜਿਵ ਮਮ ਵਿਰਤੰਤਾ। ਤੁਮ ਅੰਤਰਜਾਮੀ ਸਭਿ ਜਾਨੋ।ਤਦਪਿ ਨਿਦੇਸ਼ਹਿ[11]ਮੈਂ ਨਿ ਬਖਾਨੋ॥੮੩॥ਪੂਰਬ ਜਨਮ ਹੁਤੋ[12]ਦਿਜ ਮੇਰਾ। ਪਠਿ[13]

---

[1]ਮੰਨਕੇ। [2]ਸੁੰਦਰ। [3]ਖਾਧੇ। [4]ਭਾਵ ਗੁਰੂ ਜੀ ਦੇ। [5]ਚੁੱਕਕੇ। [6]ਚਾਰ ਖਾਣੀਆਂ ਦੇ। [7]ਮੇਰੀ। [8]ਨਮਸਕਾਰ। [9]ਵਿਰੋਧੀਆਂ ਨੂੰ। [10]ਮਰਯਾਦਾ। [11]ਆਗਯਾ। [12]ਸੀ। [13]ਪੜ੍ਹ।

*ਇਥੇ ਗੁਰ ਤੋਂ ਮੁਰਾਦ 'ਗੁਰ ਅਵਤਾਰ' ਨਹੀਂ†, ਜੋ ਗੁਰੂ ਸਾਹਿਬ ਆਪ ਸੇ, ਪਰ ਮੁਰਾਦ ਹੈ, ਗੁਰਮੁਖ ਯਾ ਮੁਰਸ਼ਿਦ ਤੋਂ, ਨਾਮ ਦਾਤਾ। ਇਸ ਵਿੱਚ ਕਟਾਖਸ਼ ਇਹ ਹੈ ਕਿ ਜਿਸ ਨੂੰ, ਹੇ ਕੌਡੇ! ਤੂੰ 'ਖਾਣ ਯੋਗ' ਮਾਸ ਦਾ ਲੋਥੜਾ ਸਮਝਿਆ ਸੀ, ਉਹ ਪਰਮੇਸ਼ੁਰ ਦੇ ਨਾਮ ਵਾਲਾ ਹੈ, ਤੇ ਤੇਰੀ ਕਲ੍ਯਾਨ ਦਾ ਸਹਾਯਕ ਹੋਣ ਯੋਗ ਸੰਤ ਹੈ। ਏਥੇ ਵੀ ਸਤਿਗੁਰੂ ਜੀ ਨੇ ਆਪਣਾ 'ਦਾਸ ਨਿਵਾਜਨ ਬਿਰਦ'ਦਿਖਾਇਆ ਹੈ। ਪਰ ਦੇਖੋ ਇਹ ਸੁਣਕੇ ਭੀ ਸ਼੍ਰੀ ਮਰਦਾਨਾ ਜੀ ਨਿਜ ਨੂੰ ਦਾਸ ਹੀ ਪ੍ਰਗਟ ਕਰ ਰਹੇ ਹਨ। †ਪਾ:–ਕਰੀਅਹਿ।

ਵਿੱਦਯਾ ਮਨ ਮਾਨ ਘਨੇਰਾ। ਏਕ ਦਿਵਸ ਮਮ ਗੁਰੁ ਤਤਬੇਤਾ[1] ।
ਆਵਾ ਸਹਿਜ ਸੁਭਾਵ ਨਿਕੇਤਾ ॥ ੯੪ ॥ ਨਹਿੰ ਉਠਿ ਕਰਿ ਸਨਮਾਨਤਿ
ਕੀਨਾ। ਅਹਿਮਤ[2] ਧਰਿ ਆਸਨ ਆਸੀਨਾ[3] । ਦੇਖਿ ਅਵੱਗਯਾ ਗੁਰੁ
ਰਿਸ ਕਰਿਕੈ । ਮੁਝ ਇਉਂ ਦੀਨੋ ਸ੍ਰਾਪ ਉਚਰਿਕੈ ॥ ੯੫ ॥-ਅਸ
ਵਿੱਪ੍ਰੀਤਿ ਜੁ ਤੈਂ ਮਨ ਠਾਨੀ। ਕਛੂ ਨ ਬਿਗਰਹਿ ਮੁਝ, ਹੇ† ਮਾਨੀ[4]‡।
ਯਾਂ ਕੋ ਫਲ ਜੇ ਤੂੰ ਨਹਿੰ ਪਾਵੈਂ। ਤੌ ਸ਼ੁਭ ਰੀਤਿ ਜਗਤ ਮਿਟ ਜਾਵੈ
॥ ੯੬ ॥ ਤਾਂਤੇ ਤੂੰ ਰਾਖਸ਼ ਤਨ ਪਾਈ । ਕਰਹੁ ਕੁਕਰਮ ਧਰਮ
ਬਿਸਰਾਈ-। ਅਸ ਪ੍ਰਕਾਰ ਸੁਨਿ ਗੁਰੁ ਕੋ ਸ੍ਰਾਪਾ। ਮੈਂ ਭੈ ਭੀਤਿ ਭਯੋ ਬਹੁ
ਕਾਂਪਾ॥੯੭॥-ਹੇ ਗੁਰੁ ! ਮੈਂ ਅਪਰਾਧ ਜੁ ਕੀਨੋ। ਤਾਂਕੋ ਫਲ ਰਾਖਸ ਤਨ
ਦੀਨੋ§। ਕਬਲੌ ਭੋਗੌਂ ਗੋ ਦੁਖ ਭਾਰੀ¶। ਕ੍ਰਿਪਾਧਾਰਿ ਸੋ ਕਰਹੁ ਉਚਾਰੀ?-
॥੯੮॥ ਗੁਰੁ ਦਯਾਲਤਾ ਮਹਿਂ ਮਨ ਭੀਨਾ। ਐਸੇ ਬਚਨ ਉਚਾਰਨ ਕੀਨਾ।
-ਏਕੰਕਾਰ ਧਰੈ ਅਵਤਾਰਾ । ਤਿਨਿਕੇ ਮਿਲੇ ਹੋਇ ਨਿਸਤਾਰਾ-॥੯੯॥
-ਹੇ ਗੁਰ ! ਮੈਂ ਤਿਨ ਕੋ ਕਿਵ ਜਾਨੋਂ।ਕ੍ਰਿਪਾ ਕਰਹੁ ਸੋ ਭਾਂਤਿ ਬਖਾਨੋ[5] ?-
ਸੁਨਿ ਕੈ ਮੁਝ ਕੋ ਦਰਪਨ[6]ਦੀਨਾ। ਕਹਯੋ ਕਿ-ਇਸਤੇ ਲੇਵਹੁ ਚੀਨਾ[7]

---

[1]ਤੱਤ੍ਵ ਗਯਾਨੀ। [2]ਸਰਪ ਬੁਧੀ, ਫਨੀਅਰ ਸੱਪ ਦੀ ਆਕੜੀ ਧੌਣ ਵਲ ਇਸ਼ਾਰਾ ਹੈ ਕਿ ਆਕੜ ਨਾਲ ਨਿਵਿਆਂ ਨਾ। (ਅ) ਅਹਮਮਤਿ=ਹੰਕਾਰ। [3]ਆਸਨ ਤੇ ਬੈਠਾ ਰਹਿਆ। [4]ਹੰਕਾਰੀ। [5]ਕਹੋ। [6]ਸ਼ੀਸ਼ਾ। [7]ਜਾਣ। (ਅ) ਪਛਾਣ। †ਪਾ:--ਰੇ।

‡ਪਾ:--ਕੁਛ ਨਹਿ ਬਿਗਰਹਿ ਰੇ ਉਰ ਮਾਨੀ।

§ਤਨ ਤੋਂ ਮੁਰਾਦ--ਸੁਭਾਵ--ਦੀ ਹੈ। ਜਦ ਸੁਭਾਵ ਹਿੰਸਕ ਤੇ ਸ਼ਰੀਰ ਮੰਦਕਰਮੀ ਹੋ ਜਾਵੇ ਤਾਂ ਨੁਹਾਰ ਬੀ ਭਯਾਨਕ ਤੇ ਡਰਾਵਨੀ ਹੋ ਜਾਂਦੀ ਹੈ। ਆਰਯ ਕੁਲ ਦੇ ਲੋਕ ਜਿਨ੍ਹਾਂ ਦੀ ਬੋਲੀ ਪੁਰਾਤਨ ਸੰਸਕ੍ਰਿਤ ਸੀ, ਜਦ ਹਿੰਦ ਵਿਚ ਆਏ ਤਾਂ ਏਥੋਂ ਦੇ ਅਸਲੀ ਲੋਕਾਂ ਨੂੰ ਰਾਕਸ਼ ਕਹਿੰਦੇ ਸਨ। ਆਰਯ ਗੋਰੇ ਤੇ ਸਡੋਲ ਚੇਹਰੇ ਵਾਲੇ ਸਨ, ਏਹ ਲੋਕ ਸਾਂਵਲੇ ਕਾਲੇ ਤੇ ਨਕਸ਼ਾਂ ਦੇ ਉਹੋ ਜਹੇ ਸਡੌਲ ਨਹੀਂ ਸੇ। ਭੀਲ ਗੋਂਡ ਆਦਿ ਲੋਕ ਉਨ੍ਹਾਂ ਪਹਿਲੀਆਂ ਕੌਮਾਂ ਦੇ ਅਜੇ ਤਕ ਹਿੰਦ ਵਿੱਚ ਹਨ ਜਿਨ੍ਹਾਂ ਨੂੰ ਰਾਕਸ਼ ਕਹਿੰਦੇ ਹੁੰਦੇ ਸਨ, ਆਪਣਾ ਦੇਸ਼ ਖੁਹਾ ਬੈਠਣ ਕਰਕੇ ਏਹ ਲੋਕ ਆਰਯ ਹਮਲਾਆਵਰਾਂ ਅਤੇ ਦੇਸ਼ ਸਾਂਭ ਲੈਣ ਵਾਲਿਆਂ ਤੇ ਲੁਕ ਛਿਪਕੇ ਲਗੇ ਦਾਉ ਬੜੇ ਅਤਯਾਚਾਰ ਕਰਦੇ ਹੁੰਦੇ ਸਨ, ਕਈ ਰਾਕਸ਼ ਆਦਮ ਖੋਰ ਵੀ ਹੁੰਦੇ ਸਨ ਤੇ ਜਗਤ ਦੇ ਕਈ ਥਾਈਂ ਅਜੇ ਬੀ ਆਦਮ ਖੋਰ ਲੋਕ ਹਨ। ਨਿਜ ਗੁਰੂ ਦੇ ਸ੍ਰਾਪ ਨਾਲ 'ਕੌਡਾ' ਆਦਮ ਖੋਰ ਰਾਖਸ਼ ਬ੍ਰਿਤੀ ਵਾਲਾ ਹੋ ਰਿਹਾ ਸੀ।

¶ਪਾ:--ਕਬਲੋ ਹੌਂ ਭਰਹੋਂ ਦੁਖ ਭਾਰੀ।

॥੯੦॥ ਯਾਮੈ ਪਰ ਪ੍ਰਤਿਬਿੰਬ[੧] ਸੁ ਜਾਂਕੋ। ਪੁਨ ਮਾਨੁਖ ਮੁਖ ਦੀਸਹਿ ਤਾਂਕੋ। ਸੋ ਜਾਨਹੁ ਇਹੁ ਹੈ ਅਵਤਾਰਾ। ਤਿਸਤੇ ਤੇਰੋ ਹੋਇ ਉਧਾਰ॥੯੧॥ ਅਨਿਕ ਜਨਮ ਜਿਹ ਨਰ ਜਗ ਪਾਇ। ਨਾਨਾ[੨] ਜੋਨਿ ਵਿਖੈ ਜੋ ਆਇ।ਤਿਨਕੇ ਮੁਖ ਇਸ ਦਰਪਨ ਮਾਂਹੀ। ਮਾਨੁਖ ਕੇ ਦੀਸਹਿ ਕਬਿ ਨਾਂਹੀ-॥ ੯੨ ॥ ਗੁਰਤੇ ਲੇਕਰਿ ਮੁਕਰ ਸੁ ਆਵਾ। ਤਬ ਕੋ ਮੈਂ ਇਹ ਥਾਨ ਰਹਾਵਾ। ਗਹਿ ਕਰਿ ਆਨੇ ਮਨੁਜ ਘਨੇਰੇ। ਮੁਕਰ ਵਿਖੇ ਪ੍ਰਤਿਬਿੰਬ ਸੁ ਹੇਰੇ ॥ ੯੩ ॥ ਸੂਕਰ[੩], ਕੂਕਰ[੪], ਖਰ[੫], ਖਗ[੬], ਸ਼ੇਰਾ। ਇਤਯਾਦਿਕ ਸਭਿ ਕੋ ਮੁਖ ਹੇਰਾ*। ਤੁਮਰਾ ਮਾਨੁਖ ਬਦਨ ਦਿਸਾਨਾ। ਜਿਨ ਕੇ ਪਰਸੇ ਸ੍ਰਾਪ ਮਿਟਾਨਾ॥ ੯੪॥ ਅਸ ਬਿਧਿ ਹੁਤੋ ਮੋਹਿ ਬਿਰਤੰਤਾ। ਅਬ ਦੀਜੈ ਆਇਸ[੭] ਭਗਵੰਤਾ। ਪੁੰਨ-ਲੋਕ[੮] ਕੇ ਵਿਖੈ ਸਿਧਾਊਂ। ਤੁਮਰੇ ਦਰਸ਼ਨ ਕੋ ਸੁਖ ਪਾਊਂ" ॥ ੯੫ ॥ ਸੁਰ ਤਨ ਹ੍ਵੈ,ਕਰਿ ਨਮੋ, ਪਧਾਰਾ[੯]। ਮਰਦਾਨੇ ਕੌਤਕ ਸੁ† ਨਿਹਾਰਾ[੧੦]। ਬੰਦਨ ਪਦ ਅਰਬਿੰਦ ਕਰੰਤੂ[੧੧]। 'ਧੰਨ ਧੰਨ ਪ੍ਰਭੁ ! ਧੰਨ' ਭਨੰਤੂ[੧੨] ॥੯੬॥ 'ਸ੍ਰੀ ਪ੍ਰਭੁ ! ਇਸ ਦਰਪਨ ਕੋ ਲੀਜੈ। ਹੈ ਅਦਭੁਤ ਨਿਜ ਨਿਕਟਿ ਰਖੀਜੈ'। ਸੁਨਿ ਕਰਿ ਭਨਹਿਂ ਗਰੀਬ ਨਿਵਾਜੂ[੧੩]।'ਇਸ ਦਰਪਨ[੧੪] ਤੇ ਕ੍ਯਾ ਹ੍ਵੈ ਕਾਜੂ ॥੯੭॥ ਮੁਕਰ[੧੪] ਵਿਚਾਰ ਰੁਪ ਜਿਨ ਪਾਸ॥ਤਿਨ ਕੋ ਆਤਮ ਹੋਤਿਪ੍ਰਕਾਸ਼॥ ਰਾਖਹੁ ਸੋ ਸਦੀਵ ਨਿਜ ਸੰਗ॥ਸਦਾ ਅਨੰਦ,ਕਰਹਿ ਭ੍ਰਮ[੧੫] ਭੰਗ[੧੬]॥੯੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਰਥਰੀ ਔਰ ਕੋੜੇ ਕੋ' ਪ੍ਰਸੰਗ ਬਰਨਨੰ ਨਾਮ ਪੰਚਾਸਮੋਂ ਅਧ੍ਯਾਯ ॥ ੫੦ ॥

---

[੧]ਅਕਸ। [੨]ਕਈ ਤਰ੍ਹਾਂ ਦੀਆਂ। [੩]ਸੂਰ। [੪]ਕੁੱਤੇ। [੫]ਗਧੇ। [੬]ਪੰਛੀ। [੭]ਆਗ੍ਯਾ। [੮]ਬੈਕੁੰਠ। [੯]ਗਿਆ। [੧੦]ਦੇਖਿਆ। [੧੧]ਕਰਦਾ ਹੈ। [੧੨]ਕਹਿੰਦਾ ਹੈ। [੧੩]ਗਰੀਬਾਂ ਨੂੰ ਨਿਵਾਜਣੇ ਵਾਲੇ। [੧੪]ਸ਼ੀਸ਼ਾ। [੧੫]ਭਰਮਾਂ ਨੂੰ। [੧੬]ਨਾਸ਼ ਕਰਕੇ।

*ਇਹ ਜੀਵਾਂ ਦੀਆਂ ਬ੍ਰਿਤੀਆਂ ਵੱਲ ਇਸ਼ਾਰਾ ਹੈ, ਕਿ ਸ਼ਰੀਰ ਮਨੁਖ ਤਾਂ ਸਭ ਦਾ ਦਿੱਸਦਾ ਹੈ, ਪਰ ਅੰਦਰ ਸੁਰਤ ਤੇ ਮਨ ਦੇ ਰੁਖ਼ ਪਸੂਆਂ ਵਰਗੇ ਹੁੰਦੇ ਹਨ। ਬ੍ਰਿਤੀ ਪਸ਼ੂ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਦੇ ਹਨ ਕਿ ਨਾਮ ਜਪਣ ਵਾਲੇ ਦੀ ਬ੍ਰਿਤੀ 'ਮਾਨੁਖ ਬ੍ਰਿਤੀ' ਹੁੰਦੀ ਹੈ, ਓਸ ਨੂੰ—ਜਨ—ਲਿਖਦੇ ਹਨ। ਬਾਕੀ ਭੁੱਲ ਵਿਚ ਰਹਿਣ ਵਾਲੇ ਖ਼ੁਦਗਰਜ਼ ਤੇ ਪਾਪੀ ਦੂਸਰੇ ਦਾ ਬੁਰਾ ਕਰਕੇ ਰੀਝਣ ਵਾਲੇ ਕੁਕਰਮੀ, ਪਸ਼ੂ ਬ੍ਰਿਤੀ ਹੋ ਜਾਣ ਕਰਕੇ ਪਸ਼ੂ ਸਮਾਨ ਹਨ। ਯਥਾ:—'ਬਿਨੁ ਸਿਮਰਨ ਕੂਕਰ ਹਰਕਾਇਆ' ॥ ਆਦਿ।

†ਪਾਠ:—ਮਰਦਾਨੇ ਸਭ ਚਰਿਤ।

੫੧. [ਸਾਰਦਾ ਮੰਗਲ। ਸਾਲਸਰਾਇ ਜੌਹਰੀ]

ਭੁਯੰਗ ਛੰਦ॥ ਨਮੋ ਸਾਰਦਾ ਰੂਪ ਦੋਖੰ ਹਰੰਤੀ॥ ਸਦਾ ਮੰਗਲਾ ਬੁੱਧਿ ਦੈਨੀ ਜਯੰਤੀ। ਭਵਾ ਭੈਹਰਾ ਦਾਸ ਕੀ ਇੱਛ ਪੂਰਾ। ਪ੍ਰਕਾਸ਼ੀ ਤੁਹੀ ਚੌਦਹੂੰ ਲੋਕ ਭੂਰਾ* ॥ ੧ ॥

[ਦੋਖੰ=ਦੋਸ਼, ਪਾਪ। (ਅ) ਕਵਿਤਾ ਦੇ ਦੋਖ। ਉਹ ਦੂਸ਼ਣ ਜੋ ਕਾਵ੍ਯ ਵਿਚ ਪੈਂਦੇ ਹਨ।
ਮੰਗਲ=ਖੁਸ਼ੀ। ਮੰਗਲਾ=ਖੁਸ਼ੀ ਦੀ ਦਾਤੀ।
ਜਯੰਤੀ=ਜੈ ਦੀ ਦਾਤੀ। ਭਵਾ=ਭਵ—ਹੋਂਦ, ਸੰਸਾਰ, ਜਨਮ, ਸ਼ਿਵ, ਮੰਗਲ, ਦੌਲਤ, ਮਾਲ ਪਦਾਰਥ ਵਾਲਾ ਹੋਣ ਦੀ ਦਸ਼ਾ, ਪ੍ਰਾਪਤੀ; ਉੱਚਤਾ, ਕੁਸ਼ਲਤਾ। ਭਵਾ=ਕੁਸ਼ਲਤਾ ਦੀ ਦਾਤੀ।
ਭੂਰਾ=ਬਹੁਤ, ਸਾਰੇ, [ਸੰਸਃ, ਭੂਰਿ] ਇਸ ਤੁਕ ਦਾ ਭਾਵ ਇਹ ਹੈ ਕਿ ਹੋਰ ਦੇਵ ਨਿਜ ਉਪਾਸਕਾਂ ਵਿਚ ਪ੍ਰਕਾਸ਼ੇ ਹਨ, ਤੈਨੂੰ ਸਾਰੇ ਲੋਕਾਂ ਵਿਚ ਮਤ ਦੇਸ਼ ਆਦਿ ਸਾਰੇ ਭੇਦ ਛੱਡਕੇ ਸਭਨਾਂ ਥਾਵਾਂ ਦੇ ਕਵੀਆਂ ਨੇ ਅਵਾਹਨ ਕੀਤਾ ਹੈ।]

**ਅਰਥ**—ਨਮਸਕਾਰ ਹੈ ਸ਼ਾਰਦਾ ਦੇ ਰੂਪ ਨੂੰ ਜੋ ਦੂਖਣਾ ਨੂੰ ਦੂਰ ਕਰਦੀ ਹੈ, ਸਦਾ ਖੁਸ਼ੀ ਦੀ ਦਾਤੀ ਹੈ, ਬੁੱਧੀ ਤੇ ਜੈ ਦੀ ਦਾਤੀ ਹੈ, ( ਹੇ ਤੂੰਹੀ ) ਕੁਸ਼ਲਤਾ ਦੀ ਦਾਤੀਏ! ਦਾਸ ਦਾ ਭੈ (ਵਿਘਨ ਪੈਣ ਦਾ) ਦੂਰ ਕੀਤਾ ਹੈ (ਅਤੇ ਸਰਸ ਕਵਿਤਾ ਲਿਖਣ ਦੀ) ਇੱਛਾ ਪੂਰੀ ਕੀਤੀ ਹੈ, ਤੂੰਹੀ ਚੌਦਾਂ ਲੋਕਾਂ (ਵਿਚ) ਸਾਰੇ ਪ੍ਰਕਾਸ਼ੀ ਹੈਂ।

ਚੌਪਈ॥ ਭਰਥਰਿ ਕੌਡੇ ਕੇਰਿ ਪ੍ਰਸੰਗਾ। ਸੁਨਿ ਸ੍ਰੀ ਅੰਗਦਿ ਪ੍ਰੇਮ ਉਮੰਗਾ। ਲਗੀ ਸਮਾਧਿ ਜੁਟੇ ਜੁਗ ਨੈਨਾ। ਅੰਗ ਅਡੋਲ ਨ ਉਚਰਤਿ ਬੈਨਾ॥ ੨॥ ਸ੍ਰੋਤਾ[1] ਬਕਤਾ[2] ਹਟਿ ਕਰਿ ਸਭਿ ਹੀ। ਨਿਜ ਨਿਜ ਥਾਨ ਗਏ ਚਲਿ ਤਬਹੀ। ਬੀਤਿ ਗਏ ਜਬ ਜਾਮ ਸਤਾਈ। ਤਦਪਿ ਨ ਚੇਤਨਤਾ ਤਨ ਆਈ॥੩॥ ਖਾਨ ਪਾਨ ਇਸ਼ਨਾਨ ਬਿਹੀਨੋ। ਬੀਤੇ ਆਸਨ ਏਕ ਅਸੀਨੋ। ਭੈ ਕਰਿ ਕੋਇ ਨ ਸਕਹਿ ਬੁਲਾਈ। ਬੈਸੇ ਪਾਸ ਪਿਖੈਂ ਦ੍ਰਿਗ ਲਾਈ[3] ॥ ੪ ॥ ਬਹੁਰੋ ਛੁਟੀ ਸਮਾਧਿ ਅਨੰਦਾ। ਉਠਿ ਕਰਿ ਮੱਜਨ ਕੀਨ ਮੁਕੰਦਾ। ਖਾਨ ਪਾਨ ਕਰਿਕੈ ਨਿਜ ਸਭਿਹੀ। ਕਥਾ ਸਮਾਜ ਬੁਲਾਵਾ ਤਬਹੀ॥੫॥ ਸ੍ਰੋਤਾ ਬਕਤਾ ਸਭਿ ਚਲਿਆਇ। ਨਿਜ ਨਿਜ ਆਸਨ ਬੈਠਿ ਸੁਹਾਇ। ਕਥਾ ਕਥਨ ਲਾਗਯੋ ਤਬ ਬਾਲਾ। ਸ੍ਰੀ ਅੰਗਦ ਜੀ ਸੁਨਹਿੰ ਕ੍ਰਿਪਾਲਾ॥ ੬ ॥ ਸ੍ਰੀ ਬਾਲਾ ਸੰਧੁਰੁ ਵਾਚ॥ ਚੌਪਈ॥ ਰਾਖਸ਼ ਕੋ ਇਵ ਕੀਨ ਉਧਾਰਾ। ਆਗੇ

[1]ਸੁਣਨ ਵਾਲੇ ਤੇ। [2]ਕਹਿਣ ਵਾਲਾ (ਭਾਈ ਬਾਲਾ)। [3]ਦੇਖਦੇ ਹਨ ਨੀਝ ਲਾਕੇ।

*ਪਾਃ—ਹੂਰਾ—ਬੀ ਹੈ।

ਗਵਨੇ ਮੁਕਤਿ ਉਦਾਰਾ। ਜਹਿਂ ਕਾਨਨ ਦਾਰੁਨ ਹੈ ਸਗਰਾ। ਨਿਕਟ ਨ ਜਾਂਕੇ ਕਿਹਠਾਂ ਨਗਰਾ ॥੭॥ ਮੰਦ ਮੰਦ ਤਹਿਂ ਕੀਨ ਪਯਾਨਾ। ਤਿੰਹ ਛਿਨ ਕਹਿਨ ਲਗਾ ਮਰਦਾਨਾ। 'ਹੇ ਪ੍ਰਭੁ ਮੋਕੋ ਛੁਧਾ ਸੰਤਾਯੋ। ਬਿਤੇ ਕਿਤਕਿ ਦਿਨ ਅਸਨ ਨ ਖਾਯੋ ॥੮॥ ਚਲਿ ਨ ਸਕੋਂ ਇਕ ਪੈਰ ਅਗਾਰੀ। ਨਿਕਟ ਨ ਪੁਰਿ ਚਹੁੰ ਦਿਸ਼ ਬਨ ਭਾਰੀ'। ਸੁਨਿ ਬੋਲੇ ਬੇਦੀ ਕੁਲਦੀਪਾ। 'ਧੀਰ ਧਰਹੁ ਹੈ ਨਗਰ ਸਮੀਪਾ' ॥੯॥ ਇਵ ਵਿਲਾਂਵਦੇ[1] ਕਰਤਿ ਪਯਾਨਾ। ਗਏ ਉਲੰਘਿ ਸਰਬ ਉਦਿਆਨਾ। ਤੀਨ ਕੋਸ ਤੇ ਨਗਰ ਸੁਹਾਵਾ। ਮਰਦਾਨੇ ਕੋ ਪ੍ਰਭੂ ਦਿਖਾਵਾ ॥੧੦॥ 'ਸੁੰਦਰ ਪੁਰਿ ਦੇਖਹੁ ਥਲ ਊਚੇ। ਖਾਹੁ ਅਸਨ ਤਹਿਂ ਚਲਹੁ ਪਹੂਚੇ*'। ਸੁਨਿ ਬੋਲਯੋ 'ਹੇ ਪ੍ਰਭੁ ਗੁਨ ਖਾਨੀ !। ਮਮ ਸਰੀਰ ਭਾ ਬਲ ਤੇ ਹਾਨੀ ॥੧੧॥ ਮ੍ਰਿਤੁ[2] ਹ੍ਵੈ ਪਰਯੋ ਰਹੈ ਕਿਹ ਥਾਨਾਂ। ਸਭਿ ਬਿਧਿ ਮੈਂ ਨਿਰਨੈ ਕਰਿ ਜਾਨਾਂ। ਕੀਨਿ ਖ਼ੁਦਾਇ ਅਬਹਿ ਮ੍ਰਿਤੁ ਮੋਰੀ। ਜਗਜੀਵਨ ਤੇ ਟੂਟੀ ਡੋਰੀ ॥ ੧੨ ॥ ਆਯੋ ਨਗਰ ਤਹਾਂ ਕਯਾ ਹੋਇ। ਚੀਰ[3] ਗੰਠ[4] ਹਮ ਦਾਮ[5] ਨ ਕੋਇ। ਬਿਨਾ ਲਿਯੇ ਕੋ ਦੇਵੈ ਨਾਂਹੀ। ਕੈਸੇ ਖਾਉਂ ਅਸਨ ਪੁਰਿ ਮਾਂਹੀ?' ॥੧੩॥ ਸ਼੍ਰੀਗੁਰੁ ਸੁਨੇ ਵਾਕ ਅਸ ਜਬਹੀ। ਪਗ ਸੋਂ ਰੇਤ ਫਰੋਰੀ[6] ਤਬ ਹੀ। ਨਿਕਸਾ ਤਿੰਹ ਤੇ ਅਦਭੁਤ ਲਾਲ[7]। ਜਾਕੀ ਸੋਭਾ ਦਿਪਤਿ ਬਿਸਾਲ ॥੧੪॥ 'ਬੰਧਨ ਗੰਠ[8] ਚਹਉ ਮਰਦਾਨਾ? ਲੇ ਬੰਧਹੁ ਨਿਜ ਚੀਰ ਸੰਗਾਨਾ। ਧਰਹੁ ਧੀਰ ਉਰ, ਕਰਹੁ ਪਯਾਨਾ। ਥੋਰ ਪੰਥ, ਢਿਗ ਹੈ ਪੁਰਿ[9] ਥਾਨਾ' ॥ ੧੫ ॥ ਦੋਹਰਾ ॥ 'ਇਹ ਪਾਹਨ[10] ਕਯਾ ਕਾਜ ਹੈ ਕਛੁ ਨ ਦੇਵਹਿ ਕੋਇ। ਹੋਇ ਦਾਮ ਨਿਜ ਪਾਸ ਜੇ ਚਹੈਂ ਜੁ ਲੇਵਹਿਂ ਸੋਇ ॥੧੬॥ ਚੌਪਈ ॥ ਯਾਂਕੇ ਬਾਂਧੇ ਭੂਖ ਨ ਜਾਵਹਿ। ਜਬ ਲੌ ਹਾਥ ਅਹਾਰ ਨ ਆਵਹਿ'। ਸ਼੍ਰੀਗੁਰੁ ਕਹੈਂ 'ਨਿਕਟਿ ਹੈ ਨਗਰੀ। ਤਹਿ ਕੀਮਤਿ ਇਸ ਹੋਇ ਉਜਗਰੀ[11] ॥੧੭॥ ਤੀਨ ਕੋਸ ਪਿਖਿ ਚਲਿ ਤਤਕਾਲਾ'। ਇਉਂ ਧੀਰਜ ਦੇ ਤੁਰੇ ਕ੍ਰਿਪਾਲਾ। ਅਤਿ ਲੱਜਤਿ ਹੋਵਤਿ ਮਰਦਾਨਾ। ਰਿਦੈ ਖਿਝਤਿ ਨਹਿਂ ਕਰਤਿ ਬਖਾਨਾ॥ ੧੮ ॥ ਮੰਦ ਮੰਦ ਬੇਦੀ ਕੁਲਦੀਪਾ। ਚਲਿ ਕਰਿ ਪਹੁੰਚੇ ਨਗਰ ਸਮੀਪਾ। ਬਿਟਪ[12] ਬਿਲੋਕਿ ਏਕ ਰਮਣੀਕਾ। ਬੈਠਿ ਗਏ ਤਹਿਂ ਸਭਿ ਜਗ ਟੀਕਾ

---

[1]ਪਰਚਾਉਂਦੇ। [2]ਮਰਕੇ। [3]ਕਪੜੇ ਦੀ। [4]ਗੰਢ ਵਿੱਚ। [5]ਪੈਸਾ। [6]ਫਰੋਲੀ। [7]ਲਾਲ। [8]ਗੰਢ। [9]ਸ਼ਹਿਰ। [10]ਪੱਥਰ। [11]ਪ੍ਰਗਟ। [12]ਬ੍ਰਿਛ। *ਪਾ:—ਚਲਹੁ ਅਬਹ ਤਿਹ ਆਇ ਪਹੂੰਚੇ।

॥੧੯॥ਤਬ ਮਰਦਾਨੇ ਬਚਨ ਉਚਾਰਾ। 'ਜਿਉਂ ਤੁਮ ਕਹਹੁ ਕਰੌਂ ਤਿਉਂ ਕਾਰਾ[੧]। ਲਾਲ ਨਾਮ ਕਹਿ ਦਿਯੋ ਜੁ*ਮੋਹੀ[੨]। ਇਸ ਤੇ ਕੌਨ ਕਾਜ ਅਬ ਹੋਹੀ?'॥੨੦॥ਕਮਲ ਬਦਨ ਤੇ ਬਿਗਸਿ ਬਖਾਨਾ। 'ਨਗਰ ਨਾਮ ਜਾਨਹੁ ਕਿ ਨ ਜਾਨਾ?'।'ਹੇ ਪ੍ਰਭੁ ਜੀ! ਕਯਾ ਨਾਮਹਿਂ ਮਾਂਹੀ। ਅਸਨ ਖਾਨ ਦੇਵਹੁ ਕੈ ਨਾਂਹੀ?॥ ੨੧॥ ਜੋ ਬਿਧਿ ਕਰਨੀ ਨਹੀਂ ਬਤਾਵਹੁ। ਬਾਤੈਂ ਕਰਿਤੇ ਦਿਵਸ ਬਤਾਵਹੁ'। ਹਸਨ ਹੇਤ ਬੋਲੇ ਸੁਖਧਾਮੂ। 'ਜਾਨਿ ਬਿਸ਼ੰਭਰਪੁਰਿ† ਇਹ ਨਾਮੂ'॥੨੨॥'ਕੋਊ ਨਾਮ ਨਗਰ ਕਾ ਹੋਹੂ। ਬਹੁਤ ਛੁਧਾ ਲਾਗੀ ਅਬ ਮੋਹੂ। ਸ਼੍ਰਮ[੩] ਤੇ ਨਿਰਬਲ ਕਾਂਯਾਂ ਸਗਰੀ। ਕਯੋਂ ਹੂੰ[੪] ਪਹੁੰਚੇ ਹੈਂ ਢਿਗ ਨਗਰੀ'॥੨੩॥ਦੋਹਰਾ॥ ਕਰੁਨਾਨਿਧਿ ਬਿਗਸੇ ਬਹੁਰ ਬੋਲੇ ਤਿਹ ਸੌਂ ਬੈਨ। 'ਨਗਰ ਵਿਖੈ ਗਵਨਹੁ ਅਬੈ ਖੋਜ ਜੌਹਰੀ ਐਨ[੫]॥੨੪॥ ਚੌਪਈ॥ ਵੇਚਹੁ ਜਾਇ ਤਹਾਂ ਇਹੁ ਲਾਲਾ'। ਸੁਨਤਿ ਸ੍ਰੋਨ‡ ਗਮਨਯੋ ਤਤਕਾਲਾ। ਜਾਇ ਜੌਹਰੀ ਕੋ ਦਿਖਰਾਯੋ।'ਤੀਨ ਤਾਂਬ੍ਰਪਣ[੬]ਮੋਲ' ਸੁਨਾਯੋ॥ ੨੫॥ ਮਰਦਾਨੇ ਮਨ ਕੀਨ ਵਿਚਾਰਾ।--ਲਾਲ ਮੋਲ ਨਰ ਕਹਤਿ ਅਪਾਰਾ।-। ਤਿਂਹ ਸੋ ਕਹਯੋ ਵਾਕ ਤਬ ਐਸੇ। 'ਬੂਝੌਂ[੭] ਸੰਗੀ ਬਾਹਰਿ ਬੈਸੇ'॥ ੨੬॥ ਲੇਕਰਿ ਲਾਲ ਆਪਨੇ ਪਾਸਾ। ਆਵਾ ਜਹਿਂ ਬੈਸੇ ਸੁਖਰਾਸਾ। 'ਇਕ ਜੌਹਰੀ ਪਿਖਿ ਕਰਿ ਬੋਲਾ।ਤੀਨ ਤਾਂਬ੍ਰਪਣ ਯਾਕੋ ਮੋਲਾ'॥੨੭॥'ਸਾਲਸਰਾਇ ਜੌਹਰੀ ਨਾਮੂ।ਮਰਦਾਨੇ! ਜਾਵਹੁ ਤਿਹ ਧਾਮੂ। ਖੋਜੇ ਪਾਇ, ਦੀਜੀਯੇ ਏਹੀ। ਦੇਯ ਮੋਲ[੮] ਸੋ ਆਵਹੁ ਲੇਹੀ'॥ ੨੮॥ ਸੁਨਿ ਕਰਿ ਨਗਰ ਵਿਖੈ ਪੁਨ ਗਵਨਾ। ਖੋਜਤਿ ਫਿਰਤਿ ਸ਼ਾਹਿ ਕੋ ਭਵਨਾ। ਜਬ ਕਿਹਨੈ ਤਿਹਂ ਸਦਨ ਬਤਾਯੋ। ਦਰ[੯] ਤਿਸ਼ਟਯੋ[੧੦]ਕਹਿ ਊਚ ਬੁਲਾਯੋ॥੨੯॥ ਸੁਨਤਿ ਸ਼ਾਹ ਭੇਜਯੋ ਨਿਜ ਦਾਸਾ॥

---

[੧]ਕੰਮ। [੨]ਮੈਨੂੰ। [੩]ਥਕਾਨ। [੪]ਕਿਵੇਂ। [੫]ਘਰ। [੬]ਤਿੰਨ ਤਾਂਬੇ ਦੇ ਪੈਸੇ। [੭]ਪੁੱਛ ਆਵਾਂ। [੮]ਮੁੱਲ। [੯]ਦਰਵੱਜੇ ਅੱਗੇ। [੧੦]ਖੜਾ ਹੋਕੇ। *ਪਾ:—ਜਿ।

†ਭਾਈ ਗਿਆਨ ਸਿੰਘ ਜੀ ਕਰਤਾ 'ਤਵਾਰੀਖ ਖਾਲਸਾ' ਬਿਸ਼ੰਭਰ ਪੁਰ ਨੂੰ ਪਟਣਾਂ ਸਾਹਿਬ ਲਿਖਦੇ ਹਨ ਤੇ ਇਹ ਬੀ ਦੱਸਦੇ ਹਨ ਕਿ ਜੋ ਫਤੇ ਚੰਦ ਮੈਣੀ ਖੱਤ੍ਰੀ ਸ਼੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਵੇਲੇ ਹੋਯਾ ਹੈ ਓਹ ਇਸੇ ਸਾਲਸਰਾਇ ਦੀ ਔਲਾਦ ਵਿਚੋਂ ਸੀ, ਘਨਸ਼ਯਾਮ ਤੇ ਗੁਲਾਬ ਰਾਇ ਦਸਮੇਂ ਸਤਿਗੁਰਾਂ ਦੇ ਨਿਵਾਜੇ ਮਸੰਦ ਸਨ, ਇਹ ਭਾਈ ਅਧਰਕੇ ਦੀ ਸੰਤਾਨ ਵਿਚੋਂ ਸਨ, ਜਿਸ ਦਾ ਅਗੇ ਪ੍ਰਸੰਗ ਹੈ।

‡ਪਾ:—ਸ੍ਰਨ ਸ਼੍ਰੋਨਨ।

'ਕੌਨ ਅਹੈ? ਬੂਝਹੁ ਤਿਹ ਪਾਸਾ'। ਆਇ ਨਿਕਟਿ ਭ੍ਰਿਤ[1] ਬਚਨ ਅਲਾਯੋ। 'ਕੋ ਹੈਂ ਤੂੰ ਕਿਹ ਤੇ ਚਲਿ ਆਯੋ?' ॥੩੦॥ ਤਿਹ ਸੈਂ ਮਰਦਾਨੇ ਬਚ ਭਾਖਾ। 'ਸੌਦੇ ਵੇਚਨ ਕੀ ਅਭਿਲਾਖਾ'। ਅਸ ਕਹਿ ਅੰਤਰ ਸਦਨ ਸਿਧਾਯੋ। ਦੇਖ ਸ਼ਾਹੁ ਕੌ ਲਾਲ ਦਿਖਾਯੋ॥੩੧॥ਨੈਨ ਬਿਲੋਕਤਿ ਮਨ ਬਿਸਮਾਨਾ॥ ਪਠਿ ਅੱਛਰ ਤਿਹਂ ਪਰ ਪਹਿਚਾਨਾ। ਧਰਮਵੰਤ[2] ਸੋ ਸ਼ਾਹ ਸੁਜਾਨਾ॥ ਕਰਿ ਵਿਚਾਰ ਉਰ ਬਚਨ ਬਖਾਨਾ ॥੩੨॥ ਦੋਹਰਾ ॥ 'ਸਹਸ[3] ਰਜਤਪਨ ਲਿਖੇ ਹੈਂ ਜੋ ਦੇਖੇ ਸੋ ਦੇਇ। ਮੋਲ ਕਰੋਂ ਪਸ਼ਚਾਤ[4] ਇਹ ਪੂਰਬ ਸ਼ਤ ਤੁਮ ਲੇਯ' ॥ ੩੩ ॥ ਚੌਪਈ ॥ ਮਰਦਾਨਾਂ ਸ਼ਤ ਲੇ ਹਰਖਾਯੋ। ਚਲਿ ਕਰਿ ਵ੍ਹਿਰ ਨਗਰ ਪੁਨ ਆਯੋ । ਪਿਖਿ ਕਰਿ ਸ੍ਰੀ ਗੁਰੁ ਬਚਨ ਬਖਾਨਾ। 'ਕਿਤਕਿ ਮੋਲ ਆਨਯੋ? ਮਰਦਾਨਾ!'॥੩੪॥ ਨਿਕਟਿ ਬੈਠਿ ਬਿਰਤੰਤ ਸੁਨਾਵਾ। 'ਵਡੋ ਸ਼ਾਹ ਜਿਹਂ ਭਲੋ ਸੁਭਾਵਾ। ਸਹਸ ਕਾਰਖਿਕ[5] ਦਏ ਦਿਖਾਈ। ਬੂਝਨ ਮੋਲ ਅਯੋਂ ਤੁਮ ਤਾਂਈ ॥ ੩੫ ॥ ਜਿਤਨੋ ਲੇਨੋ ਦੇਹੁ ਸੁਨਾਈ। ਤਿਤਨੋ ਆਨੋਂ ਬਿਲਮ ਨ ਕਾਈ'। ਸ੍ਰੀ ਗੁਰੁ ਕਹੈਂ 'ਜਾਹੁ ਢਿਗ ਸ਼ਾਹੂ।ਕਸ[6]ਧਨ ਦੀਨੋ ਬੂਝਹੁ ਤਾਹੂ'॥੩੬॥ਦੋਹਰਾ॥ਪੁਨ ਪੁਰਿ ਬੂਝਯੋ ਆਨਿਕੈ 'ਕੈਸੇ ਦੀਨੇ ਦਾਮ?'।ਸੁਨਤਿ ਸ਼ਾਹੁ ਨੈ ਤਬ ਕਹਾ[7]'ਮਿਜਮਾਨੀ' ਇਹੁ ਨਾਮੁ ॥੩੭॥ ਚੌਪਈ ॥ ਐਸੇ ਲਿਖਯੋ ਲਾਲ ਪਰ ਤੇਈ। ਸਹਸ ਰਜਤਪਨ ਦੇਖੇ ਦੇਈ। ਕੀਮਤ ਔਰ ਕਹੈਂ ਸੋ ਦੇਊਂ। ਲਾਲ ਮੋਲ ਤੁਮ ਦੇ ਕਰਿ ਲੇਊ" ॥ ੩੮ ॥ ਸੁਨਿ ਕਰਿ ਪੁਨ ਆਵਾ ਮਰਦਾਨਾ। ਸ਼ਾਹੁ ਬਚਨ ਗੁਰ ਪਾਸ ਬਖਾਨਾ। 'ਇਹੁ ਧਨ ਦੀਨੋ ਤਿਨ ਮਿਜਮਾਨੀ।ਕੀਮਤ ਅਵਰ ਦੇਨਿ ਨਿਜ ਮਾਨੀ[8]' ॥੩੯॥ ਗੁਰੂ ਕਹੈਂ 'ਵੇਚਹੁ ਕੈ ਨਾਂਹੀ?'। ਲਾਲ ਬਿਕੀਮਤਿ ਲਖਿ ਮਨ ਮਾਂਹੀ'। 'ਕਿਜ਼ਾ ਜਾਨੋਂ ਮੈਂ' ਕਹਿ ਮਰਦਾਨਾ। 'ਕਰਹੁ ਆਪ ਜਿਉਂ ਸ਼ੁਭ ਮਨ ਜਾਨਾ' ॥੪੦॥ ਦੋਹਰਾ ॥ 'ਸ੍ਰੀ ਗੁਰ ਕਹੈਂ 'ਨ ਲਾਲ ਇਹ ਲਖਹੁ ਨਾਮ ਕਰਤਾਰ। ਚਾਹਉ ਰਾਖਉ ਪਾਸ ਨਿਜ ਚਾਹਉ ਕਰਿ ਬਿਉਹਾਰ' ॥੪੧॥ ਚੌਪਈ ॥ ਸ੍ਰੀ ਪ੍ਰਭੁ ਜੀ ਮੈਂ ਵੇਚਤਿ ਨਾਂਹੀ। ਜੋ ਸੁਖਦਾ ਜੁਗ ਲੋਕਨ ਮਾਂਹੀ'। [9]'ਵੇਚਤਿ ਨਹੀਂ ਜਿ,ਮੋਰਹੁ ਦਾਮੂ।ਲੀਜੈ ਲਾਲ ਜਾਇ ਤਿਹਧਾਮੂ'

---

[1]ਦਾਸ ਨੇ। [2]ਧਰਮੀ ਸੀ। [3]ਸੌ। ਸਹਸ=ਹਜ਼ਾਰ। ਪਰ ਕਵੀ ਜੀ ਨੇ ਸੌ ਲਈ ਬੀ ਵਰਤਿਆ ਹੈ। [4]ਪਿੱਛੋਂ। [5]ਸੌ ਰੁਪੱਯੇ। [6]ਕੇਹਾ। [7]ਪ੍ਰਾਹੁਣਚਾਰੀ। [8]ਮੰਨੀ ਹੈ। [9]ਗੁਰੂ ਜੀ ਬੋਲੇ।

॥੪੨॥ ਸੁਨਿ ਕੈ ਪੁਨ ਪੁਰਿ ਫੇਰਨਿ[1] ਗਯੋ। ਸਭਿ ਹੀ ਦਰਬ ਸ਼ਾਹ ਕੋ ਦਯੋ। 'ਲਾਲ ਹਮਾਰਾ ਫੇਰਹੁ ਸੋਊ। ਬੇਚਤਿ ਨਹਿਂ ਇਹ ਖਾਂਵਦ ਜੋਊ' ॥ ੪੩ ॥ ਕਹਿਤਿ ਸ਼ਾਹ 'ਸਭਿ ਧਨ ਭੀ ਲੀਜੈ। ਲਾਲ ਲੇਹੁ ਜਿਉਂ ਮਨ ਤਿਉਂ ਕੀਜੈ'। ਦੋਨੋਂ ਵਸਤੁ ਲਿਏ ਹਰਖਾਵਾ। ਨਗਰ ਵਹਿਰ ਮਰਦਾਨਾ ਆਵਾ ॥ ੪੪ ॥ ਸ਼੍ਰੀ ਪ੍ਰਭੁ ਜੀ ਧਨ ਭੀ ਪੁਨ[2] ਲਾਲਾ। ਮੁਝੈ ਦੀਨ ਕਹਿ ਬਚਨ ਰਸਾਲਾ। ਜਸ ਆਇਸ ਦਿਹੁ ਤਸ ਅਬ ਕਰਿਹੂੰ। ਥਕਿਤਿ ਭਯੋ ਮੈਂ ਬਹੁਰ ਨ ਫਿਰਹੂੰ' ॥ ੪੫ ॥ ਸ਼੍ਰੀ ਗੁਰ ਕਹੈਂ 'ਲਾਲ ਨਿਜ ਲੀਜੈ। ਧਨ ਜਿਹਂ ਕੋ ਤਿਸ ਹੀ ਕੋ ਦੀਜੈ। ਵੇਚਹਿਂ ਲਾਲ ਲੇਇਂ* ਧਨ ਸੋਈ। ਨਹਿਂ ਵੇਚਹਿਂ ਤੇ ਕੈਸੇ ਲੇਈਂ' ॥੪੬॥ ਪੁਨ ਮਰਦਾਨਾ ਲੇਕਰਿ ਗਯੋ। ਸ਼ਾਹੁ ਨ ਲੇਤਿ ਕਹਤਿ ਬਚ ਭਯੋ। 'ਲਿਖਾ ਲਾਲ ਪਰ ਸੋ ਹਮ ਦੀਨੋਂ। ਧਰਮ ਆਪਨਾ ਰਾਖਨ ਕੀਨੋ ॥੪੭॥ ਲੈਹੂੰ ਹਟਾਇ[3] ਧਰਮ ਮਮ ਜਾਈ। ਐਸੀ ਬਾਤ ਨ ਕਰੋਂ ਕਦਾਈ। ਦਰਬ ਤੁਮਾਰੋ ਕਰੋ ਜੁ ਭਾਵਾ'। ਸੁਨਿ ਕਰਿ ਮਰਦਾਨਾ ਪੁਨ ਆਵਾ॥੪੮॥ ਦੋਹਰਾ ॥ ਸ਼੍ਰੀ ਨਾਨਕ ਰਾਖੈਂ ਨਹੀਂ ਲੇ ਨ ਜੌਹਰੀ ਸੋਇ। ਸਪਤ[4] ਵਾਰਿ ਫਿਰ ਪੁਨਹਿ ਪੁਨਿ ਸ਼੍ਰਮ ਸੋਂ ਬਯਾਕੁਲ ਹੋਇ ॥ ੪੯ ॥ ਚੌਪਈ ॥ ਏਕ ਛੁਧਾ ਦੂਜੇ ਸ਼੍ਰਮ ਭਾਰਾ। ਖਿਝਯੋ ਰਿਦੈ ਧਨ ਤਿਹਂ ਗ੍ਰਿਹ ਡਾਰਾ[5]। ਸ਼ਾਹੁ ਤਬਹਿ ਮਨ ਮਾਂਹਿ ਬਿਚਾਰਾ।–ਇਹ ਅਦਭੁਤ ਬਹੁ ਲਾਲ ਨਿਹਾਰਾ[6] ॥ ੫੦॥ਬਹੁਰੋ ਲਾਲ ਜਿਨਹਿਂ ਕੇ ਪਾਸੂ।ਸੋ ਨਹਿਂ ਲੇਵਤਿ ਹੈਂ ਧਨ ਰਾਸੂ।ਤਿਨ ਕੌ ਦਰਸ਼ਨ ਚਹਿਯੇ ਕਰਨੋ। ਹੈ ਸ਼ੁਭ ਕੀਨ ਲੋਭ ਜਿਨ ਹਰਨੋ–॥ ੫੧ ॥ ਅਸ ਕਹਿ ਲੀਨੋ ਮਧੁਰ ਅਹਾਰਾ। ਜਾਗੇ ਜਿਹ ਕੇ† ਭਾਗ ਅਪਾਰਾ। ਨਿਜ ਤੇ ਪਹਿਲੇ ਦਾਸ ਪਠਾਯਾ।'ਜਾਨਿ ਨ ਦੇਉ ਰਖਹੁ ਠਹਿਰਾਯਾ' ॥੫੨॥ ਦੋਹਰਾ॥ ਗਮਨਯੋ ਘਰ ਤੇ ਭੇਟ ਲੈ ਸ਼ਾਹੁ ਜੁ ਸਾਲਸਰਾਇ। ਦੂਰਹੁਂ ਤੇ ਦੇਖਤਿ ਭਯੋ ਸ਼੍ਰੀ ਗੁਰ ਰੂਪ ਸੁਹਾਇ ॥ ੫੩ ॥ ਚੌਪਈ ॥ ਹ੍ਰੈ ਲੱਜਤਿ ਬੈਠਾ ਮਰਦਾਨਾ। ਗ੍ਰੀਵ ਨੀਚ ਕਰਿ ਕਛੁ ਨ ਬਖਾਨਾ। ਖਿਝ ਭਾ ਤ੍ਰਸ਼ਨਿ ਅਤਹਿ ਛੁਧਾਤੁਰ। ਸਭਿਹਿ ਬਾਤ‡ ਮਨ ਮਾਂਹਿ ਰਹਾ ਜਰ[7] ॥ ੫੪ ॥ ਅੰਤਰ ਉਰ ਕੇ ਗਟੀ[8] ਵਿਚਾਰੇ। ਸ਼੍ਰੀ ਗੁਰ ਡਰ ਕਰਿ ਕਛੁ ਨ ਉਚਾਰੇ।

[1]ਮੋੜਨ। [2]ਨਾਲੇ। [3]ਮੋੜ ਲਵਾਂ ਤਾਂ। [4]ਸੱਤ। [5]ਉਸ ਦੇ ਘਰ ਸੁੱਟ ਦਿੱਤਾ। [6]ਵੇਖਿਆ। [7]ਮਨ ਵਿਚ ਜਰਕੇ (ਪੀ ਕੇ)। [8]ਗਿਣਤੀਆਂ।

*ਪਾ:–ਵੇਚਹੁ ਲਾਲ ਲੇਹੁ। †ਪਾ:–ਤਿਹ ਕੇ। ‡ਪਾ:–ਸ਼੍ਰਮ।

ਸਾਲਸ ਰਾਇ ਆਇ ਤਹਿਂ ਕਾਲਾ। ਆਗੇ ਭੋਜਨ ਧਰੇ ਰਸਾਲਾ॥ ੫੫। ਹਾਥ ਬੰਦਿ ਬੰਦਨ ਕੋ ਕਰਿਕੈ। ਸਭਿਹਿ ਸੁਨਾਈ ਬਾਤ ਉਚਰਿਕੈ। 'ਦਰਬ ਤੁਮਾਰੋ ਇਹੁ ਅਬ ਲੀਜੈ। ਧਰਮ ਹਮਾਰੋ ਰਾਖਨ ਕੀਜੈ'॥ ੫੬॥ ਦੋਹਰਾ॥ ਸ੍ਰੀ ਗੁਰ ਕਹੈਂ 'ਜਿ ਵੇਚਹੀਂ ਤਬ ਧਨ ਲੇਂ ਨਿਜ ਪਾਨ[1]। ਨਹਿਂ ਵੇਚਹਿਂ ਤੌ ਲੇਂਯ ਕਸ[2] ਰਾਖਹੁ ਦਰਬ ਅਪਾਨ[3]' ॥੫੭॥ ਚੌਪਈ॥ ਦਰਸ਼ਨ ਪਰਸ ਭਰਮ ਮਿਟ ਗਯੋ। ਬੈਨ ਸੁਨੇ ਮਨ ਨਿਰਮਲ ਭਯੋ। ਜਾਨੇ-ਸੰਤ ਰੂਪ ਇਹੁ ਪੂਰੇ। ਦੇਖਨ ਸੁਨਨ ਜਿਨਹਿਂ ਕੋ ਰੂਰੇ-॥੫੮॥ ਕਹਤਿ ਬਚਨ 'ਮੈ ਹ੍ਰੈ ਬਿਸਮਾਦਾ। ਲਾਲ ਪਿਖਾ ਇਹ ਤੁਮਹਿਂ ਪ੍ਰਸਾਦਾ[4]। ਹੁਤੋ ਲਾਲ ਉਹ, ਕੈ ਤੁਮ ਲਾਲਾ?। ਜਿਨ ਮਿਲਨੇ ਮੈਂ ਭਯੋ ਨਿਹਾਲਾ॥ ੫੯॥ ਮੁਝ ਸਮਝਾਇ ਸੁਨਾਵਹੁ ਬਾਨੀ। ਹੇ ਕ੍ਰਿਪਾਲ ! ਤੁਮ ਸਭਿ ਗੁਨ ਖਾਨੀ'। ਦੇਨੇ ਹੇਤ ਸ਼ਾਹ ਉਪਦੇਸ਼ਾ। ਬੋਲੇ ਸ਼ਬਦ ਤਬਹਿ ਜਗਤੇਸ਼ਾ ॥ ੬੦ ॥ ਬਿਲਾਵਲੁ ਮਹਲਾ ੧* ॥

ਲਾਲੋ ਲਾਲ ਉਪਾਇਆ ਲਾਲੋ ਲਾਲ ਦਿਸੰਨਿ ॥ ਜਿਨਾਂ ਲਾਲੀ ਨੇਤ੍ਰ ਮਹਿ ਦੂਜਾ ਨਾ ਜਾਣੰਨਿ।।੧।। ਸੁਣਿ ਸਾਲਿਸ ਤੂੰ ਜਵਾਹਰੀ ਅਪਨਾ ਲਾਲ ਪਛਾਣੁ ॥ ਕੂੜੇ ਲਾਲ ਨ ਗੰਢ ਬੰਨ ਲੀਜੇ ਭਲੇ ਸਿਞਾਣ ॥੧ ॥ ਰਹਾਉ ॥ ਕੰਕਰ ਪੱਥਰ ਮੇਲਿ ਕੇ ਨਾਉਂ ਸਦਾਇਓ ਸ਼ਾਹੁ ॥ ਬਿਨ ਸਤਿਗੁਰ ਪੂਰੇ ਅੰਧੁ ਹੈ ਮੂਲ ਨ ਬੂਝੈ ਰਾਹੁ ॥ ੨ ॥ ਮੇਰਾ ਮੇਰਾ ਕਰ ਸੰਜਿਓ ਰਾਤੀ ਅਤੈ ਡੇਹੁ॥ ਕਾਈ ਸਾਖ ਨ ਉਪਜੀਆ ਕਲਰ ਵੁਠਾ ਮੇਹੁ ॥੩ ॥ ਸੁਣਿ ਸਾਲਸ ਇਹੁ ਬੇਨਤੀ ਜਿ ਕਰਮ ਪ੍ਰਾਪਤਿ ਹੋਇ ॥ ਨਾਨਕ ਏਕ ਅਰਾਧੀਐ ਦੂਖ ਨ ਲਾਗੈ ਕੋਇ ॥ ੪ ॥

ਚੌਪਈ ॥ 'ਰਾਖਹਿ ਸੰਚਿ ਲਾਲ ਜੋ ਪਾਜਾ। ਤਿਨ ਤੇ ਸਰੈ ਨ ਏਕੋ ਕਾਜਾ। ਖਾਨ ਪੀਨ ਮੈਂ ਸੋ ਨਹਿਂ ਆਵਹਿ। ਪਟ[5] ਜਿਉਂ ਸੀਤ ਨ ਦੇਹਿ ਹਟਾਵਹਿ॥ ੬੧॥ ਪਾਹਨ ਜਾਤ ਸੂੱਛ ਪਿਖਿ ਰਾਖਤਿ। ਕਰਿ ਹੰਕਾਰ 'ਸ਼ਾਹੁ' ਨਿਜ[6] ਭਾਖਤਿ। ਸ੍ਰੀ ਕਰਤਾਰ ਨਾਮੁ ਸਚੁ ਲਾਲਾ। ਜਿਹ ਕੋ ਮਿਲੇ ਸੁ ਹੋਤਿ ਨਿਹਾਲਾ॥੬੨॥ ਦੋਹਰਾ ॥ ਲਾਲ ਅਮੋਲਕ ਆਪਨੋ ਆਤਮ ਪਰਖਯੋ ਨਾਂਹਿ । ਨਿਜ

---

[1]ਹੱਥ। [2]ਕੈਸੇ। [3]ਆਪਣਾ। [4]ਕਿਰਪਾ ਨਾਲ। [5]ਕੱਪੜੇ। [6]ਆਪਣੂੰ। *ਇਹ ਬਾਹਰ ਦਾ ਸ਼ਬਦ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਆਯਾ, ਇਸ ਲਈ ਗੁਰਬਾਣੀ ਨਹੀਂ।

ਇਸ ਸ਼ਬਦ ਦੇ ਅੰਤ ਸਾਲਸ ਅੱਗੇ ਗੁਰੂ ਜੀ ਬੇਨਤੀ ਕਰਦੇ ਜਾਪਦੇ ਹਨ, ਪਰ ਗੁਰੂ ਨਾਨਕ ਦੇਵ ਜੀ ਨੇ ਕਿਸੇ ਮਨੁੱਖ ਅਗੇ ਕਦੇ ਬੇਨਤੀ ਨਹੀਂ ਕੀਤੀ, ਓਹ ਤਾ ਫੁਰਮਾਉਂਦੇ ਹਨ:- 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥' (ਅ) ਬੇਨਤੀ ਪਦ ਨੂੰ ਰੱਬ ਵਲ ਲਾਉਣ ਦਾ ਜਤਨ ਬੀ ਕਰਦੇ ਹਨ। (ੲ) ਬੇਨਤੀ ਪਦ ਸਹਜ ਸੁਭਾ ਵੀ ਨਿੰਮ੍ਰਤਾ ਵਿਚ ਕਿਹਾ ਜਾਣਾ ਸੰਭਵ ਹੈ। ਫਿਰ ਉਸਦਾ ਭਾਵ ਇਹ ਨਹੀਂ ਹੋਵੇਗਾ ਕਿ ਝੁਕ ਰਹੇ ਹਨ, ਕਿਉਂਕਿ ਸਾਲਸ ਆਪਦਾ ਸਿੱਖ ਹੋਇਆ ਹੈ।

ਆਨੰਦ ਭੁਲਾਇਕੈ ਪਰਯੋ ਕਸ਼ਟ ਕੇ ਮਾਂਹਿ’ ॥ ੬੩ ॥ ਸਾਲਿਸ ਬੂਝੈ ‘ਕੌਨ ਤੂੰ ਕਹਾਂ ਤੁਮਾਰਾ ਦੇਸ਼ ?। ਕਹਾਂ ਜਾਉਗੇ ਸੰਤ ਜੀ? ਕਉਨ ਆਪ ਕੋ ਬੇਸ[੧]? ॥੬੪॥ ਚੌਪਈ ॥ ਖਟ ਦਰਸ਼ਨ ਮੈਂ ਸਭਿ ਹੀ ਦੇਖਾ।ਪਾਯੋ ਜਾਇ ਨ ਤੁਮਰੋ ਬੇਖਾ’।ਸ਼੍ਰੀ ਗੁਰੁ ਸੁਨਿ ਕਰਿ ਗਿਰਾ[੨]ਉਚਾਰੀ।‘ਨਾਮ ਜਾਨ ਨਾਨਕ ਨਿਰੰਕਾਰੀ ॥ ੬੫ ॥ ਦੇਸ਼ ਹਮਾਰਾ ਏਕੰਕਾਰਾ। ਤਨ ਮਹਿਂ ਬੇਖ ਤਿਸੀ ਕੋ ਧਾਰਾ’। ਸੁਨਿਕਰਿ ਸਾਲਸ ਇਸ ਬਿਧਿ ਬਾਨੀ। ਸ਼ਰਨ ਗਹਿਨ ਕੀ ਮਤਿ ਠਹਿਰਾਨੀ[੩] ॥੬੬॥ ‘ਜੇ ਤੁਮ ਏਕੰਕਾਰ ਬਿਲੋਕਾ।ਮੁਝ ਦਿਖਾਇ ਕੈ ਕਰਹੁ ਅਸ਼ੋਕਾ। ਚਰਨ ਸ਼ਰਨ ਚਲਿ ਕਰਿ ਅਬ ਆਵਾ’।ਸੁਨਿ ਸ਼੍ਰੀ ਮੁਖ ਤੇ ਸ਼ਬਦ ਅਲਾਵਾ ॥ ੬੭ ॥

ਮਾਰੂ ਮਹਲਾ ੧ ॥

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥ ੧ ॥ ਦਾਦਰ ਤੂ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥ ੧ ॥ ਰਹਾਉ ॥ ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥ ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥ ੨ ॥ ਅੰਮ੍ਰਿਤ ਖੰਡੁ ਦੂਧ ਮਧੁ ਸੰਚਸਿ ਤੂ ਬਨਿ ਚਾਤੁਰ ਰੇ ॥ ਅਪਨਾ ਆਪ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥ ੩ ॥ ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਆਸ ਸੁਨੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛ ਜਿਉ ਰੇ ॥੪ ॥ ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ ॥ ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥ ੫॥ ੪ ॥

ਦੋਹਰਾ ॥ ਅਰਥ ਸਹਿਤ[੪] ਸੁਨਿ ਸ਼ਬਦ ਕੋ ਭਯੋ ਦੀਨ ਮਨ ਸੋਇ। ‘ਨਿਜ ਕੀਜੈ ਉਪਦੇਸ਼ ਮੁਝ ਜਹਿਂ ਤੇ ਸ਼ੁਭ ਗਤਿ ਹੋਇ ॥੬੮॥ ਚੌਪਈ॥ ਲੇਹੁ ਰਜਤ੍ਪਨ[੫] ਕਰਹੁ ਨਿਹਾਲਾ। ਤੁਮ ਹੋ ਪੂਰਣ ਸੰਤ ਕ੍ਰਿਪਾਲਾ’। ਸ਼੍ਰੀ ਗੁਰੁ ਕਹੈਂ ਨ ‘ਹਮਰੇ ਕਾਮਾ। ਇਹ ਧਨ ਸੋਹਤਿ ਤੁਮਰੇ ਧਾਮਾ’॥੬੯॥‘ਜੇ ਤੁਮ ਦਰਬ ਲੇਤਿ ਅਬ ਨਾਂਹੀ॥ਇਹ ਭੋਜਨ ਪਾਵਹੁ ਮੁਖ ਮਾਂਹੀਂ’।ਤੂਸ਼ਨਿ ਭਯੋ ਸੁਨਹਿ ਮਰਦਾਨਾ। ਗਟੀ[੬] ਅਹਾਰ[੭] ਵਿਚਾਰਹਿ ਨਾਨਾ ॥੭੦॥ਦੋਹਰਾ॥–ਸ਼੍ਰੀ ਨਾਨਕ ਲੇਵਹਿਂ ਅਸਨ, ਦੇਹਿਂ ਮੁਝੈ ਤਬ ਖਾਉਂ।ਭਯੋ ਛੁਧਾਤੁਰ[੮] ਸ਼੍ਰਮਤ[੯] ਮੈਂ *ਭੋਜਨ ਤੇ ਤ੍ਰਿਪਤਾਉਂ–॥੭੧॥ ਸੋਰਠਾ ॥ ਸ਼੍ਰੀਗੁਰੁ ਮਧਾਨਿਧਾਨ ਗਤਿ ਹਿਤ ਸਾਲਸ

[੧]ਭੇਖ। [੨]ਬਾਣੀ। [੩]ਠਹਿਰਾਈ। [੪]ਨਾਲ । [੫]ਰੁਪੱਯੇ। [੬]ਗਿਣਤੀਆਂ। [੭]ਭੋਜਨ ਦੀਆਂ।
[੮]ਭੁੱਖ ਨਾਲ ਦੁਖੀ। [੯]ਥੱਕਿਆ।
*ਪਾ:–ਸ਼੍ਰਮ ਬਿਖੇ।

ਰਾਇ ਕੋ। ਕੀਨੋ ਸ਼ਬਦ ਬਖਾਨ ਭੋਜਨ ਕੇ ਪਰਥਾਇ ਪਰ ॥ ੭੨ ॥

ਮਾਰੂ ਮਹਲਾ ੧*

ਪ੍ਰੀਤਿ ਪਕਵਾਨ ਸੋ ਭੋਜਨ ਕਹੀਅਹਿ ਲੁਚੀ ਲੋਚਾ ਪੂਰੀ ॥ ਮਿਠਿਆਈ ਮੁਖ ਹਰਿ ਹਰਿ ਬੋਲੇ ਤਾਂ ਮਨ ਰਹੈ ਹਜੂਰੀ ॥ ੧ ॥ ਸੁਣਿ ਸਾਲਸ ਤੂੰ ਭਾਈ ਮੇਰੇ ॥ ਸਮਝ ਪਰੀ ਤਾਂ ਹੋਇ ਨਿਬੇਰੇ॥੧॥ ਰਹਾਉ॥ਮੇਵਾ ਮਿਲਣ ਤੁਮਾਰਾ ਕਹੀਐ ਸਤਿ ਕੇ ਬਾਰੀ ਜੋੜੇ ॥ ਖਾਵਣ ਖਾਇ ਅਘਾਵੈ ਸੋਈ ਜਉ ਬਿਖਤੇ ਮਨੂਆ ਮੋੜੇ॥੨॥

ਚੌਪਈ ॥ ਸਾਲਸਰਾਇ ਸੰਗ ਜੋ ਦਾਸੂ । ਸੁਨਿ ਬਚ ਨਿਰਮਲ ਭਾ ਮਨ ਆਸੂ[1] । ਪਦ ਬੰਦਨ ਕੀਨੀ ਅਸ਼ਟਾਂਗਾ[2] । 'ਸ਼ਰਨਿ ਸ਼ਰਨਿ' ਕਹਿ ਪਰਾ ਸਭਾਗਾ ॥੭੩॥ 'ਤੁਮ ਪਰਮੇਸ਼ੁਰ ਜਾਨੇ ਮੋਹੀ[3] । ਦੀਨ ਦਯਾਲ ਨਾਮ ਹੈ ਤੋਹੀ। ਜਗਤ ਅਗਨਿ ਤੇ ਜਲਤਿ ਉਬਾਰਹੁ । ਅੰਪਨ ਨਾਮ ਕੋ ਬਿਰਦ ਸੰਭਾਰਹੁ' ॥ ੭੪ ॥ ਸੁਨਿ ਕਰਿ ਤਿਹ ਪਰ ਗੁਰੂ ਪ੍ਰਸੀਜੇ। ਜਨਮ ਮਰਨ ਜਗ ਕੇ ਕਟ ਦੀਜੇ[4] । ਪੌੜੀ ਅਪਰ ਸ਼ਬਦ ਕੀ ਭਾਖੀ। ਜਿਹ ਸੁਨਿ ਸ਼ਾਹੁ ਭਯੋ ਗਤਿ ਕਾਂਖੀ[5] ॥ ੭੫ ॥

†ਊਤਮ ਜਨਮ ਸੁ ਸਾਕਤ ਕਹੀਐ ਨੀਚ ਨਰਾਇਣੁ ਪਾਇਆ ॥ ਲੋਭ ਲਹਿਰ ਤੇ ਛੂਟੇ ਤੇਈ ਜਿਨ ਸਾਧ ਸੰਗੁ ਗੁਣ ਗਾਇਆ ॥ ੩ ॥ ਸੁਣ ਸਾਲਸ ਇਹੁ ਗੋਲਾ ਤੇਰਾ ਆਪ ਨਰਾਇਣੁ ਮਾਨਾ ॥ ਨਾਨਕ ਭਗਤਾ ਸੰਗੁ ਮਿਲਾਇਆ ਊਚੇ ਪਦੁ ਠਹਿਰਾਨਾ ॥ ੪ ॥

ਚੌਪਈ ॥ ਸੁਨਿ ਕਰਿ ਸਾਲਸ ਰਿਦੈ ਵਿਚਾਰਾ ।–ਸ਼੍ਰੀ ਪਰਮੇਸ਼ੁਰ ਇਹ ਅਵਤਾਰਾ। ਜਿਨਕੇ ਬਚਨ ਦਾਸ ਦੁਖ ਆਸੁ[6]‡। ਕੀਨ ਨਿਕੰਦਨ, ਦਿਯ ਸੁਖ ਰਾਸੂ--॥ ੭੬ ॥ ਦੋਹਰਾ ॥ ਹੋਇ ਦੀਨ ਮਨ ਮਾਨ ਤਜਿ, ਬੰਦੇ ਪਦ ਅਰਬਿੰਦ । 'ਗਤਿ ਮੇਰੀ ਅਬ ਕੀਜੀਏ, ਤੁਮ ਹੋ ਰੂਪ ਮੁਕੰਦ ॥੭੭॥ ਚੌਪਈ॥ ਜਗਬੰਧਨ ਤੇ ਕਰਿ ਛੁਟਕਾਰਾ। ਪਤਿਤਹਿ ਪਾਵਨ ਨਾਮ§ ਤੁਮਾਰਾ। ਸ਼ਰਨਿ ਪਰੇ ਕੀ ਰਾਖਹੁ ਲਾਜਾ। ਰਾਵਰ ਸਮ ਕੋ ਪਿਖੋਂ ਨ ਆਜਾ' ॥੭੮॥ ਸ਼੍ਰੀ ਗੁਰ ਕਹੈਂ 'ਕਾਜ ਇਹੁ ਕੀਜੈ। ਨਿਜ ਕਿੰਕਰ ਕੇ ਚਰਨ ਗਹੀਜੈ। ਬੰਦਨ ਕਰਿ,ਹੋਵਹਿ ਗਤਿ ਤੇਰੀ।ਜਗ ਮਹਿੰ ਮਿਟੈ ਜਨਮ

---

[1]ਛੇਤੀ। [2]ਡੰਡੌਤ ਕਰਕੇ। [3]ਮੈਨੇ। [4]ਕੱਟ ਦਿੱਤੇ। [5]ਮੁਕਤਿ ਦਾ ਇੱਛਾਵਾਨ। [6]ਛੇਤੀ।

*ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀ ਹੈ, ਤਾਂਤੇ ਸ੍ਰੀ ਮੁਖਵਾਕ ਨਹੀਂ।

†ਇਹ ਸ਼ਬਦ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ, ਤਾਂਤੇ ਸ਼੍ਰੀ ਮੁਖਵਾਕ ਨਹੀਂ।

‡ਪਾਃ–ਸਦਾ ਸੁਖ ਆਸੂ। ਵਾ, ਦਾਸ ਸੁਖ ਨਾਸੂ। §ਪਾਃ–ਬਿਰਦ।

ਕੀ ਫੇਰੀ[1]॥੮੯॥ ਸੁਨਿ ਸਾਲਸ ਬੰਦੇ ਦ੍ਵੈ ਹਾਥਾ। ਤੂਰਨ ਧਰ੍ਯੋ ਦਾਸ ਪਦ ਮਾਥਾ॥ਬੋਲ੍ਯੋ ਗੁਰ ਸੋਂ ਹ੍ਵੈ ਕਰਿ ਦੀਨਾ।'ਇਹੁ ਜੁ ਦਾਸ ਮਮ ਬੁੱਧਿ ਪ੍ਰਬੀਨਾ ॥੯੦॥ਸੰਤਨ ਕੇ ਸਭਿ ਯਾ ਮਹਿਂ ਲੱਛਨ।ਕਰਮ ਧਰਮ ਕੇ ਵਿਖੈ ਬਿਚੱਛਨ[1]। ਪੁਨਿ ਰਾਵਰ ਕੀ ਕਰੁਨਾ ਹੋਈ। ਬੰਦਨ ਯੋਗ ਭਲੇ ਹੈ ਸੋਈ ॥ ੯੧ ॥ ਅਬ ਜੇ ਡਾਰਹੁ ਚਰਨ ਸੁਆਨਾ[2]। ਤਦਪਿ ਨ ਆਇਸੁ ਕਰਹੋਂ ਹਾਨਾ'। ਸੁਨ ਬਚ ਬਿਕਸੇ ਪੰਕਜ ਬਦਨਾ। ਕਹਿਂ 'ਤਵ ਬੰਧਨ ਭਏ ਨਿਕਦਨਾ ॥੯੨॥ਨਿਰੰਕਾਰ ਕੋ ਬੰਦਨ ਕਰੀਏ। ਉਰ ਤੇ ਸਰਬ ਭਰਮ ਪਰਹਰੀਏ'। ਸੁਨਿ ਸਾਲਸ ਕੀਨੀ ਅਸ਼ਟਾਂਗਾ। ਉਸਤਤਿ ਭਨਿਹੀ ਮਨੁ ਅਨੁਰਾਗਾ ॥ ੯੩ ॥ 'ਸ਼੍ਰੀ ਨਾਨਕ ਕਰੁਨਾਨਿਧ ਸ੍ਵਾਮੀ। ਤੀਨਲੋਕ ਪਤਿ ਅੰਤਰ-ਜਾਮੀ। ਸੁਖਦਾਯਕ ਸੇਵਕ, ਰਿਪੁ[3] ਘ੍ਯਾਇਕ[4]। ਮੋਹ ਲੱਛ[5] ਦਰਸ਼ਨ ਤੁਮ ਸਾਯਕ[6] ॥੯੪ ॥ ਮਹਾਰਾਜ ਸੁਰਨਾਯਕ[7] ਨਾਯਕ[8]। ਅਹੈਂ ਅਜੀਤ, ਬਸੀ[9] ਇਕ ਪਾਯਕ[10]'। ਹੁਤੋ ਸੀਸ ਗਜ ਡੇਢਕ ਚੀਰੰ। ਤਿਹ ਛਿਨ ਦੀਨੋ ਗੁਨੀਗਹੀਰੰ[11] ॥੯੫ ॥ ਦੋਹਰਾ ॥ ਸਾਲਸ ਬਾਂਧ੍ਯੋ ਸੀਸ ਪਰ ਸ਼ੀਘ੍ਰ ਖੁਲੇ ਕਪਾਟ। ਗ੍ਯਾਨਾਨੰਦ[12] ਪੂਰਨ ਭਯੋ ਠਟ੍ਯੋ ਔਰ ਹੀ ਠਾਟ ॥ ੯੬॥ ॥ਸੋਰਠਾ॥ ਭਾ ਨਿਹਾਲ ਤਤਕਾਲ ਸ਼੍ਰੀ ਗੁਰ ਨਾਨਕ ਮਯਾ ਤੇ। ਉਮਗ੍ਯੋ ਪ੍ਰੇਮ ਬਿਸਾਲ ਉਸਤਤਿ ਉਚਰਤਿ ਸ਼ਬਦ ਕਰਿ ॥ ੯੭ ॥

'ਪੂਰੇ ਸਤਿਗੁਰ ਨਾਮ ਕਾ* ਦੀਨੋ ਖੋਲ ਕਪਾਟ[13]। ਇਕ ਜੋ ਵਣਜ[14] ਵਣੰ-ਜਿਆ ਬਹੁਰਿ ਨ ਆਵੈ ਘਾਟ ॥ ੧ ॥ ਸਤਗੁਰ ਨਾਨਕ ਪੂਰਾ ਬਚਨ ਕਾ ਸੂਰਾ ॥੧॥ ਰਹਾਉ॥ ਆਗਮ ਨਿਗਮ ਦਿਖਾਵਤਾ ਖੋਲੇ ਨੇਤ੍ਰ ਅਨੰਤ ॥ ਜਗਤ ਵਣਜਾਰਾ ਸਗਲ ਹੈ ਸਾਹੁ ਏਕ ਭਗਵੰਤ ॥ ੨ ॥ ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮੁ ॥ ਆਠ ਪਹਰ ਧੁਨਿ ਲਾਗ ਹੈ ਸੋਈ ਹਮਾਰੈ ਕਾਮ ॥ ੩ ॥ ਸਾਲਸ ਬਿਨਵੈ[15] ਬੇਨਤੀ ਤੂ ਸੁਣਿਯੇ ਕਰਤਾਰ ॥ ਕਚਾ ਰੰਗੁ ਉਤਾਰਿ ਕੈ ਚਾੜਿਓ ਰੰਗੁ ਅਪਾਰ' ॥ ੪ ॥

ਚੌਪਈ ॥ ਸ਼੍ਰੀ ਗੁਰੁ ਖੁਸ਼ੀ ਅਧਿਕ ਤਬ ਕੀਨੀ। ਹ੍ਵੈ ਪ੍ਰਸੰਨ ਮੰਜੀ[16] ਤਿਹ ਦੀਨੀ। ਸਕਲੇ ਪੁਰਿ ਕੋ ਪੂਜ ਬਨਾਯੋ। ਬਹੁਰਿ ਬਦਨ ਤੇ ਬਚਨ ਅਲਾਯੋ

---

[1]ਚਤੁਰ। [2]ਹੋਰ ਕਿਸੇ ਦੇ(ਅ)ਸੁਆਨਾ=ਕੁਤੇ ਦੇ ਪੈਰੀਂ ਬੀ ਜੇ ਮੈਨੂੰ ਪਾਓ। ਜਨਮ ਸਾਖੀ ਵਿਚ ਪਦ-ਸਗ-ਹੈ। [3]ਵੈਰੀ। [4]ਨਾਸ਼ ਕਰਨੇ ਵਾਲੇ। [5]ਮੋਹ ਰੂਪੀ ਨਿਸ਼ਾਨਾਂ ਹੈ। [6]ਤੀਰ ਹੈ। [7]ਇੰਦ੍ਰ ਦੇ। [8]ਮਾਲਕ ਹੋ। [9]ਵੱਸ ਹੋ। [10]ਇਕ ਦਾਸਾਂ ਦੇ। [11]ਗੁਰੂ ਜੀ ਨੇ। [12]ਗ੍ਯਾਨ ਦੇ ਆਨੰਦ। [13]ਪੜਦਾ। [14]ਸੌਦਾ। [15]ਬੇਨਤੀ ਕਰਦਾ ਹੈ। [16]ਗੁਰਮੁਖ ਪਦਵੀ। *ਪਾ:-ਸਤਿਗੁਰ ਦਾਤਾ ਨਾਮ ਕਾ।

॥੮੮॥ 'ਜਬ ਲੌ ਜੀਵਹੁ ਰਹੇ ਤੁਮਾਰੇ। ਪਾਛੇ ਸੈਤਤਿ[1] ਕੋ ਨ ਬਸਾਰੇ[2]। ਪੁਨ ਮੰਜੀ ਪਰ ਬੈਸਹਿ ਦਾਸਾ। ਦੀਜੈ ਨਹੀਂ ਆਨ ਕੇ ਪਾਸ॥੮੯॥ਪੂਰਬ ਹਮ ਮੰਜੀ ਇਸ ਦੈਨੀ। ਤੁਝ ਤੇ ਪੂਰਬ[3] ਸ਼ਰਨਿ ਗਹੇਨੀ[4]। ਹੁਤੋ ਸੈਸਾਰ ਸੁਤ[5] ਇਹ ਦਾਸਾ। ਯਾਂਤੇ ਤਵ ਸਤਿਕਾਰ ਰਖਾਸਾ[6] ॥ ੯੦ ॥ ਦੋਹਰਾ ॥ ਪੁਨ ਲਘੁ[7] ਤੁਮਰੀ ਬੈਸ ਹੈ ਸਪਤ[8] ਮਾਸ[9] ਜੁਗ ਸਾਲ[10]। ਰਿਦਾ ਸੈਤ ਹੈ ਦਾਸ ਕੋ ਮਤਸਰ ਹੀਨ ਬਿਸਾਲ' ॥੯੧॥ ਚੌਪਈ॥ ਸ੍ਰੀ ਅੰਗਦ ਸੁਨੀਏ ਗਤਿ ਦੈਨਾ। ਮੁਝਿ ਸੋਂ ਕਹਤਿ ਭਏ ਪੁਨਿ ਬੈਨਾਂ। 'ਮਰਦਾਨੇ ਕੋ ਛੁਧਾ ਸੈਤਾਵੈ। ਦੇਹੁ ਅਹਾਰ ਖਾਇ ਤ੍ਰਿਪਤਾਵੈ' ॥੯੨॥ ਮਾਨਿ ਬਚਨ ਮੈਂ ਦੀਨ ਅਹਾਰਾ। ਮਧੁਰ ਅਸਨ ਜਿਹ ਸਾਦ ਅਪਾਰਾ। ਕਰਿ ਲਾਲਚ ਖਾਵਾ ਮਨ ਭਾਯੋ। ਪੂਰਿ ਉਦਰ ਬਹੁ ਤਬ ਤ੍ਰਿਪਤਾਯੋ ॥੯੩॥ ਸ਼ਾਹ ਬਿਨੈ ਕਰਿ ਪੰਕਜ ਬਦਨੰ। ਲੇ ਤਬ ਗਮਨਯੋ ਅਪਨੇ ਸਦਨੰ। ਕਿਤਕ ਦਿਵਸ ਤਿਹ ਨਗਰ ਮਝਾਰਾ।ਕੀਨ ਰਹਿਨ ਅਪਵਰਗ ਉਦਾਰਾ[11]॥੯੪॥ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਾਲਿਸ ਰਾਇ' ਪ੍ਰਸੰਗ ਬਰਨਨੰ ਨਾਮ ਇਕਪੰਚਾਸਮੋਂ* ਅਧ੍ਯਾਯ ॥ ੫੧।

੫੨. [ਗੁਰਚਰਣ ਮੰਗਲ। ਮਛ, ਕਲਿ, ਨਾਰਦ]

ਦੋਹਰਾ ॥ ਸ੍ਰੀ ਗੁਰੁ ਚਰਨ ਸੁ ਛਤਰ ਸਿਰ ਸਦਾ ਅਟਲ ਜਿਹ ਛਾਯ।
ਆਤਪ ਯਮ ਕੀ ਯਾਤਨਾ ਕਿਉਂ ਸਮੀਪ ਸੋ ਆਯ ॥ ੧ ॥

{ ਸਦਾ=ਸਦਾ, ਹਮੇਸ਼, ਜੋ ਕਦੇ ਨ ਜਾਏ।
ਅਟਲ=ਅਟੱਲ, ਜੋ ਕਦੇ ਨਾ ਟਲੇ, ਮੁਰਾਦ ਹੈ ਜੋ ਇਕਰਸ ਰਹਿੰਦੀ ਹੈ। ਸੂਰਜ ਵਾਂਙੂ ਸਵੇਰੇ ਹੋਰ, ਦੁਪਹਿਰੇ ਹੋਰ, ਲੌਢੇ ਪਹਿਰ ਹੋਰ, ਸਿਆਲੇ ਹੋਰ, ਹੁਨਾਲੇ ਹੋਰ ਨਹੀਂ ਹੁੰਦੀ।
ਆਤਪ=ਧੁੱਪ। ਯਾਤਨਾ=ਪੀੜ, ਤੜਫਨੀ, ਓਹ ਪੀੜ ਜੋ ਨਰਕ ਵਿੱਚ ਹੁੰਦੀ ਹੈ। ਸਮੀਪ=ਨੇੜੇ। }

**ਅਰਥ**—ਸ੍ਰੀ ਗੁਰੂ ਜੀ ਦੇ ਚਰਨਾਂ (ਰੂਪੀ) ਸ੍ਰੇਸ਼ਟ ਛਤਰ (ਜਿਸਦੇ) ਸਿਰ ਤੇ ਹੈ, ਜਿਸ (ਛਤਰ ਦੀ) ਛਾਯਾ ਸਦਾ ਤੇ ਅਟੱਲ ਹੈ, ਉਸ ਦੇ ਨੇੜੇ ਯਮ ਦੀ ਪੀੜਾ (ਰੂਪੀ) ਧੁੱਪ ਕਿਉਂ ਆਵੇਗੀ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੋਪਈ ॥ ਬਾਸੁਰ ਕਿਤਕ ਬਿਸ੍ਵੰਭਰ ਮਾਂਹੀ। ਰਹਿ, ਦੁਰਮਤਿ ਬਹੁ ਨਰ ਕੀ ਦਾਹੀ[12]। ਮੁਕਤਿ ਪੰਥ ਸਿੱਖੀ ਪ੍ਰਗਟਾਈ। ਸਿਮ-

[1]ਉਲਾਦ। [2]ਨਾ ਬਿਠਾਉਣਾ। [3]ਪਹਿਲੇ। [4]ਇਸਨੇ ਸ਼ਰਨ ਫੜੀ ਸੀ। [5]ਸੰਸਾਰਕ ਮਰ੍ਯਾਦਾ। [6]ਰਖਿਆ ਹੈ। [7]ਥੋੜੀ। [8]ਸੱਤ। [9]ਮਹੀਨੇ। [10]ਦੋ ਵਰਹੇ। [11]ਮੁਕਤੀ ਦਾਤੇ ਨੇ। [12]ਸਾੜੀ।

*ਪਾ:—ਇਕਵੰਜਮੋ।

ਰਹਿ ਸੱਤਿਨਾਮ ਸੁਖਦਾਈ ॥੨॥ ਇਕ ਦਿਵਸ ਬੈਸੇ ਗਤਿਦਾਨੀ। ਬੋਲ੍ਯੋ ਮਰਦਾਨਾ ਅਸ ਬਾਨੀ।"ਇਸੇ ਸਥਾਨ ਰਹਿਨ ਤੁਮ ਆਇ। ਦੇਖ੍ਯੋ ਨਗਰ ਰੁਚਿਰ ਮਨ ਭਾਇ ? ॥੩॥ ਕੈ ਤੁਮ ਨਿਕਸੇ ਹੋਇ ਉਦਾਸੀ। ਪਰਚ ਰਹੇ ਕਰਿ ਰਿਦਾ ਬਿਲਾਸੀ। ਅਪਰ ਦੇਸ਼ ਕੀ ਕੀਜੈ ਸੈਲਾ। ਜਿਤ ਇੱਛਾ ਗਮ-ਨਹੁ ਤਿਤ ਗੈਲਾ[1]?"॥੪॥ਮੈਂ ਸੁਨਿਕਰਿ ਮਨ ਮਾਹਿ ਵਿਚਾਰੀ।--ਤੁਮ ਬਾਨ ਇਨ ਨਾਂਹਿ ਵਿਸਾਰੀ। ਏਤੀ ਮਹਿਮਾ ਨੈਨ ਨਿਹਾਰੀ। ਤਦਪਿ ਨ ਰਹਤਿ ਹੋਇ ਅਨੁਸਾਰੀ--॥੫॥ ਸ਼੍ਰੀ ਗੁਰ ਭਨੈਂ 'ਚਲਹੁ ਮਰਦਾਨਾ !। ਦੇਖਹੁ, ਸੈਲ ਕਰੋ ਬਿਧਿ ਨਾਨਾ[2]'। ਤਿਹ ਪੁਰਿ ਤੇ ਹੁਇ ਬਿਦਾ ਪਯਾਨੇ। ਭਗਤਿ ਜਗਤ ਮਹਿਂ ਜਿਨ ਪ੍ਰਗਟਾਨੇ॥੬॥ਗਮਨੇ ਮਾਰਗ ਮਹਿਂ ਗਤਿਦਾਈ। ਕਿਤਕ ਕੋਸ ਪਰ ਪਹੁੰਚੇ ਜਾਈ। ਆਗੇ ਸਾਗਰ ਕੋ ਤਟ[3] ਦੇਖਾ।ਲਗ੍ਯੋ ਜਾਂਹਿ ਸੋਂ ਮੱਛ-ਬਿਸ਼ੇਖ਼ਾ[4] ॥ ੭ ॥ ਪੈਂਤੀ ਕੋਸ ਹੁਤੋ ਬਿਸਤਾਰਾ[5]। ਪੀਠ ਤਾਂਹਿ ਕੀ ਚੜ੍ਹੇ ਉਦਾਰਾ[6]। ਚਢਿ ਕਰਿ ਬੋਲੇ ਦੀਨ ਦਯਾਲਾ। 'ਸੁਨਹੁ ਬੈਨ ਮਰਦਾਨਾ ! ਬਾਲਾ ! ॥੮॥ ਅਬ ਕਾ ਪਰ ਹਮ ਗਮਨੇ ਜਾਂਹੀ'?। ਭੇਦ ਲਖ੍ਯੋ ਕੈਧੋਂ ਤੁਮ ਨਾਂਹੀ'। ਮੈਂ ਤਬ ਕਹ੍ਯੋ 'ਨ ਹਮ ਕਛੁ ਜਾਪੇ[8]। ਤੁਮਰੀ ਗਤਿ ਤੁਮ ਜਾਨਹੁ ਆਪੇ ॥ ੯ ॥ ਹਮਰੀ ਅਲਪ ਬੁੱਧਿ ਕਹਾ ਜਾਨੇ। ਤੁਮ ਪਰਮੇਸ਼ੁਰ ਪੁਰਖ ਮਹਾਨੇ। ਸੋ ਹਮ ਲਖਹਿਂ ਜੁ ਆਪ ਲਖਾਵਹੁ। ਦੇਖਹਿਂ ਸੋ ਜੋ ਆਪ ਦਿਖਾ-ਵਹੁ' ॥ ੧੦ ॥ ਗੁਰੂ ਭਨੈਂ 'ਇਹ ਮੱਛ ਮਹਾਨਾਂ। ਕਿਤੇ ਕਾਲ ਕੇ ਕਰਤਿ ਪਯਾਨਾ। ਆਗੈ ਕਿਤੀ ਦੂਰ ਲੌ ਲਖਿਯੇ। ਚਲਹੁ ਭਲੀ ਬਿਧਿ ਸੋਂ ਇਹ ਪਿਖਿਯੇ[9]' ॥ ੧੧ ॥ ਜਾਇ ਸੀਸ ਪਰ ਕੀਨੋ ਡੇਰਾ। ਤਬ ਮਰਦਾਨੇ ਮੁਖ ਤਿਹ ਹੇਰਾ। ਪਸਰ੍ਯੋ ਦੀਸਤਿ ਵਡੋ ਅਕਾਰਾ। ਦੀਰਘ ਲੋਚਨ ਕੇ ਬਿਸਤਾਰਾ ॥ ੧੨ ॥ ਦੋਹਰਾ ॥ ਭੈ ਕਰਿ ਉਰ ਬਿਸ-ਮਾਦਿਓ ਅਸ ਬਿਧਿ ਬਚਨ ਅਲਾਇ। 'ਸ਼੍ਰੀ ਗੁਰੁ ਤੁਮਰੀ ਕੁਦਰਤਾਂ ਤੁਮ ਹੀ ਕੋ ਬਨਿਆਇਂ' ॥ ੧੩ ॥ ਚੌਪਈ ॥ ਜਾਮਨਿ[10] ਬਸੇ ਭਈ ਪੁਨਿ ਭੋਰਾ। ਮੱਛ ਦੇਹ ਛੁਟਿ ਪਲਟੀ[11]ਔਰਾ[12]।ਉਸਤਤਿ ਕਹਤਿ ਕਰੀ ਪਦ ਬੰਦਨ। 'ਚਿਦਾਨੰਦ[13] ਤਨ ਦੁੰਦ ਨਿਕੰਦਨ[14] ॥ ੧੪ ॥ ਸ਼੍ਰੀ ਪਰਮਾਤਮ ਦੇਵਨ

ਉਸਦੇ ਰਸਤੇ। [2]ਕਈ ਤਰ੍ਹਾਂ ਦੀ । [3]ਕੰਢਾ। [4]ਬੜਾ ਮੱਛ। [5]ਫੈਲਾਉ। [6]ਸ੍ਰੇਸ਼ਟ (ਗੁਰੂ ਜੀ)। ਤੁਰੇ ਜਾਂਦੇ ਹਾਂ । [8]ਪਤਾ ਨਹੀਂ ਲੱਗਦਾ । [9]ਦੇਖੀਏ । [10]ਰਾਤ । [11]ਬਦਲ ਗਈ। [12]ਹੋਰ। [13]ਚੇਤਨ ਤੇ ਅਨੰਦ ਰੂਪ। [14]ਨਾਸ਼ ਕਰਨ ਵਾਲੇ।

ਦੇਵੈ !। ਲਖਿ ਨ ਸਕਹਿ ਕੋ ਰਾਵਰਿ ਭੇਵੈਂ[1]।ਤਿਹ ਬਿਲੋਕਿ ਬੇਦੀਕੁਲਕੇਤਾ। ਬੋਲੇ ਬਚਨ ਬੂਝਨੇ ਹੇਤਾ ॥੧੫॥ 'ਕੌਨ ਅਹੈਂ ਤੂੰ ਕਹਹੁ ਬੁਝਾਈ ?। ਕੈਸੇ ਮੱਛ ਦੇਹਿ ਵਡ ਪਾਈ। ਤਿਹ ਤਜਿ ਧਾਰਯੋ ਦੇਹਿ* ਨਵੀਨਾ। ਪਟ ਭੂਖਨ ਸੁਠ ਪਹਿਰ ਪ੍ਰਬੀਨਾ' ॥੧੬॥ ਬੋਲਯੋ ਤਬੈ 'ਸੁਨਹੁ ਭਗਵੰਤਾ !। ਤੁਮ ਜਾਨਤਿ ਸਭਿ ਬਿਧਿ ਬਿਰਤੰਤਾ। ਅਪਰ[1] ਸੁਨਾਵਨ ਕੇ ਹਿਤ ਗਾਥਾ। ਮੋਰ ਸਾਥ ਬੂਝਹੁ, ਜਗਨਾਥਾ ! ॥੧੭॥ ਤ੍ਰੇਤੇ ਜੁਗ ਭਾ ਜਨਕ ਬਿਦੇਹੀ। ਤਿਹ ਸੇਵਕ ਹੌਂ ਸੇਵ ਕਰੇਹੀ। ਇਕ ਦਿਨ ਕਾਜ ਕਰਨ ਕੁਛ ਭਾਖਾ। ਕੀਨ ਤਬਹਿ ਮੈਂ ਰਿਸ ਉਰ ਰਾਖਾ॥ ੧੮ ॥ ਜਨਕ ਜਾਨਿ ਮਨ, ਬਚਨ ਬਖਾਨਾ।–ਤਰਫ ਮੀਨ ਜਿਉਂ[2] ਕਾਜ ਕਰਾਨਾ–। ਤਿਨ ਕੇ ਬਚਨ ਮੀਨ ਤਨ ਪਾਯੋ। ਤੁਮਰੇ ਚਰਨ ਪਰਸ ਛੁਟਕਾਯੋ†' ॥੧੯॥ ਅਸ ਕਹਿ ਦੇਵ

---

[1]ਹੋਰਨਾਂ ਨੂੰ। [2]ਮੱਛੀ ਵਾਂਙੂ ਤੜਫ ਕੇ। *ਪਾ:–ਸਰੀਰ।

†ਇਹ ਪ੍ਰਸੰਗ ਪੜ੍ਹਕੇ ਜੋ ਲੋਕ ੩੫ ਕੋਹ ਲੰਮੀ ਮੱਛੀ ਸਮੁੰਦਰਾਂ ਵਿਚ ਲੱਭਦੇ ਹਨ ਤੇ ਪਤਾ ਲੱਗਣ ਤੇ ਕਿ ਲੰਮੀ ਤੋਂ ਲੰਮੀ ਮੱਛੀ ੫੦ ਸੱਠ ਫੁਟ ਹੁੰਦੀ ਹੈ, ਨਿਰਾਸ ਹੁੰਦੇ ਹਨ, ਪਰ ਇਸ ਪ੍ਰਸੰਗ ਦੀ ਵਿਥਿਆ ਇਸ ਦੇ ਵਿਚੇ ਹੈ, ਕਿ ਕੋਈ ਜੋਗੀਰਾਜ ਜਨਕ ਦਾ ਸ੍ਰਾਪਿਆ ਉਸ ਦਾ ਕੋਈ ਦਾਸ ਸੀ ਉਸ ਨੂੰ ਜੋ ਸੂਰਤ ਮਿਲੀ ਸੀ ਸੋ ਸ੍ਰਾਪ ਦੀ ਸੂਰਤ ਸੀ। ਗੁਰੂ ਵਿਚ ਪੂਰਨ ਭਾਵਨਾ ਹੋਣ ਕਰਕੇ ਤੇ ਗੁਰੂ ਆਤਮ ਸੱਤਯਾ ਵਾਲਾ ਹੋਣ ਕਰਕੇ ਜਿਸ ਰੂਪ ਵਿਚ ਓਹ ਗਿਆ ਓਹ ਅਬਿਗਤ ਹਾਲਤ ਦਾ ਰੂਪ ਹੈ, ਜੋ ਇਸ ਲੋਕ ਦੇ ਤੇ ਪਰਲੋਕ ਵਿਚਕਾਰ ਇਕ ਅਵਸਥਾ ਹੈ ਜਿੱਥੇ ਸ਼ੁਭ ਗਤੀ ਨੂੰ ਨਾ ਪ੍ਰਾਪਤ ਹੋਏ ਅਮੁਕਤ ਪੁਰਖ ਦੁੱਖ ਪਾਂਦੇ ਹਨ। ਉਸ ਅਮੁਕਤ ਰੂਪ ਦੀ ਗਤੀ ਗੁਰੂ ਜੀ ਨੇ ਕੀਤੀ ਹੈ। ਇਹੀ ਪ੍ਰਯੋਜਨ ਸੀ, ਸੈਰ ਯਾ ਮੱਛੀ ਦਿਖਾਉਣੀ ਪ੍ਰਯੋਜਨ ਨਹੀਂ ਸੀ। ਪੁਰਾਤਨ ਸਮੇਂ ਦੇ ਤਪੱਸ੍ਵੀ ਤੇ ਆਤਮ ਉੱਨਤੀ ਵਾਲੇ ਲੋਕ ਸ੍ਰਾਪ ਬੜੀ ਛੇਤੀ ਦੇਂਦੇ ਹੁੰਦੇ ਸਨ, ਅਰ ਫੇਰ ਬਖਸ਼ ਨਹੀਂ ਸਨ ਸਕਦੇ। ਗੁਰੂ ਨਾਨਕ ਦੇਵ ਜੀ ਐਸੇ ਪ੍ਰਸੰਗਾਂ ਵਿਚ ਇਨ੍ਹਾਂ ਸ੍ਰਾਪਾਂ ਨਾਲ ਸ੍ਰਾਪੇ ਲੋਕਾਂ ਦਾ ਉਧਾਰ ਕਰ ਰਹੇ ਹਨ। ਜਿਉਂ ਜਿਉਂ ਸਾਖੀਆਂ ਪੜ੍ਹੋ ਪਤਾ ਲਗਦਾ ਹੈ ਕਿ ਗੁਰੂ ਜੀ ਬੰਦਗੀ ਕਰ ਰਹੇ ਲੋਕਾਂ ਨੂੰ ਜਾ ਜਾ ਮਿਲਦੇ ਤੇ ਉਨ੍ਹਾਂ ਦੀ ਤਪੱਸਯਾ ਵਿਚ ਜਾਨ ਭਰ ਦੇਂਦੇ ਹਨ, ਯਾ ਸ੍ਰਾਪੀਆਂ ਨੂੰ ਸ੍ਰਾਪ ਤੋਂ ਛੁੜਾ ਰਹੇ ਹਨ, ਯਾ ਨਵੀਆਂ ਪਨੀਰੀਆਂ ਆਤਮ ਬਗ਼ੀਚੇ ਵਿਚ ਲਗਾ ਰਹੇ ਹਨ।

ਹੁਣ ਪੱਛਮੀ ਲੋਕਾਂ ਨੇ ਬੀ, ਜਿਨ੍ਹਾਂ ਦੀ ਵਿਦਯਾ ਪਾ ਕੇ ਸਾਡੇ ਲੋਕ ਸੰਸੇ ਬ੍ਰਿਤੀ ਵਿਚ ਬ੍ਯਾਕੁਲ ਹਨ, ਮੰਨਿਆਂ ਹੈ ਕਿ ਐਸੀਆਂ ਹਾਲਤਾਂ ਸੰਭਵ ਹਨ, ਆਟੋ ਸਜੇਸ਼ਨ (Auto suggestion) ਸ੍ਵੈਸੰਕਲਪ ਜਿਸ ਪ੍ਰਕਾਰ ਦਾ ਕਿਸੇ ਅੰਦਰ ਕੋਈ ਪ੍ਰਬਲ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਸਦਨ ਕੋ ਗਯੋ।ਜਨਕ ਸ੍ਰਾਪ ਤੇ ਛੂਟਤਿ ਭਯੋ।ਬਹੁਰੋ ਆਗੇ ਕੀਨ ਪਯਾਨਾ।
ਚਲਤੇ ਮਗ ਬੋਲ੍ਯੋ ਮਰਦਾਨਾ ॥੨੦॥ 'ਸ਼੍ਰੀ ਪ੍ਰਭੁ ! ਬਖਸ਼ਹੁ ਖ਼ਤਾ ਹਮਾਰੀ।
ਮੈਂ ਨਹਿਂ ਮਹਿਮਾ ਲਖੀ ਤੁਮਾਰੀ। ਸਨਮੁਖ ਬਚਨ ਕਹਿਤ ਨਿਤ ਰਹਿਤਾ।
ਆਦਰ ਰਾਖਨ ਬਿਧਿ ਨਹਿਂ ਲਹਿਤਾ'॥ ੨੧ ॥ ਬਿਗਸ ਬਦਨ ਤੇ ਬਚਨ
ਉਚਾਰੇ। 'ਪੂਰਬ ਬਖ਼ਸ਼ੇ ਗੁਨਹਿਂ ਤੁਮਾਰੇ। ਪਾਛੇ ਤੇ ਅਪਨੇ ਸੰਗ ਲੀਨੋ।
ਕਿਉਂ ਸੰਸਾ ਤੁਮ ਉਰ ਮਹਿਂ ਕੀਨੋ ?' ॥੨੨॥ ਦੋਹਰਾ॥ਬਿਗਸ੍ਯੋ ਮਰਦਾਨਾ
ਤਬਹਿ ਚਲੇ ਸਿੰਧੁ ਪਰ ਜਾਇਂ। 'ਤਵ ਖ਼ੁਦਾਇ ਮਹਿਂ ਭੇਦ ਨਹਿਂ' ਇਸ
ਬਿਧਿ ਬਚਨ ਅਲਾਇ॥੨੩॥ਚੌਪਈ॥ ਸ਼੍ਰੀ ਗੁਰ ਕਹੈਂ 'ਨ ਬਚਨ ਅਲਾਵਹੁ।
ਤੂਸ਼ਨਿ ਮਮ ਪਸ਼ਚਾਤਹਿ ਆਵਹੁ'।'ਹੇ ਪ੍ਰਭੁ! ਡਰ ਕਾਂਕੋ ਅਬ ਮੋਹੀ।ਤੁਮਰੋ
ਸੰਗਿ ਸਦਾ ਜੋ ਹੋਹੀ' ॥੨੪॥ ਬਹੁਰੋ ਭਨਤਿ ਭਏ ਗਤਿਦਾਇ। 'ਅੱਗ੍ਰਜ[1]
ਆਵਤਿ ਵਡੀ ਬਲਾਇ। ਰੂਪ ਭਯਾਨਕ ਦੇਹਿ ਬਿਸ਼ੇਖੀ। ਡਰ ਪਾਵਹਿਂ
ਜਿਨ ਅੰਗਨ ਦੇਖੀ[2]' ॥੨੫॥ ਬੋਲ੍ਯੋ ਭੈ ਧਰਿਕੈ ਮਰਦਾਨਾ। 'ਕਿਉਂ ਅਬ
ਅੱਗ੍ਰਜ ਕਰਹੁ ਪਯਾਨਾ। ਤੂਰਨ ਹਟਿ ਕਰਿ ਚਲਹੁ* ਪਿਛਾਰੀ। ਰਾਖਹੁ
ਇਸਤੇ ਦੇਹਿ ਹਮਾਰੀ'॥੨੬॥ ਪਿਖਿ ਭੈ ਆਤੁਰ ਕ੍ਰਿਪਾ ਨਿਧਾਨਾ। ਮੁਸਕਾ-
ਵਤਿ ਮੁਖ ਬਚਨ ਬਖਾਨਾ। 'ਭਾਗੇ ਤੇ ਅਬ ਜਾਇ ਨ ਦੇਈ। ਧਾਇ
ਸਮੀਪ ਪਹੁੰਚ ਗਹਿ ਲੇਈ[3] ॥ ੨੭ ॥ ਦੋਹਰਾ ॥ ਯਾਂਤੇ ਆਗੇ ਹੀ ਚਲਹੁ†
ਭਲੀ ਕਰੈ ਕਰਤਾਰ'।—ਕਲ੍ਹ[4]—ਸਨਮੁਖ ਆਵਤਿ ਭਈ ਜਾਂਹਿ ਬੇਖ
ਬਿਕਰਾਰ[5] ॥ ੨੮ ॥ ਚੌਪਈ ॥ ਮੇਚਕ[6] ਬਰਨ[7] ਅਰੁਨ ਚਖ[8] ਜਾਂਕੇ।
ਦੀਰਘ ਦਾਂਤ ਭਯਾਨਕ ਤਾਂਕੇ। ਆਂਤ[9] ਨਰਨ[10]‡ ਜਿਹ ਗ੍ਰੀਵਾ[11] ਡਾਰੀ।
ਕਰ ਮਹਿਂ ਰਕਤ ਕਪਾਲੀ[12] ਧਾਰੀ ॥ ੨੯ ॥ ਲੋਹਿਤ[13] ਬਾਲ ਛੁਟੇ ਜਿਸ

---

[1]ਅੱਗੇ। [2]ਅੰਗਾਂ ਨੂੰ ਦੇਖਕੇ। [3]ਫੜ ਲਊ। [4]ਕਲਹ। [5]ਭਯਾਨਕ। [6]ਕਾਲਾ। [7]ਰੰਗ। [8]ਲਾਲ ਅੱਖਾਂ। [9]ਆਂਦਰਾਂ। [10]ਪੁਰਖਾਂ ਦੀਆਂ। [11]ਗਲ ਵਿਚ। [12]ਲਹੂ ਦਾ ਠੂਠਾ। [13]ਲਾਖੇ ਯਾ ਤਾਂਬੇ ਰੰਗੇ ਲਾਲ। *ਪਾ:—ਚਲਹਿਂ। †ਪਾ:—ਚਲੈਂ। ‡ਆਂਤਨ ਨਰ।

☛[ਪਿਛਲੇ ਪੰਨੇ ਦੀ ਬਾਕੀ ਟੂਕ ਇਹ ਹੈ]

ਆਤਮ ਸਤ੍ਯਾ ਵਾਲਾ ਆਦਮੀ ਜਾਰੀ ਕਰ ਦੇਵੇ ਵੈਸੀ ਉਸ ਦੀ ਦਸ਼ਾ ਹੋ ਜਾਂਦੀ ਹੈ।

ਦੂਸਰੀ ਵਿਚਾਰ ਇਹ ਹੈ ਕਿ ਕਰਾਚੀ ਵਲ ਮੱਛ ਵੱਡੇ ਬੇੜੇ ਤੇ ਜਹਾਜ ਨੂੰ ਕਹਿੰਦੇ ਹਨ, ਮਛੂਆ=ਨਿੱਕੀ ਕਿਸ਼ਤੀ ਨੂੰ ਪੂਰਬ ਵਿਚ ਬੀ ਕਹਿੰਦੇ ਹਨ। ਅਸਲ ਜਨਮ ਸਾਖੀ ਵਿਚ ਕੀ ਪਤਾ ਹੈ ਪ੍ਰਸੰਗ ਕਿਵੇਂ ਸੀ ਤੇ ਹਿੰਦਾਲੀਏ ਨੇ ਉਸ ਨੂੰ ਕਿਵੇਂ ਉਲਟਾਯਾ ਹੈ, ਇਹ ਪ੍ਰਸੰਗ ਪੁਰਾਤਨ ਜਨਮ ਸਾਖੀ ਵਿੱਚ ਨਹੀਂ ਹੈ।

ਪੀਠਾ। ਕੰਪਾਵਤਿ ਸੁਰ[1] ਅਸੁਰਹਿਂ[2] ਡੀਠਾ।ਬਦਨ ਪਸਾਰੇ ਸਨਮੁਖ ਆਈ।
ਜਬਹਿ ਬਿਲੋਕੀ ਸ੍ਰੀ ਜਗ ਸਾਈਂ ॥ ੩੦ ॥ ਇਕ ਡੰਡਾ ਪੁਨ ਜਲ ਮਹਿਂ
ਦੇਖਾ। ਗਹਿ ਲੀਨੋ ਨਿਜ ਹਾਥ ਵਿਸ਼ੇਖਾ।ਤੁਰਨ ਦੌਰੀ ਜਬ ਢਿਗ ਆਈ।
ਸੋ ਡੰਡਾ ਮੁਖ ਦੀਨ ਚਲਾਈ॥ ੩੧ ॥ ਬਲ ਕਰਿ ਗਹਿਨ ਲਗੀ ਨਿਜ
ਹਾਥਾ। ਕਛੁ ਨ ਚਲਯੋ ਬਸੁ ਤਿਹ ਕੇ ਸਾਥਾ। ਜਬ ਗਾ[3] ਅੰਤਰਿ ਦੁਖਿਤ
ਪੁਕਾਰੀ। ਪੀੜਤਿ ਹ੍ਵੈ ਲੋਚਨ ਅੰਸੁ ਡਾਰੀ ॥੩੨॥ ਦੋਹਰਾ ॥ ਪੁਨ ਨਾਰਦ
ਮੁਨਿ ਬੇਨ ਕਰ[4] ਪ੍ਰੇਮ ਭਗਤਿ ਮੈਂ ਲੀਨ। ਗਾਵਤਿ ਗੁਨ ਕਰਤਾਰ ਕੇ
ਆਨ ਦਰਸ ਗੁਰੁ ਕੀਨ ॥ ੩੩ ॥ ਚੌਪਈ ॥ ਦੁਹਿਦਿਸ਼* ਬੰਦਹਿਂ ਸੀਸ
ਨਿਵਾਈ। ਕਹਿ ਕਰਿ–ਕਲ੍ਯ–ਕੋ ਦੀਨ ਛੁਟਾਈ। ਬਹੁਰਿ ਬਿਲੋਕਨ
ਲਗਯੋ ਸਰੂਪਾ। ਬਨੀ ਸੁ ਛਬਿ ਜਨੁ ਸੁਧਾ ਅਨੂਪਾ ॥ ੩੪ ॥ ਪਿਯਤ[5]
ਨ ਤ੍ਰਿਪਤੈ ਲੋਚਨ[6] ਡੋਨੇ। ਬਰਨਨ ਲਗਾ ਸੁਜਸ ਬਚ ਲੋਨੇ[7]। 'ਆਦਿ[8]
ਦੁਆਦਸ਼ ਵਾਕ† ਬਖਾਨੇ। ਬ੍ਰਹਮਾ ਪ੍ਰਤੀ[9], ਸਰੂਪ ਪਛਾਨੇ ॥ ੩੫ ॥ ਤਿਨ
ਤੇ ਬਿਧਿ[10] ਪੁਨਿ ਬੇਦ ਉਚਾਰੇ‡। ਸਤਜੁਗ ਧਰਮ ਕੀਨ ਪ੍ਰਤਿਪਾਰੇ[11]।
ਨਾਮਹਿ§ ਸੰਗ ਧੋਗ‖ ਉਪਦੇਸ਼ਾ। ਸਿਮਰਹਿਂ ਨਰ ਜੋ ਕਟੇ ਕਲੇਸ਼ਾ
॥ ੩੬ ॥ ਬਹੁਰ ਨਰਨ ਕੀ ਅਲਪ ਮਨੀਖਾ[12]। ਤਿਨਹਿਂ ਦੇਖਿ ਦੀਨੀ
ਅਸ ਸੀਖਾ[13]। ਮਨੁ ਭੂਪਤਿ ਕੋ[14] ਹ੍ਵੈ ਕਰਿ ਦ੍ਵਾਰਾ।ਸ਼ੁਭ ਸਿੰਮ੍ਰਿਤ ਕੋ ਕੀਨ
ਉਚਾਰਾ॥੩੭॥ਸਿਮਰਨਿ ਨਾਮ ਯੱਗਜ ਕੋ ਕਰਨਾ।ਤ੍ਰੇਤੇ ਯੁਗ ਮਹਿਂ ਨੀਕੇ¶

[1]ਦੇਵਤੇ। [2]ਦੈਤਾਂ ਨੂੰ। [3]ਗਿਆ। [4]ਬੀਨ ਹੱਥ ਵਿਚ। [5]ਪੀਂਦਿਆਂ। [6]ਨੇਤ੍ਰਾਂ ਦੇ। [7]ਵਾਕ ਸੁੰਦਰ। [8]ਪਹਿਲੇ ਵਿਚ। [9]ਤਾਂਈ। [10]ਬ੍ਰਹਮਾ ਨੇ। [11]ਪਾਲਨਾ ਕੀਤਾ। [12]ਬੁੱਧੀ। [13]ਸਿੱਖਿਆ। [14]ਮਨੂ ਰਾਜੇ ਦੇ। *ਪਾਃ–ਦਹਿਦਿਸ।

†ਆਤਮ ਵਿਦਜਾ ਸੰਬੰਧੀ ਉਪਨਿਖਦਾ ਦੇ ਦੱਸੇ ਮਹਾਂ ਵਾਕ, ਯਥਾ:–ਤਤਤ੍ਵੰ ਅਸਿ, ਅਹੰ ਬ੍ਰਹਮਾਸਿਮ, ਅਯਮਾਤਮਾ ਬ੍ਰਹਮ, ਪ੍ਰਗਜਾਨਮ ਨੰਦ ਬ੍ਰਹਮ। ਇਹ ਮੁੱਖ ਚਾਰ ਹਨ। ਇਕ ਇਕ ਵਾਕ ਦੇ ਤ੍ਰੈ ਤ੍ਰੈ ਹਿੱਸੇ ਕਰਕੇ ਇਨ੍ਹਾਂ ਚੋਹਾਂ ਦੇ ਬਾਰਾਂ ਗਿਣ ਲੈਂਦੇ ਹਨ। ਪਰੰਤੂ ਇਨ੍ਹਾਂ ਤੋਂ ਛੁਟ ਐਸੇ ਵਾਕ ਬੀ ਮਹਾਂ ਵਾਕ ਕਹਾਉਂਦੇ ਹਨ: ਯਥਾ:–

ਬ੍ਰਹਮੈਵੇਦਨ ਸਰਵਮ੍। ਸੋऽਹਮਸਿਮ, ਸਤਜੰ ਗਜਾਨ ਮਨੰਤੰ ਬ੍ਰਹਮ। ਇਸ ਤਰ੍ਹਾਂ ੧੨ ਪੂਰੇ ਕਰਦੇ ਹਨ। ਕਈ ਇਸ ਵਾਕਜ 'ਓਂ ਨਮੋ ਭਗਵਤੇ ਵਾਸਦੇਵਾਯ' ਨੂੰ ਬੀ ਦ੍ਵਾਦਸ਼ ਵਾਕ ਕਹਿ ਦੇਂਦੇ ਹਨ, ਪਰ ਏਹ ਦ੍ਵਾਦਸ਼ ਅੱਖਰ ਹਨ, ਵਾਕ ਤਾਂ ਇਕੋ ਹੈ।

‡ਪਹਿਲੇ ਤੁਸਾਂ ਬ੍ਰਹਮਾ ਨੂੰ ਦ੍ਵਾਦਸ਼ ਵਾਕ ਕਹੇ ਤਾਂਕਿ ਬ੍ਰਹਮਾ ਆਪ ਦੇ ਸਰੂਪ ਨੂੰ ਪਛਾਣੇ, ਆਪ ਨੂੰ ਪਛਾਣਕੇ ਉਨ੍ਹਾਂ ਵਾਕਾਂ ਤੋਂ ਬ੍ਰਹਮਾ ਨੇ ਫੇਰ ਵੇਦ ਕਹੇ। ਇੱਥੇ ਕਵਿ ਜੀ ਗੁਰੂ ਜੀ ਨੂੰ ਬ੍ਰਹਮਾ ਦਾ ਬੀ ਗਜਾਨ ਦਾਤਾ ਦੱਸ ਰਹੇ ਹਨ। ਅਗੇ ਚੌਹਾਂ ਜੁਗਾਂ ਦੇ ਧਰਮ ਕਹਿਣ ਲੱਗੇ ਹਨ

§ਪਾਃ–ਨਾਮ ਕੇ। ‖ਪਾਃ–ਕੀਨ। ¶ਪਾਃ–ਕੀਨੇ।

ਧਰਮਾ। ਤਾਂਹੀ ਕਰਿ ਬਹੁ ਕੀ ਗਤਿ ਕੀਨੀ। ਧਰਮ ਰੀਤਿ ਪ੍ਰਤਿਪਾਰ ਪ੍ਰਬੀਨੀ[1] ॥੩੮॥ ਪੁਨਿ ਤਾਂਤੇ ਮਤਿ ਮੰਦ ਪ੍ਰਮਾਨਾ[2]। ਤਿਨਹਿਂ ਦੇਖ ਕਿਯੇ ਪੁਰਾਨਾ। ਬ੍ਯਾਸ ਰੂਪ ਹ੍ਵੈ ਸੁਗਮ ਬਖਾਨੇ। ਨਾਮ ਭਜਨ, ਪੂਜਾ ਸੁ ਦ੍ਰਿੜ੍ਹਾਨੇ ॥ ੩੯ ॥ ਇਵ ਦ੍ਵਾਪੁਰਿ ਮਹਿਂ ਕੀਨ ਉਧਾਰਾ। ਜਗਤ ਧਰਮ ਨੀਕੇ ਪ੍ਰਤਿਪਾਰਾ। ਅਬ ਕਲਿਕਾਲ[3] ਮਨੀਖਾ ਹੀਨੇ[4]। ਲੰਪਟ ਬਿਸ਼ੈ[5] ਪ੍ਰਮਾਨ[6] ਮਲੀਨੇ ॥ ੪੦ ॥ ਤਿਨ ਕੇ ਹਿਤ ਕਰਿਕੈ ਸੁਠ ਬਾਨੀ[7]। ਏਕ ਨਾਮ ਉਪਦੇਸ਼ਹੁ ਪ੍ਰਾਨੀ। ਸਿਮਰਹਿਂ ਸਦਾ ਮਿਲੇ ਸਤਿਸੰਗਾ। ਕਰਹੁ ਬਹੁਤ ਮਨੁਜਨ[8] ਭ੍ਰਮ ਭੰਗਾ ॥ ੪੧ ॥ ਜਗ ਸਾਗਰ ਤੇ ਲੇਹੁ ਉਬਾਰੀ। ਮਾਨਹਿਂ ਨਰ ਜਿ ਰਜਾਇ ਤੁਮਾਰੀ। ਜਬ ਜਬ ਦੇਖਹੁ ਧਰਮ ਗਿਲਾਨਾ[9]। ਤਬ ਤਬ ਧਰਿ ਅਵਤਾਰ ਮਹਾਨਾ ॥ ੪੨ ॥ ਆਪ ਕਰਹੁ ਤਾਕੀ ਪ੍ਰਤਿਪਾਰਾ। ਸਭਿ ਮਿਰਜਾਦ ਰਖਹੁ ਸੁਖ ਸਾਰਾ'। ਹ੍ਵੈ ਪ੍ਰਸੰਨ ਨਾਰਦ ਮੁਨਿ ਤਾਂਈ। ਬੋਲੇ ਮ੍ਰਿਦੁਲ ਗਿਰਾ ਸੁ ਗੁਸਾਈਂ ॥ ੪੩ ॥ 'ਸਭਿ ਮੁਨੀਨ ਈਸ਼ਰ ਰਿਖਿ ਦੇਵਾ[10]*। ਧੰਨ ਧੰਨ ਤੁਮ ਉੱਤਮ ਭੇਵਾ। ਜੋ ਬੈਰਾਠ† ਰੂਪ ਕਰਤਾਰਾ। ਤਿਹ ਕੋ ਮਨ ਹ੍ਵੈ ਦੇਹਿ ਤੁਮਾਰਾ ॥ ੪੪ ॥ ਭਗਤਿ ਸ਼ਿਰੋ-ਮਣਿ[11] ਪ੍ਰੇਮ ਪ੍ਰਬੀਨਾ। ਤੁਮ ਸਮਾਨ ਕੋ ਅਪਰ ਨ ਚੀਨਾ। ਸ਼੍ਰੀ ਕਰਤਾਰ

---

[1]ਭਾਵ ਆਪ ਨੇ। [2]ਆਦਮੀ ਮੰਦੀ ਮਤ ਵਾਲੇ ਹੋ ਗਏ। [3]ਕਲਜੁਗ ਦੇ ਸਮੇਂ। [4]ਬੁੱਧਿ ਤੋਂ ਬਿਨਾਂ। [5]ਲਿਪਟੇ ਹੋਏ ਵਿਸ਼ਿਆਂ ਵਿਚ। [6]ਮਨੁੱਖ। [7]ਸੁੰਦਰ (ਗੁਰ) ਬਾਣੀ। [8]ਮਨੁੱਖਾਂ ਦਾ (ਅ) ਜਨਾਂ ਦੇ ਮਨ ਦਾ। [9]ਧਰਮ ਦੀ ਗਿਲਾਨੀ (ਜਗਤ ਵਿਚ ਫੈਲੀ ਹੋਈ)। [10]ਸਾਰੇ ਰਿਖੀਆਂ ਦੇਵਤਿਆਂ ਮੁਨੀਆਂ ਦਾ ਤੂੰ ਈਸ਼ਰ (ਵੱਡਾ) ਹੈਂ (ਅ) ਹੇ ਦੇਵ ਰਿਖੀ। [11]ਸਰਦਾਰ।

*ਪਾਃ—ਸਭ ਮੁਨੀਸ਼ ਈਸ਼ ਰਿਖ ਦੇਵਾ।

†ਰਿਗ ਵੇਦ ਵਿਚ ਵਿਰਾਟ ਤੋਂ ਮੁਰਾਦ 'ਉਸ ਵਾਹਿਗੁਰੂ ਦੇ ਸਰੂਪ ਦੀ ਹੈ ਜੋ ਹਜ਼ਾਰਾਂ ਅੱਖਾਂ, ਹਜ਼ਾਰਾਂ ਪੈਰਾਂ ਤੇ ਸਿਰਾਂ ਵਾਲਾ ਹੈ, ਸਾਰੇ ਤੱਤ੍ਵ ਅਰ ਵਿਸ਼੍ਵ ਉਸ ਦਾ ਇਕ ਪੈਰ ਹੈ, ਆਦਿ।' ਕਵਿ ਜੀ ਦੱਸਦੇ ਹਨ ਕਿ ਇਸ ਸਰੂਪ ਦਾ ਮਨ ਮਾਨੋਂ ਨਾਰਦ ਮੁਨੀ ਹੈ।

ਸ਼੍ਰੀ ਗੁਰੂ ਜੀ ਨੇ ਆਰਤੀ ਵਿਚ ਜੋ ਸਰੂਪ ਦੱਸਿਆ ਹੈ ਓਹ ਇਸ ਤੋਂ ਉੱਪਰ ਦਾ ਹੈ, ਉਸ ਦੇ ਹਜ਼ਾਰਾਂ ਨੈਣ, ਪੈਰ, ਨੱਕ ਆਦਿ ਵਰਣਨ ਕਰਕੇ ਫੇਰ ਕਹਿੰਦੇ ਹਨ ਕਿ ਉਸ ਦੇ ਨੈਣ ਪੈਰ ਆਦਿ ਅੰਗ ਕੋਈ ਨਹੀਂ ਹਨ-'ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ' ॥ [ਧੰਨਾ: ਮ: ੧] ਗੀਤਾ ਵਿਚ ਬੀ ਵਿਰਾਟ ਦਾ ਰੂਪ ਦੱਸਿਆ ਹੈ, ਪੁਰਾਣਾਂ ਦਾ ਵੈਰਾਟ ਕੁਛ ਹੋਰਵੇਂ ਹੀ ਹੈ। ਪਾਃ—ਬੈਰਾਗ-ਬੀ ਹੈ।

ਸੁਜਸੁ ਸਮ ਨੀਰਾ। ਤਿਹ ਕੋ ਮੀਨ ਕੀਨ ਮਨ ਧੀਰਾ[1] !' ॥ ੪੫ ॥ ਅਸ ਪ੍ਰਕਾਰ ਮਿਲਿ ਆਪਸ ਮਾਂਹੀ। ਦੁਹੂੰ ਦਿਸ਼ਨ ਥੋਰੋ ਹਿਤ ਨਾਂਹੀ। ਪੁਨ ਨਾਰਦ ਮੁਨਿ-ਕਲ੍ਹ-ਕੋ-ਲਜਾਯੋ। ਪਾਇ ਗੁਰੂ ਪਗ ਬਚਨ ਅਲਾਯੋ॥ ੪੬ ॥ 'ਭਈ ਭੂਲ ਇਸਕੀ ਬਖਸ਼ੀਜੈ। ਅਬ ਯਾਂ ਪਰ ਨਿਜ ਕਰੁਨਾ ਕੀਜੈ। ਬਹੁਤ ਦਿਵਸ ਕੀ ਛੁਧਾ ਸੰਤਾਈ। ਮਹਿਮਾ ਤੁਮਰੀ ਲਖਿ ਨ ਸਕਾਈ' ॥ ੪੭ ॥ ਤਿਹ ਕੀ ਸੁਨੀ ਦੀਨਤਾ ਜਬਹੀ। ਹ੍ਵੈ ਕ੍ਰਿਪਾਲ ਬਚ ਉਚਰੇ ਤਬਹੀ।'ਇਹ ਸਰੂਪ ਤੇ ਛਟਵੌਂ ਧਰਿਹੌਂ।ਤਬ ਯਾਂਕੋ ਤਨ ਤ੍ਰਿਪਤਿ ਸ ਕਰਿਹੌਂ ॥ ੪੮ ॥ ਬਹੁਰੋ ਦਸਮ ਧਰੋਂ ਅਵਤਾਰਾ*। ਤਬ ਕਰਿਹੋਂ ਇਕ ਪੰਥ ਕਰਾਰਾ। ਬਹੁਤ ਹੋਹਿੰਗੇ ਜਬ ਸੰਗ੍ਰਾਮਾ[2]।ਤਬ ਯਾਂਕੋ ਹ੍ਵੈ ਪੂਰਨ ਕਾਮਾ' ॥ ੪੯ ॥ ਬਿਦਾ ਕਰੇ ਬਰ ਦੇ ਕਰਿ ਦੋਊ।ਗਵਨੇ ਨਿਜ ਇੱਛਾ ਜਿਤ ਸੋਊ। ਸੁੰਦਰ ਇਹ ਇਤਿਹਾਸ ਰਸਾਲਾ।ਸ਼੍ਰੀ ਗੁਰੁ ਅੰਗਦ ਸੁਨਹੁ ਕ੍ਰਿਪਾਲਾ!॥੫੦॥ ਅਪਰ ਜਿ ਸਿਖ ਸ਼੍ਰੋਤਾ ਤਹਿਂ ਬੈਸੇ। ਸੁਨਿ ਕਰਿ ਪ੍ਰਸ਼ਨ ਕਿਯੋ ਤਿਹ ਐਸੇ। 'ਨਾਰਦ ਮੁਨਿ ਉਸਤਤਿ ਗੁਰੂ ਭਾਖੀ।-ਮਹਿਮਾ ਨਾਮ-ਚਤੁਰ ਜੁਗ ਰਾਖੀ ॥੫੧॥ ਤਾਂ ਮਹਿਂ ਅਰਥ ਲਖਾਯੋ ਐਸੇ। ਬਿਨਾਂ ਨਾਮ ਕੇ ਮੁਕਤਿ ਨ ਕੈਸੇ।ਜੇ ਗਤਿ ਦੇਨ ਨ ਸਮਰਥ ਦੂਜਾ। ਕਿਉਂ ਤਬ ਕਹੇ ਯੋਗ ਯਗਪੂਜਾ ॥੫੨॥ਤ੍ਰੈ ਜੁਗ ਵਿਖੈ ਨਾਮ ਕੇ ਸੰਗਾ।ਦੁਤਿਯ ਉਪਾਇ ਕਹੇ ਸਰਬੰਗਾ।ਕਲਿ[3] ਮਹਿਂ ਕੇਵਲ ਨਾਮ ਬਖਾਨਾ। ਸਿਮਰਨਿ ਤੇ ਗਤਿ ਦੇਹਿ ਜਹਾਨਾ†'॥੫੩॥ ਸ਼੍ਰੋਤਨ ਕੋ ਸੁਨਿ ਪ੍ਰਸ਼ਨ ਬਿਸਾਲਾ। ਉੱਤਰ ਕਹਤਿ ਭਯੋ ਤਬ ਬਾਲਾ:- 'ਸੁਨਹੁ ਸਿੱਖ ਸਤਿਗੁਰੁ ਕੇ ਪਯਾਰੇ। ਜਿਉਂ ਮੈਂ ਸੁਨੀ ਸੁ ਕਹੋਂ ਉਚਾਰੇ ॥ ੫੪ ॥ ਦ੍ਵੈ ਨਰ ਕੋ ਭਾ ਸੂਰ[4] ਅਪਾਰਾ।ਏਕ ਰੰਕ ਇਕ ਧਨੀ ਉਦਾਰਾ[5]।

---

[1]ਹੇ ਧੀਰਜੀ! ਤੁਸਾਂ ਕਰਤਾਰ ਦੇ ਜਸ ਨੂੰ ਪਾਣੀ ਜਾਣਕੇ ਮਨ ਨੂੰ ਉਸਦੀ ਮੱਛੀ ਬਨਾਯਾ ਹੈ। ਪੁਰਾਣਾਂ ਵਿੱਚ ਭਗਤੀ ਮਾਰਗ ਦਾ ਸਨਾਤਨ ਮੁਨੀ ਨਾਰਦ ਮੰਨਿਆਂ ਗਿਆ ਹੈ, ਹਰਿ ਕੀਰਤਨ ਇਸਦਾ ਕੰਮ ਹੈ, ਕਲਹ ਇਸਦੀ ਇਸਤ੍ਰੀ ਹੈ। [2]ਜੁੱਧ। [3]ਕਲਜੁਗ। [4]ਸੂਲ-(ਪੇਟ ਪੀੜਾ)। [5]ਵੱਡਾ ਅਮੀਰ।

*ਨਾਰਦ ਨੂੰ ਜੋ ਵਾਕ ਸਤਿਗੁਰ ਜੀ ਨੇ ਛੇਵੇਂ ਤੇ ਦਸਮੇਂ ਜਾਮੇ ਬਾਬਤ ਕਹੇ ਹਨ, ਉਨ੍ਹਾਂ ਦੀ ਮੁਰਾਦ ਇਹ ਹੈ ਕਿ ਸਤ ਧਰਮ ਦੀ ਵਾੜੀ ਜੋ ਲਾ ਰਹੇ ਹਾਂ ਜਗਤ ਦੀ ਬਦੀ ਦੇ ਪੱਖ ਨੇ ਇਸਨੂੰ ਵੈਰਾਨ ਕਰਨ ਲਈ ਤਾਣ ਲਾਉਣਾ ਹੈ, ਤਦੋਂ ਇਸ ਦੀ ਰੱਖਯਾ ਲਈ ਅਰ ਇਸਤੋਂ ਹੋ ਰਹੇ ਪਰਉਪਕਾਰ ਦੀ ਸਫਲਤਾ ਲਈ ਖੜਗ ਦੀ ਲੋੜ ਪੈਣੀ ਹੈ।

†ਪਾ:-ਜੰਗਹਾਨਾ, ਦੁਖਹਾਨਾ।

ਭਈ ਉਦਰ ਮੈਂ ਬਹੁਤੀ ਪੀਰਾ। ਹਾਇ ਹਾਇ ਕਰਿ ਹੋਤ ਅਧੀਰਾ ॥ ੫੫॥ ਗਵਨਯੋ ਧਨੀ ਬੈਦ ਕੇ ਸਦਨਾ। ਉਦਰ ਪੀਰ ਭਾਖੀ ਨਿਜ ਬਦਨਾ। ਹੁਤੋ ਬੈਦ ਸੋ ਪਰਮ ਸਯਾਨਾ। ਜਾਨੀ ਤਿਹ ਕੀ ਪੀਰ ਮਹਾਨਾ ॥੫੬॥–ਇਹ ਕੌ ਤੌ ਹੈ ਸੁਗਮ ਉਪਾਈ। ਏਕ ਜਵਾਇਨ ਸੂਰ[1] ਮਿਟਾਈ। ਜੇ ਮੈਂ ਯਹੀ ਬਤਾਵਹੁ ਯਾਂਕੋ। ਮਹਿਮਾ ਜਾਨਹਿਂ ਕਛੂ ਨ ਤਾਂਕੋ–॥੫੭॥ ਇਉਂ ਵਿਚਾਰ ਕਰਿ ਬੈਦ ਸਯਾਨੇ। ਪੁਰੀ[2] ਏਕ ਦੀਨੀ ਤਿਹ ਪਾਂਨੇ[3]। ਮੁਖ ਤੇ ਐਸੇ ਬਚਨ ਅਲਾਯਨ। 'ਯਾਂਕੋ ਅਨੁਪਾਨ[4] ਅਜਵਾਯਨ॥੫੮॥ਕਰਹੁ ਖਾਨ ਤਿਹ ਸੰਗ ਮਿਲਾਈ।ਉਦਰਰੋਗ ਸਭਿਹੀ ਮਿਟਜਾਈ'।ਲੇਕਰਿ ਧਨੀ ਆਇ ਨਿਜ ਸ-ਦਨਾ।ਮੇਲ ਜੁਵਾਇਨ ਖਾਇ ਸੁ ਬਦਨਾ॥੫੯॥ਸੂਰਰੋਗ ਕੋ ਦੂਰ ਮਿਟਾਈ। ਮਹਿਮਾ ਬੈਦ ਵਡੀ ਲਖਿ ਪਾਈ।ਕਹਤਿ ਅਪਰਸੋਂ'ਪੁਰੀ ਜੁ ਦੀਨਾ।ਤਿਹਨੈ ਰੋਗ ਕੀਨ ਮਮ ਹੀਨਾ'॥੬੦॥ਪੁਨਿ ਗਾ ਰੰਕ ਵੈਦ ਘਰ ਮਾਂਹੀ।ਜਿਹ ਢਿਗ ਇਕ ਵਿਰਾਟਿਕਾ[5] ਨਾਂਹੀ।ਉਦਰ ਪੀਰ ਤਿਨ ਸਕਲ ਸੁਨਾਈ।'ਮਮ ਦੁਖ ਭੰਜਹੁ,ਕਰਹੁ ਉਪਾਈ' ॥੬੧॥ ਸੁਨਤਿ ਬੈਦ ਨੈ ਰੋਗ ਪਛਾਨਾ।–ਹੈ ਯਾਂਕੋ ਦੁਖ ਧਨੀ ਸਮਾਨਾ–। ਕਹਯੋ ਤਾਂਹਿ 'ਅਜਵਾਇਨ ਲੀਜੈ। ਖਾਇ ਸੂਰ ਕੋ ਦੂਰ ਕਰੀਜੈ' ॥੬੨॥ ਬੋਲਯੋ ਰੰਕ ਬੈਦਿ ਕਰ ਦੋਊ। 'ਲੇਉਂ ਕਹਾਂ ਤੇ ਮੋਲ ਨ ਕੋਊ।ਦੇਹੁ ਪਾਸ ਤੇ ਜੇ ਕਰਿ ਕਰੁਨਾ। ਹ੍ਵੈ ਤਬ ਰੋਗ ਉਦਰ ਕੋ ਹਰਨਾ' ॥ ੬੩ ॥ ਸੁਨੀ ਰੰਕਤਾ ਬੈਦ ਕ੍ਰਿਪਾਲਾ।ਢਿਗ ਤੇ ਦੀਨ ਮੋਲ ਤਿਹ ਕਾਲਾ। ਲੇ ਤਿਨ ਕੀਨੀ ਖਾਨ ਜਵਾਇਨ। ਸਰਬ ਸੂਰ ਤਿਹ ਉਦਰ ਪਲਾਇਨ[6] ॥੬੪॥ ਤੈਸੀ ਰੀਤਿ ਦੇਖਿ ਗੁਰੂ ਪੂਰੇ।ਦਿਯ ਉਪਦੇਸ਼ ਸ਼ਕਤਿ ਲਖਿ ਭੂਰੇ। ਸਤਿਜੁਗ ਨਿਰਮਲ ਮਤਿ ਸਭਿ ਕੇਰੀ।ਲਾਖ ਬਰਸ*ਕੀ ਆਯੁ ਘਨੇਰੀ ॥ ੬੫ ॥ ਸਿਮਰਨ ਕਰਤਯੋ ਬੀਤਹਿ ਕੈਸੇ। ਨਾਮ ਸੰਗ ਦਿਯ ਯੋਗ ਸੁ ਤੈਸੇ।–ਪ੍ਰਾਣਾਯਾਮਹਿਂ[7]–ਨਾਮ ਸਿਮਰਿਕੈ।ਗੇ ਅਨੇਕ ਜਗ ਸਾਗਰ ਤਰਿਕੈ

[1]ਸੂਲ। [2]ਪੁੜੀ। [3]ਹੱਥ ਵਿਚ। [4]ਜਿਸ ਨਾਲ ਦਵਾਈ ਖਾਧੀ ਜਾਵੇ। [5]ਕੌਡੀ। [6]ਹਟ ਗਿਆ। [7]ਪ੍ਰਾਣਾਯਾਮ ਦੇ ਨਾਲ।

*ਮੁਰਾਦ ਬਹੁਤੀ ਹੈ, ਤਦੋਂ ਗ਼ਾਲਬਨ ਹਿੰਦੀਆਂ ਦੇ ਵੱਡੇ, ਉੱਤ੍ਰੀਧ੍ਰਵਾਂ ਦੇ ਨੇੜੇ ਬਰਫਾਨੀ ਦੇਸ਼ਾਂ ਵਿਚ ਰਹਿੰਦੇ ਸਨ। ਓਨ੍ਹੀਂ ਥਾਂਈਂ ਉਮਰ ਵਡੇਰੀ ਹੁੰਦੀ ਹੈ, ਹੁਣ ਬੀ ਤਿੱਬਤ ਦੇ ਠੰਢੇ ਥਾਈਂ ਲੋਕ ਇਸ ਦੇਸ਼ ਨਾਲੋਂ ਬਹੁਤ ਵਡੇਰੀ ਉਮਰਾ ਦੇ ਹੁੰਦੇ ਹਨ । ਦੂਸਰੇ ਇੱਥੇ ਇਕ–ਜੁਗਾਂ ਦੀ ਵੰਡ ਤੇ ਉਮਰਾ ਆਦਿ ਦੀ–ਲੋਕ ਪ੍ਰਸਿਧ ਗੱਲ ਨੂੰ ਵਰਤ ਰਹੇ ਹਨ, ਜੋ ਨਾਮ ਦੀ ਮਹਿਮਾਂ ਦੱਸਣ ਵਾਸਤੇ ਦ੍ਰਿਸ਼ਟਾਂਤ ਮਾਤ੍ਰ ਹੈ।

॥੬੬॥ ਬਹੁਰੋ ਤ੍ਰੇਤਾ ਯੁਗ ਜਬ ਆਵਾ। ਦਸ ਹਜ਼ਾਰ* ਕੀ ਆਯੁ ਰਹਾਵਾ। ਹੁਤੋ ਨਰਨ ਢਿਗ ਦਰਬ ਅਪਾਰਾ। ਤਿਨ ਪਿਖਿ ਅਸ ਉਪਦੇਸ਼ ਉਚਾਰਾ॥ ੬੭॥—ਸਿਮਰਨ ਨਾਮ,ਯੱਗ ਕੋ ਕਰਨਾ। ਯਹੀ ਧਰਮ ਭਵ ਬੰਧਨ ਹਰਨਾ—। ਸੁਨਿ ਤਿਹ ਸਮੈਂ ਯੱਗਯ ਬਹੁ ਕਰਿਕੈ। ਸਿਮਰਿ ਗਏ ਭਵ ਸਾਗਰ ਤਰਿਕੈ ॥੬੮॥ ਤਿਹ ਪੀਛੇ ਦ੍ਵਾਪੁਰਿ ਜੁਗ ਆਵਾ। ਇਕ ਹਜ਼ਾਰ ਕੀ ਆਯੁ ਰਹਾਵਾ। —ਪੂਜਾ ਕਰਨ ਭਜਨ ਪੁਨ ਨਾਮਾ—। ਯਹਿ ਉਪਦੇਸ਼ ਕਿਯੋ ਸੁਖ ਧਾਮਾ॥ ੬੯॥ ਇਸ ਪ੍ਰਕਾਰ ਭੀ ਮਨੁਜ ਅਨੇਕਾ। ਉਧਰੇ ਜਗ ਤੇ ਪਾਇ ਬਿਬੇਕਾ। ਤ੍ਰੈ ਜੁਗ ਮਹਿਂ ਪਿਖਿ ਸ਼ਕਤਿ ਸਮੇਤਾ। ਆਯੁਬਿਰਧ[1], ਬਲ, ਦਰਬ, ਅਨੇਕਾ ॥੭੦॥ ਇਨ ਤੇ ਰਹਿਤ[2] ਦੇਖਿ ਕਲਿ ਮਾਂਹੀ। ਮਹਾਂ ਰੰਕ, ਦੁਖ ਨੈ[3] ਲਿਯ ਗ੍ਰਾਹੀ[4]। ਸਭਿ ਪ੍ਰਤਿ—ਏਕ ਨਾਮ—ਉਪਦੇਸ਼ਾ। ਬੈਦ ਕ੍ਰਿਪਾਲੁ ਗੁਰੂ ਜਗਤੇਸ਼ਾ ॥੭੧॥ਨਿਜ ਢਿਗ ਮੋਲ ਰੁਪਿ ਮਤਿ[5] ਨਾਂਹੀ। ਸੰਸਕ੍ਰਿੱਤ ਕੋ ਲਖਿ ਨ ਸਕਾਹੀਂ। ਦੀਨੋਂ ਤਬ ਸਤਿਗੁਰੂ ਨਿਜ ਪਾਸਾ। ਦੇਸ਼ਨ ਭਾਖਾ ਮਾਂਹਿ[6] ਪ੍ਰਕਾਸ਼ਾ ॥੭੨॥ ਸੰਸਕ੍ਰਿਤ ਕੋ ਪਢਿ ਨਹਿਂ ਜਾਨਹਿਂ। ਕਿਹ ਬਿਧਿ ਮਹਿਮਾ ਨਾਮ ਪਛਾਨਹਿਂ। ਤਾਂਤੇ ਸਤਿਗੁਰ ਸ੍ਰੀ ਮੁਖ ਬਾਨੀ। ਰਚਿ ਦੀਨੀ ਲੋਕਨ ਗਤਿਦਾਨੀ ॥ ੭੩ ॥ ਜਿਉਂ ਸਾਗਰ ਤੇ ਬਾਰਦ[7] ਬਾਰੀ। ਪੀਵਤਿ ਹੈ[8] ਹਿਤ ਪਰਉਪਕਾਰੀ। ਖਾਰੋ ਹੁਤੋ ਮਧੁਰ ਸੋ ਕਰਿਕੈ। ਬਰਖਾਵਹਿ ਸਭਿ ਦੇਸ਼ਨ ਫਿਰਿਕੈ॥੭੪॥ਜੀਵਜੰਤੁ ਤਬ ਹੀ ਸੁਖ ਪਾਹੀ। ਸੰਕਟ ਅਪਨੋ ਦੇਯ ਨਸਾਹੀ। ਤਿਉਂ ਜੋ ਬੇਦਪੁਰਾਨ ਮਹਾਨਾ। ਹੈਂ ਅਪਾਰ ਸੇ ਸਿੰਧੁ ਸਮਾਨਾ॥ ੭੫॥ ਖਾਰਪਨੋ ਤਿਨ ਮਹਿਂ ਕਠਿ-ਨਾਈ। ਪੁਨਿ ਕਿਹ[9] ਉਚਿਤ[10] ਨ ਉਚਿਤ[11] ਲਖਾਈ[12]। ਸਰਬ ਸਾਰ ਜੋ ਤਿਨਕੇ ਮਾਂਹੀ। ਗੁਰੂ ਘਨ[13] ਰੂਪ ਲੀਨ ਸੋ ਗ੍ਰਾਹੀ[14] ॥੭੬॥ ਸੁਗਮ ਕੀਨ ਸਭਿ ਦੇਸ਼ ਮਝਾਰੀ। ਸਭਿ ਕੇ ਉਚਿਤ ਜਿ ਹੈਂ ਨਰ ਨਾਰੀ। ਰਾਇ ਕਿ ਰੰਕ ਊਚ ਕੈ ਨੀਚਾ। ਪਢਹਿ ਕਮਾਇ ਤਰੈ ਜਗ ਬੀਚਾ† ॥੭੭॥ ਕਹਿ ਬਾਲਾ

[1]ਵੱਡੀ। [2]ਬਿਨਾਂ। [3]ਦੁੱਖਾਂ ਨੇ। [4]ਫੜ ਲਏ। [5]ਬੁੱਧੀ ਰੂਪੀ ਮੁੱਲ। [6]ਦੇਸੀ ਬੋਲੀਆਂ ਵਿਚ। [7]ਬੱਦਲ। [8](ਜਲ) ਪੀਂਦਾ ਹੈ। [9]ਕਿਸ ਨੂੰ। [10]ਯੋਗ ਹੈ। [11](ਕਿਸੇ ਨੂੰ) ਯੋਗ ਨਹੀਂ। [12]ਜਾਣ ਪੈਂਦਾ। [13]ਬੱਦਲ। [14]ਗ੍ਰਹਣ ਕਰ ਲਿਆ।

*ਏਹ ਸਮਾਂ ਗ਼ਾਲਬਨ ਉਹ ਹੈ ਜਦੋਂ ਹਿੰਦ ਵਿੱਚ ਆਕੇ ਵਡਕੇ ਰਾਜੇ ਮਹਾਰਾਜੇ ਹੋ ਗਏ। ਯੱਗ ਉਸ ਸਮੇਂ ਹੋਏ ਜਾਪਦੇ ਹਨ।

†ਭਾਃ ਬਾਲੇ ਦੀ ਇਸ ਵਯਾਖਯਾ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ

[ਬਾਕੀ ਨੂਟ ਦੇਖੋ ਅਗਲੇ ਪੰਨੇ ਦੇ ਹੇਠ]

'ਸੁਨਿਯੇ ਸਕਿ ਸ੍ਰੋਤਾ! । ਏਕ ਨਾਮ ਤੇ ਮੁਕਤਿ ਉਦੋਤਾ[1] । ਹਉਮੈਂ ਤਜਿ ਸਿਮਰਹੁ ਲਿਵਲਾਈ। ਜਗ ਬੰਧਨ ਤੇ ਦੇਯ ਛੁਡਾਈ ॥ ੭੮ ॥ ਜਹਿਂ ਹਉਮੈਂ ਤਹਿਂ ਨਾਮ ਨ ਬਸਈ। ਜਹਾਂ ਨਾਮ ਤਹਿਂ ਹਉਮੈਂ ਨਬਈ। ਕਹੀ ਨ ਜਾਨੋ ਇਹ ਮਮ ਬਾਨੀ। ਭਾਖੀ ਸ੍ਰੀ ਸਤਿਗੁਰੂ ਗਤਿਦਾਨੀ*' ॥ ੭੯ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਛਿ, ਕਲੂ, ਨਾਰਦ' ਪ੍ਰਸੰਗ ਬਰਨਨੰ ਨਾਮ ਦੁਇ ਪੰਚਾਸਮੋਂ ਅਧਯਾਯ ॥ ੫੨ ॥

## ੫੩. [ਗੁਰਚਰਣ ਮੰਗਲ। ਸੁਧਰਸੈਨ]।

ਦੋਹਰਾ ॥ ਸ੍ਰੀ ਗੁਰੂ ਪਗ ਗਿਰ ਓਟ ਮਮ ਛੋਡੋਂ ਕਬਹੁੰ ਨ ਭੂਲ।
ਬਿਘਨ ਜਿ ਪਵਨ ਸਮਾਨ ਹੈਂ ਤਾਂਕੋ ਡਰ ਨਹਿਂ ਮੂਲ ॥ ੧ ॥

{ ਗਿਰ=ਪਹਾੜ ਪਰਬਤ, ਓਟ=ਆਸਰਾ, ਓਹਲਾ, ਏਹ ਦ੍ਰਿਸ਼ਟਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਆਯਾ ਹੈ:-'ਤੂੰ ਪਰਬਤ ਮੇਰਾ ਓਲ੍ਹਾ'। }

**ਅਰਥ**-ਸ੍ਰੀ ਗੁਰੂ ਜੀ ਦੇ ਚਰਣ ਪਹਾੜ (ਵਾਂਙੂ) ਮੇਰਾ ਆਸਰਾ ਹਨ, ਕਦੇ ਭੁੱਲਕੇ (ਭੀ) ਮੈਂ (ਇਨ੍ਹਾਂ ਨੂੰ) ਨਾਂ ਛੱਡਾਂ, (ਕਿਉਂਕਿ) ਵਿਘਨ ਜੋ ਪਵਨ ਵਾਂਙੂ ਹਨ (ਪਰਬਤ ਦੇ ਓਹਲੇ) ਉਨ੍ਹਾਂ ਦਾ ਡਰ ਮੂਲੋਂ ਨਹੀਂ (ਰਹਿੰਦਾ)।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਕਹਿ ਬਾਲਾ ਸ੍ਰੀ ਅੰਗਦ! ਸੁਨੀਏ। ਗੁਰੂ ਇਤਿਹਾਸ ਸਰਬ ਸ਼ੁਭ† ਗੁਨੀਏ। ਨਾਰਦ ਸੋਂ ਮਿਲਿ ਕਰਿ ਤਿਹਕਾਲਾ। ਆਗੇ ਗਵਨੇ ਦੀਨਦਯਾਲਾ ॥ ੨ ॥ ਸਿੰਧ ਵਿਖੇ ਟਾਪੂ ਇਕ ਆਵਾ। ਦੇਸ਼

[1]ਪ੍ਰਗਟ ਹੁੰਦੀ ਹੈ। *ਯਥਾ ਗੁਰਵਾਕ:-'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕਠਾਇ ॥' †ਪਾ:-ਗੁਨ।

[ਪਿਛਲੇ ਪੰਨੇ ਦੀ ਬਾਕੀ ਟੂਕ]

ਗੁਰਬਾਣੀ ਕੇਵਲ ਵੇਦਾਂ ਸ਼ਾਸਤ੍ਰਾਂ ਦਾ ਭਾਖਾ ਵਿੱਚ ਅਨੁਵਾਦ ਹੈ, ਐਸਾ ਸਮਝਣਾ ਗੁਰੂ ਸਿੱਧਾਂਤ ਦੇ ਵਿਰੁੱਧ ਹੋਵੇਗਾ,ਕਿਉਂਕਿ ਸ੍ਰੀ ਮੁਖ ਬਚਨ ਇਸ ਪਰਥਾਇ ਏਹ ਹਨ:-

'ਗੁਰਮਹਿ ਆਪੁ ਸਮੋਇ ਸਬਦੁ ਵਰਤਾਇਆ॥' ਤਥਾ 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।' ਪੁਨਾ:-'ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ'। ਭਾਵ ਸਚੇ ਮਹਿਲ ਸਰੂਪ ਵਿਚ ਰੱਬ ਨੇ ਮੈਨੂੰ ਸੱਦਕੇ ਸੱਚੀ ਸਿਫਤ ਸਲਾਹ (ਕੀਰਤਨ ਵਾਲੀ ਬਾਣੀ) ਦਾ ਸਿਰੋਪਾਉ ਦਿੱਤਾ, ਉਸ ਅਰੂਪ ਕੀਰਤਨ ਰੂਪ ਬਾਣੀ ਦਾ ਮੈਂ ਸ਼ਬਦ ਵਿਚ ਪ੍ਰਗਟ ਵਿਸਥਾਰ ਕੀਤਾ ਹੈ। ਪੁਨਾ:--ਦੇਖੋ ਇਸੇ ਪੁਸਤਕ ਦਾ ਅਧਯਾਯ ੧ ਛੰਦ ੬੯ ਦਾ ਭਾਵ ਅਰਥ।

ਇਸੇ ਤਰਵਿੰਜਵੇਂ ਅਧਯਾਯ ਦੇ ਅੰਕ ੩੫ ਵਿਚ ਦੱਸ ਆਏ ਹਨ ਕਿ ਬ੍ਰਹਮਾਂ (ਵੇਦਾਂ ਦੇ ਕਰਤਾ ਨੂੰ) ਗਯਾਨ ਗੁਰੂ ਨਾਨਕ ਸਾਹਿਬ ਜੀ ਨੇ ਦਿੱਤਾ ਸੀ। ਫੇਰ ਗੁਰੂ ਜੀ ਟੀਕਾਕਾਰ ਕਿਉਂ ਹੋਏ? ਓਹ ਤਾਂ ਆਪਅਗੰਮ ਵਾਚਣਵਾਲੇ ਵਾਹਿਗੁਰੂਤੋਂ ਸਿੱਧਾ ਇਲਹਾਮ ਪ੍ਰਾਪਤ ਕਰਨ ਵਾਲੇ ਸੇ।

ਬਿਸੀਹਰ ਜਾਕੋ* ਨਾਂਵਾ। ਇਕ ਸੁੰਦਰ ਤਹਿਂ ਨਗਰ ਬਿਰਾਜਾ। ਚਹੁ ਦਿਸ਼ ਜਿਸਕੇ ਉਪਬਨ[1] ਛਾਜਾ[2]॥੩॥ਬਨਯੋ ਸੁ ਗਿਰਦੇ ਦੁਰਗ[3] ਉਤੰਗਾ। ਘਨ[4] ਰੋਕਨ ਹਿਤ ਮਨਹੁ ਉਮੰਗਾ[5]। ਸੁਧਰਸੈਨ ਤਹਿਂ ਹੁਤੋ ਨ੍ਰਿਪਾਲਾ। ਕਰਤਿ ਰਾਜ ਤਿਹ ਦੇਸ਼ ਬਿਸਾਲਾ ॥੪॥ਪੁਰਿ ਕੇ ਵਹਿਰ ਥਾਨ ਰਮਣੀਕਾ॥ ਬੈਸੇ ਤਹਿਂ ਬੇਦੀ ਕੁਲਟੀਕਾ। ਨਿਸਾ ਬਿਤੀ ਇਕ, ਭੀ ਭੁਨਸਾਰਾ। ਤਬ ਮਰਦਾਨੇ ਬਚਨ ਉਚਾਰਾ ॥ ੫ ॥ 'ਆਇਸੁ ਦੇਹੁ ਨਗਰ ਮਹਿਂ ਜਾਵੇਂ। ਜਾਚ[6] ਕਿਸੂ ਤੇ ਭੋਜਨ ਖਾਵੇਂ'।ਬਿਗਸੇ ਸ਼੍ਰੀ ਮੁਖ ਮੁਝ ਸੋਂ ਕਹਿਹੀਂ।'ਕਯਾ ਮਰਦਾਨਾ ਭਾਖਤਿ ਅਹਿਹੀ?' ॥ ੬ ॥ ਮੈਂ ਬੋਲਯੋ 'ਇਹ ਜਨਮ ਸੁਭਾਊ। ਮਿਟਹਿ ਨ ਕੀਜਹਿ ਕੋਟ[7] ਉਪਾਊ'।ਸ਼੍ਰੀ ਮੁਖ ਭਨਹਿਂ'ਸੁਨਹੁ ਮਰਦਾਨਾ!। ਕਿਹਤੇ ਜਾਚਹੁ ਭੋਜਨ ਖਾਨਾ?'॥੭॥ਦੋਹਰਾ॥'ਜਿਹ ਢਿਗ ਕਰਹੁ ਰਜਾਇ ਨਿਜ ਜਾਚੋਂ ਤਿਹ ਢਿਗ ਜਾਇ। ਨਹਿਂ ਕੋ ਮੇਲੀ ਮਮ ਇਹਾਂ', ਸੁਨਿ ਸ਼੍ਰੀ ਗੁਰੂ ਅਲਾਇ ॥੮॥ ਚੌਪਈ ॥ 'ਪਾਖਰ[8] ਇਕ ਤਿਖਾਣ† ਤਿਹ ਪੂਤਾ।ਝੰਡਾ ਨਾਮ ਰੁਚਿਰ ਕਰਤੂਤਾ[9]। ਜਾਇ ਕਰਹੁ ਭੋਜਨ ਤਿਹ ਐਨਾ'। ਮਰਦਾਨਾ ਗਮਨਯੋ ਸੁਨਿ ਬੈਨਾ ॥ ੯ ॥ ਜਾਇ ਨਗਰ ਮਹਿਂ ਪ੍ਰਾਪਤਿ ਭਯੋ। ਬੂਝਤਿ ਬੂਝਤਿ ਕੋਸਿਕ[10] ਗਯੋ।ਤਬ ਇਕ ਮਾਨਵ ਤਿਹਂਕੇ‡ ਸੰਗਾ।ਬੂਝਨ ਕੀਨ ਸਰਬ ਪਰਸੰਗਾ॥੧੦॥'ਕੋ ਹੈਂ ਤੂੰ?ਕਿਹਂ ਤੇ ਚਲਿ ਆਯੋ?ਕੌਨ ਬਰਨ ਅਬ ਕਹਾਂ ਸਿਧਾਯੋ?'। ਸੁਨਿ ਮਰਦਾਨੇ ਵਾਕ ਅਲਾਯਾ। 'ਝੰਡੇ ਕੋ ਘਰ ਦੇਹੁ

---

[1]ਬਾਗ। [2]ਸ਼ੋਭਨੀਕ ਸਨ। [3]ਫਸੀਲ (ਅ) ਕਿਲ੍ਹਾ। [4]ਬੱਦਲ। [5]ਚਾਹੁੰਦਾ ਸੀ। [6]ਮੰਗਕੇ। [7]ਕ੍ਰੋੜਾਂ। [8]ਝੰਡੇ ਦੇ ਪਿਤਾ ਦਾ ਨਾਮ। [9]ਸੁਹਣੀ ਕਰਨੀ ਵਾਲਾ। [10]ਇਕ ਕੋਹਕੁ।

*ਤਵਾਰੀਖ ਖਾਲਸਾ ਦੇ ਕਰਤਾ ਨੇ ਝੰਡੇ ਬਾਢੀ ਤੇ ਸੁਧਰ ਸੈਨ ਦਾ ਮਿਲਾਪ ਮਨੀਪੁਰ ਰਯਾਸਤ ਦੀ ਤਦੋਂ ਦੀ ਰਾਜਧਾਨੀ ਅਸੀਮਫਲ ਵਿੱਚ ਲਿਖਿਆ ਹੈ, ਇਸਤੋਂ ਜਾਪਦਾ ਹੈ ਕਿ ਬਿਸੀਹਰ ਦੇਸ ਤੋਂ ਇਹ ਇਲਾਕਾ ਮੁਰਾਦ ਹੈ। ਕਈਆਂ ਦੇ ਖਯਾਲ ਈਰਾਨ ਦੇ ਬੁਸ਼ਾਇਰ ਤੇ ਯੂ. ਪੀ. ਦੀ ਰਯਾਸਤ ਰਾਮ ਪੁਰ ਬੁਸ਼ਾਇਰ ਵਲ ਬੀ ਜਾਂਦੇ ਹਨ, ਪਰ ਅੱਗੇ ਚਲਕੇ ਸ੍ਵਰਨਦੀਪ ਦਾ ਜ਼ਿਕਰ ਹੈ ਓਹ ਸੋਨਦੀਪ ਟਾਪੂ ਤੋਂ ਮੁਰਾਦ ਹੈ ਜੋ ਮਨੀਪੁਰ ਤੋਂ ਹੇਠਾਂ ਬ੍ਰਹਮਪੁੱਤ੍ਰਾ ਦੇ ਮੁਹਾਨੇ ਤੋਂ ਪੂਰਬ ਰੁਖ ਨੂੰ ਹੈ, ਇਸ ਹਿਸਾਬ ਬਿਸੀਅਰ ਦੇਸ਼ ਓਸੇ ਪਾਸੇ (ਮਨੀਪੁਰ ਵੱਲ) ਹੀ ਸਹੀ ਹੁੰਦਾ ਹੈ। ਪੁ: ਜ: ਸਾਖੀ ਵਿਚ ਝੰਡੇ ਨੂੰ ਜੁਗਾਵਲੀ ਮਿਲੀ 'ਨਗਰ ਛੁਟਘਾਟਕਾ'। ਛੁਟ ਘਾਟਿਕਾ ਚਿਟਾਗਾਂਗ ਦਾ ਵਿਗੜਿਆ ਨਾਮ ਮਲੂੰਮ ਦੇਂਦਾ ਹੈ।

†ਪਾ:—ਪਾਖਰ ਬਾਢੀ ਇਕ।

‡ਪਾ:—ਤਬ ਇਕ ਮਾਨਵ ਨੇ ਇਹੁ। ਵਾ, ਤਬ ਇਕ ਮਾਨਵ ਨੇ ਹੁਇ।

ਬਤਾਯਾ ॥੧੧॥ ਦੋਹਰਾ ॥ ਬੂਝਿ ਲੇਯਗੋ ਸੋ ਹਮੈਂ ਜਾਇਂ ਜੁ ਤਿਹ ਕੇ ਪਾਸ'। ਇੰਦ੍ਰਸੈਨ ਸੁਨਿ ਲੇ ਚਲਾ ਜਿਹਠਾਂ ਹੁਤੋ ਅਵਾਸ ॥ ੧੨ ॥ ਚੌਪਈ ॥ ਝੰਡਾ ਮੰਜੀ ਬੁਨਤਿ ਨਿਕੇਤੂ। ਦੇਖਿ ਉਠਯੋ ਤਿਨ ਆਦਰ ਹੇਤੂ। ਤੂਰਨ ਸੁੰਦਰ ਮੰਚ ਡਸਾਯੋ। ਅਧਿਕ ਭਾਉ ਕਰਿ ਤਿਸਹਿ ਬਿਸਾਯੋ ॥ ੧੩ ॥ ਇੰਦ੍ਰਸੈਨ ਪੁਨ ਬੈਨ ਉਚਾਰਾ। 'ਖੋਜਤਿ ਫਿਰਤਿ ਅਵਾਸ ਤੁਮਾਰਾ। ਬੂਝਿ ਰਹਯੋ ਹੌਂ ਸਰਬ ਪ੍ਰਸੰਗਾ। ਮੁਹਿ ਨ ਬਤਾਯੋ ਆਨਯੋ ਸੰਗਾ ॥ ੧੪ ॥ ਯਾਂ ਕੋ ਹੈ ਕੁਛ ਤੁਝ ਸੋਂ ਕਾਮਾ। ਯਾਂਤੇ ਚਲਿ ਆਵਾ ਤੁਝ ਧਾਮਾ'। ਬੂਝਤਿ ਝੰਡਾ 'ਕਿਹਤੇ ਆਯੋ ?। ਕੌਨ ਨਾਮ, ਕੋ ਬਰਨ[1] ਸੁਹਾਯੋ ?' ॥੧੫॥ ਦੋਹਰਾ ॥ 'ਮਰਦਾਨਾ ਮਮ ਨਾਮ ਹੈ ਬਰਨ ਮਿਰਾਸੀ ਜਾਨ। ਤੁਮਰੇ ਨਿਕਟਿ ਪਠਾਇਓ ਸ੍ਰੀ ਨਾਨਕ ਗੁਨ ਖਾਨ' ॥੧੬॥ ਚੌਪਈ ॥ ਝੰਡਾ ਕਹੈ 'ਨ ਹੌਂ ਕਬਿ ਜਾਨਤਿ। ਜਿਹੰ ਕੌ ਨਾਨਕ ਨਾਮ ਬਖਾਨਤਿ। ਆਗੇ ਸੁਨਾ ਨ ਦੇਖਾ ਕਬਹੀ। ਤੁਮਨੈ ਨਾਮ ਸੁਨਾਵਾ ਅਬਹੀ' ॥ ੧੭ ॥ 'ਤੂੰ ਨਹਿਂ ਜਾਨਤਿ ਸੋ ਤੁਝ ਜਾਨਹਿਂ। ਚਲੋਂ ਹਦੂਰ ਲੇਯ ਪਹਿਚਾਨਹਿਂ। ਜੋ ਪਛਾਨ ਤੌਂ ਮੁਝੇ ਪਠਾਵਾ। ਬਿਨ ਜਾਨੇ ਸੁਧਿ ਕਿਹ ਕੋ ਆਵਾ[2]?' ॥੧੮॥ ਸੁਨਿ ਇਵ ਝੰਡਾ ਬੁੱਧਿ ਵਿਸ਼ੇਖਾ। ਬੂਝਤਿ 'ਕੋ ਸਰੀਰ ਤਿਨ* ਬੇਖਾ[3]?। ਜਿਸ ਪ੍ਰਕਾਰ ਕੀ ਹੈ ਤਿਨ ਰੀਤਾ। ਲੇ ਗਵਨੋਂ ਭਸ ਭੇਟ ਸਪ੍ਰੀਤਾ' ॥ ੧੯ ॥ ਪੁਨ ਮਰਦਾਨੇ ਬੈਨ ਅਲਾਯਾ। 'ਜਗ ਮਹਿਂ ਨਾਨਕ ਤਪਾ ਕਹਾਯਾ। ਬੇਸ ਉਦਾਸ† ਸਰੀਰ ਬਿਰਾਜੈ। ਜਿਨਕੇ ਦਰਸ਼ਨ ਕਲਿਮਲ ਭਾਜੈ' ॥੨੦॥ ਦੋਹਰਾ ॥ ਝੰਡਾ ਰਿਦੈ ਵਿਚਾਰਿ ਹੀ–ਕੋ ਅਤੀਤ ਸ਼ੁਭ ਹੋਇ–। ਅਸਨ ਕਰਨ ਆਇਸੁ ਦਈ ਸਦਨ ਅੰਗਨਾਂ[4] ਜੋਇ ॥ ੨੧ ॥ ਚੌਪਈ ॥ ਇੰਦ੍ਰਸੈਨ ਨਿਜ ਸਦਨ ਸਿਧਾਰਾ। ਝੰਡਾ ਉਪਬਨ[5] ਵਿਖੇ ਪਧਾਰਾ। ਪੁਸ਼ਪ ਮਧੁਰ ਫਲ ਤਿਹ ਤੇ ਆਨੇ। ਦੇਖਿ ਬਚਨ ਭਾਖੇ ਮਰਦਾਨੇ ॥੨੨॥ 'ਹੁਤੋ ਕੌਨ ਆਇ ਜੁ ਮਮ ਸੰਗਾ। ਸ਼ੁਭ ਸੁਭਾਇ ਜਨੁ ਰੁਚਿਰ ਅਨੰਗਾ[6]। ਮੁਝ ਕੋ ਤੁਮਰੇ ਧਾਮ ਲਿਆਵਾ। ਮਧੁਰ ਗਿਰਾ ਕਹਿ ਸੁਖ ਉਪਜਾਵਾ' ॥੨੩॥ ਝੰਡਾ ਕਹੈ 'ਨਗਰ ਨ੍ਰਿਪ ਜੋਊ। ਯਾਂ ਕੋ ਮਾਤੁਲ[7] ਲਾਗਹਿ ਸੋਊ। ਮੁਝਸੋਂ ਪ੍ਰੀਤਿ ਕਰਹਿ ਅਧਿਕਾਈ। ਕਰਤਿ ਭਗਤਿ ਹੋਵਤਿ ਇਕਥਾਈਂ ॥ ੨੪ ॥ ਪ੍ਰਭੁ ਕੋ ਸੁਜਸੁ ਗਾਇ ਕਰਿ ਪ੍ਰੇਮਾ। ਹੈ ਇਕਾਂਤ, ਇਹ ਹਮਰੋ ਨੇਮਾ। ਕਰ

[1]ਕੌਣ ਜਾਤੀ। [2]ਕਿਸਨੂੰ ਸੁਧ ਹੁੰਦੀ ਹੈ। [3]ਭੇਖ। [4]ਘਰ ਵਿੱਚ ਵਹੁਟੀ ਨੂੰ। [5]ਬਾਗ। [6]ਕਾਮਦੇਵ ਵਾਂਙੂ ਸੁਹਣਾ। [7]ਉਸ ਦਾ ਮਾਮਾਂ। *ਪਾ:–ਕੋ। †ਪਾ:–ਭਗਵੇ ਚੀਰ।

ਵਿਚਾਰ ਆਤਮ ਅਭਿਆਸਾ। ਉਰ ਮਧ ਬ੍ਰਿੱਧਹਿ[1] ਅਧਿਕ ਹੁਲਾਸਾ'॥੨੫॥ ਸੁਨਿ ਮਰਦਾਨੇ ਬਚਨ ਉਚਾਰੇ। 'ਧੰਨ ਸੰਤ ਤੁਮ ਪ੍ਰਭੁ ਕੇ ਪਯਾਰੇ। ਧਰਿ ਉਰ ਸੁਮਤਿ ਭਗਤਿ ਮਨ ਰੰਗੇ। ਮਿਲਿਕੈ ਕਰਹੁ ਸਦਾ ਸਤਿਸੰਗੇ ॥੨੬॥ ਅਬ ਜੋ ਭਯੋ ਤਯਾਰ ਅਹਾਰਾ। ਲੇ ਕਰਿ ਚਲਹੁ ਨ ਕਰਹੁ ਅਵਾਰਾ'। ਸੁਨਿ ਕਰਿ ਝੰਡਾ ਭਯੋ ਤਯਾਰਾ। ਲੇ ਭੋਜਨ ਕੋ ਵਹਿਰ ਪਧਾਰਾ ॥ ੨੭॥ ਅਸਨ ਚੰਗੇਰ ਸੀਸ ਪਰਿ ਧਰਿਕੇ। ਗਮਨਯੋ ਤਿਹ ਕੋ ਅੱਗ੍ਰਜ ਕਰਿਕੇ। ਮਾਰਗ ਮਹਿਂ ਤਬ ਬੂਝਨ ਲਾਗ॥'ਕਿਹਿ ਬੋਲੀ ਸੋਂ ਇਨ ਅਨੁਰਾਗਾ'॥੨੮॥ ਸੁਨਿ ਕਰਿ ਬੈਨ ਭਨੇ ਮਰਦਾਨੇ। 'ਕਰਹੁ ਨਾਮ-ਕਰਤਾਰ-ਬਖਾਨੇ' । ਜਹਿਂ ਬੈਸੇ ਬੇਦੀ ਕੁਲਦੀਪਾ। ਕਹਿਤਿ ਪਰਸਪਰ ਗਏ ਸਮੀਪਾ ॥੨੯॥ ਦੋਹਰਾ ॥ 'ਸ਼੍ਰੀ ਕਰਤਾਰ, ਕਰਤਾਰ ਜੀ' ਉਚਰਯੋ ਝੰਡੇ ਜਾਇ। ਧਰਿ ਅਹਾਰ ਆਗੈ ਰੁਚਿਰ ਢਿਗ ਬੈਠਯੋ ਹਰਖਾਇ ॥੩੦॥ ਸ਼੍ਰੀ ਨਾਨਕ ਬੂਝਨ ਕਰਯੋ 'ਝੰਡੇ ਸੁਨੀਏ ਸ਼੍ਰੋਨ। ਕਿਹਤੇ ਆਨਯੋ ਅਸਨ ਕੋ ਕਾਜ ਤੁਮਾਰੇ ਕੌਨ ?' ॥੩੧॥ 'ਪਰਮੇਸ਼ੁਰ ਭੇਜਾ ਤੁਮੈਂ,ਕਰਿ ਆਨਯੋ ਮੈਂ ਪਾਸ[2]। ਅਸਨ ਅਚਹੁ ਅਬ ਸੰਤ ਜੀ ! ਪੂਰਨ ਕੀਜੈ ਆਸ'॥੩੨॥ ਚੌਪਈ॥ ਸੁਨਿ ਸ਼੍ਰੀ ਮੁਖਤੇ ਬਚਨ ਬਖਾਨੇ। 'ਪਰਮੇਸ਼ੁਰ ਕੋ ਸਕਹੁ ਪਛਾਨੇ ?। ਜਿਹ ਕੋ ਮੁਨਿ ਜਨ ਖੋਜਨ ਕਰਿਹੀਂ। -ਨੇਤਿ ਨੇਤਿ-ਮੁਖ ਬਹੁਰ ਉਚਰਿਹੀਂ'॥੩੩॥'ਸੁਨਹੁ ਸੰਤ ਜੀ ! ਮਿਲਗੁਨ ਗਾਵਹਿਂ। ਖੋਜਨ ਹਿਤ ਅਭਿਲਾਖ ਵਧਾਵਹਿਂ। ਹਮਕੋ ਮਿਲਹਿ ਜਬਹਿ ਗੁਰਪੂਰਾ। ਸੋ ਲਖਵਾਇ ਆਤਮਾ ਰੂਰਾ' ॥੩੪॥ ਸ਼੍ਰੀ ਨਾਨਕ ਤਬ ਬਚਨ ਉਚਾਰਾ। 'ਕਿਹ ਕੀ[3] ਸੰਗਤਿ ਮੇਲ ਤੁਮਾਰਾ?'। ਝੰਡਾ ਕਹੈ 'ਭੂਪ ਭਗਨੀ-ਸੁਤ[4]। ਭਗਤਿ ਕਰਹਿ ਮਿਲਕੇ ਤਿਹ ਸੰਜੁਤ' ॥ ੩੫ ॥ ਸ਼੍ਰੀ ਗੁਰ ਭਨੈ 'ਅਸਨ ਜੋ ਆਨਾ। ਯਾਂਕੋ ਕਰਹੁ ਪੰਚ ਇਸਥਾਨਾ[5]। ਏਕ ਭਾਗ ਕੋ ਅਸਨ ਜੁ ਹੋਇ। ਮਰਦਾਨੇ ਕੋ ਦੀਜਹਿ ਸੋਇ ॥ ੩੬ ॥ ਇੰਦ੍ਰਸੈਨ ਕੋ ਲੇਹੁ* ਬੁਲਾਈ। ਭੋਜਨ ਪੁਨ ਤੁਮਾਰ ਹਮ ਖਾਈ'। ਆਇਸੁ ਮਾਨਿ ਕੀਨ ਪੰਚ ਭਾਗਾ। ਏਕ ਭਾਗ ਦੇਵਨ ਤਬ ਲਾਗਾ ॥ ੩੭ ॥ ਦੋਹਰਾ ॥ ਨਹਿਂ ਲੇ ਮਰਦਾਨਾ ਕਹੇ 'ਤੁਮ ਖਾਵਹੁ ਮੈਂ ਖਾਉਂ'। ਗੁਰੂ ਭਨੈ 'ਤੁਝ ਭੂਖ ਬਹੁ ਖਾਵਹੁ ਕਰਿ ਨ ਹਟਾਉ[6]' ॥੩੮॥ ਚੌਪਈ॥ਸੁਨਿ ਬਚ

[1]ਵਧਦਾ ਹੈ। [2]ਭੋਜਨ ਤਿਆਰ ਕਰਕੇ ਤੁਸਾਂ ਪਾਸ ਮੈਂ ਆਂਦਾ ਹੈ। [3]ਕਿਸਦੀ। [4]ਰਾਜੇ ਦਾ ਭਣੇਵਾਂ। [5]ਪੰਜ ਥਾਂਈਂ। [6]ਖਾਣਾਂ ਕਰੋ,ਮੋੜੋ ਨਾਂ (ਅ)ਖਾਓ,ਹਥ ਨਾ ਪਰੇ ਕਰੋ। *ਪਾ:-ਆਲਿ

ਅਚਯੋ ਅਸਨ ਮਰਦਾਨੇ। ਔਰ ਧਰਾ ਸਭਿ ਤਿਸਹਿ ਸਥਾਨੇ। ਝੰਡਾ ਗਯੋ ਬੁਲਾਵਨ ਤਾਂਕੋ। ਸੁਧਰਸੈਨ ਨ੍ਰਿਪ ਮਾਤੁਲ ਜਾਂਕੋ॥ ੩੯ ॥ ਇੰਦ੍ਰ-ਸੈਨ ਤਬ ਉਪਬਨ ਬੈਸਾ। ਤਿਹ ਸੋਂ ਬਚਨ ਉਚਾਰਯੋ ਐਸਾ। 'ਕਰਹਿਂ ਹੇਤੁ ਜਿਹ ਗਯਾਨ ਧਿਆਨਾ। ਮਿਲਾ ਸੰਤ ਪੂਰਨ ਗਤਿਦਾਨਾ[1] ॥ ੪੦ ॥ ਚਲਹੁ ਬੁਲਾਵਤਿ ਅਬ ਤਹਿਂ ਪਾਹੀ[2]।ਤੁਮ ਬਿਨ ਅਸਨ ਅਚਤਿ ਸੋ ਨਾਂਹੀ' । ਸੁਨਿ ਕਰਿ ਇੰਦ੍ਰਸੈਨ ਹਰਖਾਨਾ। ਜਨੁ ਪਯਾਸੇ ਕੋ ਸੁਧਾ ਮਿਲਾਨਾ ॥ ੪੧ ॥ ਉਠਿ ਕਰਿ ਗਮਨਯੋ ਤੂਰਨ ਸੰਗਾ। ਜਿਨ ਕੇ ਮਨ ਬਹੁ ਪ੍ਰੇਮ ਉਮੰਗਾ। ਜਹਿਂ ਰਾਜਤਿ ਬੇਦੀ ਕੁਲਟੀਕਾ। ਆਨਿ ਤਹਾਂ ਕਿਯ ਦਰਸ਼ਨ ਨੀਕਾ ॥ ੪੨ ॥ ਪਦ ਅਰਬਿੰਦ ਬੰਦਨਾ ਕਰਿਕੈ। ਬੈਠਯੋ ਨਿਕਟਿ ਭਾਉ ਉਰਿ ਧਰਿਕੈ। ਬੋਲੋ ਕਰਤਿ ਬੇਨਤੀ ਦੋਊ। ਜਿਨ ਕ ਰਿਦੈ ਬਿਕਾਰ ਨ ਕੋਊ ॥ ੪੩ ॥ 'ਜੇ ਕਰਿ ਤੁਮ ਹਹੁ ਗਯਾਨ ਸੰਪੂਰਨ। ਨਿਜ ਉਪਦੇਸ਼ ਦੀਜੀਏ ਤੂਰਨ। ਬਹੁਤ ਦਿਨਨ ਕੀ ਹਮ ਉਰ ਚਾਹੂ। ਕਰਹੁ ਦ੍ਵੈਤ ਸਭਿ ਉਰ ਤੇ ਦਾਹੂ ॥ ੪੪ ॥ ਗਯਾਨਾਨੰਦ ਦਾਨ ਕੋ ਦੀਜੈ। ਹਮ ਪਰ ਸੰਤ ਕ੍ਰਿਪਾਲ ਪ੍ਰਸੀਜੈ। ਕੋਟਕ ਜਨਮ ਬਿਤੀਤੇ ਭੂਲੇ। ਨਿਜ ਸਰੂਪ ਤੇ ਭੇ ਪ੍ਰਤਿਕੂਲੇ ॥ ੪੫ ॥ ਸੋ ਸਰੂਪ ਅਬ ਦੇਹੁ ਦਿਖਾਈ। ਜਾਂਮੈ ਕਬਹੂੰ ਨ ਆਵਨ ਜਾਈ। ਹਰਖ ਸ਼ੋਕ ਕੇ* ਦ੍ਵੰਦ ਬਿਹੀਨਾ। ਜੋ ਕਿਹ ਮਲ ਤੇ ਹ੍ਵੈ ਨ ਮਲੀਨਾ' ॥ ੪੬ ॥ ਸੁਨਿ ਕਰਿ ਬਿਨੈ ਦੀਨ ਦੁਖਗੰਜਨ। ਬੋਲੇ ਹੇਤੁ ਭਗਤ ਭ੍ਰਮ ਭੰਜਨ[3]। 'ਗਯਾਨਾਨੰਦ ਮੈਂ ਚਹੋ ਜਿ ਮਗਨਾ[4]। ਨਿਜ ਸਰੂਪ ਕੀ ਲਿਵ ਕੋ ਲਗਨਾ ॥ ੪੭ ॥ ਤੋ ਪ੍ਰਥਮੈ ਗੁਰ ਦਛਨਾ ਦੀਜੈ। ਪਾਛੈ ਸ਼੍ਰਵਨ ਗਯਾਨ ਕੋ ਕੀਜੈ। ਲਖਨੋ ਜਗਤ ਅਸੱਤਿ[5] ਸਭਿ ਸਾਰੋ। ਯਾਂਤੇ ਸਭਿ ਹਮ ਕੋ ਦੈ ਡਾਰੋ ॥ ੪੮ ॥ ਸੱਤਿ ਵਿਚਾਰ ਵਿਰਾਗ ਜਿ ਆਹੀ। ਆਦਿ ਉਦਾਰ[6] ਸੁ ਗੁਨ ਜਿਸ ਮਾਂਹੀ। ਤਾਂਕੋ ਸਹਿਜ ਸੁਭਾਇਕ ਗਯਾਨਾ। ਹ੍ਵੈ ਆਵਤਿ ਹੈ, ਅਨੰਦ ਮਹਾਨਾ ॥ ੪੯ ॥ ਜਿਨ ਮਹਿਂ ਇਹ ਗੁਨ ਪਾਯਤਿ ਨਾਂਹੀ। ਚਹੈਂ ਕਿ ਗਯਾਨ ਹੋਇ ਉਰ ਮਾਂਹੀ। ਤਿਨ ਕੋ ਕਰਨੋ ਲਖਹੁ ਅਕਾਰਥ। ਸਦਹੀ ਲੰਪਟ ਜਗਤ ਪਦਾਰਥ[7] ॥ ੫੦ ॥ ਤਾਂਤੇ ਤੁਮਰੋ

---

[1]ਮੁਕਤੀ ਦਾਤਾ। [2]ਪਾਸ। [3]ਭਗਤਾਂ ਦੇ ਭਰਮ ਤੋੜਨ ਵਾਸਤੇ। [4]ਮਗਨ ਹੋਣਾ (ਅਤੇ)। [5]ਝੂਠਾ [6]ਸਤਿ,ਵਿਰਾਗ, ਉਦਾਰਤਾ ਆਦਿਕ ਗੁਣ ਜਿਸ ਵਿਚ ਹੈਨ। [7]ਓਹ ਜਗਤ ਦੇ ਪਦਾਰਥਾਂ ਵਿਚ ਲੰਪਟ ਹਨ। *ਪਾ:-ਤੇ।

ਪਰਖਨ ਕਰਿਕੈ। ਬਹੁਰੋ ਦੇਂ ਉਪਦੇਸ਼ ਬਿਚਰਿਕੈ[1]।ਹੋਹੁ ਉਦਾਰ ਤੌ ਦੀਜੈ ਸਭਿ ਹੀ। ਹ੍ਵੈ ਹੈ ਗਯਾਨ ਪਰਾਪਤਿ ਤਬ ਹੀ'॥੫੧॥ ਕਹਿਨ ਲਗੇ'ਹਮਰਾ ਧਨ ਧਾਨਾ*। ਸਦਨ ਸਹਿਤ ਤੁਮ ਚਰਨ ਚਢਾਨਾ। ਹਮ ਨਹਿਂ ਗ੍ਰਹਨਿ ਕਰਹਿਂ ਅਬ ਕੋਊ। ਜੋ ਸਰਬੰਸ ਹੁਤੋ ਦਿਯ ਸੋਊ' ॥ ੫੨ ॥ ਪੁਨ ਬੋਲੇ ਸ਼੍ਰੀ ਮੁਖ ਸੁਖ ਰਾਸਾ। 'ਅਬ ਕਯਾ ਰਹਯੋ ਤੁਮਾਰੇ ਪਾਸਾ'। ਕਰਿ ਵਿਚਾਰ ਉੱਤਰ ਕਹਿ ਧੀਰਾ।'ਹਮਰੇ ਢਿਗ ਅਬ ਏਕ ਸਰੀਰਾ॥੫੩॥ ਔਰ ਨਹੀਂ ਕੋ ਵਸਤੁ ਸਮੀਪਾ'। ਪੁਨ ਬੋਲੇ ਬੇਦੀ ਕੁਲ ਦੀਪਾ।'ਕਰਿ ਵਿਚਾਰ ਦੇਖਹੁ ਮਨ ਮਾਂਹੀ। ਇਸਥਿਰ ਸਦਾ ਸਰੀਰ ਸੁ ਨਾਂਹੀ ॥ ੫੪ ॥ ਯਾਂਤੇ ਕਰਹੁ ਸਮਰਪਨ ਏਹੋ[2]। ਪਾਛੇ ਸ੍ਰਵਨ ਗਯਾਨ ਕਰਿ ਲੇਹੋ'।ਦੋਨੋਂ ਆਇਸੁ ਮਾਨਿ ਸਧੀਰਾ[3]। ਗੁਰੁ ਪਗ ਦਿਯੋ ਸਮਰਪ[4] ਸਰੀਰਾ ॥ ੫੫ ॥ 'ਅਬ ਕਯਾ ਰਹਯੋ ਤੁਮਾਰੇ ਪਾਸੂ?।ਦੇਹੁ ਬਤਾਇ ਬਚਨ ਕਹਿ ਆਸੂ[5]'।ਸੁਨਿ ਕਰਿ ਦੋਨੋ ਬੈਨ ਅਲਾਵਾ। 'ਅਬ ਤੌ ਅੰਤਹਕਰਨ[6] ਰਹਾਵਾ ॥ ੫੬ ॥ ਯਾਂਤੇ ਦੂਜੀ ਵਸਤੁ ਨ ਕੋਈ। ਹੁਤੀ ਜੁ ਹਮ ਢਿਗ ਭਾਖੀ ਸੋਈ'। ਸ੍ਰੀ ਗੁਰੂ ਬੋਲੇ ਬਹੁਰ ਪ੍ਰਬੀਨਾ। 'ਯਹਿ ਭੀ ਪੰਚ ਤੱਤ ਨੈ ਕੀਨਾ ॥ ੫੭ ॥ ਜਾਂਕੋ ਕਾਰਨ ਹੋਇ ਅਸੱਤਯ। ਸੋ ਕਾਰਜ ਨਹਿਂ ਪਿਖਿਯਤਿ[7] ਸੱਤ੍ਯ[8]। ਤਾਂਤੇ ਅੰਤਹਿਕਰਣ ਜੁ ਥਾਰੋ[9]। ਸੋ ਅਬ ਦੇਕਰਿ ਰਿਦੈ ਬਿਸਾਰੋ ॥ ੫੮ ॥ ਪੁਨ ਤੁਮ ਗਯਾਨਾ-ਨੰਦ ਸਮਾਵਹੁ। ਸੰਸੈ ਹੋਇ ਜੁ ਹਮਹਿਂ ਬਤਾਵਹੁ'। ਅਸ ਪ੍ਰਕਾਰ ਜਬ ਗੁਰ ਨੈ ਬਰਨਾ। ਅੰਤਹਿਕਰਨ ਸਮਰਪਯੋ ਚਰਨਾ ॥ ੫੯ ॥ ਜਬ ਧਨ ਤਨ ਮਨ ਦੀਨ ਚਢਾਈ। ਨਾਨਕ ਜੀ ਤਬ ਗਿਰਾ ਅਲਾਈ। 'ਜੋ ਸੰਸਾ ਅਬ ਤੁਮ ਉਰ ਮਾਂਹੀ। ਕਹਹੁ ਲੇਉ ਉਤਰ ਸਭਿ ਤਾਂਹੀ' ॥ ੬੦ ॥ ਤਬ ਸੰਕਲਪ ਉਠਾਵਾ ਦੋਊ।–ਜੋ ਸੰਸੈ ਹੁਇ ਭਾਖਹਿਂ ਸੋਊ–। ਗੁਰੂ ਭਨੈ '–ਸੰਕਲਪਹਿ–ਜੋਊ। ਮਨ ਕੋ ਧਰਮ ਜਾਨਿਯੋ ਸੋਊ ॥ ੬੧ ॥ ਮਨ ਤੋ

---

[1]ਵਿਚਾਰ ਕਰਕੇ। [2]ਭੇਟਾ ਇਹ ਬੀ। [3]ਧੀਰਜ ਨਾਲ। [4]ਭੇਟ ਕਰ ਦਿੱਤਾ। [5]ਛੇਤੀ। [6]ਮੁਰਾਦ ਹੈ ਮਨ, ਬੁਧਿ, ਚਿਤ, ਅਹੰ। [7]ਦਿਖੀਂਦਾ। [8]ਸੱਚਾ। [9]ਤੁਹਾਡਾ ਹੈ।

*ਧਨ ਮਾਲ। ਧਨ ਧਾਨ, ਵੈਦਕ ਸਮੇਂ ਦਾ ਮੁਹਾਵਰਾ ਹੈ। ਜਦੋਂ ਹਿੰਦ ਵਿਚ ਢੁਕੇ ਆਏ ਸਨ ਤਾਂ ਪਹਿਲਾਂ ਧਨ–ਗਊਆਂ ਸਨ, ਕਿਉਂਕਿ ਓਹ ਗੁਆਲੇ ਸਨ, ਫੇਰ ਖੇਤੀ ਟੁਰੀ ਤਾਂ ਧਨ ਹੋ ਗਿਆ–ਧਾਨ=ਛੋਨਾ ਯਾ ਚਾਵਲ। ਇਹ ਮੁਹਾਵਰਾ ਧਨ ਧਾਨ ਤਦੋਂ ਦਾ ਹੈ।

ਹਮਹਿਂ ਸਮਰਪਨ ਕੀਨੋ। ਨਿਜ ਕਾਰਜ ਹਿਤ ਕਿਉਂ ਪੁਨ ਲੀਨੋ।ਗੁਰੂ ਕੋ ਭੇਟ ਦੇਯ ਵਥੁ[1] ਜੋ ਜਨ। ਪੁਨ ਤਿਹ ਸੰਗ ਨ ਕਛੂ ਪਰੋਜਨ*॥੬੨॥ਨਹਿਂ ਸੰਕਲਪ ਉਠਾਵਹੁ ਕੋਊ'।-ਨਿਸ਼ਚੇ-ਕਰਨ ਲਗੇ ਪੁਨ ਦੋਊ।-ਯਹ ਤੌ ਸੱਤਿ ਬਚਨ ਸੁਖਕਰ ਕੌ[2]। ਮਨ ਹਮ ਕੀਨ ਸਮਰਪਨ ਗੁਰ ਕੋ-॥੬੩॥ ਲਖਿ ਤਿਨ ਉਰ ਕੀ ਪੰਕਜ ਨੈਨਾ। ਸ੍ਰੀ ਮੁਖ ਤੇ ਇਵ ਉਚਰੇ ਬੈਨਾ। 'ਅਬ ਤੁਮ-ਨਿਸ਼ਚਾ-ਧਾਰਤਿ ਜੋਊ।ਯਹ ਤੌ ਧਰਮ ਬੁਧਿ ਕੋ ਹੋਊ ॥੬੪॥ ਸੋ ਦੀਨੀ ਗੁਰ ਦੱਛਨ ਮਾਂਹੀ। ਅਬ ਤੁਮ ਧਰਮ ਗਹਹੁ ਤਿਹ[3]†ਕਾਹੀ[4]?'। ਸੁਨਿ ਇਵ ਦੋਨੋ-ਚਿਤਵਨ-ਲਾਗੇ। ਜਿਨ ਕੇ ਵਡੇ ਭਾਗ ਜਗ ਜਾਗੇ ॥ ੬੫ ॥ ਪੁਨਿ ਗੁਰ ਕਹੈਂ 'ਜੁ-ਚਿਤਵਨ-ਧਾਰੀ। ਯਹੀ ਧਰਮ ਹੈ ਚਿੱਤ ਮਝਾਰੀ। ਸੋ ਭੀ ਹਮ ਕੋ ਤੁਮਨੈ ਦੀਨੋ। ਕਿਉਂ ਅਬ ਉਰ ਮੈਂ ਚਿਤਵਨ ਕੀਨੋ?' ॥੬੬॥ ਬਹੁਰਿ ਵਿਚਾਰਤਿ-ਹਉਮੈ-ਦੋਊ।-ਮਨ, ਬੁਧਿ, ਚਿਤ, ਅਰਪੇ ਹਮ ਸੋਊ-। ਭਨਤਿ ਗੁਰੂ '-ਹਉਮੈਂ-ਤੁਮ ਕੀਨੀ। ਸੋ ਤੌ ਹਮ ਕੋ ਪੂਰਬ ਦੀਨੀ ॥੬੭॥ ਅੰਤਹਿਕਰਣ ਸਰੂਪ ਸੁ ਚਾਰੋ। ਸੋ ਦੇ ਡਾਰੇ, ਰਿਦੈ ਬਿਸਾਰੋ। ਇਨਤੇ ਪਰੇ ਜੁ ਹੈ ਸੰਦੇਹੂ।ਕਹੁ ਹਮ‡ ਸੋ ਉੱਤਰ ਅਬ ਲੇਹੂ'॥੬੮॥ ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਕਰਹਿ ਵਿਚਾਰ ਜੁ ਇੰਦ੍ਰਹਿ ਸੈਨਾ। ਬੈਠੇ ਤਬਹੀ ਲਗੀ ਸਮਾਧਾ। ਪਿਖਯੋ-ਆਤਮਾ ਰੂਪ-ਅਬਾਧਾ[5]' ॥੬੯॥ ਇਸ ਬਿਧਿ ਦੇ ਤਿਨ ਕੋ ਉਪਦੇਸ਼ਾ। ਬੋਲੇ ਬਹੁਰ ਬਚਨ ਜਗਤੇਸ਼ਾ।'ਅਬ ਇਹ ਕੀਜੈ ਖਾਨ ਅਹਾਰਾ'। ਮੈਂ[6] ਆਇਸੁ ਕੋ ਪਾਇ ਵ੍ਰਤਾਰਾ ॥ ੭੦ ॥ ਸ੍ਰੀ ਗੁਰੁ ਤਬ ਨਿਜ ਕਰ ਮਹਿਂ ਲੀਨੋ।ਭਗਤ ਜਾਨਿਨਿਜ ਅਚਵਨ ਕੀਨੋ। ਨੀਕੇ ਸੰਤ ਹੋਇ ਜਿਹਥਾਈਂ।ਤਿਹਠਾਂ ਪ੍ਰਭੁਜੀ ਭੋਜਨ ਖਾਈਂ॥੭੧॥ਨਾਤੁਰ ਪੌਨ ਅਹਾਰੀ[7] ਰਹਿਹੀਂ। ਜੋ ਕਿੰਕਰ ਕੇ ਕਲਮਲ ਦਹਿਹੀਂ।ਅਚਵਯੋ ਅਰਧ ਅਸਨ ਗੁਰੁ ਜਬਹੀ। ਪੁਨ ਝੰਡੇ ਕੋ ਦੀਨੋ ਤਬਹੀ॥੭੨॥ਦੋਹਰਾ॥ਹਿਤ ਕਰਿ ਕੀਨੋ ਖਾਨ ਤਿਨ ਖੁਲ੍ਹ ਗੇ ਬਿਕਟ[8] ਕਪਾਟ। ਭਰਮ ਮੋਹ ਕੋ ਨਸ਼ਟ ਕਿਯ ਦ੍ਵੈਤਹਿ[9] ਸਾਂਕਰ[10] ਕਾਟ[11] ॥ ੭੩ ॥ ਚੌਪਈ ॥ ਟਿਕ ਗੀ ਬ੍ਰਿੱਤਿ, ਸਮਾਧਿ ਲਗਾਈ। ਭਯੋ ਬਿਦੇਹਿ ਨ ਸੁਧ ਤਨ ਕਾਈ।ਦੋਨੋਂ ਬੈਠੇ ਹੋਇ ਅਡੋਲਾ।

[1]ਵਸਤੂ । [2]ਸੁਖਦਾਤੇ ਦਾ। [3]ਉਸਦਾ। [4]ਕੀਕੂੰ। [5]ਅਪਾਰ, ਅਵਿਛਿੰਨ (ਅ, ਅਵਿਨਾਸ਼ੀ। [6]ਭਾਵ ਬਾਲੇ ਨੇ। [7]ਪੌਣ ਛਕਣ ਵਾਲੇ। [8]ਕਠਨ। [9]ਦ੍ਵੈਤ ਦੇ। [10]ਸੰਗਲ। [11]ਕੱਟੇ ਗਏ।

*ਪਾ:-ਪ੍ਰਯੋਜਨ। †ਪਾ:-ਗਹਉ ਕਹਿ। ‡ਪਾ:-ਤੁਮ, ਸੋ।

ਸੁਖ ਆਤਮ ਕੋ ਪਾਇ ਅਮੋਲਾ॥੭੪॥ ਤੀਨ ਪਹਿਰ ਬੀਤੇ ਇਸ ਭਾਂਤੀ। ਰਹਿਗੀ ਇਕ ਜਾਮ ਜਬ ਰਾਤੀ। ਉਠਿ ਕਰਿ ਕੀਨੋ ਗੁਰੂ ਇਸ਼ਨਾਨਾ। ਬਹੁਰੋ ਸ਼੍ਰੀ ਸੂਰਜ ਪ੍ਰਗਟਾਨਾ॥੭੫॥ ਤਿਨਹਿਂ ਬੁਲਾਇ ਸਮਾਧਿ ਛੁਟਾਈ। ਮ੍ਰਿਦੁਲ ਗਿਰਾ ਬੋਲੇ ਜਗ ਸਾਈਂ। 'ਇੰਦ੍ਰਸੈਨ ਮੰਜੀ ਅਬ ਲੀਜੈ। ਪੁਰਿ ਕੋ ਗੁਰੁ ਹ੍ਵੈ ਰਹਨਿ ਕਰੀਜੈ'॥੭੬॥ ਹਾਥ ਬੰਦਿ ਦ੍ਵੈ ਬਿਨੈ ਬਖਾਨੀ।'ਭੋ ਕਰਤਾਰ ਰੂਪ ਗੁਨਖਾਨੀ!। ਅਬ ਮੁਝ ਰਹੀ ਨ ਲਾਲਸ ਐਸੀ।ਆਇਸੁ ਆਪ ਕਰਤਿ ਹੋ ਜੈਸੀ॥੭੭॥ ਤੀਨ ਕਾਲ ਜਗ ਜਾਨੋ ਨਾਂਹੀ[1]।ਜਿਉਂ ਸਯਾਮਤਾ ਕੱਜਲ ਮਾਂਹੀ[2]।ਸਰਬ ਮਈ ਪਰਮਾਤਮ ਏਕਾ।ਪਾਵਾ ਤੁਮ ਤੇ ਐਸ ਬਿਬੇਕਾ[3]'॥੭੮॥ ਨਿਸ਼ਚਾ ਦ੍ਰਿੜ ਜਬ ਤਿਨਹਿਂ ਲਖਾਯਾ[4]। ਮੰਜੀ ਪਰ ਝੰਡਾ ਬੈਠਾਯਾ।ਸਰਬ ਦੇਸ਼ ਕੋ ਸਤਿਗੁਰੁ ਕਰਿਕੈ। ਪੁਰਿ ਕੋ ਪਠਾ ਰਜਾਇ ਉਚਰਿਕੈ॥੭੯॥ ਭਈ ਪ੍ਰਗਟਿ ਸਭਿ ਨਗਰ ਮਝਾਰੂ।ਮਨੁਜ ਪਰਸਪਰ ਕਰਤਿ ਉਚਾਰੂ।'ਹੋਈ ਸੁਧਰਸੈਨ ਸੁਧ ਐਸੇ। ਤਪਾ ਸਾਧ ਕੋ[5] ਬਾਹਰ ਬੈਸੇ[6]॥੮੦॥ ਝੰਡੇ ਕੋ ਸਤਿਗੁਰੂ ਬਨਾਯਾ'। ਸੁਨਿ ਨਰੇਸ਼ ਨਰ ਏਕ ਪਠਾਯਾ। ਝੰਡਾ ਇੰਦ੍ਰਸੈਨ ਤਿਂਹ ਕਾਲਾ। ਬੈਠੇ ਦਰਸਹਿਂ ਦੀਨਦਯਾਲਾ॥੮੧॥ ਮਾਨਵ ਆਵਤਿ ਵਾਕ ਅਲਾਵਾ।'ਕੌਨ ਤਪਾ ਤੁਮ ਵਿਖੈ ਕਹਾਵਾ[7]?। ਨਾਮ ਅਹੈ ਸ਼੍ਰੀ ਨਾਨਕ ਜਾਂਕੋ। ਨ੍ਰਿਪਤ ਬੁਲਾਵਤਿ ਹੈ ਅਬ ਤਾਂਕੋ'॥੮੨॥ ਇੰਦ੍ਰਸੈਨ ਬੋਲਯੋ ਤਿਹ ਸਾਥਾ। 'ਮੈਂ ਅਬ ਚਲੌਂ ਨਿਕਟਿ ਨਰ ਨਾਥਾ। ਤਿਹ ਕੋ ਸਭਿ ਬਿਧਿ ਕਹਿ ਸਮਝਾਊਂ।ਬਹੁਰੋ ਆਪ ਪਾਸ ਚਲਿ ਆਊਂ'॥੮੩॥ ਸ਼੍ਰੀ ਗੁਰ ਭਨੈ 'ਉਠਯੋ ਤੈਂ ਕੈਸੇ। ਰਹਹੁ ਨਚਿੰਤ ਇਹਾਂ ਢਿਗ ਬੈਸੇ'। ਇੰਦ੍ਰਸੈਨ ਤਬ ਬਚਨ ਉਚਾਰਾ।'ਹੇ ਪ੍ਰਭੁ ਸੁਨਹੁ ਮੁਕੰਦ ਉਦਾਰਾ!।੮੪॥ਭੂਪਤਿ ਮਾਤੁਲ ਲਾਗਤਿ ਹਮਰਾ।ਭੇਦ ਨ ਜਾਨ ਸਕਹਿ ਸੋ ਤੁਮਰਾ। ਆਇਸੁ ਦੀਜੈ ਤਿਹ ਸਮਝਾਊਂ। ਜਯੋਂ ਹ੍ਵੈ ਭਲਾ ਸੁ ਰੀਤਿ ਬਤਾਊਂ'॥੮੫॥ ਦੋਹਰਾ॥ ਲੇ ਰਜਾਇ ਨ੍ਰਿਪ ਢਿਗ ਗਯੋ ਮਿਲਿ ਅਸ ਬਚਨ ਉਚਾਰ। 'ਸ਼ਰਨ ਗਹਉ ਤਿਹ ਸੰਤ ਕੀ ਲਖਿ ਸਰੂਪ ਕਰਤਾਰ॥੮੬॥ ਚੌਪਈ॥ ਊਨੇ ਭਰੇ ਭਰੇ ਕਰਿ ਊਨੇ। ਉਜਰ[8] ਬਸਾਇ, ਬਸੇ ਕਰਿ ਸ਼ੂਨੇ[9]। ਲਘੁ ਤੇ ਬਡ, ਬਡ ਤੇ ਲਘੁ ਛਿਨ ਮੈਂ। ਅਸ

[1]ਮੈਂ ਹੁਣ ਜਗਤ ਨੂੰ ਤਿੰਨ ਕਾਲ ਅਨਹੋਇਆ ਜਾਣਦਾ ਹਾਂ। [2]ਕਜਲ ਵਿਚ ਕਾਲੋਂ ਵਾਂਙੂ ਸਾਰੇ ਇਕ ਪਰਮਾਤਮਾ। [3]ਗਜਾਨ। [4]ਜਣਾਇਆ। [5]ਕੋਈ। [6]ਬੈਠੇ। [7]ਕਹਾਂਵਦਾ ਹੈ। [8]ਉਜੜੇ। [9]ਖਾਲੀ।

ਸਮਰਥ ਸਮਝਹੁ ਨ੍ਰਿਪ ! ਮਨ ਮੈਂ' ॥ ੮੭॥ ਭੂਪ[1] ਕਹੈ 'ਜਿਹ ਬਿਧਿ ਤੁਮ ਕਹਿਹੋ। ਤਿਹ ਬਿਧਿ ਜਾਇ ਸ਼ਰਨ ਮੈਂ ਗਹਿਹੋਂ।ਜਿਹ ਕੀ ਮਹਿਮਾ ਸੁਨਿ-ਯਤਿ ਭਾਰੀ। ਦਰਸ ਕਰਨ ਅਭਿਲਾਖ ਹਮਾਰੀ' ॥੮੮॥ ਇੰਦ੍ਰਸੈਨ ਕਹਿ 'ਭੇਟਾ ਲੀਜੈ। ਅਪਨਾ ਆਪ ਨਿਵਾਰਨ ਕੀਜੈ। ਸ਼ੁਭ ਫਲ ਮਧੁਰ ਅਸਨ ਧਰਿ ਆਗੇ। ਕਰਹੁ ਡੰਡੌਤ ਚਰਨ ਜੁਗ ਲਾਗੇ'॥੮੯॥ ਮਾਨੀ ਸੀਖ[2] ਸੁਸਾ ਕੇ ਸੁਤ ਕੀ[3]। ਲਖੀ ਰਿਦੇ—ਭਾਖਤਿ ਮਮ ਹਿਤ ਕੀ—। ਸੁਨਿ ਭੇਟਾ ਲੇਕਰਿ ਸੋ ਆਵਾ। ਇੰਦ੍ਰਸੈਨ ਜਿਹ ਸੰਗਿ ਸੁਹਾਵਾ ॥ ੯੦ ॥ ਦੋਹਰਾ ॥ ਪਗ ਨੰਗੇ ਮਨ ਦੀਨ ਹ੍ਵੈ ਪ੍ਰੇਮ ਸੰਗ ਤਿਹ ਆਨਿ। ਕਰ ਬੰਦੇ ਬੰਦਨ ਕਰੀ ਧਰ ਪਰ ਦੰਡ ਸਮਾਨ[4] ॥ ੯੧ ॥ ਚੌਪਈ ॥ ਕਰਿ ਅਸ਼ਟਾਂਗ[5] ਚਰਨ ਅਨੁ-ਰਾਗਾ[6]। ਪਰਯੋ ਰਹਯੋ ਉਠਤਿ ਨ ਵਡਭਾਗਾ।ਪਿਖਿ ਗੁਰੂ ਦਈ ਪੀਠ*ਪਰ ਥਾਪੀ। 'ਉਠਹੁ ਭੂਪ ਅਤਿ ਭਾ ਪਰਤਾਪੀ ॥ ੯੨ ॥ ਨ੍ਰਿਪਤਿ. ਸਤਾਰਹਿ ਤੋਹਿ ਸਮੀਪਾ। ਸਭਿ ਕੈ ਭਯੋ ਤੁਹੀ ਅਵਨੀਪਾ[7]। ਆਨਿ ਕਰਹਿੰਗੇ ਤਵ ਪਦ ਬੰਦਨ। ਜੇ ਨ ਆਇੰ ਚਢਿ ਕਰਹੁ ਨਿਕੰਦਨ†' ॥ ੯੩ ॥ ਪ੍ਰੇਮ ਅਧਿਕ ਜਬ ਤਿਹਕਾ ਦੇਖਾ। ਦੀਨੋ ਬਰ 'ਹ੍ਵੈ ਰਾਜ ਬਿਸ਼ੇਖਾ'। ਸੁਧਰਸੈਨ ਸੁਨਿ ਕਰਿ ਹਰਖਾਨਾ। ਸ਼੍ਰੀ ਕਰਤਾਰ ਸਮਾਨ ਪਛਾਨਾ ॥ ੯੪ ॥ ਦੋਹਰਾ ॥ ਬਿਨੈ ਕਰੀ ਕਰ ਬੰਦਿਕੈ ਲੇਯ ਚਲਾ ਨਿਜ ਧਾਮ। ਏਕ ਮਾਸ ਤਿਹਠਾਂ ਰਹੇ ਪੂਰਨ ਕਿੰਕਰ ਕਾਮ[8] ॥ ੯੫ ॥ ਚੌਪਈ ॥ ਸ਼੍ਰੀ ਗੁਰ ਭਨੈਂ 'ਨਰੇਸ਼ ! ਸੁਨੀਜੈ।ਝੰਡੇ ਕੀ ਸਮਤਾ ਨਹਿੰ ਕੀਜੈ।ਜੇਕਰਿ ਅਪਨ ਭਲਾ ਤੁਮ ਚਹਿਈ। ਸਦਾ ਨਮਯੋ[9] ਆਗੈ ਤਿਹ ਰਹਿਈ' ॥੯੬॥ ਸਰਬ ਦੇਸ਼ ਸਿੱਖੀ ਪ੍ਰਗਟਾਇ। ਝੰਡੇ ਅੱਗ੍ਰਜ[10] ਦਏ ਨਿਵਾਏ। ਸਿਮਰਨ ਨਾਮ ਦਾਨ ਇਸ਼ਨਾਨਾ। ਕਰਹਿੰ ਮਨੁਜ ਨਿਜ ਭਲਾ ਪਛਾਨਾ ॥ ੯੭ ॥ ਬਹੁਰ ਚਲਨ ਕੀ ਬਾਤ ਚਲਾਈ। ਸੁਨਤਿ ਨ੍ਰਿਪਤ ਨੇ ਗਿਰਾ ਅਲਾਈ। 'ਗਜ ਬਾਜੀ[11] ਸਭਿ

---

[1]ਰਾਜਾ। [2]ਸਿੱਖਯਾ। [3]ਭੈਣ ਦੇ ਪੁੱਤ੍ਰ ਦੀ। [4]ਡੰਡੇ ਵਾਂਙੂ ਪੈਕੇ। [5]ਲੰਮੇ ਪੈਕੇ ਨਮਸਕਾਰ। [6]ਪ੍ਰੇਮ ਵਿਚ। [7]ਰਾਜਾ। [8]ਦਾਸਾਂ ਦੇ ਕੰਮ ਪੂਰਨ ਵਾਲੇ। [9]ਨਿਵਿਆਂ। [10]ਅੱਗੇ। [11]ਘੋੜੇ। *ਪਾ:—ਕੰਡ।

†ਇਸ ਪ੍ਰਕਾਰ ਦੇ ਵਾਕ ਗੁਰ ਨਾਨਕ ਦੇਵ ਜੀ ਦੀ ਬਾਣੀ ਸਿੱਧ ਕਰਦੀ ਹੈ ਕਿ ਉਨ੍ਹਾਂ ਦੇ ਮੂੰਹੋਂ ਨਿਕਲਨੇ ਓਪਰੇ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਭੀ ਇਹ ਵਾਕ ਨਹੀਂ ਹਨ।

ਰਾਜ ਸਮਾਜਾ। ਨਿਜ ਕਰ ਝੰਡੇ ਕੋ ਦਿਹੁ ਆਜਾ॥ ੯੮॥ ਮੋਕੋ ਲੇਹੁ ਆਪਨੇ ਸਾਥਾ॥ਰਹਿ ਨ ਸਕੋਂ ਤੁਮ ਬਿਨਜਗਨਾਥਾ॥ਮੀਨ ਨੀਰ ਗਤਿ ਸ਼੍ਰੀ ਪਗ* ਸੇਗਾ[1]। ਅਸ[2] ਕਹਿਤਯੋ ਉਰ ਪ੍ਰੇਮ ਉਮੰਗਾ[3] ॥ ੯੯ ॥ ਪੁਲ-ਕਾਵਲ ਤਨ ਗਦਗਦ ਬਾਨੀ। ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ॥ ਦੇਖਿ ਪ੍ਰੀਤਿ ਅਸ ਉਰ ਕੀ ਸਾਚੀ। ਸ਼੍ਰੀ ਨਾਨਕ ਜੀ ਗਿਰਾ ਉਬਾਚੀ[4] ॥ ੧੦੦ ॥ ‘ਧਰਹੁ ਧਯਾਨ ਨਿਤ ਉਰ ਅਵਨੀਪਾ। ਮੈਂ ਹੌਂ ਤੁਮਰੇ ਸਦਾ ਸਮੀਪਾ। ਸੁਚ ਸੋਂ ਪੰਚਾਂਮ੍ਰਿਤ ਕਰਿਵਾਵਹੁ। ਟਕਾ ਰਾਖਿ ਅਰਦਾਸ ਅਲਾਵਹੁ॥੧੦੧॥ਦੋਹਰਾ॥ ਹਾਜਰ ਹੋਵੈਂ ਆਨਿ ਤਬ ਕਰੌਂ ਕਾਮਨਾ[5] ਪੂਰ’। ਅਸ ਕਹਿ ਬਹੁ ਧੀਰਜ ਦਯੋ ਭੂਪਤਿ ਕੋ ਜਗਮੂਰ[6] ॥ ੧੦੨ ॥ ਸਰਬ ਨਗਰ ਕੇ ਨਰ ਮਿਲੇ ਝੰਡੇ ਆਦਿ ਜਿ ਆਨ। ਤਿਨ ਕੋ ਧੀਰਜ ਦੇ ਗੁਰੂ ਪੁਨ ਕੀਨੋ ਪ੍ਰਸਥਾਨ ॥ ੧੦੩ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ‘ਸੁਧਰਸੈਨ ਝੰਡੇ ਬਾਢੀ ਕੋ’ ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਮੋਂ ਅਧਯਾਯ ॥ ੫੩ ॥

### ੫੪. [ਗੁਰ ਚਰਨ ਮੰਗਲ। ਮਧੁਰਬੈਨ, ਦੇਵਲੂਤ ਰਾਖਸ਼]

ਦੋਹਰਾ ॥ ਸ਼ਾਰਦੂਲ ਸ਼੍ਰੀ ਗੁਰੁ ਚਰਨ ਸ਼ਰਨ ਪਰਯੋ ਮੈਂ ਧਾਇ।
ਜੰਬੁਕ ਜਮ ਬਪੁਰਾ ਨਿਬਲ ਤਾਂਕੋ ਕਹਾਂ ਬਸਾਇ ॥ ੧ ॥

{ ਸ਼ਾਰਦੂਲ=ਸ਼ੇਰ [ਸੰਸ:, ਸ਼ਾਰਦੂਲ]। ਜੰਬੁਕ=ਗਿਦੜ [ਸੰਸ:, ਜਮਬੁਕ]।
ਬਪੁਰਾ=ਵਿਚਾਰਾ, ਗ਼੍ਰੀਬ। ਬਸਾਇ=ਵਸਹੈ, ਵਸ ਚਲੇ, ਪੇਸ਼ ਜਾਵੇ। }

**ਅਰਥ**—ਸ਼੍ਰੀ ਗੁਰੂ ਜੀ ਦੇ ਚਰਨ ਸ਼ੇਰ (ਸਮਾਨ ਹਨ), ਮੈਂ ਦੌੜ ਕੇ ਉਨ੍ਹਾਂ ਦੀ ਸ਼ਰਨ ਜਾ ਪਿਆ ਹਾਂ, (ਹੁਣ ਭਲਾ) ਜਮ ਦਾ, (ਜੋ) ਨਿਰਬਲ ਤੇ ਬਪੁੜਾ ਗਿਦੜ ਹੈ, ਕੀ ਵਸ ਚੱਲੇ।

ਸ਼੍ਰੀ ਬਾਲਾ ਸੰਧੁਰੁ ਵਾਚ ॥ਚੌਪਈ॥ਸੁਨਹੁ ਕਥਾ ਸ਼੍ਰੀ ਅੰਗਦ ਰੂਰੀ॥ ਸਰਬ ਕਾਮਨਾ ਕਰਹਿ ਜੁ ਪੂਰੀ। ਸੁਧਰਸੈਨ ਕੋ ਦੇ ਉਰਧੀਰਾ[7]। ਗਮਨੇ ਆਗੇ ਗੁਨੀ ਗ-ਹੀਰਾ॥੨॥ਚਲੇ ਜਾਹਿੰ ਸਾਗਰ ਪੈ ਐਸੇ॥ਬਿਨਾਂ ਪੰਕਧਰਨੀ ਪਰ ਜੈਸੇ॥ਭਨਤਿ ਜਾਤਿ ਸ਼੍ਰੀ ਮੁਖ ਤੇ ਬਚਨਾ। ਹਾਸ ਕਰਨ ਕੀ ਜਿਨ ਮਹਿੰ ਰਚਨਾ ॥੩॥ ਟਾਪੂ ਆਵਾ ਏਕ ਅਗਾਰੀ। ਗਮਨ ਕੀਨ ਪੁਨ ਤਾਂਹਿ ਮਝਾਰੀ। ਦੋਇ ਕੋਸ ਤੇ ਪੁਰਿ ਇਕ ਦੇਖਾ। ਅਤਿ ਸੁੰਦਰ ਜਿਹ ਦੁਰਗ[8] ਬਿਸ਼ੇਖਾ॥

---

[1](ਆਪ ਦੇ) ਚਰਨਾਂ ਨਾਲ ਮੱਛੀ ਪਾਣੀ ਵਾਲੀ ਹਾਲਤ ਹੈ। [2]ਐਸੇ। [3]ਉਛਲਿਆ। [4]ਕਹੀ। [5]ਇੱਛਾ। [6]ਭਾਵ ਗੁਰੂ ਜੀ ਨੇ। [7]ਧੀਰਜ। [8]ਫਸੀਲ।

*ਪਾ:—ਮੀਨ ਨੀਰ ਸੰਗਤ ਪਗ।

੪॥ ਤਿਹਠਾਂ ਬੈਸਿ ਗਏ ਗਤਿਦਾਨਾ।ਨਿਕਟ ਨਗਰ ਨਹਿਂ ਕੀਨ ਪਯਾਨਾ।
ਤੀਨ ਦਿਵਸ ਬੀਤੇ ਉਦ੍ਯਾਨਾ[1]। ਤਬ ਮਰਦਾਨੇ ਬਚਨ ਬਖਾਨਾ ॥੫॥
'ਆਇਸੁ ਦੇਹੁ ਨਗਰ ਮਹਿਂ ਜਾਵੌਂ। ਤਿਹ ਬਿਲੋਕਿ ਮੈਂ ਤੂਰਣ ਆਵੌਂ'।
ਬੋਲਤਿ ਭੇ ਸ੍ਰੀ ਮੁਖ-ਬਿਗਸਾਨੇ। 'ਛੁਧਾ ਲਗੀ ਹੁਇ ਹੈ ਮਰਦਾਨੇ' ॥੬॥
ਦੋਹਰਾ॥'ਤੁਮਕੋ ਭੂਖ ਨ ਬਯਾਪਈ,ਤ੍ਰਿਖਾ ਸੰਤਾਇ[2]ਨ ਕੋਇ।ਮੋਕੋ ਆਤੁਰ[3]
ਅਤਿ ਕਰੈ ਕਿਉਂ ਨ੍ਰਿਬਾਹਿ ਹਮ ਹੋਇ* ॥ ੭ ॥ ਚੌਪਈ ॥ ਫਿਰੋਂ ਸੰਗ
ਤੁਮਰੇ ਹਠ ਕਰਿਕੈ।ਅਚੌਂ ਅਸਨ ਅਬ ਨਗਰ ਨਿਹਰਿਕੈਂ[4]'।ਸ੍ਰੀ ਗੁਰ ਭਨੈਂ
'ਧਰਹੁ ਸੰਤੋਖੈਂ। ਸ੍ਰੀ ਕਰਤਾਰ ਕਰੈ ਤਵ ਪੋਖੈਂ ॥ ੮ ॥ਜਤਨ ਕਰਨ ਹਿਤ
ਮਨ ਨ ਡੁਲਾਵਹੁ। ਪਰਾਲਬਧ ਬੈਠੇ ਹੀ ਪਾਵਹੁ'। ਬੂਝਨ ਲਗਾ ਬਹੁਰ
ਮਰਦਾਨਾ। 'ਕਯਾ ਇਹ ਪੁਰਿ ਕੋ ਨਾਮ?ਸੁਜਾਨਾ!'॥੯॥ ਸੁਨਿ ਸ੍ਰੀ ਗੁਰੂਨੈ
ਦੀਨ ਬਤਾਈ। 'ਨਾਮ ਬ੍ਰਹਮ ਪੁਰ† ਇਸਹਿ ਅਲਾਈ[5]। ਜਾਨਹੁ ਬ੍ਰਹਮਣ
ਭੂਪਤਿ[6]ਨਗਰਾ[7]।ਕਰਤਿ ਰਾਜ ਇਹ ਟਾਪੂ ਸਗਰਾ'॥੧੦॥ਕਹਿਤਿ ਪਰਸ-
ਪਰ ਅਸਬਿਧਿ ਬੈਨਾ।ਜੇ ਨਿਜ ਕਿੰਕਰ ਕੋ ਗਤਿ ਦੈਨਾ।ਤਿਹ ਛਿਨ ਬ੍ਰਿੰਦ
ਮਿਰਗ ਲਘੁ[8] ਆਏ। ਚਕਿਤ[9] ਬਿਲੋਕਤਿ[10] ਸ਼੍ਰੋਨ[11]† ਉਠਾਏ ॥ ੧੧ ॥
ਭੈ ਕਰਿ ਭਾਗੇ ਜਾਹਿਂ ਅਗਾਰੇ। ਆਵਤਿ ਸੂਕਰ[12]ਬਹੁਰ ਨਿਹਾਰੇ।ਬਦਨ[13]
ਰਦਨ[14]ਛਬਿ ਅਸ ਤਿਹ ਠੌਰੇ। ਜਨੁ ਸ਼ਸ਼ਿ ਗਹੇ ਰਾਹੁ ਬਹੁ ਦੌਰੇ[15]॥੧੨॥
ਆਏ ਤਿਨ ਕੇ ਸ੍ਵਾਨ ਪਿਛਾਰੀ। ਗਹਨ ਹੇਤ[16] ਦੌਰੇ ਬਲਧਾਰੀ । ਲਏ
ਬਾਵਰਾਂ[17] ਪੁਨ[18] ਨਰ ਆਏ। ਬਹਿਰੀ,ਬਾਜ, ਸੀਚਾਨ[19] ਉਡਾਏ ॥੧੩॥

---

[1]ਜੰਗਲ (ਵਿਚ)। [2]ਸਤਾਉਂਦੀ। [3]ਦੁਖੀ। [4]ਦੇਖਕੇ। [5]ਕਹਿੰਦੇ ਹਨ। [6]ਰਾਜਾ। [7]ਸ਼ਹਿਰ ਦਾ। [8]ਛੋਟੇ। [9]ਹੈਰਾਨੀ ਨਾਲ। [10]ਦੇਖਦੇ। [11]ਕੰਨ। [12]ਸੂਰ। [13]ਮੁੱਖ। [14]ਦੰਦ। [15]ਸੂਰ ਦੌੜੇ ਜਾ ਰਹੇ ਹੈਨ ਉਨ੍ਹਾਂ ਦੇ ਦੰਦ ਚਿੱਟੇ ਹੈਨ ਤੇ ਮੂੰਹ ਕਾਲੇ ਹੈਨ ਇਹ ਛਬੀ ਮਾਨੋਂ ਐਸੀ ਹੈ ਕਿ ਚੰਦਰਮਾਂ ਨੂੰ ਰਾਹੂ ਫੜਕੇ ਦੌੜੇ ਜਾ ਰਹੇ ਹਨ। [16]ਫੜਨ ਵਾਸਤੇ। [17]ਜਾਲ। [18]ਫਿਰ। [19]ਬਹਰੀ, ਬਾਜ, ਸੀਚਾਨ, ਤ੍ਰੈ ਬਾਜ਼ ਦੀ ਕਿਸਮ ਦੇ ਸ਼ਿਕਾਰੀ ਪੰਛੀ ਹਨ।

*ਪਾਃ—ਮੋਕੋ ਤੇ ਆਤੁਰ ਕਰੇ ਕਿਉਂ ਨਿਬਾਹ ਅਬ ਹੋਇ।

†ਇਨ੍ਹਾਂ ਅਧਯਾਵਾਂ ਵਿਚੋਂ ਜਾਪਦਾ ਹੈ ਕਿ ਆਸਾਮ ਦੇਸ਼ ਦਾ ਸੈਲਾ ਹੋ ਰਿਹਾ ਹੈ। ਬ੍ਰਹਮਕੁੰਡ ਨਾਮੇ ਇਕ ਜਗ੍ਹਾ 'ਡਿਬਰੂ ਗੜ੍ਹ' ਤੋਂ ਪੂਰਬੋਤ੍ਰ ਵੱਲ ਹੈ, ਹੋ ਸਕਦਾ ਹੈ ਕਿ ਉਸ ਤੋਂ ਮੁਰਾਦ ਹੋਵੇ, ਯਾ 'ਬ੍ਰਹਮਣ ਬੇਰੀਆ' ਤੋਂ ਮੁਰਾਦ ਹੋਵੇ ਜੋ ਟਿਪਰਾ ਪਹਾੜੀਆਂ ਦੇ ਪੱਛੋਂ ਵਲ ਮੇਗਨਾ ਨਦੀ ਦੇ ਲਾਗੇ ਹੈ। ਟਾਪੂ ਪਦ ਜ਼ਰੂਰੀ ਨਹੀਂ ਕਿ ਜਜ਼ੀਰੇ ਲਈ ਹੀ ਵਰਤਿਆ ਜਾਵੇ। ‡ਪਾਃ—ਕਾਲ।

ਜਿਨਤੇ ਬਹੁਤ ਬਿਹੰਗ ਗਹਾਏ[੧]। ਬਹੁਰ ਸਊਰ[੨]* ਦੁਰਾਵਤਿ[੩] ਆਏ। ਤਿਨ ਕੇ ਪਾਛੇ ਹੁਤੋ ਭੁਵਾਲਾ[੪]। ਜਾਂਕੀ ਸ਼ੋਭਾ ਦਿਪਤ[੫] ਬਿਸਾਲਾ ॥ ੧੪ ॥ ਜਹਿਂ ਬੈਸੇ ਬੇਦੀ ਕੁਲ ਦੀਪਾ। ਸੋ ਚਲਿ ਆਵਾ ਤਬਹਿ ਸਮੀਪਾ। ਮਰਦਾਨੇ ਸੋਂ ਬੋਲਯੋ ਐਸੇ। 'ਅਹੋ ਕੌਨ ਤੁਮ ਕਾਨਨ ਬੈਸੇ?'॥੧੫॥ਬੈਸਯੋ ਖਿਝਤਿ[੬] ਛੁਧਾ ਜਿਹ ਲਾਗੀ। ਨ੍ਰਿਪ ਬੂਝੇ ਤੇ ਰਿਸ[੭] ਪੁਨ ਜਾਗੀ। ਕਹਨ ਲਗਯੋ 'ਲੋਚਨ ਤੁਝ ਸੰਗਾ। ਦੇਖਹੁ ਹਮ ਮਾਨੁਖ ਸਰਬੰਗਾ' ॥ ੧੬ ॥ ਮਧੁਰਬੈਨ ਸੁਨਿ ਬੈਨ ਅਲਾਏ। 'ਹੇ ਅਤੀਤ ਤੁਮ? ਦੇਹੁ ਬਤਾਏ'। ਖਿਝਿਕੈ ਬਹੁ ਬੋਲਯੋ ਮਰਦਾਨਾ। 'ਤੁਝ ਕਯਾ ਲੋਚਨ ਸੰਗ ਦਿਖਾਨਾ[੮]†' ॥ ੧੭ ॥ ਅਸ ਕਹਿ ਬੰਕ[੯] ਨੈਨ[੧੦] ਕਰਿ ਹੇਰਾ। ਨ੍ਰਿਪ ਸੋਂ ਬੋਲਯੋ ਬਚਨ ਨ ਫੇਰਾ॥ਨੀਚ ਡੀਠ[੧੧] ਕਰਿ ਬੈਠ ਰਹਾਵਾ। ਜਿਹ ਕਿਹ ਕੋ[੧੨] ਨਹਿਂ ਬੋਲ ਸੁਖਾਵਾ॥੧੮॥ ਸੁਨਿ ਸ੍ਰੀ ਅੰਗਦ ਮੈਂ ਤਬ ਜਾਨੀ।—ਸ੍ਰੀ ਨਾਨਕ ਹੈ ਤੂਸ਼ਨ ਠਾਨੀ। ਖਿਝਯੋ ਛੁਧਾ ਸੋਂ ਬਹੁ ਮਰਦਾਨਾ—। ਯੌਂ‡ ਬਿਚਾਰ ਮੈਂ ਬਚਨ ਬਖਾਨਾ॥੧੯॥ ਦੋਹਰਾ॥ 'ਹਮ ਆਏ ਪਰਦੇਸ਼ ਤੇ ਕਿਸਹੂ ਸੋਂ ਨ ਪਛਾਨ।ਸੋਭ ਬੇਖ ਦੇਖਤਿ ਫਿਰੈਂ ਅਵਨੀ[੧੩] ਸ਼ੁਭ ਇਸਥਾਨ§' ॥ ੨੦ ॥ ਚੌਪਈ ॥ ਅੱਗ੍ਰਜ ਤਹਿਂ ਟਾਪੂ ਸੁਧ ਹੋਈ[੧੪]। —ਏਕ ਤਪਾ ਹੈ ਨਾਨਕ ਕੋਈ। ਝੰਡੇ ਕੋ ਸਤਿਗੁਰੂ ਬਨਾਯਾ। ਸੁਧਰਸੈਨ ਬਹੁ ਭੂਪ[੧੫] ਬਧਾਯਾ[੧੬]—॥ ੨੧ ॥ ਮਧੁਰਬੈਨ ਸਮਝੀ ਮਨ ਮਾਂਹੀ।—ਸੋਊ ਤਪਾ[੧੭] ਸੁਨਯੋ ਜਸੁ ਜਾਂਹੀ—।ਨਿਸ਼ਚੇ ਕਰਿ ਬੂਝਨ ਕੇ ਕਾਰਨ।ਬਹੁਰੋ ਕੀਨੋ ਬਚਨ ਉਚਾਰਨ॥੨੨॥'ਕੋ ਹੈ ਨਾਮ ਕੌਨ ਤੁਮ ਦੇਸ਼ਾ?। ਕਹਾਂ ਸਿਧਾਰਹੁ ਕਾਂਕੋ ਬੇਸਾ?'।ਸੁਨਿ ਮੈਂ ਕਹਯੋ 'ਨਾਮ ਮਮ ਬਾਲਾ। ਇਹ ਸਰੂਪ ਸ੍ਰੀ ਨਾਨਕ ਦਯਾਲਾ ॥੨੩॥ ਦੋਹਰਾ ॥ ਯਾਂਕੋ ਮਰਦਾਨਾ ਅਹੈ, ਮੱਦ੍ਰ[੧੮] ਦੇਸ਼ ਹਮ ਧਾਮ। ਸੇਵਤਿ ਸ੍ਰੀ ਗੁਰੂ ਪਦ ਪਦਮ ਮੁਕਤਿ ਹੋਨ ਕੇ ਕਾਮ' ॥ ੨੪ ॥ ਚੌਪਈ ॥ ਹਰਖਯੋ ਮਧੁਰਬੈਨ ਸੁਨਿ ਬੈਨਾ। ਨਿਸ਼ਚੇ ਲਖਯੋ ਰਿਦੇ ਗਤਿਦੈਨਾ। ਉਤਰ ਤੁਰੰਗ ਜੋਰਿ ਜੁਗ ਹਾਥਾ। ਭਯੋ ਦੀਨ ਬੰਦੇ ਜਗ ਨਾਥਾ ॥ ੨੫ ॥ ਕਿਧੌ

[੧]ਪੰਛੀ ਫੜਾਏ। [੨]ਅਸਵਾਰ। [੩](ਘੋੜੇ)ਭਜਾਂਵਦੇ। [੪]ਰਾਜਾ। [੫]ਪ੍ਰਕਾਸ਼ਦੀ ਹੈ। [੬](ਮਰਦਾਨਾ) ਬੈਠਾ ਖਿੱਝਦਾ ਸੀ। [੭]ਕ੍ਰੋਧ। [੮]ਦਿੱਸਦਾ ਹੈ ? (ਅ) ਨਹੀਂ ਦਿੱਸਦਾ ?। [੯]ਟੇਢੇ। [੧੦]ਨੇਤ੍ਰ। [੧੧]ਨੀਵੀਂ ਨਜ਼ਰ। [੧੨]ਜਿਸ ਨੂੰ ਕਿਸੇ ਦਾ। [੧੩]ਧਰਤੀ ਦੇ। [੧੪]ਹੋ ਚੁਕੀ ਸੀ। [੧੫]ਰਾਜਾ। [੧੬]ਵਧਾਯਾ। [੧੭]ਇਹ ਉਹੋ ਤਪਾ ਹੈ। [੧੮]ਪੰਜਾਬ। *ਪਾਠਾਂਤ੍ਰ:—ਅਸਵਾਰ। †ਪਾ:—ਦਿਸਾਨਾ। ‡ਪਾ:—ਇਉਂ। §ਪਾ:—ਸ਼ੁਭਾਸ਼ੁਭ ਥਾਨ=ਚੰਗੇ ਮਾੜੇ ਥਾਂ।

ਪ੍ਰੇਮ ਪੁਨ ਬਿਨੈ ਬਖਾਨੀ। 'ਗਮਨਹੁ ਨਗਰ ਬਿਖੈ ਗੁਨਖਾਨੀ!। ਜਹਿਂ ਮੰਦਰ ਬਹੁ ਬਨੇ ਬਚਿੱਤ੍ਰਾ। ਪਾਇ ਪਾਉਂ ਨਿਜ ਕਰਹੁ ਪਵਿੱਤ੍ਰਾ ॥ ੨੬ ॥ ਲੇ ਕਰਿ ਅੰਨ ਬਨਾਇ ਭੰਡਾਰਾ। ਅਚਹੁ ਆਪ ਕਰਿ ਮਧੁਰ ਅਹਾਰਾ। ਰੰਗ ਅਨੇਕ ਲੇਹੁ ਸੁਠ ਚੀਰੰ। ਪਹਿਰਹੁ ਗੁਨੀ ਗਹੀਰ! ਸਰੀਰੰ ॥ ੨੭ ॥ ਪੁਰਿ ਨ ਚਲਹੁ ਤੌ ਇਹਾਂ ਪੁਚਾਵੈਂ। ਕਰੌਂ ਸੁ ਬਿਧਿ ਜਸ ਆਇਸੁ ਪਾਵੈਂ"। ਸੁਨਿ ਭੁਵਾਲ ਕੀ ਐਸੀ ਬਾਨੀ। ਬੋਲੇ ਬਚਨ ਗੁਰੂ ਗੁਨ ਖਾਨੀ ॥ ੨੮ ॥

ਬਿਲਾਵਲ ਮਹਲਾ੧ ॥*

ਏਕ ਭੰਡਾਰਾ ਨਾਮ ਕਾ ਜਿਨ ਸਭ ਕਿਛੁ ਦੀਆ ॥ ਭੂਖ ਨੰਗ ਸਭ ਛੀਨ ਕੈ ਅਪਨਾ ਕਰ ਲੀਆ ॥ ੧ ॥ ਐਸਾ ਨਾਮੁ ਨ ਛੋਡੀਐ ਸਦ ਸੰਗੁ ਹਮਾਰੇ ॥ ਲੇਖਾ ਕੋਇ ਨ ਪੂਛਈ ਮਨ ਮੀਤ ਪਿਆਰੇ ॥ ੧ ॥ ਰਹਾਉ ॥ ਭੋਜਨ ਉਤਮ ਹਮ ਕੀਆ ਸੰਤਨ ਪਰਸਾਦਿ ॥ ਜਲ ਸੀਤਲ ਸਤ ਕਾ ਪੀਆ ਹਿਰਦੇ ਮਹਿ ਸਾਂਤਿ ॥੨॥ ਬਸਤਰ ਬ੍ਰਹਮ ਪਛਾਨਿਆ ਕਾਂਇਆ ਕੇ ਸੰਗ ॥ ਲਖ ਚਉਰਾਸੀ ਏਕ ਹੈ ਹੂਏ ਨਿਰਭੰਗ ॥ ੩ ॥ ਨਾਨਕ ਕਹੇ ਰਾਜਿੰਦ੍ਰ ਸੁਣ ਸਭ ਝੂਠ ਪਸਾਰਾ ॥ ਦ੍ਰਿਸਟਮਾਨ ਸਭ ਬਿਨਸੁ ਜਾਇ ਰਹਿ ਏਕੰਕਾਰਾ ॥ ੪ ॥

ਦੋਹਰਾ॥ ਸੁਨੇ ਬੈਨ ਮਨ ਦੀਨ ਹ੍ਵੈ ਬੰਦੇ ਦੋਨੋ ਪਾਨ। ਕਹੈ'ਕਰਹ ਉਪਦੇਸ਼ ਮੁਝ ਅਧਿਕਾਰੀ ਸ਼ੁਭ[1] ਜਾਨ' ॥ ੨੯ ॥ ਚੌਪਈ ॥ ਬਾਰ ਬਾਰ ਬੰਦਤਿ ਪਦ ਗੁਰੂ ਕੋ। ਬਿਨੈ ਭਨਤਿ ਬਹੁ ਹਿਤ ਕਰਿ ਉਰ ਕੋ। ਕਮਲ ਬਦਨ ਲਖਿ ਕਰਿ ਜਗਯਾਸੀ[2]।ਉਪਦੇਸ਼ਨ ਹਿਤ ਗਿਰਾ ਪ੍ਰਕਾਸ਼ੀ[3] ॥੩੦॥ 'ਜਗਤ ਲਖਹੁ ਮਿਥਿਆ ਅਹਿ[4] ਦਾਮੂ[5]। ਸਿਮਰਨ ਕਰਹੁ ਸਦਾ ਸਤਿਨਾਮੂ। ਕਰਮ ਧਰਮ ਤਪ ਨੇਮ ਅਨੇਕਾ। ਸਰਬ ਅਫਲ ਜੇ ਨਾਮ ਨ ਏਕਾ ॥ ੩੧ ॥ ਯਾਂ ਪਰ ਸੁਨਿ ਦ੍ਰਿਸ਼ਟਾਂਤ ਮਹਾਨਾ।ਅਫਲਨਾਮ ਬਿਨਜਿਉਂ† ਸਭਿ ਜਾਨਾ। ਕਾਗਦ ਪਰ ਨਹਿਂ ਲਿਖਯੋ ਇਕਾਂਗਾ।ਸ਼ੂਨ ਲਿਖਨ[6] ਪਰ ਮਨ ਅਨੁਰਾਗਾ ॥੩੨॥ਤਿਨ ਤੇ ਸਰਯੋ ਨ ਏਕੋ ਕਾਜਾ[7]।ਭਾ ਬਿਰਥਾ ਸਭਿ ਲਿਖਨ ਸਮਾਜਾ[8]। ਪੂਰਬ[9] ਲਿਖਯੋ ਇਕਾਂਗ[10] ਬਨਾਈ। ਲਿਖੀ ਸ਼ੂਨ[11] ਤਬ ਅਫਲ[12]

---

[1]ਚੰਗਾ। [2]ਅਧਿਕਾਰੀ। [3]ਕਹੀ। [4,5]ਰੱਸੀ ਵਿਚ ਸੱਪ ਦੇ (ਭਰਮ ਵਾਂਙੂ)। [6]ਕਾਗਤ ਤੇ ਏਕਾਂਗ (੧) ਨਾ ਲਿਖ ਕੇ ਨਿਰੀਆਂ ਬਿੰਦੀਆਂ ਲਾਈਏ, ਤਾਂ ਕੋਈ ਰਕਮ ਨਹੀਂ ਬਣਦੀ। [7]ਪੂਰਾ ਨਾ ਹੋਯਾ ਕੋਈ ਬੀ ਕੰਮ। [8]ਸਾਮਾਨ। [9]ਪਹਿਲੇ। [10]ਏਕਾ। [11]ਬਿੰਦੀ। [12]ਬਿਅਰਥ। *ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ। †ਪਾਃ—ਇਹੁ।

ਨ ਜਾਈ* ॥੩੩॥ ਜੋ ਇਕਾਂਗ ਪਰ[1] ਲਿਖਿ ਹੈਂ ਸ਼ੂਨਾ। ਸ਼ੂਨ ਸ਼ੂਨ ਤੇ ਹੈ[2] ਦਸ ਗੁਨਾਤਯੋਂ ਜੇ ਨਾਮ ਸੰਗ ਤਪਤਾਪਹਿਂ।ਪੂਜਾ ਬ੍ਰੱਤ ਨੇਮ ਜਪ ਜਾਪਹਿਂ ॥੩੪॥ ਸੋ ਦਸ ਗੁਨਾਂ ਅਧਿਕ ਫਲ ਪਾਵਹਿਂ। ਹੋਹਿਂ ਮੁਕਤਿ ਜਮ ਸੰਗ ਨ ਜਾਵਹਿਂ।ਅਹੈ ਸ਼ਿਰੋਮਣਿ ਸਭਿ ਕੌ ਨਾਮੂ।ਸਿਮਰਹੁ ਸਦਾ ਆਨ ਤਜਿ ਕਾਮੂ ॥੩੫॥ਮਧੁਰਬੈਨ! ਸੁਨਿਯੇ ਮਨ ਐਸਾ।ਹੋਤਿ ਪਸੂ ਹਰਿਆਇਓ[3] ਜੈਸਾ।ਨਿਜ ਸਥਾਨ ਕੋ ਤਜਿਤਜਿ ਜਾਈ।ਕ੍ਰਿਖੀ ਬਿਖੈ ਮਹਿਂ[4] ਪਰ ਹੈ ਧਾਈ॥੩੬॥ਕਾਠ-ਭਾਰ[5] ਗੁਰ ਸ਼ਬਦ ਮਹਾਨਾ। ਜਿਨ ਗਰ[6] ਪਾਇ ਸੁ ਧਾਰਨਠਾਨਾ[7]। ਬਹੁਰ ਨ ਦੌਰਹਿ[8] ਕਰਿ ਅਨੁਸਾਰੇ। ਸੋ ਹਰਿ ਦਰਗਹਿ ਜਾਂਹਿ ਸੁਖਾਰੇ’॥ ੩੭ ॥ ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਨਾਮ ਲਗੀ ਲਿਵ ਰਿਦੇ ਨਰੇਸ਼ਾ।ਭਾਉ-ਭਗਤਿ ਹਿਰਦੇ ਮਹਿਂ ਜਾਗੀ। ਸਤਿਸੰਗਤਿ ਮਹਿਂ ਮਤਿ ਅਨੁਰਾਗੀ ॥੩੮॥ ਸ੍ਰੀ ਗੁਰੁ ਸੋਂ ਪੁਨ ਬਿਨੈ ਬਖਾਨੀ। ਨਗਰ ਬਿਖੈ ਆਨੇ ਗੁਨਖਾਨੀ। ਜਹਿਂ ਅਨੇਕ ਥੇ ਸੁੰਦਰ ਮੰਦਿਰ। ਸੁਠ ਪਰਯੰਕ[9] ਡਸਾਵਾ ਅੰਦਰ ॥੩੯॥ ਚੰਗ ਅਨੇਕ ਵਿਛਾਵਨ ਛਾਏ। ਤਾਂ ਪਰ ਪੰਕਜ ਬਦਨ ਬਸਾਏ। ਨਾਨਾ ਭਾਂਤਿ ਭਾਉ ਉਰਧਰਿਕੈ।ਘਰ ਨਿਜ ਰਾਖੇ ਸੁਖਦ[10] ਬਿਚਰਿਕੈ॥੪੦॥ਸਤਿਸੰਗਤਿ ਕੀ ਰੀਤਿ ਪ੍ਰਕਾਸ਼ੀ। ਦੁਰਮਤਿ ਨਰ ਉਰ ਕੀਨ ਬਿਨਾਸ਼ੀ।ਸਭਿ ਮਹਿਂ ਭਾਉ ਭਗਤਿ ਪ੍ਰਗਟਾਵਾ। ਸਰਬ ਦੇਸ਼ ਤਿਹ ਨਾਮ ਜਪਾਵਾ ॥ ੪੧ ॥ ਮਧੁਰਬੈਨ ਤਜਿ ਹਉਮੈਂ ਰੀਤਾ। ਸੇਵਹਿ ਸਤਿਗੁਰ ਚਰਨ ਸਪ੍ਰੀਤਾ। ਜਗਤ ਕੁਬੰਧਨ ਸਗਰੇ ਨਾਸ਼ੇ। ਹਿਰਦੇ ਆਤਮਗਯਾਨ ਪ੍ਰਕਾਸ਼ੇ ॥ ੪੨ ॥ ਕਰੁਨਾ ਪਾਇ ਬਿਸਾਲ ਨਿਹਾਲਾ। ਬਨਿਵਾਈ ਪੁਰਿ ਮਹਿਂ ਧਰਮਸਾਲਾ। ਦੇਗ ਚਲਾਵਨ ਲਗਯੋ ਅਭੰਗਾ। ਭੋਜਨ ਸੰਗਤਿ ਅਚਹਿ ਨਿਸ਼ੰਗਾ ॥੪੩॥ਕੇਤਿਕ ਦਿਵਸ ਬਿਤੀਤੇ ਜਬਹੀ। ਸ੍ਰੀ ਨਾਨਕ ਨ੍ਰਿਪ ਸੋਂ[11] ਕਹਿਂ[12] ਤਬ ਹੀ। ‘ਸੁਧਰ ਸੈਨ ਕੀ ਆਨ ਮਨੀਜੈ। ਜਾਇ ਸਦਨ ਤਿੰਹ ਭੇਟਾ ਦੀਜੈ’ ॥੪੪॥ ਸੁਨਿ ਕਰਿ ਮਧੁਰਬੈਨ ਕਹਿ ਐਸੇ। ‘ਜਿਉਂ ਉਚਰਹੁ ਕਰਿਹੈਂ ਹਮ ਤੈਸੇ। ਰਾਵਰ ਕੀ ਆਇਸ ਅਨੁਸਾਰਾ। ਚਲਹਿਂ ਸਭਿਹਿ, ਕੋ ਕਰਹਿ ਬਿਚਾਰਾ’ ॥ ੪੫ ॥

---

[1]ਏਕੇ ਪਰ। [2]ਦਸ ਗੁਣਾਂ। [3]ਓਹ ਪਸ਼ੂ ਦੋ ਹਰੇ ਖੇਤਾਂ ਵਲ ਦੌੜੇ। [4]ਵਿਸ਼ਿਆਂ (ਰੂਪੀ) ਖੇਤੀ ਵਿਚ। [5]ਡਹਿਆ, ਜੋ ਹਰਿਆਰ ਪਸ਼ੂ ਦੇ ਗਲ ਬੰਨ੍ਹਦੇ ਹਨ। ਨਾਮ ਮਾਨੋ ਡਹਿਆ ਹੈ। [6]ਗਲ ਵਿਚ। [7]ਧਾਰਨ ਕੀਤਾ ਹੈ। [8](ਪਸ਼ੂ ਰੂਪ ਮਨ) ਨਹੀਂ ਦੌੜਦਾ। [9]ਪਲੰਘ। [10]ਸੁਖ ਦਾਤੇ। [11]ਰਾਜੇ ਨੂੰ। [12]ਕਹਿਆ। *ਪਾ:—ਲਿਖੀ ਨ ਸੂਨ ਤ ਅਫਲ ਨ ਜਾਈ।

ਬਹੁਰੋ ਬੋਲੇ ਬੈਨ ਕ੍ਰਿਪਾਲਾ । 'ਹਮ ਗਮਨਹਿਂ[1] ਅਬ, ਸੁਨਹੁ ਭੁਵਾਲਾ ! ।
ਅਨਤ ਦੇਸ਼ ਦੇਖਿਨਿ ਕੀ ਚਾਹੂ' । ਸੁਨਿ ਰਾਖਨ ਹਿਤ ਕਹਿ ਨਰਨਾਹੂ[2] ॥
੪੬॥ 'ਸ੍ਰੀ ਪ੍ਰਭੁ ਜੀ ! ਮੁਝ ਕਿੰਕਰ ਜਾਨਹੁ। ਭਗਤ ਵਛਲ ਨਿਜ ਬਿਰਦ
ਪਛਾਨਹੁ । ਦੇਹੁ ਦਰਸ ਕੇਤਿਕ ਦਿਨ ਔਹੀ । ਕਰਹੁ ਨਿਹਾਲ ਬਸਹੁ*
ਇਹਠੌਰੀ' ॥੪੭॥ ਨ੍ਰਿਪ ਕੇ ਕਹੇ ਰਹੇ ਕਛੁ ਕਾਲਾ । ਆਗੇ ਗਮਨੇ ਬਹੁਰ
ਕ੍ਰਿਪਾਲਾ। ਗਏ ਉਲੰਘਿ ਸਰਬ ਸੋ ਦੇਸ਼ਾ । ਸਾਗਰ ਪਰ ਗਵਨੇ ਜਗਤੇਸ਼ਾ
॥੪੮॥ ਮੈਂ ਪਾਛੇ ਬਹੁਰੋ ਮਰਦਾਨਾ । ਹਾਸ ਬਿਲਾਸ ਕਰਤਿ ਬਿਧਿਨਾਨਾ ।
ਤੀਨ ਦਿਵਸ ਇਵ† ਚਲਤਿ ਬਿਤਾਏ।ਪਹੁੰਚਤਿ ਭਏ ਤਬਹਿ ਇਕ ਥਾਏ
॥੪੯॥ ਦੋਹਰਾ ॥ ਟਾਪੂ ਹੁਤੋ ਬਿਸਾਲ ਸੋ ਬਹੁ ਪਰਬਤ ਜਿਹ ਮਾਂਹਿ। ਨਗਰ
ਦੇਵ ਗੰਧਾਰ‡ ਵਡ ਰਾਖ਼ਸ਼ ਬਸੈਂ ਤਹਾਂਹਿ[3] ॥ ੫੦ ॥ ਚੌਪਈ ॥ ਇਕ ਗਿਰ
ਨਿਕਟ ਥਾਨ ਰਮਣੀਕਾ । ਬੈਠੇ ਤਹਿਂ ਬੇਦੀਕੁਲਟੀਕਾ । ਦੋਇ ਮਹੂਰਤ
ਬੀਤੇ ਜਬਹੀ । ਬੋਲਯੋ ਮਰਦਾਨਾ ਬਚ ਤਬਹੀ ॥੫੧॥ 'ਪਰਬਤ ਬਹੁ ਇਸ
ਟਾਪੂ ਮਾਂਹੀ।ਬਸਹਿ ਨਗਰ ਕੈਧੌਂ ਹਯਾਂ ਨਾਂਹੀ। ਇਹ ਇਸਥਾਨ ਭਯਾਨਕ
ਦੇਖਾ । ਜਹਿਂ ਕਹਿਂ ਇਹਾਂ ਉਜਾਰ ਬਿਸ਼ੇਖਾ' ॥੫੨॥ ਸ੍ਰੀ ਗੁਰੁ ਭਨੈਂ 'ਜੀਉ
ਜੋ ਤੇਰਾ । ਨਗਰ ਬਿਖੇ ਨਿਤ ਕਰਤਿ ਬਸੇਰਾ । ਪੁਰਿ ਕੋ ਬੂਝਹਿਂ ਜਾਵਹਿਂ
ਜਹਿਂਵਾ[4]।ਤੂਸ਼ਨ ਕਰਿ ਨਹਿ ਬੈਸੇਂ ਕਹਿਂਵਾ[5]॥੫੩॥'ਸ੍ਰੀ ਪ੍ਰਭੁ ਮੁਝ ਕੋ ਛੁਧਾ
ਬਿਸਾਲਾ । ਬਿਨ ਅਹਾਰ ਤੇ ਭਯੋ ਬਿਹਾਲਾ । ਤੀਨ ਦਿਵਸ ਬਿਨ ਅਸਨ
ਬਿਤਾਏ। ਅਬ ਬੂਝੇ ਮੈਂ ਇਹ ਠਾਂ ਆਏ ॥੫੪॥ਸਾਹਿਬ ਕੋ ਭੈ ਕਰਿਯੇ ਉਰ
ਮੈਂ।ਕਹਿਤ ਮੂੜ੍ਹੇ—ਤਵ ਮਨ ਬਸ ਪੁਰਿਮੈਂ§—।ਕਹੂੰ ਕਹੂੰ ਹੌਂ ਪਾਇ ਅਹਾਰਾ।
ਹਠ ਕਰਿ ਫਿਰੌਂ ਤੁਮਾਰ ਸੰਗਾਰਾ[6]॥੫੫॥ਦੋਹਰਾ॥ ਤਰਕਤਿ[7] ਹੋ ਮੋ ਕੋ ਅਬੈ,
ਕੈਸੇ ਹੋਇ ਨਿਬਾਹਿ । ਛੁਧਾ ਸੰਗ ਬਿਹਬਲ ਭਯੋ, ਆਪ ਹਸੀ ਨਿਤ
ਪ੍ਰਾਹਿ[8] ॥ ੫੬ ॥ ਚੌਪਈ ॥ ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ । ਬਿਗਸੰਤਿ
ਮੈਂ ਬੋਲਯੋ ਤਿਹ ਕਾਲਾ।'ਮਰਦਾਨਾ ਹੈ ਸਾਚ ਉਚਾਰਤਿ । ਜਨਮ ਸੁਭਾਉ

---

[1]ਜਾਂਦੇ ਹਾਂ। [2]ਨਰਾਂ ਦਾ ਮਾਲਿਕ=ਰਾਜਾ । [3]ਤਿੱਥੇ। [4]ਜਿੱਥੇ ਵੀ ਅਸੀਂ ਜਾਂਦੇ ਹਾਂ। [5]ਕਿਤੇ ਬੀ।
[6]ਆਪ ਦੇ ਨਾਲ। [7]ਮੇਹਣੇ ਦੇਂਦੇ ਹੋ। [8]ਕਹਿੰਦੇ ਹੋ। *ਪਾਃ—ਰਹਹੁ। †ਪਾਃ—ਯੋਂ।

‡ਹੋ ਸਕਦਾ ਹੈ ਕਿ ਇਸ ਤੋਂ ਮੁਰਾਦ 'ਦੇਪਾ ਗਿਰੀ' ਦੀ ਹੋਵੇ, ਇਹ ਪਹਾੜੀ
ਜਗਾ ਸੰਗਲਦੀਪ ਦੇ ਪੂਰਬੋਤ੍ਰ ਹੈ। §ਪਾਃ—ਮਨ ਬਸ ਤਵ ਪੁਰ ਮੈਂ ।

ਛੁਧਾ ਪੁਨ ਆਰਤ ॥ ੫੭ ॥ ਬਨੀ ਏਕ ਸੀ* ਦੋਨੋ ਬਾਤੀ[੧] । ਹਿਰਦੇ ਧੀਰ ਧਰਹਿ ਕਿਹ ਭਾਂਤੀ' । ਸ੍ਰੀ ਗੁਰੂ ਕਹੈਂ 'ਸੁਨਹੁ ਮਰਦਾਨਾ । ਇਹ ਪੁਰਿ ਕੌਡੇ ਕੇਰ ਸਮਾਨਾ[੨] ॥ ੫੮ ॥ ਤਪਤ ਕਰਾਹੇ ਮਹਿਂ ਜਿਨ ਪਾਯੋ । ਸ੍ਰੀ ਕਰਤਾਰਹਿ ਤੋਹਿ ਬਚਾਯੋ । ਅਬ ਪੁਨ ਜਾਵਹੁ ਨਗਰ ਮਝਾਰੀ । ਸ੍ਰੀ ਪ੍ਰਭੁ ਕਰੈ ਤੋਰ ਰਖਵਾਰੀ' ॥੫੯॥ ਮਰਦਾਨਾ ਕਹਿ 'ਜਰੋ ਸੁ ਨਗਰਾ । ਕਬਹਿ ਨ ਜਾਵੋਂ ਤਿਹ ਕੇ ਦਗਰਾ[੩]। ਕਿਉਂ ਹੂੰ[੪] ਬਚੇ ਤਬਹਿ ਮਮ ਪ੍ਰਾਨਾ। ਅਬ ਗਹਿਕੈ ਕਰਿ ਹੈ ਕੋ ਖਾਨਾ' ॥੬੦॥ ਸੁਨਿਕੈ ਬਿਗਸਿ ਕਹਯੋ ਗੁਰੁ ਪੂਰੈ। 'ਜਾਨੋਂ ਇਸ ਪੁਰਿ ਬਿਖੈ ਜਰੂਰੈ। ਬਿਨਾਂ ਗਏ ਤੇ ਸਰੈ ਨ ਕਾਜੂ। ਯਾਂਤੇ ਚਲਿ ਜਾਵਹੁ ਤੁਮ ਆਜੂ' ॥੬੧॥ 'ਪ੍ਰਭੁ ! ਸੁਨਿ ਮੇਰੇ ਬਚਨ ਰਿਸ਼ਾਵਹੁ। ਰਾਖਸ਼ ਢਿਗ ਤੇ ਮੁਝੈ ਹਨਾਵਹੁ[੫] । ਗਹਿ ਕਰਿ ਕੋ ਪਾਵਹਿ ਮੁਖ ਮਾਂਹੀ । ਕਿਹ ਬਿਧਿ ਬਚਨ[੬] ਹੋਇ ਤਬ ਨਾਂਹੀ ॥ ੬੨ ॥ ਪੁਰਿ ਦਿਸ਼ ਮੁਖ ਕਰਿ ਮੈਂ ਨ ਸਿਧਾਰਉਂ[੭] । ਮਾਰਯੋ ਚਹੋ ਆਪ ਤੁਮ ਮਾਰਉ'। ਇਸ ਪ੍ਰਕਾਰ ਕੇ ਬਚਨ ਬਿਲਾਸਾ । ਕਰਤਿ ਹੁਤੇ ਸੰਤਨ ਸੁਖਰਾਸਾ ॥ ੬੩ ॥ ਤਿਹ ਛਿਨ ਨਿਕਸਯੋ ਰਾਖਸ਼ ਰਾਜਾ । ਵਹਿਰ ਨਗਰ ਤੇ ਲਿਯੇ ਸਮਾਜਾ । ਚਢਯੋ ਅਖੇਰ ਬਿਰਤਿ[੮] ਕੇ ਕਾਰਨ । ਸੰਗ ਵਡੋ ਰਾਖਸ਼ ਦਲ[੯] ਦਾਰੁਨ[੧੦] ॥ ੬੪ ॥ ਲਾਖ ਸਪਤ ਦਸ† ਦੇਹਿ ਉਤੰਗਾ[੧੧] । ਵਡ ਕੁਰੂਪ ਜਿਨ ਮੇਚਕ[੧੨] ਰੰਗਾ। ਕੈਧੋਂ ਸ਼ਯਾਮ[੧੩] ਘਟਾ ਸੋ ਆਵੈ। ਬਕ ਸੇ[੧੪] ਨਿਕਸੇ ਦਾਂਤ ਲਖਾਵੈ ॥ ੬੫ ॥ ਨਾਸਾਂ ਕਰਨ ਕੂਪ ਸੇ[੧੫] ਜਿਨ ਕੇ । ਲੋਚਨ[੧੬] ਸ਼੍ਰੋਣਤ ਸਰਸੇ[੧੭] ਤਿਨ ਕੇ । ਲੋਹਿਤ[੧੮] ਬਰਨ[੧੯] ਬਿਸਾਲਹਿ ਬਾਲਾ[੨੦] । ਪਹਿਰੇ ਗਲ ਮਹਿਂ ਹਾਡਨ[੨੧] ਮਾਲਾ ॥ ੬੬ ॥ ਦੋਹਰਾ ॥ ਸ੍ਰੀ ਗੁਰੂ ਕੇ ਜੋ ਨਿਕਟਿ ਗਿਰ[੨੨] ਤਿਸਤੇ ਊਰਧ ਥਾਨ[੨੩] । ਮਰਦਾਨਾ ਦੇਖਤਿ ਭਯੋ ਨਿਕਸੇ ਮਾਨਹੁ ਪ੍ਰਾਨ ॥ ੬੭ ॥ ਚੌਪਈ ॥ ਪੀਤ ਭਯੋ ਕੰਪਤਿ ਸਰਬੰਗਾ[੨੪] । ਮੁਖ ਤੇ ਬੋਲ ਨ ਸਕਹਿ ਨਿਸੰਗਾ ।–ਮਰੇ ਕੁਥਾਂਇ ਆਇ ਕਰਿ ਅਬ ਹੀ । ਜੀਵਨ ਹੋਇ ਹਮਾਰ ਨ ਕਬਹੀ–॥ ੬੮ ॥ ਦੋਹਰਾ ॥ ਕਰ ਕੇ ਸੰਗ[੨੫] ਬਤਾ-

---

[੧]ਬਾਤਾਂ । [੨]ਕੌਡੇ ਦੇ ਵਾਂਗੂੰ । [੩]ਰਸਤੇ । [੪]ਮਸਾਂ ਕਿਵੇਂ । [੫]ਮਰਵਾਂਵਦੇ ਹੋ । [੬]ਬਚਾਉ । [੭]ਮੈਂ ਨਹੀਂ ਜਾਵਾਂਗਾ । [੮]ਸ਼ਿਕਾਰ ਦੇ ਸੰਕਲਪ ਨਾਲ [ਸੰਸਃ, ਆਖੇਟ ਬ੍ਰਿਤਿ]। [੯]ਫੌਜ। [੧੦]ਭਯਾਨਕ। [੧੧]ਉਚੀਆਂ । [੧੨]ਕਾਲਾ । [੧੩]ਕਾਲੀ। [੧੪]ਬਗਲੇ ਵਰਗੇ। [੧੫]ਨਾਸਾਂ, ਕੰਨ ਖੂਹ ਜੇਹੇ ਸਨ । [੧੬]ਨੇਤ੍ਰ। [੧੭]ਲਹੂ ਵਰਗੇ (ਲਾਲ) । [੧੮]ਲਾਖੇ । [੧੯]ਰੰਗ ਦੇ। [੨੦]ਲੰਮੇ ਵਾਲ । [੨੧]ਹੱਡਾਂ ਦੀਆਂ। [੨੨]ਪਹਾੜ । [੨੩]ਉਚੇ ਥਾਉਂ । [੨੪]ਸਾਰੇ ਅੰਗ। [੨੫]ਹਥ ਨਾਲ, ਭਾਵ ਇਸ਼ਾਰੇ ਨਾਲ ।

*ਪਾਃ–ਸੈ, ਸੇ। †੧੭ ਲਖ ਤੋਂ ਮੁਰਾਦ ਹੈ ਬਹੁਤੀ ਫੌਜ।

ਵਝੀ 'ਕਰਹੁ ਉਪਾਵ ਜਿ ਕੋਇ। ਰਾਖਸ਼ ਖੈ ਹੈਂ[1] ਆਨ ਕਰਿ ਨਿਸ਼ਚੈ ਮ੍ਰਿਤੁ ਅਬ ਹੋਇ' ॥ ੬੯ ॥ ਚੌਪਈ ॥ ਜਸੋਂ ਜਸੋਂ ਰਾਖਸ਼ ਢਿਗ ਚਲਿ ਆਵੈ। ਤਯੋਂ ਮਰਦਾਨਾ ਸੁਕਚਯੋ[2] ਜਾਵੈ। ਭਾਗਨ ਚਹੈ ਨ ਉਠਿ ਤਬ ਸੱਕਈ। --ਹਮ ਨਹਿਂ ਦੇਖਹਿਂ--ਇਤ ਉਤ ਤੱਕਈ ॥ ੭੦ ॥ ਇਸ ਬਿਧਿ ਦੇਖਯੋ ਦਯਾ ਅਵਾਸਾ। ਭੈ ਖੰਡਨ ਹਿਤ ਬਚਨ ਪ੍ਰਕਾਸ਼ਾ। 'ਮਰਦਾਨੇ ਉਰ ਧੀਰਜ ਧਰਿਯੇ। ਸ੍ਰੀ ਪ੍ਰਭੁ ਕੋ ਮੁਖ ਨਾਮ ਉਚਰਿਯੇ ॥੭੧॥ ਨਿਰਭੈ ਹ੍ਵੈ ਕਰਿ ਦੇਖਿ ਤਮਾਸ਼ਾ'। ਯੌਂ ਕਹਿ ਤੂਸ਼ਨ ਭੇ ਸੁਖਰਾਸਾ। ਤਿਨ ਮਹਿਂ ਹੁਤੋ ਜੁ ਰਾਖਸ਼ ਰਾਊ[3]। ਹਮ ਕੋ ਦੇਖਿ ਭਯੋ ਹਰਖਾਊ ॥ ੭੨ ॥ ਨਿਜ ਸੈਨਾ ਸੰਗਿ ਬੋਲਯੋ ਬਾਨੀ। ਹਿੰਸਾ ਮਹਿਂ[4] ਜਿਹ ਚਾਹਿ ਮਹਾਨੀ। 'ਚਿਰੰਕਾਲ ਮਹਿਂ ਭਲੋ ਸ਼ਿਕਾਰਾ। ਮਾਨੁਖ ਆਮਿਖ[5] ਬਨਾ ਅਹਾਰਾ ॥੭੩॥ ਗਿਰ ਕੇ ਤਰ[6] ਤੀਨੋ ਨਰ ਬੈਸੇ। ਜਾਇ ਗਹੋ ਭਾਗਹਿ ਨਹਿਂ ਜੈਸੇ'। ਸੁਨਿ ਕਰਿ ਨਿਜ ਭੂਪਤ ਕੇ ਬੈਨਾ। ਤ੍ਰੈ ਰਾਖਸ਼ ਆਏ ਤਜਿ ਸੈਨਾ ॥੭੪॥ ਜਹਿਂ ਬੈਸੇ ਬੇਦੀ ਕੁਲਦੀਪਾ॥ ਜਬਹੀ ਪਹੁੰਚੇ ਆਨ ਸਮੀਪਾ। ਤਿਹ ਛਿਨ ਅੰਧ ਭਏ ਮਤਿਮੂਢੇ। ਚਲਨ ਪੰਥ[7] ਨਹਿਂ ਪਾਵਹਿਂ ਢੂੰਡੇ[8] ॥੭੫॥ ਇਤ ਉਤ ਬਿਚਰਤਿ ਸੂਝਤਿ ਨਾਂਹੀ[9]। ਤਿਨ ਕੋ ਦੇਖਿ ਪ੍ਰਭੂ ਬਿਗਸਾਹੀ॥ਹਟਿ ਜਬ ਗਮਨੇ ਪਾਛਲ ਓਰਾ। ਦੀਸਨ ਲਗਜੋ ਤਬੈ ਤਿਨ ਥੋਰਾ ॥੭੬॥ ਜਾਇ ਭੂਤ ਸੋਂ ਬਾਤ ਸੁਨਾਈ। 'ਜਬ ਹਮ ਨਿਕਟਿ ਗਏ ਤਿਹ ਥਾਂਈ। ਦੇਖਿ ਰਹੇ ਤਬ ਨਹੀਂ ਦਿਸਾਨੇ। ਹਟਿ ਆਏ ਚਲਿ ਮਨ ਬਿਸਮਾਨੇ[10]' ॥੭੭॥ ਰਾਖਸ਼ ਰਾਇ ਕਹੈ ਰਿਸ ਬੈਨਾ। 'ਤਹਾਂ ਜਾਇ ਕਯਾ ਭਾ ਤੁਮ ਨੈਨਾ'। ਲੈਨ ਪਠੇ ਤੀਨੋ ਪੁਨ ਔਰੀ। ਚਲਿ ਕਰਿ ਆਏ ਤੂਰਨ ਦੌਰੀ[11] ॥੭੮॥ ਪ੍ਰਿਥਮੈ ਜਿਉਂ ਅੰਧੇ ਸੋ ਭਏ॥ਹਟਿ ਕਰਿ ਨ੍ਰਿਪਤਿ ਨਿਕਟਿ ਤਬ ਗਏ॥ਕਹਿਨ ਲਗੇ 'ਸੁਨਿਯੇ ਅਵਨੀਪਾ !। ਨਹਿਂ ਦੀਸਹਿ ਜਬ ਜਾਇਂ ਸਮੀਪਾ ॥੭੯॥ ਹੋਇਂ ਦੂਰ ਜਬ, ਦੇਤਿ ਦਿਖਾਈ॥ਅਚਰਜ ਹੀ ਕੁਛ ਲਖੀ ਨ ਜਾਈ'। ਸੁਨਿ ਭੂਪਤਿ[12] ਮਤਿ ਹ੍ਵੈ ਬਿਸਮਾਏ॥ਤ੍ਰੈ ਰਾਖਸ਼ ਪੁਨ ਔਰ ਪਠਾਏ ॥ ੮੦ ॥ ਪੂਰਬ ਜਸੈਂ ਹ੍ਵੈ ਅੰਧ ਸਿਧਾਰੇ। ਸਪਤ ਵਾਰ ਇਸ ਰੀਤਿ ਪਧਾਰੇ॥ਅਚਰਜ ਰਾਖਸ਼ਰਾਜੇ[13] ਮਾਨਾ॥ਨਿਜ ਮੰਤ੍ਰੀ ਸੋਂ ਬਚਨ ਬਖਾਨਾ॥੮੧॥

[1] ਖਾਣਗੇ। [2] ਸੁੰਗੜਦਾ। [3] ਰਾਜਾ। [4] ਜੀਵਾਂ ਦੇ ਮਾਰਨੇ ਵਿਚ। [5] ਮਨੁਖ ਦਾ ਮਾਸ। [6] ਹੇਠਾਂ ਵਾਰ। [7] ਤੁਰਨ ਲਈ ਰਾਹ। [8] ਲੱਭਿਆ ਨਹੀਂ ਮਿਲਦਾ। [9] ਦਿਖਾਈ ਨਹੀਂ ਦਿੰਦਾ। [10] ਅਸਚਰਜ ਹੋਕੇ। [11] ਦੌੜ ਕੇ। [12] ਰਾਜਾ। [13] ਰਾਖਸ਼ਾਂ ਦੇ ਰਾਜੇ ਨੇ।

'ਇਹ ਕਯਾ ਅਚਰਜ ਜਾਇ ਨ ਜਾਨਯੋ। ਸਪਤਵਾਰ ਫਿਰ ਕਿਸੂ ਨ ਆ-
ਨਯੋ। ਮੰਤ੍ਰੀ ਉਚਰੈ 'ਸੁਨਹੁ ਛਿਤੇਸਾ[1]।ਕਲਾਵਾਨ ਇਹ ਕੋਊ ਬੈਸਾ ॥੯੨॥
ਜੇ ਕਰਿ ਹੋਵੈ ਆਪ ਰਜਾਈ[2]। ਪਰਖੌਂ ਮੈਂ ਇਨ ਕੇ ਢਿਗ ਜਾਈ'। ਆਇ-
ਸ ਪਾਇ ਸਚਿਵ[3] ਸੋ ਆਯੋ। ਸ਼ੁੱਧ ਆਤਮੈ, ਕਪਟ ਗਵਾਯੋ ॥੯੩॥ 'ਸੇਵਾ
ਕਰੋਂ ਸੰਤ ਜੀ! ਤੁਮਰੀ। ਦੇਖਨ ਸ਼ਰਧਾ ਪੂਰਹੁ ਹਮਰੀ'। ਇਸ ਬਿਧਿ[4]
ਕਹਿਤਿ ਬੰਦਿ[5] ਦ੍ਵੈ ਹਾਥਾ। ਚਲਿ ਕਰਿ ਆਵਾ ਢਿਗ ਜਗ ਨਾਥਾ ॥੯੪॥
ਦੋਹਰਾ॥–ਪੂਰਨ ਪਰਮੇਸ਼ੁਰ ਯਹੀ–ਪ੍ਰੇਮ ਮੰਤਰੀ ਧਾਰਿ।ਬੰਦਨ ਕਰਿਕੈ ਬੈਠਿ
ਗਾ ਨੀਕੇ ਬਚਨ ਉਚਾਰ ॥ ੯੫ ॥ ਚੌਪਈ ॥ 'ਕੋ ਨਾਮ* ਕਿਹ ਤੇ ਚਲਿ
ਆਏ?।ਜਯੋਂ ਤਨ ਧਰਿ ਕਰਤਾਰ ਸੁਹਾਏ।ਆਗੈ ਗਮਨਹੁ ਕੌਨੇ ਦੇਸ਼ਾ?'।
ਸੁਨਿ ਕਰਿ ਬੋਲੇ ਸ੍ਰੀ ਜਗਤੇਸ਼ਾ ॥੯੬॥ 'ਨਾਮ ਅਹੈ ਨਾਨਕ ਨਿਰੰਕਾਰੀ।
ਲਖਹੁ ਅਤੀਤ[6] ਇੱਛਾਚਾਰੀ[7]'। ਤਬ ਮੰਤ੍ਰੀ ਪਦ ਬੰਦਨ ਕਰਿ ਕੈ। ਗਯੋ
ਭੂਪ ਢਿਗ ਹਿਤ ਉਰ ਧਰਿ ਕੈ ॥ ੯੭ ॥ 'ਨਗਰ ਤੋਹਿ ਆਯੋ ਕਰਤਾਰਾ।
ਸ਼ਰਨਿ ਗਹੋ[8] ਹੋਵੈ ਨਿਸਤਾਰਾ[9]।ਭਰਮ ਰਿਦੈ ਤੇ ਸਭਿ ਪਰਹਰਿਕੈ[10]।ਚਲ-
ਹੁ ਮਿਲਹੁ ਪ੍ਰੇਮਹਿਂ ਉਰ ਭਰਿਕੈ' ॥੯੮॥ਦੋਹਰਾ॥ ਦੇਵਲੂਤ ਸੁਨਿ ਕਰਿ ਕਹੈ
'ਮਾਨੁਖ ਭੋਜਨ ਮੋਰ।† ਗਹੌਂ ਨਤਿਨਕੀ ਸ਼ਰਨ ਹੌਂ[11] ਮਾਨੋਂ ਬਚਨ ਨ ਤੋਰ
॥੯੯॥ਚੌਪਈ॥ਕੈਸੇ ਹੈਂ ਦੇਖੌਂ ਮੈਂ ਜਾਈ'।ਯੌਂ ਕਹਿ ਆਪ ਚਲਾ ਪੁਨ ਰਾਈ।
ਸਭਿ ਰਾਖਸ਼ ਹੈਂ ਜਾਂਕੇ ਸੰਗਾ।ਜਨੁ ਗਿਰ[12] ਆਵਤਿ ਮੇਚਕ[13] ਅੰਗਾ॥੧੦੦॥ਚਲਿ
ਕਰਿ ਆਏ ਜਬਹਿ ਸਮੀਪਾ।ਅੰਧੇ ਭਏ ਸਹਿਤ ਅਵਨੀਪਾ‡।ਇਕ ਮੰਤ੍ਰੀ[14]
ਕੋ ਦੇਤਿ ਦਿਖਾਈ। ਔਰ ਫਿਰਹਿ ਭੂਲੇ ਤਿਹ ਥਾਈਂ॥੧੦੧॥ਤਬਹਿ ਸਚਿਵ
ਨੇ ਗਿਰਾ ਉਚਾਰੀ। 'ਕਯਾ ਭੂਪਤਿ ਸੁਧ ਅਹੈ ਤੁਮਾਰੀ। ਸੂਧੇ ਚਲਤਿ ਨ

---

[1]ਹੇ ਰਾਜੇ! [2]ਤੇਰੀ ਆਗਿਆ ਹੋਵੇ। [3]ਮੰਤ੍ਰੀ। [4]ਇਸ ਤਰ੍ਹਾਂ। [5]ਜੋੜਕੇ। [6]ਤਿਆਗੀ। [7]ਮੌਜ ਵਾਲੇ। [8]ਸ਼ਰਨ ਫੜੋ। [9]ਮੁਕਤੀ। [10]ਦੂਰ ਕਰਕੇ। [11]ਮੈਂ। [12]ਪਹਾੜ। [13]ਕਾਲੇ। [14]ਵਜ਼ੀਰ। *ਪਾ:—ਕੌਨ ਨਾਮ।

†ਦੇਖੋ ਟੂਕ ਅਧ੍ਯਾਯ ੫੦ ਅੰਕ ੮੮ ਦੀ, ਇਹ ਕਿਸੇ ਜੰਗਲ ਯਾ ਛੋਟੇ ਟਾਪੂ ਵਿਚ ਆਦਮ ਖੋਰਾਂ, ਜਾਂਗਲੀ ਲੋਕਾਂ ਦਾ ਜ਼ਿਕਰ ਹੈ, ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਐਸੇ ਕੁਕਰਮਾਂ ਤੋਂ ਛੁਡਾਇਆ। ਤਵਾਰੀਖ ਖਾਲਸਾ ਵਾਲਾ ਐਸੇ ਰਾਖਸ਼ਾਂ ਵਾਲੇ ਪ੍ਰਸੰਗਾਂ ਨੂੰ ਆਸਾਮ ਦੀਆਂ ਨਾਗਾ ਪਹਾੜੀਆਂ ਦੇ ਨਾਲ ਰਹਿਣ ਵਾਲੇ ਜਾਂਗਲੀ ਲੋਕਾਂ ਦਾ ਇਲਾਕਾ ਵਰਣਨ ਕਰਦਾ ਹੈ। ਇਹ ਗਲ ਅਗ਼ਲਬ ਜਾਪਦੀ ਹੈ।

‡ਗੁਰੂ ਜੀ ਦੀ ਪ੍ਰਬਲ ਆਤਮ ਸੱਤ੍ਯਾ ਦਾ ਇਹ ਪ੍ਰਭਾਵ ਸੀ।

ਜਾਵਹੁ ਭੂਲੇ। ਅਜਹੁ ਭਿ ਹੋਹੁ ਮੋਹਿ ਅਨਕੂਲੇ'॥੯੨॥ ਭੈ ਕਰਿ ਡਰਪਯੋ[1] ਰਾਖਸ਼ ਰਾਜਾ।ਬੋਲਯੋ ਬਚਨ ਧਰੇ ਬਹੁ ਲਾਜਾ।'ਹੇ ਮੰਤ੍ਰੀ! ਜੈਸਾ ਤੂੰ ਕਹਿਈ। ਤੈਸੋਈ ਪੂਰਨ ਇਹ ਅਹਿਈ[2]॥੯੩॥ ਦੋਹਰਾ ॥ ਅਬ ਮੁਝ ਦਰਸ਼ਨ ਦੇਹਿ* ਜੇ ਚਰਨ ਸ਼ਰਨ ਹੌਂ ਆਉਂ। ਧਰਿ ਸ਼ਰਧਾ ਸੇਵਾ ਕਰੌਂ ਸਦਾ ਜਪੌਂ ਤਿਨ ਨਾਉਂ' ॥੯੪॥ਚੌਪਈ॥–ਦੀਨ ਭਯੋ ਨ੍ਰਿਪ–ਸਚਿਵ[3] ਬਿਚਾਰਾ। ਸ਼ੁੱਧ ਆਤਮੈ ਜਬਹਿ ਨਿਹਾਰਾ। ਤਬ ਗਮਨਯੋ ਸ੍ਰੀ ਗੁਰੂ ਅਗਾਰੀ। ਬੰਦਿ ਹਾਥ ਦ੍ਵੈ ਬਿਨੈ ਉਚਾਰੀ ॥੯੫॥'ਪੂਰਨ ਪੁਰਖ ਸਦਾ ਅਬਿਨਾਸ਼ੀ! ਗਤਿ ਦਾਯਕ ਕਾਟਤਿ ਜਮ ਫਾਸੀ। ਸੰਤ ਰੂਪ ਸਭਿ ਕੇ ਸੁਖਦਾਈ। ਅਬ ਪਰਤੀਤ ਤੁਮਾਰੀ ਆਈ ॥੯੬॥ ਇਨ ਪਰ ਮਿਹਰ ਦ੍ਰਿਸ਼ਟਿ ਨਿਜ ਕੀਜੈ। ਪ੍ਰਗਟ ਭੂਪ ਕੋ ਦਰਸ਼ਨ ਦੀਜੈ'। ਸੁਨੀ ਅਕਪਟ[4] ਸਚਿਵ ਕੀ ਬਾਨੀ। ਬਿਨੈ ਦੇਖਿ ਬੋਲੇ ਗੁਨਖਾਨੀ ॥ ੯੭ ॥ 'ਭੂਪਤਿ! ਲੋਚਨ ਖੋਲਹੁ ਨੀਕੇ। ਦੇਖੋ ਹਮ ਦਿਸ਼ ਅਹੈਂ ਨਜੀ-ਕੇ[5]'।ਸੁਨੀ ਕਾਨ ਮਹਿਂ ਜਬ ਗੁਰੂ ਬਾਨੀ। ਖੁਲਿਗੇ ਲੋਚਨ,ਭਾ ਤਮ ਹਾਨੀ[6] ॥ ੯੮ ॥ ਕਮਲ ਬਦਨ ਕੋ ਜਬ ਹੀ ਦੇਖਾ। ਪਰਯੋ ਚਰਨ, ਕਰਿ ਪ੍ਰੇਮ ਬਿਸ਼ੇਖਾ†। ਲਖਿ ਕਰਿ ਕਲਾ ਬਿਸਾਲ ਮਹੀਪਾ[7]। ਬਿਨੈ ਬਖਾਨੀ ਬੈਠਿ ਸਮੀਪਾ॥ ੯੯ ॥ 'ਕਰੀ ਅਵਗਯਾ ਰਾਵਰਿ[8] ਜੋਊ। ਕ੍ਰਿਪਾ ਧਾਰਿ ਬਖਸ਼ਹੁ ਤੁਮ ਸੋਊ। ਚਲਹੁ ਨਗਰ ਮਹਿਂ ਕਰਹੁ ਬਸੇਰਾ। ਸਭਿ ਰਾਖਸ਼ ਦਲ ਲਖਿ ਕਰਿ ਚੇਰਾ' ॥੧੦੦॥ਹੋਇ ਦੀਨ ਪੁਰਿ ਕੋ ਲੇ ਆਏ। ਸੁੰਦਰ ਮੰਦਰ ਬੀਚ ਬਸਾਏ। ਸੇਵਾ ਕਰਨ ਲਗੇ ਮਨ ਭਾਈ। ਬਾਰ ਬਾਰ ਬੰਦਹਿਂ ਸਿਰ ਨਾਈ ॥ ੧੦੧ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਧੁਰਬੈਨ, ਰਾਖਸ਼ਨ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਮੋਂ ਅਧਯਾਯ ॥ ੫੪ ॥

੫੫. [ਗੁਰ ਚਰਣ ਮੰਗਲ। ਦੇਵਲੂਤ, ਬਨਮਾਨਸ ਰਾਖਸ਼।]

ਦੋਹਰਾ ॥ ਸ੍ਰੀ ਗੁਰੁ ਚਰਨ ਖਗੇਸ਼ ਸਮ ਜਾਇ ਸ਼ਰਨ ਤਿਨ ਕੋਇ‡।
ਜਗ ਬੰਧਨ ਅਹਿਰਾਜ ਸੇ ਮੁਕਤੈ ਤਿਨ ਤੇ ਸੋਇ§ ॥ ੧ ॥

{ਖਗੇਸ਼=ਗਰੁੜ। ਸੰਸ:, ਖਗ=ਪੰਛੀ ਏਸ਼=ਮਾਲਿਕ} ਪੰਛੀਆਂ ਦਾ ਸੁਆਮੀ, ਭਾਵ ਗਰੁੜ।

[1]ਡਰਿਆ। [2]ਹੈ। [3]ਮੰਤ੍ਰੀ ਨੇ। [4]ਖੋਟ ਤੋਂ ਬਿਨਾਂ। [5]ਪਾਸ। [6]ਅੰਧੇਰਾ ਨਾਸ਼ ਹੋ ਗਿਆ। [7]ਰਾਜੇ ਨੇ। [8]ਆਪਦੀ। *ਪਾ:–ਦੇਇ, ਦੇਹੁ। †ਪਾ:–ਪਰ ਭਾਇ ਬਿਸ਼ੇਖਾ।
‡ਪਾ:–ਜੋਇ। §ਪਾ:–ਮੁਕਤ ਤਿਨੈ ਤੇ ਹੋਇ।

{ ਅਹਿਰਾਜ=ਸੱਪਾਂ ਦਾ ਵੱਡਾ (ਅ) ਵੱਡੇ ਵਡੇ ਸੱਪ, ਨਾਗ।
ਸੰਸ:, ਅਹਿ=ਸੱਪ
ਰਾਜ=ਵਡਾ } =ਸ਼ੇਸ਼ਨਾਗ। }

ਅਰਥ—ਸ੍ਰੀ ਗੁਰੂ ਜੀ ਦੇ ਚਰਣ ਗਰੁੜ ਸਮਾਨ ਹਨ, ਜਗਤ ਦੇ ਬੰਧਨ ਵੱਡੇ ਵੱਡੇ ਸੱਪਾਂ ਸਮਾਨ ਹਨ (ਜੋ) ਕੋਈ ਉਨ੍ਹਾਂ (ਚਰਣਾਂ) ਦੀ ਸ਼ਰਨ ਜਾ ਪਵੇ ਓਹ ਉਨ੍ਹਾਂ (ਜਗਬੰਧਨਾਂ) ਤੋਂ ਛੁਟਕਾਰਾ ਪਾ ਲੈਂਦਾ ਹੈ।

ਭਾਵ—ਜੇ ਅਹਿਰਾਜ ਤੋਂ ਮਤਲਬ ਵੱਡੇ ਸੱਪਾਂ ਦਾ ਲਈਏ ਤਾਂ ਜਗ ਬੰਧਨਾਂ ਨਾਲ ਸੁਹਣਾ ਢੁਕਦਾ ਹੈ, ਕਿਉਂਕਿ ਕਵਿ ਜੀ ਨੇ ਜਗ ਬੰਧਨਾਂ ਨੂੰ ਬਹੁਵਚਨ ਲਿਖਿਆ ਹੈ। ਇਸ ਲਈ ਦ੍ਰਿਸ਼ਟਾਂਤ ਵਿਚ ਕਹੇ ਪਦਾਂ ਦਾ ਭਾਵ ਬੀ ਬਹੁਵਚਨ ਵਿਚ ਚਾਹੀਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਹੁ ਗੁਰੂ ਅੰਗਦ ਗਤਿ ਦਾਨੀ। ਕਥਾ ਰਸਾਲ ਬਿਸਾਲ ਸੁਹਾਨੀ। ਦੇਵਲੂਤ ਨਿਜ ਭ੍ਰਿੱਤ[1] ਬੁਲਾਏ। ਤੂਰਨ ਰਾਖਸ਼ ਸਪਤ ਪਠਾਏ[2] ॥ ੨ ॥ ਤਿਨ ਤੇ ਫਲ ਮਧੁਰੇ ਮੰਗਵਾਏ। ਉੱਤਮ ਔਰ ਅੰਨ ਅਨਿਵਾਏ। ਕਰੁਨਾਨਿਧਿ ਕੇ ਧਰੇ ਅਗਾਰੀ। ਹਾਥ ਜੋਰਿ ਕਰਿ ਗਿਰਾ ਉਚਾਰੀ ॥੩ ॥ ਦੋਹਰਾ ॥ 'ਕਰਹੁ ਰਸੋਈ ਸੰਤ ਜੀ! ਭੋਜਨ ਅਚਹੁ ਬਨਾਇ। ਸ਼ਰਧਾ ਪੂਰਨ ਕੀਜਿਯੇ' ਸੁਨਿ ਸ੍ਰੀ ਗੁਰੂ ਅਲਾਇੰ ॥੪॥ ਚੌਪਈ॥ 'ਸ਼ੁਭ[3] ਉਪਦੇਸ਼ ਜਿ ਲੇਹੁ ਹਮਾਰਾ। ਅਸਨ ਕਰੈਂ ਤਬ ਅੰਗੀਕਾਰਾ। ਯੰ ਨਹਿੰ ਤੁਮਰੋ ਖਾਇੰ ਕਦਾਪੀ। ਹੋ ਸਭਿ ਜੀਵਨ ਕੇ ਸੰਤਾਪੀ[4]' ॥ ੫ ॥ ਦੇਵਲੂਤ ਕਹਿ 'ਜਿਹ ਬਿਧਿ ਕਹਿਹੋ। ਸ੍ਰੀ ਪ੍ਰਭੁ ਜੀ! ਤਿਸ ਬਿਧਿ ਮੈਂ ਰਹਿਹੋਂ। ਕਰਹੁ ਆਪ ਉਪਦੇਸ਼ਹਿ ਜੋਈ[5]। ਸੁਨਿ ਕਰਿ ਕਰੋਂ ਕ੍ਰਿੱਤਿ ਮੈਂ ਸੋਈ' ॥ ੬ ॥ ਭਾ ਅਨੁਸਾਰਿ[6] ਪਿਖਯੋ ਗੁਨਖਾਨੀ[7]। ਕੁਮਤਿ ਕਦਨ ਕੋ ਬੋਲੇ ਬਾਨੀ। 'ਪ੍ਰਿਥਮ ਤਜਹੁ ਆਮਿਖ[8] ਕੋ ਖਾਨਾ। ਕਰਹੁ ਜਾਸ ਹਿਤ ਜੀਵਨ ਹਾਨਾ[9] ॥ ੭ ॥ ਸਿਮਰਹੁ ਬਹੁਰ ਨਾਮ ਸੁਖ ਪਾਈ। ਦ੍ਵੈ ਲੋਕਨ ਜੋ ਹੋਤਿ ਸਹਾਈ। ਚਿਰੰਕਾਲ ਭਾ ਤੁਮ ਕੂਲ ਮਾਂਹੀ। ਭਯੋ ਪ੍ਰਹਲਾਦ ਜਪਯੋ ਮੁਖ ਤਾਂਹੀ ॥੯ ॥ ਦ੍ਵੈ ਲੋਕਨ ਮਹਿੰ ਤਾਂਕੀ ਰਾਖੀ। ਚਲੀ ਜਾਤ ਅਜਹੂੰ ਲੌ ਸਾਖੀ[10]। ਹਰਨਾਖਸ਼ ਪਿਤ ਬਹੁ ਦੁਖ ਦੀਨੋ।ਤਦਪਿ ਨਾਮ ਕੋ ਤਜਿਨ ਨ

---

[1]ਅਪਣੇ ਦਾਸ। [2]ਭੇਜੇ। [3]ਚੰਗਾ। [4]ਦੁਖਦਾਈ। [5]ਜੋ ਵੀ। [6]ਅਧੀਨ ਹੋਯਾ। [7]ਗੁਰੂ ਜੀ ਨੇ [8]ਮਾਸ। [9]ਜੀਵਾਂ ਦਾ ਨਾਸ਼। [10]ਗਵਾਹੀ।

ਕੀਨੋ ॥੯॥ ਪ੍ਰਭੁ ਕੀ ਭਗਤਿ ਕਰਹੁ ਮਨ ਲਾਈ* । ਪਿਖਹੁ ਬਿਭੀਖਨ ਹੈ ਅਬ ਤਾਂਈ। ਤਿਹ ਕੋ ਭ੍ਰਾਤ[1] ਹੁਤੋ ਜਗ ਰਾਵਨ । ਹਨਯੋ ਸੁ ਰਾਮਚੰਦ[2] ਜਸੁ ਪਾਵਨ ॥ ੧੦ ॥ ਅਪਨੋ ਭਗਤ ਬਿਭੀਖਨ ਜਾਨਾ । ਲੰਕ ਰਾਜ ਦੇ ਅਮਰ ਕਰਾਨਾ । ਤਿਨ ਕੀ ਦਿਸ਼ ਦੇਖਹੁ ਬਿਧਿ ਨੀਕੀ । ਤੁਮ ਭੀ ਕਰਹੁ ਭਾਵਨਾ[3] ਜੀ ਕੀ ॥ ੧੧ ॥ ਕਿਹ ਅਘ[4] ਤੇ ਰਾਖਸ਼ ਤਨ ਪਾਏ। ਅਬ ਕੁਕਰਮ ਜੇ ਲੇਹੁ ਕਮਾਏ । ਪਾਵਹੁ ਨਰਕ ਜਾਇ ਦੁਖ ਭਾਰੀ । ਤਿਹ ਤੇ ਕੋਇ ਨ ਸਕਹਿ ਉਬਾਰੀ ॥ ੧੨ ॥ ਤਜਹੁ ਤਾਮਸੀ ਬ੍ਰਿਤਿ[5] ਦੁਖਾਰੀ । ਕਰਹੁ ਭਗਤਿ ਕਰਤਾਰ ਸੁਖਾਰੀ' । ਸੁਨਤਿ ਸ਼੍ਰੋਨ ਹਉਮੈਂ ਤਜਿ ਬੋਲਾ। 'ਅਬ ਹੌਂ ਤੁਮ ਅਨੁਸਾਰਿ ਅਡੋਲਾ ॥ ੧੩ ॥ ਦਰਸ਼ਨ ਕਰਤਿ ਪਾਪ ਮਤਿ ਭਾਗੀ । ਸੁਨਿਕੈ ਬਚਨ ਨਾਮ ਲਿਵਲਾਗੀ । ਤੁਮਰੇ ਚਰਨਨ ਮਨ ਅਨੁ-ਰਾਗਾ । ਭਯੋ ਆਜ ਤੇ ਮੈਂ ਵਡਭਾਗਾਂ' ॥ ੧੪ ॥ ਸੁਨਿਯੋ ਸ਼੍ਰੀ ਅੰਗਦ ਮੁਝ ਤ੍ਰਾਂਈ । ਅਸਨ ਕਰਨ ਗੁਰ ਗਿਰਾ ਅਲਾਈ। ਤਿਹ ਛਿਨ ਕੀਨ ਅਹਾਰ ਤਿਆਰਾ । ਅਚਵਨ ਲਗੇ ਰੂਪ ਕਰਤਾਰਾ ॥ ੧੫ ॥ ਰਾਖਸ਼ ਰਾਜ ਸਚਿਵ[6] ਨਿਜ ਲੀਨੇ । ਬੈਸਯੋ ਪਾਸ ਤਹਾਂ ਰੋਸ ਭੀਨੇ । ਅਰਧ ਖਾਇ ਦੀਨੋ ਤਿਨ ਤਾਂਈ । ਆਇਸ ਮਾਨ ਲੀਨਿ ਮੁਖ ਪਾਈ ॥੧੬॥ ਖਾਵਤਿ ਹੀ ਖੂਲ ਗਏ ਕਪਾਟਾ[7] । ਚਿਰੰਕਾਲ ਭ੍ਰਮ ਪਰਦਾ ਪਾਟਾ। ਮੁਕਤਿ ਯੋਗ ਹ੍ਵੈਗੇ ਤਿਹ ਕਾਲਾ। ਇਕ ਮੰਤ੍ਰੀ ਪੁਨ ਦੁਤਿਯ ਭੁਵਾਲਾ[8] ॥ ੧੭ ॥ ਕੇਤਿਕ[9] ਦਿਨ ਤਹਿਂ ਰਹੇ ਗੁਸਾਈਂ । ਗੁਰੁ ਸਿੱਖੀ ਕੀ ਰੀਤਿ ਚਲਾਈ।ਸਭਿ ਰਾਖਸ਼ ਕੋ ਨਾਮ ਜਪਾਯੋ । ਆਮਿਖ ਖਾਨ ਤਿਨਹਿਂ ਤਜਿਵਾਯੋ ॥੧੮॥ ਜੀਅਘਾਤ ਕੀ ਬਾਨ[10] ਬਿਸਾਰੀ । ਸਤਿਸੰਗਤਿ ਕਰਿ ਹੀ ਸੁਖਬਾਰੀ । ਭੇ ਤਯਾਰ ਜਬ ਚਲਿਨੇ ਹੇਤਾ । ਭਨਤਿ ਭਏ ਬੇਦੀ ਕੁਲਕੇਤਾ ॥੧੯॥ 'ਸੁਧਰਸੈਨ ਜੋ ਭੂਪ ਮਹਾਨ॥ਦੇਵਲੂਤ ! ਮਾਨਹੁ ਤਿਹ ਆਨਾ[11] । ਹਿੰਸਾ ਨਹੀਂ ਜੀਵ ਕੀ ਕੀਜੈ। ਸਤਿਗੁਰ ਜਾਪ ਜਪਹੁ ਦੁਖ ਛੀਜੈ' ॥ ੨੦ ॥ ਦੋਹਰਾ ॥ ਦੇਵਲੂਤ ਬੋਲਯੋ ਤਬਹਿ 'ਮੁਝ ਤੇ ਉਤਮ ਧੂਰਿ[12] । ਸ਼ਕਤਿ[13] ਨਹੀਂ ਤ੍ਰਿਣ[14] ਤੋਰਿਹੌਂ ਸੁਨਿਯੋ

---

[1]ਭਾਈ । [2]ਮਾਰਿਆ ਜਿਸ ਨੂੰ ਰਾਮਚੰਦ ਨੇ । [3]ਸ਼ਰਧਾ । [4]ਪਾਪ । [5]ਤਮੋ ਗੁਣੀ ਬ੍ਰਿਤੀ । [6]ਮੰਤ੍ਰੀ । [7]ਮਨ ਦੇ ਪੜਦੇ । [8]ਰਾਜਾ । [9]ਕਈਕ । [10]ਵਾਦੀ । [11]ਤਿਸਦੀ ਆਣ ਮੰਨੋ । [12]ਧੂੜੀ । [13]ਤਾਕਤ । [14]ਤੀਲਾ, ਭਾਵ ਆਪ ਦੀ ਆਗਿਆ ਬਿਨਾਂ ਤੀਲਾ ਨਹੀਂ ਤੋੜ ਸਕਦਾ । *ਪਾਃ—ਸੁਖਦਾਈ ।

ਸ੍ਰੀ ਜਗ ਮੂਰ[੧] ॥ ੨੧ ॥ ਚੌਪਈ ॥ ਗਾਵਰ ਕੀ ਆਇਸ ਧਰਿ ਸੀਸਾ। ਸੁਧਰਸੈਨ ਅਬ ਭਾ ਮਮ ਈਸ਼ਾ[੨]'। ਗਮਨ ਸਮੈਂ ਰਾਖਸ਼ ਮਿਲਿ ਸਾਰੇ। ਸ੍ਰੀ ਗੁਰੂ ਕੇ ਪਦ ਕਮਲ ਜੁਹਾਰੇ[੩] ॥੨੨॥'ਸ੍ਰੀ ਨਾਨਕ ਸ੍ਰੀ ਨਾਨਕਨਾਮੂ'। ਸਿਮਰਨ ਕਰਨ ਲਗੇ ਅਭਿਰਾਮੂ। ਬਿਦਾ ਹੋਇ ਗਮਨੇ ਗੁਨਖਾਨੀ॥ਕਿਤ ਅਵਨੀਂ[੪] ਕਿਤ ਸਾਗਰ[੫] ਪਾਨੀ ॥੨੩॥ ਚਲੇ ਜਾਂਹਿ ਇਕਸਾਰ ਅਗਾਰੀ। ਆਇ ਗਯੋ ਕਾਨਨ[੬] ਤਬ ਭਾਰੀ। ਫੂਲ ਫਲਨ ਸੋਂ ਪੂਰਨ ਰੂਰਾ। ਕਿਤੀ ਦੂਰ ਲੌ ਦੀਸਤਿ ਭੂਰਾ ॥੨੪॥ ਤਾਂ ਕੇ ਪਹੁੰਚੇ ਜਾਇ ਮਝਾਰਾ। ਦੇਖੀ ਬਨ-ਮਾਨਸ*ਕੀ ਡਾਰਾ। ਬਾਲ ਬਿਸਾਲ ਦਿਗੰਬਰ[੭] ਅੰਗਾ। ਰੂਪ ਭਯਾਨਕ ਮੇਚਕ ਰੰਗਾ ॥ ੨੫ ॥ ਪਸੂ ਸਮਾਨ ਕ੍ਰਿਆ ਜਿਨ ਕੇਰੀ। ਮਰਦਾਨੇ ਜਬ ਡਾਰ ਸੁ ਹੇਰੀ। ਭੈ ਕਰਿ ਪ੍ਰਭੁ ਸੋਂ ਗਿਰਾ ਅਲਾਈ। 'ਬਨ ਮੈਂ ਕਯਾ ਇਹ ਬਡੀ ਬਲਾਈ ॥ ੨੬ ॥ ਇਨ ਤੇ ਮੋ ਕੋ ਲਗਹਿ ਅਤੰਕਾ[੮]'। ਸੁਨਿ ਬੋਲੇ ਸ੍ਰੀ ਬਦਨਮਯੰਕਾ[੯]। 'ਬਨਮਾਨਸ ਇਨ ਕੋ ਪਹਿਚਾਨੋ। ਕਿਉਂ ਹਿਰਦੇ ਡਰ ਤੁਝ ਨੈ ਮਾਨੋ?' ॥੨੭॥ ਹਮਹਿ ਬਿਲੋਕਾ ਤਿਨ ਨੈ ਜਬ ਹੀ। ਭਾਗ ਚਲੇ ਡਰਿ ਕੈ ਉਰ ਸਭਿ ਹੀ। ਰਹਯੋ ਏਕ ਠਾਂਢਾ ਤਿਹ ਥਾਈ। ਔਰ ਗਏ ਸਭਿ ਦੂਰ ਪਲਾਈ ॥੨੮॥ ਮੈਂ ਬੂਝਯੋ ਤਬ ਤਿਹ ਕੇ ਸਾਥਾ। 'ਕੋ ਹੈ ਤੂੰ?ਕਹਿਯੋ ਨਿਜ ਗਾਥਾ'।ਸੁਨਿ ਤਿਹ ਊਚੇ ਚੀਕ ਪੁਕਾਰੀ। ਲਖੀ ਨ ਪਸੂ ਸਮਾਨ ਉਚਾਰੀ ॥ ੨੯ ॥ ਬੂਝੇ ਮੈਂ ਤਬ ਹੀ ਗੁਨ ਐਨਾ। 'ਕਿਉਂ ਨਹਿੰ ਏ ਬੋਲਤਿ ਸ਼ੁਭ ਬੈਨਾ?।ਮਾਨੁਖ ਸੇ ਇਨਕੇ ਸਰਬੰਗਾ।ਹਮਕੋ ਪਿਖਿ ਭਾਗੇ ਡਰ ਸੰਗਾ'॥੩੦॥ਸ੍ਰੀ ਗੁਰੂ ਕਹੈਂ 'ਬੈਨ ਇਨ ਐਸੇ। ਨਹੀਂ ਭਨਤਿ ਮਾਨੁਖ ਬਚ ਜੈਸੇ।ਪਸ਼ੂ ਸਮਾਨ ਅਹੈਂ ਅਨਜਾਨੇ। ਤਿਨ ਤੇ ਕਛੁਕ ਹੋਸ਼ ਸਰਸਾਨੇ ॥੩੧॥ ਰਹਯੋ ਏਕ ਠਾਂਢਾ ਤਹਿੰ ਜੋਊ। ਬਨ ਮੈਂ ਲੇਨਿ ਗਯੋ ਫਲ ਸੋਊ। ਮਧੁਰ ਰਸਾਲ ਦੇਖਿ ਕਰਿ ਆਨੇ†। ਹਮ ਤੇ ਦੂਰ ਧਰੇ ਡਰ ਮਾਨੇ ॥੩੨॥

---

[੧]ਜਗਤ ਦਾ ਮੂਲ। [੨]ਮਾਲਕ। [੩]ਨਮਸਕਾਰ ਕੀਤੀ। [੪]ਪ੍ਰਿਥਵੀ। [੫]ਸਮੁੰਦਰ। [੬]ਜੰਗਲ। [੭]ਨੰਗੇ। [੮]ਡਰ। [੯]ਚੰਦ੍ਰ ਮੁਖ ਵਾਲੇ।

*ਬਾਂਦਰ ਜਾਤੀ ਵਿਚੋਂ ਇਹ ਇਕ ਵਧੇਰੇ ਨਰਮ ਤੇ ਸਿਆਣੀ ਜਾਤ ਹੈ, ਇਸ ਨੂੰ ਅਜ ਕਲ ਉਰੰਗੋਟੈਂਗ ਕਹਿੰਦੇ ਹਨ। ਆਦਮੀ ਵਾਂਙੂ ਖਲੋਕੇ ਟੁਰ ਲੈਂਦਾ ਹੈ। ਅਜ ਕਲ ਦੇ ਸਿਆਣੇ ਕਹਿੰਦੇ ਹਨ ਕਿ ਕੁਛ ਲਫਜ਼ ਬੀ ਇਨ੍ਹਾਂ ਦੀ ਬੋਲੀ ਵਿਚ ਹਨ, ਜਿਸ ਨਾਲ ਆਪੋ ਵਿਚ ਕੁਛ ਗਲ ਬਾਤ ਸਮਝ ਸਮਝਾ ਲੈਂਦੇ ਹਨ।

†ਇਹ ਗੁਰੂ ਜੀ ਦੀ ਆਤਮ ਸਤਯਾ ਦਾ ਕ੍ਰਿਸ਼ਮਾਂ ਹੈ।

ਬਹੁਰੋ ਸੋ ਭੀ ਗਯੋ ਪਲਾਈ[1] । ਮਿਲਯੋ ਸੰਗਿ[2] ਅਪਨੇ ਮਹਿਂ ਜਾਈ । ਪ੍ਰਭੁ ਜੀ ਲੇਕਰਿ ਫਲ ਨਿਜ ਪਾਨੇ । ਕਹਿਨ ਲਗੇ 'ਖਾਵਹੁ ਮਰਦਾਨੇ' ॥੩੩॥ ਮਾਨ ਬਚਨ ਲੀਨੇ ਕਰ ਮਾਂਹੀ॥ ਖਾਨ ਲਗਯੋ 'ਹੈਂ ਮਧੁਰ' ਸਰਾਹੀ[3]। ਖਾਇ ਬਹੁਤ ਜਬ ਹੀ ਤ੍ਰਿਪਤਾਨਾ । ਪੁਨ ਅੱਗ੍ਰਜ ਕੀਨੋ ਪ੍ਰਸਥਾਨਾ ॥੩੪॥ ਕਹੂੰ ਸਿੰਧੁ ਆਵਹਿ ਮਗ ਮਾਂਹੀ॥ ਕਹੂੰ ਟਾਪੂ ਧਰਨੀ ਪਰ ਜਾਹੀਂ*॥ ਕਿਤਿਕ ਦਿਵਸ ਜਬ ਕੀਨ ਪਯਾਨਾ । ਛੁਧਾ ਸੰਗਿ ਬਿਹਬਲ ਮਰਦਾਨਾ ॥ ੩੫ ॥ ਤਬ ਕਾਨਨ ਆਵਾ ਇਕ ਭਾਰੀ । ਸਫਲ ਬਿਟਪ[4] ਹੈਂ ਜਾਸ ਮਝਾਰੀ । ਪੁਸ਼ਪਨ ਪੱਤ੍ਰਨ ਸੋਂ ਬਹੁ ਸੁੰਦਰ । ਗਮਨੇ ਸ੍ਰੀ ਗੁਰੂ ਤਿਹ ਕੇ ਅੰਦਰ ॥੩੬॥ ਖਰੇ ਤਰੋਵਰੁ ਬ੍ਰਿੰਦ ਉਤੰਗਾ । ਜਿਹ ਬਨ ਮੈਂ ਨਹਿਂ ਏਕ ਬਿਹੰਗਾ[5]। ਜੰਬੁਕ[6] ਕੇਹਰਿ[7] ਬ੍ਰਿਕ[8] ਨ ਕੁਰੰਗਾ[9] । ਸੂਕਰ[10] ਸਸਾ[11] ਨ ਰੋਝ[12] ਮਤੰਗਾ[13] ॥ ੩੭ ॥ ਜੀਵ ਨਾਮ ਜਿਹ ਮੈਂ ਨਹਿਂ ਕੋਈ । ਪਰਯੋ ਸ਼ੂਨੋ ਚਹੁੰ-ਦਿਸ਼ ਤੇ ਸੋਈ । ਤਾ ਮਹਿਂ ਪਿਖਿ ਛਾਯਾ ਰਮਣੀਕਾ॥ ਬੈਠਿ ਗਏ ਬੇਦੀ ਕੁਲ ਟੀਕਾ ॥ ੩੮ ॥ ਏਕ ਮਹੂਰਤ ਬੀਤਾ ਜਬਹੀ । ਬੋਲਯੋ ਮਰਦਾਨਾ ਬਚ ਤਬਹੀ । 'ਛੁਧਾ ਸੰਗਿ ਬਿਹਬਲ ਮਮ ਪ੍ਰਾਨਾ । ਆਇਸ ਦੇਹੁ ਕਰੋਂ ਫਲ ਖਾਨਾ॥੩੯॥ ਕਿਤਿਕ† ਦਿਵਸ ਬੀਤੇ ਬਿਨ ਖਾਏ । ਨਹਿਂ ਅਹਾਰ ਮਗ ਮੈਂ ਕਿਹ ਥਾਏਂ । ਇਸ ਬਨ ਮਹਿਂ ਦੀਸਹਿਂ ਫਲ ਰੂਰੇ । ਮਧੁਰ ਬਿਸਾਲ ਰਸਨ ਕੇ ਪੂਰੇ' ॥੪੦॥ ਸ੍ਰੀ ਨਾਨਕ ਸੁਨਿ ਬਚਨ ਬਖਾਨਾ । 'ਬੈਠਹੁ ਹਮਰੇ ਢਿਗ ਮਰਦਾਨਾ । ਇਸ ਬਨ ਕੋ ਨੀਕੋ ਨਹਿਂ ਲਖਿਯੇ । ਚਹੂੰ ਓਰ ਤੇ ਸ਼ੂੰਨੋ ਪਿਖਿਯੇ ॥੪੧॥ ਪਸ਼ੂ ਨ ਪੰਖੀ ਦੇਤਿ ਦਿਖਾਈ । ਜਹਿਂ ਮਾਨੁਖ ਕੋ ਖੋਜ ਨ ਪਾਈ । ਧਰਿ ਧੀਰਜ ਕੋ ਬੈਠਿ ਸਮੀਪਾ' । ਪੁਨ ਚੁਪ ਭੇ ਬੇਦੀ ਕੁਲਦੀਪਾ ॥੪੨॥ ਸੁਨਿ ਰਿਸ[14] ਜਗੀ ਅਧਿਕ ਮਰਦਾਨੇ॥ ਖਿਝਕੈ ਨਿਸ਼ਠੁਰ[15] ਬਚਨ ਬਖਾਨੇ । 'ਜਹਿਂ ਅਹਾਰ ਆਵਤਿ ਕਰ ਮੇਰੇ । ਬਰਜਹਿਂ ਤਹਿਂ ਨ ਜਾਨ ਦੇਂ

---

[1]ਉਹ ਬੀ ਨੱਸ ਗਿਆ । [2]ਸਾਥੀਆਂ । [3]ਸਲਾਹੁੰਦਾ ਹੈ । [4]ਫਲਾਂ ਵਾਲੇ ਬ੍ਰਿਛ । [5]ਪੰਛੀ । [6]ਗਿਦੜ। [7]ਸ਼ੇਰ । [8]ਬਘਿਆੜ । [9]ਹਰਨ । [10]ਸੂਰ । [11]ਸਹੇ । [12]ਪਾਹੜੇ । [13]ਹਾਥੀ । [14]ਗੁੱਸਾ। [15]ਕਰੜੇ।

*ਇਨ੍ਹਾਂ ਤੋਂ ਪਦਾਂ ਸਹੀ ਹੁੰਦਾ ਹੈ ਕਿ ਨੇੜੇ ਨੇੜੇ ਦੇ ਛੋਟੇ ਛੋਟੇ ਟਾਪੂਆਂ ਵਿਚ ਤੇ ਸਮੁੰਦਰ ਦੇ ਨੇੜੇ ਤੇੜੇ ਫਿਰ ਰਹੇ ਹਨ, ਜਿੱਥੇ ਕਿ ਸੰਗਲਦੀਪ ਹੈ । ਇਹ ਬੀ ਹੋ ਸਕਦਾ ਹੈ ਕਿ ਆਸਾਮ ਤੇ ਦੱਖਣੀ ਟਾਪੂਆਂ ਦੀ ਯਾਤ੍ਰਾ ਦੀਆਂ ਸਾਖੀਆਂ ਹਿੰਦਾਲੀਏ ਵਿਗਾੜੂ ਨੇ ਆਪਣੇ ਖ਼ਯਾਲ ਮਿਲਾਕੇ ਅੱਗੜ ਪਿੱਛੜ ਤੇ ਵੱਧ ਘੱਟ ਕਰ ਦਿੱਤੀਆਂ ਹੋਣ ।

†ਪਾ:-ਕਿਤੇ ।

ਨੇਰੇ ॥ ੪੩ ॥ ਮਨਹੁ ਬੈਰ ਕਰਿ ਮਾਰਤਿ ਮੋਹੀ। ਕਯੋਂ ਜੀਵਨ ਜਗ ਮਹਿਂ ਅਬ ਹੋਹੀ। ਕਹਾਂ ਖ਼ੁਦਾਇ ਮੁਝਹਿ ਮ੍ਰਿਤੁ ਦੀਨੀ। ਰਹੈ ਦੇਹਿ ਜਹਿਂ ਖ਼ਫ਼ਨ ਬਿਹੀਨੀ ॥ ੪੪ ॥ ਨਹੀ ਗੋਰ[1]* ਮੇਰੀ ਕਿਨ ਕਰਨੀ। ਯੌਂ ਹੀ ਪਰਯੋ ਰਹੋਂ ਗੋ ਧਰਨੀ। ਹੌਂ ਤੋ ਡੂਮ ਕਰਤਿ ਗੁਜਰਾਨਾ।ਮਾਂਗਮਾਂਗ ਅਪਨੇ ਜਜਮਾਨਾ ॥੪੫॥ ਬੈਠਯੋ ਸਦਨ ਸਭੈ ਸੁਖ ਪਾਵਤਿ। ਨਿਜ ਪਰਵਾਰ ਮਿਲਯੋ ਹਰਖਾਵਤਿ[2]। ਉਜਰਯੋ ਹੁਤੋ ਆਪ ਇਹ ਘਰ ਤੇ। ਮੁਝੈ ਉਜਾਰਯੋ ਗੁਜਰ[3] ਸੁ ਕਰਤੇ ॥ ੪੬ ॥ ਨਿਕਟ ਬਿਟਪ ਕੇ ਫਲ ਹੈਂ ਮੇਰੇ। ਤ੍ਰਿਪਤੌਂ ਇਨਕੋ ਖਾਇ ਘਨੇਰੇ।ਇਹ ਰਜਾਇ ਮੁਝ ਦੇਤਿ ਨ ਕੈਸੇ। ਜਾਨਤਿ ਛੁਧਾ ਆਪਨੀ ਜੈਸੇ ॥ ੪੭ ॥ ਹੌਂ ਨ ਸਕੌਂ ਸਹਿ ਭੂਖ ਘਨੇਰੀ। ਇਨ ਕੋ ਹਸੀ ਸੁਹਾਵਤਿ ਮੇਰੀ[4]। ਭਯੋ ਛੁਧਾਤੁਰ ਜਾਨਤਿ ਨਾਂਹੀ।ਫਲ ਨ ਖਾਨ ਦੇਵਤਿ ਬਰਜਾਹੀ[5]† ॥੪੮॥ਅਸ ਪ੍ਰਕਾਰ ਖਿਝ ਕਹੇ ਅਯੋਗੂ।ਕਾਨਨ ਗਮਨਯੋ ਬਿਨਾ ਨਿਯੋਗੂ[6]।

[1]ਕਬਰ। [2]ਪ੍ਰਸੰਨ ਹੁੰਦਾ ਸਾਂ। [3]ਗੁਜ਼ਾਰਾ। [4]ਮੇਰੇ ਨਾਲ ਹਾਸੀ ਕਰਨੀ। [5]ਰੋਕਦੇ ਹਨ। [6]ਆਗਯਾ ਤੋਂ ਬਿਨਾਂ ਹੀ।

*ਮਰਦਾਨੇ ਦੇ ਇਹ ਬਚਨ ਗੁੱਸੇ ਵਿੱਚ ਕਹੇ ਹੋਏ ਹਨ। ਜੈਸਾ ਕਿ ਉਹ ਆਪ ਅੰਕ ੫੪ ਵਿਚ ਆਖਦਾ ਹੈ 'ਕਹੇ ਕੁਬਚਨਾ ਮੋਹ ਅਰੂਢਾ' ਜਦੋਂ ਸੱਚਮੁਚ ਮਰਦਾਨੇ ਦਾ ਅੰਤ ਕਾਲ ਆਉਂਦਾ ਹੈ ਤਾਂ ਗੁਰੂ ਜੀ ਨੂੰ ਆਖਦਾ ਹੈ—ਮੁਝ ਦਿਹੁ ਦਾਹੁ ਅਗਨ ਜਗਸਾਈਂ। ਧਰਨ ਬਿਖੇ ਦਫਨਾਵਹੁ ਨਾਂਹੀ'। [ਸ੍ਰੀ ਗੁ: ਨਾ: ਪ੍ਰਕਾਸ਼ ਉਤ੍ਰਾ: ਅਧ: ੩੫ ਅੰਕ ੧੪] ਫਿਰ ਉਸੇ ਅਧਯਾਯ ਦੇ ਅੰਕ ੨੯ ਵਿੱਚ ਮਰਦਾਨੇ ਨੂੰ ਅਗਨ ਦਾਹ ਦਿੱਤਾ ਲਿਖਿਆ ਹੈ।

†ਸ੍ਰੀ ਗੁ: ਨਾਨਕ ਪ੍ਰਕਾਸ਼ ਵਿੱਚ ਇਕ ਤੋਂ ਵਧੀਕ ਵੇਰ ਮਰਦਾਨੇ ਨੂੰ ਭੁੱਖ ਦੇ ਦੁੱਖ ਤੋਂ ਆਤੁਰ ਹੋਇਆ ਦੱਸਿਆ ਗਿਆ ਹੈ ਤੇ ਕਈ ਵੇਰ ਤਾਂ ਇਸ ਵਿਆਕੁਲਤਾ ਵਿੱਚ ਉਪਾਲੰਭ ਦੇ ਵਾਕ ਗੁਰੂ ਜੀ ਨੂੰ ਕਹਿੰਦਾ ਪ੍ਰਗਟ ਕੀਤਾ ਹੈ। ਸ੍ਰੀ ਗੁਰੂ ਜੀ ਕਰਨ ਕਾਰਨ ਸਨ, ਭੁੱਖ ਪਯਾਸ ਤੇ ਵਸੀਕਾਰ ਰਖਦੇ ਸਨ, ਮਰਦਾਨੇ ਵਾਂਗ ਭਾਈ ਬਾਲਾ, ਜੋ ਇਨ੍ਹਾਂ ਉਦਾਸੀਆਂ ਵਿੱਚ ਅਕਸਰ ਨਾਲ ਰਿਹਾ ਹੈ, ਓਹਨੂੰ ਭੁੱਖ ਨੇ ਕਿਤੇ ਨਹੀਂ ਸਤਾਇਆ, ਕੇਵਲ ਮਰਦਾਨੇ ਨੂੰ ਹੀ ਭੁੱਖ ਕਿਉਂ ਦਬਾਂਦੀ ਰਹੀ ? ਇਸਦਾ ਉਤਰ ਉਤਰਾਰਧ ਅੱਧਯਾਇ ੧ ਅੰਗ ੩੧ ਵਿੱਚੋਂ ਮਰਦਾਨੇ ਦੇ ਆਪਣੇ ਮੂੰਹੋਂ ਕਹੇ ਪਦਾਂ ਤੋਂ ਮਿਲ ਜਾਂਦਾ ਹੈ:—'ਸ੍ਰੀ ਪ੍ਰਭੂ ਸੁਨੀਏ ਛੁਧਾ ਨ ਕੇਈ। ਜਬ ਕੋ ਬਰ ਦੇਕਰ ਤੁਮ ਖੋਈ। ਰਹੌਂ ਅਨੰਦ ਸਦਾ ਉਰ ਮਾਂਹੀ। ਖਾਵਨ ਚਾਹਿ ਹੋਤ ਕਬ ਨਾਹੀਂ'। ਇਸਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਬਾਲੇ ਵਾਂਗ ਮਰਦਾਨੇ ਦੀ ਭੁੱਖ ਵੀ ਅੰਤ ਨੂੰ ਨ ਵਰਤ ਕਰ ਦਿੱਤੀ ਸੀ। ਫਿਰ ਮਰਦਾਨੇ ਤੇ ਭੁਖ ਨੇ ਕਿਉਂ ਜ਼ੋਰ ਪਾਇਆ ? ਇਸ ਮੰਸੇ ਦੀ ਨਵਿਰਤੀ ਕਾਵਰੂ ਦੇਸ਼ ਦਾ ਜ਼ਿਕਰ ਕਰਦੇ ਹੋਏ ਕਵਿ ਜੀ ਐਉਂ ਕਰਦੇ ਹਨ:—

ਛੁਧਾ ਲਗੀ ਬਯਾਕੁਲ ਭਯੋ ਮਰਦਾਨਾ ਅਕੁਲਾਇ।
ਸਮਤਿ ਹੇਤ ਕਾਰਨ ਕਰਨ ਤਿਹ ਉਰ ਭੁਖ ਲਗਾਇ।

[ਬਾਕੀ ਨੂਟ ਦੇਖੋ ਅਗਲੇ ਪਨੇ ਦੇ ਹੇਠ]

ਖਾਨ ਲਗਯੋ ਫਲ ਮਧੁਰੇ ਸੁੰਦਰ। ਲਾਲਚ ਲਗੇ ਗਯੋ ਬਹੁ ਅੰਦਰ॥੪੯॥ ਹੁਤੋ ਦੈਂਤ ਇਕ ਤਹਿਂ ਭੈਕਾਰੀ[1]। ਜਿਹਨੈ ਗਜ ਮ੍ਰਿਗ ਕੀਨ ਅਹਾਰੀ। ਦੋਇ ਸਹੰਸ੍ਰ ਕੋਸ ਲੋ ਸੋਊ। ਬਨ ਮੈਂ ਜੀਵ ਨ ਛਾਡਯੋ ਕੋਊ ॥੫੦॥ ਗਿਰ ਸਮਾਨ ਜਿਹ ਦੇਹ ਕਰਾਲਾ[2]। ਉਤੈ ਕੋਸ ਲੋ ਬਾਹੁ ਬਿਸਾਲਾ। ਸਿਰ ਪਰ ਸ੍ਰਿੰਗ ਖ਼ਜੂਰ ਸਮਾਨਾ[3]। ਗਿਰ ਕੰਦਰ[4]* ਸੀ ਨਾਸ[5] ਪ੍ਰਮਾਨਾ ॥ ੫੧ ॥ ਚਾਟਤਿ ਓਸ਼ਟ[6] ਛੁਧਾ[7] ਮਹਾਨਾ[8]। ਤਿਹ ਨੈ ਦੇਖਾ ਜਬ ਮਰਦਾਨਾ। ਤੂਰਨ ਗਹਿਕਰਿ ਤਬ ਨਿਜ ਪਾਨਾ। ਮੁਖ ਮਹਿਂ ਖਾਵਾ ਕੌਰ[9] ਸਮਾਨਾ।

---

[1]ਡਰਾਵਨ ਵਾਲਾ। [2]ਭਯਾਨਕ। [3]ਵਾਂਙੂ। [4]ਪਹਾੜ ਦੀ ਖੋਹ। [5]ਨਾਸਾਂ। [6]ਬੁੱਲ੍ਹ। [7]ਭੁਖ। [8]ਬਹੁਤੀ। [9]ਗਰਾਹੀ। *ਪਾ:–ਗਿਰਕੰਦਰਾ–ਬੀ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਇਸ ਦਾ ਤਾਤਪਰਯ ਇਹ ਹੈ ਕਿ ਜਿੱਕੁਣ ਸਤਿਗੁਰੂ ਜੀ ਨੇ ਮੱਕੇ, ਜਗਨਨਾਥ, ਹਰਿਦੁਵਾਰ ਤੇ ਕੁਰਛੇਤਰ ਆਦਿਕ ਅਸਥਾਨਾਂ ਤੇ ਸਤਿ ਧਰਮ ਦਾ ਉਪਦੇਸ਼ ਦੇਣ ਲਈ ਚੜ੍ਹਦੇ ਦੀ ਥਾਂ ਲਹਿੰਦੇ ਵਲ ਪਾਣੀ ਉਛਾਲ, ਕਾਬੇ ਵਲ ਚਰਣ ਕਰਕੇ ਤੇ ਸੂਰਜ ਗ੍ਰਹਣ ਸਮੇਂ ਅਗਨੀ ਤੇ ਦੇਗਚੀ ਰੱਖਣੇ ਆਦਿਕ ਢੰਗ ਵਰਤੇ ਇੰਵ ਹੀ ਖਾਸ ਖਾਸ ਅਸਥਾਨਾਂ ਤੇ ਖਾਸ ਖਾਸ ਹਾਲਤਾਂ ਵਿੱਚ ਹੰਕਾਰੀਆਂ, ਪਖੰਡੀਆਂ, ਦੰਭੀਆਂ ਦਾ ਪਾਜ ਉਘਾੜਨ ਤੇ ਕੁਰਾਹੇ ਪਿਆਂ ਨੂੰ ਸਿੱਧੇ ਰਾਹ ਲਾਉਣ ਦਾ ਅਵਸਰ ਬਨਾਉਣ ਲਈ ਗੁਰੂ ਜੀ ਆਪਣੀ ਦੈਵੀ ਸ਼ਕਤੀ ਨਾਲ ਮਰਦਾਨੇ ਦੀ ਭੁੱਖ ਤੇ ਪਿਆਸ ਨੂੰ ਤ੍ਰਿਖਿਆ ਕਰ ਦੇਂਦੇ ਰਹੇ, ਜਿਸਤੋਂ ਆਤੁਰ ਹੋਇਆ ਹੋਇਆ ਮਰਦਾਨਾ ਗੁਰੂ ਜੀ ਦੇ ਨਿਸ਼ਚਿਤ ਅਸਥਾਨ ਤੇ ਜਾਂਦਾ, ਉਥੇ ਕੋਈ ਘਟਨਾ ਵਾਪਰਦੀ ਤੇ ਸਤਿਗੁਰੂ ਜੀ ਜੀਆ ਦਾਨ ਦੇਣ ਦਾ ਅਵਸਰ ਕੱਢ ਲੈਂਦੇ, ਜਿਹਾ ਕਿ ਨੂਰਸ਼ਾਹ ਤੇ ਵਲੀ ਕੰਧਾਰੀ ਦੇ ਪ੍ਰਸੰਗਾਂ ਤੋਂ ਵਿਦਤ ਹੈ।

ਮਰਦਾਨਾ ਆਪਣਾ ਘਰ ਬਾਰ, ਪਰਵਾਰ, ਧੀਆਂ ਪੁੱਤ ਤੇ ਇਸਤ੍ਰੀ ਆਦਿਕਾਂ ਦਾ ਮੋਹ ਤੋੜ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਿਹਾ, ਇਸਨੇ ਆਪਣਾ ਦੀਨ ਤੇ ਈਮਾਨ, ਆਪਣਾ ਮੱਕਾ ਤੇ ਮਦੀਨਾ ਸਤਿਗੁਰੂ ਜੀ ਦੇ ਦੀਦਾਰ ਨੂੰ ਹੀ ਜਾਤਾ ਤੇ ਪ੍ਰੀਤ-ਤਾਰ ਵਿਚ ਪ੍ਰੋਤਾ ਰਿਹਾ, ਇਸ ਤਰ੍ਹਾਂ ਨਿਕਟਵਿਰਤੀ ਹੋਣ ਤੇ ਆਪਣਾ ਦੀਨ ਤੇ ਦੁਨੀਆਂ ਸਤਿਗੁਰੂ ਜੀ ਨੂੰ ਹੀ ਜਾਨਣ ਦਾ ਜੋ ਮਾਨ ਉਸਨੂੰ ਪ੍ਰਾਪਤ ਸੀ, ਉਸਦੀ ਹੋਂਦ ਵਿਚ ਉਸਦੇ ਉਪਾਲੰਭ ਦੇ ਕਹੇ ਵਾਕ ਅਸ਼ਰਧਕਤਾ ਦੇ ਵਾਕ ਨਹੀਂ ਹਨ, ਇਹ 'ਪ੍ਰੇਮ-ਨਿਹੋਰੇ' ਹਨ ਤੇ ਇਹ ਉਸੇ ਤਰ੍ਹਾਂ ਮਾਣ ਤਾਣ ਦੀ ਅਵਸਥਾ ਵਿੱਚ ਕਹੇ ਗਏ ਹਨ ਜਿਸ ਤਰ੍ਹਾਂ ਇਕ ਬਾਲਕ ਪ੍ਰੇਮ ਵਿਚ ਆਕੇ ਆਪਣੇ ਪਿਤਾ, ਜਾਂ ਇਕ ਭਗਤ ਪ੍ਰੇਮ ਦੇ ਸਰੂਪ ਵਿੱਚ ਪਰਮਾਤਮਾਂ ਨੂੰ ਕਈ ਵੇਰ ਕਹਿਦੇ ਦੇਖੇ ਤੇ ਸੁਣੇ ਜਾਂਦੇ ਹਨ।

॥੫੨॥ ਭਯੋ ਤ੍ਰਾਸ ਮੁਖ ਬੋਲਿ ਨ ਆਯੋ। ਸ੍ਰੀ ਨਾਨਕ ਮਨ ਮਾਂਹਿ ਧਯਾਯੋ। 'ਕਰਿਯੇ ਰੱਛਾ ਸ੍ਰੀ ਗੁਰੂ ਪੂਰਨ !। ਜਯੋਂ ਗਜਰਾਜ[1] ਉਧਾਰਯੋ[2] ਤੂਰਨ ॥੫੩॥ ਹੇ ਪ੍ਰਭੁ ਮੈਂ ਅਜਾਨ ਮਤਿਮੂਢਾ। ਕਹੇ ਕੁਬਚਨਾ ਮੋਹ ਅਰੂਢਾ[3]। ਬਿਰਦ ਸੰਭਾਰਹੁ ਅਪਨ ਕ੍ਰਿਪਾਲਾ। ਮੁਝਹਿ ਮੁਚਾਵਹੁ ਦੈਤ ਬਿਸਾਲਾ[4] ॥੫੪॥ਕਹੇ ਕੁਬੈਨ ਨ ਉਰ ਮੈਂ ਧਰਿਯੋ।ਦੀਨਬੰਧੁ ਨਿਜ ਨਾਮ ਬਿਚਰਿਯੋ। ਸੰਗ ਲੀਯੇ ਕੀ ਰਾਖਹੁ ਲਾਜਾ। ਤੁਮ ਹੋ ਤੀਨ ਲੋਕ ਸਿਰਤਾਜਾ' ॥੫੫॥ ਸਰਬ ਬ੍ਰਿਤੰਤ ਜਾਨਿ ਗੁਰੁ ਲੀਨੋ। ਦੈਤ ਰਦਨ ਤੇ ਰਾਖਨ ਕੀਨੋ। ਗਯੋ ਉਦਰ ਮਹਿਂ ਬਨਾ ਬਨਾਯੋ। ਦੁਸ਼ਟ ਰਦਨ ਕੋ ਛੁਹਨ ਨ ਪਾਯੋ ॥ ੫੬ ॥ ਜਯੋਂ ਨਰ ਕੇ ਗਰ*ਦਾਨੋ[5] ਜਾਈ। ਗਯੋ ਉਲੰਘਿ ਤਿਸੀ ਕੀ ਨਯਾਈ। ਪੁਨ ਬੋਲੇ ਮੁਝ ਸੰਗ ਕ੍ਰਿਪਾਲਾ। 'ਬੈਠ੍ਹਾ ਰਹੁ ਇਹ ਠਾਂ ਤੂੰ ਬਾਲਾ !॥੫੭॥ਮਰਦਾਨੇ ਕੋ ਦੈਤ ਗਹਾਨਾ। ਉਦਰ ਬਿਖੈ ਤਿਨ ਲੀਨ ਲੰਘਾਨਾ। ਜਾਇ ਛੁਰਾਵਹਿਂ ਅਬ ਤਿਹ ਤਾਈਂ। ਘਟਿ ਬਿਕ ਮੈਂ[6] ਤੂੰ ਆਉ ਤਹਾਂਈ[7]'† ॥੫੮॥ ਅਸ ਕਹਿ ਮੁਝ ਬੇਦੀ ਕੁਲਦੀਪਾ। ਗਮਨੇ ਰਾਖਸ਼ ਕੇਰ ਸਮੀਪਾ। ਦਾਸ ਬਚਾ- ਵਨ ਹਿਤ ਗੁਰੁ ਪੂਰਨ।ਦਈ ਦਿਖਾਈ ਦੈਤਹਿ ਤੂਰਨ ॥੫੯॥ ਸ੍ਰੀ ਨਾਨਕ ਗਹਿ ਲੀਨੋ ਡਾਂਹੀ। ਕਰ ਉਚਾਇ ਪਾਏ ਮੁਖ ਮਾਂਹੀ। ਉਦਰ ਬਿਖੈ ਪਹੁੰਚੇ ਗੁਰੂ ਜਬਹੀ। ਮਿਲਤਿ ਭਯੋ ਮਰਦਾਨਾ ਤਬਹੀ॥੬੦॥ ਕਹੇ ਬਚਨ ਤਿਹ ਧੀਰਜ ਦੀਨੀ । ਪੁਨ ਨਿਜ ਦੇਹਿ ਬਧਾਵਨ ਕੀਨੀ। ਦ੍ਵੈ ਕੋਸਨ ਲੌ ਦੈਤ ਉਤੰਗਾ[8]। ਤਿਤਨੋ ਕਿਯੋ ਪ੍ਰਭੁ ਨਿਜ ਅੰਗਾ॥੬੧॥ ਜਬ ਤਨ ਫਟਨ ਲਗਯੋ ਤਿਹ ਕੇਰੋ। ਇਕ ਜੋਜਨ ਲੌ ਬਧਯੋ ਬਧੇਰੋ। ਸ੍ਰੀ ਗੁਰੂ ਬਹੁਤ ਬਧਾਵਾ ਤੇਤੋ[9]। ਰਾਖਸ਼ ਬਿਸਤਰਯੋ[10] ਤਨ ਜੇਤੋ॥੬੨॥ ਭਯੋ ਕਸ਼ਟ ਜਬ ਰਾਖਸ਼ ਤਾਂਈ। ਦ੍ਵੈ[11] ਜੋਜਨ ਕੀ ਦੇਹਿ ਬਧਾਈ। ਸ੍ਰੀ ਗੁਰੂ ਤੇਤੋ ਤਨ ਬਿਸਤਾਰਾ। ਅੰਤਰ ਭਯੋ ਤਾਂਹਿ ਦੁਖ ਭਾਰਾ ॥ ੬੩ ॥ ਨੌ ਜੋਜਨ ਲੌ ਦੈਤ ਬਧਾਵਾ। ਤੈਸੋ ਪ੍ਰਭੁ ਨਿਜ ਦੇਹਿ ਬਨਾਵਾ। ਭਏ ਸੁਮੇਰੁ ਸਮਾਨ[12] ਸੁ ਭਾਰੀ। ਅਸੁਰ ਤਬੈ ਨਿਰ- ਬਲਤਾ ਧਾਰੀ ॥੬੪॥ ਠਾਂਢੇ ਦੇਖਹਿਂ ਦੇਵ ਅਕਾਸ਼ਾ। ਸਭਿਹਿਨਿ ਹਾਹਾਕਾਰ ਪ੍ਰਕਾਸ਼ਾ।–ਦੈਤ ਚਬਾਇ ਗਯੋ–ਇਵ ਜਾਨੇ। ਪ੍ਰਭੁ ਕੀ ਮਹਿਮਾ ਤੇ ਅਨਜਾਨੇ

[1]ਗਜਰਾਜ ਨੂੰ ਜਿਵੇਂ। [2]ਬਚਾਯਾ ਸੀ। [3]ਮੋਹ ਵਿਚ ਆਕੇ(ਅ) ਅਗਯਾਨਵਿਚ। [4]ਬਚਾਵਹੁਦੈਤਵੱਡੇ ਤੋਂ। [5]ਦਾਣਾ। [6]ਇਕ ਘੜੀ ਵਿਚ। [7]ਤਿੱਥੇ ਹੀ। [8]ਉੱਚਾ। [9]ਤਿਤਨਾ ਹੀ। [10]ਫੈਲਾਇਆ। [11]ਦੋ। [12]ਸੁਮੇਰ ਪਹਾੜ ਵਾਂਙੂ। *ਪਾ:–ਉਰ। †ਪਾ:–ਘਟੀ ਅਧਿਕ ਮੈਂ ਆਉਂ ਇਹਾਂ ਹੀ।

॥੬੫॥ਦੈਤ ਭਯੋ ਬਿਹਬਲ ਤਬ ਤਾਂਈ॥ਨਿਜ ਜੀਵਨ ਕੀ ਆਸ ਚੁਕਾਈ। ਪਸਰੇ[1] ਨੈਨ ਭਯਾਨਕ ਭਾਰੇ। ਗਿਰਯੋ ਅਵਨਿ ਪਰ ਖਾਇ ਪਛਾਰੇ॥੬੬॥ ਮਾਨੋ ਬਧਯੋ ਬਿੰਧਯਾਚਲ*ਭਾਰੀ। ਪਰਯੋ ਧਰਨ ਪਰ ਗੁਰੂ ਅਗਾਰੀ।ਤਿਹ ਕੇ ਤਰੇ ਤਰੋਵਰ ਜੇਤੇ। ਟੂਟ ਗਏ ਚੂਰਨ ਭੇ ਤੇਤੇ॥੬੭॥ਸੈਯਾ॥ ਬੰਦ ਭਯੋ ਮੁਖ ਸ੍ਵਾਸ ਜਬੈ ਤਬ ਦੇਹਿ ਛੁਟੀ ਤਿਹ ਪ੍ਰਾਨ ਉਡਾਈ। ਭਾਖਤਿ 'ਜੈ'ਪੁਨ 'ਜੈ' ਸੁਰ[2]ਬਾਸਵ[3]ਫੂਲਨ ਕੀ ਬਰਖਾ ਬਰਖਾਈ। ਸੰਗ ਲਏ ਮਰਦਾਨਹਿ ਕੋ ਨਿਕਸੇ ਗੁਰੂ ਬਾਹਰ ਐਸ[4] ਸੁਹਾਈ[5]। ਪੰਨਗ ਦੈਤ[6] ਕੋ ਚੀਰ ਮਨੋ ਨਿਕਸੇ ਸੰਗ ਗੋਪਨ ਸ੍ਰੀ ਜਦੁਰਾਈ[7] ॥ ੬੮ ॥ ਰਾਖਸ਼ ਸੁੰਦਰ ਦੇਹਿ ਧਰਾ ਜਿਹ ਚਾਰ ਭੁਜਾ ਸ੍ਰੁਤ[8] ਕੁੰਡਲ[9] ਪਾਇ । ਪੀਤ[10] ਦੁਕੂਲ[11] ਬਿਰਾਜਤਿ ਊਪਰ ਸ਼ਯਾਮ[12] ਸਰੂਪ ਭਲੀ ਛਬਿ ਛਾਏ। ਪੂਰਬ ਬੰਦਨ ਕੋ ਕਰਿਕੈ ਪਰਸ਼ੰਸ਼ਨ ਕੇ[13] ਪੁਨ ਬੈਨ ਅਲਾਏ। 'ਹੇ ਕਰਤਾਰ ! ਧਰਯੋ ਅਵਤਾਰ, ਕਲੀ ਮਹਿਂ ਆਇ ਕੈ ਨਾਮ ਜਪਾਏ ॥ ੬੯ ॥ ਹਮ ਸੇ ਜੁ ਅਘੀ ਤਿਨ ਕੋ ਗਤਿ ਦੇਵਨ ਆਵਨ ਭਾ ਤੁਮਰੋ ਇਹ ਥਾਂਈਂ । ਜਗ ਖੰਡਤਿ ਹੋ ਸਭਿ ਡਿੰਭਨ[14] ਕੋ ਸ਼ੁਭ ਮਾਰਗ ਮੈਂ ਨਰ ਦੋਹੁ ਚਲਾਈ। ਦਸਵਾਂ† ਅਵਤਾਰ ਧਰੈਂ ਅਬ ਆਪ ਅਲੰਬ[15] ਹੈ ਹਿੰਦ ਕੀ ਪੈਜ ਰਖਾਈ। ਤਨ ਮਾਨਵ ਧਾਰਿਕੈ ਪ੍ਰੋਖ[16]ਫਿਰੋ ਸ਼ਰਧਾ ਜੋ ਧਰੈ ਤਿਨਕੋ ਗਤਿਦਾਈ' ॥ ੭੦ ॥ ਮਰਹਰੀ ਛੰਦ॥ ਲਖਿ ਮੈਂ ਮਰਦਾਨਾ ਉਰ ਬਿਸਮਾਨਾ, ਗੁਰੂ ਰਿਦੇ ਇਹੁ ਜਾਨਿ[17]।ਬੂਝਾ ਪੁਨ ਸੋਈ[18] 'ਤੁਮ ਕੋ ਹੋਈ?ਸਭਿ ਬਿਧਿ ਕਰੋ ਬਖਾਨ'।ਨਿਜ ਗਾਥ ਉਚਾਰੀ ਪ੍ਰਭੂ ਅਗਾਰੀ'ਸੁਨਹੁ ਉਧਾਰਕ ਮੇਰ[19]।

---

[1]ਫੈਲੇ। [2]ਦੇਵਤੇ। [3]ਇੰਦ੍ਰ। [4]ਇਸ ਤਰ੍ਹਾਂ। [5]ਸ਼ੋਭਨੀਕ ਸਨ। [6]ਇਕ ਦੈਂਤ ਦਾ ਨਾਮ। [7]ਸ੍ਰੀ ਕ੍ਰਿਸ਼ਨ ਦੇਵ ਜੀ। [8]ਕੰਨੀ। [9]ਵਾਲੇ। [10]ਪੀਲਾ। [11]ਦੁਪੱਟਾ। [12]ਕਾਲਾ। [13]ਉਸਤਤ ਦੇ। [14]ਪਖੰਡਾਂ। [15]ਆਸਰਾ। [16]ਗੁਪਤ। [17]ਗੁਰੂ ਜੀ ਨੇ ਸਾਡੇ ਦਿਲ ਦੀ ਜਾਣ ਲਈ। [18]ਦੈਂਤ ਨੂੰ ਪੁੱਛਿਆ। [19]ਹੇ ਮੇਰੇ ਉਧਾਰ ਕਰਣੇ ਵਾਲੇ।

*ਬਿੰਧਯਾਚਲ ਦੱਖਣੀ ਤੇ ਉੱਤਰੀ ਹਿੰਦ ਦੇ ਵਿਚਕਾਰ ਇਕ ਪਹਾੜ ਹੈ। ਇਹ ਕਦੇ ਹੁਣ ਨਾਲੋਂ ਬਹੁਤ ਉੱਚਾ ਹੋਣਾ ਹੈ, ਪੁਰਾਣਕ ਕਥਾ ਹੈ ਕਿ ਇਕ ਵੇਰ ਬਿੰਧਯਾਚਲ ਨੇ ਉੱਚਾ ਹੋਣ ਦਾ ਯਤਨ ਕੀਤਾ ਕਿ ਸੂਰਜ ਮੇਰੀ ਬੀ ਪ੍ਰਕਰਮਾ ਕਰੇ, ਇਸ ਪਰ ਦੇਵਤੇ ਘਬਰਾਏ ਕਿ ਮਤਾਂ ਇਹ ਸੂਰਜ ਨੂੰ ਹੀ ਰੋਕ ਲਵੇ ਤਾਂ ਬਿੰਧਯਾਚਲ ਦੇ ਗੁਰੂ ਅਗਸਤ ਜੀ ਸੱਦੇ ਆਏ, ਬਿੰਧਯਾਚਲ ਨੇ ਗੁਰੂ ਨੂੰ ਮੱਥਾ ਟੇਕਿਆ ਅਗਸਤ ਨੇ ਆਗਯਾ ਕੀਤੀ ਏਸੇ ਤਰ੍ਹਾਂ ਪਿਆ ਰਹੁ, ਤਦ ਤੋਂ ਓਹ ਓਸੇ ਤਰ੍ਹਾਂ ਹੀ ਪਿਆ ਹੈ।

†ਪਾ:—ਦਸ।

ਜਬ ਜਨਕ ਬਿਦੇਹੀ, ਤਬ ਨਰ ਦੇਹੀ ਹੁਤੋ ਰਸੋਈਆ ਚੇਰ[੧] ॥ ੭੧ ॥ ਇਕ ਕਾਲ ਨਰੇਂਦ੍ਰ[੨] ਸੰਤਨ ਨੌਂਦ੍ਰ[੩] ਕਰੀ ਰਸੋਈ ਸਾਰ। ਤਬ ਮੁਝ ਛੁਧ[੪] ਲਾਗੇ, ਸਭਿਹਿਨਿ ਆਗੇ ਕੀਨ ਦੁਰਾਇ[੫] ਅਹਾਰ[੬]। ਨ੍ਰਿਪ ਨੈ ਜਬ ਜਾਨੀ ਗਿਰਾ ਬਖ਼ਾਨੀ-ਜੂਠੀ ਭਈ ਰਸੋਇ-। ਸਰਿਤਾ[੭] ਮਹਿੰ ਡਾਰੀ, ਸੰਤ ਨ ਖੁਆਰੀ[੮], ਲਖਿ ਔਗੁਣ ਮਮ ਸੋਇ॥੭੨॥ ਸ੍ਵੈਯਾ॥ ਸ੍ਰਾਪ ਦਯੋ ਪੁਨ ਭੂਪਤ ਮੋਹਿ, ਕਹਯੋ-ਵਡ ਰਾਖਸ਼ ਹੋਵਹੁ ਜਾਈ-। ਦੀਨ ਭਯੋ ਸੁਨਿ,ਬੂਝਤਿ[੯] ਮੈਂ -ਕਬ ਹੋਵਹਿਗੀ ਗਤਿ ਦੇਹੁ ਬਤਾਈ?-ਭੂਪ[੧੦]ਭਨਯੋ-ਕਲਿਕਾਲ ਵਿਖੈ ਗੁਰੂ ਨਾਨਕ ਰੂਪ ਧਰੈ ਹਰਿ ਜਾਈ[੧੧]। ਨਾਮ ਜਪਾਇ ਕੈ ਲੋਕ ਉਧਾਰਨ ਤਾਂਹਿ ਮਿਲਾਪ ਤੇ ਸ੍ਰਾਪ ਮਿਟਾਈ*-॥ ੭੩ ॥ ਮਰਹਰੀ ਛੰਦ॥ ਅਬ ਕੁਯੋ

[੧]ਨੌਕਰ। [੨]ਰਾਜੇ ਨੇ। [੩]ਨਿਉਂਦਾ ਕੀਤਾ। [੪]ਭੁੱਖ । [੫]ਸਭ ਤੋਂ ਮੂਹਰੇ ਛੁਪਕੇ। [੬]ਭੋਜਨ ਖਾ ਲਿਆ। [੭]ਨਦੀ। [੮]ਸੰਤਾਂ ਨੂੰ ਨਾ ਖੁਵਾਈ । [੯]ਪੁੱਛਿਆ । [੧੦]ਰਾਜੇ ਨੇ। [੧੧]ਪਰਮੇਸ਼੍ਵਰ ਰੂਪ ਧਾਰੇਗਾ ਜਾਕੇ।

*ਦੇਵਲੂਤ ਤਾਂ ਆਦਮ ਖੋਰ ਜਾਂਗਲੀ ਜਾਤ ਦਾ ਬੰਦਾ ਸਹੀ ਹੁੰਦਾ ਸੀ, ਪਰ ਇਹ ਦੈਂਤ ਅਮੁਕਤਿ ਅਵਸਥਾ ਦੀ ਵਯਕਤੀ ਜਾਪਦੀ ਹੈ। ਚਾਹੇ ਵਰਣਨ ਸਰੀਰ ਧਾਰੀ ਵਾਂਙੂ ਕੀਤਾ ਹੈ।

ਇਹ ਪ੍ਰਸੰਗ ਦੱਸਦਾ ਹੈ ਕਿ ਹਿੰਦੂ ਐਸ਼੍ਵਰਜ ਸਮੇਂ ਧਰਮ ਜੀਵਨ ਵਿਚ ਫਕੀਰਾਂ ਦਾ ਗੁੱਸਾ ਬੀ ਪ੍ਰਬਲ ਹੁੰਦਾ ਸੀ, ਸ੍ਰਾਪ ਦੇਣ ਵੱਲ ਛੇਤੀ ਪੈਂਦੇ ਸਨ, ਤੇ ਸ੍ਰਾਪ ਦੇਕੇ ਆਪ ਬਖਸ਼ਣੋਂ ਅਸਮਰੱਥ ਹੁੰਦੇ ਸਨ, ਜਿਸ ਤਰ੍ਹਾਂ ਸੱਤਵੇਂ ਸਤਿਗੁਰਾਂ ਨੇ ਭਾਈ ਗੋਰੇ ਨੂੰ ਕਤਲ ਦੇ ਜੁਰਮ ਵਿਚ ਸ੍ਰਾਪ ਦਿੱਤੇ ਸਨ, ਫਿਰ ਉਸਦੇ ਜਾਨ ਹੂਲਕੇ ਜਾਨਾਂ ਬਚਾਉਣ ਪਰ ਖੁਸ਼ ਹੋਕੇ ਬਖਸ਼ ਦਿੱਤੇ ਸੇ, ਇਹ ਸੱਤਯਾ ਪਹਿਲੇ ਸਮੇਂ ਦੇ ਧਰਮੀਆਂ ਵਿਚ ਨਹੀਂ ਸੀ। ਉਨ੍ਹਾਂ ਦੇ ਸ੍ਰਾਪਾਂ ਮਾਰੀਆਂ ਅਮੁਕਤਿ ਅਵਸਥਾ ਵਿਚ ਰੂਹਾਂ ਤੜਪ ਰਹੀਆਂ ਸਨ, ਉਨ੍ਹਾਂ ਨੂੰ ਸਤਿਗੁਰਾਂ ਨੇ ਕਲਯਾਨ ਦਿੱਤੀ। ਪ੍ਰਸੰਗ ਕਵਿ ਜੀ ਬਾਲੇ ਦੀ ਸਾਖੀ ਤੋਂ ਲੈ ਰਹੇ ਹਨ, ਮੰਤਵ ਉਨ੍ਹਾਂ ਦਾ ਨਿਰਾ ਇਹ ਜਾਪਦਾ ਹੈ ਕਿ ਪਿਛਲੇ ਜੁਗਾਂ ਦੇ ਧਰਮਾਤਮਾ ਦੇ ਸ੍ਰਾਪ ਦੁਖੀ ਅਬਿਗਤਿ, ਅਮੁਕਤਿ, ਰੁਲ ਰਹੀਆਂ ਰੂਹਾਂ ਨੂੰ ਸ੍ਰੀ ਗੁਰੂ ਜੀ ਨੇ ਤਾਰਿਆ।

ਅਬਿਗਤ ਪ੍ਰਾਣੀ ਓਹ ਹੁੰਦੇ ਹਨ, ਜੋ ਮਰ ਗਿਆਂ ਤੇ ਧਰਤੀ ਪਰ ਹੀ ਵਾਸ਼ਨਾਂ, ਤ੍ਰਿਸ਼ਨਾਂ, ਮੰਦਕਰਮਾਂ ਦੇ ਬੋਝਾਂ ਨਾਲ ਦੱਬੇ ਰੜਕਦੇ ਹਨ, ਇਨ੍ਹਾਂ ਦੇ ਸੁਭਾਵ, ਵਾਸ਼ਨਾਂ, ਦੇਹ ਧਾਰੀਆਂ ਵਾਂਙੂ ਹੀ ਹੁੰਦੀਆਂ ਹਨ, ਇਨ੍ਹਾਂ ਦੇ ਕਰਮ ਬੀ ਭਯਾਨਕ ਹੁੰਦੇ ਹਨ। ਸ਼ਰੀਰ ਬੀ ਹੁੰਦੇ ਹਨ ਜੋ ਅਕਾਸ਼ ਵਰਗੇ ਸੂਖਮ ਤੱਤ ਦੇ ਹੁੰਦੇ ਹਨ। ਜਿਨ੍ਹਾਂ ਨੇ ਸੰਤ ਯਾ ਗੁਰੂ ਵਿਚ ਸ਼੍ਰਧਾ ਕੀਤੀ ਹੈ, ਉਨ੍ਹਾਂ ਨੂੰ ਜਦ ਸ੍ਰਾਪ ਮਿਲਦਾ ਹੈ ਤਾਂ ਉਨ੍ਹਾਂ ਦਾ ਮਨ ਸ੍ਰਾਪ ਦੇਣ ਵਾਲੇ ਦੇ ਸੰਕਲਪ ਨੂੰ ਲੈਕੇ ਉਸੇ ਪ੍ਰਕਾਰ ਦੇ ਖਯਾਲ ਵਿਚ ਹੋ ਜਾਂਦਾ ਹੈ। ਅਰਥਾਤ ਉਨਾਂ ਦੇ ਜਾਰੀ ਹੋ ਪਏ ਸ੍ਵੈਸੰਕਲਪ (Auto Suggestion) ਹੀ ਉਨ੍ਹਾਂ ਨੂੰ ਓਸੇ

[ਬਾਕੀ ਨੋਟ ਦੇਖੋ ਅਗਲੇ ਸਫੇ ਦੇ ਹੇਠ]

ਮਿਲਾਪਾ, ਮਿਟ ਗਯੋ ਸ੍ਰਾਪਾ, ਰਾਖਸ਼ ਤਨ ਪਲਟਾਇ'। ਕਹਿ ਗਾਥਾ ਸਭਿ ਹੀ ਬੇਦਤਿ ਤਬਹੀ ਗਯੋ ਬਿਕੁੰਠਹਿ ਧਾਇ। ਪਿਖਿ ਸੁਨਿ ਮਰਦਾਨਾ, ਭਯੋ ਹਿਰਾਨਾ ਨਮਸਕਾਰ ਪਗ ਕੀਨਿ।'ਹੇਤੁਮ ਜਗਦੀਸ਼ਾ, ਮਯਾ[1] ਕਰੀਸਾ[2] ਮਹਿੰਮਾ ਮੈਂ ਨਹਿ ਚੀਨਿ ॥੭੪॥ ਵਡ ਰਾਖਸ਼ ਮਾਰਯੋ ਮੁਝੇ ਛੁਟਾਰਯੋ ਜਿਹੰ ਦੀਰਘ ਵਿਸਤਾਰ। ਤਹਿੰ ਤਰੇ ਤਰੋਵਰ ਚੂਰਨ ਭੇ ਧਰ ਨੌ ਜੋਜਨ ਆਕਾਰ। ਇਹ ਬਿਧਿ ਗਤਿ ਪਾਈ, ਕੌਨ ਕਮਾਈ? ਦੀਜੈ ਹਮੇ ਬਤਾਇ। ਜੀਵਨ ਸੰਤਾਪੀ[3] ਇਹ ਵਡ ਪਾਪੀ ਗਾ ਬਿਕੁੰਠ ਸੁਖ ਪਾਇ' ॥ ੭੫ ॥ ਦੋਹਰਾ ॥ ਕਮਲ ਬਦਨ ਬੋਲੇ ਤਬਹਿ 'ਜਨਮ ਪੂਰਾ ਕੇ ਮਾਂਹਿ[4]। ਸੰਤਨ ਕੀ ਸੇਵਾ ਕਰੀ ਚਿਰੰਕਾਲ ਲਗ ਤਾਂਹਿ ॥ ੭੬ ॥ ਤਿਹ ਫਲ ਉੱਤਮ ਪਦ ਲਹਯੋ ਮੁਕਤਿ ਪਾਇ ਦੁਖਦਾਹਿ। ਸੰਤਨ ਸੇਵ ਅਕਾਰਥੀ ਕਰੀ ਕਬਹਿ ਨਹਿੰ* ਜਾਹਿ॥੭੭॥ ਸ੍ਵੈਯਾ ॥ ਜੋ ਮਿਲਿ ਸੰਤਨ ਕਾਲ ਬਿਤਾਵਤਿ ਪਾਵਤਿ ਸੋ ਸੁਖ ਲੋਕਹਿੰ ਦੋਊ। ਨਾਮ ਜਪੈਂ ਨਿਸਬਾਸੁਰ ਮੈਂ ਮਨ ਮਾਰਨ ਤੇ ਗਤਿ ਪ੍ਰਾਪਤ ਹੋਊ। ਹੈ ਕਲਿਕਾਲ ਮਹਾਤਮ ਨਾਮ ਕੋ ਸ਼੍ਰੀ ਪ੍ਰਭੁ ਕੀਰਤਿ ਗਾਵਹਿ ਸੋਊ। ਬੰਧਨ ਜੇ ਭਵ ਕੇ[5] ਭਵਦਾਯਕ[6] ਤਾਂ ਉਪਚਾਰਹਿ ਔਰ ਨ ਕੋਊ' ॥ ੭੮ ॥ ਦੋਹਰਾ ॥ ਇਸ ਪ੍ਰਕਾਰ ਕਹਿ ਬਚਨ ਕੋ ਚਲਤਿ ਭਏ ਗਤਿਦਾਇ। ਭਜਿ ਸੰਤੋਖ ਸਿੰਘ ਗੁਰ ਚਰਨ ਕਰਿਕੈ ਪੂਰਨ ਧ੍ਯਾਇ॥ ੭੯ ॥ ਇਤਿ ਸ਼੍ਰੀ ਗੁਰ

---

[1]ਕ੍ਰਿਪਾ। [2]ਕਰਨ ਵਾਲੇ। [3]ਦੁਖ ਦੇਨ ਵਾਲਾ। [4]ਪਹਿਲੇ ਜਨਮ ਵਿਚ। [5]ਸੰਸਾਰ ਦੇ। [6]ਜਨਮ ਦੇਣ ਵਾਲੇ। *ਪਾ:—ਨ ਕਬਹੂੰ।

੨ [ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਰੰਗ ਰੂਪ ਦੁਖ, ਕਲਹ, ਕਲੇਸ਼ ਕਰਤੂਤ, ਕਰਨੀ ਵਿਚ ਸੱਤ ਭਾਸਣ ਲੱਗ ਜਾਂਦੀ ਤੇ ਉਹੋ ਕੰਮ ਕਰਵਾਉਂਦੀ ਹੈ। ਇਹ ਗਲ ਅੱਜ ਕਲ ਹਿਪਨਾਟਿਜ਼ਮ ਦੀ ਵਿਦਯਾ ਵੀ ਮੰਨਦੀ ਹੈ।

ਇਹ ਰਾਖਸ਼ ਮਾਨੋਂ ਅਮੁਕਤਿ ਆਤਮਾ ਸੀ ਜੋ ਜਨਕ ਦੇ ਸ੍ਰਾਪ ਤੋਂ ਸ੍ਵੈਸੰਕਲਪ (Auto Suggestion) ਦੇ ਦੈਂਤ ਰੂਪ ਧਾਰਨ ਕੀਤੀ ਤੇ ਉਸੇ ਦਸ਼ਾ ਵਿਚ ਫਸੀ ਭ੍ਯਾਨਕ ਰੂਪ ਵਿਚ ਭ੍ਯਾਨਕ ਕਰਮ ਕਰਦੀ ਸੀ, ਇਸੇ ਕਰਕੇ ਉਸਦੀ ਦੇਹ ਵਧਦੀ ਘਟਦੀ ਦੱਸੀ ਹੈ, ਸਥੂਲ ਸਰੀਰ ਨਹੀਂ ਵਧ ਘੱਟ ਸਕਦਾ। ਉਸ ਪ੍ਰੇਤ ਪਿੰਜਰ ਤੋਂ ਜਿਸਦੀ ਬਾਬਤ ਲਿਖਿਆ ਹੈ 'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ' ॥ ਸਤਿਗੁਰ ਨੇ ਉਸਨੂੰ ਮੁਕਤ ਕੀਤਾ।

ਸਾਰਾ ਸਿੱਧਾਂਤ ਪ੍ਰਸੰਗ ਦਾ ਕੇਵਲ ਇਤਨਾ ਹੈ ਕਿ ਗੁਰੂ ਜੀ ਨਾ ਕੇਵਲ ਸਰੀਰ ਧਾਰੀ ਮਨੁਖਾਂ ਦੀ ਕਲਯਾਣ ਕਰਦੇ ਸਨ, ਸਗੋਂ ਸਰੀਰ ਤੋਂ ਬਾਹਰ ਪਰ ਸਰੀਰ ਵਾਸ਼ਨਾਂ ਦੇ ਭਾਰ ਨਾਲ ਦਬੀਆਂ ਅਮੁਕਤਿ ਰੂਹਾਂ ਦੀ ਬੀ ਕਲਯਾਣ ਕਰਦੇ ਸਨ।

ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਨ ਮਾਨਸ, ਰਾਖਸ਼' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਮੋਂ ਅਧ੍ਯਾਯ ॥ ੫੫ ॥

੫੬. [ਗੁਰ ਚਰਣ ਮੰਗਲ। ਕਮਲ ਨੈਨ]

ਦੋਹਰਾ ॥ ਚੰਦਨ ਸੇ ਸ੍ਰੀ ਗੁਰ ਚਰਨ ਮਨ ਇਰੰਡ ਢਿਗ ਲਾਇ।
ਹ੍ਵੈ ਸੁਗੰਧਿਮੈ ਕਾਮ ਕੋ ਸੀਤਲਤਾ ਸੁਖ ਪਾਇ ॥ ੧ ॥

{ ਸੁਗੰਧਿਮੈ=ਸੁਗੰਧਿਮਯ=ਸੁਗੰਧੀ ਵਾਲਾ, ਸੁਗੰਧਿਤ। (ਅ) ਮੈਂ ਸੁਗੰਧਿਤ ਹੋ ਗਿਆ ਹਾਂ। ਕਾਮਕੋ=ਕੰਮ ਵਾਲਾ। }

**ਅਰਥ**—ਸ੍ਰੀ ਗੁਰੂ ਜੀ ਦੇ ਚਰਣ ਚੰਦਨ ਤੁੱਲ ਹਨ, (ਮੈਂ ਅਪਣਾ) ਅਰਿੰਡ (ਵਰਗਾ) ਮਨ (ਰੂਪੀ ਬੂਟਾ ਉਨ੍ਹਾਂ ਦੇ) ਨੇੜੇ ਲਗਾ (ਕੇ) ਸੁਗੰਧੀ ਵਾਲਾ ਹੋਕੇ (ਤੇ) ਸੀਤਲਤਾ ਦਾ ਸੁਖ ਪਾਕੇ (ਹੁਣ ਕਿਸੇ) ਕੰਮ ਵਾਲਾ (ਹੋ ਗਿਆ ਹਾਂ)।

**ਭਾਵ**—ਇਰੰਡ ਦਾ ਬੂਟਾ ਨਿਕੰਮਾ ਗਿਣਿਆਂ ਜਾਂਦਾ ਹੈ, ਨਾਂ ਸੰਘਣੀ ਛਾਂ ਨਾਂ ਮਿੱਠਾ ਫਲ, ਨਾਂ ਸੁਗੰਧੀ, ਨਾਂ ਲੱਕੜੀ ਕਿਸੇ ਕੰਮ ਦੀ, ਚੰਦਨ ਦੇ ਨੇੜੇ ਲੱਗਕੇ ਜੇ ਚੰਦਨ ਦੀ ਖੁਸ਼ਬੂ ਨਾਲ ਛੁਹ ਜਾਵੇ ਤਾਂ ਉਸ ਵਿਚ ਸੁਗੰਧੀ ਆ ਜਾਵੇ ਤਾਂ ਤਸੀਰ ਸੀਤਲਤਾ ਵਾਲੀ ਹੋ ਜਾਂਦੀ ਹੈ ਤੇ ਕਈ ਰੋਗਾਂ ਨੂੰ ਦੂਰ ਕਰਨ ਦਾ ਸੁਖ ਉਸ ਵਿੱਚ ਹੋ ਜਾਂਦਾ ਹੈ। ਕਵਿ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਦੇ ਚਰਨਾਂ ਦੇ ਸੰਜੋਗ ਨਾਲ ਮੈਂ ਸਤੋਗੁਣੀ ਸੁਭਾਵ ਵਾਲਾ, ਵਿਕਾਰਾਂ ਰੂਪੀ ਰੋਗਾਂ ਤੋਂ ਸੁਖੀ ਤੇ ਦੂਸਰਿਆਂ ਨੂੰ ਨਾਮ ਦੀ ਖੁਸ਼ਬੂ ਦੇਣ ਵਾਲਾ ਸੁਗੰਧੀਮਯ ਜਨ ਹੋ ਗਿਆ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਹੁ ਗੁਰੂ ਅੰਗਦ ਗਤਿਦਾਨੀ !। ਆਗੇ ਗਮਨੇ ਸ੍ਰੀ ਗੁਨਖਾਨੀ। ਕਿਤ ਸਾਗਰ ਕਿਤ ਧਰ ਪਰ ਜਾਈਂ। ਹਸਨ ਹੇਤ ਗੁਰ ਗਿਰਾ ਅਲਾਈ ॥੨॥ 'ਮਰਦਾਨੇ ਫਲ ਤੈਂ ਭਲਿ ਖਾਏ। ਭਯੋ ਕਿ ਨਹੀਂ ਅਜਹੁੰ ਤ੍ਰਿਪਤਾਏ[1] ?'। ਬੰਦਿ ਹਾਥ ਦ੍ਵੈ ਬੋਲਯੋ ਬਾਨੀ। 'ਕਰੀ ਅਵੱਗਯਾ ਮੈਂ ਸੁਖਦਾਨੀ ! ॥੩॥ ਅਧਿਕ ਅਨੁਚਿਤੇ ਬੈਨ ਬਖਾਨੇ। ਤਾਂਕੋ ਫਲ ਭਾ ਦੁਖ ਪ੍ਰਗਟਾਨੇ। ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰਾ। ਮੁਝਹਿ ਮੁਚਾਵਾ[2] ਦੈਤ ਸੰਘਾਰਾ[3] ॥੪॥ ਛੁਧਾ ਸੰਗਿ ਬਯਾਕੁਲ ਹ੍ਵੈ ਜਾਵੋਂ। ਖਿਝ ਕਰਿ ਨੀਕੀ ਮਤਿ[4] ਬਿਸਰਾਵੋਂ। ਤਬਹਿ ਅਨੁਚਿਤੇ ਬਚਨ ਅਲਾਊਂ। ਤਿਹ ਕੋ ਫਲ ਮੈਂ ਸੰਕਟ ਪਾਊਂ ॥ ੫ ॥ ਨਾਮ ਤੁਮਾਰ ਪਤਿਤ ਕੋ ਪਾਵਨ। ਬਖਸ਼ੋ ਖਤਾ ਸੰਤ ਮਨ ਭਾਵਨ[5] !'। ਕਮਲ ਬਦਨ ਤੇ ਬਿਗਸੇ ਸੁਨਿਕੈ। ਬੋਲੇ ਬਚਨ ਦਾਸ ਨਿਜ ਗੁਨਿਕੈ ॥ ੬॥ 'ਤੁਝ ਪਰ ਖੁਸ਼ੀ ਸਦੀਵ ਹਮਾਰੀ*। ਬਚਨ ਸੁਨੰਤਿ ਪ੍ਰਸੀਦਹਿੰ ਭਾਰੀ। ਹਰਖਤਿ ਰਹਿਯੋ ਸੰਗ ਹਮਾਰੇ। ਕਹੇ ਜਿ ਬਚ ਨਹਿੰ ਕਰਹੁ

[1]ਰਜਿਆ। [2]ਬਚਾਇਆ। [3]ਮਾਰ ਦਿੱਤਾ। [4]ਚੰਗੀ ਅਕਲ। [5]ਸੰਤਾਂ ਦੇ ਮਨ ਨੂੰ ਭਾਉਣ ਵਾਲੇ ਜੀਓ। *ਜੇ ਮਰਦਾਨਾ ਜਨਕ ਆਦਿ ਪਾਸ ਹੁੰਦਾ ਤਾਂ ਸਰਾਪਿਆ ਜਾਂਦਾ, ਧੰਨ ਸਤਿਗੁਰੂ ਹੈ !

ਬਿਚਾਰੇ'॥੭॥ ਇਸ ਪ੍ਰਕਾਰ ਕੇ ਹਾਸ ਬਿਲਾਸਾ। ਕਰਤਿ ਜਾਤਿ ਗਮਨਤਿ ਸੁਖ ਰਾਸਾ। ਚਲਤਯੋ ਕੇਤੇ ਦਿਵਸ ਬਿਤਾਏ। ਮਗ ਮਹਿਂ ਪੁਰਿ ਨ ਗ੍ਰਾਮ ਕੋ ਆਏ ॥ ੮ ॥ ਚਹੁੰਦਿਸ ਹੁਤੀ ਉਜਾਰ ਬਿਸਾਲਾ। ਮਰਦਾਨਾ ਬੋਲਯੋ ਤਿਹ ਕਾਲਾ। 'ਨਿਸਦਿਨ ਬਿਤੇ ਉਜਾਰ ਮਝਾਰੀ। ਆਵਹਿ ਨਗਰ ਕਿ ਨਹੀਂ ਅਗਾਰੀ ? ॥ ੯ ॥ ਕਿਤੇ ਦਿਵਸ ਗਮਨੇ ਮਗ ਮਾਂਹੀ। ਗ੍ਰਾਮ ਨਗਰ ਕੋ ਆਵਾ ਨਾਂਹੀ। ਜਾਵਹੁ ਚਲੇ ਉਜਾਰ ਮਹਾਨਾ। ਬਿਨਾ ਪ੍ਰਯੋਜਨ, ਜਾਇ ਨ ਜਾਨਾ'॥ ੧੦ ॥ ਸੁਨਿ ਕਰਿ ਬਿਗਸੇ ਪੰਕਜ ਨੈਨਾ। ਤਿਹ ਬਿਲੋਕ ਕੈ ਉਚਰੇ ਬੈਨਾ। 'ਭਯੋ ਨਗਰ ਬੂਝਨ ਅਨੁਰਾਗੀ[1]। ਉਦਰ ਬਿਖੈ ਬਹੁਰੋ ਛੁਧ ਲਾਗੀ ?' ॥੧੧॥ ਮਰਦਾਨੈ ਤਬ ਵਾਕ ਉਚਾਰੇ। 'ਹੈ ਤੋ ਸਹੀ ਸੁ ਕੌਨ ਨਿਵਾਰੇ[2]। ਛੁਧਾ ਲਗੀ, ਕਯਾ ਅਸਨ ਤਯਾਗੀ। ਰਾਖਯੋ ਹੈ ਕਿਨ ਆਨਿ ਅਗਾਰੀ ॥੧੨॥ ਹਮ ਬਿਚਰਤਿ ਜਹਿਂ ਵਡ ਉਦਿਆਨਾ। ਮ੍ਰਿਤੂ ਹੋਇਂ ਕਬਿ ਹੀ ਮਮ ਪ੍ਰਾਨਾ। ਕਹੂੰ ਕਹੂੰ ਆਵਤਿ ਕਰ ਮਾਂਹੀ। ਬਿਨਾ ਅਹਾਰ ਜੀਵਨਾ ਨਾਂਹੀ॥੧੩॥ ਕੋ ਜਾਨੈ ਕਯੋਂ ਹ੍ਵੈ ਨਿਰਬਾਹੂ। ਬਿਨ ਅਹਾਰ ਮੈਂ ਸੰਗ ਫਿਰਾਹੂੰ। ਤੁਮ ਕੋ ਛੁਧਾ ਪਿਪਾਸਾ ਨਾਂਹੀ। ਰਹਹੁ ਅਨੰਦ ਸਦਾ ਮਨ ਮਾਂਹੀ'॥ ੧੪ ॥ ਮੰਦ ਮੰਦ ਬਿਗਸਤਿ ਸ੍ਰੀ ਬਦਨਾ[3]। ਕਲੀਕੁੰਦ[4] ਜਿਉਂ ਉੱਜਲ ਰਦਨਾ[5]। ਕਹਿਤਿ ਭਏ 'ਸੁਨੀਏ ਮਰਦਾਨਾ ! ਛੁਧਾ ਸੰਗ ਜੇ ਹ੍ਵੈਂ ਹਤਿ ਪ੍ਰਾਨਾ ॥੧੫॥ ਇਸ ਬਿਧਿ ਕੋ ਹਮ ਜਾਮਨ[6] ਤੇਰੇ। ਗਏ ਪ੍ਰਾਨ ਆਨਹਿਂ ਤਨ ਫੇਰੇ। ਪੁਨ ਇਕ ਦਿਨ ਮਰਨਾ ਹੈ ਸਾਚੋ। ਜਯੋਂ ਜਲ ਬਿਖੈ ਹੋਇ ਘਟ ਕਾਚੋ[7] ॥੧੬॥ ਦ੍ਰਿਸ਼ਟਿਮਾਨ ਜੋ ਸਕਲ ਪਸਾਰਾ। ਇਹ ਜਾਨਹੁ* ਹੈ ਕਾਲ[8] ਅਹਾਰਾ। ਅਬ ਤੂੰ ਹਿਰਦੇ ਓਦਰ ਨਾਂਹੀ। ਚਹੋ ਜਿ ਅਚਹੁ ਚਲਹੁ ਪੁਰਿ ਮਾਂਹੀ॥੧੭॥ ਨਹੀਂ ਦੂਰ ਅਬ ਆਇ ਨਜੀਕਾ'। ਅਸ ਕਹਿ ਤੂਸ਼ਨ ਭੇ ਜਗ ਟੀਕਾ॥ਮੰਦ ਮੰਦ ਗਮਨਹਿਂ ਗੁਰ ਪੂਰਾ। ਜਿਹ ਕੋ ਦਰਸ਼ਨ ਸੋਹਤਿ ਰੂਰਾ ॥ ੧੮ ॥ ਦੋਹਰਾ ॥

ਨਿਕਟਿ ਨਗਰ ਆਵਾ ਤਬੈ ਬਹੁ ਸੁੰਦਰ ਦੁਤਿਵੰਤ[9]। ਦੇਖਿ ਜਿਸੇ ਅਮਰਾਵਤੀ[10] ਨੀਚੇ ਨੈਨ ਕਰੰਤਿ॥੧੯॥ਚੌਪਈ॥ਚਹੁੰਦਿਸ਼ ਜਿਸਕੇ ਉਪਬਨ ਸੋਹੈਂ।

---

[1]ਪ੍ਰੇਮੀ। [2]ਕੌਣ ਦੂਰ ਕਰੇ। [3]ਮੁਖੋਂ। [4]ਮਰਤਬਾਨ ਫੁਲ ਦੀ ਕਲੀ (ਅ) ਕਲੀਕੰਦ ਇਕ ਚਿੱਟੀ ਮਿਠਿਆਈ ਬੀ ਹੈ। [5]ਦੰਦ। [6]ਜ਼ੁੰਮੇਵਾਰ। [7]ਕੱਚਾ ਘੜਾ। [8]ਮੌਤ। [9]ਸ਼ੋਭਾ ਵਾਲਾ। [10]ਇੰਦਰਪੁਰੀ। *ਪਾ:–ਜਾਨੋ।

ਕੁਸਮ ਬਾਟਿਕਾ[1] ਬਹੁ ਮਨ ਮੋਹੈਂ।ਕੰਚਨ ਕੌ[2] ਗਢ[3] ਵਡੋ ਬਿਰਾਜੈ। ਨਾਨਾ ਰੰਗ ਜਰੇ ਨਗ[4] ਛਾਜੈਂ ॥੨੦॥ ਊਚੀ ਅਟਾ[5] ਕਲਸ ਮਨ ਭਾਵਨ। ਦਰ ਪਰ ਤੋਰਣ ਬਧੀ ਸੁਹਾਵਨ। ਚੰਦਨ ਕੇ ਕਪਾਟ[6] ਵਡ ਸ਼ੋਭਾ। ਜਿਨ ਕੋ ਪਿਖਿ ਦੇਵਨ ਮਨ ਲੋਭਾ ॥੨੧॥ਜਗਮਗ ਚਮਤਕਾਰ ਛਬਿ ਪਾਈ।ਮਨਹੁ ਚਢੇ ਬਹੁਤੇ ਦਿਨਰਾਈ[7]। ਪਹੁੰਚੇ ਜਬ ਤਿਹ ਨਗਰ ਸਮੀਪਾ। ਬੈਠੇ ਸ਼੍ਰੀ ਬੇਦੀਕੁਲਦੀਪਾ ॥੨੨॥ ਮਰਦਾਨੇ ਸੋਂ ਬਚਨ ਉਚਾਰਾ।'ਜਾਹੁ ਨਗਰ ਅਬ ਲੇਹੁ ਨਿਹਾਰਾ ।ਬੂਝਤਿ ਥੋ ਮਗਮਹਿਂ ਬਹੁ ਬਾਰੀ।ਖਾਇ ਅਸਨ ਕਰਿ ਛੁਧਾ ਨਿਵਾਰੀ' ॥ ੨੩ ॥ 'ਸ਼੍ਰੀ ਪ੍ਰਭੁ ਗੰਠ ਨ ਪਟ[8] ਇਕ ਦਾਮੂ। ਬਿਨਾ ਮੋਲ ਖਾਵੌਂ* ਕਿਹ ਧਾਮੂ ?। ਨਹੀਂ ਕਹੂੰ ਇਹ ਥਾਨ ਚਿਨਾਰੀ। ਉਦਰ ਛੁਧਾ ਬਯਾਪੀ ਮੁਝ ਭਾਰੀ' ॥੨੪॥ ਬਿਗਸਿ ਬਦਨ ਤੇ ਬਚਨ ਬਖਾਨਾ। 'ਸਗਰੋ ਨਗਰ ਵਿਧੇ ਮਰਦਾਨਾ ।ਜਹਿਂ ਸੁੰਦਰ ਭੋਜਨ ਕੋ ਪਾਵਹੁ। ਜੋ ਕੁਛ ਚਹੁ† ਤਹਿਂਤੇ ਲੇ ਖਾਵਹੁ'॥੨੫॥'ਹੇ ਪ੍ਰਭੁ!ਪੁਰਿ ਮਹਿਂ ਮੁਝ ਗਹਿਵਾਵਹੁ[9]। ਨਰਨ ਨਿਕਟ ਤੇ ਮਾਰ ਕਰਾਵਹੁ।ਤਸਕਰ ਲਖਿਕਰਿ ਕੈਦ ਮਝਾਰ। ਬਾਂਧ ਲੇਹਿਂ ਭਲ ਖਾਉਂ ਅਹਾਰਾ' ॥੨੬॥'ਗਹੈ ਜੁ ਤੁਝ ਕੋ ਨਗਰ ਮਝਾਰ।ਤਹਾਂ ਨਾਮ ਕਹਿ ਦੇਉ ਹਮਾਰਾ।ਛੋਰਿ ਦੇਹਿਂ,ਖਾਵਹੁ ਮਨ ਭਾਵਾ'।ਅਸ ਸੁਨਿ ਮਰਦਾਨਾ ਹਰਖਾਵਾ ॥ ੨੭ ॥ ਗਮਨਯੋ ਤੂਰਨ ਨਗਰ ਮਝਾਰੂ। ਜਹਿਂ ਚੌਪਰ ਜਯੋਂ ਚਾਰੁ ਬਜਾਰੁ। ਤਹਿਂ ਹਾਟਕ[10] ਕੀ ਹਾਟ ਅਨੇਕਾ। ਜਟੇ[11] ਸੁ ਨਗ‡[12], ਕੋ ਕਰਹਿ ਬਿਬੇਕਾ ॥੨੮॥ਜਿਨ ਮਹਿਂ ਧਰੀ ਮਿਠਾਂਈ ਰੂਰੀ।ਕਰਯੋ ਤਿਹਾਵਲ ਪੂਪਨ[13] ਪੂਰੀ। ਫਿਰਹਿਂ ਮਨੁਜ[14] ਜਹਿਂ ਸੂਰਨ ਸਮਾਨਾ।ਪਟ ਭੂਖਨ ਪਹਿਰੇ ਬਿਧਿ ਨਾਨਾ ॥੨੯॥ ਪੁਰਿ ਰਚਨਾ ਪਿਖਿ ਕੈ ਮਰਦਾਨਾ। ਹਰਖਤਿ ਹ੍ਵੈ ਉਰ ਮੈਂ ਬਿਸਮਾਨਾ। ਇਕ ਮਾਨਵ ਕੇ ਜਾਇ ਸਮੀਪਾ। ਬੂਝਯੋ 'ਕੌਨ ਨਾਮ ਅਵਨੀਪਾ?॥੩੦॥ਪੁਨ ਇਸ ਪੁਰਿ ਕੋ ਨਾਮ ਬਤਾਵਹੁ। ਮੁਝ ਢਿਗ ਸਰਬ ਬ੍ਰਿਤਾਂਤ ਸੁਨਾਵਹੁ। ਕਿਹ ਬਿਧਿ ਹੋਤਿ ਇਹਾਂ ਬਿਵਹਾਰਾ?। ਜਹਿਂ ਕੰਚਨ ਕੇ ਬਨੇ ਬਜਾਰਾ' ॥ ੩੧ ॥ ਤਿਹ ਨਰ ਨੈ ਸੁਨਿ ਬਚਨ ਉਚਾਰਾ।

[1]ਬਗੀਚੀਆਂ। [2]ਸੋਨੇ ਦਾ; ਭਾਵ, ਸੁਰਨ ਮਈ। [3]ਕਿਲ੍ਹਾ। [4]ਥੇਵੇ । [5]ਅਟਾਰੀ। [6]ਤਖਤੇ। [7]ਸੂਰਜ। [8]ਕਪੜੇ ਦੀ ਗੰਢ ਵਿੱਚ। [9]ਫੜਾਂਵਦੇ ਹੋ। [10]ਸੋਨੇ ਦੀਆਂ। [11]ਜੜੇ। [12]ਸੋਹਣੇ ਥੇਵੇ। [13]ਪੂੜੇ। [14]ਪੁਰਸ਼।

*ਪਾ:—ਪਾਵਹੁਂ। †ਪਾ:—ਚਹਹੁ, ਚਹਉ।
‡ਪਾ:—ਨਗਨ।

'ਨਾਮ-ਸੂਰਨਪੁਰ*ਪ੍ਰਗਟ ਉਦਾਰਾ[1]। ਕਵਲ ਨੈਨ†ਨ੍ਰਿਪ ਰਾਜਨ ਰਾਜਾ॥ ਜਿਹ ਸਮ ਦੂਸਰ ਕੋਇ ਨ ਆਜਾ ॥੩੨॥ਦੋਹਰਾ॥ ਨਹੀਂ ਮੋਲ ਕਿਹ ਵਸਤੁ ਕੋ ਜੋ ਚਾਹਤਿ ਸੋ ਲੇਤਿ ।ਮਧੁਰ ਅਸਨ ਜੇ ਹਾਟ ਪਰ ਧਰਮ ਅਰਥ ਸਭਿ ਦੇਤਿ ॥੩੩॥ਚੌਪਈ॥ ਦੇਸ਼ ਬਿਦੇਸ਼ੀ ਜੋ ਜਿਹ ਚਾਹੀ। ਦੇਤਿ ਬਿਹੀਨ ਮੋਲ[2] ਸਭਿ ਤਾਂਹੀ'। ਹਰਖਜੋ ਮਰਦਾਨਾ ਬਚ ਭਾਖੇ। 'ਛੁਧਾ ਮੁਝੈ, ਭੋਜਨ ਕੀ ਕਾਂਖੇ ॥ ੩੪ ॥ ਪਰਦੇਸ਼ੀ ਮੋਕੋ ਲਖਿ ਲੀਜੈ। ਅਪਨੋ ਨਾਮ ਬਤਾਵਨ ਕੀਜੈ'।ਸੁਨਿ ਕਰਿ ਮਾਨਵ ਬਚਨ ਉਚਾਰਾ॥'ਧਰਮ ਸਿੰਘ ਹੈ ਨਾਮ ਹਮਾਰਾ ॥ ੩੫ ॥ ਜੋ ਇੱਛਾ ਤਵ ਰਿਦੇ ਮਝਾਰਾ । ਲੇ ਦੁਕਾਨ ਤੇ ਖਾਹੁ ਅਹਾਰਾ॥ਇਹ ਠਾਂ ਕਰੈ ਨ ਕੋਊ-ਨਾਂਹੀ-। ਦੇਤਿ ਅਮੋਲੀ ਜੋ ਜਿਹ ਪਾਂਹੀ' ॥ ੩੬ ॥ ਦੋਹਰਾ ॥ 'ਮੋ ਕੋ ਦੇ ਨਿਜ ਹਾਥ ਸੋਂ ਤਬ ਲੇ ਕਰਿ ਕਛੁ ਖਾਉਂ। ਬਿਨ ਪਛਾਨ ਕਸੋਂ ਲੇ ਸਕੋਂ, ਮਾਂਗਤਿ ਹੌਂ ਸ਼ਰਮਾਉਂ'॥੩੭॥ਚੌਪਈ॥ਧਰਮ ਸਿੰਘ ਸੁਨਿ ਬੈਨ ਉਚਾਰਾ॥'ਹੌਂ ਲੈ ਦੇਵੌਂ ਚਲਹੁ ਅਹਾਰਾ। ਹੋਇਂ ਔਰ ਜੇਤੇ ਤੁਝ ਸੰਗਾ। ਲੇ ਜਾਵਹੁ ਤਿਨ ਹੇਤ ਨਿਸ਼ੰਗਾ'॥੩੮॥ਤਿਹ ਕੇ ਸੰਗ ਕਹਿਤਿ ਮਰਦਾਨਾ। 'ਸੰਗੀ ਦੋਇ ਕਰੈਂ ਨਹਿੰ ਖਾਨਾ। ਤੁਮ ਚਲਿਕਰਿ ਮੁਝ ਕੋ ਲੇ ਦੀਜੈ। ਛੁਧਾ ਉਦਰ ਬਹੁ ਦੂਰ ਕਰੀਜੈ' ॥੩੯॥ ਅਸ ਕਹਿ ਆਗੈ ਕੀਨ ਪਯਾਨਾ। ਠਾਂਢੇ ਭੇ ਇਕ ਜਾਇ ਦੁਕਾਨਾ। ਧਰਮ ਸਿੰਘ ਕਹਿ ਕੈ ਤਿਸ ਤਾਂਈ। ਅਸਨ ਦਿਵਾਯੋ ਸੇਰ ਅਢਾਈ ॥੪੦॥ਸੁ ਪ੍ਰਸੰਨ ਖਾਵਹਿ ਮਰਦਾ-ਨਾ। ਉਦਰ ਅਘਾਇ ਪਿਯੋ[3] ਪੁਨ ਪਾਨਾ[4]। ਬਹੁਰ ਨਗਰ ਕੋ ਫਿਰ ਕਰਿ ਦੇਖਾ। ਭਯੋ ਰਿਦੇ ਜਿਹ ਹਰਖ ਵਿਸ਼ੇਖਾ ॥੪੧॥ ਚਤੁਰ ਘਟੀ ਮਹਿ ਸਰਬ ਨਿਹਰਿਕੈ। ਸ਼੍ਰੀ ਗੁਰੂ ਢਿਗ ਗਮਨਜੋ ਫਿਰ ਮੁਰਿਕੈ।ਦੇਖਿ ਦੂਰ ਤੇ ਸ਼੍ਰੀ ਗੁਨ-ਖਾਨੀ। ਮਰਦਾਨੇ ਸੰਗ ਬੋਲੇ ਬਾਨੀ ॥ ੪੨ ॥ 'ਕਹਹੁ ਨਗਰ ਕਿਸ ਬਿਧਿ

---

[1]ਬੜਾ ਪ੍ਰਸਿੱਧ ਹੈ। [2]ਬਿਨਾ ਮੁੱਲ। [3]ਪੀਤਾ। [4]ਪਾਣੀ।

*ਤਵਾਰੀਖ ਖਾ: ਵਿਚ ਇਸ ਨੂੰ ਚਾਂਦਪੁਰ ਸੂਰਨਪੁਰ ਲਿਖਿਆ ਹੈ। ਅਖੀਰ ਪ੍ਰਸੰਗ ਤੇ ਲਿਖਿਆ ਹੈ ਕਿ ਦੇਸ਼ ਬ੍ਰਹਮਾਂ ਦੇ ਨਾਲ ਲਗਦਾ ਹੈ। ਇਕ ਚਾਂਦਪੁਰ ਮੇਗਨਾ ਨਦੀ ਦੇ ਸਮੁੰਦਰ ਵਿੱਚ ਮਿਲਨ ਵਾਲੇ ਟਿਕਾਣੇ ਹੈ, ਚਿਟਾਗਾਂਗ ਤੋਂ ਉੱਤਰ ਪੱਛੋਂ ਨੂੰ। ਚਿਟਾਗਾਂਗ ਤੋਂ ਨੇੜੇ ਸਮੁੰਦਰ ਵਿੱਚ ਇਕ ਸੋਨਦੀਪ ਟਾਪੂ ਹੈ ਅਗਲਬ ਹੈ ਕਿ ਉਥੋਂ ਦੀ ਇਹ ਯਾਤਰਾ ਹੋਵੇ। ਸੂਰਨ ਪੁਰ ਤੇ ਸੋਨਦੀਪ ਇਕੋ ਗੱਲ ਹੈ।

†ਪਾ:-ਕਉਲ ਨੈਨ।

ਕੋ ਦੇਖਾ। ਮੁਖ ਪੰਕਜ ਸੋ ਖਿਰਯੋ ਬਿਸ਼ੇਖ਼ਾ॥ ਭਰਯੋ ਹਰਖ ਸੋਂ ਹਿਰਦਾ ਤੋਹੀ॥ ਅਸਨ ਸੰਗ ਤ੍ਰਿਪਤਯੋ ਬਹੁ ਹੋਹੀ?*' ॥ ੪੩ ॥ 'ਸੁਨਹੁ ਪ੍ਰਭੂ ਕਥਾ ਕਰੋਂ ਬਖਾਨਾ। ਕਬਹਿ ਨ ਦੇਖਾ ਇਹ ਸਮ ਥਾਨਾ। ਕੰਚਨ ਕੀ ਨਗਰੀ ਬਰ ਮੰਦਰ। ਬਨੇ ਬਨਾਏ ਭੋਜਨ ਸੁੰਦਰ ॥ ੪੪ ॥ ਸਕੁਲੀ[੧] ਪੂਪ[੨] ਤਿਹਾਵਲ[੩] ਪੂਰੀ। ਸਰਬ ਪਾਕ[੪] ਰਾਖੇ ਬਿਧਿ ਰੂਰੀ। ਮੋਦਕ[੫],ਖ਼ੁਰਮੇ[੬] ਬਹੁ ਮਿਸ਼ਟਾਨਾ[੭]। ਨੁਕਤੀ[੮] ਆਦਿ ਅਨਿਕ ਪਕਵਾਨਾ ॥ ੪੫ ॥ ਦੋਹਰਾ ॥ ਦੇ ਬਿਨ ਮੋਲ ਅਹਾਰ ਕੋ ਜੈਸੀ ਰੁਚਿ ਜਿਹ ਹੋਇ। ਏਕ ਮਨੁਜ ਮੋਕੋ ਮਿਲਾ ਸ਼ੁਭ ਸੁਭਾਇ ਜਿਹ ਕੋਇ[੯] ॥ ੪੬ ॥ ਚੌਪਈ॥ ਤਿਹ ਭੋਜਨ ਬਹੁ ਮੁਝੈ ਦਿਵਾਯਾ। ਇਸ ਬਿਧਿ ਮੁਖ ਤੇ ਵਾਕ ਅਲਾਯਾ।–ਜੇਤੇ ਔਰ ਅਹੈਂ ਤੁਝ ਸੰਗਾ। ਤਿਨ ਅਹਾਰ ਲੇ ਜਾਹੁ ਨਿਸ਼ੰਗਾ–॥ ੪੭ ॥ ਮੈਂ ਭਾਖੀ–ਹੈਂ ਸੰਗੀ ਦੋਊ। ਨਹਿ ਖਾਵਤਿ ਸੰਤੋਖੀ ਸੋਊ–। ਪ੍ਰਿਥਮੈ ਤ੍ਰਿਪਤਯੋ ਖਾਇ ਅਹਾਰਾ। ਪੁਨ ਫਿਰ ਕੈ ਸਭਿ ਨਗਰ ਨਿਹਾਰਾ'॥੪੮॥ ਸੁਨਿ ਯੌਂ ਬਿਗਸੇ ਦੀਨ ਨਿਵਾਜੁ। 'ਕਰਯੋ ਭਲਾ ਮਰਦਾਨੇ ਕਾਜੁ। ਭਯੋ ਤੋਰ ਮਨਭਾਵਨ ਸਭਿ ਹੀ। ਬੈਸਹੁ ਗਾਉਂ ਸ਼ਬਦ ਕੋ ਅਬਹੀ'॥੪੯॥ਬੈਠਿ ਗਯੋ ਬੂਝਤਿ ਪੁਨ ਐਸੇ॥'ਇਹ ਪੁਰਿਕਰਮ ਕਰਤਿ ਨਰ ਕੈਸੇ। ਸਰਬ ਅਮੋਲੇ ਸੁਖ ਜਿਨ ਪਾਸੂ।ਜੇ ਨਿਸਬਾਸੁਰ ਕਰਤਿ ਬਿਲਾਸੂ' ॥੫੦॥ ਸ਼੍ਰੀ ਨਾਨਕ ਕਹਿੰ 'ਸੁਨਿ ਮਰਦਾਨੇ। ਇਹਾਂ ਨ ਕੋਊ ਝੂਠ ਬਖਾਨੇ। ਧਰਮਕਲਾ ਇਹ ਥਾਨ ਬਿਸਾਲਾ। ਸਰਬ ਦੇਸ਼ ਤੇ ਪਾਪ ਨਿਕਾਲਾ ॥੫੧॥ ਸਤਿ ਸੰਤੋਖ ਰਖਹਿਂ ਉਰ ਧਾਰੀ। ਕਰਤਿ ਨਹੀਂ ਮੈਥਨ ਨਰ ਨਾਰੀ। ਦ੍ਰਿਸ਼ਟਿ ਭੋਗ[੧੦] ਕੀ ਇਹਠਾਂ ਰੀਤੀ† । ਪੁੰਨ ਬਿਖੈ ਸਭਿਹਿਨਿ ਕੀ ਪ੍ਰੀਤੀ‡' ॥੫੨॥ ਮਰਦਾਨੇ ਤਬ ਵਾਕ ਅਲਾਯੋ। 'ਅਚਰਜ ਹੀ ਬਿਰਤੰਤ ਸੁਨਾਯੋ। ਸਭਿਹੀ ਰੀਤਿ ਨਵੀਨ ਬਤਾਈ। ਦੇਖੀ ਸੁਨੀ ਨ ਮੈਂ ਕਿਹ ਥਾਂਈਂ'॥੫੩॥ਗੁਰੂ ਕਹੈਂ'ਅਚਰਜ ਕਰਤਾਰਾ। ਏਕੰਕਾਰ ਬਿਅੰਤ ਅਪਾਰਾ। ਅਚਰਜ ਹੀ ਸਭਿ ਚਰਿਤ[੧੧] ਤਿਸੂਕੇ। ਸਮਝ ਨ ਆਵਹਿਂ ਰਿਦੇ ਕਿਸੂ ਕੇ

---

[੧]ਜਲੇਬੀ [ ਸੰਸਃ, ਸਖੁਲੀ ]। [੨]ਪੂੜੇ । [੩]ਕੜਾਹ । [੪]ਖਾਣੇ । [੫]ਲੱਡੂ । [੬]ਰਸਗੁੱਲੇ । [੭]ਮਿਠਾਈ । [੮]ਬੂੰਦੀ। [੯]ਜਿਸ ਦਾ ਸੀ । [੧੦]ਪ੍ਰੇਮ. ਤੱਕਣੀ ਮਾਤ੍ਰ ਹੀ ਭੋਗ ਹੈ। [੧੧]ਕਰਤਬ। *ਪਾ:–ਤੋਹੀ।

†ਇਸ ਤੋਂ ਮੁਰਾਦ ਲੋਕਾਂ ਦੇ ਨੇਕ ਚਲਣ ਹੋਣ ਦੀ ਹੈ, ਕਿ ਬਿਭਚਾਰ ਬੀ ਨਹੀਂ ਹੈ ਤੇ ਲੋਕ ਗ੍ਰਿਸਹਤ ਜਤੀ ਹਨ। ਪਾ:–ਰੀਤ। ‡ਪਾ:–ਪ੍ਰੀਤਾ।

॥੫੪॥ਦੋਹਰਾ॥ਪਰਮਾਨੂ[੧] ਸਮ ਦੇਖਿ ਨਰ ਅਫਰਤਿ ਹੈਂ[੨] ਉਰ ਮਾਂਹਿ।ਓਛੇ[੩] ਕਲਾ ਦਿਖਾਵਹੀਂ ਜਰੀ ਜਾਤ ਘਟ[੪] ਨਾਂਹਿ ॥ ੫੫ ॥ ਚੌਪਈ ॥ ਕਲੀਕਾਲ ਮੈਂ ਇਹ ਸਮ ਰਾਜਾ*। ਦੂਸਰ ਔਰ ਨ ਕੋਊ ਸਾਜਾ। ਭੂਪ ਸਪਤਦਸ ਮਾਨਹਿਂ ਆਨਾ[੫]। ਧਰਮਵੰਤ ਗੁਨਵਾਨ ਮਹਾਨਾ'॥੫੬॥ਸੁਨਿਕਰਿ ਕਹਿਨ ਲਗਾ ਮਰਦਾਨਾ। 'ਇਹ ਠਾਂ ਰਹਹੁ ਕਰਹੁ ਗੁਜਰਾਨਾ। ਥਾਨ ਬਿਲੋਕਹੁ ਵਡ ਰਮਣੀਕਾ। ਬਨਯੋ ਬਨਾਯੋ ਭੋਜਨ ਨੀਕਾ' ॥੫੭॥ ਸ੍ਰੀ ਗੁਰੁ ਕਹੈਂ'ਨ ਹਮ ਕਰ ਮਾਂਹੀ। ਜਹਿਂ ਕਰਤਾਰ ਲਿਜਾਵਹਿ,ਜਾਂਹੀ[੬]'। ਅਸ ਕਹਿ ਤੂਸ਼ਨ ਭੇ ਜਗਸਾਈਂ। ਜਿਨ ਕੇ ਦਰਸ਼ਨ ਕਲੁਖ ਨਸਾਈਂ[੭] ॥੫੮॥ ਸਪਤ ਦਿਵਸ ਬੈਸੇ ਤਹਿਂ ਬੀਤੇ। ਨਾਮ ਲਏ ਜਿਹ ਜਮ ਭੈ ਭੀਤੇ। ਦੋਨੋ ਕਾਲ ਜਾਇ ਮਰਦਾਨਾ।ਪੁਰਿ ਮਹਿਂ ਜਾਚਹਿ ਭੋਜਨ ਖਾਨਾ ॥੫੯॥ ਜਿਹ ਦੁਕਾਨ ਕੇ ਜਾਇ ਅਗਾਰੈ। ਜਾਚੇ ਤੇ ਸੋ ਅਸਨ ਖੁਵਾਰੈ। ਪੂਪ[੮] ਪੂਰਿਕਾ[੯] ਆਦਿ ਅਹਾਰਾ। ਖਾਇ ਖਾਇ ਹ੍ਵੈ ਹਰਖ ਅਪਾਰਾ ॥ ੬੦ ॥ ਧਰਮ ਸਿੰਘ ਮਿਲਿਓ ਇਕ ਦਿਨ ਤਬ। ਬੂਝਤਿ ਭਾ'ਸੰਗੀ ਜੋ ਤਵ ਬਿਬ[੧੦]। ਨਗਰ ਬਿਖੈ ਦੇਖੇ ਕਬਿ ਨਾਹੀ।ਕਿਹਤੇ ਲੇ ਭੋਜਨ ਸੋ ਖਾਹੀਂ?'॥੬੧॥[੧੧]'ਹੈਂ ਸੰਤੋਖੀ ਸੋ ਨਹਿਂ ਆਵੈਂ। ਭਾਉ ਸੰਗ ਲੇਜਾਇ ਤ ਖਾਵੈਂ। ਯੌਂ ਨ ਖਾਇਂ ਰਹਿਂ ਪੌਨ ਅਹਾਰੀ। ਬੈਠਿ ਰਹੈਂ ਸੋ ਬਾਗ਼ ਮਝਾਰੀ'॥੬੨॥ ਸੁਨਿ ਕਰਿ ਧਰਮ ਸਿੰਘ ਚਿਤ ਠਾਨੇ। –ਦੇਖੇ ਚਹਿਯੇ ਸੰਤ ਮਹਾਨੇ–।ਪੰਜ ਸੇਰ ਬਰ ਭੋਜਨ ਲੀਨੋ।ਗੁਰੁ ਮਿਲਨੇ ਹਿਤ ਆਵਨ ਕੀਨੋ॥੬੩॥ਜਹਿਂ ਬੈਸੇ ਬੇਦੀ ਕੁਲਦੀਪਾ। ਚਲਿ ਕਰਿ ਪਹੁੰਚਯੋ ਜਬਹਿ ਸਮੀਪਾ। ਦੂਸਰ ਸੰਗਿ ਹੁਤੋ ਮਰਦਾਨਾ। ਬੰਦੇ ਪਦ ਹ੍ਵੈ ਦੀਨ ਮਹਾਨਾ ॥੬੪॥ਰਾਖਯੋ ਭੋਜਨ ਗੁਰੂ ਅਗਾਰੀ। 'ਅਚਹੁ ਸੰਤ ! ਲਿਹੁ ਭੇਟ ਹਮਾਰੀ।ਰਾਵਰਕੀ ਮਹਿਮਾ ਸੁਨਿ ਆਵਾ।ਮਹਾਂ ਮੋਹ ਬਨਕੋ[੧੨]ਤੁਮ ਦਾਵਾ[੧੩]' ॥੬੫॥ ਦੋਹਰਾ ॥ ਧਰਮ ਸਿੰਘ ਕੋ ਦੇਖਿਕਰਿ ਬੋਲੇ ਕਰੁਨਾ ਭੌਨ । 'ਕਿਹ ਨੈ

---

[੧]ਨਿੱਕੇ ਤੋਂ ਨਿੱਕੇ ਕਿਣਕੇ। [੨]ਆਕੜਦੇ ਹਨ। [੩]ਹੋਛੇ। [੪]ਹਿਰਦੇ ਵਿਚ। [੫]ਈਨ, ਹੁਕਮ। [੬]ਜਾਵਾਂਗੇ। [੭]ਪਾਪ ਨੱਸ ਜਾਂਦੇ ਹਨ। [੮]ਪੂੜੇ। [੯]ਪੂਰੀਆਂ। [੧੦]ਦੋਵੇਂ। [੧੧]ਮਰਦਾਨਾ ਬੋਲਿਆ। [੧੨]ਬੜੇ ਮੋਹ ਰੂਪੀ ਜੰਗਲ ਨੂੰ। [੧੩]ਤੁਸੀਂ ਬਨ ਅਗਨੀ ਹੋ।

*ਲੋਕਾਂ ਦੇ ਧਰਮੀ ਹੋਣ ਦਾ ਅਰ ਦਾਨੀ ਹੋਣ ਦਾ ਤੇ ਜਗ੍ਯ ਜਗ੍ਯ ਜੋਗ ਹੋਣ ਦਾ ਕਾਰਨ ਏਥੇ ਖੁਹਲਿਆ ਹੈ ਕਿ ਰਾਜਾ ਧਰਮੀ ਹੈ ਤੇ ਉਸ ਨੇ ਇਹ ਸਾਰਾ ਪ੍ਰਬੰਧ ਕਰ ਰੱਖਿਆ ਹੈ।

ਪਠਾ ਅਹਾਰ ਇਹੁ, ਕਹਹੁ ਅਹਹੁ[1] ਤੁਮ ਕੌਨ ?॥ ੬੬ ॥ ਚੌਪਈ ॥ ਕੌਨ ਪ੍ਰਯੋਜਨ ਕੇ ਹਿਤ ਆਵਾ ?। ਕਰਹੁ ਸਰਬ ਬਿਰਤਾਂਤ ਸੁਨਾਵਾ'। ਹਾਥ ਬੰਦਿ ਤਿਨ ਬਚਨ ਬਖਾਨਾ। 'ਸੁਨਹੁ ਸੰਤ ਜੀ! ਤੁਮ ਗਤਿਦਾਨ॥੬੭॥ ਸਪਤ ਦਿਵਸ ਬੀਤੇ ਤੁਮ ਆਏ। ਨਗਰ ਬਿਖੈ ਨਿਜ ਚਰਨ ਨ ਪਾਏ। ਲੇ ਕੀਨੋ ਨਹਿਂ ਖਾਨ ਅਹਾਰਾ। ਬੈਸ ਰਹੇ ਉਦਿਆਨ ਮਝਾਰਾ ॥ ੬੮ ॥ ਸੁਨਿ ਰਾਵਰ ਕੀ ਸੁਧ ਇਸ ਰੀਤੀ। ਮੈਂ ਆਨਜੋ ਭੋਜਨ ਧ੍ਰਿਤਿ ਪ੍ਰੀਤੀ[2]। ਕਵਲਨੈਨ ਹੈ ਨਗਰ ਭੁਵਾਲਾ। ਧਰਮਵਾਨ ਨਿਰਮਾਨ[3] ਬਿਸਾਲ॥੬੯॥ ਨਿਜ ਬਲ ਪਰ ਕੋ ਨਹੀਂ ਜਨਾਵੈ। ਕਿਸੂ ਰੀਤਿ ਸੋਂ ਕਿਹ ਨ ਦੁਖਾਵੈ। ਸਭਿ ਕੋ ਜਾਨਹਿ ਆਪ ਸਮਾਨਾ। ਸਹਿਨਸ਼ੀਲ[4] ਜਨੁ ਕਰੁਨਾ ਖਾਨ॥੭੦॥ ਦੋਹਰਾ॥ ਭੂਪ ਸਪਤਦਸ ਆਪਹੀ ਮਾਨਹਿਂ ਇਸ ਕੀ ਆਨ। ਨਹਿਂ ਕਿਸਹੂ ਸੋਂ ਕਬ ਕਹੈ ਕਰਿ ਨਿਜ ਜੋਰ ਮਹਾਨ ॥੭੧॥ ਚੌਪਈ॥ ਅਚਹੁ ਸੰਤ ਜੀ! ਅਸਨ ਪੁਨੀਤਾ। ਸਰਬ ਸੁਨਾਈ ਮੈਂ ਨਿਜ ਰੀਤਾ'। ਭਗਤ ਵਛਲ ਬੋਲੇ ਮੁਖ ਬਾਨੀ। 'ਅਨਬਨ ਬਿਧਿ ਹਮ ਨੈ ਪਹਿਚਾਨੀ॥੭੨॥ ਨਹਿਂ ਭੋਜਨ ਹਮ ਇਹਠਾਂ ਖਾਵੈਂ। ਭੂਪਤਿ ਮਹਿਂ ਇਕ ਦੋਖ ਲਖਾਵੈਂ। ਜਹਾਂ ਨ ਦੋਖ ਹੋਤਿ ਹੈ ਕੋਈ। ਤਹਾਂ ਅਹਾਰ ਪੁਨੀਤੋ ਹੋਈ' ॥੭੩॥ ਧਰਮ ਸਿੰਘ ਸੁਨਿ ਬੈਨ ਉਚਾਰਾ। 'ਹੈ ਨਿਰਦੋਖ ਭੁਵਾਲ ਹਮਾਰਾ। ਕੌਨ ਦੋਖ ਤਿਸ ਮਹਿਂ ਤੁਮ ਪਾਵਉ। ਨਿਜ ਆਨਨ ਤੇ ਹਮਹਿਂ ਬਤਾਵਉ' ॥੭੪॥ ਸ੍ਰੀ ਗੁਰੁ ਭਨੈਂ 'ਦੋਖ ਜਿਸ ਮਾਂਹੀ। ਸੋ ਜਾਨਤਿ,ਨਹਿਂ ਅਪਰ ਲਖਾਹੀ। ਪਰ ਮਨ ਕੀ ਕੋ ਜਾਨਹਿ ਗਾਥਾ ?'। ਯੌਂ ਕਹਿ ਤੂਸ਼ਨ ਭੇ ਜਗਨਾਥਾ ॥ ੭੫॥ ਦੋਹਰਾ ॥ ਪਦ ਬੰਦਨ ਕਰਿ ਪੁਨ ਗਯੋ ਧਰਮਸਿੰਘ ਨ੍ਰਿਪ ਪਾਸ। 'ਤ੍ਰੈ ਅਤੀਤ ਆਏ ਇਹਾਂ,ਸੁਨਹੁ ਸ੍ਰੋਨ ਅਰਦਾਸ॥੭੬॥ ਚੌਪਈ ॥ ਏਕ ਨਗਰ ਮਹਿਂ ਖਾਇ ਅਹਾਰਾ। ਦ੍ਵੈ ਬੈਠੇ ਉਦਿਆਨ ਮਝਾਰਾ। ਸਪਤ ਦਿਵਸ ਭੇ ਅਸਨ ਨ ਕੀਨੋ। ਮੈਂ ਲੇ ਗਯੋ ਤਦਪਿ ਨਹਿਂ ਲੀਨੋ ॥੭੭॥ਕਹਤਿ-ਭੂਪ ਮਹਿਂ ਦੋਖ ਲਖਾਵੈਂ। ਇਹਠਾਂ ਹਮ ਨਹਿਂ ਭੋਜਨ ਖਾਵੈਂ-। ਮੈਂ ਬੂਝੇ ਸੋ ਨਹੀਂ ਬਖਾਨੈਂ। ਕਹੈਂ-ਕਿ ਨ੍ਰਿਪਤਿ ਰਿਦੈ ਸਭਿ ਜਾਨੈ-'॥੭੮॥ਕਵਲਨੈਨ ਸੁਨਿ ਕਰਿ ਇਹ ਬਾਤੀ। ਹ੍ਵੈ ਬਿਸਮਾਦ ਗੁਨਤਿ[5] ਬਹੁ ਭਾਂਤੀ। 'ਚਲਹੁ ਸੰਤ ਦੇਖੌਂ ਮੈਂ ਕੈਸੇ। ਸਪਤ ਦਿਵਸ ਕੇ ਬਾਹਰ ਬੈਸੇ'

[1]ਹੁੰਦੇ ਹੋ। [2]ਪ੍ਰੇਮ ਨਾਲ । [3]ਹੰਕਾਰ ਤੋਂ ਬਿਨਾ। [4]ਸਹਾਰੇ ਵਾਲੇ ਸੁਭਾਉ ਵਾਲਾ। [5]ਸੋਚਦਾ ਹੈ।

॥ ੭੯ ॥ ਅਸ ਕਹਿ ਧਰਮ ਸਿੰਘ ਕੇ ਸੰਗਾ। ਗਮਨਯੋ ਉਰ ਮਹਿਂ ਦਰਸ ਉਮੰਗਾ। ਉੱਤਮ ਵਸਤੁ ਭੇਟ ਲੇ ਹਾਥਾ। ਯੋਧਾ[1] ਸਚਿਵ[2] ਬਹੁਤ ਜਿਹ ਸਾਥਾ ॥ ੮੦ ॥ ਦੋਹਰਾ ॥ ਬੰਦਨ ਕਰਿ ਬੈਠਯੋ ਨਿਕਟਿ ਰਾਜ ਮਾਨ ਜਿਹ ਨਾਂਹਿ। 'ਕੌਨ ਦੋਖ ਮਮ ਸੰਤ ਜੀ!' ਗੁਰੂ ਕਹੈਂ ਪੁਨ ਤਾਂਹਿ॥੮੧॥ ਚੌਪਈ ॥ 'ਭੋ ਨ੍ਰਿਪ! ਤੁਮ ਜਾਨਤਿ ਮਨ ਐਸੇ। ਜੇ ਮਾਨਵ ਸਭਿ ਹਮਰੇ ਜੈਸੇ। ਤੌ ਕਯੋਂ ਅਪਨ ਮਨਾਵਹਿਂ ਆਨ॥ਮਿਟਾ ਨ ਤੁਮਰੇ ਮਨ ਤੇ ਮਾਨ॥੮੨॥ਵਡੋ ਕਠਨ ਹੈ ਤਜਿਨ ਹੰਕਾਰਾ। ਜਿਸ ਨੇ ਗ੍ਰਸ ਲੀਨੋ ਜਗ ਸਾਰਾ। ਜਨਮ ਮਰਨ ਬੰਧਨ ਕੋ ਦਾਤਾ। ਇਸਹਿ ਜੀਤਨੋ ਜਿਹ ਨਰ ਜਾਤਾ ॥ ੮੩ ॥ ਸੋ ਸੂਰਾ ਜਗ ਮਹਿਂ ਪਰਧਾਨਾ। ਕਰਹਿ ਬਿਜੈ ਪੁਨ ਮੋਹ ਮਹਾਨਾ'। ਭੂਪ ਕਹੈ 'ਮੈਂ ਕਹੌਂ ਨ ਕੋਈ[3]। ਆਪਹਿ ਆਨ ਮਾਨਿ ਹੈਂ ਸੋਈ ॥ ੮੪॥ ਤਦਪਿ ਜਿ ਮੁਝ ਮਹਿਂ ਲਖਹੁ ਹੰਕਾਰਾ। ਕਰਹੁ ਸੰਤ ਜੀ! ਆਪ ਬਿਦਾਰਾ[4]'।ਗੁਰੁ ਕਹਿਂ 'ਕਿਧੋ ਹਾਨ[5] ਜੇ ਮਾਨਾ[6]। ਸੁਧਰਸੈਨ ਕੀ ਮਾਨਹੁ ਆਨਾ ॥ ੮੫ ॥ ਤੌ ਹਮ ਜਾਨਹਿੰਗੇ ਨਿਰਦੋਖੂ। ਮਨਹਿ ਜਿ ਬਚ[7] ਹ੍ਵੈਂ ਜੀਵਨ ਮੋਖੂ[8]।—ਰਾਜਨ ਰਾਜ ਸਪਤਦਸ ਕੇਰੋ[9]—। ਇਹ ਹੰਤਾ ਹਤਿ ਕਰਹੁ ਨਿਬੇਰੋ[10]' ॥ ੮੬ ॥ ਦੋਹਰਾ ॥ ਹਰਖਤਿ ਭਾ ਦਰਸ਼ਨ ਪਰਸ, ਸੁਨਤਿ ਨਰੇਸ਼ ਅਲਾਇ। 'ਸੁਧਰਸੈਨ ਕੇ ਸ੍ਵਾਨ[11] ਜੇ ਕਹਉ ਪਰੌਂ ਤਿਨ ਪਾਇ' ॥ ੮੭ ॥ ਚੌਪਈ ॥ ਪਰਮ ਪ੍ਰਸੀਦੇ[12] ਪੰਕਜ ਨੈਨਾ। 'ਧੰਨ ਧੰਨ ਨ੍ਰਿਪ' ਉਚਰਤਿ ਬੈਨਾ॥'ਜਨਕ ਸਮਾਨ ਤੋਰ ਵਡਿਆਈ। ਤਿਸਕੀ ਸੇਵਾ ਸੇਵਤਿ ਪਾਈ[13]' ॥ ੮੮ ॥ ਅਸ ਪ੍ਰਕਾਰ ਜਬ ਸੁਨਯੋ ਰਜਾਨਾ। ਕਰਿ ਸੰਸੈ ਯੋਂ ਬਚਨ ਬਖਾਨਾ। 'ਪੂਰਬਲੇ ਭਵ ਕੀ[14] ਸੁਧ ਜਾਨਹੁ।ਤੌ ਸਗਰੋ ਪਰਸੰਗ ਬਖਾਨਹੁ॥੮੯॥ ਕਿਸ ਪ੍ਰਕਾਰ ਮੈਂ ਸੇਵਾ ਕੀਨੀ। ਕਿਹ ਬਿਧਿ ਜਨਕ ਬਿਭੂਤਹਿ ਦੀਨੀ[15]। ਤੁਮ ਜੋ ਪੂਰਨ ਸੰਤ ਕ੍ਰਿਪਾਲਾ। ਮਿਲੇ ਜਿ ਮੋਕੋ ਭਾਗ ਬਿਸਾਲਾ' ॥ ੯੦ ॥ ਸੁਨਿ ਕਰਿ ਬੋਲੇ ਸ੍ਰੀ ਜਗਤੇਸ਼॥'ਹੁਤੇ[16] ਕਾਲ[17] ਜਿਹ ਜਨਕ ਨਰੇਸ਼ਾ। ਸਚਾਚੰਦ ਤਬ ਨਾਮ ਤੁਮਾਰਾ। ਕਰਹਿ ਨ੍ਰਿਪਤਿ ਕੀ ਸੇਵ ਅਪਾਰਾ ॥ ੯੧ ॥ ਏਕ ਦਿਵਸ ਨ੍ਰਿਪ

---

[1]ਬਹੁਤੇ ਸਿਪਾਹੀ। [2]ਮੰਤ੍ਰੀ। [3]ਕਿਸੇ ਨੂੰ ਨਹੀਂ ਕਹਿੰਦਾ। [4]ਦੂਰ। [5]ਨਾਸ਼। [6]ਹੰਕਾਰ। [7]ਜੇ ਤੂੰ ਬਚਨ ਮੰਨ ਲਵੇਂ ਤਾਂ। [8]ਜੀਵਨ ਮੁਕਤ। [9]ਸਤਾਰਾਂ (ਰਾਜਿਆਂ) ਦਾ ਮੈਂ ਮਹਾਂਰਾਜਾ ਹਾਂ। [10]ਇਸ ਹੰਕਾਰ ਨੂੰ ਮਾਰਕੇ ਮੁਕਾ ਦਿਓ। [11]ਕੁੱਤੇ। [12]ਪ੍ਰਸੰਨ ਹੋਏ। [13]ਸੇਵਾ ਸੇਂਵਦਿਆਂ (ਵਡਜਾਈ) ਪਾਈ। [14]ਜਨਮ ਦੀ। [15]ਜੋਨੂੰ ਐਸ਼੍ਵਰਜ ਦਿੱਤਾ ਜਨਕ ਨੇ। [16]ਸੀ। [17]ਸਮਾਂ।

ਗਿਰਾ ਬਖਾਨੀ।—ਹਿਮ ਗਿਰ ਤਟਤੇ[1] ਆਨਹੁ ਪਾਨੀ। ਤਹਿਂ ਸੀਤਲ ਹੈ ਤੂਰਨ ਜਾਵਹੁ। ਲਗੀ ਪਿਪਾਸ ਨ ਬਿਲਮ ਲਗਾਵਹੁ—॥ ੯੨ ॥ ਸੁਨਿ ਆਇਸ ਕੋ ਕੀਨ ਪਯਾਨਾ[2]। ਮਗ ਮਹਿਂ ਇਹ ਸੰਕਲਪ ਉਠਾਨਾ।—ਹੌਂ ਜਿ ਹੁਤੋ ਕਿਤ ਦੇਸ਼ ਨਰੇਸ਼ਾ। ਅਸ ਪ੍ਰਕਾਰ ਕੀ ਕਰਤਿ ਨਿਦੇਸ਼ਾ[3] ॥੯੩॥ ਸੁਖ ਬਿਲਾਸ ਨਿਸ ਬਾਸੁਰ ਜਾਸੂ। ਚਹਿਤਿ ਜੁ ਰਿਦੇ ਮੰਗਾਵਤਿ ਤਾਸੂ--। ਯੌਂ ਸੰਕਲਪ ਕਰਤਿ ਮਨ ਮਾਂਹੀ। ਆਨਯੋ ਨੀਰ ਜਨਕ ਨ੍ਰਿਪ ਜਾਹੀਂ ॥ ੯੪ ॥ ਕਿਯੋ ਪਾਨ[4] ਜਲ ਉਰ ਹਰਖਾਯੋ। ਤੁਝ ਸੋਂ ਭੂਪਤਿ ਬਚਨ ਅਲਾਯੋ। --ਮਾਂਗ ਲੇਹੁ ਅਭਿਲਾਖ ਜੁ ਤੇਰੀ। ਦੇਉਂ ਪਦਾਰਥ ਤਨਕ ਨ ਦੇਰੀ--॥ ੯੫॥ ਸੁਨ ਤੈਂ ਕਹਾ—ਨ ਮੋਕੋ ਚਾਹੂ। ਕਯਾ ਮਾਂਗੋ ਨ੍ਰਿਪ ਜੀ ! ਤੁਮ ਪਾਹੂ--। ਨਟਤਿ ਭਯੋ[5] ਨਹਿਂ ਸਾਚ ਬਖਾਨਾ। ਹ੍ਵੈ ਹਦੂਰ ਆਨਨ ਸ਼ਰਮਾਨਾ ॥ ੯੬ ॥ ਅੰਤਰਜਾਮੀ ਜਨਕ ਨਰੇਸ਼ਾ। ਸਭਿ ਜਾਨੀ ਚਿਤਵਯੋ ਹੈ ਜੈਸਾ। ਤੁਝ ਸੋਂ ਐਸੇ ਬਚਨ ਉਬਾਚਾ।--ਤੈਂ ਤੋ ਕੀਨਿ ਪ੍ਰਿਥਮ ਹੀ ਜਾਚਾ ॥੯੭॥ ਦੋਹਰਾ ॥ ਮਗ ਮਹਿਂ ਜਬ ਸੰਕਲਪ ਭਾ ਤਬਹੀ ਜਾਚਨ ਕੀਨਿ। ਹਮਤੇ ਹੋਇਂ ਬਿਸਾਲ[6] ਨ੍ਰਿਪ--ਅਸ ਪ੍ਰਕਾਰ ਬਰ ਦੀਨ॥ ੯੮ ॥ ਚੌਪਈ ॥ ਸੁਨਿ ਕਰਿ ਤੈਂ ਬੰਦੇ ਦ੍ਵੈ ਹਾਥਾ।ਕਹਯੋ ਬਚਨ ਭੂਪਤਿ ਕੇ ਸਾਥਾ।—ਆਤਮ ਗਯਾਨ ਹੇਤੁ ਮੈਂ ਸੇਵੇ। ਤਿਹ ਤੇ ਰਹਯੋ ਨ ਪਾਯੋ ਭੇਵੇਂ[7]—॥ ੯੯ ॥ ਜਨਕ ਕਹਯੋ— ਕਲਿ ਕਾਲ ਮਝਾਰੀ। ਪੂਰਨ ਗੁਰੂ ਮਿਲਹਿਂ ਇਕ ਬਾਰੀ। ਤਿਹਤੇ ਪਾਵਹਿਂ ਆਤਮ ਗਯਾਨਾ। ਕਰੈਂ ਜਗਤ ਕੇ ਬੰਧਨ ਹਾਨਾ—'॥ ੧੦੦ ॥ ਕਵਲਨੈਨ ਪੂਰਬ[8] ਪਰਸੰਗਾ*। ਸੁਨਿ ਕਰਿ ਹਿਰਦੇ ਭੂਰ ਉਮੰਗਾ। ਪਰਯੋ ਜਾਇ ਪਗ

[1]ਕਿਨਾਰੇ ਤੋਂ। [2](ਤੂੰ) ਗਿਓਂ। [3]ਆਗਯਾ। [4]ਪੀਣਾ ਕੀਤਾ। [5]ਟਾਲ ਮਟੋਲਾ ਕਰ ਗਿਆ। [6]ਚੰਗਾ (ਅ) ਬੜਾ। [7]ਉਸ (ਆਤਮ ਗਯਾਨ) ਤੋਂ (ਖਾਲੀ) ਰਹਿ ਗਿਆ, (ਉਸ ਦਾ ਭੇਦ) ਨਾ ਮਿਲਿਆ। [8]ਪਹਿਲਾਂ ਦਾ।

*ਜਿਵੇਂ ਜਨਕ ਰਾਜਾ ਦੇ ਸ੍ਰਾਪੇ ਆਦਮੀ ਤਾਰੇ ਦਿਖਾਏ ਹਨ, ਤਿਵੇਂ ਇਹ ਰਾਜਾ ਜਨਕ ਤੋਂ ਵਰ ਪ੍ਰਾਪਤ ਸੀ, ਇਸ ਨੂੰ ਜੋ ਰਾਜ ਇੱਛਾ ਫੁਰੀ ਸੀ ਉਸ ਦੀ ਅੰਸ਼ ਅੰਦਰੋਂ ਕੱਢਕੇ ਜੀਵਨ ਮੁਕਤਿ ਕਰਨੇ ਲਈ ਗੁਰੂ ਜੀ ਉਸ ਨੂੰ ਮਿਲੇ ਤੇ ਗੁਰੂ ਅੰਤਿਰਯਾਮੀ ਜੇ ਉਸ ਨੂੰ ਉਸ' ਦਾ ਪੂਰਬਲਾ ਹਾਲ ਨਾ ਦੱਸਦੇ ਤਾਂ ਉਸ ਧਰਮੀ ਪੁਰਖ ਨੂੰ ਨਿਸ਼ਚਾ ਨਹੀਂ ਸੀ ਆ ਸੱਕਣਾ। ਸੋ ਆਪ ਨੇ ਤ੍ਰਿਕਾਲੱਗਯ ਹੋਣ ਕਰਕੇ ਉਸ ਦਾ ਪੂਰਬਲਾ ਹਾਲ ਦੱਸ ਦਿੱਤਾ।

ਪੱਛਮੀ ਵਿਦਯਾ ਦੇ ਗਯਾਨੀਆਂ ਨੂੰ ਜੇ ਸਾਇੰਸ ਦੇ ਨਾਮ ਤੇ ਸਤਿਗੁਰ ਦੇ ਤ੍ਰਿਕਾਲੱਗਯ ਹੋਣ ਤੇ ਸੰਸਾ ਫੁਰੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਹੁਣ ਦੀ ਵਿੱਦਯਾ ਪੜਤਾ-

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਹ੍ਵੈ ਕਰਿ ਦੀਨਾ। ਬਿਨੈ ਕਰੀ ਬਹੁ ਭਾਂਤਿ ਪ੍ਰਬੀਨਾ ॥੧੦੧॥ 'ਤੁਮਤੇ ਅਪਰ ਮਿਲੈ ਕੋ ਪੂਰਾ। ਜਿਨ ਕੇ ਦਰਸ਼ਨ ਭਾ ਦੁਖ ਦੂਰਾ। ਚਲਹੁ ਨਗਰ ਮਹਿ ਕਰਹੁ ਪਵਿੱਤ੍ਰਾ। ਬੈਠਹੁ ਮੰਦਰ ਬਿਖੈ ਬਚਿੱਤ੍ਰਾ' ॥ ੧੦੨ ॥ ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਆਨੇ ਨਗਰ ਭਾਉ ਉਰ ਧਰਿਕੈ।ਜਹਿਂ ਕੰਚਨ ਕੋ ਮੰਦਿਰ ਸੋਹਤਿ। ਮੁਕਤਾ[1]ਕੀ ਝਾਲਰ ਮਨਮੋਹਤਿ ॥੧੦੩॥ ਬੀਚ ਰੁਚਿਰ ਪਰਯੰਕ ਡਸਾਵਾ। ਤਾਂ ਪਰ ਸ੍ਰੀ ਗੁਰੁ ਕੋ ਬੈਸਾਵਾ। ਨਾਨਾ ਭਾਂਤਿਨ ਸੇਵਾ ਠਾਨੀ। ਨਿਜ ਕਰ ਸੋਂ ਨ੍ਰਿਪ ਕਰਹਿ ਸੁਹਾਨੀ[2] ॥੧੦੪॥ ਤਹਿਂ ਚਿਰਕਾਲ ਬਸੇ ਜਗਤੇਸ਼ਾ। ਆਤਮਗਯਾਨ ਨ੍ਰਿਪਹਿ ਉਪਦੇਸ਼ਾ। ਸਰਬ ਰੂਪ ਮਹਿਂ ਏਕ ਲਖਾਯਾ।ਮਨ ਤੇ ਦੂਤੀਆ ਭਾਉ ਉਠਾਯਾ*॥੧੦੫॥ ਗ੍ਰੰਥ ਬਢਨ ਤੇ ਕੀਨ ਸਮਾਸਾ[3]। ਵਡੋ ਪ੍ਰਸੰਗ ਸੁ ਥੋਰ ਪ੍ਰਕਾਸ਼ਾ। ਧਰਮਸਾਲ ਸੁੰਦਰ ਬਨਿ-ਵਾਈ। ਕੀਰਤਿ ਹੋਵਨ ਲਗੀ ਸੁਹਾਈ[4] ॥ ੧੦੬॥ ਭਗਤਿ ਪ੍ਰਕਾਸ਼ ਕਰੀ ਪੁਰਿ ਮਾਂਹੀ। ਸਿਮਰਨ ਲਗੇ ਨਾਮ ਦੁਖਦਾਹੀ। ਸ੍ਰੀ ਨਾਨਕ ਕੀ ਸੇਵਾ ਕਰਿਹੀਂ। ਮੋਹ ਮਾਨ ਮਨ ਤੇ ਪਰਹਰਿਹੀਂ[5] ॥ ੧੦੭ ॥ ਗਮਨੈ† ਤਯਾਰ ਭਏ ਗੁਨਐਨਾ। ਤਬ ਬੋਲਯੋ ਬਚ ਪੰਕਜਨੈਨਾ[6]। 'ਮੈਂ ਤੋ ਗਮਨੋਂ ਸੰਗ ਤੁਮਾਰੇ। ਦੇਹੁ ਰਾਜ ਪਰ ਅਪਰ ਬਿਸਾਰੇ'[7]॥੧੦੮॥ ਸ੍ਰੀ ਗੁਰ ਬੋਲੇ 'ਸੁਨਹੁ ਭੁਵਾਲਾ।

[1]ਮੋਤੀਆਂ। [2]ਸੁਹਣੀ (ਸੇਵਾ) ਕਰੇ। [3]ਸੰਖੇਪ। [4]ਸ਼ੋਭਾ ਵਾਲੀ। [5]ਦੂਰ ਕਰਦੇ ਹਨ। [6]ਕਵਲਨੈਨ (ਰਾਜਾ)। [7]ਕਿਸੇ ਹੋਰ ਨੂੰ ਬੈਠਾ ਦਿਓ।

*ਪਾ:-ਉਰ ਤੇ ਦੁਤੀਆ ਭਾਉ ਮਿਟਾਯਾ। †ਪਾ:-ਗਮਨਤ, ਗਮਨਹਿ।

☞[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਲਨੀ ਚਾਹੀਦੀ ਹੈ, ਜੋ ਦੂਸਰੇ ਦੇ ਖ਼ਯਾਲ ਵਾਚ ਲੈਣਾ ਸਿੱਧ ਕਰ ਰਹੀ ਹੈ, ( Telepathy ) ਟੈਲੀ ਪੈਥੀ ਤੇ ਇਸ ਤੋਂ ਅਗੇ ਆਂਇਨਸਟੈਨ ਦੀ ਨਵੀਂ ਕਾਢ ਮੁਤਾਲਯਾ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਮੈਥੇਮੈਟਿਕਸ ( Mathematics ) ਗਣਤ ਵਿਦਯਾ ਨਾਲ ਸਿੱਧ ਕਰ ਦਿੱਤਾ ਹੈ ਕਿ ਸਮਾ–ਸਮੇਂ ਦੇ ਤ੍ਰੈ ਭਾਗ–ਭੂਤ, ਭਵਿਖਤ ਤੇ ਵਰਤਮਾਨ ਦੇਸ਼ ਦੀ ਚੌਥੀ ਲਾਂਭ ਹੈ। ਸਾਡੀ ਸਮਝ ਦੇਸ਼ ( space ) ਦੇ ਤ੍ਰੈ ਪਹਿਲੂਆਂ ਦੀ ਜਾਣੂ ਹੈ, ਇਸ ਕਰਕੇ ਸਮੇਂ ਨੂੰ ਜੋ ਅਸਲ ਵਿਚ ਚੌਥੀ ਲਾਂਭ ਦੇਸ਼ ( space ) ਦੀ ਹੈ, ਤ੍ਰੈ ਟੁਕੜਿਆਂ ਵਿਚ ਤੱਕਦੀ ਹੈ। ਜੋ ਸਾਈਂ ਲੋਕ ਇਕਾਗ੍ਰ ਚਿੱਤ ਹੋਕੇ ( space ) ਦੇਸ਼ ਦੀ ਚੌਥੀ ਲਾਂਭ ਵਿਚ ਗੰਮਤਾ ਪਾ ਲੈਂਦੇ ਹਨ ਉਹਨਾਂ ਦੇ ਅਗੇ ਤ੍ਰੈਏ ਕਾਲ ਇਕ ਚਾਦਰ ਵਾਂਙ ਖੁਲ੍ਹ ਪੈਂਦੇ ਹਨ।

ਸ੍ਰੀ ਗੁਰੂ ਜੀ ਨਾ ਕੇਵਲ ਦੇਸ਼ ਦੀ ਚੌਥੀ ਲਾਂਭ ਵਿਚ ਉਠ ਸੱਕਣ ਦੀ ਇਕਾਗ੍ਰਤਾ ਰਖਦੇ ਸਨ, ਸਗੋਂ ਉਹ ਤਾਂ ਅਨੰਤ ਵਿਚ ਮਗਨ ਰਹਿਣ ਵਾਲੇ ਸੇ, ਉਹਨਾਂ ਅਗੇ ਐਸੇ ਕ੍ਰਿਸ਼ਮੇ ਕੁਛ ਗੱਲ ਨਹੀਂ ਸਨ।

ਰਾਜ ਜੋਗ ਤੁਮ ਕਰੋ ਬਿਸਾਲਾ। ਠਾਨਹੁ ਸਦਾ ਧਯਾਨ ਮਨ ਮਾਂਹੀ। ਮੈਂ ਹੋਂ ਨਿਕਟ ਦੂਰ ਕਤ ਨਾਂਹੀ' ॥੧੦੯॥ ਬਹੁ ਪ੍ਰਕਾਰ ਕਰਿ ਧੀਰਜ ਦੀਨੀ। ਚਲਿਨੇ ਹੇਤ ਤਯਾਰੀ ਕਾਨੀ। ਤਬ ਨ੍ਰਿਪ ਪਰਮ ਪ੍ਰੇਮ ਮੈਂ ਭੀਨਾ। ਜਯੋਂ ਜਲ ਹੀਨ[1] ਖੀਨ ਹ੍ਵੈ ਮੀਨਾ[2] ॥੧੧੦॥ ਕਰਿ ਨਰੇਸ਼ ਪਰ ਖੁਸ਼ੀ ਅਪਾਰਾ। ਆਗੈ ਗਮਨੇ ਮੋਖ ਦੁਆਰਾ। ਮਰਦਾਨੋ ਬਹੁ ਖਾਇ ਅਹਾਰਾ। ਭਯੋ ਪੁਸ਼ਟ[3] ਹੋਯੋ ਤਨ ਭਾਰਾ ॥੧੧੧॥ ਦੋਹਰਾ ॥ ਚਲਯੋ ਸੰਗਿ ਸੁਖ ਪਾਇ ਕੈ ਮਹਿਮਾ ਲਖੀ ਅਗਾਧਿ[4]। ਕਰਯੋ ਧਯਾਇ ਪੂਰਨ ਅਬੈ ਕਵਿ ਸ੍ਰੀ ਗੁਰੂ ਅਰਾਧਿ॥ ੧੧੨ ॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਮਲਨੈਨ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋਂ ਅਧਯਾਯ ॥ ੫੬ ॥

## ੫੭. [ਗੁਰਚਰਣ ਮੰਗਲ। ਮੱਕੇ ਜਾਣਾ]

ਦੋਹਰਾ ॥ ਸ੍ਰੀ ਗੁਰ ਚਰਨ ਤਰੋਵਰੰ ਸੀਤਲ ਸੁੰਦਰ ਛਾਇ।
ਮ੍ਰਿਗ ਮਨ ਬਿਸ਼ਯਾਤਪ ਤਪਯੋ ਹ੍ਵੈ ਸੁਖਿ ਤਹਾਂ ਟਿਕਾਇ॥ ੧ ॥

{ ਤਰੋਵਰੰ=ਕਲਪ ਬ੍ਰਿੱਛ [ਸੰਸਃ, ਤਰੁਵਰੁਃ]
ਬਿਸ਼ਯਾਤਪ=ਬਿਖਯਆਤਪ। ਸੰਸਃ, ਵਿਖਯ=ਵਿਸ਼ੇ
ਆਤਪ=ਧੁੱਪ } ਵਿਸ਼ਯਾਂ ਦੀ ਧੁੱਪ }

ਅਰਥ—ਸ੍ਰੀ ਗੁਰੂ ਜੀ ਦੇ ਚਰਨ ਕਲਪ ਬ੍ਰਿੱਛ (ਸਮਾਨ) ਹਨ, (ਜਿਸ ਦੀ) ਛਾਯਾ ਠੰਢੀ ਤੇ ਸੁਹਣੀ ਹੈ, ਵਿਸ਼ਯ (ਰੂਪੀ) ਧੁੱਪ (ਨਾਲ) ਤਪਿਆ ਹੋਯਾ ਮ੍ਰਿਗ (ਰੂਪੀ) ਮਨ (ਜੇ ਉਥੇ ਇਸਦੀ ਛਾਵੇਂ) ਟਿਕ ਜਾਵੇ ਤਾਂ ਸੁਖੀ ਹੋ ਜਾਂਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਹੁ ਗੁਰੂ ਅੰਗਦ ਜੀ ਕਥਾ। ਭਈ ਜਥਾ ਉਚਰੋਂ ਪੁਨ ਤਥਾ। ਕਵਲਨੈਨ ਕੋ ਦੀਨੋ ਗਯਾਨਾ। ਆਤਮ ਅੰਤਰ ਵਹਿਰ ਦਿਖਾਨਾ ॥੨॥ ਜਯੋਂ ਅਕਾਸ਼ ਪੂਰਨ ਸਭਿ ਥਾਈਂ। ਅਸ ਦਿਖਾਇ ਕਰਿ ਚਲੇ ਗੁਸਾਈਂ। ਮੰਦ ਮੰਦ ਮਗ ਸੁੰਦਰ ਚਾਲੀ। ਚਲੇ ਜਾਤਿ ਗਤਿ ਦੇਂ ਜੁ ਸਖਾਲੀ[5] ॥੩॥ ਪੰਥ[6] ਬਿਖੈ ਬੋਲਯੋ ਮਰਦਾਨਾ। 'ਇਹ ਥੋ ਰਾਜਨ ਰਾਜ ਮਹਾਨਾ। ਜਾਂਹਿ ਪਾਸ ਐਸ੍ਵਰਜ ਬਿਸਾਲਾ। ਮਾਨਹਿਂ ਆਨ ਸਰਬ ਭੂਪਾਲਾ ॥੪॥ ਅਹੇ ਅਠਾਰਹਿਂ ਟਾਪੂ ਜੇਤੇ। ਤਿਨ ਮਹਿਂ ਰਾਜ ਕਰਹਿਂ ਨ੍ਰਿਪ ਤੇਤੇ। ਸਭਿਹਿਨਿ ਕੇ ਮੁਝ ਨਾਮ ਸੁਨਾਵੋ। ਦੇਸ਼ ਅਪਰ ਚਲਿ ਬਹੁਰ ਦਿਖਾਵੋ' ॥ ੫ ॥ ਸੁਨਿ ਕਰਿ ਬੋਲੇ ਦੀਨਦਯਾਲਾ। 'ਪ੍ਰਿਥਮ ਹੁਤੋ—ਚਖਕੌਲ'[7]—

[1]ਬਿਨਾ। [2]ਮੱਛੀ ਮਰ ਜਾਂਦੀ ਹੈ। [3]ਤਕੜਾ। [4]ਬਿਅੰਤ। [5]ਸੁਖੱਲੀ ਮੁਕਤੀ ਦੇਣ ਹਾਰੇ। [6]ਰਾਹ। [7]ਕਵਲਨੈਨ।

ਬਿਸਾਲਾ[੧]। ਸੁਧਰਸੈਨ ਅਬ ਸਭਿ ਸਿਰਮੌਰਾ[੨]। ਥਾਪ ਦੀਨ ਹਮ ਨੈ ਇਹ ਠੌਰਾ॥੬॥ ਸੁਨਹੁ ਅਠਾਰਹ ਨਾਮ ਉਜਾਗਰ[੩]। ਸੁਧਰਸੈਨ, ਅਟਕਾ, ਸੁਖ- ਸਾਗਰ। ਮਧੁਰ ਬੈਨ, ਪੁਨ ਸਾਗਰਸੈਨਾ। ਨੈਨ ਜੋਤ, ਜਾਨਹੁ ਸੁਖਚੈਨਾ ॥੭॥ ਮਗਨਰਾਇ, ਅਸਰਾ,ਪਨਾਹ ਪੁਨ। ਸੁੱਧ, ਬਿਬੇਕੂ, ਤੁਰਤਰੰਗ ਸੁਨ। ਬਾਲਸਿੰਘ,ਸੰਭਾਲਕ ਬਹੁਦੁਖ[੪]। ਲਾਲ ਐਨ,ਪੁਨ ਰਾਇਐਨ ਲਖਿ ॥੮॥ ਕੌਲ ਨੈਨ*ਤੇ ਆਦਿ ਅਠਾਰਾਂ।ਕਰਤਿ ਰਾਜ ਸਭਿ ਸਿੰਧ ਮਝਾਰਾ'। ਬੂਝਨ ਕੀਨ ਬਹੁਰ ਮਰਦਾਨੇ। 'ਤੁਮ ਤੋ ਮਿਲੇ ਥੋਰ ਨ੍ਰਿਪ ਥਾਨੇ[੫] ॥ ੯ ॥ ਅਪਰ ਨਰੇਸ਼ ਜਿ ਸਾਗਰ ਮਾਂਹੀ। ਤਿਨਹੁ ਬਿਲੋਕਹੁ ਕੈਧੋਂ ਨਾਂਹੀ। ਜਹਿੰ ਜਹਿੰ ਜਾਵਨ ਰਾਵਰ ਕੀਨੋ।ਤਹਿੰ ਤਹਿੰ ਸਭਿਹਿਨਿ ਗੁਰਮਤਿ ਦੀਨੋ'॥੧੦॥ ਗੁਰੂ ਕਹੈਂ 'ਅਬ ਹਮ ਨ ਪਧਾਰੈਂ। ਸਹਿਜੇ ਪ੍ਰਗਟਹਿ ਸਿੱਖੀ ਸਾਰੈ। ਜਿਤੀ ਥਾਇ ਹਮ ਭਗਤ ਵਿਥਾਰੀ[੬]। ਤਹਿੰ ਤੇ ਅਪਰ ਲੇਹਿੰ ਉਰ ਧਾਰੀ ॥ ੧੧॥ ਚਲਿ ਅਬ ਤੁਝੇ ਸੁਮੇਰੁ ਦਿਖਾਵੈਂ। ਸਰਬ ਸਿੱਧ, ਜਹਿੰ ਜੋਗ ਕਮਾਵੈਂ। ਔਰ ਪੁਰਖ ਬਹੁ ਰਹੈਂ ਮਹਾਨਾ।ਜਿਨ ਪ੍ਰਭੁ ਭਗਤਿ ਕਰੀ ਸੁਖਖਾਨਾ'॥੧੨॥ਸੁਨਿ ਸੁਮੇਰੁ ਜਾਵਨ ਨਿਜ ਕਾਨਾ। ਹਾਥ ਬੰਦਿ ਬੋਲਜੋ ਮਰਦਾਨਾ। 'ਮੱਕਾ ਬਹੁਰ ਮਦੀਨਾ ਦੋਨੋ।ਕੇਤੀ ਬੇਰ ਸੁਨੇ ਮੈਂ ਸ੍ਰੋਨੋ॥੧੩॥ਤੁਰਕ ਤਰੀਫ[੭] ਕਰਤਿ ਜਿਹ ਭੂਰੀ[੮]। ਤਾਂਕੀ ਬਨਤ ਬਤਾਵਤਿ† ਰੂਰੀ। ਰਹਜੋ ਸੁ ਹਮ ਤੇ ਕਿਹ ਦਿਸ਼ ਮਾਂਹੀ?। ਰਿਦੇ ਬਿਸ਼ੇਖ਼ ਬਿਲੋਕਨ ਚਾਹੀ‡ ॥੧੪॥ ਸਰਬ ਭਾਂਤਿ ਸਮਰੱਥ ਸੁਜਾਨਾ। ਪੂਰਨ ਇੱਛਾ ਕਰੋ ਮਹਾਨਾ। ਸ੍ਰੀ ਪ੍ਰਭੁ ਜੀ! ਜਿਹਠਾਂ ਤੁਮਚਾਹੋ। ਬਿਨਾ ਬਿਲਮ ਛਿਨ ਮਹਿੰ ਤਹਿੰ ਜਾਹੋ'॥੧੫॥ ਸੁਨਿ ਕਰਿ ਬੋਲੇ ਸ੍ਰੀ ਗੁਰ ਪੂਰੇ। 'ਹਮ ਤੇ ਰਹਜੋ ਅਧਿਕ ਸੋ ਦੂਰੇ। ਕਿਤੇ ਬਰਖ ਮਾਰਗ ਕੇ ਮਾਂਹੀ।

---

[੧]ਵਡਾ। [੨]ਸ਼ਿਰੋਮਣੀ। [੩]ਪ੍ਰਸਿੱਧ। [੪]ਬਹੁਦੁਖ=ਬਹੁਦਕਿਸ਼ਣ=ਸਖ਼ੀ, ਦਾਤਾ। (ਅ) ਵਿਨੂਖ਼ਕ= ਸਿਆਣਾ। [੫]ਥੋੜੀਆ ਥਾਵਾਂ ਦੇ ਰਾਜਿਆਂ ਨੂੰ। [੬]ਫੈਲਾਈ। [੭]ਉਸਤਤਿ। [੮]ਬੜੀ।

*ਭਾਈ ਬਾਲੇ ਦੀ ਕਹੀ ਜਾ ਰਹੀ ਜਨਮਸਾਖੀ ਵਿੱਚ ੧੮ ਨਾਮ ਦਿੱਤੇ ਏਹ ਹਨ:-

ਕਵਲ ਨੈਨ, ਮਧੁਰ ਬੈਨ, ਸੁਧਰਸੈਨ, ਸੁਖਚੈਨ, ਅਸਨਾਹਾ, ਸਗਰ ਸੈਨ, ਬੀਰ ਬੈਨ, ਲਾਲ ਨੈਨ, ਰਾਇ ਐਨ, ਸੁਖ ਸਾਗਰ, ਨਾਗ ਪਰਸਰਾਮ, ਅਟਾਕ ਘਟਕਾ, ਸੁਧ ਸਮਾਲਕਾ, ਬੁਧ ਬਿਬੇਕ ਬਾਲਕਾ, ਨੈਨ ਜੋਤ, ਬਲ ਸਿੰਗਰ, ਤੁਰਤ ਰੰਗ, ਮਗਨ ਰਾਇ। †ਪਾ:-ਬਨਾਮਤ। ਬਨਾਵਤ।

‡ਮਰਦਾਨੇ ਦੇ ਦਿਲ ਦੀ ਅਸਲੀ ਭਾਵਨਾ ਸਮਝਣ ਲਈ ਦੇਖੋ ਪੂਰਬਾਰਧ ਦਾ ਅਧ੍ਯਾਯ ੫੯, ਅੰਕ ਅੱਠ।

ਚਲਤ ਬਿਤੀਤੇ ਪਹੁੰਚੈਂ ਤਾਂਹੀ*'॥੧੬॥ ਸੁਨਿ ਕਰਿ ਮਰਦਾਨੇ ਕਰ ਬੰਦੇ। ਕਹਿਨ ਲਗਯੋ'ਹੇ ਪ੍ਰਭੁ ਮੁਕੰਦੇ! ।ਕਿਤੇ ਬਰਖ ਕੋ ਗੈਲ ਬਤਾਵੋ। ਤਹਿਂ ਤੁਮ ਨਿਮਖ ਬਿਖੈ[1] ਚਲਿ ਜਾਵੋ॥੧੭॥ ਪ੍ਰਭੁ ਜੀ ਕੀਜੈ ਨਹੀਂ ਵਲਾਊ[2]। ਤਿਹ ਦੇਖਨ ਕੋ ਬਹੁ ਮਮ ਚਾਊ। ਜਯੋਂ ਤਯੋਂ ਕਰਿ ਕੈ ਆਪਿ ਦਖਾਯੇ। ਮੁਝ ਅਭਿਲਾਖਾ ਪੂਰ ਕਰਾਯੇ'॥੧੮॥ ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਹੈ ਪ੍ਰਸੰਨ ਬੋਲੇ ਗੁਨ ਐਨਾ। 'ਕਹਯੋ ਨ ਮੇਟਹਿਂ[3] ਤਵ ਮਰਦਾਨੇ। ਚਲਹੁ ਦਿਖਾਵਹਿਂ ਚਾਹਿ ਜਿ ਥਾਨੇ'॥੧੯॥ ਕਹਿ ਕਰਿ ਮੱਕੇ ਦਿਸ਼ ਪ੍ਰਸਥਾਨੇ[4]। ਜਿਨਕੇ ਦਰਸਹਿਂ ਤੇ ਭ੍ਰਮ ਹਾਨੇ। ਭੱਖਰ ਸੱਖਰ ਹੈ ਜਿਹ ਜਾਗਾ†। ਆਇ ਤਹਾਂ ਨਿਮਖ ਨਹਿਂ ਲਾਗਾ॥੨੦॥ ਨੀਲ ਬਸਤ੍ਰ ਲੇ ਪਹਿਰ ਸਰੀਰਾ। ਕਾਂਖ[5] ਕਿਤਾਬਹਿ ਗੁਨੀ ਗਹੀਰਾ[6]। ਊਚੀ ਕੁਲਹਿ[7] ਧਰੀ ਨਜਿ ਸੀਸੰ। ਆਸਾ[8] ਹਾਥ ਬਿਖੈ ਜਗਦੀਸ਼ੰ॥੨੧॥ ਗਰੇ ਜਨੇਊ ਪਾਇ ਕ੍ਰਿਪਾਲਾ। ਤਿਲਕ ਕਰਯੋ ਸੁੰਦਰ ਪੁਨ ਭਾਲਾ‡। ਸੁਨਹੁ ਗੁਰੂ ਅੰਗਦ! ਰਸ ਭੀਨੇ[9] ਕੂਜਾ[10] ਮੁਝਹਿ ਮੁਸੱਲਾ ਦੀਨੇ॥੨੨॥ ਗਰ ਮਹਿਂ ਸੇਲੀ ਪਾਇ ਬਿਸਾਲਾ। ਬਨੇ ਸੁ ਹਾਜੀ ਰੂਪ ਕ੍ਰਿਪਾਲਾ। ਕਉਤਕ ਹਿਤ ਯਿਹ ਰੂਪ ਬਨਾਇ§। ਹਿੰਦੂ ਤੁਰਕ ਨ ਜਾਤਿ ਲਖਾਇ‡॥੨੩॥ ਮੁਲਤਾਨਾਦਿਕ[11] ਜੇ ਪੁਰਿ ਔਰਾ।

---

[1]ਪਲ ਵਿਚ। [2]ਪਰਚਾਵਾ, ਟਾਲਾ। [3]ਤੇਰਾ ਕਿਹਾ ਨਹੀਂ ਮੋੜਦੇ। [4]ਚੱਲੇ। [5]ਬਗਲ ਵਿਚ। [6]ਭਾਵ ਗੁਰੂ ਜੀ ਦੇ। [7]ਟੋਪੀ। [8]ਸੋਟਾ। [9]ਭਿੱਜੇ। [10]ਲੋਟਾ। [11]ਭਾਵ ਮੁਲਤਾਨ ਆਦਿ ਸ਼ਹਿਰਾਂ ਦੇ ਲੋਕ ਕੱਠੇ ਹੋਏ ਸਨ।

*ਆਸਾਮ ਯਾ ਬ੍ਰਹਮਾ ਤੋਂ ਪੈਦਲ ਟੁਰਕੇ ਮੱਕੇ ਅੱਪੜਨਾ ਬਰਸਾਂ ਦਾ ਹੀ ਰਾਹ ਹੈ।

†ਭੱਖਰ ਸੱਖਰ ਤੋਂ ਮੁਰਾਦ ਪੱਛਮੀ ਪੰਜਾਬ ਦੇ ਦੱਖਣ ਰੁਖ ਤੋਂ ਹੈ, ਭੱਖਰ ਦੁਆਬ ਸਿੰਧ ਸਾਗਰ ਵਿਚ ਡੇਹਰਾ ਇਸਮਾਈਲ ਖਾਂ ਤੋਂ ਹੇਠਾਂ ਉਰਾਰ ਵਲ ਹੈ, ਸੱਖਰ ਇਸੇ ਦੀ ਦੱਖਣ ਸੇਧ ਵਿਚ ਸਿੰਧ ਦੇਸ਼ ਵਿਚ ਹੈ। ਮੁਰਾਦ ਹੈ ਆਸਾਮ ਤੋਂ ਗੁਰੂ ਜੀ ਦੱਖਣ ਪੱਛਮੀ ਪੰਜਾਬ ਵਿਚ ਆ ਗਏ ਤੇ ਸਿੰਧ ਦੇ ਸੱਖਰ ਸ਼ਹਿਰ ਅੱਪੜੇ, ਜਿਥੇ ਮੁਲਤਾਨ ਆਦਿ ਥਾਵਾਂ ਦੇ ਹਾਜੀ ਕੱਠੇ ਹੋ ਰਹੇ ਸਨ, ਇਹ ਗ਼ਾਲਬਨ ਕਰਾਚੀਓਂ ਸਿੱਧੇ ਯਾ ਕਰਾਚੀ ਤੋਂ ਸੂਰਤ ਤੇ ਸੂਰਤ ਤੋਂ ਮੱਕੇ ਜਹਾਜ਼ ਚੜ੍ਹਕੇ ਜਾਂਦੇ ਹੁੰਦੇ ਸਨ। ਸੂਰਤ ਮੱਕੇ ਜਾਣ ਦੀ ਪੁਰਾਣੀ (ਬੰਦਰਗਾਹ) ਸੀ।

‡ਇਥੋਂ ਦੀਆਂ ਦੋਹਾਂ ਥਾਵਾਂ ਦੀਆਂ ਚਾਰੇ ਤੁਕਾਂ ਦੋ ਲਿਖਤ ਦੇ ਪੁਰਾਤਨ ਨੁਸਖਿਆਂ ਵਿਚ ਹੈਨ।

§ਸ੍ਰੀ ਗੁਰ ਨਾਨਕ ਸਾਹਿਬ ਜੀ ਨੇ ਜਗਤ ਜਲੰਦੇ ਵਿਚ ਠੰਢ ਵਰਤਾਉਣ ਲਈ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਹਾਜੀ ਮਿਲੇ ਹੁਤੇ ਤਿਹ ਠੌਰਾ। ਮੱਕੇ ਜਾਨ ਜਿਨਹਿਂ ਅਭਿਲਾਖਾ। ਨਿਸਾ ਗੁਜਾਰਨ ਡੇਰੋ ਰਾਖਾ ॥ ੨੪ ॥ ਮਿਲਿ ਬੈਸੇ ਥੇ ਜਿਹ ਇਸਥਾਨਾ। ਤਿਨ ਕੇ

---

[ਪਿਛਲੇ ਪੰਨੇ ਦੀ ਬਾਕੀ ਟੂਕ]

ਕਈ ਵੇਰ ਉਦਾਸੀਆਂ ਕੀਤੀਆਂ ਤੇ ਦੇਸ਼ਾਟਨ ਲਈ ਨਿਕਲੇ, ਇਹਨਾਂ ਸਮਿਆਂ ਤੇ ਆਪ ਦਾ ਪਹਿਰਾਵਾ ਅੱਡਰੀ ਅੱਡਰੀ ਤਰ੍ਹਾਂ ਦਾ ਹੁੰਦਾ ਰਿਹਾ ਹੈ। ਕਈ ਥਾਈਂ ਲਿਖਿਆ ਹੈ ਪਹਿਲੀ ਉਦਾਸੀ ਵਿਚ ਆਪ ਨੇ ਇਕ ਬਸਤ੍ਰ ਅੰਬੁਆ, ਇਕ ਬਸਤ੍ਰ ਚਿੱਟਾ, ਇਕ ਪੈਰ ਜੁਤੀ, ਇਕ ਪੈਰ ਖਉਂਸ, ਗਲ ਖਫਨੀ, ਮੱਥੇ ਤਿਲਕ ਕੇਸਰ ਦਾ ਆਦਿਕ ਰਖਿਆ। ਦੂਜੀ ਉਦਾਸੀ ਵਿਚ ਪੈਰੀਂ ਖੜਾਵਾਂ ਕਾਠ ਦੀਆਂ, ਹੱਥ ਆਸਾ, ਸਿਰ ਰੱਸੇ ਲਪੇਟੇ, ਬਾਹਾਂ ਜੰਘਾਂ ਰੱਸੇ ਲਪੇਟੇ, ਮੱਥੇ ਟਿੱਕਾ ਬਿੰਦੁਲੀ ਦਾ ਸੀ। ਤੀਜੀ ਉਦਾਸੀ ਵਿਚ ਪੈਰੀਂ ਚਮੜਾ ਅਤੇ ਸਿਰ ਚਮੜਾ, ਤੇ ਮੱਥੇ ਟਿੱਕਾ ਕੇਸਰ ਦਾ ਸੀ। ਚੋਥੀ ਉਦਾਸੀ ਸਮੇਂ ਪੈਰੀਂ ਖਉਸਾਂ ਚੰਮ ਕੀਆਂ ਅਤੇ ਚੰਮ ਕੀ ਸੁੱਥਣ, ਨੀਲੇ ਬਸਤ੍ਰ, ਹੱਥ ਆਸਾ ਕਿਤਾਬ ਤੇ ਕੂਜਾ ਆਦਿਕ ਪਾਸ ਸਨ, ਮੱਥੇ ਟਿੱਕਾ ਬਿੰਦੀ ਕਾ; ਇਸੇ ਤਰ੍ਹਾਂ ਕਿਤੇ ਕਿਤੇ ਗੁਰੂ ਜੀ ਦੇ ਦੇਸ਼ਾਟਨ ਸਮੇਂ ਭਗਵੇ ਕੱਪੜੇ ਤੇ ਗਲੇ ਜਨੇਊ ਪਾਏ ਹੋਣ ਦਾ ਜ਼ਿਕਰ ਬੀ ਸਾਖੀਕਾਰਾਂ ਨੇ ਲਿਖਿਆ ਹੈ, ਇਹਨਾਂ ਸਾਰੇ ਪਹਿਰਾਵਿਆਂ ਤੇ ਇਕ ਨਜ਼ਰ ਫੇਰਨ ਨਾਲ ਇਹਨਾਂ ਦੀ ਅੱਭਤਾ ਦੱਸ ਦੇਂਦੀ ਹੈ ਕਿ ਗੁਰੂ ਜੀ ਦੇ ਇਹ ਵੇਸ ਉਸ ਤਰ੍ਹਾਂ ਦੇ ਵੇਸ ਨਹੀਂ ਸਨ ਜਿਸ ਤਰ੍ਹਾਂ ਕਿ ਖਾਸ ਖਾਸ ਮਤਾਂ ਵਾਲਿਆਂ ਦੇ ਹੁੰਦੇ ਹਨ, ਜਿਨ੍ਹਾਂ ਦੇ ਵੇਖਣ ਨਾਲ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਸਾਧ ਅਮਕੀ ਸੰਪ੍ਰਦਾਇ ਦਾ ਜਾਂ ਅਮਕੇ ਮਤਿ ਦਾ ਹੈ, ਜਿਹਾਕਿ ਬੈਰਾਗੀ, ਸੰਨਯਾਸੀ, ਜੋਗੀ, ਹਿੰਦੂ ਤੇ ਮੁਸਲਮਾਨ ਆਦਿਕਾਂ ਦੇ ਅੱਡਰੇ ਅੱਡਰੇ ਵੇਸ ਭੇਸ ਇਹਨਾਂ ਦੇ ਮਤ ਦਾ ਪਤਾ ਦਿੰਦੇ ਹਨ। ਗੁਰੂ ਜੀ ਦਾ ਹਰ ਸਫ਼ਰ ਵਿਚ ਅੱਡਰਾ ਲਿਬਾਸ ਦੱਸਦਾ ਹੈ ਕਿ ਉਨ੍ਹਾਂ ਨੇ ਕੋਈ ਵੇਸ ਕਿਸੇ ਮਤ ਦਾ ਪ੍ਰਕਾਸ਼ਕ ਨਹੀਂ ਪਹਿਰਿਆ। ਭੇਸਾਂ ਦੀ ਵਿਲੱਖਣਤਾ ਤੋਂ ਮਾਲੂਮ ਹੁੰਦਾ ਹੈ ਕਿ ਲੋਕਾਂ ਦੀ ਤਵੱਜੋ ਆਪਣੇ ਵੱਲ ਖਿੱਚਣ ਲਈ, ਜਿਸ ਤਰ੍ਹਾਂ ਹਰਦਵਾਰ ਜਾਕੇ ਹਿੰਦੂਆਂ ਨੂੰ ਚੜ੍ਹਦੇ ਪਾਣੀ ਉਛਾਲਦੇ ਵੇਖ ਆਪ ਲਹਿੰਦੇ ਵੱਲ ਮੂੰਹ ਕਰਕੇ ਪਾਣੀ ਉਛਾਲਨ ਲਗ ਪਏ, ਜਿਸ ਤੋਂ ਲੋਕ ਆਪ ਦੇ ਗਿਰਦ ਆ ਇਕੱਠੇ ਹੋ ਪ੍ਰਸ਼ਨ ਉੱਤਰ ਕਰਨ ਲਗੇ ਤੇ ਗੁਰੂ ਜੀ ਨੂੰ ਸ਼ੁਭ ਸਿੱਖਯਾ ਦੇਣ ਦਾ ਮੌਕਾ ਬਣਾ ਦਿੱਤਾ। ਸੂਰਜ ਗ੍ਰਹਣ ਦੇ ਸਮੇਂ ਕੁਰਛੇਤਰ ਤੇ ਮਾਸ (ਕਈ ਸਾਖੀਆਂ ਵਿਚ ਹਿਰਨ ਲਿਖਿਆ ਹੈ) ਚਾੜ੍ਹਿਆ ਜਿਸ ਤੋਂ ਹਿੰਦੂ ਆ ਜੁੜੇ। ਇਸੇ ਤਰ੍ਹਾਂ ਜਗਨ ਨਾਥ ਵਿਚ ਆਰਤੀ ਸਮੇਂ ਬਾਕੀਆਂ ਦੇ ਖੜੋਣ ਤੇ ਆਪ ਦੇ ਬੈਠੇ ਰਹਿਣ, ਮੱਕੇ ਵਿਚ ਕਾਬੇ ਵਲ ਪੈਰ ਕਰਕੇ ਲੇਟਣ ਤੇ ਮੱਕਾ ਫੇਰਨ ਤੋਂ ਲੋਕੀਂ ਆ ਜੁੜੇ ਤੇ ਗੁਰੂ ਜੀ ਨੇ ਓਹਨਾਂ ਭੁੱਲੇ ਭਟਕਿਆਂ ਨੂੰ ਧਰਮ ਦੇ ਅਸਲੀ ਤੱਤ੍ਵ ਦਿਖਾਕੇ ਜੀਆਦਾਨ ਦਿੱਤਾ, ਇਸੇ ਤਰ੍ਹਾਂ ਆਪ ਦੇ ਲਿਬਾਸ ਦੀ ਅਦਭੁਤਤਾ ਵੀ ਲੋਕਾਂ ਦੀ ਤਵੱਜੋ ਨੂੰ ਖਿੱਚਕੇ ਲਿਆਉਂਦੀ ਰਹੀ, ਜਿਸ ਤੋਂ ਓਹਨਾਂ ਦਾ ਕਲਯਾਨ ਹੁੰਦਾ ਰਿਹਾ। ਕਵੀ ਜੀ ਨੇ ਗੁਰੂ ਜੀ ਦੇ ਹਾਜੀਆਂ ਨਾਲ ਮਿਲਣ ਦੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਮੱਧ ਗਏ ਗੁਨਖਾਨਾ । ਤਬਹਿ ਮੁਸੱਲਾ ਮੈਂ ਸੁ ਬਿਛਾਵਾ । ਤਿਹ ਪਰ ਬੈਸੇ ਦੁਖ ਬਨ ਦਾਵਾ[1] ॥ ੨੫ ॥ ਹਾਜਿਨ[2] ਰਿਦੈ ਈਰਖਾ ਹੋਈ । ਸ੍ਰੀ ਗੁਰੁ ਸੋਂ ਬੋਲਤਿ ਭੇ ਸੋਈ । 'ਕੌਨ ਦੇਸ਼ ਤੇ ਤੁਮ ਚਲਿ ਆਏ? ਕੌਨ ਨਾਮ ਅਬ ਕਹਾਂ ਸਿਧਾਏ? ॥੨੬॥ ਮੁਸਲਮਾਨ ਕੈ ਹਿੰਦੂ ਅਹਿਈ? ।ਬਿਨਾ ਕਹੇ ਤੇ ਜਾਇ ਨ ਲਹਿਈ[3] । ਹਾਜੀ ਬੇਖ[4] ਤਿਲਕ ਹੈ ਮਾਥੇ। ਯਾਂਤੇ ਬੂਝਤਿ ਹੈਂ ਤੁਝ ਸਾਥੇ' ॥੨੭॥ ਸ੍ਰੀ ਨਾਨਕ ਜੀ ਬੈਨ ਅਲਾਏ। 'ਬੇਗਮਪੁਰੇ ਦੇਸ਼ ਤੇ ਆਏ । ਹਿੰਦੂ ਮੁਸਲਮਾਨ ਜਗ ਮਾਂਹੂ । ਮੈਂ ਹੋਂ ਦੋਨੋ ਕੇਰ ਗਵਾਹੂ ॥ ੨੮ ॥ ਪੱਖਬਾਦ[5] ਮਹਿਂ ਉਰਝੇ ਕਾਚੇ । ਤਜਿ ਸਾਚੋ ਕੂਰੇ[6] ਮਨ ਰਾਚੇ । ਜਲਵਾ[7]* ਸਰਬ ਸਰੀਰਨ ਜੋਊ । ਤਿਹ ਕੋ ਭੇਵ ਨ ਜਾਨਹਿ ਕੋਊ ॥ ੨੯ ॥ ਹੇਤ ਬੰਦਗੀ ਬੰਦਾ ਆਯੋ। ਤਿਹ ਤਜਿ ਮਾਨ ਮੋਹ ਲਪਟਾਯੋ। ਤਾਂਤੇ ਨਰ ਗੈਵਾਨ[8] ਹਵਾਨੋ[9]† । ਸਭਿ ਕੋ ਉਪਦੇਸ਼ਕ ਮੁਝ ਮਾਨੋ' ॥੩੦॥ ਅਸ ਬਿਧਿ ਸੁਨਿ ਕੇ ਮਨ ਬਿਸਮਾਨੇ ।–ਇਹ ਤੋ ਬੋਲਤਿ ਬੋਲ ਮਹਾਨੇ–। ਮੁਲਤਾਨਹਿ ਕੋ ਪੀਰ ਤਹਾਂਹੀ। ਨਾਮ ਬਹਾਵਦੀਨ ਥੋ ਜਾਂਹੀ[10] ॥੩੧॥ ਤਰਕ ਸੰਗਿ ਤਿਨ ਬਚਨੰ

[1]ਦੁਖਾਂ ਰੂਪੀ ਬਨ ਲਈ ਅਗਨੀ ਰੂਪ । [2]ਹਾਜੀਆਂ ਦੇ । [3]ਪਛਾਣਿਆਂ ਨਹੀਂ ਜਾਂਦਾ । [4]ਭੇਖ । [5]ਮਤ ਮਤਾਂਤਰਾਂ ਦੇ ਝਗੜੇ । [6]ਝੂਠੇ । [7]ਪ੍ਰਕਾਸ਼ । [8]ਭੂਤਨਾ । [9]ਪਸ਼ੂ ਹੈ । [10]ਜਿਸ ਦਾ ।

*ਪਾ:–ਜਿਲਵਾ । †ਪਾ:–ਗੈਵਾਨਹ ਜਾਨੋ ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸਮੇਂ ਦੇ ਭੇਸ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਜਦ ਗੁਰੂ ਜੀ ਹਾਜੀਆਂ ਵਿਚ ਆ ਬੈਠੇ ਤਦ:–

ਹਾਜਿਨ ਰਿਦੇ ਈਰਖਾ ਹੋਈ। ਸ੍ਰੀ ਗੁਰ ਸੋਂ ਬੋਲਤਿ ਭੇ ਸੋਈ।
'ਮੁਸਲਮਾਨ ਕੈ ਹਿੰਦੂ ਅਹਿਈ ? ਬਿਨਾ ਕਹੇ ਤੇ ਜਾਇ ਨ ਲਹਿਈ।
ਹਾਜੀ ਬੇਖ ਤਿਲਕ ਹੈ ਮਾਥੇ। ਯਾਂਤੇ ਬੂਝਤਿ ਹੈਂ ਤੁਝ ਸਾਥੇ' ।੨੭।

[ਅਧਯਾਯ ੭੫ ਅੰਕ ੨੬ ਤੇ ੨੭ ਵਿਚੋਂ

ਇਸ ਤੋਂ ਸਪਸ਼ਟ ਹੈ ਕਿ ਕਿਸੇ ਵੀ ਦੇਸ਼ਾਟਨ ਸਮੇਂ ਆਪ ਦੇ ਹਾਜੀਆਂ ਵਾਲੇ ਕਪੜੇ ਪਾਉਣ ਤੇ ਆਪ ਨੂੰ ਮੁਸਲਮਾਨ, ਜੰਞੂ ਪਾਉਣ ਤੇ ਹਿੰਦੂ, ਜਾਂ ਕਿਸੇ ਖਾਸ ਰੰਗ ਦਾ ਕਪੜਾ ਪਾਉਣ ਤੇ ਖਾਸ ਕਿਸੇ ਸੰਪ੍ਰਦਾਇ ਦਾ ਸਮਝਣਾ ਭੁੱਲ ਹੈ, ਲਿਬਾਸਾਂ ਦਾ ਇਹ ਵੱਖਰਾਪਨ, ਤੇ ਦੋ ਦੋ ਤ੍ਰੈ ਤ੍ਰੈ ਤਰ੍ਹਾਂ ਦੇ ਭੇਖਾਂ ਦਾ ਇਕੋ ਵੇਲੇ ਧਾਰਨਾ ਹੀ ਦੱਸਦਾ ਹੈ ਕਿ ਭੇਖਾਂ ਨੂੰ ਉਹ ਮਖ਼ੌਲ ਕਰਦੇ ਸਨ । ਜਦ ਕਰਤਾਰ ਪੁਰੇ ਆ ਟਿਕੇ ਤਾਂ ਸਾਰੇ ਫਕੀਰੀ ਭੇਸ ਦੂਰ ਕਰਕੇ ਸਾਧਾਰਣ ਸੰਸਾਰੀ ਕੱਪੜੇ ਪਹਿਨ ਲਏ, ਕਵਿ ਜੀ ਆਪ ਦੱਸਦੇ ਹਨ ਕਿ ਇਹ ਲਿਬਾਸ ਕੌਤਕ ਹਿਤ ਸਨ:–

ਯਥਾ:–ਕਉਤਕ ਹਿਤ ਯਿਹ ਰੂ' ਬਨਾਏ । ਹਿੰਦੂ ਤੁਰਕ ਨ ਜਾਤ ਲਖਾਏ ।

[ਇਸੇ ਅਧਯਾਯ ਦੇ ਅੰਕ ੨੪ ਵਿਚ

ਪ੍ਰਕਾਸ਼॥ 'ਇਹ ਕਿਤਾਬ ਜੋ ਤੇਰੇ ਪਾਸ॥ਇਹ ਤੋ ਪਢਿ ਜਾਨਤਿ ਕੈ ਨਾਂਹੀ? ਦੇਹੁ ਮਾਯਨਾ[੧]ਜੋ ਇਸ ਮਾਂਹੀ'॥੩੨॥ ਸੁਨਿ ਕਰਿ ਸ੍ਰੀਗੁਰੁ ਬਚਨ ਉਚਾਰ॥ 'ਪਢਨ ਕਿਤਾਬਨ[੨] ਤੀਨ ਪ੍ਰਕਾਰਾ। ਉਸਤਖ਼ਾਨ[੩], ਗੋਸ਼ਤ[੪], ਮਗਜ਼ਹਿ[੫], ਪੁਨ। ਇਨਕੇ ਲੱਛਨ ਉਚਰਤਿ ਹੌਂ ਸੁਨਿ॥੩੩॥ਪਢਿ ਕਰਿ ਸਭਿਕੋ ਹੁੱਜਤ ਕਰਨੀ।—ਉਸਤਖ਼ਾਨ—ਇਸ ਬਿਧਿ ਕੀ ਬਰਨੀ। ਬੁਜ਼ਰਕ[੬] ਹੋ ਬੈਠਨ ਪਠਿ ਕਰਿ ਕੈ। ਖਿਜਮਤ[੭] ਕਰਿਵਾਵਨ ਹਿਤ ਧਰਿਕੈ॥੩੪॥ਕਰਿ ਹੰਕਾਰ ਬਦੈ ਨਹਿਂ ਕਾਹੂੰ[੮]।—ਗੋਸ਼ਤ—ਨਾਮ ਕਹਿਤ ਹੈਂ ਤਾਂਹੂੰ॥ਪਠਿਕਰਿ[੯] ਸਿਮਰਹਿ ਨਾਮ ਜਿ ਰੂਰਾ। ਸਭਿ ਮਹਿਂ ਜਾਨਹਿ ਅਲਹੁ[੧੦] ਜ਼ਹੂਰਾ[੧੧]*॥੩੫॥ਦ੍ਵੈਤ[੧੨] ਹੇਤ[੧੩] ਕੋ ਮੇਟਹੁ ਝਗਰਾ। ਤਜਹੋ ਹੰਕਾਰ ਰਿਦੇ ਤੇ ਸਗਰਾ। ਮਾਨਹਿ ਸੀਸ ਖ਼ੁਦਾਇ ਰਜ਼ਾਈ[੧੪]।—ਮਗਜ਼—ਨਾਮ ਹੈ ਤਾਂਹਿ ਕਹਾਈ'॥੩੬॥ਸੁਨਿ ਸੋਕਹੈਂ 'ਕੁਲਹਿ ਸਿਰ ਧਾਰੀ। ਕਿਹ ਕਾਰਨ? ਮੁਖ ਕਰਹੁ ਉਚਾਰੀ'। ਤਬ ਬੋਲੇ ਬੇਦੀ ਕੁਲ ਕੇਤਾ। 'ਕੁਲਹਿ ਧਰਨ ਕੋ ਸਮਝਹੁ ਹੇਤਾ[੧੫] ॥ ੩੭ ॥ ਛੋਟੀ ਕੁਲਹਿ ਵਡੀ ਦਸਤਾਰਾ[੧੬]। ਤਿਹ ਧਰਿ ਤਜਹੋ ਸਰਬ ਹੰਕਾਰਾ। ਹਰਹੁ ਈਰਖਾ ਕਰਹੁ ਕਿਨਾਯਤ[੧੭]। ਯਾਦ ਖ਼ੁਦਾਇ ਰਖਹੁ ਹਰ ਸਾਯਤ[੧੮] ॥੩੮॥ ਹੋਤਿ ਕੁਲਹਿ ਕੋ[੧੯] ਮੁਖ ਯੌ ਅੰਤਰ[੨੦]। ਨਿਜ ਅੰਤਰ ਕੋ ਸੋਧ ਨਿਰੰਤਰ[੨੧]। ਚਾਰ ਤਰਕ[੨੨]ਕੀ ਕੁਲਹਿ ਬਨਾਈ॥ਚਾਰੋਂ ਤਰਕ[੨੩]ਦੇਤਿ ਸਮਝਾਈ॥੩੯॥ ਦੁਨੀ[੨੪] ਸੁਰਗ ਸੁਖ[੨੫] ਦੋਊ ਤਰਕੋ[੨੬]। ਮਾਨ ਜਿ ਮੋਹ ਲਿਪਾਇ ਨ[੨੭] ਉਰ ਕੋ'।ਸੁਨਿ ਕਰਿ ਹਾਜੀ ਬਹੁਰ ਅਲਾਈ॥ 'ਖ਼ਫਨੀ[੨੮] ਰੀਤਿ ਕਹਹੁ ਕਨੌਂ ਪਾਈ?' ॥ ੪੦ ॥ ਤਬ ਸ੍ਰੀ ਗੁਰੁ ਨੈ ਬਚਨ ਬਖਾਨਾ। 'ਖਫਨੀ ਜਾਨਹੁ ਖ਼ਫਨ[੨੯] ਸਮਾਨਾ। ਮੁਰਦਾ ਹੋਇ ਸੁ ਖਫਨੀ ਪਾਵੈ। ਗੁਰੂ ਗੋਰ ਕੇ ਬੀਚ ਸਮਾਵੈ† ॥ ੪੧ ॥ ਅੰਗ ਹਿਲਾਇ ਨ ਆਪ ਜਨਾਵੈ। ਨਿਜ ਹਨਰਨ ਕੋ ਰਿਦੇ ਛਪਾਵੈ। ਕਰਿ ਕੈ ਜ਼ਾਹਰ ਐਬ ਦਿਖਾਵੈ। ਗੁਰੁ ਰਜਾਇ ਮੰਨੇ ਸੁਖ

[੧]ਅਰਥ। [੨]ਪੋਥੀਆਂ ਦਾ। [੩]ਹੱਡੀ। [੪]ਮਾਸ। [੫]ਮਗਜ਼ ਭਾਵ ਤੱਤ। [੬]ਵੱਡਾ, ਪੂਜਨੀਯ। [੭]ਸੇਵਾ। [੮]ਕਿਸੇ ਨੂੰ। [੯]ਪੜ੍ਹਕੇ। [੧੦]ਰੱਬ ਦਾ। [੧੧]ਪ੍ਰਕਾਸ਼। [੧੨]ਵੈਰ। [੧੩]ਮੋਹ। [੧੪]ਮਰਜ਼ੀ। [੧੫]ਕਾਰਨ। [੧੬]ਪਗੜੀ। [੧੭]ਸਬਰ। [੧੮]ਹਰ ਘੜੀ। [੧੯]ਟੋਪੀ ਦਾ। [੨੦]ਮੂੰਹ ਜਿਵੇਂ ਅੰਦਰਵਾਰ ਨੂੰ। [੨੧]ਇਕ ਰਸ। [੨੨]ਟਾਕੀਆਂ, ਤਰੀਜ਼ਾਂ। [੨੩]ਤਿਆਗ (ਅ) ਟਾਕੀਆਂ। [੨੪]ਸੰਸਾਰ ਤੇ। [੨੫]ਸੁਰਗ ਦਾ ਸੁਖ। [੨੬]ਦੋਵੇਂ ਤਰਕ ਕਰੋ, ਤਿਆਗੋ। [੨੭]ਮਾਨ ਤੇ ਮੋਹ ਲਿਪਾਇਮਾਨ ਨਾ ਕਰੇ। [੨੮]ਬਾਹਾਂ ਬਿਨਾ ਅਨਸੀਤਾ ਚੋਲਾ। [੨੯]ਖੱਫਣ। *ਪਾ:—ਜਰੂਰਾ।

†ਗੁਰੂ ਗੋਰ ਵਿੱਚ ਸਮਾਉਣ ਦਾ ਭਾਵ ਅਗਲੀਆਂ ਤੁਕਾਂ ਵਿੱਚ ਹੈ।

ਪਾਵੈ॥੪੨॥ ਨਾਮ ਹਮਾਰਾ ਨਾਨਕ ਜਾਨੋ।ਮੱਕੇ ਕੋ ਅਬ ਕਿਯ ਪ੍ਰਸਥਾਨੋ'
ਸੁਨਿ ਸਭਿ ਹਾਜੀ ਮਨ ਮਹਿਂ ਚੀਨਾ।-ਇਹ ਹਿੰਦੂ ਕੋ ਬੋਲ ਪ੍ਰਬੀਨਾ॥੪੩॥
ਮਿਲਿ ਕਰਿ ਹਮਰੇ ਸੰਗ ਮਝਾਰੀ। ਕਾਬੇ ਚਲਯੋ ਚਹਿਤ ਮਗ[1] ਭਾਰੀ। ਦੇ
ਜਬਾਬ ਇਸ ਕਰਹਿਂ ਨਿਰਾਲਾ[2]। ਭੁਲੀ ਨ ਬਾਤ ਚਲਹਿ ਜੋ ਨਾਲਾ-
॥੪੪॥ ਯੌਂ ਮਸਲਤਿ[3] ਕਰਿ ਬੋਲੇ ਬੈਨਾ। ਮੰਦ ਨ ਸਮਝਹਿਂ-ਇਹ ਗੁਨ-
ਐਨਾ[4]-। 'ਮੱਕੇ ਕੇ ਮਗ ਅਸ ਇਕ ਥਾਨਾ। ਚਢਿ ਜਹਾਜ਼ ਪਰ ਕਰਤਿ
ਪਯਾਨਾ॥ ੪੫ ॥ ਤਹਿਂ ਜਬ ਕਲਮਾ ਦੇਤਿ ਪਢਾਈ। ਤਬ ਜਹਾਜ਼ ਪਰ
ਲੇਤਿ ਚਢਾਈ।ਹਿੰਦੂ ਨ ਕਲਮਾਕਰਤਿਉਚਾਰਾ।ਯਾਂਤੇ ਹਮ ਤੇ ਜਾਹੁ ਨਿਰਾ-
ਰਾ[7]॥੪੬॥ਸੁਨਿ ਕਰਿ ਸ੍ਰੀ ਮੁਖ ਸੋਂ ਮੁਸਕਾਨੇ।ਤਿਨ ਸੋਂ ਐਸੇ ਬਚਨਬਖਾਨੇ।
'ਜਨਮਯੋ ਜਬ, ਕੋ ਸੰਗ ਨ ਆਯੋ[5]। ਮਰਨੇ ਕਾਲ ਨ ਸੰਗ ਸਿਧਾਯੋ
॥ ੪੭॥ ਆਇ ਇਕੇਲਾ ਜਾਤਿ ਇਕੇਲਾ। ਯੌ ਸਮਝਹਿ ਮਨ ਹੋਤਿ
ਸੁਹੇਲਾ'। ਸੁਨਿ ਕਰਿ ਬਸ ਤਹਿਂ ਰੈਨ ਬਿਤਾਈ। ਬਹੁਰੋ ਜਬ ਪ੍ਰਭਾਤ ਹ੍ਵੈ
ਆਈ ॥ ੪੮ ॥ ਉਠਿ ਕਰਿ ਹਾਜੀ ਪੰਥ ਸਿਧਾਰੇ। ਅਪਨ ਸਾਥ ਤੇ ਪ੍ਰਭੁ
ਹਟਕਾਰੇ। ਮਰਦਾਨੇ ਸੋਂ ਬਚਨ ਬਖਾਨਾ। 'ਹਿੰਦੂ ਕੋ ਤਹਿਂ ਹੋਇ ਨ ਜਾਨਾ
॥ ੪੯ ॥ ਮੱਕੇ ਦੇਖਨ ਮਹਿਂ ਪ੍ਰਤਿਬੰਧਾ[6]। ਕਹੁ ਅਬ ਕਿਹ ਬਿਧਿ ਗਮਨੋਂ
ਪੰਧਾ। ਹੁਤੇ ਤੁਰਕ ਸੋ ਪੰਥ ਪਧਾਰੇ'। ਸੁਨਿ ਮਰਦਾਨੇ ਬੈਨ ਉਚਾਰੇ॥੫੦॥
'ਤੀਨ ਲੋਕ ਕੇ ਬਿਖੈ ਨ ਕੋਈ। ਰਾਵਰ ਕੌ ਬਰਜਹਿ ਮਗ ਜੋਈ। ਤੁਰਕ
ਜਿ ਬਪੁਰੇ[7] ਕੌਨ ਅਗਾਰੀ। ਤੁਮਰੇ ਸਨਮੁਖ ਹ੍ਵੈਂ ਬਲ ਧਾਰੀ ॥੫੧॥ ਕ੍ਰਿਪਾ
ਧਾਰਿ ਮੁਝਦੇਹੁ ਦਿਖਾਈ।ਨਹਿਂ ਵਿਲਾਉ ਕੀਜੈ ਜਗਸਾਈਂ!'।ਸੁਨਿ ਸ੍ਰੀਮੁਖ
ਤੇ ਬਿਗਸੇ ਨਾਥਾ।ਬੋਲਤਿ ਭੇ ਮਰਦਾਨੇ ਸਾਥਾ[8] ॥੫੨॥ 'ਤੁਝਹਿ ਬਿਲੋਕਨ
ਚਾਹਿ ਜਰੂਰੇ। ਗਾਉ ਸਬਦੁ ਪ੍ਰਭੁ ਕੇ ਗੁਨ ਰੂਰੇ।ਕਰਤਿ ਸਭਿਨਿ ਕੀਆਸ਼ਾ
ਪੂਰਨ। ਲੇ ਰਬਾਬ ਗਾਵਹੁ ਅਬ ਤੂਰਨ' ॥ ੫੩ ॥ ਸੁਨਿ ਹਰਖਯੋ ਹਿਰਦੈ
ਮਰਦਾਨਾ। ਜੰਤ੍ਰ ਬਜਾਇ ਕੀਨ ਮੁਖ ਗਾਨਾ। ਪ੍ਰੇਮ ਸੰਗ ਸੁਰ ਰਾਗਬਸਾਯੋ
। ਰੀਝ ਰੀਝ ਊਚੀ ਧੁਨਿ ਗਾਯੋ॥੫੪॥ਸਰਬ ਸ਼ਬਦ ਕੋ ਪਢਿ ਕਰਿ ਜਬਹੀ।
ਗ੍ਰੀਵ ਨਿਵਾਇ ਨਮੋ[9] ਕਿਯ ਤਬਹੀ। ਸਿਰ ਊਚੋ ਕਰਿ ਨੈਨ ਪਸਾਰੇ।

[1]ਰਾਹ। [2]ਵੱਖਰਾ । [3]ਸਲਾਹ। [4]ਮੂਰਖ ਨਹੀਂ ਸਨ ਸਮਝਦੇ ਕਿ ਇਹ (ਗੁਰੂ ਜੀ) ਗੁਣਾਂ ਦੇ ਘਰ ਹਨ। [5]ਕੋਈ ਨਾਲ ਨਹੀਂ ਆਇਆ । [6]ਰੋਕ। [7]ਵਿਚਾਰੇ । [8]ਨਾਥ (ਗੁਰੂ) ਜੀ ਸੁਣ ਕੇ ਮੁਸਕ੍ਰਾਏ ਤੇ ਸ੍ਰੀ ਮੁਖ ਤੋਂ ਮਰਦਾਨੇ ਨਾਲ ਬੋਲੇ। [9]ਨਮਸਕਾਰ।

ਦੇਖ ਮੱਕੇ ਕੇਰ ਮੁਨਾਰੇ ॥੫੫॥ ਬੂਝਤਿ ਭਾ 'ਇਹ ਕੌਨ ਸਥਾਨਾ? ।ਪਿਖਿ-ਅਤਿ[1] ਧੌਲਰ[2] ਸੁੰਦਰ ਨਾਨਾ'। ਕਮਲ ਬਦਨ ਸੁਨਿ ਕਰਿ ਤਿਹ ਬੈਨਾ। ਬਿਗਸਤਿ ਬੋਲੇ ਸ੍ਰੀ ਗੁਨਐਨਾ ॥ ੫੬ ॥ 'ਮੱਕਾ ਆਵਾ ਜ਼ਾਰਤ[3] ਤੇਰੀ। ਚਹਿਤ ਜੁ ਮਨ, ਉਠਿ, ਲੀਜੈ ਹੇਰੀ'। ਹਰਖਾ ਸੁਨਿ ਕਰਿ, ਭਾ ਮਨ ਭਾਵਾ। ਹਿਤ ਦੇਖਨ ਕੇ ਚਿਤ ਲਲਚਾਵਾ ॥੫੭॥ ਮਰਦਾਨੇ ਕੇ ਚਿਤ ਕੀ ਜਾਨੀ। ਉਠਤਿ ਭਏ ਤਬ ਹੀ ਗੁਨਖਾਨੀ। ਮੰਦ ਮੰਦ ਪਦ ਸੁੰਦਰ ਚਾਲੀ। ਬੈਠੇ ਜਾਇ ਸਮੀਪ ਦਿਵਾਲੀ[4] ॥ ੫੮ ॥ ਹਾਜੀ ਬੇਖ ਕਰੇ ਤਿਹ ਥਾਇ। ਕੀਨੇ ਆਸਨ ਗੁਰੂ ਸੁਹਾਏ। ਤਿਹ ਛਿਨ ਸਬਦ ਬਸੰਤ ਮਝਾਰਾ। ਉਚਿ ਸੁਰ ਸੋਂ ਕਿਯ ਗਾਨ ਉਚਾਰਾ* ॥ ੫੯ ॥

ਬਸੰਤੁ ਹਿੰਡੋਲੁ ਮਹਲਾ ੧ ਘਰੁ ੨

੧ ਓ ਸਤਿਗੁਰਪ੍ਰਸਾਦਿ ॥

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥ ੧ ॥ ਮਿਹਰ-ਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ ॥ ੧ ॥ ਰਹਾਉ ॥ ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮ ਕਰੇ ਸਿਕਦਾਰੀ ॥ ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥ ੨ ॥ ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀ ਖਾਨਾ ਅਉਗਣ ਪੈਰਿ ਲੁਹਾਰੀ ॥ ੩ ॥ ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥ ੪ ॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥ ੫ ॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ ੬ ॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ ॥ ੭ ॥ ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ ॥ ੮ ॥ ੧ ॥ ੮ ॥

ਦੋਹਰਾ ॥ 'ਨੌ ਖੰਡ ਔ ਸਤ ਦੀਪ ਜੋ ਚੌਦਹਿ ਪੁਰੀ[5], ਬਨਾਇ। ਤੀਨ ਗੁਨਾ[6], ਚਹੁ ਬੇਦ[7], ਕਰਿ ਰਾਖੀ ਰਚਨ ਰਚਾਇ ॥ ੬੦ ॥ ਚਹੁ[8] ਜੁਗ ਕੇ

[1]ਦਿਖਾਈ ਦਿੰਦੇ ਹਨ। [2]ਮਹੱਲ। [3]ਯਾਤ੍ਰਾ ਅਸਥਾਨ। [4]ਦੀਵਾਰ ਦੇ। [5]ਚੌਦਾਂ ਭਵਨ। [6]ਤਿੰਨ ਗੁਣ। [7]ਚਾਰ ਵੇਦ। [8]ਚਾਰੋਂ। *ਪਾ:—ਊਚੀ ਸੁਰਸੋਂ ਗਾਨ ਉਚਾਰਾ।

ਦੀਪਕ ਚਤਰ[੧] ਕਰਤਿ ਉਜਾਲਾ[੨] ਬੇਦ। ਬ੍ਰਹਮੇ ਕੀ ਰੱਖਯਾ ਨਮਿਤ
ਮਧੁਕੈਟਭ[੩] ਦਿਯ ਛੇਦ[੪] ॥ ੬੧ ॥ ਘਰ ਘਰ ਲਸ਼ਕਰ ਅਗਨਿ ਜੋ ਧਰਮ
ਰਾਇ ਸਿਕਦਾਰ[੫]। ਧਰਤੀ ਥਾਪੀ ਦੇਗ[੬] ਕਰਿ ਸਭਿਸੈ ਦੇਤਿ ਅਹਾਰ*
॥ ੬੨ ॥ ਕਰਮ ਭੰਡਾਰੀ[੭] ਸੇ ਭਏ ਜਸ[੮] ਕਰਿਹੀ ਤਸ[੯] ਦੇਜ[੧੦]। ਤ੍ਰਿਸ਼ਨਾ
ਮੈਂ ਮਨ ਬਿਗਰ ਕੈ ਸਦਾ ਖੁਆਰ ਰਹੇਜ[੧੧] ॥ ੬੩ ॥ ਬਿਨ ਸੰਤੋਖ ਤਮ
ਬੰਦ ਮੈਂ[੧੨] ਅਉਗਣ ਪਾਪ ਕਰੰਤਿ। ਪਰਿ ਹੈਂ ਮੁਗਦਰ ਜਮਹਿਂ[੧੩] ਕੇ ਹ੍ਵੈ
ਸਜਾਇ ਦੁਖਵੰਤ[੧੪] ॥ ੬੪ ॥ ਫਿਰਯੋ ਸਮਾਂ ਅਬ ਔਰ ਬਿਧਿ ਸੇਖਾਂ[੧੫] ਵਾਰੀ
ਆਇ। ਆਦਿ ਪੁਰਖ ਕੋ ਅਲਹ ਕਹਿ ਦੇਵਲ[੧੬] ਕਰ ਲਗਵਾਇ[੧੭]
॥ ੬੫ ॥ ਕੂਜਾ[੧੮] ਬਾਂਗ ਨਿਵਾਜ[੧੯] ਕੀ ਰੀਤਿ ਚਲਾਨੀ ਔਰ। ਜੀਅਨ[੨੦]
ਕੋ ਮੀਆਂ ਕਹੈਂ ਅਸ ਬੋਲੀ ਸਭਿ ਠੌਰ ॥੬੬॥ ਨਿਰੰਕਾਰ ਕਰਤਾਰ ਅਬ
ਹ੍ਵੈ ਬੈਠਯੋ ਇਸ ਅੰਗ[੨੧]। ਐਸੀ ਕੁਦਰਤ ਕਿਸ ਬਿਖੈ ਕਰਿ ਹਟਾਇ
ਤੁਮ[੨੨] ਸੰਗ[੨੩] ॥੬੭॥ ਮਿਲੈ ਦਿਹਾੜੀ ਮੋਹਿ ਕੋ[੨੪] ਚਲਿ ਆਯੋ ਤੁਮ ਪਾਸ[੨੫]।
ਤੀਰਥ ਸਿੰਮ੍ਰਿਤ ਪੁੰਨ ਸਭਿ ਦਿਹੁ ਹਿੰਦਨ ਸੁਖਰਾਸ ॥੬੮॥ ਨਾਮ ਵਡਾਈ
ਦੀਜੀਏ ਮੋ ਕੌ ਸ੍ਰੀ ਕਰਤਾਰ !। ਹਿੰਦਨ ਕੋ ਥਿਰ[੨੬] ਧਰਮ ਹ੍ਵੈ ਕਾਰਜ[੨੭]
ਯਹੀ ਹਮਾਰ' ॥੬੯॥ ਇਸ ਪ੍ਰਕਾਰਕੋ ਸ਼ਬਦ ਸੁਨਿ ਮੱਕੇ ਬਾਸੀ[੨੮] ਲੋਕ।
'ਹਾਜੀ ਇਹ ਮਤਿਵਾਨ[੨੯] ਵਡ' ਭਾਖਹਿਂ[੩੦] ਦਰਸ ਬਿਲੋਕਿ[੩੧] ॥ ੭੦ ॥
ਸੀਧਾ[੩੨] ਆਨ ਚਢਾਵਈਂ, ਕੇਤਿਕ ਕਰਹਿਂ ਸਲਾਮ। ਬੈਸੇ ਸੁਜਸ ਬਖਾ-
ਨਹੀ[੩੩] 'ਹੈਂ ਬਿਸਾਲ ਗੁਨ ਧਾਮ' ॥੭੧॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ
ਪੂਰਬਾਰਧੇ 'ਮੱਕੇ ਮਾਰਗ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਅਧਯਾਯ ॥ ੫੭ ॥

## ੫੮. [ਸੰਤ ਮੰਗਲ। ਮੱਕਾ, ਜੀਵਣ ਪ੍ਰਸੰਗ]

ਦੋਹਰਾ ॥ ਸ੍ਰੀ ਗੁਰ ਸ਼ਬਦ ਕਮਾਇ ਜਿਨ ਜੀਤੇ ਪੰਚ ਬਿਕਾਰ।
ਤਿਨ ਸੰਤਨ ਕੋ ਬੰਦਨਾ ਸਿਰ ਚਰਨਨ ਪਰ ਧਾਰਿ ॥੧॥

---

[੧]ਚਾਰ। [੨]ਚਾਨਣਾ। [੩]ਦੈਂਤ ਦਾ ਨਾਮ। [੪]ਨਾਸ਼ ਕਰ ਦਿਤਾ। [੫]ਸਰਦਾਰ। [੬]ਲੰਗਰ। [੭]ਲਾਂਗਰੀ। [੮]ਜੈਸਾ। [੯]ਤੈਸਾ। [੧੦]ਦਿੰਦੇ ਹਨ। [੧੧]ਰਹਿੰਦਾ ਹੈ। [੧੨]ਦੀ ਕੈਦ ਵਿਚ। [੧੩]ਧਰਮਰਾਜ। [੧੪]ਦੁਖ ਵਾਲੀ। [੧੫]ਮੁਸਲਮਾਨਾਂ ਦੀ ਇਕ ਕੌਮ। [੧੬]ਮੰਦਿਰਾਂ ਤੇ। [੧੭]ਮਸੂਲ ਲਾ ਦਿੱਤੇ। [੧੮]ਲੋਟਾ (ਵੁਜ਼ੂ ਵਾਸ਼ਤੇ)। [੧੯]ਨਿਮਾਜ। [੨੦]ਸੰਸਾਰੀ ਜੀਵਾਂ। [੨੧]ਇਸ ਪੱਖ ਵਿੱਚ। [੨੨]ਤੁਸਾਡੇ। [੨੩]ਨਾਲੋਂ। [੨੪]ਮੈਨੂੰ। [੨੫]ਭਾਵ ਵਾਹਿਗੁਰੂ ਪਾਸ। [੨੬]ਅਟੱਲ। [੨੭]ਕੰਮ। [੨੮]ਮੱਕੇ ਦੇ ਰਹਿਣ ਵਾਲੇ। [੨੯]ਅਕਲ ਵਾਲਾ। [੩੦]ਕਹਿੰਦੇ ਹਨ। [੩੧]ਦੇਖਕੇ। [੩੨]ਰਸਦ। [੩੩]ਜਸ ਕਰਦੇ ਹਨ।

*ਪਾ:-ਅਧਾਰ।

{ ਸ਼ਬਦ ਕ੍ਰਮਾਇ=ਸ਼ਬਦ ਦੀ ਕਮਾਈ ਕਰਕੇ, ਅੱਠੇ ਪਹਿਰ ਵਾਹਿਗੁਰੂ ਦਾ ਨਾਮ ਜਪਕੇ ਅਰ ਤਿਸ ਵਿਚ ਰਸ ਪ੍ਰਤੀਤੀ ਕਰਕੇ।
ਪੰਜ ਬਿਕਾਰ=ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। }

**ਅਰਥ**—ਜਿਨ੍ਹਾਂ ਨੇ ਸ਼੍ਰੀ ਗੁਰੂ (ਜੀ ਦੇ) ਸ਼ਬਦ ਦੀ ਕਮਾਈ ਪੰਜਾਂ ਵਿਕਾਰਾਂ ਨੂੰ ਮਾਰਕੇ ਕੀਤੀ ਹੈ, ਤਿਨ੍ਹਾਂ ਸੰਤਾਂ ਦੇ ਚਰਣਾਂ ਪਰ ਸਿਰ ਧਰਕੇ (ਮੇਰੀ) ਨਮਸਕਾਰ ਹੋਵੇ।

ਸ਼੍ਰੀ ਬਾਲਾ ਸੰਧੁਰੁ ਵਾਚ॥ ਕਬਿੱਤ ॥ਸੁਨੋ ਗੁਰੂ ਅੰਗਦ ਜੀ ਆਗੇ ਪੁਨ ਕਥਾ ਅਬ ਬੈਠੇ ਜਗਤੇਸ਼ ਕੋਊ ਘਟੀ[1] ਤਿਹ ਥਾਨ ਹੈਂ। ਦੀਨਨ ਕੇ ਦਾਨੀ ਬੋਲੇ ਬਦਨ ਤੇ ਬਾਨੀ ਤਬ 'ਦੇਖ ਮਰਦਾਨੇ ਜਾਂਕੋ ਚਾਹਿਤਿ ਮਹਾਨ ਹੈ'।*'ਸ਼੍ਰੀ ਪ੍ਰਭੁ ਪੁਨੀਤ! ਇਹ ਚਾਰੋਂ ਦਿਸ ਭੀਤ[2]ਕਰੈਂ ਕਹੂੰਮੈਂ ਪ੍ਰਤੀਤ,ਸਭਿ ਤੁਰਕ ਅਜਾਨ ਹੈਂ। ਕੈਸੀ ਇਹ ਰੀਤਿ, ਕਾਂਕੋ ਪੂਜੈਂ ਕਰਿ ਪ੍ਰੀਤ ਨਰ? ਮੋਕੋ ਤੋ ਅਨੀਤ ਸੀ ਫੁਰਤਿ ਪਾਜਵਾਨ[3] ਹੈ'॥ ੨॥ †'ਦੇਖੋ ਮੱਧ[4] ਜਾਉ ਜੈਸੋ ਬਨਯੋ ਹੈ ਬਨਾਉ ਯਾਂਕੋ', ਬੈਨ ਸੁਨਿ ਚਲਯੋ ਮਰਦਾਨਾ ਹੁਲਸਾਇਕੈ। ਗਯੋ ਜਬ ਪੌਰ[5] ਤਹਾਂ ਬੈਸੇ ਹੈਂ ਮੁਜੌਰ[6] ਕਹੈਂ ਈਹਾਂ ਕਰਿ ਕਾਜ ਜੋਊ ਆਗੇ ਕਰੈਂ ਜਾਇਕੈ'।'ਹੌਂ ਤੋ ਹੌਂ[7]ਤੁਰਕ ਮੋਕੋ ਆਗੇ ਕਯੋਂ ਨ ਜਾਨਿ ਦੇਹੋ? ਦਰਸ ਪਰਸ ਹਟਿ ਆਵੋਂ ਸੁਖ ਪਾਇਕੈ'। 'ਦੇਖਨ[8] ਰਜਾਇ ਨਹੀਂ ਹਮ ਹੂੰ ਤੇ ਜਾਇ ਤਹਾਂ ਆਖੈਂ ਦੋਊ ਬਾਂਧੈਂ[9] ਕਰ ਬੰਦੈਂ[10]ਸੀਸ ਨਾਇਕੈ[11]'॥੩॥ ਐਸੇ ਸੁਨਿ ਬੈਨ ਮੁਰਝਾਨੋ, ਹਟਿ ਆਯੋ ਢਿਗ, ਗੁਰੂ ਮੁਸਕਾਨੇ 'ਮਰਦਾਨੇ ਦੇਖਯੋ ਥਾਨ ਕੋ?'। ਕਹੈ'ਨਹੀਂ ਜਾਨ ਦੇਹਿਂ,ਕੈਸੇ ਦੇਖੋਂ ਜਾਇ ਤਹਾਂ,ਜਾਹਿਂ ਜਿ ਮੁਜੌਰ ਨੈਨ ਬਾਂਧੈ ਡੀਠ[12] ਹਾਨ ਕੋ[13]। ਸੰਗ ਤੁਮ ਆਏ, ਬਿਨਾ ਦੇਖੇ ਇਹ ਜਾਵੈਂ ਅਬ,ਰਹੈ ਪਛੁਤਾਵੋ ਭੇਦ ਹੋਇ ਨ ਲਖਾਨ ਕੋ[14]। ਫੇਰ ਕਬ ਦੇਖੋਂ ਜੋ ਨ ਅਬ ਦੇਖਯੋ ਜਾਇ ਪ੍ਰਭੁ! ਮੋਕੋ ਦਿਖਰਾਇ ਪੁਨ ਕੀਜੈ ਪ੍ਰਸਥਾਨ ਕੋ'॥੪॥ਸੈਯਾ॥†'ਦੇਖਨ ਚਾਹਿ ਬਿਸਾਲ ਇਤੀ ਤੁਝ,ਜਾਇ ਪਿਖੋ ਅਬਕੇ ਮਰਦਾਨਾ!ਦੇਖ ਸਕੈਂ ਨਾ ਮੁਜਾਵਰ ਤੋਹਿ ਕੋ, ਅੰਤਰਜਾਹੁ ਨਿਸ਼ੰਕ,ਸੁਜਾਨਾ!'। ਆਇਸ ਧਾਰਿ ਲਈ ਸਿਰ ਪੈ ਸੁਨਿ ਬੈਨ, ਵਡੋ ਮਨ ਮੈਂ ਹਰਖਾਨਾ। ਅੰਤਰ ਤਾਂਹਿ ਪ੍ਰਵੇਸ਼ ਕਰਾ ਸਭਿ ਅੰਧ ਭਏ ਨਹਿਂ ਕਾਹੂੰ

---

[1]ਘੜੀ। [2]ਕੰਧ। [3]ਪਾਜ ਵਾਲੀ। [4]ਅੰਦਰ। [5]ਦਰਵਾਜੇ। [6]ਪੁਜਾਰੀ। [7]ਮੈਂ ਤਾਂ ਹਾਂ। [8]ਦੇਖਣ ਦੀ। [9]ਅਸੀਂ ਤੇਰੀਆਂ ਅਖਾਂ ਬੰਨ੍ਹ ਦੇਂਦੇ ਹਾਂ। [10]ਹਥ ਜੋੜਕੇ। [11]ਸਿਰ ਨਿਵਾ ਲੈ (ਇਥੋਂ ਹੀ)। [12]ਨਜ਼ਰ, ਅੱਖਾਂ। [13]ਭਾਵ ਦੇਖ ਨ ਸਕੋ। [14]ਭੇਦ ਦਾ ਪਤਾ ਨਾ ਲਗੂ।

*ਮਰਦਾਨਾ ਬੋਲਿਆ। †ਗੁਰੂ ਜੀ ਬੋਲੇ।

ਲਖਾਨ॥੫॥ ਸੈਯਾ॥ ਅੰਤਰ ਜਾਇਕੈ ਦੇਖਤਿ ਕਜਾ–ਇਕ ਪਾਹਨ ਮੂਰਤ[1] ਕੂਰ ਧਰੀ–।ਤੂਸ਼ਨ ਹੋ ਨਿਕਸਾ ਤਬਹੀ ਫਿਰਆਯੋ ਤਬੈ*ਜਹਿਂ ਬੈਠੇ ਹਰੀ। ਬੂਝਤਿ ਭੇ 'ਮਨ ਕੋ ਜੁ ਮਨੋਰਥ ਪੂਰਨ ਕੀਨ ਅਬੈ ਕੀ ਬਰੀ ?। ਕੈਸੇ ਬਿਲੋਕਨ ਕੀਨ ਕਹੋ ?' ਮਰਦਾਨੈ ਤਬੈ ਗੁਰ ਸੋਂ ਉਚਰੀ ॥੬॥ ਕਬਿੱਤ ॥ 'ਕਛੂ ਨਹਿਂ ਤਹਾਂ ਇਕ ਪਾਹਨ ਹੈ ਲਹਾ[2] ਵਡ ਯਾਂ ਕੋ ਜੋ ਪ੍ਰਸੰਗ ਮੋਕੋ ਭਾਖਿਕੈ ਸੁਨਾਈਏ। ਭਯੋ ਕੈਸੇ ਥਾਨ ਜਾਂਕੀ ਮਾਨਤਾ ਮਹਾਨ ? ਨਹੀਂ ਦੇਖਤਿ ਦਰਸ, ਕਯੋਂ ਹੈ ਨੈਨ ਮੂੰਦ[3] ਜਾਈਏ ?। ਤੁਰਕ ਕਹਿਤਿ–ਬੁਤ ਪ੍ਰਸਤੀ ਨ ਕੀਜੈ ਕਬਿ–,ਯਾਂ ਕੋ ਅਭਿਖੇਕਤਿ ਹੈਂ[4] ਸਭੈ ਸਿਰ ਨਾਈਏ। ਜਾਨਤਿ ਹੋ ਸਭੈ ਬਿਧਿ ਦਯਾ ਕੀਜੈ ਦਯਾਨਿਧਿ ! ਰਿਧਿ ਸਿਧਿ ਦੇਨਹਾਰ ਸੰਸੈ ਕੋ ਮਿਟਾਈਏ' ॥੭॥ ਕਬਿੱਤ ॥ ਸ੍ਰੀ ਗੁਰੂ ਅਲਾਇਂ 'ਪਾਜ ਰਾਖਤਿ ਦੁਰਾਇ[5] ਇਹ, ਆਦਿ ਕੈ[6] ਪ੍ਰਸੰਗ ਕਹੋਂ ਸੋਊ ਸੁਨਿ ਲੀਜੀਏ। ਉਮਾ[7] ਅਰਧੰਗ[8] ਜਾਂਕੀ ਪੂਰਬ[9] ਪਿਨਾਕੀ ਲਿੰਗ[10] ਧਰਯੋ ਇਹ ਠੌਰ ਬਿਖੇ ਕਬੈ ਕੋ[11] ਲਖੀਜੀਏ† । ਮੰਦਰ ਨਾ ਕੋਊ ਈਹਾਂ ਹੁਤੇ ਉਦਿਆਨ[12]

[1]ਪੱਥਰ ਦਾ ਵਜੂਦ। [2]ਦੇਖਿਆ ਇਕ ਪੱਥਰ ਹੈ। [3]ਨੇਤ੍ਰ ਬੰਦ ਕਰਕੇ। [4]ਪੂਜਨ ਕਰਦੇ ਹਨ। [5]ਛੁਪਾਇਕੇ। [6]ਪਹਿਲਾਂ ਦਾ। [7]ਪਾਰਬਤੀ। [8]ਇਸਤ੍ਰੀ। [9]ਪਹਿਲੇ। [10]ਸ਼ਿਵਲਿੰਗ। [11]ਕਦੇ ਦਾ। [12]ਜੰਗਲ। *ਪਾ:–ਤਹਾਂ, ਜਬੈ।

†ਸ਼ਿਵ ਪੁਰਾਣ ਵਿੱਚ ੧੨ ਜਯੋਤੀ ਲਿੰਗਾਂ ਦਾ ਜ਼ਿਕਰ ਹੈ । ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਇਨ੍ਹਾਂ ਜਯੋਤੀ ਲਿੰਗਾਂ ਵਿਚੋਂ ਇਕ ਲਿੰਗ ਮੁਲਕ ਅਰਬ ਦੇ ਮੱਕਾ ਨਾਮ ਸ਼ਹਿਰ ਦੇ ਮੰਦਰ ਕਾਬਾ ਵਿੱਚ ਰਖਿਆ ਹੈ, ਹਿੰਦੂ ਕਹਿੰਦੇ ਹਨ ਕਿ ਇਹ ਪ੍ਰਾਚੀਨ ਸਮੇਂ ਤੋਂ ਸ਼ਿਵਜੀ ਮੰਦਰ ਸੀ ਹੁਣ ਮੁਸਲਮਾਨਾਂ ਨੇ ਆਪਣਾ ਪੂਜਜ-ਅਸਥਾਨ ਬਣਾ ਲਿਆ ਹੈ, ਤੇ ਸ਼ਿਵਲਿੰਗ ਅਜੇ ਤਕ ਉਥੇ ਮੌਜੂਦ ਹੈ । ਇਹ ਗੱਲ ਆਮ ਪ੍ਰਸਿੱਧ ਮੰਨੀ ਜਾਂਦੀ ਹੈ, ਤੇ ਜਨਮ ਸਾਖੀ ਤੋਂ ਲੈਕੇ ਕਵਿ ਨੇ ਇਹ ਗੱਲ ਮੁਸਲਮਾਨਾਂ ਪ੍ਰਤੀ ਜੁਗਤ ਦੇ ਢੰਗ ਵਿਚ ਲਿਖੀ ਜਾਪਦੀ ਹੈ । ਗੁਰੂ ਨਾਨਕ ਦੇਵ ਜੀ ਦੀ ਉਚਾਰੀ ਬਾਣੀ ਦੱਸਦੀ ਹੈ ਕਿ ਉਹਨਾਂ ਦੀ ਗੁਫਤਗੂ ਹੋਰਵੇਂ ਢੰਗ ਦੀ ਹੁੰਦੀ ਸੀ। ਇਹ ਅਸਲ ਵਿਚ ਕਵਿ ਉਕਤੀ ਸਮਝਣੀ ਚਾਹੀਦੇ । ਸਤਿਗੁਰ ਜੀ ਦਾ ਉਚਾਰ ਇਹ ਨਹੀਂ ਹੋ ਸਕਦਾ ।

ਕਾਬੇ ਦਾ ਇਤਿਹਾਸ ਤੇ ਤਵਾਰੀਖੇ ਇਸਲਾਮ ਵਿੱਚ ਵਰਣਿਤ ਹੈ ਕਿ ਕਾਬੇ ਵਿੱਚ 'ਸੰਗਿ ਅਸਵਦ, ਨਾਮ ਦਾ ਇਕ ਪੱਥਰ ਇਸ ਅਸਥਾਨ ਦੇ ਬਣਨ ਦੇ ਸਮੇਂ ਤੋਂ ਚਲਿਆ ਆਉਂਦਾ ਹੈ । ਇਹ ਪੱਥਰ ਕਾਲੇ ਰੰਗ ਤੇ ਅੰਡਾਕਾਰ ਸ਼ਕਲ ਦਾ, ਜਿਹੀ ਕਿ ਅਮੂਮਨ ਸ਼ਿਵਲਿੰਗ ਦੀ ਸ਼ਕਲ ਹੁੰਦੀ ਹੈ, ਕੁਝ ਉਸੇਤਰ੍ਹਾਂ ਦਾ ਹੈ । ਲਿਖਿਆ ਹੈ ਕਿ

[ਬਾਕੀ ਨੂਟ ਦੇਖੋ ਅਗਲੇ ਪੰਨੇ ਦੇ ਹੇਠ]

ਮਾਂਹਿ*,ਬਨ੍ਯੋ ਜੈਸੇ ਥਾਨ ਤੈਸੋ ਉਚਰੋਂ ਸੁਨੀਜੀਏ। ਭਯੋ ਇਸ ਦੇਸ਼ ਬੀਚ ਖੂਨਕਾਰ ਭੂਪ[1] ਏਕ ਤੁਰਕਨ ਪੱਖ ਬਿਖੈ ਗਾਢੋਈ[2] ਜਨੀਜੀਏ[3] ॥ ੮॥ ਦੋਹਰਾ॥ਮਹਾਂਦੇਵ ਕੋ ਲਿੰਗ ਤਿਨ ਦੇਖਤਿਰਿਸ ਉਪਜਾਇ। ਨਿਜ ਸੇਵਕ ਕੋ ਇਵ ਕਹ੍ਯੋ-ਦੀਜੈ ਦੂਰ ਉਠਾਇ-॥ ੯ ॥ਕਬਿੱਤ॥ ਭੇਜੇ ਜਬ ਦਾਸ, ਭਈ ਪਾਵਕ[4] ਪ੍ਰਕਾਸ਼ ਬਹੁਦੇਸ਼ ਔ ਬਿਦੇਸ਼ ਦਾਹ[5] ਲਾਗ੍ਯੋ ਹੈ ਅਚਾਨਕੀ। ਨੱਗਰ ਅਗਾਰ[6] ਬੀਥੀ[7] ਚੌਹਟੇ[8] ਬਜਾਰ ਜਰੇ[9] ਊਚੀ ਰਜਧਾਨੀ ਭੂਪ ਹੂ ਕੀ[10] ਸਭਿਹਾਨਿ ਕੀ[11]।ਐਸੇ ਸੋ ਪ੍ਰਤਾਪ ਪੇਖਿ ਹਾਥਜੋਰਠਾਂਢਭਏ ਰਿਦੇਤੇਬਿਸਾਰੀ ਜੋਊ ਹੁਤੀ ਗੀਤਿਮਾਨਕੀ[12]।ਬੰਦੈ ਬਾਰਬਾਰ ਬਹੁ ਬਿਨਤੀ ਬਖਾਨਿ[13]ਬਾਨੀ ਦਾਸ ਭਯੋ ਆਇ ਪਦ[14] ਗਹੇ[15] ਨਿਜ ਪਾਨ ਕੀ[16]॥੧੦॥ਕਬਿੱਤ॥ਭਈ ਜਬ ਰੈਨ ਤਾਂ ਸੋਂ ਸੁਪਨੇ ਮੈਂ ਕਹੇ ਬੈਨ-ਇਸੀਠੌਰ ਮੇਰੋ ਭਲ ਮੰਦਰ ਬਨਾਈਏ। ਜਾਇ ਨੈਨ ਮੂੰਦ ਮੱਧ[17],ਹੋਇੰ ਸਭਿ ਕਾਜ ਸਿੱਧ,ਕਰੋ ਜਿ ਨ ਐਸੀ ਬਿਧਿ ਵਡੋ ਦੁਖ ਪਾਈਏ-।ਭਈ ਜਬ ਭੋਰ ਬਨਿਵਾਈ ਇਹ ਠੌਰ ਨ੍ਰਿਪ ਮੰਦਰ ਹੈ

[1]ਰਾਜੇ ਦਾ ਨਾਮ (ਅ) ਖੂਨਖਾਰ=ਜ਼ਾਲਮ ਰਾਜਾ। [2]ਬੜਾ ਪੱਕਾ । [3]ਜਾਣੋ । [4]ਅਗਨੀ । [5]ਸਾੜ [6]ਘਰ। [7]ਗਲੀ। [8]ਚੌਂਕ । [9]ਸੜੇ । [10]ਰਾਜੇ ਦੀ । [11]ਨਾਸ਼ ਕੀਤੀ। [12]ਹੰਕਾਰ ਦੀ । [13]ਕਹਿਕੇ। [14]ਚਰਨ। [15]ਫੜੇ। [16]ਆਪਣੇ ਹਥੀਂ। [17]ਅੰਦਰ। *ਪਾ:-ਮਾਂਹੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਕਾਬਾ ਇਕ ਵੇਰ ਡਿੱਗ ਪਿਆ ਸੀ ਤੇ ਜਦ ਨਵੇਂ ਸਿਰੇ ਹਜ਼ਰਤ ਮੁਹੰਮਦ ਸਾਹਿਬ ਦੀ ਜਵਾਨੀ ਦੇ ਦਿਨਾਂ ਵਿੱਚ ਬਣਨ ਲਗਾ ਤਦ ਇਸ ਸੰਗਿ ਅਸਵਦ ਦੇ ਰੱਖੇ ਜਾਣ ਬਾਬਤ ਮੱਕੇ ਦੇ ਲੋਕਾਂ ਵਿਚ ਝਗੜਾ ਹੋ ਪਿਆ, ਹਰ ਫਿਰਕੇ ਦੇ ਆਦਮੀ ਆਪਣੀ ਹੱਥੀਂ ਇਸ ਨੂੰ ਰੱਖਣਾ ਚਾਹੁੰਦੇ ਸਨ। ਅੰਤ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਹੱਥੀਂ ਇਸ ਨੂੰ ਕਾਬੇ ਵਿਚ ਰਖਿਆ। ਹੱਜ ਕਰਨ ਗਏ ਹਾਜੀ ਜਦ ਕਾਬੇ ਦੀ ਪ੍ਰਦੱਖਣਾ ਕਰਦੇ ਹਨ ਤਦ ਇਸ ਨੂੰ ਚੁੰਮਦੇ ਹਨ ਤੇ ਇਸ ਨੂੰ ਦਿੱਤੇ ਬੋਸਿਆਂ ਦੇ ਕਾਰਨ ਆਪਣੇ ਪਾਪਾਂ ਦੀ ਨਵਿਰਤੀ ਸਮਝਦੇ ਹਨ। ਇਹ ਵੀ ਰਵਾਇਤ ਹੈ ਕਿ ਇਹ ਪੱਥਰ ਪਹਿਲਾਂ ਚਿੱਟਾ ਸੀ ਪਰ ਲੋਕਾਂ ਦੇ ਬੋਸੇ ਦੇਣ ਨਾਲ ਓਹਨਾਂ ਦੇ ਪਾਪਾਂ ਦਾ ਭਾਰ ਚੁੱਕਕੇ ਕਾਲਾ ਸਿਆਹ ਹੋ ਗਿਆ ਹੈ। ਕਾਬੇ ਵਿੱਚ ਕਦੇ ੩੬੦ ਬੁੱਤ ਹੁੰਦੇ ਸਨ। ਮੁਸਲਮਾਨ ਬੀ ਮੰਨਦੇ ਹਨ। ਤਅੱਜਬ ਨਹੀਂ ਕਿ ਇਹ ਸੰਗਿ ਅਸਵਦ ਕੋਈ ਤਦੋਂ ਦਾ ਸਰਦਾਰ ਬੁਤ ਹੋਵੇ। ਲਿੰਗ ਦੀ ਪੂਜਾ ਨਾ ਕੇਵਲ ਹਿੰਦ ਵਿੱਚ ਬਲਕੇ ਅਕਸਰ ਬੁਤ ਪ੍ਰਸਤ ਕੋਮਾਂ ਵਿਚ ਕਿਸੇ ਨ ਕਿਸੇ ਸ਼ਕਲ ਵਿਚ ਰਹੀ ਹੈ। ਸਾਰੇ ਬੁੱਤ ਕੱਢਕੇ ਇਕ ਪੱਥਰ ਨੂੰ ਰੱਖ ਲੈਣਾ ਤੇ ਬੋਸੇ ਦੇਣੇ ਤੇ ਉਸ ਨੂੰ ਇੰਨਾਂ ਅਸਰ ਪਜ਼ੀਰ ਸਮਝਣਾਂ ਕਿ ਪਾਪਾਂ ਦੇ ਭਾਰ ਨਾਲ ਰੰਗ ਬਦਲਦਾ ਹੈ, ਇਹ ਬੁਤ ਪ੍ਰਸਤੀ ਦੇ ਬਕੀਏ ਜਾਪਦੇ ਹਨ ਜੋ ਬੁਤਸ਼ਿਕਨਾਂ ਦੇ ਖਜਾਲ ਮੰਡਲਾਂ ਵਿੱਚੋਂ ਭੀ ਤਖਤਹੀਨ ਨਹੀਂ ਹੋ ਸਕੇ।

ਸੁੰਦਰ ਸਥਾਨ ਸੁਖਦਾਈਏ। ਬਿਨਾ ਬਾਂਧੇ ਨੈਨ ਜਾਇ ਅੰਧ ਹ੍ਵੈ, ਲਖਾਇ[1] ਨਾਂਹਿ, ਤਬ ਹੀ ਸਥਾਪਨਾ ਕੋ ਕੀਨਿ ਇਹ ਗਾਈਏ॥ ੧੧॥ ਸ੍ਵੈਯਾ॥ ਹੈ ਬਲਵਾਨ ਮਹੇਸ਼[2] ਬਡੋ ਬਨਿਵਾਇ ਭਲੋ ਇਹ ਥਾਨ ਮਹਾਨਾ*। ਅੰਤਰ ਮੱਜਨ[3] ਤਾਂਹਿ ਕਰਾਵਤਿ ਆਵਤਿ ਬਾਹਰ ਨੀਰ ਢਰਾਨਾ†। ਲੈ ਕਰ ਮੈਂ ਹਜ ਆਨਿ ਕਰੈਂ ਇਹ ਜਾਨਤਿ ਹੈਂ ਸਭਿ ਦੋਖ ਮਿਟਾਨਾ’। ਯੌਂ ਸੁਨਿ ਕੈ ਸਭਿਹੀ ਬਤਿਯਾਂ[4] ਪੁਨ ਬੈਨ ਭਨੈ ਗੁਰ ਸੋਂ ਮਰਦਾਨਾ॥੧੨॥ ਸ੍ਵੈਯਾ॥ ‘ਹੌਂ ਨਹਿਂ ਅੰਧ ਭਯੋ ਪਿਖਤੇ[5] ਇਕ ਔਰ ਸੰਦੇਹੁ ਸੁ ਦੇਹੁ ਮਿਟਾਈ। ਹਿੰਦੂ ਕੋ ਕਾਫਰ ਕਯੋਂ ਉਚਰੈਂ ਯਹਿ ਜਾਨਤਿ ਹੈਂ ਨਿਜ ਤੇ ਲਘੁਤਾਈ’।ਸ੍ਰੀਗੁਰੂ ਬੈਨ ਭਨੇ ਤਬਹੀ ‘ਯਹਿ ਆਪ ਹੀ ਕਾਫਰ ਔਰੇ ਬਤਾਈਂ। ਸ੍ਰੀ ਕਰਤਾਰ ਦਯਾ ਤੁਝ ਪੈ ਨਹਿਂ ਅੰਧ ਭਯੋ ਇਹ ਠੌਰ ਦਿਖਾਈ’॥ ੧੩॥ ਦੋਹਰਾ॥ ਮਰਦਾਨਾ ਬਿਗਸਯੋ ਸੁਨਤਿ ਬੈਠਿ ਰਹੇ ਤਿਹ ਠੌਰ। ਇਸ ਪ੍ਰਕਾਰ ਬੀਤਯੋ ਦਿਵਸ ਕਹਿਤੇ ਜਗ ਸਿਰਮੌਰ॥ ੧੪॥ ਸ੍ਵੈਯਾ॥ ਰੈਨ ਭਈ ਪੁਨ ਆਨਿ ਜਬੈ ਤਿਹ ਥਾਨ ਬਿਖੇ ਗੁਰ ਕੀਨੋ ਹੈ ਡੇਰਾ। ਦੰਭ ਦਹੇ ਜਿਹ ਸੋਇ ਰਹੇ[6] ਤਿਹ[7] ਧੌਲ[8] ਦਿਸ਼ਾ[9] ਕਿਯੇ ਪਾਵਨ[10] ਪੈਰਾ[11]। ਜਾਮਨੀ[12] ਜਾਮ[13] ਰਹੀ ਜਬਹੀ ਇਕ ਜੀਵਨ‡ ਨਾਮ ਮੁੱਲਾਂ ਤਿਨ ਹੇਰਾ। ਫੇਰਨ ਕੋ ਬਢਨੀ[14] ਤਹਿ

---

[1]ਦੇਖੇ। [2]ਸ਼ਿਵਜੀ। [3]ਇਸ਼ਨਾਨ। [4]ਬਾਤਾਂ। [5]ਦੇਖਣ ਨਾਲ। [6]ਜਿਸ ਨੇ ਪਖੰਡ ਨਾਸ਼ ਕੀਤੇ ਓਹ ਸੌਂ ਰਹੇ। [7]ਉਸ। [8]ਮਹਿਲ (ਕਾਬੇ) ਦੀ। [9]ਤਰਫ। [10]ਕਰਕੇ ਪਵਿੱਤ੍ਰ। [11]ਚਰਣ। [12]ਰਾਤ। [13]ਪਹਿਰ। [14]ਝਾੜੂ।

*ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬੁਤ ਪ੍ਰਸਤੀ ਦੇ ਵਿਰੁੱਧ ਹੈ, ਯਥਾ ‘ਪਾਥਰੁ ਲੇ ਪੂਜਹਿ ਮੁਗਧ ਗਵਾਰ’। ਕਵੀ ਬੀ ਬੁਤ ਪ੍ਰਸਤ ਨਹੀਂ। ਹੋ ਸਕਦਾ ਹੈ ਕਿ ਇਹ ਵਾਰਤਾ ਆਖੇਪਕ ਹੋਵੇ ਯਾ ਸੁਣਕੇ ਹੀ ਲਿਖੀ ਗਈ ਹੋਵੇ।

†ਪਾਣੀ ਦਾ ਬਾਹਰ ਆਉਣਾ ਤਦੋਂ ਭਾਵੇਂ ਹੋਵੇ, ਜਦੋਂ ਸੰਗਿ ਅਸਵਦ ਅੰਦਰ ਧਰਿਆ ਸੀ, ਹੁਣ ਸੰਗਿ ਅਸਵਦ ਦੀਵਾਰ ਵਿੱਚ ਗਡਿਆ ਹੈ ਤੇ ਪਾਣੀ ਨਾਲ ਮੱਜਨ ਦਾ ਰਿਵਾਜ ਬੀ ਨਹੀਂ। ਇਸੇ ਤਰ੍ਹਾਂ ਅੱਖਾਂ ਬੰਨ੍ਹਕੇ ਅੰਦਰ ਜਾਣਾ ਕਦੇ ਹੋਸੀ ਪਰ ਹੁਣ ਇਹ ਰਿਵਾਜ ਨਹੀਂ ਹੈ।

‡ਮਲੂਮ ਹੁੰਦਾ ਹੈ ਕਿ ਜੀਵਣ ਹਿੰਦੀ ਮੁਸਲਮਾਨ ਸੀ ਜਿਸ ਤਰ੍ਹਾਂ ਹਿੰਦ ਦੇ ਕਈ ਹਿੰਦੂ ਆਪਣੇ ਨਿਸ਼ਚੇ ਅਨੁਸਾਰ ਕਲਯਾਨ ਅਰਥ ਹਰਦਵਾਰ, ਬਨਾਰਸ, ਪ੍ਰਯਾਗ ਤੇ ਮਥਰਾ ਅਦਿਕ ਅਸਥਾਨਾਂ ਤੇ ਜ਼ਿੰਦਗੀ ਦੇ ਦਿਨ ਕੱਟਣ ਲਈ ਜਾ ਬੈਠਦੇ ਹਨ ਇਸ ਤਰ੍ਹਾਂ ਜੀਵਣ ਨੇ ਆਪਣੇ ਨਿਸ਼ਚੇ ਅਨੁਸਾਰ ਮੱਕੇ ਜਾ ਨਿਵਾਸ ਕੀਤਾ ਸੀ ਤੇ ਉਥੇ ਝਾੜੂ ਦੀ ਸੇਵਾ ਕਰਦਾ ਸੀ। ਰੁਕਨਲ ਯਾ ਰੁਕਨਦੀਨ ਲਈ ਦੇਖੋ ਟੂਕ* ਇਸੇ ਪੂਰਬਾਰਧ ਦੇ ਅਧਯਾਯ ੫੯ ਅੰਕ ੩੬ ਦੀ ਸਫਾ ੬੩੬.। ਜਦ ਸ੍ਰੀ ਗੁਰੂ ਨਾਨਕ ਦੇਵ

ਬਾਕੀ ਟੂਕ ਦੇਖੋ ਅਗਲੇ ਪੰਨੇ ਦੀ ਹੇਠ।

ਆਵਤਿ ਕ੍ਰੋਧ ਕਰਾ ਬਹੁ ਬੈਨ ਕਠੋਰਾ*॥੧੫॥ ਦੋਹਰਾ॥ਲਾਤਪ੍ਰਹਾਰੀ[1] ਪ੍ਰਭੁ ਕੋ ਜੀਵਣ ਅਤਿ ਮਤਿਹੀਨ[2] । ਬਹੁ ਬੋਲਤਿ ਦੁਰਬਚਨ ਕੋ ਔਰ ਨਰਨ ਸਮ ਚੀਨ[3] ॥੧੬॥ ਕਬਿੱਤ ॥ 'ਕਿਤਹੂੰ ਤੇ ਆਇ,ਕੋ ਹੈ,ਮਤ ਅਨਜਾਨ ਤੇਰੀ ? ਮੰਦਰ ਰਸੂਲ ਦਿਸ਼ ਚਰਨ ਪਸਾਰੇ ਹੈਂ[4] । ਕੌਨ ਹੈ ਇਮਾਨ ਤੇਰੋ, ਹਿੰਦੂ ਕੈ ਤੁਰਕ ਟੇਰੋ[5] ? ਉਠਿ ਕੇ ਨਿਕਸ, ਦਿਨ ਤੋਹਿ ਦੁਖਵਾਰੇ ਹੈਂ। ਐਸੇ ਥਾਨ ਕੌਨ ਕਾਜ ਆਯੋ ਤੈਂ ਨਿਲਾਜ ਦੌਰਿ[6] ? ਜਾਨੀ ਨ ਸਿਫਤ ਜੋ ਮੁਹੰਮਦ ਬਿਸਾਰੇ ਹੈ'[7]।ਸ੍ਰੋਨ ਸੁਨਿ ਬੈਨ ਗੁਨ ਐਨ ਗਤਿਦੈਨ ਬੋਲੇ'ਚਲਤਿ ਚਲਤਿ ਮਗ, ਪਗ ਹਮ ਹਾਰੇ ਹੈਂ॥੧੭॥ਕਬਿੱਤ॥ਚਲੇ ਪੰਥ,ਭਯੋ ਸ੍ਰਮ,ਥਾਕ ਭਏ ਬਿਹਬਲ[7] ਕੋਊ ਸੁਧ ਰਹੀ ਨਹਿਂ, ਪੈਰ ਕਿਤ ਕੀਜੀਏ। ਭਯੋ ਅਨ-ਜਾਨ ਦੋਸ਼, ਯਾਂ ਤੇ ਕੀਜੈ ਥੋਰੋ ਰੋਸ, ਐਸੋ ਅਬ ਕੀਜੈ ਮਮ ਚਰਨ ਗਹੀ-ਜੀਏ। ਉਠਿਨੇ ਕੋ ਜੋਰ ਨਾਂਹਿ, ਯਾਂ ਤੇ ਕਹੋਂ ਤੁਝ ਪਾਹਿ, ਐਂਚੋ[8] ਨਿਜ ਹਾਥ ਸੰਗ ਔਰੇ ਦਿਸ਼ ਕੀਜੀਏ। ਆਏ ਪਰਦੇਸ਼ੀ, ਨਹਿਂ ਜਾਨੈਂ ਹਮ ਬਾਤ ਐਸੀ,ਜੈਸੀ ਭਾਵੈ ਤੈਸੀ ਕਰਿ ਚਿੱਤ ਮੈਂ ਨ ਖੀਝੀਏ ॥੧੮॥ ਦੋਹਰਾ ॥ ਜਿਤ ਦਿਸ਼ ਨਹੀਂ ਖੁਦਾਇ ਘਰ, ਤੈਂ ਜਾਨਹੋ ਮਨ ਮਾਂਹਿ । ਕਰਹੁ ਮੁਲਾਨੇ ਤਿਤ ਦਿਸ਼ਾ ਬਰਜਤਿ ਤੁਝ ਕੋ ਨਾਂਹਿ' ॥੧੯॥ ਕਬਿੱਤ ॥ ਮੁੱਲਾਂ ਰਿਸ ਕੀਨੀ ਗਹਿ ਲੀਨੋ ਹੈ ਚਰਨ ਗੁਰ ਬਲ ਸੋਂ ਘਸੀਟ ਔਰ ਦਿਸ਼ਾ ਭਰਮਾਏ[9] ਹੈਂ। ਕਾਬਾ

[1]ਮਾਰੀ। [2]ਮੂਰਖ ਨੇ। [3]ਜਾਣਕੇ । [4](ਕਿਉਂ) ਫੈਲਾਏ ਹਨ। [5]ਬੋਲੋ । [6]ਭੱਜ ਜਾਹ । [7]ਬਿਆਕੁਲ। [8]ਖਿੱਚੋ। [9]ਫਿਰਾਏ। *ਪਾ:--ਕੋ ਟੇਰਾ।

[ਪਿਛਲੇ ਪੰਨੇ ਦੀ ਬਾਕੀ ਟੂਕ]

ਜੀ ਮੱਕੇ ਗਏ ਤਦੋਂ ਜੀਵਣ ਅਜ਼ਮਤ ਵੇਖਕੇ ਕੰਬਿਆ, ਆਲਮ ਸੱਦੇ, ਅਰਬ ਦੇ ਮੁਸਲਮਾਨਾਂ ਦੇ ਨਿਰੁੱਤਰ ਹੋਣ ਤੇ ਇਨ੍ਹਾਂ ਦੋਹਾਂ (ਜੀਵਨ ਤੇ ਰੁਕਨਲ) ਨੇ ਹਿੰਦੀ ਹੋਣ ਕਰਕੇ ਤੇ ਹਿੰਦੂ ਧਰਮ ਦੇ ਜਾਣੂ ਹੋਣ ਕਰਕੇ ਗੁਰੂ ਜੀ ਨਾਲ ਚਰਚਾ ਕੀਤੀ, ਪ੍ਰੰਤੂ ਮੱਕੇ ਵਿਚ ਹੋਈ ਗੋਸ਼ਟ ਦੱਸਦੀ ਹੈ ਕਿ ਇਹ ਦੋਨੋਂ ਵੀ ਨਿਰੁੱਤਰ ਹੋ ਗਏ । ਇਨ੍ਹਾਂ ਦੇ ਨਿਰੁੱਤਰ ਹੋਣ ਸਮੇਂ ਪੀਰ ਬਹਾਉੱਦੀਨ, ਗ਼ੌਸ ਕੁਤਬੁਦੀਨ, ਜਲਾਲਦੀਨ, ਕਮਾਲਦੀਨ ਤੇ ਸ਼ਾਹਸਰਫ, ਲਾਲ-ਜਤੀ ਆਦਿਕ ਮੁਸਲਮਾਨ ਫਕੀਰ ਜੋ ਆਪਣੇ ਜ਼ੁਹਦ ਤੇ ਤਕਵੇ ਦੇ ਕਾਰਨ ਹਿੰਦ ਦੇ ਮੁਸਲਮਾਨਾਂ ਵਿੱਚ ਪੂਜਨੀਕ ਮੰਨੇ ਜਾਂਦੇ ਸਨ, ਪਾਸ ਬੈਠੇ ਬੋਲ ਉਠੇ ਤੇ ਉਹਨਾਂ ਵੀ ਹਿੰਦੂ ਮਤ ਪਰ ਸ਼ੰਕਾ ਕੀਤੀਆਂ, ਪਰੰਤੂ ਗੁਰੂ ਜੀ ਦਾ ਮਤ ਹਿੰਦੂ ਤੇ ਮੁਸਲਮਾਨਾਂ ਦੋਹਾਂ ਤੋਂ ਅੱਡਰਾ ਸੀ, ਇਸ ਕਰਕੇ ਇਨ੍ਹਾਂ ਇਮਾਮਾਂ ਦੀਆਂ ਹਿੰਦੂ ਧਰਮ ਬਾਬਤ ਦੱਸੀਆਂ ਖ਼ਾਮੀਆਂ ਕੋਈ ਅਸਰ ਨਾ ਪਾ ਸਕੀਆਂ, ਜਿਸ ਤੋਂ ਇਹਨਾਂ ਨੂੰ ਵੀ ਗੁਰੂ ਜੀ ਦੀ ਗੌਰਵਤਾ ਅੱਗੇ ਸਿਰ ਝੁਕਾਉਣਾ ਪਿਆ।

ਸੰਗ[1] ਚਲਯੋ*, ਨੀਰ ਨੌਕਾ ਜਿਮ[2] ਹਲਯੋ ਤਬ ਭਯੋ ਥਿਰ ਜਾਇ ਜਿਤ ਚਰਨ ਸੁਹਾਏ ਹੈਂ। ਹਟਯੋ ਜਬ ਦੇਖਯੋ, ਜਿਤ ਪਗ ਤਿਤ ਕਾਬਾ ਗਯੋ,

[1]ਨਾਲ। [2]ਪਾਣੀ ਵਿਚ ਬੇੜੀ ਵਾਂਙ।

*ਕਾਬੇ ਦੇ ਫਿਰਨ ਤੋਂ ਕਈ ਮੁਸਲਮਾਨ ਕਹਿੰਦੇ ਹਨ ਕਿ ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ ਕਿ ਕਾਬਾ ਗੁਰੂ ਜੀ ਦੇ ਚਰਣਾਂ ਨਾਲ ਫਿਰਿਆ ਹੋਵੇ, ਪ੍ਰੰਤੂ ਮੁਸਲਮਾਨਾਂ ਦੀਆਂ ਪ੍ਰਮਾਣੀਕ ਪੁਸਤਕਾਂ ਵਿੱਚ ਅਜੇਹੀਆਂ ਉਦਾਹਰਨਾਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਕਾਬੇ ਦੇ ਆਪਣੀ ਅਸਲ ਜਗਾ ਤੋਂ ਹਿੱਲਣ ਜੁੱਲਣ ਨੂੰ ਮੰਨਿਆਂ ਹੈ। ਹਜ਼ਰਤ ਇਬਨ ਅਰਬੀ ਆਪਣੀ ਲਿਖਤਿ 'ਫਤੂਹਾਤ ਮਕੀਯ੍ਹ' ਵਿਚ ਲਿਖਦੇ ਹਨ ਕਿ ਇਨ੍ਹਾਂ ਨੇ ਕਾਬੇ ਬਾਬਤ ਆਪਣੇ ਦਿਲ ਵਿਚ ਕੁਝ ਅਯੋਗ ਖਯਾਲ ਕੀਤੇ, ਜਦ ਇਹ ਕਾਬੇ ਦੀ ਪ੍ਰਦੱਖਣਾ ਕਰਨ ਲਗੇ ਤਦ ਇਨ੍ਹਾਂ ਨੇ ਤੱਕਿਆ ਕਿ ਕਾਬਾ ਆਪਣੀਆਂ ਨੀਹਾਂ ਸਮੇਤ ਆਪਣੀ ਜਗਾ ਤੋਂ ਉੱਠ ਅਕਾਸ਼ ਵਲ ਟੁਰ ਪਿਆ ਹੈ, ਤੇ ਕਾਬੇ ਨੇ ਨਿਸ਼ਚਾ ਕਰ ਲਿਆ ਹੈ ਕਿ ਮੇਰੇ ਤੇ ਡਿਗਕੇ ਮੈਨੂੰ ਮਾਰ ਦੇਵੇ। ਕਾਬੇ ਨੇ ਮੈਨੂੰ ਐਥੋਂ ਤਕ ਕਿਹਾ ਕਿ 'ਅੱਗੇ ਆ ਮੈਂ ਤੈਨੂੰ ਦੱਸਾਂ ਕਿ ਤੇਰੇ ਨਾਲ ਕੀ ਸਲੂਕ ਕਰਦਾ ਹਾਂ'। ਮੈਂ ਡਰਕੇ ਕਾਬੇ ਦੀ ਉਸਤਤੀ ਕੀਤੀ, ਜਿਸ ਤੋਂ ਉਹ ਮੁੜਕੇ ਫਿਰ ਆਪਣੀ ਅਸਲੀ ਜਗਾ ਤੇ ਆ ਗਿਆ। [ਵੇਖੋ ਇਸਰਾਰਿ ਸ਼ਰੀਅਤ ਦੂਜਾ ਹਿੱਸਾ ਪੰਨਾਂ ੭੪] ਇਸੇ ਤਰ੍ਹਾਂ ਨਾਲ ਇਕ ਹੋਰ ਰਵਾਇਤ ਹੈ ਕਿ ਰਾਇਬਾਂ (ਰਾਬੀਆ) ਜਦ ਦੂਜੀ ਵੇਰ ਹੱਜ ਕਰਨ ਗਈ ਤਦ ਜੰਗਲ ਵਿੱਚ ਕਾਬੇ ਨੂੰ ਆਪਣੇ ਸ੍ਵਾਗਤ ਲਈ ਆਉਂਦਾ ਵੇਖਿਆ ਤੇ ਕਿਹਾ ਕਿ 'ਮੈਂ ਤਾਂ ਖ਼ੁਦਾ ਨੂੰ ਚਾਹੁੰਦੀ ਹਾਂ, ਖ਼ੁਦਾ ਦੇ ਘਰ ਨੂੰ ਕੀ ਕਰਨਾ ਹੈ, ਜੇਹੜਾ ਮੇਰੇ ਵਲ ਇਕ ਗਿੱਠ ਟੁਰਕੇ ਆਵੇਗਾ ਮੈਂ ਓਹਦੇ ਵਲ ਇਕ ਗਜ਼ ਵਧਾਂਗੀ, ਮੈਂ ਕਾਬੇ ਨੂੰ ਕੀ ਕਰਾਂ, ਕਾਬੇ ਦੇ ਜਮਾਲ ਤੋਂ ਕਿਸ ਤਰ੍ਹਾਂ ਖ਼ੁਸ਼ ਹੋਵਾਂ'। ਇਸ ਤੋਂ ਅੱਗੇ ਲਿਖਿਆ ਹੈ ਕਿ ਹਜ਼ਰਤ 'ਇਬਰਾਹੀਮ ਅਧੰਮ' ਮੱਕੇ ਗਏ, ਖਾਨਾ ਕਾਬਾ ਨੂੰ ਆਪਣੀ ਥਾਂ ਉਤੇ ਨਾ ਵੇਖਕੇ ਹੈਰਾਨ ਹੋ ਗਏ ਕਿ 'ਹੈਂ! ਇਹ ਕੀ ਘਟਨਾ ਹੋ ਗਈ ਹੈ, ਸ਼ਾਇਦ ਮੇਰੀਆਂ ਅੱਖਾਂ ਵਿੱਚ ਖਲਲ ਆ ਗਿਆ ਹੈ' ਅਕਾਸ਼ ਬਾਣੀ ਹੋਈ 'ਕਿ ਤੇਰੀ ਨਜ਼ਰ ਵਿੱਚ ਫਰਕ ਨਹੀਂ ਪਿਆ, ਕਾਬਾ ਇਕ ਕਮਜ਼ੋਰ ਤੀਵੀਂ ਦੇ ਸ੍ਵਾਗਤ ਲਈ ਗਿਆ ਹੋਇਆ ਹੈ ਜੋ ਇਸ ਪਾਸੇ ਆ ਰਹੀ ਹੈ। [ਤਜ਼ਕਰਾਤੁਲ ਔਲੀਆ ਸਫਾ ੬੨] ਇਹ ਲਿੱਖਤ ਤੇ ਰਵਾਇਤਾਂ ਦੱਸਦੀਆਂ ਹਨ ਕਿ ਕਾਬੇ ਦੇ ਆਪਣੀ ਜਗਾ ਤੋਂ ਹਿੱਲਣ ਜੁੱਲਣ, ਆਪਣੀ ਥਾਂ ਛੱਡ ਜਾਣ ਆਦਿਕ ਤੋਂ ਮੁਸਲਮਾਨ ਇਨਕਾਰ ਨਹੀਂ ਕਰ ਸਕਦੇ। ਗੁਰੂ ਜੀ ਦੇ ਚਰਣਾਂ ਦੇ ਫੇਰਨ ਦੇ ਨਾਲ ਕਾਬੇ ਦੇ ਫਿਰਨ ਦੀ ਗਲ ਨੂੰ ਤਾਂ ਨਾ ਕੇਵਲ ਸਿੱਖ ਤੇ ਹਿੰਦੂ ਬਲਕੇ ਮੁਸਲਮਾਨ ਤਕ ਅੱਖੀਂ ਵੇਖੀ ਗੱਲ ਦੀ ਤਰ੍ਹਾਂ ਮੰਨਦੇ ਹਨ ਜਿਹਾ ਕਿ ਮੌਲਾਨਾ ਅਬਦੁਲਰਹੀਮ ਸਾਹਿਬ 'ਬਿਸਮਿਲ' ਫੀਰੋਜ਼ਪੁਰੀ ਆਪਣੀ ਇਕ ਪੁਸਤਕ ਵਿੱਚ ਗੁਰੂ ਜੀ ਦੇ ਮੱਕੇ ਜਾਣ ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਦੀ ਉੱਚਤਾ ਦੱਸਕੇ ਲਿਖਦੇ ਹਨ:—

ਤੂ ਵੋਹ ਕਅ੍ਬਾ ਹੈ ਕਿ ਕਅ੍ਬੇ ਨੇ ਕੀਆ ਤੇਰਾ ਤਵਾਫ
ਜ਼ਾਹਿਰੋ ਬਾਤਨ ਤਿਰਾ ਮਾਨਿੰਦੇ ਆਈਨਾ ਹੈ ਸਾਫ।

ਮੂਢ ਮਤ ਬਿਸਮ, ਨ ਕਛੂ ਜਾਨ ਪਾਏ ਹੈਂ। ਹਾਥ ਬਿਖੈ ਪਾਇ ਜਯੋਂ ਜਯੋਂ ਹੋਤਿ ਸੁ ਡੁਲਾਇਮਾਨ, ਤਯੋਂ ਤਯੋਂ ਧੌਲ[1] ਸੰਗ ਸੁ ਮੁਨਾਰਨ[2] ਡੁਲਾਏ ਹੈ॥੨੦॥ਸ੍ਵੈਯਾ॥ਲੱਜਤਿ ਹੋਇ ਗਯੋ ਤਬ ਜੀਵਣ ਭੇਦ ਕੋ ਜਾਨਤਿ ਹੈ ਨ ਗਵਾਰਾ। ਛੋਰਿ ਦਏ ਪਦ, ਕਾਬਾ ਭਯੋ ਥਿਰ, ਮੰਦਮਤੀ ਕਿਯ ਕ੍ਰੋਧ ਅਪਾਰਾ। ਕੋਊ ਚਲੇ ਨ ਜਬੈ ਬਸ ਤਾਂ ਛਿਨ ਕ੍ਰੂਰ ਕਠੋਰ ਹ੍ਵੈ ਬਚਨ ਉਚਾਰਾ।'ਤੂਰਨ ਬਾਹਿਰ ਕੋ ਨਿਕਸੋ ਰਹਿਬੇ ਹਿਤ[3]ਲਾਉ ਨ ਬੇਰ ਅਵਾਰਾ[4]॥੨੧॥ਦੋਹਰਾ॥ਸਚ ਬਤਾਉ ਤੂੰ ਕੌਨ ਹੈ? ਹਿੰਦਨ ਜੈਸੀ ਰੀਤਿ। ਮੁਸਲਮਾਨ ਕਿਉਂ ਕਰ ਸਕੈ ਜੋ ਐਸੀ ਬਿਪਰੀਤ ॥੨੨ ॥ ਸੁਬਹਿ ਵਖਤ[5] ਕਿਯ ਸੈਨ[6]ਕੋ ਜਾਨਤਿ ਨਹੀਂ ਨਿਵਾਜ।ਕਿਹ ਤੇ ਆਇ ਗਵਾਰ ਤੂੰ ਨਹਿੰ ਇਮਾਨ ਕੀ ਲਾਜ[7]॥੨੩॥ਉਠਿ ਬੈਠੇ ਸ੍ਰੀ ਗੁਰ ਤਬਹਿ ਸੁਮਤੀ ਦੇਨਿ ਬਿਸਾਲ।ਨੀਕੀ ਕਰਨ ਨਿਵਾਜ ਕੋ ਕਹਿੰ ਸ਼ਲੋਕ ਤਹਿੰ ਕਾਲ ॥ ੨੪ ॥

ਪੰਜਿ ਨਿਵਾਜਾ ਵਖਤ ਪੰਜਿ ਪੰਜਿ ਪੰਜਾ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ ੩ ॥

ਕਬਿੱਤ॥ਬੈਨ ਸੁਨਿ ਐਸੇ ਬਸ ਚਲਤਿ ਨ ਕੈਸੇ ਕਛੁ ਮੁੱਲਾਂ ਭਾਖੈ[7]'ਕਾਫਰਾ! ਕਯੋਂ ਕੁਫਰ ਅਲਾਵਈ। ਅੱਲਾ ਨੂੰ ਨ ਜਾਨੈਂ ਨ ਰਸੂਲ ਕੋ ਪਛਾਨੈਂ,ਕੋਊ ਆਵੈ ਅਰਬੰਗ[8]ਅ਼ਬ ਤ੍ਰੋਕੋ ਮਾਰਿ ਜਾਵਈ। ਸਾਚੋ ਮਮ ਬਾਕ ਜਾਨਿ ਤੂਰਨ ਪਯਾਨ ਕੀਜੈ ਹਾਜੀ ਬੇਖ ਧਰਯੋ ਹਾਜੀ ਢੰਗ ਨ ਦਿਸਾਵਈ। ਭੇਦ ਸਭਿ ਜਾਨਯੋ ਹਿੰਦੂ ਜਨਮ ਪਛਾਨਯੋ ਤੇਰੋ ਆਯੋ ਕਿਹ ਕਾਜ ਨਹਿੰ ਸਿਦਕ ਕਮਾਵਈ'॥੨੫॥ਸ੍ਵੈਯਾ॥ ਭੋਰ[9]* ਭਈ ਇਵ ਤਾਂਹਿਕੋ[10] ਬੋਲਤਿ, ਆਵਤਿ ਭੇ ਪੁਨ ਔਰ ਮੁਲਾਨੇ। ਪਿਖਿ ਧੌਲਰ[11]ਆਨ ਸਥਾਨ ਭਯੋ–ਕਿਹ ਕਾਰਨ ਤੇ?–ਉਰ ਮੈਂ ਬਿਸਮਾਨੇ। ਮਿਲਿ ਬ੍ਰਿੰਦ ਭਏ ਇਕ ਠੌਰ ਜਬੈ ਤਬ ਜੀਵਣ ਜਾਇਕੈ ਬੈਨ ਬਖਾਨੇ। 'ਇਕ ਕਾਫਰ ਰੈਨ ਕੋ ਸੈਨ ਕਿਯੇ ਪਗ ਕਾਬੇ ਦਿਸ਼ਾ ਅਪਨੇ ਠਹਿਰਾਨੇ ॥ ੨੬ ॥ ਸ੍ਵੈਯਾ ॥ ਮੈਂ ਬਹੁ ਬਾਰ ਹਟਾਇ ਰਹਯੋ ਜਬ ਮਾਨੇ ਨ ਬੈਨ ਗਹੇ ਪਗ ਦੋਊ। ਕੀਨ ਘਸੀਟਨ ਜੋਰ ਕੇ ਸੰਗ

[1]ਕਾਬਾ। [2]ਮੁਨਾਰਿਆਂ ਸਮੇਤ। [3]ਰਹਿਣ ਵਾਸਤੇ। [4]ਥੋੜੀ ਝੇਰ। [5]ਸਵੇਰ ਵੇਲੇ। [6]ਸੌਣਾ ਕੀਤਾ। [7]ਕਹੇ। [8]ਅਰਬ ਆਦਮੀ। [9]ਸਵੇਰ। [10]ਤਿਸਨੂੰ। [11]ਕਾਬਾ। *ਪਾਠ–ਭੁਨਸਾਰ।

ਕਰੇ ਦਿਸ਼ ਦੂਸਰੀ ਮੈਂ ਤਬ ਸੋਊ। ਦੇਖਯੋ ਜਬੈ ਫਿਰ ਧੌਲਰ ਕੋ ਤਿਹ ਪੈਰ ਦਿਸ਼ਾ ਕੋ ਸਨੰਮੁਖ[1] ਹੋਊ। ਮੰਤ੍ਰ ਪ੍ਰਬੀਨ, ਕਿ ਜੰਤ੍ਰਨ ਕੀਨ, ਬਿਸਾਲ[2] ਕਲਾ ਮੈਂ[3] ਕਿਧੌਂ ਇਹ ਕੋਊ ॥੨੭॥ ਦੋਹਰਾ ॥ ਤਿਹਕੀ ਸੁਧਿ ਨਹਿਂ ਮੋਹਿ ਕੋ ਚਲਹੁ ਪਿਖਹੁ ਅਬ ਤਾਂਹਿ। ਹਿੰਦੂ ਜਨਮ ਕਿ ਤੁਰਕ ਕੋ ਅਬ ਲਗ ਜਾਨਯੋ ਨਾਂਹਿ' ॥ ੨੮ ॥ ਕਬਿੱਤ ॥ ਸੁਨਿਕੈ ਮੁਸਲਮਾਨ ਮਨ ਬਿਸਮਾਨੇ ਸਭਿ ਕਰੁਨਾ ਨਿਧਾਨ ਕੇ ਸਮੀਪ ਚਲਿ ਆਵਈ। ਪੀਰ ਜੇ ਮੁਲਾਨੇ ਕਾਜ਼ੀ ਪੱਖ ਮੈਂ ਮਹਾਨੇ ਹੁਤੇ ਦੇਖਿ ਦੇਖਿ ਕਾਬੇ ਓਰ ਰਿਦੇ ਬਿਸਮਾਵਈ। ਬੈਠੇ ਆਨਿ ਚਾਰੋ ਦਿਸ਼ ਬੁਜਰਕ[4] ਬੋਲੇ ਤਬ 'ਹਿੰਦੂ ਕਿ ਤੁਰਕ ਤੁਮ ਰਹੋ ਕਿਹ ਥਾਵਈ ?। ਰੀਤਿ ਨ ਮੁਸਲਮਾਨ ਕਾਬੇ ਦਿਸ਼ ਪੈਰ ਕੀਨੇ' ਸੁਨਯੋ ਗੁਰੂ ਨਾਨਕ ਸ਼ਲੋਕ ਕੋ ਅਲਾਵਈ ॥ ੨੯ ॥

ਸਲੋਕੁ ਮਃ ੧ ॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ ੧॥

ਦੋਹਰਾ॥ ਰੁਕਨਦੀਨ* ਕਾਜੀ ਹੁਤੋ ਸੁਨਿ ਸੋ ਬੈਨ ਅਲਾਇ। 'ਮਾਨਤਿ ਹੋ ਕੈਧੌਂ ਨਹੀਂ ਪੈਕੰਬਰ ਜਿ ਖੁਦਾਇ?'॥੩੦॥ ਸੈਯਾ॥ ਸ੍ਰੀ ਗੁਰੁ ਨਾਨਕ ਬੈਨ ਭਨੇ 'ਦਰਬਾਰ ਖੁਦਾਇਕੇ ਕੇਤੇ ਅਗਾਰੀ। ਹਾਥ ਸੋ ਬਾਂਧੇ ਖਰੇਹੈਂ ਪੈਕੰਬਰ, ਕੇਤੇ ਹੈਂ ਪੀਰ ਔ ਸ਼ੇਖ ਸਲਾਰੀ[5] ਕੇਤੇ ਅਹੈਂ ਸਿਕਦਾਰ[6] ਤਹਾਂ, ਤਿਨ ਕੌਨ ਗਿਨੈ, ਗਿਨਤੀ ਤਿਨ[7] ਭਾਰੀ। ਜੋਊ ਹਦੂਰ ਖੁਦਾਇ ਰਹੈਂ, ਤਿਨ ਕੋਂ[8] ਨ ਸਕੈ ਕਰਿ ਕੋ[9] ਹਟਕਾਰੀ[10]॥੩੧॥ ਦੋਹਰਾ ॥ ਜਿਨਹਿ ਖੁਦਾਇ ਬਿਸਾਰਿਓ ਆਵਹਿਂ ਤਿਨਕੇ ਹੇਤੁ। ਭਲੋ ਪੰਥ ਦਿਖਰਾਇਕੈ ਜਾਵਹਿਂ ਅਪਨ ਨਿਕੇਤੁ ॥੩੨॥ ਅਬ ਤੁਮ ਰਾਹ ਪਿਕੰਬਰੀ ਭੂਲ ਗਏ ਮਤਿਮੰਦ ! ਪੱਖ ਬਾਦ ਉਰ ਮੈਂ ਧਰਯੋ ਜਾਹੁ ਨਰਕ ਜਮਫੰਦ॥੩੩॥ ਅਬ ਦੇਵੌਂ ਸਮਝਾਇ ਮੈਂ ਮਾਰਗ ਭਲੋ ਬਤਾਇ। ਜੋ ਨਹਿ ਮਾਨਹੁ ਤਾਹਿਕੋ ਪਰਹੁ ਨਰਕ ਮਹਿਂ ਜਾਇ' ॥ ੩੪॥ ਸੁਨਿ ਕਰਿ ਊਚੇ ਬਚਨ ਕੋ ਬੂਝਨ ਲਗੇ ਇਮਾਨ। 'ਹਿੰਦੂ ਵਡਾ ਕਿ ਤੁਰਕ ਹੈ ਕਰਿਯੇ ਆਪ ਬਖਾਨ ॥੩੫॥ ਕਲਾ[11] ਦਿਖਾਈ ਵਡੀ ਤੈਂ ਪੂਰਬ ਕਿਨਹੁ

[1]ਸਾਹਮਣੇ। [2]ਬੜਾ। [3]ਕਰਾਮਾਤ ਵਿਚ। [4]ਵਡੇ ਬਜ਼ੁਰਗ। [5]ਆਗੂ। [6]ਸਰਦਾਰ [7]ਉਹਨਾਂ ਦੀ। [8]ਤਿਨ੍ਹਾਂ ਨੂੰ। [9]ਕੋਈ। [10]ਰੋਕ, ਮਨਾਹੀ। [11]ਕਰਾਮਾਤ।

*ਦੇਖੋ ਟੂਕ ਅਧਯਾਯ ੫੯ ਦੇ ਛੱਤੀਵੇਂ ਅੰਕ ਦੀ। ਸਫਾ ੬੩੬।

ਨ ਕੀਨਿ। ਚਰਨ ਸੰਗ ਕਾਬਾ ਫਿਰਯੋ ਮਹਿਮਾ ਜਾਨੀ ਪੀਨ[੧] ॥ ੩੬ ॥ ਕਬਿੱਤ॥ਐਸੇ ਸੁਨਿ ਬੈਨ ਬੋਲੇ ਗੁਰੂ ਗੁਨ ਐਨ ਤਬ'ਪੰਚ ਤੱਤ ਸਾਜੇ ਸਭਿ ਦੇਹ ਇਕ ਸਾਰ ਹੀ। ਨੈਨ ਕਾਨ ਨਾਸਕਾ ਬਦਨ[੨] ਕੀਨੇ ਏਕ ਹੂੰ ਸੇ ਕ੍ਰਿਯਾਸਮ ਭਈ ਹਾਥ ਪਾਵਕੇ ਮਝਾਰਹੀ।ਦੇਸ਼ਨਿ ਕੇ ਭੇਸ ਕੋ ਪ੍ਰਭਾਵਧਰਿ ਰਿਦੇ ਮਾਂਹਿ, ਪੱਖਬਾਦ ਗਾਢੇ ਹ੍ਵੈ ਕੇ ਝਗਰੈਂ[੩] ਗਵਾਰ ਹੀ[੪]। ਨਾਮ ਲਿਵ-ਲਾਈ ਜਾਹਿੰ, ਅਧਿਕ ਵਡਾਈ ਤਾਂਹਿ, ਜਾਨਿਕੈ ਸਰੂਪ ਨਿਜ ਉਧਰੈ ਸੰਸਾਰਹੀ॥੩੭॥ ਦੋਹਰਾ॥ਭਲੇ ਅਮਲ ਕੀਏਬਿਨਾਜਾਂਹਿ ਨਰਕ ਕੋ ਦੋਇ। ਦੇਹਿ ਰਹੈ ਈਹਾਂ ਪਰੀ ਜਬ ਲੇਖਾ[੫] ਤਹਿੰ ਹੋਇ ॥ ੩੮ ॥ ਧਨ, ਕੁਟੰਬ, ਅਰ ਕਰਮ ਜੋ ਤੀਨ ਨਰਨ ਕੇ ਮੀਤ। ਜਬ ਲੌ ਘਟ ਮੈਂ ਪ੍ਰਾਨ ਹੈਂ ਤਬ ਲੌ ਧਨ ਕੀ ਪ੍ਰੀਤਿ ॥੩੯ ॥ ਜਾਰਯੋ[੬] ਗਾਡਯੋ[੭] ਤਨ ਨਹੀਂ ਤਬ ਲੌ ਕੁਟੰਬ ਸਨੇਹ।ਬਹੁਰ ਨ ਕੋਊ ਸੰਗ ਹ੍ਵੈ ਸਮਝ ਭਲੇ ਉਰ ਲੇਹਿ॥੪੦॥ ਤੀਜੋ ਮਿੱਤਰ ਕਰਮ ਜੋ ਸੰਗੀ ਸਦਹੀ ਜਾਨ।ਜਹਾਂ ਜਾਇ ਫਲ ਦੇਤਿ ਤਹਿੰ ਧੌਂ[੮] ਨ ਹੋਇ ਕਬਿ ਹਾਨ[੯] ॥ ੪੧ ॥ ਤਾਂਤੇ ਸੰਗ ਸਦੀਵ ਜੋ ਕਰਹੁ ਸੁ ਕਰਮ ਸਪ੍ਰੀਤਿ। ਬਾਦ ਪੱਖ ਤਜਿ ਕੈ ਸਰਬ ਲਖਹੁ ਏਕ ਹਰਿ ਮੀਤ॥੪੨॥ ਕਬਿੱਤ॥ ਭ੍ਰਮ ਜਾਂਕੇ ਤਨ ਨਹੀਂ ਭਯੋ ਨਿਰਮਲ ਮਨ ਦਾਵੇ ਬਾਂਧੈ ਪੱਖ ਹੂ ਕੇ ਰਹਿਤ[੧੦]* ਸੰਸਾਰਹੀ। ਹਿੰਦੂ ਕਿ ਤੁਰਕ ਕੌਨ ਜਾਨਤਿ ਸਮਾਨ ਜੌਨ,ਭ੍ਰਮ ਕੋ ਬਿਦਾਰ[੧੧] ਉਰ ਦੇਖੈਂ ਏਕ ਸਾਰ ਹੀ। ਰਾਮ ਸੋ ਰਹੀਮ ਹੈ ਅਲਾਹ ਸੋ ਅਕਾਲ ਰੂਪ, ਜਾਨਿਯੇ ਖੁਦਾਇ ਸੋਊ ਏਕ ਏਕੰਕਾਰ ਹੀ।ਮੂਢ ਨਹੀਂ ਪਾਵੈਂ ਭੇਦ ਬਾਦ ਕੋ ਰਚਾਵੈਂ ਨਿਤ, ਪਾਇੰ ਦੁਖ ਭਾਰੀ ਜਾਇੰ ਨਰਕ ਮਝਾਰ ਹੀ' ॥ ੪੩ ॥ ਕਬਿੱਤ ॥ ਐਸੇ ਸੁਨਿ ਬੈਨ ਗੁਰੁ ਨਾਨਕ ਕੋ ਨਿਵੇਂ ਸਭਿ, ਐਂਚੇ[੧੨] ਜਨੋਂ ਪਨਚ[੧੩] ਕੋ ਧਨੁਖ ਨਿਵ ਜਾਤਿ ਹੈ। ਭਏ ਮਨ ਦੀਨ ਸੋ ਖੁਦਾਇ ਦੇਹਿ ਚੀਨ, ਪਦ ਬੰਦਨਾ ਕੋ ਕੀਨਿ ਜਬ ਦੇਖੀ ਕਰਾਮਾਤ ਹੈ। ਕਮਲ ਬਦਨ ਬਿਗਸਤਿ ਹਰਖਾਤਿ ਚਿਤ ਮੋਹ ਕੇ ਨਿਕੰਦ[੧੪] ਦੇਖਾ ਭਾਨੁ ਪਰਭਾਤ[੧੫] ਹੈ। ਸੇਵੈਂ ਹਿਤ ਲਾਈ, ਚੰਚਰੀਕ[੧੬] ਜਨੋਂ ਲੁਭਾਈ,ਉਰ ਜਾਨੇ

[੧] ਵੱਡੀ, ਭਾਰੀ। [੨] ਮੁਖ। [੩] ਝਗੜਦੇ ਹਨ। [੪] ਮੂਰਖ। [੫] ਹਿਸਾਬ। [੬] ਸਾੜਿਆ। [੭] ਦਬਿਆ। [੮] ਐਵੇਂ। [੯] ਨਾਸ਼। [੧੦] ਦਾਵੇ ਪੱਖ ਤੋਂ ਰਹਿਤ। [੧੧] ਦੂਰ ਕਰਕੇ। [੧੨] ਖਿੱਚਿਆਂ। [੧੩] ਕਮਾਨ ਦਾ ਧਾਗਾ। [੧੪] ਕੱਟਣ ਵਾਲੇ। [੧੫] ਸਵੇਰ ਦਾ ਸੂਰਜ (ਗੁਰੂ ਜੀ ਨੂੰ)। [੧੬] ਭੌਰੇ।

*ਪਾ:-ਰਚਿਤ।

-ਗਤਿਦਾਈ[1] ਏ ਚਰਨ ਜਲਜਾਤ ਹੈਂ[2]-॥੪੪॥ਦੋਹਰਾ ॥ ਬੀਤਯੋ ਕੇਤਿਕ ਕਾਲ ਜਬ ਰਹਿਤੇ ਤਹਾਂ ਸਥਾਨ।ਪੂਰਨ ਕੀਨੋ ਧਯਾਇ ਅਬ ਕਥਾ ਸੁਭਗ[3] ਸੁਖਦਾਨ ॥ ੪੫ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੱਕੇ ਫਿਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸ਼ਮੋ ਅਧਯਾਯ ॥ ੫੮ ॥

੫੯. [ਸ਼੍ਰੀ ਗੁਰੂ ਗ੍ਰੰਥ ਮੰਗਲ। ਮਦੀਨਾ, ਸੁਲਤਾਨ ਪੁਰ ਜਾਣਾ]

ਦੋਹਰਾ ॥ ਜਿਸ ਮਹਿਂ ਅੰਮ੍ਰਿਤੁ ਗਯਾਨ ਹੈ ਮਾਣਿਕ ਭਗਤਿ ਵਿਰਾਗ।
ਗੁਰੂ* ਗ੍ਰੰਥ ਸਾਹਿਬ ਉਦਧਿ ਬੰਦੋਂ ਕਰਿ ਅਨੁਰਾਗ ॥ ੧ ॥

{ ਮਾਣਿਕ=ਰਤਨ।
ਉਦਧਿ=ਸਮੁੰਦਰ, ਸਾਗਰ [ਸੰਸ:, ਉਦਧਿ]
ਅਨੁਰਾਗ=ਪ੍ਰੇਮ। }

ਅਰਥ--(ਸ਼੍ਰੀ) ਗੁਰੂ ਗ੍ਰੰਥ ਸਾਹਿਬ (ਰੂਪੀ) ਸਮੁੰਦਰ (ਨੂੰ, ਕਿ) ਜਿਸ ਵਿੱਚ ਗਯਾਨ (ਰੂਪੀ) ਅੰਮ੍ਰਤ ਹੈ (ਅਤੇ) ਭਗਤੀ (ਤੇ) ਵੈਰਾਗ (ਰੂਪੀ) ਰਤਨ (ਹਨ, ਮੈਂ) ਪ੍ਰੇਮ ਨਾਲ ਨਮਸਕਾਰ ਕਰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਸ਼੍ਰੀ ਅੰਗਦ ਜੀ ਸੁਨਹੁ ਪੁਨ ਕੇਤਿਕ ਦਿਵਸ ਬਿਤਾਇ। ਮਰਦਾਨੇ ਕੋ ਬਚ ਕਹੇ ਅਸਬਿਧਿ ਸ਼੍ਰੀ ਗਤਿਦਾਇ ॥ ੨ ॥ ਸੈਯਾ॥'ਚਲਿਬੇ ਜਿਤਚਾਹਿ ਚਲੋ ਤਿਤਕੋ'ਸੁਨਿ ਬੋਲਤਿ ਭਾ ਗੁਰ ਸੋਂ ਮਰਦਾਨਾ। 'ਜਿਹ ਥਾਨ ਮੈਂ ਗੋਰ ਮੁਹੰਮਦ ਹੈ ਦਿਖਰਾਵਹੁ ਮੋਹਿ ਕੋ ਸੋਊ ਮਕਾਨਾ॥ਇਹ ਕਾਬੇ ਕੋ ਪਾਜ ਤੌ ਦੇਖਿ ਲਯੋ ਅਬ ਤਾਂਹਿ ਬਿਲੋਕਨ ਚਾਹਿ ਮਹਾਨਾ॥ਇਸ ਦੇਸ਼ ਅਏ ਅਬ ਦੇਖਿ ਚਲੇਂ,ਤੁਮ ਕਾਮਨਾ ਪੂਰਨ ਹੋ ਗੁਨਖਾਨਾ[4] !' ॥ ੩ ॥ ਸੈਯਾ ॥ ਗੁਰ ਬੈਨ ਭਨੇ 'ਦਿਨ ਦ੍ਵਾਦਸ਼ ਗੈਲ[5] ਹੈ† ਗੋਰ ਮੁਹੰਮਦ ਜੁਊ ਮਕਾਨਾ'।ਸੁਨਿ ਯੌਂ ਹਰਖਾਇ ਉਠਾਮਨ ਮੈਂ ਗੁਰ ਸੰਗ ਤਬੈ ਇਵ ਬੈਨ ਬਖਾਨਾ। 'ਚਲਿ ਤੂਰਨ ਜਾਇ ਪਹੂਚ ਹੈਂ ਤਾਂਹਿ,ਸਮੀਪ ਅਹੈ ਨਹਿਂ ਦੂਰ ਸਥਾਨਾ'। ਬਿਗਸੇ ਬਦਨਾਂਬੁਜ ਤੇ[6] ਤਬ ਹੀ ਪੁਨ ਬਾਕ ਕਹੇ ਤਿਹ ਸੋਂ ਗਤਿਦਾਨਾ[7] ॥ ੪ ॥ ਸੈਯਾ ॥ 'ਦ੍ਵਾਦਸ਼ ਬਾਸੁਰ ਮਾਰਗ ਦੂਰ ਹੈ ਤੂੰ ਉਚਰੈਂ-ਹਮਰੇ ਢਿਗ[8] ਸੋਊ-'। 'ਹੇ ਪ੍ਰਭੁ ਕੇਤੇ ਹਜ਼ਾਰ ਅਏ ਛਿਨ ਮਾਂਹਿ ਅਵਾਰ[9]ਲਗੀ ਨਹਿਂ ਕੋਊ॥ਦੂਰ ਨ ਜਾਨਤਿ ਹੌਂ ਇਹ ਤੇ ਤਤਕਾਲ ਚਲੈਂ

[1]ਮੁਕਤੀ ਦਾਤੇ ਦੇ। [2]ਏਹ ਚਰਨ ਕਵਲ ਹਨ। [3]ਸ੍ਰੇਸ਼ਟ। [4]ਹੇ ਗੁਣਾਂ ਦੀ ਖਾਣ ਜੀ। [5]ਰਸਤਾ। [6]ਕਮਲ ਵਰਗੇ ਮੁਖ ਤੋਂ। [7]ਮੁਕਤੀ ਦਾਤੇ ਨੇ। [8]ਸਾਡੇ ਨੇੜੇ ਹੀ ਹੈ। [9]ਦੇਰ।

*ਪਾ:-ਸ਼੍ਰੀ। †ਲੱਗ ਪੱਗ ੨੪੦ ਮੀਲ ਦਾ ਪੈਂਡਾ ਹੈ।

ਤੁਮਰੇ ਸੰਗ ਹੋਊ । ਸ਼੍ਰੀ ਕਰਤਾਰ ਧਰਾ ਅਵਤਾਰ ਉਧਾਰਨ ਕੋ ਕਲਿ ਕੇ ਨਰ ਜੋਊ'॥੫॥ਦੋਹਰਾ॥ 'ਮਰਦਾਨੇ ਤੇਰੋ ਕਹਯੋ ਹਮ ਨਹਿਂ ਦੇਤਿ ਹਟਾਇ। ਨਾਮ ਮਦੀਨਾ ਜਾਹਿਂ ਕੋ ਚਲਿ ਤੁਝ ਦੇਹਿਂ ਦਿਖਾਇ'॥੬॥ਕਬਿੱਤ॥ਮੰਦਮੰਦ ਚਲੇ, ਦਿਨ ਦ੍ਵਾਦਸ਼ ਮੈਂ ਗਏ ਤਹਿਂ, ਬੈਸਿਗੇ ਨਿਕਟ ਥਾਨ ਜਾਇ ਸੁਖ-ਦਾਨਿਯਾ। 'ਜਾਨੀਯੇ ਮਦੀਨਾ, ਮਰਦਾਨੇ ! ਅਬ ਦੇਖਿ ਆਉ, ਦੇਖਿਬੇਕੀ ਚਾਹਿ[1] ਜਾਂਕੋ ਰਿਦਾ ਲਲਚਾਨਿਯਾ'। 'ਦੇਹਿਂਗੇ ਹਟਾਇ[2], ਕੈਸੋ ਦੇਖੋਂ ਥਾਨ ਜਾਇ ਪ੍ਰਭੂ!' ਸੁਨਿ ਮੁਸਕਾਨੇ, ਮੁਖ ਬਚਨ ਬਖਾਨਿਯਾ।'ਨੈਨ ਇਹਾਂ ਬਾਂਧੈਂ ਨਹੀਂ, ਤੁਰਕਸਰੂਪ ਤੇਰੋ, ਬਰਜੈ ਨ ਕੋਊ, ਬਿਨ ਸ਼ੰਕਹ੍ਵੈਪਯਾਨਿਯਾ[3]" ॥ ੭ ॥ ਕਬਿੱਤ ॥ 'ਤੁਰਕ ਇਜੇਹੇ ਭਠ ਪਏ, ਹੌਂ[4] ਨ ਸਾਥੀ ਤਿਨ, ਤੁਮਰੇ ਚਰਨ ਕੀ ਸ਼ਰਨ ਗਹਿ ਲੀਨੀ ਹੈ'। ਸ਼੍ਰੀ ਗੁਰੂ ਬਖਾਨੀ 'ਜੋ ਤੈਂ ਐਸੋ ਦਿਢ ਜਾਨੀ ਮਨ ਮੱਕੇ ਕੋ ਪਿਖਨ ਚਾਹਿ ਏਤੀ ਕੈਸੇ ਕੀਨੀ ਹੈ?'। 'ਪੂਜਨ ਨ ਆਯੋ ਹੌਂ ਤੋ, ਦੇਖਨ ਕੋ ਕਾਜ ਮੇਰੋ, ਤੁਰਕ ਤਰੀਫ ਕਰੈਂ, ਜਾਨੀ ਮਤਿ ਹੀਨੀ ਹੈ[5]"। ਐਸੇ ਕਹਿ ਗਯੋ, ਜਾਇ ਦੇਖਤਿ ਸੋ ਭਯੋ ਗੋਰ-ਕੂਰ ਕਰੈਂ ਉਸਤਤਿ-ਰਿਦੇ ਮਾਂਹਿ ਚੀਨੀ ਹੈ ॥ ੮ ॥ ਦੋਹਰਾ ॥ ਬਹੁਰੋ ਸ਼੍ਰੀ ਗੁਰ ਆਪ ਉਠਿ ਪਹਿਰੇ ਪੈਰ ਖਰਾਂਵ[6]।ਚਾਰ ਦਿਵਾਲੀ ਅੰਤਰੇ ਗਏ ਗੋਰ ਜਿਹ ਥਾਂਵ ॥੯॥ਹੁਤੇ ਮੁਲਾਨੇ ਬਹੁਜਹਾਂ ਬੈਸੇ ਕਰਿਹੀਂ ਸੇਵ।ਸ਼੍ਰੀ ਨਾਨਕ ਕੋ ਦੇਖਿ ਕਰਿ ਬੋਲੇ, ਲਖਯੋ ਨ ਭੇਵ॥੧੦॥'ਕੋ ਹੈ ਪੈਰ ਖਰਾਵਤੂੰ ਪਹਿਰ ਸਮੀਪਹਿ ਆਇ। ਮਤਿ ਤੇਰੀ ਅਨਜਾਨ ਹੈ ਜ਼ਾਰਤ[7] ਰੀਤਿ ਨ ਪਾਇ॥੧੧॥ਅਦਬ ਮੁਹੰਮਦ ਕੋ ਨ ਕਿਯ ਏਹੁ ਰਸੂਲ ਮੁਕਾਮ।ਪਾਛੈ ਹਟਿਜੱਯੈ ਅਬੈ'; ਸੁਨਿ ਬੋਲੇ ਗੁਨ-ਧਾਮ ॥ ੧੨ ॥

ਸਿਰੀ ਰਾਗੁ ਮਹਲਾ ੧ ਘਰੁ ੨ ॥

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥ ੧ ॥ ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥ ੧ ॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥ ੨ ॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣ ਹਾਰ ॥ ੩ ॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ

[1]ਇੱਛਾ। [2]ਮੋੜ ਦੇਣਗੇ। [3]ਨਿਸ਼ੰਕ ਚਲਾ ਜਾਹ। [4]ਮੈਂ। [5](ਤੁਰਕਾਂ ਦੀ ਮੈਂ) ਮਤ ਹੀਣ ਜਾਣੀ ਹੈ। [6]ਖੜਾਵਾਂ। [7]ਯਾਤ੍ਰਾ ਦੀ।

॥ ੪ ॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿਥਲਿ ਮਹੀਅਲਿ ਸੋਇ ॥ ੫ ॥ ਅਲਾਹੁ ਅਲਖੁ ਅਗੰਮ ਕਾਦਰੁ ਕਰਣ ਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ ਮੁਕਾਮੁ ਤਿਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥ ੧੭ ॥

ਦੋਹਰਾ ॥ ਸਬਦ ਪਢ੍ਯੋ ਸ਼੍ਰੀ ਬਦਨ ਜਬ ਨਿਵੀ ਗੋਰ ਪਦਓਰ[1]।ਨਮਸਕਾਰ ਕਰਿ ਪੁਨ ਹਟੀ ਠਹਿਰਾਨੀ ਨਿਜ ਠੌਰ ॥ ੧੩ ॥ ਮੁੱਲਾਂ ਸਰਬ ਬਿਲੋਕਿਕੈ ਬਿਸਮਾਨੇ ਮਨ ਮਾਂਹਿ। ਤਨ ਖੁਦਾਇ ਸਮ ਜਾਨਿਕੈ ਨਿਵੇਂ ਚਰਨ ਚਿਤ ਚਾਹਿ ॥੧੪॥–ਅਧਿਕ ਮੁਹੰਮਦ ਸਭਿਨਿ ਤੇ ਹਮ ਉੱਮਤ ਹੈਂ ਤਾਂਹਿ। ਗੋਰ ਨਿਵੀਂ ਤਿਹ ਅੱਗ੍ਰ ਜਹਿਂ, ਹਮ ਕ੍ਯੋਂ ਨਿਵੈਂ ਸੁ ਨਾਂਹਿ–॥੧੫॥ ਆਦਰ ਕਰਿ ਬਹੁ ਭਾਂਤਿ ਸੋਂ ਆਸਨ ਊਚ ਬਸਾਇ। ਬੋਲੇ ਦ੍ਵੈ ਕਰ ਬੰਦਿਕੈ 'ਨਿਜ ਉਪਦੇਸ਼ ਬਤਾਇ' ॥੧੬॥ ਸੈਯਾ ॥ ਸ਼੍ਰੀ ਗੁਰੁ ਬੈਨ ਭਨੇ ਸੁਨਿ ਕੈ'ਨਿਜ ਮ੍ਰਿਤੁ ਕੋ ਯਾਦ ਰਖੋ,ਨ ਭੁਲਾਹੀਂ। ਛੋਰਿ ਬਿਕਾਰ, ਤਜੋ ਪਖਬਾਦ ਖੁਦਾਇ ਲਖੋ ਸਭਿ ਖ਼ਲਕਤ ਮਾਂਹੀ। ਨਾਮ ਸਦਾ ਸਿਮ਼ਰੋ ਉਰ ਮੈਂ, ਜਿਹ ਤੇ ਜਮ ਦੋਜ਼ਕ ਦੇਖਹੁ ਨਾਂਹੀ। ਲੋਕ ਦਿਖਾਵਨ ਤੇ ਮਨ ਚਾਇ ਕੈ[2] ਸਾਚ ਕਮਾਇ ਸਭੈ ਸੁਖਪਾਹੀ'॥੧੭॥ ਦੋਹਰਾ॥ ਸੁਨਿ ਕਰਿ ਸਭਿ ਹਰਖਾਇ ਕੈ ਜਾਚੀ ਚਰਨ ਖਰਾਵ। ਹਿਤ ਪੂਜਨ ਕੇ ਤਹਿਂ ਰਖੀ ਹੁਤੀ ਗੋਰ ਜਿਹ ਥਾਂਵ ॥ ੧੮ ॥ ਕੇਤਿਕ ਦਿਵਸ ਬਿਤਾਇ ਤਹਿਂ ਸ਼੍ਰੀ ਨਾਨਕ ਗੁਨਖਾਨ। ਮੱਕੇ ਕੋ ਆਇ ਬਹੁਰ ਬੈਸੇ ਪੂਰਬ ਥਾਂਵ॥ ੧੯ ॥ ਭੁੱਖਰ ਜੇ ਹਾਜੀ ਮਿਲੇ ਤਿਹ-ਛਿਨ ਪਹੁੰਚੇ ਆਇ। ਬਿਸਮੇ ਦਰਸ ਬਿਲੋਕਿ ਕੈ ਮੁਖ ਤੇ ਬਚਨ ਅਲਾਇ॥ ੨੦ ॥ 'ਕਬਿ ਕੋ ਇਹ ਹਾਜੀ ਅਯੋ ਹਮ ਛੋਰ੍ਯੋ ਪਸ਼ਚਾਤ। ਕੈਸੇ ਪੰਥ ਉਲੰਘ੍ਯੋ ਹਿੰਦੁ ਜਨਮ ਬਖਜਾਤ[3]' ॥ ੨੧ ॥ ਹੁਤੇ ਸੁ ਬੈਠੇ ਨਰ ਤਹਾਂ ਸੋ ਬੋਲੇ ਤਿਨ ਸਾਥ। 'ਏਕ ਬਰਖ ਬੀਤ੍ਯੋ ਇਹਾਂ ਕਲਾ-ਵਾਨ ਜਗਨਾਥ ॥ ੨੨ ॥ ਚਰਨ ਸੰਗ ਕਾਬਾ ਫਿਰ੍ਯੋ ਤੁਰਕ ਨਿਵੇਂ ਸਭਿ ਦੇਖਿ। ਅਹੈ ਸਰੀਰ ਖੁਦਾਇਕੋ ਜਗ ਉਧਾਰਿ ਹਿਤ ਬੇਖ[4]' ॥ ੨੩॥ ਤਿਨ ਸੁਨਿ ਮਨ ਮਹਿਮਾਂ ਲਖੀ ਕਲਾ ਪਿਖਨ[5] ਭਾ ਚਾਵ।'ਅਹੈ ਸਰੀਰ ਖੁਦਾਇ ਕੋ ਜਲ ਇਹਠਾਂ ਮੰਗਵਾਵ' ॥ ੨੪ ॥ ਤਿਹ ਛਿਨ ਆਸਾ[6] ਢਿਗ ਹੁਤੋ ਲੇ

[1]ਚਰਨਾਂ ਵੱਲ। [2]ਉਨਾਕੇ। [3]ਪਰਾਟ। [4]ਭੇਖ (ਧਾਰਿਆ ਹੈ)। [5]ਦੇਖਣ ਦਾ। [6]ਸੋਟਾ।

ਸ੍ਰੀ ਗੁਰ ਨਿਜ ਹਾਥ। ਕਾਬੇ ਕੇਰਿ ਦਿਵਾਰ ਮੈਂ ਹਨਯੋ ਜੋਰਕੇ ਸਾਥ॥੨੫॥ ਛੁਟੀ ਬੂੰਬ[1] ਤਬ ਨੀਰ ਕੀ ਉਜੂ ਸਰਬ ਨੈ ਕੀਨ। ਚਰਨ ਬੰਦਨਾਂ ਕੋ ਕਰਤਿ ਜਾਨੀ ਅਜ਼ਮਤ ਪੀਨ[2] ॥ ੨੬ ॥ ਬੂਝਤਿ ਭੇ 'ਕਿਹ ਥਾਨ ਤੇ ਏਤੋ ਨਿਕਸਯੋ ਨੀਰ? । ਹਮੈ ਬਤਾਵਹੁ ਭੇਦ ਸਭਿ ਤੁਮਹੋ ਗੁਨੀ ਗਹੀਰ'॥੨੭॥ ਸ੍ਰੀ ਗੁਰ ਬੋਲੇ ਕਲਾਨਿਧਿ[3] 'ਇਹ ਸ਼ਿਵਲਿੰਗ ਸਥਾਨ। ਯਾ ਮਹਿੰ ਬਰਕਤ ਵਡੀ ਹੈ ਚਹਿਤ ਜੁ ਦੇਤਿ ਸੁ ਦਾਨ* ॥ ੨੮ ॥ ਆਨਹਿ[4] ਆਬ[5] ਫਰੇਸ਼ਤੇ ਗੁਸਲ[6] ਕਰਾਵਹਿੰ ਲਿੰਗ। ਸੋਊ ਨਿਕਸਯੋ ਵਹਿਰ ਕੋ ਉਜੂ ਕਿਯੋ ਜਿਹ ਸੰਗ ॥ ੨੯ ॥ ਭਾ ਪੈਕੰਬਰ ਤੁਮਾਰ ਜੋ ਨਾਮ ਮੁਹੰਮਦ ਜਾਂਹਿ। ਜਿਹ ਕੀ ਤੁਮ ਉੱਮਤ ਸਭੈ ਇਹਠਾਂ ਤਪ ਕਿਯ ਤਾਂਹਿ ॥ ੩੦ ॥ ਬੁਜਰਕ ਕੋ ਇਸਥਾਨ ਲਖਿ ਜੌਂ ਕੋ ਕੀਨ ਅਹਾਰ। ਕੀਨ ਬੰਦਗੀ ਅਲਹ ਕੀ

[1]ਧਾਰਾ। [2]ਭਾਰੀ। [3]ਤਾਕਤਾਂ ਦੀ ਨਿਧੀ। [4]ਲਿਆਂਵਦੇ ਹਨ। [5]ਪਾਣੀ। [6]ਇਸ਼ਨਾਨ।

*ਇਹ ਗਲ ਨਾ ਭਾਈ ਗੁਰਦਾਸ ਜੀ ਨੇ ਲਿਖੀ ਹੈ ਨਾ ਪੁਰਾਤਣ ਜਨਮ ਸਾਖੀ ਵਾਲੇ ਨੇ। 'ਮੱਕਾ ਸ਼ਿਵਾਂ ਦਾ ਥਾਉਂ ਹੈ, ਤੇ ਗੁੱਝੇ ਪਾਣੀ ਨਾਲ ਦੇਵਤੇ ਉਸ ਨੂੰ ਨੁਲ੍ਹਾਉਂਦੇ ਹਨ', ਇਹ ਹਿੰਦੂਆਂ ਵਿਚ ਇਕ ਆਮ ਪ੍ਰਸਿੱਧ ਕਹਾਵਤ ਹੈ, ਉਹੋ ਗਲ ਜਨਮ ਸਾਖੀ, ਜੋ ਬਾਲੇ ਵਾਲੀ ਕਹੀਦੀ ਹੈ, ਵਿਚ ਲਿਖੀ ਹੈ, ਉਹੋ ਗਲ ਏਥੇ ਕਵਿਤਾ ਵਿਚ ਕਵੀ ਜੀ ਨੇ ਲਿਖ ਦਿੱਤੀ ਹੈ। ਕਦੇ ਕਾਬੇ ਵਿਚ ੩੬੦ ਬੁਤ ਹੁੰਦੇ ਸਨ। ਇਕ ਪੱਥਰ ਜਿਸਨੂੰ ਸੰਗਿ ਅਸਵਦ ਕਹਿੰਦੇ ਹਨ, ਅੰਡਾਕਾਰ ਸ਼ਕਲ ਦਾ ਦੱਸੀਦਾ ਹੈ ਤੇ ਕਹਿੰਦੇ ਹਨ ਕਿ ਇਬਰਾਹੀਮ ਨੇ ਇਹ ਅਨਘੜਿਆ ਪੱਥਰ ਆਪ ਧਰਿਆ ਸੀ। ਇਸੇ ਨੂੰ ਹਿੰਦੂ ਅਪਨਾ ਜਜੋਤਿ ਲਿੰਗ ਦੱਸਦੇ ਹਨ ਜੋ ਹੁਣ ਤਕ ਹੈ। ਪਰ ਕਿਸੇ ਹੀ ਪੱਥਰ ਦੀ ਮਹਿਮਾ ਤੇ ਫਰਿਸ਼ਤਿਆਂ ਦੀ ਰਾਖੀ ਗੁਰੂ ਨਾਨਕ ਜੀ ਦੀ ਸਿਖਿਆ ਦੇ ਵਿਰੁੱਧ ਹੈ; ਇਸ ਲਈ ਏਹ ਵਾਕ ਗੁਰੂ ਜੀ ਦੇ ਨਹੀਂ, ਪਰ ਹਿੰਦਾਲੀਏ ਜਨਮ ਸਾਖੀ ਵਾਲੇ ਦੇ ਅਪਣੇ ਹਨ, ਤੇ ਮੰਨਣੇ ਯੋਗ ਨਹੀਂ ਹਨ। ਫਰਿਸ਼ਤਿਆਂ ਦੇ ਸੰਗਿ ਅਸਵਦ ਯਾ ਜਜੋਤੀ ਲਿੰਗ ਨੂੰ ਧੋਣ ਦੀ ਕਹਾਵਤ ਵਿਚ ਜਨਮ ਸਾਖੀ ਵਾਲੇ ਦੀ ਮਸਖਰੀ ਨਾ ਹੋਵੇ ਕਿ ਬੜੇ ਬੜੇ ਬੁਤਸ਼ਿਕਨ ਮੋਮਨ ਮੁਸਲਮਾਨ ਇਸ ਨੂੰ ਚੁੰਮਦੇ ਹਨ, ਆਪ ਹਜ਼ਰਤ ਤੇ ਖਲੀਫਾ ਉਮਰ ਨੇ ਇਸ ਨੂੰ ਚੁੰਮਿਆ। ਇਹ ਚੁੰਮਣਾ ਮਾਨੋਂ ਸ਼ਿਵਲਿੰਗ ਦਾ ਇਸ਼ਨਾਨ ਕਰਾਉਣਾ ਹੈ ਤੇ ਬੁਤਸ਼ਿਕਨਾਂ ਦੇ ਕੇਂਦਰੀ ਮੰਦਰਾਂ ਵਿਚ ਇਹ ਬੁਤ ਪ੍ਰਸਤੀ ਦਾ ਨੁਕਤਾ ਗੱਡਿਆ ਪਿਆ ਹੈ, ਉਸੇ ਮਖੌਲ ਨੂੰ ਕਵਿ ਜੀ ਨੇ ਮਖੌਲ ਕਰਕੇ ਦੁਹਰਾਯਾ ਹੋਵੇ ਇਸ ਪਰ ਆਮ ਮੁਸਲਮਾਨ ਧੀ ਐਹੋ ਜਹੀਆਂ ਫਬਤੀਆਂ ਕਹਿੰਦੇ ਹਨ:—

ਹਜਰ ਮੇਂ ਸੰਗਿ ਅਸਵਦ ਬੁਤਕਦੇ ਮੇਂ ਸੰਗਿ ਮਰਮਰ ਹੈ, ਹੈ ਪਾਲਾ ਪੱਥਰੋਂ ਸੇ ਹੀ ਪੜਾ ਸ਼ੇਖੋ ਬ੍ਰਹਮਨ ਕਾ ਸ਼ੌਕਤ ਮੇਰਠੀ]। ਖੁਦਾ ਕੇ ਵਾਸਤੇ ਕਾਬੇ ਸੇ ਪਰਦਾ ਨਾ ਉਠਾ ਜ਼ਾਹਿਦ, ਕਹੀਂ ਯਾਂ ਸੇ ਬੀ ਵੁਹ ਕਾਫਰ ਸਨਮ ਹੀ ਨਾ ਨਿਕਲ ਆਏ। ਪਰ ਹਰ ਹਾਲ ਅੰਕ ੨੭ ਤੋਂ ੩੨ ਤਕ ਨੂੰ ਗੁਰੂ ਉਚਾਰਿਤ ਨਹੀਂ ਸਮਝਣਾ ਚਾਹੀਦਾ।

ਚਿਰੰਕਾਲ ਤਪ ਧਾਰਿ ॥ ੩੧ ॥ ਪਾਇ ਫਰਿਸ਼ਤੇ ਕੋ ਦਰਸ ਸ਼ਕਤਿਵਾਨ ਹ੍ਵੈ ਸੋਇ। ਪੂਰਨ ਪੈਕੰਬਰ ਭਯੋ ਜਗ ਮਹਿੰ ਪਰਗਟ ਹੋਇ' ॥ ੩੨ ॥ ਸੁਨਿ ਕਰਿ ਸਭਿ ਹੀ ਸ਼੍ਰੌਨ ਮੈਂ 'ਧੰਨ ਧੰਨ' ਮੁਖ ਭਾਖਿ। ਚਰਚਾ ਕੀਨੀ ਅਧਿਕ ਹੀ ਹ੍ਰਿਦੇ ਭਾਉ ਕੋ ਰਾਖਿ ॥ ੩੩ ॥ ਗੁੰਥ ਬਦਨ ਤੇ ਨਹਿੰ ਕਹੀ ਕੀਨੀ ਕਥਾ ਸਮਾਸ[1]। ਜਪਹਿੰ ਨਾਮ, ਪੂਜਹਿੰ ਚਰਨ, ਭਏ ਤੁਰਕ ਸਭਿ ਦਾਸ ॥ ੩੪ ॥ ਸਭਿ ਕਾਜ਼ੀ ਅਤਿ ਦੀਨ ਹ੍ਵੈ ਕਹੈਂ ਬੈਨ ਸਿਰ ਨਾਇ। 'ਦੀਜੈ ਚਰਨ ਖਰਾਂਵ ਅਬ ਹਮ ਪੂਜਹਿੰ ਚਿਤ ਲਾਇ' ॥ ੩੫ ॥ ਸ੍ਵੈਯਾ ॥ ਦੂਸਰੀ ਕੌਂਸ* ਲਈ ਧਰਿ ਕਾਬੇ ਮੇਂ ਪੂਜਤਿ ਤਾਂਹਿ ਸਭੈ ਤੁਰ-

[1]ਸੰਖੇਪ।

*ਹੇਠ ਲਿਖੀ ਬਾਤ ਭਾਈ ਸਾਹਿਬ ਸੰਤ ਸੰਗਤ ਸਿੰਘ ਜੀ 'ਉੱਚ' ਤੋਂ ਆਪ ਪਤਾ ਕਰਕੇ ਆਏ ਹਨ:—ਰਿਆਸਤ ਬਹਾਵਲ ਪੁਰ ਵਿਚ 'ਉੱਚ ਸ਼ਰੀਫ' ਨਾਮ ਕਰਕੇ ਇਕ ਜਗਾ ਹੈ ਜਿਥੇ ਸੱਯਦ 'ਜਲਾਲ ਸਾਨੀ' ਮਖ਼ਦੂਮ 'ਰੁਕਨੁੱਦੀਨ' 'ਅਬੁੱਲਫਤੇ' ਹੋਏ ਹਨ। ਏਹ ਹਜ਼ਰਤ ਅਲੀ ਨੁਕ਼ੀ ਦੇ ਖਾਨਦਾਨ ਦੇ ਸੱਯਦ ਸਾਹਿਬ ਸਨ। ਭਾਵੇਂ ਇਹ ਅਰਬ ਤੋਂ ਹਿੰਦ ਵਿਚ ਆ ਗਏ ਸਨ, ਪਰ ਜਦੋਂ ਇਹ ਮੱਕੇ ਸ਼ਰੀਫ ਜਾਂਦੇ ਸਨ ਤਦ ਇਹ ਉਥੋਂ ਦੇ ਸ਼ਰੀਫ ਸਮਾਨ ਹੁੰਦੇ ਸਨ। ਜਦੋਂ ਗੁਰੂ ਬਾਬਾ ਜੀ ਮੱਕੇ ਗਏ ਤਦੋਂ 'ਮਖਦੂਮ ਰੁਕਨੁੱਦੀਨ' ਸਾਹਿਬ ਭੀ ਉਥੇ ਹੀ ਸਨ, ਇਨ੍ਹਾਂ ਦੇ ਨਾਲ 'ਲਾਲ ਜਤੀ' ਆਦਿਕ ਕਈ ਹਿੰਦੀ ਫਕੀਰ ਭੀ ਉਥੇ ਹੀ ਸਨ। ਜਦੋਂ ਸਤਿਗੁਰੂ ਬਾਬੇ ਜੀ ਦੇ ਚਰਣਾਂ ਨਾਲ ਕਾਬਾ ਫਿਰਿਆ ਤਾਂ ਸਾਰੇ ਮੁਸਲਮਾਨਾਂ ਨੇ ਗੁਰੂ ਬਾਬੇ ਨਾਲ ਧਰਮ ਵਿਸ਼ੇ ਦੇ ਪ੍ਰਸ਼ਨ ਉਤ੍ਰਾਂ ਲਈ 'ਮਖਦੂਮ ਰੁਕਨੁੱਦੀਨ' ਜੀ ਨੂੰ ਹੀ ਅੱਗੇ ਕੀਤਾ। ਆਪ ਦਾ ਨਾਮ ਹੀ ਜਨਮ ਸਾਖੀਆਂ ਵਿਚ 'ਰੁਕਨਲ' ਲਿਖਿਆ ਹੈ। ਜਦ ਹਰ ਤਰ੍ਹਾਂ ਗੁਰੂ ਬਾਬੇ ਜੀ ਵੱਲੋਂ ਆਪਨੂੰ ਤਸੱਲੀ ਬਖਸ਼ ਜਵਾਬ ਮਿਲੇ ਤੇ ਅੱਖੀਂ ਬਰਕਤ ਵੇਖੀ ਆਪ ਗੁਰੂ ਜੀ ਦੇ ਸਾਦਕ ਬਨ ਗਏ ਤੇ ਨਿਸ਼ਾਨੀ ਮੰਗੀ, ਤਦੋਂ ਸਤਿਗੁਰੂ ਜੀ ਨੇ ਆਪਣੀ ਕੌਂਸ ਬਖਸ਼ੀ। ਕੌਂਸ ਉਸ ਖੜਾਂਵ ਨੂੰ ਆਖਦੇ ਹਨ ਜਿਸਦੀ ਖੂੰਟੀ ਨਾ ਹੋਵੇ, ਇਹ ਕੌਂਸ ਆਪ ਮੱਕੇ ਵਿਚ ਪਾਸ ਰਖਕੇ ਬੜੇ ਸਤਿਕਾਰ ਨਾਲ ਆਪ ਦਰਸ਼ਨ ਕਰਦੇ ਤੇ ਹੋਰ ਸਾਦਕਾਂ ਨੂੰ ਕਰਾਉਂਦੇ ਰਹੇ। ਜਦੋਂ ਆਪ ਹਿੰਦ ਨੂੰ ਆਏ ਤਾਂ ਪਿਆਰੇ ਗੁਰੂ ਦੀ ਨਿਸ਼ਾਨੀ ਉਹ ਕੌਂਸ ਨਾਲ ਹੀ ਲੈ ਆਏ। ਇਹ ਖੜਾਵਾਂ ਅੱਜ ਤੱਕ ਸਤਿਕਾਰ ਨਾਲ ਉੱਚ ਸ਼ਰੀਫ ਦੇ ਪੀਰ ਜੀ ਦੇ ਤੋਸ਼ੇ ਖਾਨੇ ਵਿਚ ਮੌਜੂਦ ਹਨ ਅਰ ਬੜੇ ਸਤਿਕਾਰ ਨਾਲ ਉਨ੍ਹਾਂ ਨੇ ਰੱਖੀਆਂ ਹੋਈਆਂ ਹਨ। ਕਈ ਵੇਰ ਧਨਵਾਨ ਸਿੱਖਾਂ ਨੇ ਬਹੁਤ ਸਾਰੀ ਨਕਦੀ ਜ਼ਮੀਨ ਆਦ ਨਜ਼ਰਾਨਾ ਦੇਕੇ ਇਹ ਖੜਾਵਾਂ ਲੈਣੀਆ ਚਾਹੀਆਂ ਹਨ ਪਰ ਉਥੋਂ ਦੇ ਪੀਰ ਸਾਹਿਬ ਜੀ ਨੇ ਮੁਕੱਦਸ ਚੀਜ਼ ਸਮਝਕੇ ਨਹੀਂ ਦਿੱਤੀਆਂ। ਹਾਂ ਕਦੇ ਕਦੇ ਦਰਸ਼ਨ ਕਰਾ ਦਿੰਦੇ ਹਨ, ਪਰ ਖਾਸ ਖਾਸ ਮੇਲਿਆਂ ਤੇ ਕਢਦੇ ਹਨ। ਉੱਚ ਦੇ ਪੀਰ ਕੇਸ ਰਖਦੇ ਤੇ ਗੁਰੂ ਘਰ ਨੂੰ ਮੰਨਦੇ ਸਨ। ਗੁਰੂ ਗੋਬਿੰਦ ਸਿੰਘ ਜੀ ਤਦੇ ਉੱਚ ਦੇ ਪੀਰਾਨ ਪੀਰ ਕਹਾਏ। ਦੱਖਣ ਜਾਂਦਿਆਂ ਦਸਮ ਗੁਰੂ ਜੀ ਉੱਚ ਦੇ ਪੀਰ ਨੂੰ ਵਰ ਦੇ ਗਏ ਸਨ। ਮਹਾਰਾਜਾ ਰਣਜੀਤਸਿੰਘ ਨੇ ਉਸ ਵਰ ਦਾ ਸਤਿਕਾਰ ਕੀਤਾ।

ਕਾਨਾ।–ਹੈ ਇਹ ਆਪ ਖੁਦਾਇ ਧਰਾ ਤਨ[1] ਲੋਕ ਉਧਾਰਨ–ਯੌਂ ਮਨ ਮਾਨਾ। ਕੀਰਤਿ ਹੋਇਰਹੀ ਜਿਤ ਹੀ ਤਿਤ ਉੱਜਲ ਸੋਹਤਿ ਜੌਨ੍ਹ ਸਮਾਨਾ। ਬੈਠੇ ਹੁਤੇ ਇਕਕਾਲ ਇਕੇਲੇ ਹੀ ਤਾਂ ਛਿਨ ਸ੍ਰੀ ਮੁਖ ਬੈਨ ਬਖਾਨਾ ॥੩੬॥

ਕਬਿੱਤ ॥ ਹੌਂਹੂ ਮਰਦਾਨਾ ਬੈਸੇ[2] ਪਾਸ ਤਿਹ ਥਾਨਾ, ਕਹੈਂ:-- 'ਆਜ ਹਮੈਂ ਯਾਦ ਕੀਨੋ ਮਨ ਸੁਸਾ[3] ਨਾਨਕੀ। ਚਲਯੋ ਅਬ ਚਹਿਯੇ, ਨ ਬਿਲੰਬ ਕੌ ਲਗੱਯੇ, ਸੁਧਿ ਲੀਜੈ ਬੇਗ ਜਾਇ ਕਰਿ ਪੁਰਿ ਸੁਲਤਾਨ ਕੀ'। ਬੋਲਯੋ ਮਰਦਾਨਾ 'ਅਬ ਸੰਧ੍ਯਾ ਕਾਲ ਭਯੋ ਪ੍ਰਭੁ! ਕੈਸੇ ਬਿਧਿ[4] ਬਨੈ ਤਹਾਂ ਤੂਰਨ[5] ਹੀ ਜਾਨ ਕੀ। ਰਹੋ ਇਹ ਠੌਰ ਰੈਨ, ਭੋਰ ਕੋ ਪਯਾਨ ਕੀਜੈ' ਮਹਿਮਾ ਨ ਜਾਨਿ ਸਕੇ ਕਰੁਨਾਨਿਧਾਨ[6] ਕੀ ॥ ੩੭ ॥

ਦੋਹਰਾ ॥ ਗੁਰੂ ਕਹੈਂ 'ਤੂਰਨ ਚਲੈਂ ਅਬਿ ਹੀ ਪੁਰਿ ਸੁਲਤਾਨ। ਸੁਸਾ[7] ਸੰਗ[8] ਮਮ[9] ਬਚਨ ਹੈ ਕਿਉਂ ਕਰਿ ਸਕੈਂ ਸੁ ਹਾਨ[10]' ॥ ੩੮ ॥ ਅਸ ਕਹਿ ਗਮਨੇ ਤੁਰਤ ਹੀ ਹੁਤੋ ਜੁ ਸੰਧ੍ਯਾ ਕਾਲ। ਘਟੀ ਨਿਸਾ ਬੀਤੀ[11] ਜਬਹਿ ਪਹੁੰਚੇ ਨਗਰ ਕ੍ਰਿਪਾਲ ॥ ੩੯ ॥ ਕਬਿੱਤ ॥ ਤੁਲਸਾਂ ਜੋ ਦਾਸੀ ਸੋਊ ਦੇਖਿ ਹਰਖਾਈ ਕਹੈ 'ਬਹੂ ਜੀ! ਵਧਾਈ ਤੁਮ ਭ੍ਰਾਤ ਆਯੋ ਜਾਨਿਯੇ'। ਧਾਈ ਹਰਖਾਈ ਫਨਿਰਾਇ[12] ਮਨਿ ਪਾਈ ਮਨੋ[13], ਘਰੀ ਸੁਖਦਾਈ ਸੋਊ ਭਈ ਅਪ੍ਰਮਾਨੀਯੇ[14]। ਦੇਖਿ ਨਿਜ ਭ੍ਰਾਈ ਪਦਕੰਜ[15] ਲਪਟਾਈ ਗੁਰੂ ਹਾਥ ਸੋਂ ਉਚਾਈ[16] ਸਨਮਾਨਤਿ[17] ਮਹਾਨਿਯੇ। ਬੋਲੇ ਦੁਖਦਾਹੀ[18] 'ਕੀਨੋ ਯਾਦ ਮਨ ਮਾਂਹੀ ਯਾਂਤੇ ਆਯੋ ਤੁਮ ਪਾਹੀ ਨੀਕੇ ਰਿਦੇ ਪਹਿਚਾਂਨਿਯੇ' ॥ ੪੦ ॥ ਦੋਹਰਾ ॥ ਮੰਚ ਡਸਾਯੋ ਬੈਸਿਗੇ ਬੋਲੇ ਬਹੁਰ ਕ੍ਰਿਪਾਲ। 'ਕਹਹੁ ਸੁਸਾ ਨਿਜ ਕਾਜ ਅਬ ਪੂਰਹਿ ਸੋ ਤਤਕਾਲ' ॥ ੪੧ ॥ ਕਬਿੱਤ ॥ ਨਾਨਕੀ ਕਹਿਤ 'ਚਿਤ ਚਾਹਿ ਦਰਸ਼ਨ ਹਿਤ ਕੀਨੋ ਚਿਤ[19], ਮਿਲੇ ਬਿਨ ਬਰਖ ਬਿਹਾਏ ਹੈਂ। ਭ੍ਰਾਤ ਨੈ ਬਿਸਾਰੀ ਮੋਹਿ[20], ਮੋ ਕੋ ਚਾਹ ਦੇਖੋਂ ਤੋਹਿ' ਐਸੇ ਕਹਿ ਆਂਖਨ ਤੇ ਆਂਸੂਨ ਢੁਰਾਏ[21] ਹੈਂ। ਪੌਂਛ ਮੁਖ ਹਾਥ ਸਾਥ ਬੂਝੈ ਸੁਖ ਗਾਥ ਪੁਨ 'ਹੋਵੈਂਗੇ ਸਮੀਪ ਯਾਂਤੇ ਤੂਰਨ ਹੀ ਆਏ ਹੈਂ'। ਭਾਖੈ ਮਰਦਾਨਾ

[1]ਸਰੀਰ। [2]ਬੈਠੇ। [3]ਭੈਣ। [4]ਤਰੀਕਾ। [5]ਛੇਤੀ। [6]ਕ੍ਰਿਪਾ ਦੇ ਖਜ਼ਾਨੇ ਭਾਵ ਗੁਰੂ ਜੀ ਦੀ। [7]ਭੈਣ। [8]ਨਾਲ। [9]ਮੇਰਾ। [10]ਕਿਵੇਂ ਮੋੜ ਸਕਦੇ ਹਾਂ। [11]ਇਕ ਘੜੀ ਰਾਤ ਬੀਤੀ। [12]ਸ਼ੇਸ਼ਨਾਗ ਨੇ। [13]ਮਣੀ ਪਾਈ ਮਾਨੋਂ। [14]ਬਹੁਤ ਹੀ। [15]ਚਰਣਾਂ ਕਵਲਾਂ ਨੂੰ। [16]ਉਠਾਈ। [17]ਆਦਰ ਕੀਤਾ। [18]ਦੁਖਾਂ ਨੂੰ ਸਾੜਨ ਵਾਲੇ। [19]ਦਰਸ਼ਨ ਕਰਨ ਨੂੰ ਜੀ ਕੀਤਾ। [20]ਮੈਂ। [21]ਅੱਥ੍ਰੂ ਵਗਾਏ।

ਯੌਂ 'ਰਜਾਦੀ[੧] ! ਸੁਨਿ ਲੀਜੇ ਹਿਤ ਤੇਰੇ ਹੀ ਹਜ਼ਾਰ ਕੌਸ ਕੇਤੇ ਤਜਿ ਧਾਏ ਹੈਂ ॥ ੪੨ ॥ ਕਬਿੱਤ ॥ ਛਿਨ ਬਿਖੇ ਆਇ ਕੇਤੇ ਬਰਖ ਕੋ ਪੰਥ ਜੋਊ' ਨਾਨਕ ਜੀ ਨੈਨਨ ਕੀ ਸੈਨ ਸੋਂ[੨] ਨਿਵਾਰਿਯਾ[੩] । ਸੋਦਰੀ ਸੋਂ ਕਹੈਂ 'ਚਿਤ ਚਿਤਵਨ ਪੂਰੀ ਭਈ, ਦੀਜੈ ਅਬ ਆਇਸੁ ਬਿਲੰਬ ਕੋ ਬਿਦਾਰਿਯਾ[੪] । ਜੀਜੇ ਆਗੇ ਬਿਨੈ ਕੀਜੈ, ਖੁਸ਼ੀ ਕਹਿ ਦੀਜੈ ਤੁਮ, ਪੰਥ ਪਰ ਠਾਂਢੇ ਹਮ ਚਹਿਤ ਪਧਾਰਿਯਾ'। ਐਸੇ ਸੁਨਿ ਬੈਨ ਭਯੋ ਹੀਯੋ ਬਿਨ ਚੈਨ, ਬਹੁ ਰੋਦਨ ਤੇ ਨੈਨ ਕਰਿ ਆਂਸੁਨ ਕੋ ਢਾਰਿਯਾ ॥ ੪੩ ॥ ਕਬਿੱਤ ॥ ਸਿਰੀ ਚੰਦ ਆਨਿ ਕੀਨ ਠਾਂਢੋ ਅਗਵਾਨ ਜਬ ਬੰਦੇ ਮੈਂ ਦੋ ਪਾਨ[੫] ਤਬ ਬੈਨ ਕੋ ਬਖਾਨਿਯਾ। 'ਸੋਦਰੀ[੬] ਰੁਦਨ[੭] ਬਿਲਖਾਤਿ[੮] ਹੈ ਬਦਨ[੯], ਨਹੀਂ ਜੀਜਾ ਹੈ ਸਦਨ, ਆਜ ਰਹੋ, ਨ ਪਧਾਨਿਯਾ'। ਗੁਰੂ ਗਤਿਦੈਨ ਰਹੇ ਨਾਨਕੀ ਕੇ ਐਨ ਰੈਨ, ਮੇਰੇ ਬੈਨ ਸੁਨੇ ਤਬ ਸੁਖਦਾਨਿ ਮਾਨਿਯਾ। ਕਵਲ ਬਦਨ ਸੁਠ ਗ੍ਯਾਨ ਕੋ ਸਦਨ, ਦਾਸ ਮੋਹ ਕੋ ਕਦਨ, ਦਰਸ਼ਨ ਦੋਖ ਹਾਨਿਯਾ ॥ ੪੪ ॥ ਕਬਿੱਤ ॥ ਆਯੋ ਹੈ ਜੈਰਾਮ, ਦੌਰ ਕੀਨੀ ਹੈ ਪ੍ਰਨਾਮ, ਗੁਰ ਹਾਥ ਸੋਂ ਉਠਾਇ ਤਾਂਕੋ ਬੰਦਨਾ ਕਰਤਿ ਹੈਂ। ਬੂਝਤਿ ਕੁਸ਼ਲ ਬੈਸੇ ਸਾਦਰ ਸੋ ਮਿਲਿ ਨੀਕੇ ਭੋਜਨ ਕਰਾਯੋ ਸ਼ੋਕ ਮਨ ਕੇ ਹਰਤਿ ਹੈਂ। ਖਾਇਕੇ ਅਸਨ, ਪੌਢੇ ਸੁਭਗ[੧੦] ਬਸਨ[੧੧] ਲੇਯ, ਜਾਂਕੇ ਦਰਸ਼ਨ ਭਵ ਬੰਧਨ ਟਰਤਿ ਹੈਂ। ਡੇਢ ਜਾਮ ਜਾਮਨੀ ਤੇ ਕੀਨੋ ਇਸ਼ਨਾਨ ਨੀਰ ਜਗਤ ਉਧਾਰਿਬੇ ਕੀ ਕਾਮਨਾ[੧੨] ਧਰਤਿ ਹੈਂ ॥੪੫॥ ਕਬਿੱਤ ॥ ਭੋਰ ਭਈ ਚਲਿਬੇ ਕੋ ਤ੍ਯਾਰ ਭਏ ਦੀਨਾਨਾਥ, ਬੋਲੇ ਮਰਦਾਨੇ ਸੋਂ 'ਰਬਾਬ ਕੰਧੇ[੧੩] ਲੀਜਿਯੇ'। ਸੁਸਾ ਸੁਨਿ ਆਈ ਬਾਨੀ ਬਦਨ ਅਲਾਈ 'ਏਕ ਮਾਸ ਰਹੋ ਭਾਈ, ਮੇਰੀ ਬਿਨਤੀ ਮਨੀਜਿਯੇ। ਰਿਦੇ ਨਿਤ ਚਾਹ, ਕੇਤੇ ਦਿਨ ਮੈਂ ਦਿਖਾਯੋ ਮੁਖ ਮੋਕੋ ਸੁਖ ਦੀਜੈ ਨਿਜ ਸਦਨ ਰਹੀਜਿਯੇ'। ਭਾਖਤਿ ਜੈਰਾਮ 'ਐਸੋ ਕੌਨ ਤੁਮ ਕਾਮ ? ਪੁਨ ਫਿਰੇ ਬਹੁ ਕਾਲ ਬਿਸਰਾਮ ਅਬ ਕੀਜਿਯੇ' ॥ ੪੬ ॥ ਕਬਿੱਤ ॥ ਕਮਲ ਬਦਨ ਬੋਲੇ 'ਰਿਦਾ ਜਿਨ ਮਿਲਯੋ ਹੋਤਿ, ਸੋਈ

---

[੧] ਹੇ ਬੀਬੀ ਜੀ। ਰਾਇਜ਼ਾਦੀ=ਸ਼ਰੀਫ ਦੀ ਬੇਟੀ। [੨] ਅੱਖਾਂ ਦੇ ਇਸ਼ਾਰੇ ਨਾਲ। [੩] ਮਨ੍ਹੇ ਕੀਤਾ (ਮਰਦਾਨੇ ਨੂੰ)। [੪] ਦੇਰੀ ਨੂੰ ਦੂਰ ਕਰਕੇ। [੫] ਦੋ ਹਥ। [੬] ਭੈਣ। [੭] ਰੋ ਕੇ। [੮] ਵਿਰਲਾਪ ਕਰਦੀ। [੯] ਮੁਖੋਂ। [੧੦] ਚੰਗੇ। [੧੧] ਬਸਤਰ। [੧੨] ਜਗਤ ਉਧਾਰਨੇ ਦੀ ਇੱਛਾ। [੧੩] ਮੋਢੇ ਤੇ।

ਸਦਾ ਮਿਲੇ ਬਿੱਥ ਕਬੈ ਨ ਲਖੀਜਿਯੈ[੧]। ਸੁਸਾ[੨]! ਮੋਹ ਨਾਸ਼ ਕਰਿ, ਗਜ਼ਾਨ ਕੋ ਬਿਚਾਰ ਉਰ, ਮਿਲਨ ਬਿਯੋਗ[੩] ਤਨ ਧਰਮ ਜਨੀਜਿਯੇ। ਚਲਯੋ ਅਬ ਚਹੈਂ ਹਮ ਪੰਥ ਪਰ ਅਹੈਂ ਖਰੇ, ਦੀਜੀਏ ਰਜਾਇ, ਨਾਂ ਬਿਲੰਬ ਕੋ ਲਗੀਜਿਯੇ। ਰਹੈਂ ਪੁਨ ਆਈ, ਤੁਮ ਨਿਕਟ ਸਦਾਈ[੪], ਮਨ ਸ਼ੋਕ ਕੋ ਨਸਾਈ, ਮੇਰੋ ਬੈਨ ਮਾਨਿ ਲੀਜਿਯੇ' ॥੪੭॥ ਕਬਿੱਤ ॥ ਨਾਨਕੀ ਅਲਾਈ:'ਕਬਮਿਲੋ ਫੇਰ ਆਈ?' ਕਹੈਂ ਨਾਨਕ ਜੀ'ਯਾਦ ਕਰੋ,ਦੇਹੁੰ ਮੈਂ ਦਿਦਾਰ ਕੋ'। ਸੰਗ ਮਰਦਾਨਾ ਮੋਕੋ ਲੈਕੇ ਗੁਰ ਚਲੇ ਤਬ ਜਾਂ ਕੇ ਵਾਕ ਨੌਕਾ[੫] ਭਵ ਸਾਗਰ ਕੇ ਪਾਰ ਕੋ[੬]। ਚਾਰ ਘਟੀ ਰੈਨ[੭] ਕੂਚ ਕੀਨੋ ਦੂਰਗਏ ਚਲਿ, ਭੋਰ[੮] ਭਈ ਲੰਘੇ ਕੋਸ ਪੰਚਮ ਹਜ਼ਾਰ ਕੋ[੯]। ਠਾਂਢੇ ਹੋਇ ਬੂਝੇ'ਕਹੋ ਕਹਾਂ ਹਮ ਆਏ ਅਬ ਥਾਨ ਪਹਿਚਾਨੋ ਮਨ ਕੀਜਿਯੇ ਬਿਚਾਰ ਕੋ'॥੪੮॥ ਕਬਿੱਤ ॥ 'ਆਪ ਕਰਤਾਰ ਤੁਮ ਧਰਾ ਅਵਤਾਰ ਭਵ ਸਦਾ ਹੀ ਅਪਾਰ ਹੋ ਨ ਸ਼ੇਸ਼[੧੦] ਪਾਰ ਪਾਵਈ[੧੧]। ਕਲੀਕਾਲ ਮੰਦਮਤਿ ਕੈਸੇ ਜਾਨੈਂ ਤੋਹਿ ਗਤਿ ਨੇਤਿ ਨੇਤਿ ਕਹੈ ਬੇਦ ਕੈਸੇ ਅੰਤ ਪਾਵਈ'।ਬੋਲਯੋ ਮਰਦਾਨਾ'ਏਹ ਜਾਨਯੋ ਸੋਊ ਥਾਨਾ ਜਹਾਂ ਮੱਕੇ ਕੋ ਪਯਾਨਾ ਕੀਨ ਮੋ ਕੋ ਦ੍ਰਿਸ਼ਟਾਵਈ'। ਸੁਨਯੋ ਮੁਸ਼ਕਾਨੇ'ਨੀਕੀ[੧੨]ਕੀਨ ਤੈਂ ਪਛਾਨੇ ਅਬ'ਮੇਰੀ ਦਿਸ਼ ਦੇਖਿ ਪੁਨ ਸ੍ਰੀ ਗੁਰੂ ਅਲਾਵਈਂ॥੪੯॥ ਦੋਹਰਾ॥'ਚਲਨ ਚਹਿਤ ਕਿਤ ਦਿਸ਼ਾ ਕੋ ਦੀਜੇ ਅਬਹਿ ਬਤਾਇ'। ਤਬ ਬੋਲਯੋ ਮੈਂ ਬੰਦਿ ਕਰ 'ਸੁਨਿਯੇ ਪ੍ਰਭੁ ਗਤਿਦਾਇ! ॥੫੦॥ ਸੈਯਾ ॥ ਹੈ ਜਿਤ ਚਾਹ ਚਲੋ ਤੁਮਰੀ ਪਸ਼ਚਾਤ ਚਲੈਂ ਸੁਨਿਯੇ ਸੁਖਦਾਨਾ!' ਸ੍ਰੀ ਗੁਰਭਾਖਤਿ'ਮੇਰੁ ਕੇ ਊਪਰ ਹੈ ਸਿਧ ਮੰਡਲੀ ਜਾਂ ਮਨ ਮਾਨਾ[੧੩]।ਦੇਖਹਿੰ ਸੋ, ਤਹਿੰ ਥਾਨ ਚਲੋ' ਸੁਨਿ ਯੋਂ ਕਰ ਬੰਦਿ, ਉਠਯੋ ਮਰਦਾਨਾ।'ਮੋਹਿਛੁਧਾ ਜਬ ਦੇਹੁ ਹਟਾਇ ਤਬੈ ਤੁਮਰੇ ਸੰਗ ਹੋਇ ਪਯਾਨਾ'॥੫੧॥ ਸੈਯਾ॥ ਬਿਗਸੇ ਸੁਨਿ ਬੈਨ ਗੁਰੂ ਗੁਨ ਐਨ ਦਯਾ ਜਿਨ ਨੈਨ ਰਹੀ ਛਬਿ ਛਾਈ।ਜਿਨ ਦੇਹ ਧਰੀ ਜਗ ਤਾਰਨ ਕਾਰਨ ਦੰਭ ਬਿਦਾਰਨ ਸ੍ਰੀ ਜਗਰਾਈ। 'ਮਨ ਮੈਂ ਜਿਮ ਚਾਹਤਿ ਹੋਵਹਿ ਸੋ ਬਹੁਰੋ ਦੁਖ ਭੂਖ ਨ ਪਾਇੰ ਕਦਾਈ'। ਕਹਿ ਯੌਂ, ਪ੍ਰਸਥਾਨ ਕਿਯੋ ਜਬਹੀ ਤਬ ਕੰਚਨ ਕੀ ਧਰਨੀ ਤਹਿੰ ਆਈ॥੫੨॥

[੧](ਵਿੱਥ=) ਫਰਕ ਕਦੇ ਨਾਂ ਜਾਣੀਏਂ। [੨]ਹੇ ਭੈਣ!। [੩]ਮਿਲਨਾ ਤੇ ਵਿਛੁੜਨਾ। [੪]ਹਮੇਸ਼ ਹੀ! [੫]ਬੇੜੀ ਵਤ ਹਨ। [੬]ਪਾਰ ਕਰਨ ਨੂੰ। [੭]ਚਾਰ ਘੜੀਆਂ ਰਾਤ ਰਹਿੰਦੀ। [੮]ਸਵੇਰ। [੯]ਪੰਜ ਹਜ਼ਾਰ। [੧੦]ਸ਼ੇਸ਼ਨਾਗ। [੧੧]ਅੰਤ ਨਹੀਂ ਪਾ ਸਕਦਾ। [੧੨]ਠੀਕ। [੧੩]ਜਿਨ੍ਹਾਂ ਦੇ ਮਨ ਵਿੱਚ ਮਾਨ ਹੈ।

ਸੈਯਾ॥ ਤਾਹਿੰ ਬਿਲੋਕਤਿ ਹੀ ਹਰਖਾ ਕਰ ਬੰਦਿ ਕਹੈ ਗੁਰ ਸੋਂ ਮਰਦਾਨਾ। 'ਦੇਖਤਿ ਮੈਂ ਬਿਸਮਾਦ ਭਯੋ ਸਭਿ ਹੀ ਧਰਨੀ ਪਰ ਹੇਮ ਮਹਾਨਾ। ਹੈਂ ਸਰਿਤਾ ਜਿਨ ਮੈਂ ਰਸ ਸੁੰਦਰ ਮਾਨਵ ਏਕ ਨਹੀਂ ਇਸ ਥਾਨਾ। ਕੰਚਨ ਔ ਰਸ[੧] ਬਾਦ[੨] ਪਰਯੋ ਸਭਿ' ਯੌਂ ਸੁਨਿ ਸ੍ਰੀ ਗੁਰ ਬੈਨ ਬਖਾਨਾ॥੫੩॥ਸੈਯਾ॥'ਪ੍ਰੀਤਮ ਜੋ ਕਰਤਾਰ ਕੇ ਸੇਵਕ ਪ੍ਰਾਪਤ ਹੈ ਤਿਨ ਕੋ ਸੁਖਦਾਈ। ਮਾਨਵ ਔਰ ਨ ਆਇ ਸਕੈ ਤਿਨ ਪੀਵਨ ਜੋਗ ਨਹੀਂ ਗਰਬਾਈ[੩]। ਆਪਨਾ ਆਪ ਜਨਾ-ਵਨ ਜੇ ਨਹਿੰ,ਪੀਵਤਿ ਸੇ ਨਿਤ ਹੋ ਤ੍ਰਿਪਤਾਈ।ਭੂਖਲਗੈ ਨਹਿੰ ਪਯਾਸਕਬੈ ਹਰਿਨਾਮ ਕੇ ਸੰਗ ਰਹੇ ਲਿਵਲਾਈ'॥੫੪॥ਕਬਿੱਤ॥ ਸੁਨਿ ਮਰਦਾਨਾ ਮਨ ਮਾਂਹਿ ਹਰਖਾਨਾ ਤਬ ਬਚਨ ਬਖਾਨਾ ਦੇਖਿ ਕਰੁਨਾ ਨਿਧਾਨ ਕੋ।'ਅਇਸੁ ਜੋ ਪਾਉਂ ਕਰਿ ਪਾਨ[੪] ਤ੍ਰਿਪਤਾਊਂ ਛੁਧਾ ਪਯਾਸ ਕੋ ਮਿਟਾਊਂ ਕਰੌਂ ਨਾਸ਼ ਸਭਿ ਮਾਨ ਕੋ'। ਮੰਦ ਮੁਸਕਾਇ ਗੁਰੂ ਬਚਨ ਅਲਾਇ 'ਉਰ ਜਰੈਂ ਜੋ[੫] ਅਜਰ[੬] ਤਬ ਕੀਜੈ ਇਹ ਪਾਨ ਕੋ'। 'ਚਿਰੰਕਾਲ ਭਯੋ ਤੁਮ ਸੰਗ' ਬਿਚਰਨ ਲਯੋ ਕੀਜੈ ਕਬਿ ਦਯਾ ਬਰ ਦੀਜਿਯੇ ਪਚਾਨ ਕੋ[੭]॥੫੫॥ ਸੈਯਾ॥ ਲੇ ਕਰਿ ਆਇਸ ਸ੍ਰੀ ਗੁਰ ਕੀ ਤਬ ਪੀਵਤ ਭਾ ਰਸ ਸੋ ਮਰਦਾਨਾ। ਹੋਇ ਬਿਦੇਹ[੮] ਗਯੋ ਖਿਨ ਤਾਂ, ਦਸਵੇਂ ਦਰ ਜਾਇ ਲਗਾ ਸ਼ੁਭ ਧਯਾਨਾ। ਜਾਮ ਸੁ ਏਕ ਖੁਲੇ ਤਿਹ ਨੈਨ,ਭਯੋਭਵ ਮੋਹ[੧੦] ਬਿਹੀਨ ਸੁਜਾਨਾ। ਮੇਰ ਔ ਤੇਰ ਭੁਲਾਇ ਦਯੋ ਉਰਗਯਾਨ ਭਯੋ ਮਿਟਗਯੋ ਅੱਗਯਾਨਾ॥੫੬॥ਕਰਬੰਦਿ ਉਭੈ ਕਰਿ ਬੰਦਨ ਪਾਇ ਪ੍ਰਸੰਸਤਿ[੧੧] ਵਾਕਨ ਸੋਂ ਸਖਕੰਦੂ। 'ਜਗਨਾਯਕ ਹੋ, ਗਤਿਦਾਯਕ[੧੨] ਪਾਯਕ[੧੩],ਘਾਯਕ ਮੋਹਕੋ[੧੪], ਦੰਭ ਨਿਕੰਦੂ[੧੫]। ਕਰਿਯੇ ਸੁ ਖਿਮਾਂ ਬਖਸ਼ੋ ਮਨ ਔਗੁਨ,ਨਾਮ ਲਏ ਤਵ[੧੬] ਨਾ ਜਮ ਫੰਦੂ[੧੭]।ਅਨ-ਜਾਨਪਨੇ ਬਚ ਬੋਲੇ ਸਨੰਮੁਖ[੧੮], ਪਾਲਕ ਘਾਲ ਸੰਸਾਰ[੧੯] ਗੁਬਿੰਦੂ[੨੦] !' ॥੫੭॥ ਸੈਯਾ॥ ਯੌਂ ਸੁਨਿ ਕੈ ਹਰਖਾਇ ਗੁਰੂ ਮੁਖ ਵਾਕ ਅਲਾਇ ਸੁਨਾਵਤਿ ਤਾਂਹੀ।'ਜੋ ਤੁਮ ਬੂਝਤਿ ਹੋ ਹਮ ਸੋਂ, ਪਸ਼ਚਾਤ ਕਥਾ ਹੁਇ ਸੇ ਜਗ ਮਾਂਹੀ।

---

[੧]ਜਲ। [੨]ਬਿਅਰਥ। [੩](ਜੋ) ਹੰਕਾਰੀ ਹਨ। [੪]ਪੀਕੇ। [੫]ਰਿਦੇ ਵਿੱਚ ਜੇ ਪਚਾਵੇਂ। [੬]ਨਾ ਜਰੀ ਜਾਣ ਵਾਲੀ। [੭]ਨਾਲ। [੮]ਪਚਾਵਣ ਦਾ। [੯]ਜੀਵਨ ਮੁਕਤ। [੧੦]ਸੰਸਾਰਕ ਮੋਹ ਤੋਂ। [੧੧]ਉਸਤਤ ਵਾਲੇ। [੧੨]ਮੁਕਤੀ ਦਾਤੇ। [੧੩]ਦਾਸਾਂ ਦੇ। [੧੪]ਮੋਹ ਨਾਸ਼ ਕਰਨ ਵਾਲੇ। [੧੫]ਪਖੰਡ ਕੱਟਣ ਵਾਲੇ। [੧੬]ਆਪ ਦਾ। [੧੭]ਧਰਮਰਾਜ ਦੀ ਫਾਹੀ ਨਹੀਂ ਪੈਂਦੀ। [੧੮]ਸਾਮ੍ਹਣੇ। [੧੯]ਜਗ ਦੇ ਪਾਲਣ ਤੇ ਸੰਘਾਰ ਕਰਣ ਵਾਲੇ। [੨੦]ਹੇ ਪਰਮੇਸ਼ਰ ਸਰੂਪ !।

ਜੇ ਪਢਿ ਹੈਂ ਸੁਨਿ ਹੈਂ ਤਿਨ ਕੋ ਮਾਨਹਿਂ[੧] ਸੇ ਸ਼ੁਭ ਮਾਰਗ ਪਾਹੀਂ। ਹੌਂ ਹਰਖਾਵਿਤ ਹੌਂ ਤੁਮ ਬੂਝਤਿ, ਔਰ ਬਿਚਾਰ ਕਰੋ ਕੁਛ ਨਾਂਹੀ ॥ ੫੮ ॥ ਸੈਯਾ॥ ਸੋ ਸਿਖ ਜਾਨ ਭਲੇ ਹੈਂ ਪ੍ਰਬੀਨ ਸੰਦੇਹ ਰਿਦੇ ਗੁਰ ਬੂਝਤਿ ਜੋਊ[੨]। ਸ਼ੰਕ ਤਜੈਂ ਮਨ ਹੋਇ ਨਿਸ਼ੰਕ[੩] ਬਿਨੈ ਕਰਿਕੈ ਨਿਰਸੰਸਤਿ[੪] ਹੋਊ।ਸੋ ਗੁਰ ਹੈ ਗਤਿਦਾਯਕ ਜਾਨਹੁ ਦਾਸ ਸੰਦੇਹ ਸਭੈ ਦਿਯ ਖੋਊ। ਯੌਂ ਕਰਿ ਹੋਇ ਸੁਖੀ ਪੁਨ, ਨਾਤੁਰ[੫] ਬੰਚਕ[੬] ਹੈ ਨਿਜ[੭] ਸ੍ਵਾਰਥੀ[੮] ਦੋਊ[੯]* ॥ ੫੯ ॥ ਸੈਯਾ ॥ ਸੇਵਕ ਕੋ ਗੁਰ ਕੋ ਸਨਬੰਧ[੧੦] ਭਲੋ ਇਹ ਹੈ ਤੁਮ ਸੋਂ ਜੁ ਉਚਾਰਾ। ਬੂਝਿ ਰਿਦੇ ਸੰਦੇਹ† ਸਭੈ, ਗੁਰ ਤਾਂਹਿ ਬਤਾਇ ਕੈ ਦੇਤਿ ਬਿਦਾਰਾ‡।ਸੇਵਕ ਬੂਝਿ[੧੧],ਬਤਾਇ ਗੁਰੂ ਨਹਿਂ[੧੨], ਸੋ ਗੁਰ ਤ੍ਯਾਗ[੧੩], ਨ ਲਾਉ ਅਵਾਰਾ[੧੪]। ਤਾਂ ਢਿਗ ਤੇ ਗਤਿ ਪ੍ਰਾਪਤਿ ਹੋਤਿ ਨ, ਆਪ ਤਰੈ ਨਹਿਂ ਕ੍ਯੋ ਸਿਖਤਾਰਾ[੧੫] ॥੬੦॥ਸੈਯਾ॥ ਭੂਖ ਪਿਪਾਸ[੧੬]§ ਗਈ ਤਨ ਤੇ ਪੁਨ ਤਾਂ ਦਿਨ ਤੇ ਨਹਿਂ ਸੋ ਕਬਿ ਹੋਈ।ਬੈਨ ਸੁਨੇ ਗੁਰੁ ਕੇ ਹਰਖਾ ਪਦ ਬੰਦਤਿ ਹੈ ਕਰਿ ਬੰਦਿਕੈ ਦੋਈ। ਬੂਝਨ ਤੇ ਨਿਰਸੰਸ[੧੭] ਭਯੋ ਮਨ ਸ਼ੰਕ ਗਵਾਇ ਰਹੀ ਨਹਿਂ ਕੋਈ। ਸ਼੍ਰੀ ਗੁਰ ਨਾਨਕ ਸੰਗਿ ਫਿਰ੍ਯੋ ਸਵਲੀ ਨਿਜ ਦੇਹਿ ਕੋ ਮਾਨਤਿ ਸੋਈ ॥੬੧॥ ਸੈਯਾ॥ 'ਭੂਖ ਪਿਪਾਸ ਲਗੈ ਨ ਤੁਮੈਂ ਕਿਹ ਕਾਰਨ ?'ਬੂਝਤਿ ਹੈ ਮਰਦਾਨਾ। 'ਸਾਲ [illegible]ਸਾਲ ਬਿਹਾਵਤਿ ਹੈਂ[੧੮] ਬਿਨ ਭੋਜਨ ਤੇ,ਨਹਿਂ ਪਾਨ ਕੁ ਪਾਨਾ[੧੯]। ਕੌਨ ਅਹਾਰ ਅਧਾਰ ਰਹੈਂ?ਨਿਰਧਾਰ[੨੦] ਕਹੋ ਮੁਝ ਕੋ ਗੁਨਖਾਨਾ!। ਹੈ ਜੁ ਸੰਦੇਹ[੨੧] ਰਿਦੈ ਹਮਰੇ ਇਹ ਦੇਹੁ ਮਿਟਾਇ, ਕਰੋ ਪ੍ਰਸਥਾਨਾ' ॥ ੬੨ ॥ ਸੈਯਾ ॥ ਸ਼੍ਰੀ ਗੁਰ ਬੈਨ ਭਨੇ ਸੁਨਿਕੈ 'ਗੁਰੁ ਸਿੱਖ ਭਲੇ ਮਨ ਭਾਉ ਜੁ ਧਾਰੈਂ। ਹੈ ਭਗਤੀ ਤਿਨਕੇ ਮਨ ਅੰਤਰ ਜੇ ਗੁਰੁ ਕੋ ਨਿਸ਼ਚਾ ਨ ਨਿਵਾਰੈਂ[੨੨]। ਭੋਜਨ ਕੋ ਕਰਿਹੈਂ ਹਿਤ ਸੋਂ ਗੁਰੁ ਸਿੱਖਨ ਕੋ ਗੁਰੁ ਸਿੱਖ ਖੁਵਾਰੈਂ[੨੩]। ਸੋ ਮੁਹਿ ਪ੍ਰਾਪਤਿ ਹੋਵਤਿ ਹੈ ਤਬ ਜਾਇ ਛੁਧਾ, ਰਹੌਂ ਤਾਂਹਿ ਅਧਾਰੈਂ[੨੪] ॥੬੩॥

---

[੧]ਮਨ ਵਿੱਚ ਮੰਨਣਗੇ। [੨]ਜੋ ਦਿਲ ਦਾ ਸੰਸਾ ਗੁਰੂ ਤੋਂ ਪੁੱਛ ਲੈਂਦੇ ਹਨ। [੩]ਸ਼ੰਕਾ ਰਹਿਤ। [੪]ਸੰਸਾ ਰਹਿਤ। [੫]ਨਹੀਂ ਤਾਂ। [੬]ਠੱਗ। [੭]ਅਪਨੇ। [੮]ਮਤਲਬੀ। [੯]ਦੋਵੇਂ (ਗੁਰੂ ਤੇ ਚੇਲਾ)। [੧੦]ਤਅੱਲਕ। [੧੧]ਪੁੱਛੇ। [੧੨]ਦੱਸੇ ਗੁਰੂ ਨਾਂ। [੧੩]ਛੱਡ ਦਿਓ। [੧੪]ਡੇਰ ਨਾ ਲਾਓ। [੧੫]ਤਾਰੇਗਾ। [੧੬]ਤ੍ਰੇਹ। [੧੭]ਸ਼ੱਕ ਤੋਂ ਬਿਨਾਂ। [੧੮]ਬਿਤੀਤ ਹੁੰਦੇ ਹਨ। [੧੯]ਨਾ ਹੀ ਪਾਣੀ ਪੀਂਦੇ ਹੋ। [੨੦]ਨਿਰਣੇ ਕਰਕੇ। [੨੧]ਸ਼ੱਕ ! [੨੨]ਨਹੀਂ ਹਟਾਂਵਦੇ। [੨੩]ਖੁਆਉਂਦੇ ਹਨ। [੨੪]ਉਸ ਦੇ ਆਸਰੇ।

*ਪਾਃ—ਜਗ ਮਾਂਹਿ ਸੁ ਦੋਊ। †ਪਾਃ—ਰਿਦੇ ਕੇ ਸੰਦੇਹ।

‡ਪਾਃ—ਨਿਵਾਰਾ। §ਪਾਃ—ਪਿਆਸ।

ਦੋਹਰਾ ॥ ਸਾਚ ਬਚਨ ਮਮ ਜਾਨ ਇਹ ਮਰਦਾਨੇ ਮਨ ਮਾਨਿ'।
ਅਸ ਕਹਿ ਗਮਨੇ ਮੇਰੁ ਕੋ ਸਿੱਧਨ ਖੋਵਨ[1] ਮਾਨ[2] ॥ ੬੪ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰ ਜਾਵਨ, ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਉਨਾਹਠਮੋ ਅਧਜਾਯ ॥ ੫੯ ॥

੬੦. [ਗੁਰਚਰਨ ਮੰਗਲ। ਸੁਮੇਰ ਤੇ ਗੋਰਖ, ਮਛਿੰਦ੍ਰ, ਲਹੁਰੀਪਾ ਨਾਲ ਚਰਚਾ]

ਦੋਹਰਾ—ਸ੍ਰੀ ਗੁਰ ਚਰਨ ਸਰੋਜ ਕੋ ਪ੍ਰੇਮ ਅਮੀ ਪਹਿਚਾਨ।
ਅਮਰ ਅਜਰ ਸੁਖ ਪਾਇ ਹੈਂ ਜੋ ਕਰਿਹੀ ਤਿਹ ਪਾਨ॥ ੧ ॥

[ਸਰੋਜ=ਕਵਲ। ਅਮੀ=ਅੰਮ੍ਰਿਤ। [ਸੰਸ:, ਅਮ੍ਰਿਤ। ਪ੍ਰਾਕ੍ਰਿਤ, ਅਮਿਅ। ਹਿੰਦੀ, ਅਮਜ, ਅਮਿ, ਅਮੀ]
ਅਮਰ=ਜੋ ਨਾ ਮਰੇ, ਸਦਾ ਥਿਰ।
ਅਜਰ=ਜਿਸਨੂੰ ਬੁਢੇਪਾ ਨਾ ਆਵੇ, ਜੋ ਇਕ ਰਸ ਰਹੇ।
ਪਾਨ=ਪੀਣਾ।]

ਅਰਥ—ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ( ਜੋ ) ਪ੍ਰੇਮ ਹੈ (ਉਸ ਨੂੰ) ਪਛਾਣ ( ਕਿ ਉਹ ) ਅੰਮ੍ਰਿਤ ਹੈ। ਜੋ ਉਸ ਨੂੰ ਪੀਣਗੇ (ਓਹ) ਅਮਰ ਤੇ ਅਜਰ ਸੁਖ ਪ੍ਰਾਪਤ ਕਰਨਗੇ।

ਸ੍ਰੀ ਬਾਲਾ ਸੰਧੁਰੁ ਵਾਚ ॥ ਕਬਿੱਤ ॥ ਦਿਗਬਿਜੈ ਹੇਤ[3] ਸਾਜਿ ਬੇਦੀ ਕੁਲਕੇਤੁ ਦਲ[4], ਚਲੇ ਦੰਭ ਦਲਿਬੇ ਕੋ, ਦਲਿਨਿ[5] ਬਿਦਾਰਿਯਾ[6]। ਭਗਤਿ[7] ਕੀ ਕੇਤੁ[8], ਪਟ[9] ਪ੍ਰੇਮ ਕੇ ਸਮੇਤ ਕਰਿ ਕੀਰਿਤਿ[10] ਨਿਸ਼ਾਨੋ[11] ਘਹਿਰਾਨੋ[12] ਘਨ[13] ਭਾਰਿਯਾ[14]। ਗਯਾਨ ਕੋ ਖੜਗ ਧਰਿ[15], ਜੁਗਤਿ[16] ਕਮਾਨ[17] ਕਰਿ[18], ਨਾਨਾ[19] ਦ੍ਰਿਸ਼ਟਾਂਤ ਲੀਨ ਸਿਲੀਮੁਖ[20] ਧਾਰਿਯਾ। ਜਹਾਂ ਦ੍ਰਿਢ[21] ਕੋਟ[22] ਤਹਾਂ ਕਰਾਮਾਤ ਤੋਪ ਸੰਗਿ ਢਾਹਿ ਕੇ ਮਦਾਨ ਕੀਨ ਮਿਲੇ ਅਰਿ[23] ਹਾਰਿਯਾ[24] ॥ ੨ ॥ ਕਬਿੱਤ ॥ ਨਾਮ ਕੋ ਭਜਨ ਨੀਕੋ ਪਹਿਰ ਸੰਨਾਹਿ[25] ਤਨ, ਕੋਟਕਿ[26] ਤਰਕ[27] ਤਰਵਾਰ[28] ਨ ਕਟਤਿ ਹੈਂ[29]। ਨੀਵੋਂ ਮਨ ਰਾਖਨ ਸਿਪਰ[30] ਗਹਿ[31] ਹਾਥ ਬਿਖੈ, ਕ੍ਰੋਧ ਰੂਪ ਬਾਨ[32] ਜਾਂਕੋ

---

[1]ਨਾਸ਼ ਕਰਨ ਲਈ। [2]ਹੰਕਾਰ। [3]ਜਗਤ ਜਿੱਤਣ ਲਈ। [4]ਫੌਜ। [5](ਆਸੁਰੀ ਸੰਪਦਾ ਦੀਆਂ) ਫੌਜਾਂ ਨੂੰ। [6]ਦੂਰ ਕਰਨ ਵਾਲੇ। [7]ਭਗਤੀ (ਰੂਪੀ)। [8]ਝੰਡਾ। [9]ਬਸਤਰ (ਜੋ ਝੰਡੇ ਤੇ ਝੂਲਦਾ ਹੈ)। [10]( ਵਾਹਿਗੁਰੂ ਦਾ ) ਜਸ ( ਰੂਪੀ )। [11]ਧੌਂਸਾ। [12]ਵੱਜਦਾ ਹੈ [13]ਬੱਦਲ (ਵਤ)। [14]ਭਾਰੀ। [15]ਤਲਵਾਰ ਧਾਰਕੇ। [16]ਜੁਕਤੀ। [17]ਧਨੁਖ। [18]ਬਣਾਕੇ [19]ਕਈ। [20]ਤੀਰ। [21]ਪੱਕਾ। [22]ਕਿਲ੍ਹਾ। [23]ਵੈਰੀ। [24]ਹਾਰਕੇ। [25]ਸੰਜੋਇ। [26]ਕ੍ਰੋੜਾਂ ਹੀ। [27]ਦਲੀਲਾਂ। [28]ਤਲਵਾਰਾਂ। [29]ਨਹੀਂ ਕੱਟ ਸਕਦੀਆਂ ਹਨ। [30](ਮਾਨੋ) ਢਾਲ। [31]ਫੜੀ ਹੈ। [32]ਤੀਰ।

ਛੁਇ ਨ ਸਕਤਿ ਹੈਂ। ਧੀਰਜ,ਸੰਤੋਖ, ਸਤਿ,ਦਾਨ,ਇਸ਼ਨਾਨ ਮਤਿ,ਦਯਾ, ਉਪਕਾਰ ਅਤਿ ਸੂਧਾ[੧] ਜੀ ਛਕਤਿ[੨] ਹੈਂ। ਧਰਮ ਤੇ ਆਦਿ ਜੋਧਾ ਔਰ ਵਡੇ ਚਵੇ ਸੰਗ* ਜੀਤਬੇ ਕੋ ਮੋਹ[੩] 'ਮਾਰ ਮਾਰ[੪]',ਹੀ ਰਟਤਿ ਹੈਂ[੫] ॥ ੩ ॥ ਅੜਿੱਲ ॥ ਇਸ ਪ੍ਰਕਾਰ ਜਬ ਚਲੇ ਮੇਰੁ[੬] ਪੈ ਜਾਨਕੋ। ਸ਼ਕਤਿ ਸਹਿਤ ਸਭਿ ਸਿੱਧ ਧਰਤਿ ਜਹਿਂ ਮਾਨ[੭] ਕੋ। ਤਿਨਕੋ ਜੀਤਨ ਭਲੇ, ਬਾਤ ਇਤ ਇਉਂ ਭਈ†। ਹੋ ਉਤ[੮] ਗੋਰਖ ਕੀ ਸੁਨਹੁ ਰਿਦੈ ਜਿਯੋਂ ਤਿਨ ਠਈ ॥੪॥ ਦੋਹਰਾ ॥ ਭਰਥਰਿ ਪੂਰਬ[੯] ਜਬ ਮਿਲ੍ਯੋ ਸੁਨੇ ਬਚਨ ਤਤਸਾਰ। ਗੋਰਖ ਢਿਗ ਗਮਨ੍ਯੋ ਤਬਹਿ ਬੰਦ੍ਯੋ ਪਦ ਸਿਰ ਧਾਰਿ ॥ ੫ ॥ ਅੜਿੱਲ ॥ 'ਸੁਨਹੁ ਗੁਰੂ ਜੀ ਬੈਨ ਧਰਾ ਪ੍ਰਭੁ ਅਵਤਰੇ[੧੦]।ਮਿਲ੍ਯੋ ਦੇਵਰਿਖ[੧੧] ਮੋਹ ਤਬੈ ਤਿਨ ਸੁਧ ਕਰੇ[੧੨]। ਮੈਂ ਬੈਠ੍ਯੋ ਇਕ ਥਾਨ ਤਹਾਂ ਸੋ ਆਇਕੈ। ਹੋ ਪ੍ਰਸ਼ਨ ਉੱਤਰ ਕਹਿ ਸਾਰ ਰਹ੍ਯੋ ਹਰਖਾਇ ਕੈ ॥੬॥ ਮਿਲਹੁ ਜਾਇ ਕਿਹ[੧੩] ਥਾਨ ਪੰਥ[੧੪] ਨਿਜ[੧੫] ਆਨਿਯੇ। ਦੀਜੈ ਤਿਹ ਉਪਦੇਸ਼ ਜੋਗ ਗੁਨ ਗਾਨਿਯੇ। ਪੂਜਹਿ ਜਗਤ ਬਿਸਾਲ ਆਪ ਕੋ ਬਿਦਤ ਹੀ। ਹੋ ਸੁਜਸ ਹੋਇ ਵਿਸਤਾਰ ਬ੍ਰਹਮੰਡਹਿ ਜਹਿਂ ਤਹੀਂ ॥ ੭ ॥ ਯੌਂ ਨ ਲਖਹੁ[੧੬] ਮਨ ਮਾਂਹਿ--ਪ੍ਰਭੂ ਕਿਉਂ ਮਗ ਪਰੇ[੧੭]--।ਰਾਮ,ਕ੍ਰਿਸ਼ਨ ਅਵਤਾਰ ਆਨਿ ਜਗ ਗੁਰੁ ਕਰੇ। ਜਾਇ ਦੇਹੁ ਉਪਦੇਸ਼ ਜਹਾਂ ਮਿਲ ਜਾਵਈ। ਹੋ ਲੇਯ ਜੋਗ ਕੋ ਧਾਰਿ ਸੁਜਸ ਜਗ ਛਾਵਈ' ॥੮॥ ਦੋਹਰਾ॥ ਸੁਨਿ ਗੋਰਖ ਮਨ ਮਹਿਂ ਲਖੀ--ਸ਼ਕਤਿਵਾਨ ਹੈ ਕੋਇ। ਸ੍ਰੀ ਬਿਸ਼ਨੂ ਅਵਤਾਰ ਜੋ ਅਬਿ ਕਲਿ ਮਹਿਂ ਕਯੋਂ ਹੋਇ॥੯॥ ਸੋਰਠਾ॥ ਤਦਪਿ ਜੀਤ ਕਰ ਤਾਂਹਿ ਮੈਂ ਆਨੋ ਨਿਜ ਪੰਥ ਮੈਂ--। ਅਸਿ ਬਿਧਿ ਧਰਿ ਉਰ ਮਾਂਹਿ ਕੀਨ ਪਯਾਨਾ ਮੇਰੁ[੧੮] ਤੇ‡॥੧੦॥ ਉਤ ਗੋਰਖ ਯੌਂ ਕੀਨ,ਗੁਰੂਕਥਾ ਇਤਕੀ ਸੁਨਹੁ। ਗਮਨੇ ਪ੍ਰਭੂ ਪ੍ਰਬੀਨ ਜਿਨ ਬਾਨੀ ਤੇ ਸ਼ਾਂਤਿ ਹ੍ਵੈ ॥੧੧॥ ਛਪਯ॥ ਪ੍ਰਸ-

---

[੧]ਭਰੋਸਾ। [੨]ਮਨ ਵਿਚ ਭਰੇ ਯਾ ਟਿਕੇ ਹਨ। ਛਕਨਾ ਦਾ ਭਾਵ ਨਸ਼ੇ ਵਿੱਚ ਹੋਨਾ ਬੀ ਹੈ ਗੋਯਾ ਇਨ੍ਹਾਂ ਗੁਣਾਂ ਦਾ ਅੰਦਰ ਸਾਹਸ ਹੈ। [੩]ਮੋਹ ਦੇ ਜਿੱਤਣ ਲਈ। [੪]ਮਾਰੋ ਮਾਰੋ। [੫]ਕਹਿੰਦੇ ਹਨ। [੬]ਸੁਮੇਰ ਪਰਬਤ। [੭]ਹੰਕਾਰ। [੮]ਉਧਰ। [੯]ਪਹਿਲੇ। [੧੦]ਅਵਤਾਰ ਧਾਰਿਆ ਹੈ। [੧੧]ਨਾਰਦ। [੧੨]ਖਬਰ ਕੀਤੀ ਹੈ। [੧੩]ਕਿਸੇ। [੧੪]ਮਤ ਵਿਚ। [੧੫]ਆਪਣੇ। [੧੬]ਇਹ ਨਾਂ ਜਾਣੋ। [੧੭]ਕਿੱਕੁਰ (ਸਾਡੇ) ਰਾਹ ਪੈ ਜਾਏਗਾ। [੧੮]ਸੁਮੇਰ।

*ਪਾ:–ਚਵੇ ਔਰ ਵਡੇ ਸੰਗ। †ਪਾ:–ਯੌ ਮਨ ਭਈ।

‡ਗੋਰਖ ਸੁਮੇਰ ਦਾ ਵਾਸੀ ਨਹੀਂ ਸੀ, ਹੁਣ ਚਲਿਆ ਹੈ, ਇਹ ਗੱਲ ਯਾਦ ਰਹੇ।

ਥਾਨੇ[੧] ਗੁਨਖਾਨਿ ਹਨਿਨਿ ਸਭਿ ਸਿੱਧਨ ਮਾਨਾ॥ਗਏ ਹਿਮਾਚਲ*ਊਰਧ[੨] ਦੇਖਿ ਬੋਲਜੋ ਮਰਦਾਨਾ। 'ਸੇਤ ਹੀ ਸੇਤ[੩] ਸਥਾਨ* ਜਹਾਂ ਕਹਿੰ ਸਰਬ ਦਿਸਾਵਹਿ। ਰਚਨਾ ਇਹ ਭਗਵੰਤ ਰਿਦੇ ਕਛੁ ਸਮਝ ਨ ਆਵਹਿ। ਕਹੋ ਸਰਬ ਬਿਰਤੰਤ ਇਹ ਨਾਮ ਪਹਾਰ ਬਖਾਨ ਕਰਿ'।ਨਿਜ ਸ਼੍ਰੋਨਨ ਮੈਂ ਸੁਨਿ ਬੈਨ[੪] ਕੋ ਬੋਲੇ ਮੁਖ ਤੇ ਜਗਤ ਗੁਰੁ ॥੧੨॥ ਦੋਹਰਾ ॥ 'ਨਾਮ ਹਿਮਾਲੈ ਸੈਲ[੫] ਕੋ ਬਹੁਰ ਸੇਤ ਜੋ ਦੇਖ। ਪਰੀ ਬਰਫ ਸੋ ਜਮ ਰਹੀ ਸੀਤਹਿੰ ਕਰਹਿ ਬਿਸ਼ੇਖ ॥ ੧੩ ॥ ਸ੍ਵੈਯਾ ॥ ਪਾਂਡਵ[੬]ਆਨ ਗਰੇ[੭] ਇਸ ਮੈਂ,ਖਗ[੮] ਜਾਵਤਿ ਯਾਂ ਪਰ ਸੋ ਗਰ ਜਾਈ[੯]†। ਏਕ ਬਚਜੋ ਧ੍ਰਮਰਾਇ ਕੋ ਤਾਤ[੧੦] ਨ ਆਯੋ ਇਤੈ ਸੁਰਲੋਕ ਸਿਧਾਈ[੧੧]‡।ਸ੍ਰੀ ਕਰਤਾਰ ਦਯਾ ਤੁਝ ਪੈ ਤਨ ਖੇਦ ਨਹੀਂ ਇਹ ਠੌਰ ਦਿਖਾਈ'।ਆਗੈ ਚਲੇ-ਸਿਰਧਾਰ§ ਪਹਾਰ-ਬਿਲੋਕਤਿ ਤਾਂਹਿਕੋ

---

[੧]ਗਏ। [੨]ਹਿਮਾਲਾ ਪਹਾੜ ਉੱਪਰ। [੩]ਚਿੱਟਾ ਹੀ ਚਿੱਟਾ। [੪]ਬਚਨ। [੫]ਹਿਮਾਲਾ ਪਹਾੜ। [੬](ਪੰਜੇ)ਪਾਂਡੋ। [੭]ਗਲ ਗਏ। [੮]ਪੰਛੀ। [੯]ਗਲ ਜਾਂਦਾ ਹੈ। [੧੦]ਧਰਮਰਾਜ ਦਾ ਪੁਤ੍ਰ,ਯੁਧਿਸ਼ਟਰ। [੧੧]ਦੇਵਪੁਰੀ ਚਲਾ ਗਿਆ। *ਕੈਲਾਸ਼ ਪਹਾੜ ਦੇ ਪਾਸ ਮਾਨਸਰੋਵਰ ਝੀਲ ਹੈ, ਉਸਤੋਂ ਅੱਗੇ ਸੋਨਾਂ ਬੀ ਨਿੱਕਲਦਾ ਹੈ, ਗ਼ਾਲਬਨ ਸੁਮੇਰ ਤੋਂ ਇਹੋ ਟਿਕਾਣਾ ਮੁਰਾਦ ਹੈ ਇਸ ਥਾਂ ਨੂੰ ਬੋਧੀ ਤੇ ਹਿੰਦੂ ਤਪੱਸ੍ਵੀ ਦੋਵੇਂ ਤੀਰਥ ਮੰਨਦੇ ਹਨ। ਥਾਂ ਦਾ ਚਿੱਟਾ ਨਜ਼ਰ ਪੈਣ ਦੀ ਮੁਰਾਦ ਬਰਫ ਤੋਂ ਹੈ ਜੋ ਓਥੇ ਵਰਹੇ ਦਾ ਬਹੁਤ ਸਾਰਾ ਹਿੱਸਾ ਰਹਿੰਦੀ ਹੈ। ਕੈਲਾਸ਼ ਦੀ ਚੋਟੀ ਤਾਂ ਸਾਲ ਭਰ ਹੀ ਬਰਫਾਨੀ ਰਹਿੰਦੀ ਹੈ। ਅੰਕ ੧੩ ਵਿੱਚ ਬਰਫ ਦਾ ਪਤਾ ਆਪ ਦਿੰਦੇ ਹਨ। ਵਿਸ਼ੇਸ਼ ਵੇਖੋ ਇਸੇ ਪੋਥੀ ਦੇ ਅਧਜਾਯ ੬੪, ਅੰਕ ੭੪ ਦੀ ਟੂਕ।

†ਭਾਵ ਬਰਫ ਤੇ ਸਰਦੀ ਐਤਨੀ ਹੈ ਕਿ ਇਧਰ ਦੇ ਲੋਕ ਜੇ ਏਥੇ ਜਾਕੇ ਬਾਰਾਂ ਮਹੀਨੇ ਰਹਿਣ ਲਗਪੈਣ ਤਾਂ ਸਰਦੀ ਬਹੁਤ ਚਿਰ ਨਾ ਝੱਲ ਸਕਣ ਕਰਕੇ ਮਰ ਜਾਂਦੇ ਹਨ।

‡ਇਹ ਪਾਂਡਵਾਂ ਬਾਬਤ ਰਵਾਯਤ ਹੈ ਕਿ ਰਾਜ ਛੱਡਕੇ ਤਪੱਸਯਾ ਕਰਨ ਏਧਰ ਗਏ ਸਨ। ਦ੍ਰੋਪਦੀ ਤੇ ਚਾਰੇ ਭਰਾ ਇਕ ਇਕ ਕਰਕੇ ਇਨ੍ਹਾਂ ਬਰਫਾਂ ਵਿਚ ਹੀ ਮਰ ਗਏ। ਕੇਵਲ ਯੁਧਿਸ਼ਟਰ ਅਪਣੇ ਕੁੱਤੇ ਸਮੇਤ ਬੈਕੁੰਠਾਂ ਵਿਚ ਅਪੜਿਆ ਸੀ। ਗਰਮ ਮੁਲਕਾਂ ਦੇ ਵਾਸੀਆਂ ਦਾ ਇਥੇ ਪਹੁੰਚਣਾ ਅਜੇ ਬੀ ਕਠਨ ਹੈ, ਗਰਮੀਆਂ ਦੇ ਮੌਸਮ ਵਿਚ ਥੋੜੇ ਚਿਰ ਲਈ ਲੋਕੀ ਆ ਜਾ ਸਕਦੇ ਹਨ।

§ਸਿਰਧਾਰ-ਕਿਸੇ ਪਹਾੜ ਦੀ ਚੋਟੀ ਦਾ ਨਾਮ ਹੈ। ਸੁਰਦਾਰੁ=ਚੀੜ ਜਿਸਨੂੰ ਦੇਉਦਾਰ ਕਹਿੰਦੇ ਹਨ, ਸੁਰਦਾਰੁ ਪਰਬਤ, ਦੇਉਦਾਰਾਂ ਵਾਲਾ ਪਹਾੜ। ਕਿਸੇ ਪਹਾੜ ਦਾ ਨਾਮ ਜਾਪਦਾ ਹੈ, ਭਾਵ ਹੈ ਕਿ ਜਿਥੋਂ ਤਾਈਂ ਕਿ ਬ੍ਰਿੱਛ ਤੇ ਕੁਛ ਵਸੋਂ ਹੈ, ਇਸਤੋਂ ਅੱਗੇ ਫੇਰ ਜਿਉਂ ਜਿਉਂ ਜਾਓ ਬ੍ਰਿੱਛ ਨਹੀਂ, ਵਸੋਂ ਨਹੀ, ਗੋਰਖ ਤਦੇ ਏਥੇ ਆਕੇ ਅੱਗੇ ਜਾਣੋਂ ਰੋਕਦਾ ਹੈ, ਅੱਗੇ ਫੇਰ ਰਾਹ ਪਗਡੰਡੀ ਬੀ ਨਹੀਂ ਮਿਲਦੀ। ਇਸੇ ਅਧਜਾਯ ਦੇ ਅੰਕ ੧੦ ਵਿੱਚ ਦੱਸਿਆ ਹੈ ਕਿ ਗੋਰਖ ਸੁਮੇਰ ਤੇ ਗਿਆ ਜਿਸ ਤੋਂ ਸਪਸ਼ਟ ਹੈ ਕਿ ਸਿੱਧਾਂ ਦਾ ਟਿਕਾਣਾ ਉਰੇ ਕਿਤੇ ਜ਼ਰਾ ਘੱਟ ਠੰਢੇ ਥਾਂ ਤੇ ਸੀ।

ਬਾਨੀ ਅਲਾਈ ॥ ੧੪ ॥ ਸ੍ਵੈਯਾ ॥ 'ਗੈਲ[੧] ਨਹੀ ਇਹ ਸੈਲ[੨] ਕੇ ਊਪਰ
ਸੀਸ ਅਧੋ ਪਦ ਊਰਧ[੩] ਹੋਊ । ਕੋ ਨਹਿਂ ਆਇ, ਮਹਾਂ ਬਿਖਰੋ ਮਗ,
ਆਵਤਿ ਸੋ ਹੁਇ ਖੇਚਰ[੪] ਜੋਊ'। ਸੇਵਕ ਸ਼ਾਮ ਸਦਾ ਸੁਖਧਾਮ ਭਨੈਂ ਅਭਿ-
ਰਾਮ[੫] ਸੁਨੈ ਹਮ ਦੋਊ[੬] । ਗੋਰਖ ਆਇ ਗਯੋ ਢਿਗ ਤਾਂ ਛਿਨ ਵਾਕ
ਉਚਾਰਤਿ'ਹੋ ਤੁਮ ਕੋਊ?॥੧੫॥ਕਬਿੱਤ॥ਕੌਨ ਤੁਮ ਨਾਮ?ਦੇਸ਼ ਛੋਰਿ ਆਯੋ
ਕੌਨ ਨਾਮ ? ਕੌਨ ਤੇਰੀ ਜਾਤਿ ? ਕੀਓ ਕਿਤਕੋ ਪਯਾਨ ਹੈ?। ਗੈਲ ਨ
ਬਸੁੰਧਰਾ[੭], ਪ੍ਰਕਾਸ਼ੇ ਮਾਰਤੰਡ[੮] ਨਹਿਂ*, ਦੇਖੇ ਡਰ ਲਾਗੈ ਆਗੈ ਰਾਖਸ਼
ਭਯਾਨ[੯] ਹੈ† । ਕੈਸੇ ਜਾਵੋ ਆਗੇ ? ਪੀਛੇ ਹਟੋ ਅਬ ਭਾਗੇ ਜਾਹੁ ਕੋ ਨ
ਦੁਖ ਲਾਗੇ ਮਮ ਬਚਨ ਜੋ ਮਾਨਿ ਹੈਂ ।ਪੂਰੋ ਗੁਰੁ ਕੀਜੈ,ਇਤ ਜਾਨਿ ਨਾਮ
ਲੀਜੈ ਤਬ, ਬਿਨਾ ਆਈ ਚਲੇ ਕੈਸੇ ਦੇਨ ਨਿਜ ਪ੍ਰਾਨ ਹੈ?'॥੧੬॥ ਕਬਿੱਤ॥
[੧੦]'ਰੂਪ ਅਚਰਜ ਹਮ, ਜਾਤਿ ਤੇ ਅਜਾਤਿ ਭਏ ਦੇਸ਼ ਜਾਨਿ ਸੋਊ ਜਹਿਂ
ਸਸੀ ਨਹਿਂ ਭਾਨੁ‡ ਕੋ । ਹਟੇ ਅਬ ਬਨੈ ਨਹਿਂ, ਜਾਵੈਂ ਜੀਅ ਮਾਂਹਿ ਜਹਿਂ[੧੧]
ਰਿਦੇ ਜੁ ਹਮਾਰੇ ਭਯ ਭਯੋ ਸਭਿ ਹਾਨਕੋ । ਦੁਖ ਸੁਖ ਜਾਨ ਸਮ, ਆਏ
ਇਹ ਥਾਨ ਚਲਿ,ਗੁਰੂ ਏਕੁੰਕਾਰ, ਜਾਂ ਕੇ ਨਹੀ ਹੈ ਸਮਾਨ ਕੋ[੧੨] । ਭੂਲਯੋ
ਰਿਦੈ ਗੋਰਖ ਤੂੰ,ਸੁਧ ਤੇਰੀ ਗਈ ਸਭਿ,ਔਧ[੧੩]ਕੋ ਬਧਾਇਔਧ[੧੪]ਭਯੋ ਮਨੋ
ਮਾਨ ਕੋ[੧੫]'॥੧੭॥ਕਬਿੱਤ॥[੧੬]'ਮਲ ਮੂਤ ਦੇਹਿ ਤੇਰੀ ਮਾਨ ਲੇਹਿ ਬਾਤ ਮੇਰੀ
ਕਾਇਰ ਜਯੋਂ ਧਾਮ ਬੋਲ ਬੋਲਤਿ ਨਿਲਾਜ ਹੈਂ । ਦੇਖੋ ਜਾਇ ਆਗੇ ਕੈਸੇ
ਤਹਾਂ ਦੁਖ ਲਾਗੈ ਤੋਹਿ ਐਸੇ ਹੌਂ ਹੂੰ ਜਾਨੌਂ,ਭਯ ਦੇਖਿ ਕਰਿ ਭਾਜ ਹੈਂ।ਕੌਨ
ਬੇਖ ਤੇਰਾ ਐਸੋ ਆਗੈ ਨਹਿਂ ਹੇਰਾ ਕਬਿ, ਹਠ ਤਯਾਗ ਦੀਜੈ ਮਨ ਹੋਇ
ਸ਼ੁਭ ਕਾਜ ਹੈ।ਰਾਮ ਜਦੁ ਪਤਿ[੧੭]ਆਦਿ ਕੀਨੋ ਜਗ ਗੁਰੂ ਆਇ,ਤੁਮ ਕਯੋਂ

[੧]ਰਾਹ। [੨]ਪਹਾੜ। [੩]ਸਿਰ ਹੇਠ ਤੇ ਪੈਰ ਉੱਪਰ ਨੂੰ। [੪]ਅਕਾਸ਼ ਵਿੱਚ ਉਡਣ ਵਾਲੇ। (ਅ) ਜੋ ਖੇਚਰੀ ਜਾਣੇ ਭਾਵ ਜੋਗ ਜਾਣੇ। (ੲ) ਜੇਹੜਾ ਆਵੇ ਉਸ ਨੂੰ ਖੇਚਰ=ਖੇਚਲ (ਤਕਲੀਫ) ਹੁੰਦੀ ਹੈ। [੫]ਸੁੰਦਰ। [੬]ਭਾਵ ਭਾਈ ਬਾਲਾ ਤੇ ਮਰਦਾਨਾ। [੭]ਪ੍ਰਿਥਵੀ (ਵਾਂਡੂ)। [੮]ਸੂਰਜ। [੯]ਭਯਾਨਕ। [੧੦]ਗੁਰੂ ਜੀ ਬੋਲੇ। [੧੧]ਜਿੱਥੇ ਜੀ ਵਿੱਚ ਹੈ ਜਾਣਾ। [੧੨]ਕੋਈ। [੧੩]ਆਯੂ। [੧੪]ਹੱਦ। [੧੫]ਮਨ ਦੇ ਮਾਨ ਦੀ। [੧੬]ਗੋਰਖ ਬੋਲਿਆ। [੧੭]ਕ੍ਰਿਸ਼ਨ ਜੀ।

*ਕੋਈ ਦੇਉਦਾਰਾਂ ਦਾ ਘਨਾ ਜੰਗਲ ਹਨੇਰੇ ਵਾਲਾ ਹੋਣਾ ਹੈ।

†ਅਸਾਂ ਮਾਨਸਰੋਵਰ ਹੋ ਆਏ ਯਾਤ੍ਰੀਆਂ ਤੋਂ ਸੁਣਿਆ ਹੈ ਕਿ ਬੇਤਰਸ ਜਾਂਗਲੀ ਲੋਕ ਅਜੇ ਬੀ ਉਧਰ ਕਿਤੇ ਕਿਤੇ ਹੈਨ। ‡ਜਿਥੇ ਚੰਦ ਸੂਰਜ ਨਹੀਂ ਸਾਖੀ ਅਵਸਥਾ, ਅਪਨਾ ਨਿਜਸਰੂਪ ਰੂਪੀ ਦੇਸ਼। ਅਗੰਮ ਅਵਸਥਾ।

ਨ ਕਰੋ? ਪਰਤਾਪ ਵਡੋ ਛਾਜ ਹੈ[1]" ॥੧੮॥ ਕਬਿੱਤ ॥ 'ਨਾਮ ਕੇ ਪ੍ਰਤਾਪ ਸੋਂ ਪਵਿੱਤ੍ਰ ਦੇਹਿ ਭਈ ਮੇਰੀ, ਕਾਇਰ ਹੈ ਸੋਊ ਤੁਝ ਜੈਸੇ ਬਿਲਲਾਇ ਹੈਂ[2]। ਦੇਖਨੇ ਕੀ ਇੱਛਾ ਉਰ ਦੇਖੈਂ ਆਗੈ ਜਾਇ ਦੂਰ, ਬੋਲਿਕੈ ਡਰਾਵੈਂ ਨਹਿ ਯਾਂ ਤੇ ਹਟਜਾਇ ਹੈਂ।ਬੇਖਏਕੰਕਾਰੀ ਨਿੱਤਆਦਿਅੰਤ ਹੋਤਿ ਸੱਤਿਤਹਾਂ ਕੀ ਪਹੂਚਿ ਨਹਿਂ ਕੈਸੇ ਸਮਝਾਇਹੈਂ। ਹਠ ਕੈਸੇ ਤਜਾਗੈਂ? ਹਠ ਹੀ ਸੇ ਸੂਰਾ ਪੂਰਾ ਹੋਇ,ਗੁਰੂ ਪੂਰਾ ਕੀਨੋ ਨਹਿਂ,ਯਾਂਤੇ ਤੂੰ ਅਲਾਇ ਹੈਂ' ॥੧੯॥ ਸ੍ਵੈਯਾ ॥[3] 'ਜੋਗਤੇ ਹੋਤਿ ਸਰੀਰ ਸਦਾ ਥਿਰਨੌਨਿਧਿ ਸਿੱਧਿਅਠਾਰਹਿਂ ਪਾਸੂ[4]।ਪ੍ਰਜਬਨੈ ਜਗਮੈਂ ਪ੍ਰਗਟਾਇ ਰਜਾਇ[5] ਚਲੈ ਸਭਿ ਊਪਰ ਤਾਸੂ[6]। ਚਾਹਿ ਰਿਦੇ ਮਹਿ ਜੋ ਹੁਇ ਕਾਹਿ ਕੀ ਸੋ ਕਰਿ ਲੇਤਿ ਵਧੇ ਬਲ ਰਾਸੂ[7]।ਪੂਰਨ ਹ੍ਵੈ ਗੁਨਰੂਰਨ ਸੋਂ ਮਨ ਤੂਰਨ ਮਾਨਿਕੈ ਸੀਖ ਪ੍ਰਯਾਸੂ[8]'॥੨੦॥ਸ੍ਵੈਯਾ॥[9]"ਛੋਰਿ ਦਈ ਤਨ ਹੈਤ[10] ਹੁਤੀ ਚਿਤ*ਰਾਖਨ ਕੋ ਥਿਰ ਕੌਨ ਹੈਕਾਮੂ।ਜੇ ਨਿਧਿ ਸਿੱਧਿ ਸੁ ਦਾਸੀਭਈ ਲਿਯ ਦੇਵ ਤਰੋਵਰੁ ਸ਼੍ਰੀ ਹਰਿਨਾਮੂ[11]।ਮਾਨਵ[12] ਮਾਂਹਿ ਪੁਜਾਵਨ ਕੀ ਮਨ ਬਾਸ਼ਨ[13] ਨਾਸ਼ਕਰੀ ਵਡਆਮੂ[14]।ਕਾਹਿਕੀ ਚਾਹਿਨਹੀਂ ਉਰ ਮਾਂਹਿਅਘਾਇ ਰਹੇ ਸੁਖ ਭਾ ਅਭਿਰਾਮੂ'॥੨੧॥ ਸ੍ਵੈਯਾ॥ ਗੋਰਖ ਸ਼੍ਰੋਨ ਸੁਨੇ ਜਬ ਬੈਨ ਲਖੀ ਮਨਮੈਂ—ਇਹ ਮਾਨਤਿ ਨਾਂਹੀ।ਲਾਇ ਅਬੈ ਸ਼ਕਤੀ ਪਰਖੌਂ ਮੁਖ ਬੋਲਤਿਹੈ ਕਿਧੌਂ ਸਾਚੋ ਭੀ ਆਹੀ--।ਜਾਸ ਸਿਲਾ ਪਰ ਬੈਸੇ ਗੁਰੂ ਬਲ ਕੀਨ ਉਡਾਵਨ ਕੋ ਬਹੁ ਤਾਂਹੀ।ਨੈਕ ਹਲੀ ਨਹਿਂ ਅੰਗਦ ਲਾਤ ਸੀ[15],ਜਾਨਜੋ ਪ੍ਰਤਾਪ ਸਹੀ ਮਨਮਾਂਹੀ॥੨੨॥ਸ੍ਵੈਯਾ ॥ ਯੌਂਕਰਿ ਗੋਰਖ ਲੋਪ ਭਯੋ ਉਰ ਬੀਚ ਬਿਚਾਰਤਿ ਜਾਵਤਿ ਸੋਈ।—ਹੋਇਵਡੋ ਪਰਤਾਪ ਸੰਸਾਰਹਿ ਜੋ ਹਮਰੋ ਇਹ ਸੇਵਕ ਹੋਈ। ਪੰਥ ਪ੍ਰਕਾਸ਼ ਬਿਸਾਲ ਕਰੈ ਮਮ, ਯਾ ਸਮ ਔਰ ਨ ਦੀਸਤਿ ਕੋਈ।ਮਾਨਹਿ ਆਨ ਜਿ ਦੇਸ਼ ਮਹਾਨ ਬਨੈ ਸਭਿ ਥਾਨ ਮੈਂ ਸੇਵਕ ਲੋਈ[16]—॥੨੩॥ਦੋਹਰਾ॥ ਏਕ ਗ੍ਰਾਮ ਕੋ ਭੂਪ ਜਯੋਂ ਚਹਿਤਿ ਚਤੁਰਦਿਸ਼[17] ਜੀਤ। ਗੋਰਖ ਇੱਛਾ ਕਰਤਿ ਤਯੋਂ ਜਯੋਂ ਪ੍ਰਾਪਤਿ ਬਿੱਪ੍ਰੀਤਿ[18] ॥ ੨੪ ॥ ਸ੍ਵੈਯਾ ॥ ਸਿਧ ਮੰਡਲ ਮੈਂ

---

[1]ਹੋਵੇਗਾ। [2]ਬਿਰਲਾਪ ਕਰਦੇ ਹਨ। [3]ਗੋਰਖ ਵਾਚ। [4]ਕੋਲ। [5]ਹੁਕਮ। [6]ਤਿਸਦਾ। [7]ਬਲ ਦੀ ਰਾਸ। [8]ਜਤਨ ਕਰਕੇ ( ਛੇਤੀ ) ਸਿੱਖਯਾ ਲੈ ਲੈ। [9]ਗੁਰੂ ਜੀ ਬੋਲੇ। [10]ਹੇਗਤਾ। [11]ਕਲਪ ਬ੍ਰਿੱਛ ਹਰੀ ਨਾਮ (ਰੂਪੀ)। [12]ਮਨੁੱਖਾਂ। [13]ਵਾਸ਼ਨਾਂ। [14]ਵਡਾ ਰੋਗ (ਜਾਣਕੇ)। [15]ਅੰਗਦ ਦੀ ਲੱਤ ਵਾਂਗ ( ਜੋ ਰਾਵਣ ਦੇ ਦਰਬਾਰ ਵਿੱਚ ਕਿਸੇ ਪਾਸੋਂ ਉਠਾਈ ਨਹੀਂ ਗਈ ਸੀ)। [16]ਲੋਕੀ। [17]ਚਾਰੋਂ ਤਰਫ। [18]ਉਲਟੀ। *ਪਾ:—ਜਿਨ।

ਪ੍ਰਗਟ੍ਯੋ ਤਬ ਜਾਇ ਰਿਦੈ ਬਹੁ ਚਿੰਤ ਉਪਾਇ ਬਿਚਾਰੇ।ਇਤ ਸ਼੍ਰੀ ਗੁਰੁ ਸੋਂ ਮਰਦਾਨੇ ਤਬੈ ਹਿਤ ਬੂਝਨ ਕੇ ਮੁਖ ਵਾਕ ਉਚਾਰੇ। 'ਸਵਿਤਾ[੧] ਨਹਿੰ ਦੀਸਤਿ ਹੈ ਕਰੁਨਾਨਿਧਿ! ਜੌ ਹਮ ਊਰਧ[੨] ਓਰ ਨਿਹਾਰੇਂ'। ਗੁਰੁ ਭਾਖਤਿ 'ਨੀਚੇ ਕੋ ਡੀਠ ਕਰੋ ਪਸ਼ਚਾਤ ਦਿਸ਼ਾ[੩] ਹੂੰ ਕੀ ਓਰ[੪] ਪਧਾਰੇ*' ॥ ੨੫ ॥ ਦੋਹਰਾ॥ 'ਕਿਤੀ ਦੂਰ ਹੈ ਧਰਾ ਤੇ ਊਚੇ ਸੂਰਜ ਚੰਦ। ਪੁਨ ਉਡਗਨ[੫] ਕੀ ਬਾਰਤਾ ਕਹਿਯੇ ਸਭਿਹਿ ਮੁਕੰਦ![੬]' ॥੨੬॥ ਸੈਯਾ ॥ 'ਜੋਜਨ[੭] ਲਾਖ੍ਯ† ਲਖੋ ਉਰ ਮੇ ਧਰ ਊਚੋ ਇਤੋ ਰਵਿ[੮] ਕੌ ਰਥ ਜਾਈ। ਹੈ ਤਿਤਨੋ ਤਿਸ ਤੇ ਸਸਿ[੯] ਊਰਧ[੧੦] ਤਾਰਨ ਕੀ ਮਿਰਜਾਦ ਨ ਕਾਈ। ਊਚੇ ਅਧੋ[੧੧] ਤਿਨਕੇ ਪੁਰਿਹੈਂ ਸਭਿਕੇ ਸਿਰ ਊਪਰ ਧ੍ਰੂਅ ਸੁਹਾਈ।ਬਾਰਿਕ ਪੰਚਹੀ ਸੰਮਤ[੧੨]ਕੋ ਹਠ ਕੀਨ ਵਡੋ ਜਿਨ ਘਾਲ ਕਮੌਾਈ' ॥੨੭ ॥ ਅੜਿੱਲ ॥ ਸੁਨਿ ਮਰਦਾਨਾ ਕਹੈ 'ਪ੍ਰਭੁ ਇਕ ਵੇਰਜੀ। ਦਰਸ਼ਨ ਕੀਜੈ ਤਾਂਹਿ ਜੁ ਸ਼ਿਖਰ[੧੩] ਸੁਮੇਰੁ ਜੀ[੧੪]। ਬਾਲਕ ਬੈਸ ਬਿਸਾਲ ਤਪ੍ਯੋ ਤਪ ਕਠਨ ਜਿਹ। ਹੋ ਅਬਚਲ ਪਦਵੀ ਪਾਇ ਬਸ੍ਯੋ ਸੁਖ ਥਾਨ ਮਹਿਂ' ॥੨੮॥ ਬਿਗਸੇ ਪੰਕਜ ਬਦਨ ਬਚਨ ਮੁਖ ਸੌਂ ਭਨ੍ਯੋ। 'ਮਰਦਾਨਾ ਕਯਾ ਕਹਿਤਿ ਰਿਦੇ ਤੁਮ ਕਿਵ ਗੁਨ੍ਯੋ। ਆਗੈ ਚਾਹਤਿ ਚਲ੍ਯੋ ਪਿਖਨ ਧ੍ਰੂ ਥਾਨ ਕੋ। ਹੋ ਤੁਮ ਨਿਜ ਮਨ ਕੀ ਦੇਹੁ ਚਹੋ ਕਿ ਨ‡ ਜਾਨਕੋ?' ॥ ੨੯ ॥ ਸ੍ਰੀ ਅੰਗਦ ਜੀ ਸੁਨਹੁ ਬਚਨ ਤਬ ਮੈਂ ਕਹੇ।ਮਰਦਾਨਾ ਜੋ ਕਹਤਿ ਸੁ ਨੀਕੀ ਬਿਧਿ ਅਹੇ। ਜੋ ਊਰਧ ਹੈਂ ਥਾਨ ਬਸਤਿ ਜੋ ਤਿਨਹਿ ਮੈਂ। ਹੋ ਸਭੈ ਬਿਲੋਕਨ ਚਾਹਿ ਅਧਿਕ ਮਮ ਮਨਹਿਂ ਮੈਂ' ॥੩੦॥ਇਸ ਬਿਧਿ ਹਮ ਕੋ

[੧]ਸੂਰਜ। [੨]ਉੱਪਰ। [੩]ਪੱਛਮ ਦਿਸ਼ਾ। [੪]ਤਰਫ। [੫]ਤਾਰਿਆਂ। [੬]ਹੇ ਮੁਕਤੀ ਦਾਤੇ। [੭]ਚਾਰ ਕੋਸ ਦਾ ਇਕ ਜੋਜਨ। [੮]ਸੂਰਜ। [੯]ਚੰਦ੍ਰਮਾਂ। [੧੦]ਉੱਪਰ। [੧੧]ਨੀਵੇਂ। [੧੨]ਸਾਲ। [੧੩]ਚੋਟੀ। [੧੪]ਸੁਮੇਰ ਦੀ।

*ਮਲੂਮ ਹੁੰਦਾ ਹੈ, ਲੌਢੇ ਪਹਿਰ ਦਾ ਵੇਲਾ ਸੀ, ਕਿਉਂਕਿ ਗੁਰੂ ਜੀ ਕਹਿ ਰਹੇ ਹਨ 'ਦੇਖ ਪੱਛੋਂ ਵਲ ਸੂਰਜ ਭੱਜਾ ਜਾਂਦਾ ਹੈ'। ਉਚੇ ਪਹਾੜਾਂ ਤੋਂ ਡੁੱਬਣ ਵੇਲੇ ਸੂਰਜ ਹੇਠਾਂ ਨੂੰ ਦਿਸਦਾ ਹੈ।

†ਇਹ ਹਿਸਾਬ ਗੁਰੂ ਉਚਾਰਿਤ ਨਹੀਂ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਮੁਖ ਵਾਕ ਐਸੇ ਬਚਨ ਤੇ ਹਿਸਾਬ ਕਿਤੇ ਨਹੀਂ ਆਉਂਦੇ। ਨਾ ਗੁਰੂ ਜੀ ਖਗੋਲ ਵਿਦਯਾ ਦਾ ਉਪਦੇਸ਼ ਦੇ ਰਹੇ ਹਨ।

ਫਿਰ ਯੋਜਨ ਦੀ ਮਿਣਤੀ ਨਿਸ਼ਚਿਤ ਨਹੀਂ, ਯੋਜਨ ੨ ਕੋਸ ਦਾ ਬੀ ਹੈ, ਚਾਰ ਕੋਸ ਦਾ ਬੀ, ੮ ਕੋਸ ਦਾ ਬੀ ਤੇ ਦਸ ਹਜ਼ਾਰ ਕੋਸ ਦਾ ਬੀ, ਵਿਸ਼ੇਸ਼ ਲਈ ਦੇਖੋ ਇਸੇ ਪੋਥੀ ਦੇ ਅਧ੍ਯਾਯ ੬੪ ਅੰਕ ੭੪ ਦੀ ਟੂਕ।

‡ਪਾ:-ਕਿਤ।

ਬੂਝ ਦੀਨ ਦੁਖ ਭੰਜਨੰ। ਗਮਨੇ ਆਗੇ ਬਹੁਰ ਮਾਨ ਸਿਧ ਗੰਜਨੰ[੧]। ਇਕ ਪਹਾਰ ਪਰ ਗਏ ਜਾਇ ਬੈਸੇ ਤਬੈ।ਹੋ ਊਨਾ ਤਾਂਕੋ ਨਾਮ ਬਤਾਯੋ ਗੁਰੁ ਤਬੈ ॥ ੩੧॥ ਉਤ ਗੋਰਖ ਕੀ ਸੁਨਹੁ ਬੁਲਾਏ ਸਿਧ ਸਬੈ। ਬੈਠੇ ਮਜਲਸ ਲਾਇ ਕਿਯੇ ਆਸਨ ਤਬੈ। ਕਿਹ[੨]ਪਰ ਹੈ ਮ੍ਰਿਗ ਚਰਮ[੩],ਸਿੰਘ[੪] ਕੋ ਕਿਹ[੫]ਲਿਯੋ। ਹੋ ਕਿਹ ਖਿੰਥਾ[੬]ਗਰ ਪਹਿਰ ਜਾਹਿੰ ਰੰਗ ਬਹੁ ਕਿਯੋ॥੩੨॥ ਫਟਕ[੭] ਮੁਦਰਾ ਪਹਿਰ ਚੀਰ ਦ੍ਵੈ ਕਾਨਕੋ।ਹਾਥ ਬਿਰਾਗਨਿ ਧਰੇ ਮਨਹੁ[੮]ਘਰ ਮਾਨਕੋ[੯]।ਸ੍ਵੇਤ ਬਿਭੂਤ[੧੦] ਸਰੀਰ ਲਗਾਇ ਬਨਾਇਕੈ। ਹੋ ਸਿੰਙੀ ਲੇ ਕਰ ਮਾਂਹਿ ਬਜਾਇ ਸੁਨਾਇਕੈ॥੩੩॥ਵਰੂਆ[੧੧] ਫਹੋਰੀ[੧੨] ਹਾਥ ਪਤਾਕਾ[੧੩]ਕਰ[੧੪]ਕਿਸੀ। ਕਿਹ ਸੈਲੀ ਗਰ[੧੫] ਪਾਇ ਕੁਪੀਨਹਿ[੧੬] ਕਟ[੧੭] ਕਸੀ। ਮੂਛੈਂ[੧੮]ਸ਼ਮਸ[੧੯] ਬਿਸਾਲ ਸੀਸ ਮੁੰਡਤਿ ਕਰੇ[੨੦]। ਹੋ ਝੋਰੀ ਕੰਧੇ[੨੧]ਪਾਇ ਸੁ ਭਿੱਖਯਾ ਹਿਤ ਧਰੇ ॥੩੪॥ ਸਰਬ ਸ਼ਕਤਿ ਕੋ ਧਰਤਿ ਗਰਬ ਉਰ ਵਧਿ ਰਹਾ। ਛਿਨ ਮਹਿੰ ਉਡ ਕਰਿ ਜਾਇੰ ਰਿਦੈ ਤ੍ਰਿਟਿ[੨੨] ਹ੍ਵੈ ਜਹਾਂ। ਅਣੂ[੨੩]ਸਮਾਨ[੨੪] ਹ੍ਵੈ ਜਾਨਿ ਪਹਾਰ ਸਮਾਨ ਕੋ। ਹੋ ਚਹੈਂ ਚਲਾਵਹਿੰ ਅਚਲ[੨੫]ਉਡੈਂ ਅਸਮਾਨ ਕੋ॥੩੫॥ ਬਨਨ ਸ਼ੇਰ ਅਰ ਸਰਪ ਸਰੂਪ ਭਯਾਨ ਕੋ। ਮਾਨਵ ਸੇਵਕ ਕਰਨ ਦਿਖਾਇ ਡਰਾਨ ਕੋ। ਚਹੁੰਦਿਸ ਬੈਸੇ ਜਬਹਿ ਲਾਇ ਆਸਨ ਸਬੈ। ਹੋ ਬੋਲਯੋ ਤਿਨ ਪ੍ਰਤਿ ਬਚਨ ਗੁਨਤਿ ਗੋਰਖ ਤਬੈ ॥੩੬॥ ਕਬਿੱਤ॥ 'ਨਾਨਕ ਹੈ ਤਪਾ ਇਕ,ਮਲ ਮੂਤ ਦੇਹਿ ਜਾਂਕੀ, ਤੁਮਰੋ ਸਥਾਨ ਦੇਖਿਬੇ ਕੇ ਹਿਤ ਆਵਈ। ਹੋਇ ਜੁ ਸੁਜਾਨ ਕਲਾਵਾਨ ਗੁਨਵਾਨ ਵਡੋ ਬਾਦ ਕਰੈ ਤਾਂਸੋਂ ਜਾਇ ਜੀਤ ਕੈ ਹਟਾਵਈ। ਨਾਂ ਤੋ ਉਪਦੇਸ਼ ਦੇਕੈ ਚੇਲੋ ਕਰਿ ਲਯਾਵੈ ਤਾਂਕੋ, ਰਲੈ ਸਿੱਧ ਮਾਂਹੀ ਸੋ ਅਮਰ ਪਦ ਪਾਵਈ'।ਬੈਸੇ ਜੇਤੇ ਪਾਸ ਭਯੋ ਸਭਿਕੋ ਹੁਲਾਸ ਉਰ ਖਾਇਕੈ ਤਮਕ ਕੋ[੨੬]ਮਛਿੰਦ੍ਰ ਯੌਂ ਅਲਾਵਈ ॥ ੩੭ ॥ ਕਬਿੱਤ ॥ 'ਕੈਸੋ ਕੋਊ ਹੋਇ ਸਭਿ ਜੀਤੌਂ ਜਾਇ ਤਾਂਕੋ ਅਬ,ਆਵਨ ਨ ਦੇਹੋਂ ਕਿਧੌਂ[੨੭] ਚੇਲੋ ਕਰਿ

---

[੧]ਨਾਸ਼ ਕਰਨ ਵਾਸਤੇ, ਯਾ ਵਾਲੇ। [੨]ਕਿਸੇ। [੩]ਹਰਨ ਦੀ ਖੱਲ। [੪]ਸ਼ੇਰ (ਦੀ ਖੱਲ)। [੫]ਕਿਸੇ ਨੇ। [੬]ਗੋਦੜੀ। [੭]ਬਿਲੌਰੀ। [੮]ਮਾਨੋਂ। [੯]ਹੰਕਾਰ ਦਾ। [੧੦]ਸੁਆਹ। [੧੧]ਠੂਠਾ। [੧੨]ਫੌਹੜੀ। [੧੩]ਝੰਡੇ ਦਾ ਫਰੇਰਾ। [੧੪]ਹੱਥ (ਵਿਚ)। [੧੫]ਗਲ ਵਿਚ)। [੧੬]ਲੰਗੋਟੀ। [੧੭]ਲੱਕ ( ਨਾਲ )। [੧੮]ਮੁੱਛਾਂ। [੧੯]ਦਾਹੜੀ। [੨੦]ਮੁੰਨੇ ਹੋਏ ਸਿਰ। [੨੧]ਮੋਢੇ ਤੇ। [੨੨]ਇੱਛਾ। [੨੩]ਬਹੁਤ ਛੋਟਾ ਕਿਣਕਾ। [੨੪]ਬਰੱਬਰ। [੨੫]ਪਹਾੜ। [੨੬]ਗੁੱਸਾ ਖਾਕੇ। [੨੭]ਯਾ ਤਾਂ।

ਲਜਾਇਹੋਂ।ਦੇਹਿ ਕੋ ਬਨਾਉ ਬੂਝੋਂ, ਜੋਗ ਹੂ ਕੋ ਬਾਦ ਕਰੋਂ, ਕੈਸੇ ਕੈ ਜਬਾਬ ਦੈਹਿ ਤਾਂਹਿ ਕੋ ਹਟਾਇਹੋਂ। ਕਿਤਹੂੰ ਤੇ ਆਯੋ ਕਿਤ ਦੇਸ਼ ਜਾਯੋ ਚਾਹੈ ਸੋਊ, ਮਨ ਕੇ ਮਨੋਰਥ ਤਾਂ ਓਰੇ[1] ਜਿਉ[2] ਬਿਲਾਇ ਹੋਂ[3]। ਕੀਜੈ ਨ ਅਵਾਰ, ਦੀਜੈ ਆਇਸੁ ਉਚਾਰ, ਜੀਤੋਂ,ਸਭੈ ਸਿਧ ਮੰਡਲੀ ਕੋ ਬਰ ਜਬ ਪਾਇਹੋਂ' ॥੩੮॥ ਦੋਹਰਾ ॥ ਗੋਰਖ ਉਰ ਹੁਲਸਾਇਕੈ ਕੀਨੀ ਜਾਨ ਰਜਾਇ। ਜਾਨੀ ਮਨ–ਇਹ ਆਨਿ ਹੈ ਜਾਂਕੋ ਤੇਜ ਸੁਭਾਇ–॥੩੯॥ ਜਨੋਂ ਗਜ[4] ਨਿਜ ਉਰ ਗਰਬ ਕਰਿ ਸਿੰਘ ਜੀਤਨੋ ਚਾਇ। ਮ੍ਰਿਗ ਕੋ ਪਠੈ ਵੰਗਾਰ ਕੈ ਸੋ ਗਮਨਯੋ ਇਹ ਭਾਇ[5] ॥ ੪੦ ॥ ਕਬਿੱਤ ॥ ਆਯੋ ਤਬ ਧਾਇ ਗੁਰੂ ਨਾਨਕ ਸੁਹਾਏ ਜਹਿਂ, ਬਚਨ ਅਲਾਵਾ 'ਬਾਲੇ[6] ਆਯੋ ਕੌਨ ਕਾਜ ਕੋ ?। ਸ਼ਕਤਿ ਸੁ ਰਾਖੋ ਕਿਧੌ ਨਾਂਹੀ ਮੋਸੋਂ ਵਾਕ ਕਹੋ ? ਸਾਚਹੀ ਬਖਾਨੋਂ,ਇਹਾਂ ਬੋਲੀਐ ਨ ਪਾਜ[7] ਕੋ। ਆਗੈ ਚਲਯੋ ਚਾਹੈਂ ਜੌ ਤੂੰ, ਲੀਜੈ ਉਪਦੇਸ਼ ਹਮ[8], ਜੋਗ ਚਾਹੋ ਜੋਗ ਲੀਜੈ ਨਾਂਤੋ ਲੀਜੈ ਰਾਜਕੋ।ਜੋ ਨ ਮਾਨੈ ਬਾਤ ਮੇਰੀ ਦੇਖੋਂ ਨ ਕੁਸ਼ਲ[9]ਤੇਰੀ ਕਹੌਂ ਟੇਰਿ ਟੇਰਿ[10]ਹਟਿ ਜੱਯੈ[11]ਚਾਹੋ ਲਾਜਕੋ'॥੪੧॥ ਗੁਰੂ ਮੁਸਕਾਨੇ ਮੁਖ ਬਚਨ ਬਖਾਨੇ 'ਜੋਊ ਇੱਛਾ ਹੈ ਮਛਿੰਦਰਾ ! ਸੁ ਮਾਂਗ ਨਿਜ ਲੀਜੀਏ।ਤੋਕੋ ਬਖਸ਼ਾਇ ਕਰਤਾਰ ਤੇ ਦਿਵਾਇੰ, ਪਰ ਬੋਲ ਕੈ ਕੁਬੋਲ ਬੋਲ ਹਮਸੋਂ ਨ ਖੀਝੀਏ। ਜਹਾਂ ਲਗ ਚਾਹਿ ਤਹਾਂ ਤੀਕ ਹਮ ਜਾਹਿਂ, ਔਰ ਤੇਰੇ ਕਹੇ ਹਟੈਂ ਨਾਂਹਿ, ਸਾਚ ਯੌਂ ਪਤੀਜੀਏ। ਰਾਜ ਨਹਿਂ ਲੇਊਂ, ਉਪਦੇਸ਼ ਤੋਕੋ ਦੇਊਂ, ਅਬ ਐਸੋ ਮੋਕੋ ਚੀਨ ਜੀਅ ਜਾਨਿਯੇ ਸੁ ਕੀਜੀਏ' ॥ ੪੨ ॥ ਐਸੇ ਸੁਨਿ ਬੈਨ ਰਿਸ ਕੀਨੀ ਬਿਨ ਚੈਨ ਭਏ, ਆਰੁਨ[12] ਦੋ ਨੈਨ ਮੁਖ ਬਚਨ ਬਖਾਨਿਯਾ'ਕੇਤੇ[13]ਦਿਨ ਰਾਤਿ[14]ਸ੍ਵਾਸ,ਕੇਤੀ ਨਸਾ ਮੱਧ ਮਾਸ[15],ਅੰਗੁਰੀ ਕੈ[16] ਤਾਕ ਮੁੱਖ[17]ਕੈਸੇ ਸੰਧਿ[18]ਜਾਨਿਯਾ। ਕੋਠਰੀ ਕੈ[19],ਰੋਮ ਕੇਤੇ[20], ਪੱਲਵਕੈ[21] ਤਿਲੀ ਕਹੋ, ਕਾਰਜਾ[22] ਕੈ ਅੰਗੁਰੀ ਬਤਾਇ ਪਹਿਚਾਨਿਯਾ। ਦੇਹੀ ਕੋ ਬ੍ਰਿਤਾਂਤ[23]ਕਹੋ ਜੇ ਤੂੰ ਆਗੈ ਜਾਇ ਚਹੋ,ਭੂਲ ਜੈਹੈਂ, ਕਹੋ ਨਹਿਂ,ਕਰੋਂ ਤੋਰ

[1]ਗੜੇ। [2]ਵਾਂਙ। [3]ਗਾਲ਼ ਦਿਆਂਗਾ। [4]ਹਾਥੀ। [5]ਇਸਤਰ੍ਹਾਂ। [6]ਹੇ ਬਾਲਕੇ। [7]ਝੂਠ। [8]ਸਾਡਾ। [9]ਸੁੱਖ। [10]ਪੁਕਾਰ ਪੁਕਾਰ ਕੇ। [11]ਮੁੜ ਜਾਓ। [12]ਲਾਲ। [13]ਕਿਤਨੇ। [14]ਦਿਨ ਤੇ ਰਾਤ ਦੇ। [15]ਮਾਸ ਵਿਚ ਨਾੜਾਂ ਕਿੰਨੀਆਂ। [16]ਕਿਤਨੀਆਂ ਉਂਗਲਾਂ। [17]ਮੂੰਹ ਦਾ ਦਰਵਾਜਾ। [18]ਜੋੜ (ਸਰੀਰ ਦੇ)। [19]ਕੋਠੜੀਆਂ ਕਿਤਨੀਆਂ। [20]ਵਾਲ ਕਿਤਨੇ। [21]ਕਿੰਨੀਆਂ ਉਂਗਲਾਂ। [22]ਕਲੇਜਾ। [23]ਹਾਲ।

ਹਾਨਿਯਾ' ॥ ੪੩ ॥ [੧]"ਬਿੰਸਤ ਚਤੁਰ ਹੈਂ ਹਜ਼ਾਰ ਦਿਨ ਰਾਤਿ ਸ੍ਵਾਸ, ਨੌਂਸੈ ਨਸ[੨], ਕੋਠਰੀ ਬਹੱਤ੍ਰ ਪ੍ਰਮਾਨਿਯੇ। ਅੰਗੁਰੀ ਚਤੁਰ[੩] ਮੁਖ ਤਾਕ, ਨੀਲ ਕੋਟ[੪]ਰੋਮ,ਸੋਲਾਂ ਸੈ ਹੈ ਸੰਧਿ[੫],ਤਿਲੀ ਪੱਲਵ ਬਾਰਾਂ[੬] ਜਾਨਿਯੇ। ਆਂਗੁਰੀ ਕਰੇਜੋ ਆਠ[੭], ਐਸੋ ਦੇਹੀ ਠਾਟ* ਸਭਿ, ਬੂਝਿਬੇ ਕੀ ਚਾਹਿ ਔਰ ਮੋਹੁ ਸੋਂ ਬਖਾਨਿਯੇ'। ਗਜ ਦੰਤ ਮ੍ਰਿਗ ਸਿੰਗ ਡਰੈ ਨ ਡਰਾਏ[੮] ਤਾਂਕੇ ਕੇਹਰੀ[੯]ਅਤੋਲ ਬਲ ਹੋਇ ਕੈਸੇ ਹਾਨਿਯੇ ॥ ੪੪ ॥ ਸਿਧਿ ਲਾਯੋ ਚਾਹੈ, ਨਹੀਂ ਲਗਤਿ ਸ਼ਕਤਿ ਕਛੁ,ਜੈਸੇ ਹੀ ਪਪੀਲਿਕਾ[੧੦]ਪਹਾਰ[੧੧]ਕੋ ਉਚਾਤਿ[੧੨] ਹੈ। ਸਭੈ ਬਿਧਿ ਜੋਹਿ ਦੇਖਿ ਆਪ ਤੇ ਬਿਸ਼ੇਖ ਲਖਿ ਲੱਜਤਿ ਹ੍ਵੈ ਹਟਿ ਜਾਤਿ, ਰਿਦੇ ਪਛੁਤਾਤਿ ਹੈ। ਗੋਰਖ ਕੇ ਢਿਗ ਜਾਇ ਬਚਨ ਅਲਾਇ[੧੩] ਐਸੇ 'ਹਮ ਤੇ ਨ ਛੋਟੇ ਜੇਊ ਮਾਨੈਂ ਹਮ ਬਾਤ ਹੈਂ।ਊਚੇ ਅਤਿ ਬੋਲ ਬੋਲੈਂ ਮਨ ਤੇ ਨਡੋਲੇ ਕਬ,ਸਾਗਰ ਗੰਭੀਰ ਜਿਉਂ ਅਥਾਹ ਕਰਾਮਾਤ ਹੈ'॥੪੫॥ਲੁਹਿਰੀਪਾ ਬੈਸਾ ਤਹਿਂ ਬੈਨ ਸੁਨਿ ਐਸਾ ਕਹਿ,'ਦੇਖੋਂ ਸੋਊ ਕੈਸਾ,ਮੋਕੋ ਆਇਸੁ ਉਚਾ-ਰਿਯੇ। ਗੋਰਖ ਪ੍ਰਸਾਦਿ[੧੪]ਜਾਇ ਜੀਤੋਂ ਕਰਿ ਬਾਦ ਤਿਂਹ' ਕਹੈਂ ਸਭਿ ਸਿੱਧ ਤਬ'ਤੁਮਹੀ ਸਿਧਾਰਿਯੇ[੧੫]'।ਆਵਾ ਚਲਿ ਪਾਸ ਜਹਾਂ ਬੈਸੇ ਸੁਖਰਾਸ ਜਾਂਕੇ ਬਚਨ ਬਿਲਾਸ ਭਵ ਅਪਦਾ ਨਿਵਾਰਿਯੇ।'ਬਾਲੇ[੧੬] ਹੈ ਅਦੇਸ਼', ਮੁਸਕਾਨੇ ਗੁਰ ਦੇਖਿ,'ਏਕੰਕਾਰ ਕੋ ਅਦੇਸ਼,ਆਉ ਬੈਸ[੧੭] ਜੋਗ ਕਾਰਿਯੇ[੧੮] !' ॥੪੬॥ [੧੯]"ਨਾਮ ਕੌਨ, ਧਾਮ ਕੌਨ, ਕਿਧੌ ਕਿਤ ਗੌਨ ਅਬ ?, ਬੇਖ ਤੇਰੋ ਕੌਨ ? ਦੇਸ਼ ਕੌਨ ਹੈ?ਬਤਾਇਯੇ"।"ਨਾਨਕ ਹੈ ਨਾਮ,ਜਹਾਂ ਅਨਹਦ ਧੁਨਿ ਧਾਮ, ਜਾਵੌਂ ਕਰਤਾਰ ਸ਼ਾਮ[੨੦]ਸੁਖਦ[੨੧]ਸੁਹਾਇਯੇ। ਦੇਸ਼ ਹੈ ਬੇਗਮਪੁਰ[੨੨],ਬੇਖ[੨੩] ਏਕੰਕਾਰੀ ਮੁਰਤ†,ਬੂਝਿਬੇ ਕੀ ਚਾਹਿ ਉਰ ਔਰ ਸੋ ਅਲਾਇਯੇ। ਆਵਤਿ ਹੋ ਧਾਇ ਧਾਇ, ਮੌਤਿਸਰ ਰੋਗ ਕਾਇ[੨੪] ਤਾਂ ਕੋ ਉਪਚਾਰ ਕੀਜੈ ਜੋਗ

---

[੧]ਉਤਰ ਗੁਰੂ ਜੀ ਦਾ। [੨]ਨਾੜਾਂ। [੩]ਚਾਰ। [੪]ਕ੍ਰੋੜ ਨੀਲ ਬਰੱਬਰ ਹੈ ਹਜਾਰ ਸੰਖ ਦੇ, ਭਾਵ ਹੈ ਅਸੰਖ ਤੋਂ। [੫]ਜੋੜ। [੬]੧੨ ਉਂਗਲਾਂ। [੭]ਕਲੇਜਾ ਅੱਠ ਉਂਗਲਾਂ। [੮]ਸ਼ੇਰ ਹਾਥੀ ਦੇ ਦੰਦਾਂ ਤੋਂ ਤੇ ਹਰਨ ਦੇ ਸਿੰਗ ਤੋਂ ਡਰਾਯਾ ਨਹੀਂ ਡਰਦਾ। [੯]ਸ਼ੇਰ। [੧੦]ਕੀੜੀ। [੧੧]ਪਹਾੜ। [੧੨]ਚੁੱਕਦੀ ਹੈ। [੧੩]ਕਹੇ। [੧੪]ਕ੍ਰਿਪਾ ਨਾਲ। [੧੫]ਜਾਓ। [੧੬]ਹੇ ਬਾਲਕੇ !। [੧੭]ਬੈਠ। [੧੮]ਹੇ ਜੋਗ ਦੇ ਕਰਨੇ ਵਾਲੇ !। [੧੯]ਜੋਗੀ ਬੋਲਿਆ। [੨੦](ਦੀ) ਸ਼ਰਨ। [੨੧]ਸੁਖ ਦੇਣ ਵਾਲੀ। [੨੨]ਸਚ ਖੰਡ। [੨੩]ਭੇਖ। [੨੪]ਸਰੀਰ ਵਿਚ।

*ਏਹ ਹਠ ਯੋਗੀਆਂ ਦੇ ਹਿਸਾਬ ਹਨ ਜੋ ਗੁਰੂ ਜੀ ਨੇ ਉਨ੍ਹਾਂ ਨੂੰ ਦੱਸੇ। ਇਹੋ ਜਿਹੀਆਂ ਹਿਸਾਬੀ ਗੱਲਾਂ ਦਾ ਮਾਣ ਉਨ੍ਹਾਂ ਸਿੱਧਾਂ ਵਿਚ ਸੀ। †ਪਾ:-ਮੁਙ, ਮੋਹਿ।

ਨਾ ਲਜਾਇਯੋ[੧] ॥ ੪੭ ॥ ਖਾਇ ਰਿਸ ਬੋਲ੍ਯੋ ਜੋਗਿ ਓਜ[੨] ਝਕਝੋਲ੍ਯੋ[੩] ਨਿਜ[੪], 'ਕੇਤੇ ਚੱਕ੍ਰ ਭੇਦੇ ? ਕੇਤੀ ਪਾਂਖੁਰੀ ਹੈ ਤਾਹਿ ਕੀ[੫] ?। ਦੇਹ ਕਿੱਤੀ ਪੌਨ ? ਤ੍ਰਿਪਤਾਵੈ ਧਾਰਿ ਕੌਨ ? ਔਰ ਪੰਜ ਤੱਤ ਕਹੋ ਜੋ ਰਿਖੀਕ[੬] ਪੰਚ ਜਾਂਹਿ ਕੀ। ਗੁਣ ਔ ਸੁਭਾਇ[੭] ਸਭਿ ਤੱਤਨ ਕੇ[੮] ਕਹੋ ਅਬ[੯], ਪ੍ਰਥਕ[੧੦] ਪ੍ਰਕ੍ਰਿਤਿ ਬਿਧਿ[੧੧] ਸਭੈ ਦੇਹਿ ਮਾਂਹਿ ਕੀ। ਉੱਤਰ ਬਤਾਵੋ ਤਊ ਆਗੇ ਚਲਿ ਜਾਵੋ ਤੁਮ,ਨਾਤੋ[੧੨] ਉਪਦੇਸ਼ ਲੀਜੈ,ਤਜੋ ਮਤਿ ਕਾਹਿੰ ਕੀ'॥੪੮॥[੧੩]'ਮੂਲ[੧੪] ਕੋ ਕਮਲ ਦਲ[੧੫] ਚਾਰ ਹੈਂ ਅਮਲ[੧੬] ਲਾਲ, ਨਾਭਿ ਤਲੇ[੧੭] ਖਟ ਦਲ[੧੮] ਪੀਰੋ[੧੯] ਰੰਗ ਜਾਨਿਯੇ। ਨਾਭਿ ਮੈਂ[੨੦] ਦਸਮ ਦਲ ਨੀਲੋ ਰੰਗ ਸੋਹੈ[੨੧] ਜਾਂਕੇ, ਰਿਦੇ ਦਲ ਦ੍ਵਾਦਸ਼[੨੨] ਕੋ ਸੇਤ[੨੩] ਪਹਿਚਾਨਿਯੇ। ਕੰਠ[੨੪] ਕੋ ਕਮਲ ਦਲ ਸੋਲਾਂ ਹੈਂ ਅਮਲ ਭੇਦ, ਤ੍ਰਿਕੁਟੀ ਮੈਂ* ਦੋਇ ਦਲ ਧਾਮ ਸੁਖਦਾਨਿਯੇ । ਭੇਦ ਇਨ ਜਾਇ, ਖਟ ਚੱਕ੍ਰ ਜੋ ਅਲਾਇ, ਦਸ ਦ੍ਵਾਰ[੨੫] ਠਹਿਰਾਇ ਬਾਇ, ਐਸੀ ਬਿਧਿ ਮਾਨਿਯੇ ॥੪੯॥ ਪੌਨ[੨੬] ਦਸ ਸੁਨੋ ਨਾਮ੧ ਪ੍ਰਾਨ ਹੈ,੨ਅਪਾਨ ਦੋਊ, ਜਾਨਿਯੇ੩ਸਮਾਨ,੪ਉਦਿਆਨ ਹੈ ੫ਬਿਆਨ ਸੋ।੬ਨਾਗ ਔਰ ੭ਕੂਰਮ ੮ਕ੍ਰਿਕਲ ੯ਦੇਵ ਦੱਤ ਲਖੋ, ਦਸਵੀਂ ੧੦ਧਨੰਜੈ ਨਾਮ ਕਰਤਿ ਬਖਾਨ ਸੋ। ਪ੍ਰਾਣ ਰਹੈਂ ਰਿਦੈ ਮਾਂਹਿ, ਗੁਦਾ ਮੈਂ ਅਪਾਨ ਜਾਨਿ,ਨਾਭਿ[੨੭]ਮੈਂ ਸਮਾਨ,ਕੰਠ[੨੮]ਬਿਖੈ ਉਦਿਆਨ ਸੋ। ਬ੍ਯਾਪਕ ਬਿਆਨ ਤਨ[੨੯],ਨਾਗ ਉਦਗਾਰ[੩੦] ਕਰੈ,ਕੂਰਮ ਸੋ ਲੋਚਨ[੩੧] ਕੀ ਪਲਕ ਖੁਲ੍ਹਾਨ[੩੨]ਸੋ ॥੫੦॥ ਕ੍ਰਿਕਲ ਉਪਾਇ[੩੩] ਛਿਕ, ਦੇਵਦੱਤ ਜੰਭਣੇ[੩੪] ਕੀ, ਮ੍ਰਿਤੁ[੩੫]ਕੇ ਧਨੰਜੈ ਰਹੇ, ਏਹੀ ਦਸ ਪ੍ਰਾਨ ਸੋ। ਨਿਝਰ[੩੬] ਚੁਆਇ ਧਾਰਿ ਤਾਂਹੀ ਤੇ ਅਘਾਇ[੩੭] ਰਹੈ, ਕਹੌਂ ਅਬ ਪੰਚ ਤੱਤ ਸੁਨਿਯੇ ਸੁਜਾਨ ਸੋ। ਖੀ[੩੮] ਪੌਨ[੩੯] ਬੰਨ੍ਹਿ[੪੦] ਪਾਣੀ† ਛੋਨੀ[੪੧] ਪੰਚ ਤੱਤ ਗੁਨ:-ਸ਼ਬਦ, ਸਪਰਸ਼

[੧]ਲਾਜ ਨ ਲਵਾਓ। [੨]ਜੋਗ ਦਾ ਬਲ। [੩]ਹਲੂਣਿਆਂ। [੪]ਅਪਨਾ। [੫]ਤਿਸਦੀਆਂ ਪੰਖੜੀਆਂ। [੬]ਇੰਦ੍ਰੀਆਂ। [੭]ਤਾਸੀਰ। [੮]ਤੱਤਾਂ ਦੇ। [੯]ਹੁਣ। [੧੦]ਅੱਡੋ ਅੱਡ। [੧੧]ਰੀਤੀ। [੧੨]ਨਹੀਂ ਤਾਂ। [੧੩]ਗੁਰੂ ਜੀ ਬੋਲੇ। [੧੪]ਮੂਲਾ ਧਾਰ ਚਕ੍ਰ। [੧੫]ਪੰਖੜੀਆਂ। [੧੬]ਮੈਲ ਤੋਂ ਰਹਿਤ। [੧੭]ਧੁੰਨੀ ਹੇਠ। [੧੮]ਛੇ ਪੰਖੜੀਆਂ। [੧੯]ਪੀਲਾ। [੨੦]ਵਿਚ। [੨੧]ਸੋਭਦਾ ਹੈ। [੨੨]ਬਾਰਾਂ। [੨੩]ਚਿੱਟਾ। [੨੪]ਗਲ। [੨੫]ਦਸ-ਦੁਆਰ। [੨੬]ਪ੍ਰਾਣ। [੨੭]ਧੁੰਨੀ। [੨੮]ਗਲੇ। [੨੯]ਸਰੀਰ ( ਸਾਰੇ ਵਿੱਚ )। [੩੦]ਡਕਾਰ। [੩੧]ਨੇਤ੍ਰਾਂ। [੩੨]ਖੁਲ੍ਹਾਨ ਨੂੰ। [੩੩]ਪੈਦਾ ਕਰਦੀ ਹੈ। [੩੪]ਉਬਾਸੀ। [੩੫]ਮਰ ਗਿਆਂ ਤੇ। [੩੬]ਇਕਰਸ। [੩੭]ਤ੍ਰਿਪਤ। [੩੮]ਅਕਾਸ਼। [੩੯]ਵਾਯੂ। [੪੦]ਅਗਨੀ। [੪੧]ਪ੍ਰਿਥਵੀ।

*ਪਾ:-ਕੇ। †ਪਾ:-ਖੋਇ ਪੌਨ ਅਗਨਿ ਨੀਰ।

ਰੂਪ, ਰਸ, ਗੰਧ ਮਾਨ ਸੋ। ਨਭ[੧] ਕਾਨ, ਪੌਨ[੨] ਤੁਚਾ[੩], ਪਾਵਕ[੪] ਕੀ ਨੈਨ ਜਾਨ, ਜੀਹ[੫] ਪਾਨੀ, ਘ੍ਰਾਨ[੬] ਛਿਤ[੭] ਪੰਚੋ ਇੰਦ੍ਰੀ ਗ੍ਯਾਨ ਸੋ ॥੫੧॥ ਏਕ ਏਕ ਤੱਤ ਤਾਂਕੀ ਪੰਚ ਹੈਂ ਪ੍ਰਕ੍ਰਿਤਿ[੮] ਭਈ ੧ਲੋਭ ੨ਮੋਹ ੩ਅਹੰ ੪ਦੁਖ ੫ਪ੍ਰੀਤ ਨਭ ਜਾਨਿਯੇ[੯]। ੧ਬਲ[੧੦] ਕੋ ਕਰਨ ਅਰ ੨ਧਾਵਨ[੧੧] ੩ਪਸਾਰਨ[੧੨] ੪ਸੰਕੋਚ[੧੩], ੫ਦੇਹ ਬਧੈ ਸੋ ਸਮੀਰ ਪਹਿਚਾਨਿਯੇ[੧੪]। ੧ਨੀਂਦ ਔਰ੨ਜੰਭਾਈ[੧੫]*੩ਭੂਖ ੪ਆਲਸ ੫ਪਿਆਸ[੧੬] ਹੋਇ, ਅਗਨਿ ਕੇ ਤੱਤ ਕੀ ਪ੍ਰਕ੍ਰਿਤਿ ਇਹ ਪ੍ਰਮਾਨਿਯੇ। ੧ਰਕਤ[੧੭], ੨ਪਸੀਨਾ[੧੮], ੩ਪਿਤ, ੪ਕਫ[੧੯], ੫ਬਿੰਦ[੨੦], ਨੀਰ[੨੧] ਹੂ ਕੀ; ੧ਚਾਮ[੨੨], ੨ਹਾਡ, ੩ਮਾਸ, ੪ਨਾੜੀ ੫ਰੋਮ, ਛਿਤ ਭਾਨਿਯੇ[੨੩]॥੫੨॥ ਦੋਹਰਾ॥ ਪੰਜ ਤੱਤ ਕੇ ਕੋਟ[੨੪] ਮਹਿ[੨੫]ਪੱਚੀਸ ਹੈਂਪਰਕ੍ਰਿਤ।ਜੀਉ[੨੬]ਬਸੇਰਾ ਤਹਿਂ ਕੀਯੋ,ਸੁਨਿ ਲਹਿਣਾ ਮਿੱਤ[੨੭]!'॥੫੩॥ ਸੈਯਾ॥ਸ਼੍ਰੋਨ ਸੁਨੇ ਗੁਨਐਨ ਕੇ ਬੈਨ, ਭਈ ਮਨ ਚੈਨ,ਪਛਾਨੇ ਸੁਜਾਨਾ।-ਹੈ ਅਵਤਾਰ ਸਹੀ ਕਰਤਾਰ ਨਿਹਾਰਨ ਕੋ ਜਗ ਕੋ ਨ ਸਮਾਨਾ--। ਹੋਇ ਅਧੀਨ ਬਿਨੈ ਕਰਿਕੈ ਸਿਰ ਨਾਇਕੈ ਦੋਨਹੁ ਬੰਦਤਿ ਪਾਨਾ[੨੮]। ਆਦਰ ਕੀਨ ਬਿਸਾਲ[੨੯], ਗੁਰੂ ਉਚਰ੍ਯੋ 'ਤੁਮ ਹੋ ਸਿਧ ਜੋਗ ਕਿ ਖਾਨਾ' ॥੫੪॥ ਬਾਲੇ ਕੇ ਪੰਕਜ ਆਨਨ ਤੇ ਇਤਿਹਾਸ ਬਨ੍ਯੋ ਮਕਰੰਦ[੩੦] ਸੁਹਾਯੋ। ਸ੍ਰੀ ਗੁਰੁ ਅੰਗਦ ਜੀ ਸੁਨਿਕੈ ਮਨ ਭੌਰ ਭਯੋ ਬਹੁਤੋ ਹੁਲਸਾਯੋ। ਪ੍ਰੇਮ ਕੋ ਭੂਰ ਪ੍ਰਕਾਸ਼ ਕਿਯੋ ਗੁਰੁ ਨਾਨਕ ਰੂਪ ਕੋ ਧ੍ਯਾਨ ਲਗਾਯੋ। ਹੋਇ ਬਿਦੇਹ ਗਏ ਤਿਹ ਕਾਲ ਭਲੇ ਦਸ ਦ੍ਵਾਰ ਮੈਂ ਸ੍ਵਾਸ ਟਿਕਾਯੋ॥੫੫॥ ਸ਼੍ਰੋਤਾ ਗਏ ਉਠ ਆਪਨੇ ਧਾਮਨ, ਰੈਨ ਬਿਤੀ ਇਕ ਦ੍ਯੋਸ ਬਿਤਾਯੋ। ਫੇਰ ਨਿਸਾ ਭਈ ਦ੍ਯੋਸ ਚਰ੍ਯੋ[੩੧] ਛੁਟਕ੍ਯੋ ਨਹਿ ਧ੍ਯਾਨ ਅਖੰਡ ਲਗਾਯੋ। ਖਾਨੇ ਨ ਪਾਨ ਨ ਨ੍ਹਾਨ[੩੨] ਕਿਯੋ, ਨਰ ਆਪਸ ਮੈਂ ਮਿਲਿ ਬੈਨ ਅਲਾਯੋ।

---

[੧]ਅਕਾਸ਼ ਦਾ। [੨]ਵਾਯੂ ਦਾ। [੩]ਚਮੜੀ। [੪]ਅਗਨਿ। [੫]ਜਿਹਬਾ। [੬]ਨਾਸਕਾ। [੭]ਪ੍ਰਿਥਵੀ ਦਾ। [੮]ਪ੍ਰਕ੍ਰਿਤੀਆਂ। [੯]ਅਕਾਸ਼ ਦੀ ਪ੍ਰਕ੍ਰਿਤੀ ਜਾਣੋ। [੧੦]ਜ਼ੋਰ। [੧੧]ਵੇਗ, ਵਗਣਾ, ਦੌੜਨਾ। [੧੨]ਫੈਲਣਾ। [੧੩]ਇਕੱਠਾ ਹੋਣਾ। [੧੪]ਵਾਯੂ (ਦੀ ਪ੍ਰਕ੍ਰਿਤੀ) ਜਾਣੋ। [੧੫]ਉਬਾਸੀ। [੧੬]ਤ੍ਰੇਹ। [੧੭]ਲਹੂ। [੧੮]ਮੁੜ੍ਹਕਾ। [੧੯]ਬਲਗਮ। [੨੦]ਵੀਰਯ। [੨੧]ਜਲ। [੨੨]ਚੰਮ। [੨੩]ਪ੍ਰਿਥਵੀ ਦੀ ਪ੍ਰਕ੍ਰਿਤੀ ਕਹੀਦੇ ਹੈਨ। [੨੪]ਕਿਲ੍ਹਾ, ਸਰੀਰ। [੨੫]ਵਿੱਚ। [੨੬]ਜੀਵ ਨੇ। [੨੭]ਹੇ ਮਿੱਤਰ। [੨੮]ਹੱਥ। [੨੯]ਬੜਾ। [੩੦]ਸੁਗੰਧੀ। [੩੧]ਚੜ੍ਹਿਆ। [੩੨]ਇਸ਼ਨਾਨ। *ਪਾ:-ਜੰਕ੍ਰਿਤ, ਇਸ ਦਾ ਅਰਥ ਕਰਦੇ ਹਨ, ਜੋ ਕ੍ਰਾਂਤੀ। ਸੰਸਕ੍ਰਿਤਿ, ਯਕ੍ਰਿਤਿ=ਜਿਗਰ।

'ਸ਼੍ਰੀ ਗੁਰੂ ਅੰਗਦ ਜੀ ਤਜਿ ਦੇਹਿ ਗਯੋ ਕਰਤਾਰ ਕੇ ਮੱਧ ਸਮਾਯੋ' ॥੫੬॥
ਭੈ ਕਰਿ ਕੋ ਨ ਬੁਲਾਇ ਸਕੈ, ਢਿਗ ਬੈਠਿ ਰਹੇ ਨਰ ਜੋ ਤਹਿਂ ਜਾਈ।
ਸਾਤ ਨਿਸਾ ਪੁਨ ਸਾਤ ਹੀ ਬਾਸੁਰ ਬੀਤ ਗਏ ਤਨ ਸੋਝੀ ਨ ਆਈ।
ਲੋਚਨ ਕੀ ਪਲਕਾਂ ਸੁ ਜੁਟੇਂ[1] ਇਕ ਆਸਨ ਬੈਠੇ ਅਡੋਲ ਸੁਹਾਈ।
ਤਾਂ ਪਦ ਪੰਕਜ ਕੋ ਮਮ ਬੰਦਨ ਸੀਸ ਨਿਵਾਇ ਕਰੌਂ ਹਿਤ ਲਾਈ ॥ ੫੭ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ ਪ੍ਰਸੰਗ' ਬਰਨਨੰ ਨਾਮ ਸਾਠਮੋ ਅਧ੍ਯਾਯ ॥ ੬੦ ॥

੬੧. [ਗੁਰ ਚਰਣ ਮੰਗਲ । ਸਿੱਧ ਭੰਗਰ, ਕਨੀਫਾ, ਹਨੀਫਾ, ਭੂਤਵੇ, ਚਰਪਟ, ਝੰਗਰ, ਸੰਘਰ ਤੇ ਸੰਭਾਲਕਾ ਨਾਲ ਚਰਚਾ]

ਦੋਹਰਾ ॥ ਸ਼੍ਰੀ ਗੁਰੁ ਪਗ ਹੈਂ ਸ਼ਾਂਤਿ ਸਰ ਮਨ ਮ੍ਰਿਗ ਤਿਸਹਿ ਮਿਲਾਇ।
ਕਹੂੰ ਕਥਾ ਬਰ ਪਾਵਨੀ ਜਥਾ ਮੋਰ ਮਤਿ ਆਇ ॥ ੧ ॥

{ ਮ੍ਰਿਗ=ਭਾਵ ਹਰਨ ਵਾਂਙੂ ਚੰਚਲ। ਪਾਵਨੀ=ਪਵਿੱਤ੍ਰ, ਪਵਿੱਤ੍ਰ ਕਰਨ ਵਾਲੀ। ਮੋਰ=ਮੇਰੀ। }

ਅਰਥ—ਸ਼੍ਰੀ ਗੁਰੂ ਜੀ ਦੇ ਚਰਨ ਸ਼ਾਂਤੀ ਦਾ ਸਰੋਵਰ ਹਨ, ( ਅਪਣੇ ) ਮ੍ਰਿਗ ( ਰੂਪੀ ) ਮਨ ਨੂੰ ਉਸ (ਵਿਚ) ਪਰਵੇਸ਼ ਕਰਾਕੇ ਜੇਹੀ ਮੇਰੀ ਬੁੱਧੀ ਵਿੱਚ ਆਵੇ ਮੈਂ ਸ੍ਰੇਸ਼ਟ ਤੇ ਪਵਿੱਤਰ ਕਥਾ (ਅਗੋਂ ਦੀ) ਕਹਿੰਦਾ ਹਾਂ।

ਸੈਯਾ ॥ ਆਠਵੇਂ ਬਾਸੁਰ ਧ੍ਯਾਨ ਛੁਟਾ ਜਬ, ਦੇਹਿ ਬਿਖੈ ਤਬ ਹੀ ਸੁਧ[2] ਆਈ। ਲੋਚਨ ਸੁੰਦਰ ਯੌਂ ਬਿਕਸੇ ਅਰਬਿੰਦ ਪ੍ਰਫੁੱਲਤ ਜਨੌਂ ਛਬਿ ਛਾਈ। ਮੱਜਨ ਕੋ ਕਰਿ, ਭੋਜਨ ਪਾਇ, ਅਸੀਨੇ ਹੈਂ ਆਸਨ ਪੈ ਸੁਖ-ਦਾਈ। ਦੇਹਿ ਸਜੈ ਤਨ ਸ਼ਾਂਤਿ ਧਰਾ[3], ਕਿ[4] ਖਿਮਾ[5] ਇਹ ਆ ਨੌ ਬੇਖ ਬਨਾਈ ॥੨॥ ਦੋਹਰਾ ॥ ਸ਼੍ਰੋਤਾ ਬਕਤਾ ਜੇ ਹੁਤੇ ਲੀਨੇ ਸਰਬ ਹਕਾਰਿ। ਬੋਲੇ ਸ੍ਰੀ ਅੰਗਦ ਗੁਰੂ ਕਥਾ ਸੁਨਨ ਧਰਿ ਪ੍ਯਾਰ ॥ ੩ ॥ ਕਬਿੱਤ ॥ ਐਸੇ* ਗੁਰੂ ਭਾਖੀ[6] "ਬਾਲਾ ਕਹੋ ਅਬ ਸਾਖੀ ਇਹ, ਹੋਈ ਹੈ ਹਦੂਰ ਤੇਰੇ ਸਬੈ ਸੋ ਕਹੀ-ਜੀਯੇ। ਸੁਧਾ ਇਤਿਹਾਸ ਗੁਰੁ ਆਵਾ ਤੁਝ ਪਾਸ ਸਭਿ ਔਰ ਕੌ ਸੁਨਾਇ ਨ ਅਘਾਇ ਨਿਤ ਪੀਜਿਯੇ"[7]। ਬਾਲਾ ਕਹੈ "ਐਸੇ ਹੋਈ:—ਮੋਹਿ ਢਿਗ ਬੈਸੇ ਸਭਿ

[1]ਜੁੜੀਆਂ । [2]ਹੋਸ਼ । [3]ਮਾਨੋ ਸ਼ਾਂਤੀ ਨੇ ਸਰੀਰ ਧਾਰਿਆ ਹੈ । [4]ਯਾ । [5]ਖਿਮਾ ਨੇ। [6]ਕਹੀ । [7]ਹੋਰਨਾਂ ਨੂੰ ਸੁਨਾਇ (ਨਿਰਾ) ਆਪ ਹੀ ਨਾ ਸਦਾ ਰੱਜਕੇ ਪੀ । (ਅ) ਨਿੱਤ ਹੋਰਨਾਂ ਨੂੰ ਸੁਨਾਇਕੇ ਤ੍ਰਿਪਤ ਇ ਕੇ (ਫੇਰ ਆਪ) ਪੀਓ।

*ਪਾ:—ਬੈਸ।

ਜੈਸੇ ਬਿਧਿ ਭਈ ਤੈਸੇ ਬਰਨੌਂ ਸੁਨੀਜਿਯੇ'। ਬਾਲਾ ਯੌਂ ਅਲਾਇ ਪੈੜਾ ਲਿਖਤਿ ਬਨਾਇ,ਗੁਰੂ ਅੰਗਦ ਸੁਨਾਇ,ਸੋਊ ਤੁਮ ਸੁਨਿ ਲੀਜੀਏ ॥ ੪॥ ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਲੁਹਿਰੀਪਾ ਹਰਖ੍ਯੋ ਬਹੁਤ ਜਾਨ੍ਯੋ ਸਫਲ ਸਰੀਰ। ਸੁਭਗ[1] ਵਾਕ ਗੋਸ਼ਟ ਕਰੀ ਬੈਠਿ ਗੁਰੂ ਕੇ ਤੀਰ ॥ ੫ ॥ ਸ੍ਵੈਯਾ ॥ ਹੋਇ ਬਿਦਾ ਪੁਨ ਗੋਰਖ ਕੇ ਢਿਗ ਜਾਇ 'ਅਦੇਸ਼ ਅਦੇਸ਼' ਕਰੀ। 'ਪੂਰਨ ਭਾ ਅਵਤਾਰ ਸਹੀ ਭਵ ਤਾਰਨ ਕੋ ਪਗਧੂਰ ਤਰੀ[2]। ਕੋਇ ਨ ਤਾਂਹਿ ਸਮਾਨ ਲਖੋਂ ਕਿਤ ਜਾਂ ਮਿਲ ਮੱਧ ਕੁਬੁਧਿ[3] ਟਰੀ[4]। ਕੋ ਨਹਿੰ ਜੀਤਨ ਕੋ ਸਮਰੱਥ' ਸੁਨੇ ਪੁਨ ਗੋਰਖ ਯੌਂ ਉਚਰੀ ॥ ੬ ॥ ਕਬਿੱਤ ॥ 'ਬੈਸ ਢਿਗ ਅੱਯੇ,ਮੁਖ ਤੂਸ਼ਨ ਕਰੱਯੇ,ਨਹਿਂ ਔਰ ਕੋ ਸੁਨੱਯੇ,ਜੇਊ ਕਰੈਂ ਅਭਿ-ਮਾਨ ਕੋ।ਬਾਦ ਕੋ ਕਰਾਇ ਜਬ ਮਾਨ[5] ਮਿਟ ਜਾਇ ਤਬ,ਜਾਨਤਿ ਸੁ ਨਹੀਂ ਅਬ ਹਮਰੇ ਸਮਾਨ ਕੋ'। ਗੋਰਖ ਅਲਾਇ ਸਿਧ ਲੀਨੇ ਹੈਂ ਬੁਲਾਇ ਸਭਿ ਬੈਸੇ ਆਇ ਆਇਕੈ ਅਦੇਸਤਿ[6] ਮਹਾਨ[7] ਕੋ। ਗੋਰਖ ਉਚਾਰੀ 'ਤੁਮ ਸਿੱਧ ਕਲਾਧਾਰੀ ਕੋਊ ਜੀਤੈ ਬਾਦਕਾਰੀ[8] ਜਾਇ ਨਾਨਕ ਸੁਜਾਨ ਕੋ'। ॥੭॥ ਸ੍ਵੈਯਾ ॥ ਯੌਂ ਸੁਨਿ ਭੰਗਰਨਾਥ ਉਠ੍ਯੋ 'ਮੁਝ ਆਇਸੁ ਦੇਹੁ ਬਿਲੋਕਹੁ ਜਾਈ। ਕੋ ਸਮਰੱਥ ਅਰੈ ਹਮਰੇ ਸੰਗਿ ਯਾ ਕਲਿਕਾਲ ਨ ਦੇਤਿ ਦਿਖਾਈ। ਕੈ[9] ਤੌ[10] ਹਟਾਇਕੈ ਪਾਛੇ ਪਠਾਇ ਹੌਂ ਨਾਤੁਰ ਆਨੌਂਗੋ ਪਾਇ ਲਗਾਈ। ਤ੍ਹਾਰਨ[11] ਤੋਰਨ ਕੀ ਸ਼ਕਤੀ ਮਮ, ਕੋ ਬਪੁਰਾ ਨਰ ਧੀਰ[12] ਧਰਾਈ' ॥ ੮॥ ਸ੍ਵੈਯਾ॥ ਗੋਰਖ ਆਇਸੁ ਦੇਤਿ ਭਯੋ 'ਤੁਮ ਜੀਤਹੁ ਜਾਇਕੈ ਬਾਦ ਉਚਾਰੋ। ਬੋਲਨ ਮੈਂ ਸਭਿ ਭਾਂਤਿ ਪ੍ਰਬੀਨ ਹੋ ਪੰਥ ਮੈਂ ਆਨਹੁ ਜੇਸ ਨਿਹਾਰੋ'। ਸ਼੍ਰੋਨ ਪ੍ਰਸੰਸ ਸੁਨੀ ਗਰਬ੍ਯੋ ਉਰ ਭੰਗਰ ਤੂਰਨ ਕੀਨ ਪਧਾਰੋ। ਮੂਰਖਭੇਦਨ ਜਾਨਤਿ ਯੌਂ–ਨਿਗਮਾਗਮ ਕੋ ਇਹ ਰੂਪ ਅਧਾਰੋ[13]–॥੯॥ਸ੍ਰੀ

---

[1]ਸ਼੍ਰੇਸ਼ਟ। [2]ਬੇੜੀ। [3]ਮੱਧ ਕਬੁਧਿ=ਅੰਦਰਲੀ ਖੋਟੀ ਮਤ। ਪਾਠਾਂਤ੍ਰ ਹੈ ਕਿ ਮੱਧ ਕੁਬੁਧਿ=ਕਿਮੇਧਾ=ਥੋੜੀ ਬੁਧੀ, ਕੁਬੁਧਿ=ਖੋਟੀ ਬੁਧਿ। [4]ਨਾਸ਼ ਹੋ ਗਈ। [5]ਹੰਕਾਰ। [6]ਨਮਸਕਾਰ ਕਰਦੇ ਹਨ। [7]ਬੜੇ (ਅ) ਗੋਰਖ ਨੂੰ। [8]ਝਗੜਾਲੂ। [9]ਯਾਂ। [10]ਤਾਂ। [11]ਤਾਰਿਆਂ ਨੂੰ। [12]ਧੀਰਜ। [13]ਵੇਦ ਸ਼ਾਸਤ੍ਰ (ਗੁਪਤ ਪ੍ਰਗਟ) ਦਾ ਇਹ (ਸ੍ਰੀ ਗੁਰੂ ਨਾਨਕ ਦੇਵ ਜੀ) ਆਧਾਰ ਹਨ।

ਗੁਰੂ ਜੀ ਗਮਨੇ ਇਤ ਆਗੇ ਕੋ ਮੰਦ ਹੀ ਮੰਦ ਸੁ ਚਾਲ ਸੁਹਾਈ। ਊਚੇ ਗਏ ਜਬ ਹੀ ਬਹੁਤੇ ਮਰਦਾਨੇ ਤਬੈ ਮੁਖ ਬਾਨੀ ਅਲਾਈ। 'ਦੇਖਿ ਰਹ੍ਯੋ ਨਿਜ ਲੋਚਨ ਸੰਗਿ ਮਯੰਕ ਅਬੈ ਨਹਿਂ ਦੇਤਿ ਦਿਖਾਈ*। ਊਪਰ ਹੈ ਕਿ ਨਹੀਂ ਇਸ ਥਾਨ ਕਹਾਂ ਲਗ ਜਾਵਹੁ ਦੇਹੁ ਬਤਾਈ?' ॥ ੧੦ ॥ ਸੁਨਿ ਕੈ ਗੁਨਐਨ ਭਨੇ ਮੁਖ ਬੈਨ 'ਰਹ੍ਯੋ ਪਤਿਰੈਨ[1] ਸੁ ਨੀਚੇ ਹਮਾਰੇ। ਜੁਗ[2] ਸੂਰਜ ਚੰਦ ਪ੍ਰਕਾਸ਼ਕ[3] ਜੇ ਜਗ, ਨੈਨ ਤਰੇ ਕਰਿ ਲੇਹੁ ਨਿਹਾਰੇ। ਪੁਨ ਔਰ ਸਥਾਨ ਜੁ ਬੂਝਤਿ ਊਪਰਹੈਂ ਬਹੁਰੂਰੇ ਅਨੇਕ ਪ੍ਰਕਾਰੇ। ਜਹਿਂ ਮੇਰੁ ਕੋ ਸ਼ੇਖ਼ਰ, ਸਿੱਧ ਰਹੈਂ ਤਹਿਂ, ਹੈ ਸ਼ਕਤੀ ਜਿਨ ਬੀਚ ਉਦਾਰੇ ॥੧੧॥ ਕਾਕਭੁਸੁੰਡ ਤੇ ਆਦਿ ਰਿਖੀਸ਼ੁਰ ਤਾਂ ਦਰਸੋ[4] ਸੁਨਿਯੇ ਮਰਦਾਨਾ। ਧ੍ਰੂ ਪ੍ਰਹਿਲਾਦ ਵਡੇ ਜਨ ਦੱਤ ਸੁ ਊਰਧ[5] ਸੋਹਤਿ ਸੁੰਦਰ ਥਾਨਾ। ਮੰਦਹਿ ਮੰਦ ਚਲੈਂ ਤਹਿਂ ਕੋ, ਮਨ ਸਿੱਧਨ ਕੇ ਬਹੁਤਾ ਅਭਿਮਾਨਾ[6]। ਦੇਹਿਂ ਮਿਟਾਇ ਭਲੇ ਮਗ ਪਾਇ' ਬਖਾਨਤਿ ਤਾ ਛਿਨ ਯੌਂ ਗਤਿਦਾਨਾ ॥ ੧੨ ॥ ਕਬਿੱਤ ॥ ਭੰਗਰ ਸੁ ਆਇ ਮੁਖ ਬਚਨ ਅਲਾਇ 'ਮਾਈ ਮੂੰਡੇ ! ਕਹਾਂ ਜਾਇ? ਤੋਹਿ ਗਮਤਾ ਨ ਜਾਨਿ ਕੋ। ਆਗੈ ਦੁਖ ਪਾਇ ਜੈ ਹੈਂ ਪ੍ਰਾਨ ਕੋ ਗਵਾਇ, ਕੋਊ ਸਕੈ ਨ ਬਚਾਇ, ਹਠ ਕੀਜੈ ਨਹਿਂ ਮਾਨ ਕੋ†। ਆਗੈ ਚਲਿਬੇ ਕੀ ਚਾਹਿ ਗੋਰਖ ਕੋ ਗੁਰੂ ਕਰੋ ਸੇਵਕ ਹੈਂ ਜਾਕੇ ਬਹੁ ਦੇਤਿ ਮਨ ਗ੍ਯਾਨ ਕੋ। ਪਾਛੇ ਹਟਿ ਜੱਯੈ, ਨਾਂਤੋ ਗੁਰੂ ਕਰਿ ਲੱਯੈ ਅਬ, ਦੋ ਮੈਂ ਏਕ ਕੱਯੈ ਜੇ ਤੂੰ ਚਾਹੈਂ ਨਿਜ ਪ੍ਰਾਨ ਕੋ' ॥ ੧੩ ॥ [7]'ਮਨਸਾ[8] ਹੈ ਮਾਈ ਤਾਂ ਕੋ ਮੂੰਡ ਹੈ ਮੁੰਡਾਈ[9], ਪੁਨ ਮਾਈ ਹੂ ਕੀ ਮਾਈ[10] ਸੰਗ ਤਜਾ, ਨ ਸੰਭਾਰਿਯਾ। ਦੂਖ ਤਾਂਕੋ ਹੋਇ ਭੂਲੇ ਪੰਥ ਫਿਰੈਂ ਜੋਇ, ਮਾਨ ਤੁਮਰੇ ਕੋ ਖੋਇ ਲੇਊਂ ਮਾਰਗ ਨਿਹਾਰਿਯਾ। ਗੋਰਖ ਬਿਲੋਕਯੋ ਤੇਰੋ, ਔਧ ਹੈ ਵਧਾਈ ਬਾਦ[11], ਬਾਦ[12] ਕੋ ਰਚਾਵੈ ਨਹਿਂ ਮਾਨ ਕੋ ਨਿਵਾਰਿਯਾ। ਖੋਯੋ ਨਿਜ ਗ੍ਯਾਨ, ਕੈਸੇ ਦੇਹੁ ਗਤਿ ਆਨ, ਦੰਭ

---

[1]ਚੰਦ੍ਰਮਾਂ। [2]ਦੋਵੇਂ। [3]ਪ੍ਰਕਾਸ਼ ਕਰਨ ਵਾਲੇ। [4]ਦਰਸ਼ਨ ਕਰੋ। [5]ਉੱਪਰ। [6]ਭਾਵ ਪਹਿਲੇ ਅਸੀਂ ਸਿੱਧਾਂ ਦਾ ਮਾਨ ਮਿਟਾ ਲਈਏ, ਫੇਰ ਹੌਲੇ ਹੌਲੇ ਧ੍ਰੂ ਪ੍ਰਹਲਾਦ ਕੋਲ ਚੱਲਾਂਗੇ। [7]ਗੁਰੂ ਜੀ ਵਾਚ। [8]ਕਾਮਨਾ। [9]ਸਿਰ ਮੁੰਨਿਆ ਹੈ, ਭਾਵ ਨਾਸ਼ ਕੀਤਾ ਹੈ। [10]ਤ੍ਰਿਸ਼ਨਾਂ ਦੀ ਮਾਂ, ਮਾਇਆ। (ਅ) ਕਪਟ ਛਲ। [11]ਬਿਅਰਥ ਆਯੂ ਵਧਾਈ ਹੈ। [12]ਝਗੜੇ।

*ਦੇਖੋ ਅਧ੍ਯਾਇ ੬੪ ਵਿਖੇ ਅੰਕ ੭੪ ਦੀ ਟੂਕ।

†ਪਾਃ—ਨ ਮਹਾਨ ਕੋ।

ਧਾਰੇ ਸਨਮਾਨ ਹਿਤ, ਲੋਕਨ ਭੁਲਾਰਿਯਾ ॥ ੧੪ ॥ ਕਾਨ ਕੋ ਛਿਦਾਇ ਮੁੰਦਾ ਫਟਕ ਬਨਾਇ, ਸੇਲੀ ਅੰਗ ਹੂੰ ਮੈਂ ਪਾਇ, ਬੇਖ ਦੰਭ ਕੇ ਨਿਧਾਨ ਹੋ। ਭਸਮ ਲਗਾਇ ਪਟ[1] ਭਗਵੇ ਰੰਗਾਇ ਝੋਲੀ ਲੀਨੀ ਹੈ ਸਿਵਾਇ ਨਿਜ ਮਾਨਤਿ ਮਹਾਨ ਹੋ।ਜੋਗ ਕੀ ਜੁਗਤਿ ਨਹਿਂ ਜਾਨੀ ਤੈਂ ਬਿਮਤ*ਨਿਜ ਜੋਗੀ ਹੋ ਕਹਿਤ, ਜੋਗ ਹੂੰ ਤੇ ਅਨਜਾਨ ਹੋ। ਔਧ[2] ਹੈ ਵਧਾਈ ਕੂਰ, ਪੰਥ ਸ਼ੁਭ[3] ਰਹਜੋ ਦੂਰ, ਸਹਿਜਸ੍ਰੂਪ ਕੋ ਹਦੂਰ[4] ਕਿਵ ਜਾਨਿਹੋ[5]?' ॥੧੫॥ ਸੈਯਾ॥ ਯੌਂ ਸੁਨਿ ਤੂਸ਼ਨ ਹੋਤਿ ਭਯੋ ਪੁਨ ਭੰਗਰ ਨਾਥ ਨ ਬਾਨੀ ਅਲਾਈ। ਲੋਪ ਭਯੋ ਪ੍ਰਗਟਜੋ ਢਿਗ ਗੋਰਖ ਬੈਠ ਗਯੋ ਨਿਜ ਆਸਨ ਲਾਈ। ਆਗੈ ਚਲੇ ਤਹਿਂ ਤੇ ਗੁਰ ਨਾਨਕ ਹੈਂ ਬਿਖਰੇ[6] ਗਿਰ[7] ਪੰਥ[8] ਨ ਪਾਈ[9]। ਊਨਾ ਪਹਾਰ[10] ਕੇ ਜਾਇਕੈ ਸ਼ੇਖ਼ਰ[11] ਬੈਸਿ ਗਏ ਸੁਠਰੂਪ ਸੁਹਾਈ॥੧੬॥ਕਬਿੱਤ॥ ਬੈਠਿ ਘਟੀ ਤੀਨ, ਮੁਸਕਾਨੇ ਹੈਂ ਪ੍ਰਬੀਨ, ਗੁਰੂ ਬੂਝੇ ਮਰਦਾਨਾ 'ਕੈਸੇ ਕੀਨੋ ਮੁਸਕਾਵਨੋ?'। ਪ੍ਰਭੂ ਬੈਨ ਕਹਜੋ 'ਜੋਗੀ ਆਵਤੋ ਹੈਲ ਹਜੋ[12] ਏਕ ਮਾਨ ਮਨ[13] ਵਹਜੋ[14] ਹਸੇ ਦੇਖਿ ਕਰਿ ਆਵਨੋ। ਭੇਜਤਿ ਚਵਤਿ[15] ਕਰਿ ਗੋਰਖ ਜੋ ਹਮ ਪਰ ਮਤਸਰ ਉਰ ਧਰਿ ਹੋਇ ਨ ਲਜਾਵਨੋ[16]'। ਕਹੇ ਮਰਦਾਨਾ 'ਯਾਂ ਕੋ ਮਾਰੋਂ ਚੱਡੇ ਗਾਟੇ ਕਰਿ, ਨੈਕ ਮੋਕੋ ਕੀਜੈ ਨਿਜ ਆਇਸੁ ਅਲਾਵਨੋ॥ ੧੭ ॥ ਦੋਹਰਾ ॥ ਲੇਨਿ ਦੇਨਿ ਇਨ ਕੋ ਨਹੀਂ ਆਵਤ ਰੋਸ ਬਢਾਇ। ਇਕ ਕੋ ਜਬਹੀ ਮਾਰਹੋਂ ਸਭਿਹੀ ਕੋ ਮਤਿ ਆਇ ॥ ੧੮ ॥ ਸੋਰਠਾ॥ ਗਰੂਓ ਗਰਬ ਗਵਾਰੁ ਗੁਨਹਿਂ ਨ ਆਪ ਸਮਾਨ ਕੋ[17]। ਦੀਜੈ ਸਕਲ ਬਿਦਾਰਿ ਬਹੁਰ ਨ ਬੈਨ ਬਖਾਨ ਕੋ'॥੧੯॥ਕਬਿੱਤ॥ਸ਼੍ਰੀ ਗੁਰੂ ਅਲਾਈ 'ਨਹਿਂ ਹਾਥ ਕੀ ਲਰਾਈ, ਇਹਾਂ ਬੈਨ ਚਤੁਰਾਈ, ਕਰੈਂ ਬਾਦ[18] ਸਿੱਧ ਆਵਈ'।ਬੋਲਤਿ ਪਰਸਪਰ ਆਵਾ ਤਬ ਜੋਗੀ ਸੋਊ ਨਾਮ ਹੈ ਕਨੀਫਾ ਐਸੇ ਵਾਕ ਕੋ ਅਲਾਵਈ। 'ਆਗੇ ਈਹਾਂ ਆਏ, ਕੈਧੋਂ ਪੂਰਬ ਹੀ[19] ਆਏ ਤੁਮ? ਕੌਨੇ ਥਾਨ ਤੀਕ ਅਬ ਚਲਿ ਕਰਿ ਜਾਵਈ? ਕੌਨ ਨਾਮ ਤੇਰੋ? ਖੋਵੋਂ ਮਾਨ ਜੋ ਘਨੇਰੋ ਕੀਨੋ ਲੀਜੈ ਉਪਦੇਸ਼ ਮੇਰੋ, ਨੀਕੋ ਹੌਂ ਸੁਨਾਵਈ'॥੨੦॥'ਆਗੈ ਹਮ ਆਏ ਤਊ

[1]ਕਪੜੇ।[2]ਉਮਰ।[3]ਚੰਗਾ ਰਸਤਾ।[4]ਸਾਹਮਣੇ।[5]ਕਿਵੇਂ ਜਾਓਗੇ।[6]ਕਠਨ।[7]ਪਹਾੜ।[8]ਰਾਹ।[9]ਨਹੀਂ ਲੱਭ ਦਾ।[10]ਪਹਾੜ ਦਾ ਨਾਂ।[11]ਚੋਟੀ ਤੇ।[12]ਡਿੱਠਾ ਹੈ।[13](ਜਿਸਦਾ) ਮਨ ਹੰਕਾਰ ਨਾਲ।[14]ਸੜਿਆ ਹੋਇਆ ਹੈ।[15]ਚੜ੍ਹਾਈ।[16]ਸ਼ਰਮ ਨਹੀਂ ਆਉਂਦੀ ਸੂ।[17]ਗੰਵਾਰ ਬੜੇ ਹੰਕਾਰੀ ਹਨ, ਨਹੀਂ ਜਾਣਦੇ ਕਿਸੇ ਨੂੰ ਆਪਣੇ ਤੁੱਲ।[18]ਝਗੜਾ।[19]ਪਹਿਲੀ ਵਾਰ ਹੀ। *ਪਾ:-ਬਿਪਤ।

ਗੈਲ ਅਬ ਜਾਇਂ, ਦੇਖੇ ਬਿਨਾਂ ਸੁਨੇ ਕਹੋ ਕੋਉ* ਐਸੇ ਚਲਿ ਜਾਤਿ ਹੈ ?। ਨਾਨਕ ਹੈ ਨਾਮ, ਉਪਦੇਸ਼ ਤਮ ਹਾਂਨ ਜੋਊ ਸੋਊ ਕਹੋ ਆਨਿ ਕਰਿ, ਐਸੋ ਬਰਰਾਤਿ ਹੈ[1]। ਦੇਖਿਬੇ ਨਿਰੰਜਨ ਕੀ ਚਾਹਿ ਉਰ ਲਾਗੀ ਮੋ ਕੋ ਤਾਂਹੀ ਕੇ ਤਖ਼ਤ ਬਿਨ ਮਨ ਨ ਠਹਿਰਾਤ ਹੈ। ਕੈਸੇ ਮਤਿ ਤੋਹਿ ਕਹਿ ਦੀਜੈ ਸਭਿ ਪਾਸ ਮੋਹਿ ?' ਸੁਨਿਕੈ ਕਨੀਫਾ ਤਬ ਬਚਨ ਕਹਾਤਿ ਹੈ:- ॥ ੨੧ ॥ 'ਕਾਨ ਕੋ ਛਿਦਾਵੋ, ਮੁੰਦ੍ਰਾ ਫਟਕ ਬਨਾਵੋ ਔਰ ਖਿੰਥਾ[2] ਗਰ ਪਾਵੋ ਜੋਗ ਰੀਤਿ ਸਭਿ ਲੀਜਿਯੇ। ਸਿੱਧਨ ਮੈ ਅੱਯੈ ਨਿਜ ਮਤ ਦੂਰ ਕੱਯੈ, ਭੀਖ ਮਾਂਗ ਮਾਂਗ ਖੱਯੇ, ਤਨ ਭਸਮ ਲਗੀਜਿਯੈ। ਜਰਾ[3] ਦੁਖ ਜਾਇ,ਪੋਹੈ ਕਾਲ ਨਹਿਂ ਆਇ ਤੋਹਿ, ਨਾਮ ਪ੍ਰਗਟਾਇ ਜਗ, ਐਸੀ ਬਿਧਿ ਕੀਜਿਯੇ। ਜੀਅ ਮੈਂ ਬਿਚਾਰਿ ਕਰਿ ਲੀਜੈ ਮਤ ਧਾਰਿ ਬਰ, ਹੋਇਕੈ ਅਮਰ ਜਸੁ ਸੁਧਾ ਕਯੋਂ ਨ ਪੀਜਿਯੇ' ॥ ੨੨ ॥ [4]"ਮੋਹ ਮਾਨ ਚੀਰ ਕਾਨ, ਮੁੰਦ੍ਰਾ ਹੈ ਗਰੀਬੀ ਗ੍ਯਾਨ, ਧ੍ਯਾਨ ਕੀ ਸਰੀਰ ਖਿੰਥਾ ਸਦਾ ਜੋ ਅਨਾਸ਼ ਹੈ। ਭਸਮ ਸੰਤੋਖ, ਭੀਖ ਲੀਨੀ ਸੁੰਨ ਮੰਡਲ ਕੀ, ਨਾਮ ਲਿਵ ਲਾਗੀ ਜਾਂਮੈਂ ਦੇਖਯੋ ਸੁਖ ਰਾਸ ਹੈ। ਕਾਲ ਹੈ ਪਲਾਯੋ[5], ਗੁਰ ਸ਼ਬਦ ਕਮਾਯੋ,ਸਭਿ ਜਰਾ ਯੌਂ[6] ਮਿਟਾਯੋ ਹਰਿ ਰੂਪ ਮੈਂ ਨਿਵਾਸ ਹੈ'। ਸ਼੍ਰੀ ਗੁਰੂ ਉਚਾਰੀ 'ਸੁਨੋ ਸਿੱਧ ਦੰਭ ਧਾਰੀ ਭਾਰੀ ਜਾਨਿਯੇ ਕਮਾਯੋ, ਜੋਗ ਐਸੋ ਹਮ ਪਾਸ ਹੈ' ॥੨੩॥ ਸ੍ਵੈਯਾ ॥ ਯੌਂ ਸੁਨਿ ਕੈ ਸੋਊ ਜਾਤਿ ਭਯੋ, ਉਰ ਬੀਚ ਬਿਚਾਰ ਕੈ,ਪੂਰਨ ਜਾਨਾ। 'ਸ਼ੇਖ਼ਰ ਮਰੁ ਚਲੋ ਗੁਰੁ ਜੀ!'ਕਰਬੰਦਿ ਕਹੈ ਤਬਹੀ ਮਰਦਾਨਾ॥ ਸ੍ਰੀਪ੍ਰਭੁ ਬੈਨਭਨੇ ਤਿਹ ਸੋਂ 'ਗਮਨੈਂ ਮੰਦ ਮੰਦ ਪਿਖੈਂ ਸੁਖ ਥਾਨਾ। ਸਿੱਧਨ ਕੋ ਅਵਿਲੋਕਹੁ ਕੌਤਕ ਆਵਤਿ ਹੈਂ ਜਿਨਕੇ ਬਹੁ ਮਾਨਾ[7]॥੨੪॥ ਕਬਿੱਤ ॥ ਆਯੋ ਹੈ ਹਨੀਫਾ ਅਵਿ-ਲੋਕਤਿ'ਹੀ ਬੋਲਯੋ ਬੈਨ'ਬਾਲਹੈ ਅਦੇਸ'ਸੁਨਿ ਸ਼੍ਰੀਗੁਰੂਭਨਤਿਹੈਂ।'ਅਦੇਸ ਏਕੰਕਾਰ ਕੋ ਹਨੀਫਾ ! ਆਉ ਬੈਸ',ਬਿਸਮਾਦਯੋ ਸੁਨਿ ਸੋਊ, ਗਟੀ[8] ਮਨ

---

[1]ਨਾਨਕ ਮੇਰਾ ਨਾਮ ਹੈ, (ਤੇਰੇ ਪਾਸ) ਹਨੇਰਾ ਦੂਰ ਕਰਨ ਵਾਲਾ ਜੋ ਉਪਦੇਸ਼ ਕੋਈ ਹੈ ਤਾਂ ਕਹੁ (ਐਵੇਂ ਕਿਉਂ) ਬਰੜਾਉਂਦਾ ਹੈਂ। (ਅ) ਪਾਠਾਂਤ੍ਰ–ਨਾਨਕ ਹੈ ਨਾਮੁ, ਉਪਦੇਸ਼ਤ ਮਹਾਨ ਜੋਊ ਸੋਊ ਕਹੋਂ ਆਨ ਕਰ ਤੋਸੋ ਬਿਰਤਾਤ ਹੈ=( ਮੇਰਾ ) ਨਾਮ ਹੈ ਨਾਨਕ ਤੇ ਜੋ ਉਪਦੇਸ਼ ( ਉਸ ) ਮਹਾਨ ( ਰੱਬ ਨੇ ਮੈਨੂੰ ਕੀਤਾ ਹੈ, ) ਉਸੇ ਦਾ ਬਿਰਤਾਂਤ ਕਰਕੇ ਤੈਨੂੰ ਕਹਾਂਗਾ। [2]ਗੋਦੜੀ। [3]ਬੁਢੇਪੇ ਦਾ। [4]ਗੁਰੂ ਜੀ ਵਾਚ। [5]ਦੌੜ ਗਿਆ। [6]ਬੁਢੇਪਾ ਐਉਂ। [7]ਵੇਖਦੇ ਸਾਰ। [8]ਗਿਣਤੀਆਂ। *ਪਾ:–ਦੇਖੇ ਬਿਨਾ ਸੁਨੇ ਕਹੋ ਕੋਉ–ਦੀ ਥਾਂ ਹੈ–ਔਰ ਦੇਖੇ ਬਿਨਾਂ ਸਨੇ ਕੋਉ–।

ਮੈ ਗਿਨਤਿ ਹੈ। ਬੂਝਤਿ ਭਾ‘ਪੂਰਬ ਹੀ[1]ਮੇਲ ਮੇਰੋ ਤੇਰੋ ਭਯੋ,ਨਾਮਜੋਹਨੀਵਾ ਆਗੇ ਕੈਸੇ ਕੈ ਜਨਤਿ ਹੈ ?। ਕਾਹੂ ਨੇ ਬਤਾਯੋ, ਕਿਧੌਂ ਤੀਨਕਾਲ ਗਜਾਤਾ ਤੁਮੈ? ਭਯੋ ਹੈ ਸੰਦੇਹ ਮੇਰੇ,ਕਹਜੋ ਸੋ ਬਨਤਿ ਹੈ’॥੨੫॥ਦੋਹਰਾ॥ਸ਼੍ਰੀਗੁਰੂ ਬੋਲੇ ਬਚਨ ਪੁਨ ‘ਸੁਨਹੁ ਆਪਨੀ ਬਾਤ। ਕੈਕਕਰਣ ਤਵ ਪਿਤਾ ਕੋ ਨਾਮ ਹੁਤੋ ਬੱਖਜਾਤ ॥ ੨੬॥ ਨਗਰ ਸੀਲਪੁਰ ਕੇ ਬਿਖੈ ਕਰਤੇ ਰਾਜ ਬਿਸਾਲ। ਬਿਤੀ ਔਧ ਤਵ ਪਿਤਾ ਕੀ ਪਰਜੋ ਕਾਲ ਕੇ ਜਾਲ[2] ॥ ੨੭ ॥ ਕਬਿੱਤ ॥ ਬਰਖ ਸਪਤ ਦਸ ਬੈਸ ਹੁਤੀ ਤੇਰੀ ਤਬ ਤਾਂਕੇ ਪਾਛੇ ਦੇਸ਼ ਰਾਜ ਕੋਸ਼[3] ਸਭਿ ਲਯੋ ਹੈ।ਏਕ ਦਿਨਮਾਂਹਿ ਤੈਂ ਅਰੂਢ[4]ਭਯੋ ਬਾਜ ਪਰ ਮਨਕੇਹੁਲਾਸ ਸੋਂ ਅਖੇਰਬ੍ਰਿਤਿ[5] ਗਯੋ ਹੈ। ਬਨ ਮੈਂ ਬਿਚਰ ਬਹੁ ਜੀਵਨ ਕੋ ਘੇਰਿ ਕਰਿ ਸ਼ੂਕਰ[6] ਬਿਹੰਗ[7] ਮ੍ਰਿਗ[8] ਘਾਤ ਤੈਨੇ ਕਯੋ ਹੈ। ਹਟਜੋ ਜਬ ਧਾਮ ਓਰ ਗੋਰਖ ਮਿਲਾਪ ਕੀਨੋ, ਹਨੇ[9] ਜੀਵ ਦੇਖਿ ਤਿਨ ਬਚਨ ਸੁਨਾਯੋ ਹੈ॥੨੮॥ ਸੈਯਾ ॥–ਹੈ ਮਨ ਤੇਰੋ ਬਿਹੀਨ ਦਯਾ, ਬਨ ਜੀਵ ਹਨੇ ਰਸਨਾ ਹਿਤ ਸਾਦੂ[10]। ਤੈਸੇ ਹਨੈਂ ਤੁਮਰੇ ਤਨ ਕੋ ਇਹ, ਕਜੋਂ ਨਿਜ ਆਵ[11] ਗਵਾਵਤਿ ਬਾਦੂ–।ਯੌਂ[12]ਸੁਨਿਕੈ ਮਨ ਮੈਂ ਗੁਨਿਕੈ[13]ਤੁਵ[14] ਕੀਨ ਬਿਨੈਮ੍ਰਿਤੁ[15]ਭਾ ਡਰ ਯਾਦੂ।ਗੋਰਖ ਕੇ ਪਦ ਕੋ ਗਹਿ ਕੈ[16] ਤਬ ਚਾਹਿਤ ਭਾ ਤਿਹ ਭੂਰਪ੍ਰਸਾਦੂ[17]॥ ੨੯ ॥ ਕਬਿੱਤ ॥–ਨਾਥ ! ਕੀਜੈ ਦਾਯਾ[18] ਜਿਵ ਰਹੈ ਥਿਰ ਕਾਯਾ[19]–ਸੁਨਿ ਗੋਰਖ ਅਲਾਯਾ–ਜੇ ਤੂੰ ਜੋਗ ਕੋ ਕਮਾਵਈ। ਮੂੰਡ ਕੋ ਮੁੰਡੱਯੈ,ਨਿਜ ਗੋਤ ਕੋ ਲਜੱਯੈ,ਤਊ ਥਿਰ ਪਦ ਪੱਯੈ, ਨਾ ਤੋ ਦੇਹਿ ਬਿਨਸਾਵਈ–।ਸੁਨੇ ਬੈਨ ਐਸ ਸੀਸ ਪਾਗ ਤਾਰ ਬੈਸ[20] ਕਹਜੋ–ਮੂੰਡੀਏ ਜੀ ਮੂੰਡ[21]ਜਾਂ ਤੇ ਥਿਰਪਦ ਪਾਵਈ–।ਗੋਰਖ ਨੇ ਕਾਨ ਪਾਰ[22]ਮੂੰਡਜੋ ਹੈ ਸਵਾਰ ਤੋ ਕੋ, ਤਬਹੂੰ ਕੋ ਭਯੋ ਸਿੱਧ ਭਸਮ ਲਗਾਵਈ’ ॥ ੩੦ ॥ ਸੋਰਠਾ ॥ ਸੁਨਿ ਕਰਿ ਬਿਸਮੈ ਹੋਇ, ਪਤੇ ਬਤਾਏ ਸਰਬ ਜਬ। ਭਰਮ ਰਿਦੇ ਤੇ ਖੋਇ ਜਾਨੇ ਸ਼੍ਰੀ ਅਵਤਾਰਹਰਿ ॥ ੩੧ ॥ ਲਖਿ ਨਿਜ ਸਫਲ ਸਰੀਰ–ਭਯੋ ਦਰਸ ਜਗਦੀਸ਼ ਕੋ–। ਲੇਨੇ ਪਤੋ ਗਹੀਰ[23]ਬਹੁਰ ਹਨੀਵਾ ਬੋਲਿਓ ॥੩੨॥ ਦੋਹਰਾ ॥‘ਕੌਨ ਥਾਨ ਮੂੰਡਜੋ

---

[1]ਪਹਿਲੀ ਵਾਰ ਹੀ। [2]ਭਾਵ ਮਰ ਗਿਆ। [3]ਖਜ਼ਾਨਾ। [4]ਸੁਵਾਰ ਹੋਕੇ। [5]ਸ਼ਿਕਾਰ ਕਰਨ ਨੂੰ। [6]ਸੂਅਰ। [7]ਪੰਛੀ। [8]ਹਰਨ। [9]ਮਾਰੇ। [10]ਸਵਾਦ ਲਈ। [11]ਆਯੂ। [12]ਐਉਂ। [13]ਸੋਚ ਕੇ। [14]ਤੇਨੇ। [15]ਮੌਤ ਦਾ। [16]ਚਰਨ ਫੜਕੇ। [17]ਬਹੁਤੀ ਕ੍ਰਿਪਾ। [18]ਮੇਹਰ। [19]ਸਰੀਰ। [20]ਸਿਰੋਂ ਪਗੜੀ ਉਤਾਰ ਬੈਠਕੇ। [21]ਮੁੰਨੋ ਸਿਰ। [22]ਕੰਨ ਪਾੜਕੇ। [23]ਡੂੰਘਾ ਪਤਾ।

ਮੁਝੇ ਸੋ ਤੁਮ ਦੇਹੁ ਬਤਾਇ। ਜਾਨੌਂ ਮੈਂ ਅਵਤਾਰ ਤਬ ਭਵ ਤਾਰਨ ਹਿਤ ਆਇ'॥੩੩॥ ਕਬਿੱਤ॥ ਬੋਲੇ ਹੈਂ ਕ੍ਰਿਪਾਲ'ਲੁੰਡੇ ਪੀਪਲ ਕੇ ਤਲੇ ਬੈਠਿ ਮੂੰਡ ਤੇਰੋ ਮੂੰਡ[1], ਸੰਗ ਲੀਨੋ ਹੈ ਰਲਾਇਕੈ। ਰਾਜ, ਦੇਸ਼, ਕੋਸ਼[2],ਦਾਸੀ,ਦਾਸ, ਸੁਤ,ਨਾਰੀ, ਸੈਨ, ਛੋਰਿ ਦੀਨੀ ਸੌਂਜ[3], ਨਹਿਂ ਲੀਨੀ ਸੁਧ ਜਾਇਕੈ'। ਐਸੇ ਸੁਨਿ ਬੈਨ ਗੁਨ ਐਨ ਕੇ ਭੀ ਚੈਨ[4] ਮਨ,ਬੰਦੇ ਗਤਿਦੈਨ ਪਦ ਦੋਨੋਸੀਸ ਨਾਇਕੈ। ਹੀਨ ਨਿਜ ਜਾਨ ਕੀਨੋ ਮੇਰੁ ਕੋ ਪਯਾਨ,ਨੀਕੇ ਬਚਨ ਬਖਾਨ ਗਯੋ ਰਿਦੇ ਸੁਖ ਪਾਇਕੈ ॥ ੩੪ ॥ ਦੋਹਰਾ ॥ ਗੋਰਖ ਕੇ ਢਿਗ ਜਾਇਕੈ ਉਸਤਤਿ ਕੀਨਿ ਬਖਾਨ। 'ਕਲਾਵਾਨ ਸਰਬੱਗ ਸੋ ਮਹਿਮਾ ਜਾਂਹਿ ਮਹਾਂਨ' ॥ ੩੫ ॥ ਕਬਿੱਤ ॥ ਗੋਰਖ ਬੁਲਾਇ ਸਿੱਧ ਭੂਤਵੈ[5] ਸੁਨਾਇ* ਕਹ੍ਯੋ 'ਤਾਂਕੋ ਸਮਝਾਇ ਉਪਦੇਸ਼ ਦੇਹੁ ਜਾਈਏ'। ਆਵਾ ਸੁਨਿ ਧਾਇ ਗੁਰੂ ਨਾਨਕ ਸੁਹਾਇਂ ਜਹਿਂ,ਬਚਨ ਅਲਾਇ 'ਬਾਲੇ ਹਠ ਕੋ ਗਵਾਈਏ।ਚਰਨ ਲਗਾਇ ਗੁਰੂ ਗੋਰਖ ਕਰਾਇਂ ਤੇਰੋ ਮਰਨ ਮਿਟਾਇਂ, ਐਸੇ ਪਦ ਕ੍ਯੋਂ ਨ ਪਾਈਏ। ਪਹੁੰਚਿਓ ਤੂੰ ਆਇ, ਨਹਿਂ ਛੂਛਾ ਹਟਿ[6] ਜਾਇ ਅਬ, ਯਾਂਤੇ ਕਹੌਂ ਤੋਹਿ, ਜੀਅ ਹੋਇ ਜੋ ਸੁਨਾਈਏ' ॥੩੬॥ ਸ੍ਰੀ ਗੁਰੂ ਕਹਤਿ ਬੈਨ'ਛੂਛਾ ਸੋ ਰਹਤਿ ਜੋਊ ਨਾਮ ਨ ਜਪਤਿ, ਦੁੱਖ ਪਾਇ ਜਮ ਤ੍ਰਾਸ ਕੋ।ਮਾਨ ਕੋ ਮਿਟਾਇ,ਸਭੈ ਚਰਨ ਲਗਾਇਂ ਅਬ, ਨਹੀਂ ਹਟ ਜਾਹਿਂ ਹਮ ਆਵੈਂ ਤੁਮ ਪਾਸ ਕੋ। ਜਨਮ ਮਰਨ ਕੋ ਅਤੰਕ[7] ਮਨ ਮਾਨੇ ਸੋਊ, ਦੇਹਿ ਬਿਖੈ ਹੰਤਾ ਅਤਿ ਧਾਰ੍ਯੋ ਅੱਭਿਆਸ ਕੋ। ਰੰਚਕ ਸਨੇਹ[8] ਗ੍ਯਾਨੀ ਕਰੇ ਨਹਿਂ ਦੇਹਿ ਬਿਖੈ:–ਰਹੇ ਤੋ ਹਰਖ ਨਹੀਂ, ਸ਼ੋਕ ਨ ਬਿਨਾਸ਼ ਕੋ'॥੩੭॥ਦੋਹਰਾ॥ਸੁਨਿਕੈ ਜਾਨੇਗ੍ਯਾਨਘਨ ਗਮਨ੍ਯੋ ਨਿਜ ਅਸਥਾਨ।ਗੋਰਖ ਕੇ ਢਿਗ ਬੈਠਿਕੈ ਕੀਨ ਬ੍ਰਿਤੰਤ ਬਖਾਨ ॥੩੮॥ ਤਿਹ ਤੂਸ਼ਨ ਕਰਿਵਾਇਕੈ ਗੋਰਖ ਆਇਸੁ ਦੀਨ।'ਹੈ ਕੋ ਸਿਧ ਸਮ-ਰੱਥ ਜੋ ਜੀਤਹਿ ਬਚਨ ਪ੍ਰਬੀਨ[9]' ॥੩੯॥ ਚਰਪਟ ਕਰਿ ਉਰ ਤਮਕ ਕੋ ਆਵਾ ਗੁਰੁ ਕੇ ਪਾਸ। ਬੈਠ੍ਯੋ ਤਬਹਿ ਸਮੀਪ ਹ੍ਵੈ ਕੀਨੇ ਬਚਨ ਪ੍ਰਕਾਸ਼ ॥ ੪੦ ॥ ਸ੍ਵੈਯਾ ॥ 'ਆਸਨ ਬੈਸਨ ਹੈ ਕਿਹ ਠਾਂ? ਤਵ ਭੋਜਨ ਕੌਨ?

---

[1]ਸਿਰ। [2]ਖਜ਼ਾਨੇ। [3]ਸਮਿੱਗ੍ਰੀ। [4]ਚੈਨ ਹੋਇਆ ਭਾਵ ਤਸੱਲੀ ਹੋਗਈ। [5]ਨਾਮ ਹੈ ਇਕ ਸਿੱਧ ਦਾ। [6]ਖਾਲੀ ਨਾ ਮੁੜ। [7]ਡਰ। [8]ਮੋਹ। [9]ਬਚਨਾਂ ਦੀ ਪ੍ਰਬੀਨਤਾ ਨਾਲ ਜਿੱਤੇ (ਅ) ਬਚਨਾਂ ਦੇ ਪ੍ਰਬੀਨ (ਗੁਰੂ ਜੀ) ਨੂੰ ਜਿੱਤੇ। *ਪਾ:–ਜੁ ਨਾਇ।

ਅਚੋ ਜੁ ਅਧਾਰਾ। ਸੇਜ ਡਸਾਇ ਕਹਾਂ ਬਿਸਰਾਮ[੧] ਕੀ ? ਕੌਨ ਦੁਕੂਲ[੨] ਸਰੀਰ ਪੈ ਧਾਰਾ ?'। [੩]'ਆਸਨ ਬੈਸਨ ਦੇਹ ਕੇ ਭੀਤਰ, ਨਾਮ ਸੁ ਭੋਜਨ ਜਾਨਿ ਹਮਾਰਾ। ਚੀਰ ਖਿਮਾ ਤਨ ਪੈ ਪਹਿਰੇ, ਸੁਠ ਸੇਜ ਡਸੀ ਦਸਵੇਂ ਬਰ ਦ੍ਵਾਰਾ'॥ ੪੧ ॥ ਕਬਿੱਤ ॥ ਚਰਪਟ ਖਟਪਟ[੪] ਮਿਟੀ[੫] ਘਟ[੬]-ਪਟ[੭], ਤਟ[੮] ਗੋਰਖ ਕੇ ਸਟਪਟ[੯] ਬੈਠਿਕੇ ਉਚਾਰੀਯਾ। 'ਪੂਰਨ[੧੦] ਬਿਕਟ[੧੧], ਨਹਿੰ ਜਾਨੋ ਤਾਂ ਕੋ ਘਟ[੧੨] ਕੈਸੇ, ਕੋਊ ਬਿਧ ਲਟੈ ਨਹਿੰ[੧੩], ਟਰਤਿ[੧੪] ਨ[੧੫] ਟਾਰੀਯਾ[੧੬]'। ਝੰਗਰ ਸੁਨਤਿ ਮਨ ਖਾਇਕੈ ਤਮੱਕ[੧੭] ਕਹੈ'ਕੈਸੋ ਮਾਈਮੂੰਡਾ ਦੇਹੁ ਆਇਸ ਨਿਹਾਰੀਯਾ[੧੮]'।ਖਿਨ ਮਾਂਹਿ ਆਇ[੧੯] ਬੈਠਿ ਬਚਨ ਅਲਾਇ ਤਿਨ'ਬਿਨਾ ਦੂਧ ਬਾਰਿਕ[੨੦]ਕੋ ਕੈਸੇ ਪ੍ਰਿਤਪਾਰੀਯਾ ॥੪੨॥ਦੋਹਰਾ॥ ਕੌਨ ਨਾਮ? ਕਿਤ ਜਾਹੁਗੇ[੨੧]?ਰਹੌ ਕੌਨਸੇ ਦੇਸ਼ ?। ਝੰਗਰ ਬੂਝੈ ਤੋਹਿ ਕੋ ਕੌਨ ਤੁਮਾਰਾ ਭੇਸ ?' ॥੪੩॥ ਸ੍ਵੈਯਾ ॥ 'ਭੌਂਦੂ ! ਸੁਨੋ ਹਮ ਨਾਨਕ ਨਾਮ, ਲਗੀ ਲਿਵ ਤੇ ਉਰ ਬਾਰਿਕ ਪਾਰਾ[੨੨]। ਕਾਜ ਜਹਾਂ ਤਹਿੰ ਜਾਵਹਿੰਗੇ,ਨਗਰੀ ਸ਼ਿਵਦੇਸ[੨੩] ਪਛਾਨ ਹਮਾਰਾ। ਭੂਲੇ ਸੁ ਗੋਰਖ ਉੱਤਮ ਪੰਥ ਤੇ ਔਧ ਵਧਾਇ ਕੈ ਮਾਨ ਅਪਾਰਾ'। ਯੌਂ ਸੁਨਿ ਝੰਗਰ ਲੱਜਤਿ ਹੋਇ ਸੁਮੇਰੁ ਪੈ ਜਾਇ ਕੈ ਬੈਨ ਉਚਾਰ॥੪੪॥ ਸ੍ਵੈਯਾ ॥ 'ਕੋ ਜੁਗਤੀ[੨੪] ਕਰਿ ਨਾ ਅਟਕੈ ਤਤਕਾਲ ਹੀ ਉੱਤਰ ਦੇਤਿ ਬਤਾਈ*'। ਸੰਘਰ ਬੋਲ ਉਠਯੋ ਸੁਨਿ ਕੇ 'ਕਰ ਬਾਦ ਕੋ ਮੈਂ ਤਿਹ ਰੋਕਹੁੰ ਜਾਈ'। ਗੋਰਖ ਆਇਸੁ ਲੇਯ ਤਬੈ ਕਰਿ ਰੋਸ ਚਲਯੋ ਗੁਰ ਕੇ ਢਿਗ ਧਾਈ। ਜਯੋਂ ਬਿਨਤਾਸੁਤ[੨੫] ਕੋ ਚਹਿ ਜੀਤਨ ਪੰਨਗ[੨੬] ਬਾਰ ਹੀ ਬਾਰ ਸਿਧਾਈ ॥ ੪੫ ॥ ਦੋਹਰਾ ॥ ਗਏ ਅਗਾਰੀ ਕੋ ਗੁਰੂ ਗਿਰ ਮੀਨਾ ਜਿਹ ਨਾਮ। ਬੈਸੇ ਆਸਨ ਲਾਇ ਤਹਿੰ ਹਨਨ[੨੭]ਮਾਨ[੨੮] ਸਿਧ[੨੯] ਕਾਮ ॥੪੬॥ ਸੰਘਰ ਬੋਲਯੋ ਆਨਿਕੈ 'ਬਾਲੇ ! ਹੈ ਆਦੇਸ਼'। ਸੁਨਿ ਭੂਸ਼ਨ ਮੁਖ ਤੇ ਰਹੇ ਮੁਸਕਾਨੇ ਜਗਤੇਸ਼ ॥ ੪੭ ॥

---

[੧]ਅਰਾਮ। [੨]ਕਪੜਾ। [੩]ਗੁਰੂ ਜੀ ਵਾਚ। [੪]ਖਟਪਟੀ। [੫]ਮਿਟ ਗਈ। [੬]ਹਿਰਦੇ ਦੇ। [੭]ਪੜਦੇ ਦੀ। [੮]ਪਾਸ। [੯]ਛੇਤੀ ਹੀ। [੧੦]ਪੂਰਾ। [੧੧]ਅਜਿੱਤ, ਜੋ ਦਲੀਲ ਨਾਲ ਕੱਟਿਆ ਨਾ ਜਾ ਸਕੇ (ਅ) ਵਿਸ਼ਾਲ, ਅਥਾਹ। [੧੨]ਥੋੜਾ, ਕੱਸਾ। [੧੩]ਨਿਰੁੱਤਰ ਨਹੀਂ ਹੁੰਦਾ। [੧੪]ਹਟਦਾ। [੧੫]ਨਹੀਂ। [੧੬]ਹਟਾਇਆਂ। [੧੭]ਕ੍ਰੋਧ। [੧੮]ਦੇਖਾਂ ਜਾਕੇ। [੧੯]ਭਾਵ ਗੁਰੂ ਜੀ ਪਾਸ ਆਕੇ। [੨੦]ਬੱਚੇ ਨੂੰ। [੨੧]ਜਾਵੋਗੇ। [੨੨]ਬਾਲਕ ਪਾਲਿਆ ਹੈ। [੨੩]ਕਲਯਾਨ ਰੂਪ। [੨੪]ਦਲੀਲ। [੨੫]ਗਰੁੜ। [੨੬]ਸੱਪ। [੨੭]ਨਾਸ਼ ਕਰਨ। [੨੮]ਹੰਕਾਰ। [੨੯]ਸਿੱਧਾਂ ਦਾ। *ਪਾ:-ਬਨਾਈ।

ਸ਼ੋਰਠਾ॥ ਰਿਸ ਮੈਂ ਸੰਘਰ ਹੋਇ ਅਸ ਬਿਧਿ ਬਚਨ ਅਲਾਵਹੀ। 'ਉੱਤਰ ਦੇਤਿ ਨ ਕੋਇ ਮਾਈ ਮੂੰਡਾ ਹਸਤਿ ਹੈ' ॥੪੮॥ ਕਬਿੱਤ॥ 'ਮਾਈ ਮੂੰਡਾ ਗੋਰਖ ਹੈ ਧਿੱਖਣਾ[1] ਨ ਦੀਨੀ ਤੋਹਿ, ਕਾਨ ਪਾਰ[2] ਮੂੰਦ੍ਰਾ ਪਾਇ ਬਿਮਤਿ[3] ਬਨਾਯੋ ਹੈ। ਮੂੰਡ ਕੋ ਮੁੰਡਾਇ ਨਿਜ ਗੋਤ ਕੋ ਲਜਾਇ[4], ਤਨ ਭਸਮ ਲਗਾਇ ਬਾਦ ਜਨਮ ਗਵਾਯੋ ਹੈ। ਜੈਸੇ ਨੀਰ[5] ਭੇਕ[6] ਨਹਿਂ ਕਮਲ ਕੀ ਸਾਰ ਜਾਨੈ ਜੁਗੀਆ ਕਹਾਇ ਨਿਜ ਜੋਗ ਕੋ ਲਜਾਯੋ ਹੈ'। ਸੰਘਰ ਸੁਨਤਿ ਸ਼੍ਰੁਤ[7] ਹੋਇ ਕੈ ਲੱਜਤਿ ਮਤਿ ਸੰਸੈ ਧਾਰ ਚਿੱਤ ਐਸੇ ਬਚਨ ਅਲਾਯੋ ਹੈ॥ ੪੯॥ 'ਕੌਨ ਹੈ ਜੁਗਤ ਜਾਂਤੇ ਕ੍ਰੋਧ ਹੂੰ ਕੋ ਜੀਤ ਲੀਜੈ, ਹੋਇ ਕੈ ਅਤੀਤ ਕੈਸੇ ਕਾਮ ਕੋ ਗਵਾਈਏ ?। ਸੀਸ ਕਾਲ[8] ਟਰੈ ਕੈਸੇ ? ਲੋਭ ਪਰਹਰੈ[9] ਉਰ, ਕੌਨ ਸੀ ਜੁਗਤ ਤੇ ਅਮਰਪਦ ਜਾਈਏ ?। ਮਾਯਾ ਤਜਿ[10] ਕੈਸੇ ਕਰਿ ? ਜੱਗ ਮੈਂ ਰਹਾਇ ਨਰ, ਬੂਝਨੋ ਹੈ ਸੰਦੇਹਿ ਤੋ ਕੋ ਉੱਤਰ ਸੁਨਾਈਏ'। ਐਸੇ ਸੁਨਿ ਬੈਨ ਗਤਿਦੈਨ ਗੁਨਐਨ ਗੁਰੂ ਜਾਂਹੀ ਕੀ ਸ਼ਰੰਨ ਤੇ ਸਰਬ ਸੁਖ ਪਾਈਏ॥ ੫੦॥ 'ਸ਼ਾਂਤਿ ਰੋਸ ਜੀਤ[11], ਤਜਿ ਤ੍ਰਿਗੁਨ ਅਤੀਤ ਹੋਇ, ਗੁਰੂ ਮੁਖ ਪਾਇ ਗਯਾਨ[12] ਕਾਮ ਕੋ ਗਵਾਈਯੇ। ਨਾਮ ਲਿਵ ਕਾਲ ਟਰੈ[13], ਲੋਭ ਤੇ ਸੰਤੋਖ ਧਰੈ[14], ਧਯਾਨ ਹਰਿ ਕਰੈ ਤੇ ਅਮਰ ਪਦ ਜਾਈਯੇ।ਸੰਤਨ ਕੀ ਸੰਗਤ ਕੈ ਮਾਯਾ ਤੇ ਅਲੇਪ ਰਹੈ,ਬਿਖੈ[15] ਬਿਖ[16] ਜਾਨਿਕੈ ਰਿਦੇ ਤੇ ਬਿਸਰਾਈਯੇ। ਭਾਉ ਸੋਂ ਭਗਤਿ ਇਹ ਉੱਤਮ ਜੁਗਤਿ ਵਡੀ, ਮਾਨ ਮੋਹ ਤਯਾਗਕੈ ਨਿਰਾਲਮ ਰਹਾਈਯੇ'॥੫੧॥ ਸ੍ਵੈਯਾ॥ ਸੰਘਰ ਸ਼੍ਰੋਨ ਸੁਨੇ ਸ਼ੁਭ ਬੈਨ ਭਈ ਮਨ ਚੈਨ ਸੁਮੇਰੁ ਸਿਧਾਯੋ। ਆਯੋ ਸੰਭਾਲਕਾ[17] ਸਿੰਧ ਤਬੈ ਗੁਰ ਕੇ ਢਿਗ ਬੈਠਿਕੇ ਵਾਕ ਅਲਾਯੋ। 'ਕਯੋਂ ਬਿਵਹਾਰ ਤਜਯੋ ਜਗ ਕੋ ਤੁਮ ਕੈਸੇ ਉਦਾਸੀ ਬਿਖੈ ਮਨ ਲਾਯੋ। ਹੋਤਿ ਨ ਪੂਰਨ ਕਾਜ ਕਬੈ ਬਿਨ ਜੋਗ ਕਰੋ ਜੁ ਚਹੌ ਉਰ ਪਾਯੋ'॥ ੫੨ ਦੋਹਰਾ॥ ਸੁਨਿ ਬੋਲੇ ਪੰਕਜ ਬਦਨ 'ਜਿਹ ਅਲੰਬ ਹੈ ਜੋਗ[18]। ਸੋ ਨੀਕੀ ਬਿਧਿ ਸੋਂ

[1](ਜਿਸ ਨੇ ਤੈਨੂੰ ) ਸਿੱਖਯਾ। [2]ਪਾੜਕੇ। [3]ਮੂਰਖ। [4]ਸਿਰ ਮੁਨਾਕੇ ਅਪਨੀ ਕੁਲ ਨੂੰ ਲਾਜ ਲਾਈ। [5]ਜਲ ਵਿੱਚ। [6]ਡੱਡੂ। [7]ਕੰਨੀਂ। [8]ਸਿਰ ਤੋਂ ਮੌਤ। [9]ਦੂਰ ਹੋਵੇ। [10]ਛੱਡਕੇ। [11]ਗੁੱਸੇ ਨੂੰ ਸ਼ਾਂਤੀ ਨਾਲ ਜਿੱਤੀਏ। [12]ਗੁਰੂ ਦੇ ਮੂੰਹੋਂ ਗਯਾਨ ਪਾਕੇ। [13]ਨਾਮ ਦੀ ਲਿਵ ਨਾਲ ਕਾਲ ਟਲਦਾ ਹੈ। ਭਾਵ ਸਰੀਰ ਮਰਨ ਨਾਲ ਬੀ ਲਿਵ ਨਹੀਂ ਮਰਦੀ ਲਿਵ ਵਾਲੇ ਨੂੰ ਜਨਮ ਮਰਨ ਨਹੀਂ। [14]ਸੰਤੋਖ ਧਾਰਨ ਨਾਲ ਲੋਭ ( ਟਲਦਾ ਹੈ )। [15]ਵਿਸ਼ਯਾਂ ਨੂੰ। [16]ਜ਼ਹਿਰ। [17]ਨਾਮ ਹੈ ਸਿੱਧ ਦਾ। [18]ਜੋਗ ਦਾ ਜਿਹੜਾ ਆਸਰਾ ਹੈ।

ਗਹਯੋ ਕਬਹਿ ਨ ਕਰੌਂ ਬਿਯੋਗ[1] ॥ ੫੩ ॥ ਜਗ ਬਿਵਹਾਰ ਉਦਾਸ ਮੈਂ ਸਦਾ ਨਾਮ ਲਿਵ ਏਕ। ਸਰਬ ਕਾਜ ਪੂਰਨ ਕਰਤਿ ਜਿਸ ਤੇ ਹੋਤਿ ਬਿਬੇਕ[2] ॥੫੪॥ ਸੋਰਠਾ ॥ ਸੁਨਿ ਸੰਭਾਲਕਾ ਸਾਰ[2] ਗਮਨਯੋ ਸ਼ਿਖਰ[3]ਸੁਮੇਰੁ ਪੈ। ਕੀਨ ਬ੍ਰਿਤੰਤ ਉਚਾਰਿ, ਧਯਾਯ ਭਯੋ ਪੂਰਣ ਅਬੈ ॥ ੫੫ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਇਕਾਹਠਮੋਂ ਅਧਜਾਯ ॥ ੬੧ ॥

੬੨. [ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮੰਗਲ। ਸਿੱਧ ਗੋਪੀ ਚੰਦ, ਈਸ਼ਰ ਨਾਥ, ਲੰਗਰ, ਮੰਗਲ ਨਾਥ, ਸੰਭੂ ਨਾਥ ਨਾਲ ਚਰਚਾ]

ਕਬਿੱਤ*–ਬੰਦਤਿ ਗੁਬਿੰਦ ਸਿੰਘ ਪਦ ਅਰਬਿੰਦ, ਦੂਖ
ਦੂੰਦ ਕੋ ਨਿਕੰਦ ਗੁਰੂ ਮੇਰੋ ਈ ਮੁਕੰਦ ਹੈ।

{ ਅਰਬਿੰਦ=ਕਮਲ। ਦੂੰਦ=ਦੋਖ।
ਨਿਕੰਦ=ਕੱਟਣ ਵਾਲੇ, ਦੂਰ ਕਰਨ ਵਾਲੇ। ਮੁਕੰਦ=ਮੁਕਤੀ ਦਾਤਾ। }

**ਅਰਥ**–ਦੂੰਦ ਦੁਖਾਂ ਦੇ ਦੂਰ ਕਰਨ ਹਾਰੇ ਗੁਰੂ ਗੋਬਿੰਦ ਸਿੰਘ ਜੀ ਮੇਰੇ ਮੁਕਤੀ ਦਾਤਾ ਹਨ (ਉਨ੍ਹਾਂ ਦੇ) ਚਰਣਾਂ ਕਮਲਾਂ (ਪਰ) ਨਮਸਕਾਰ ਕਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਗੋਰਖ ਬਿਚਾਰ, ਸਿੱਧ ਲੀਨੇ ਹੈਂ ਹਕਾਰਿ ਸਭਿ, ਆਇਸੁ ਉਚਾਰ ਤਬ ਭੇਜਯੋ ਗੋਪੀ ਚੰਦ ਹੈ।ਆਵਤਿ ਹੀ ਦੇਖਿਕਰਿ ਕਹੀ ਹੈ 'ਅਦੇਸ', 'ਏਕੰਕਾਰ ਕੋ ਅਦੇਸ਼' ਸੁਨਿ ਭਾਖੀ ਸੁਖਕੰਦ ਹੈ। ਆਇ ਢਿਗ ਬੈਸਿ ਉਰ ਹਰਖ ਬਿਸ਼ੇਖ ਜੈਸੇ ਮਾਰਤੰਡ[4] ਦੇਖਿ ਬਿਗਸਾਤਿ ਅਰ-ਬਿੰਦਹੈ॥੧॥'ਕੌਨ ਧਯਾਨੀ?ਕੌਨ ਗਯਾਨੀ ?ਕੌਨ ਇਸ਼ਨਾਨੀ?ਪੁਨਨਿਰ ਮਲ ਕੌਨ ? ਮੋਹਿ ਤਪਾ ਜੀ! ਬਤਾਈਯੇ। ਕੌਨ ਸੁ ਜੁਗਤਿ ਜਾਂਤੇ ਦੀਪਕ ਦਿਪਤਿ ਹੋਤਿ?ਗੈਲ[5]ਕੌਨ ਚਲਤਿ ਸੁ ਠਾਕ[6] ਨਹੀਂ ਪਾਈਯੇ ?। ਕੌਨ ਘਰ ਐਸੋ ਸੁਖ ਪਾਇ ਜਹਾਂ ਬੈਸੇ ਨਿਤ ? ਪਾਇ ਕੈ ਸਥਿਤ[7] ਕੋ ਨ

---

[1]ਤਿਆਗਣਾ, ਵਿਛੋੜਾ। [2]ਸਿੱਧਾਂਤ। [3]ਚੋਟੀ। [4]ਸੂਰਜ ਨੂੰ। [5]ਰਾਹ। [6]ਰੋਕ। [7]ਸਥਿਰਤਾ।

*ਏਸ ਕਬਿੱਤ ਦੇ ਪਹਿਲੋਂ ਹੀ ਸ੍ਰੀ ਬਾਲਾ ਸੰਧੁਰ ਵਾਚ ਲਿਖਿਆ ਹੈ ਸੀ ਤੇ ਨਿਰੀ ਪਹਿਲੀ ਤੁਕ ਕਬਿੱਤ ਦੀ ਜੋ ਮੰਗਲ ਰੂਪ ਹੈ ਆਕੇ ਹੀ ਅਗੋਂ ਕਥਾ ਅਰੰਭ ਹੋ ਜਾਂਦੀ ਹੈ, ਸੋ ਏਹ ਇਕ ਸਤਰ ਕਵਿ ਜੀ ਵਲੋਂ ਮੰਗਲ ਨਹੀਂ ਬਾਲੇ ਵਲੋਂ ਮੰਗਲ ਸਮਝੀਦੇ ? ਪਰ ਬਾਲਾ ਜੀ ਨੇ ਜੋ ਪਹਿਲੋਂ ਹੋ ਚੁਕੇ ਸਨ, ਗੁਰੂ ਗੋਬਿੰਦ ਸਿੰਘ ਜੀ ਦਾ ਦਰਸ਼ਨ ਨਹੀਂ ਕੀਤਾ ਉਹ ਗੁਰੂ ਜੀ ਦਾ ਮੰਗਲ ਕਰ ਨਹੀਂ ਸਕਦੇ, ਤਾਂਤੇ ਏਹ ਮੰਗਲ ਕਵੀ ਜੀ ਵਲੋਂ ਹੀ ਹੈ, ਕੇਵਲ ਉਨ੍ਹਾਂ ਨੇ ਏਥੇ ਏਸ ਮੰਗਲ ਨੂੰ ਨਿਖੇੜਕੇ ਲਿਖਣੋ ਸਰਫਾ ਕੀਤਾ ਜਾਪਦਾ ਹੈ।

ਬਹੁਰ ਭੁਲਾਈਯੇ'। ਦੰਭ ਕੋ ਨਿਕੰਦ[1] ਗੁਰ ਕਿੰਕਰ[2] ਮੁਕੰਦ[3] ਸੁਨਿ ਬੋਲੇ ਗੋਪੀ ਚੰਦ ਸੌਂ ਅਨੰਦ ਕੰਦ ਦਾਈਯੇ[4]॥੨॥'ਸੁਰਤਿ ਨ ਖੋਵੈ ਧ੍ਯਾਨੀ, ਗੁਰਮੁਖਿ ਗ੍ਯਾਨੀ ਹੋਵੈ,ਨਿਰਮਲ ਸੋਈ ਗੁਰਬਾਨੀ ਹੇਤ ਲਾਵਈ। ਅਠ-ਸਠ[5] ਤੀਰਥ ਸ਼ਨਾਨੀ ਤੁਮ ਜਾਨੋ ਸੋਊ ਸ਼ਰਧਾ ਸਮੇਤ ਗੁਰੂ ਦਰਸ਼ਨ ਪਾਵਈ।ਸੀਧੋ ਜੋ ਕਮਲ ਹੋਤਿ ਜਾਗੇ ਤਬ ਦੀਪ ਜੋਤਿ, ਭਾਵੀ ਮਨਮਾਨੈ ਗੈਲ[6] ਠਾਕ ਬਿਨ ਜਾਵਈ। ਤ੍ਰਿਕੁਟੀ ਕੋ ਭੇਦਿ ਸੁਖ ਪਾਵਤਿ ਅਛੇਦ ਨਿਤ ਹੋਇ ਹੈ ਸਥਿਤ ਨਹੀਂ ਬਹੁਰ ਭੁਲਾਵਈ'॥ ੩ ॥ ਗੋਪੀ ਚੰਦ ਹਾਥ ਬੰਦ ਬੋਲ੍ਯੋ ਸੁਖਕੰਦ ਸੰਗ 'ਚਲੋ ਸ਼ਿੱਧ ਮੰਡਲੀ ਮੈਂ ਦਰਸ਼ਨ ਦੀਜਿਯੇ। ਹੋਹਿੰਗੇ ਅਨੰਦ ਤੇਰੇ ਪਦ ਅਰਬਿੰਦ ਪਿਖਿ ਦੋਖ ਕੇ ਨਿਕੰਦ! ਬੈਨ ਸੁਨੀਏ ਕਹੀਜਿਯੇ'। ਗੁਰੂ ਕਹ੍ਯੋ'ਮੰਦ ਮੰਦ ਆਵੈਂ ਹਮ ਪੰਥ ਮਾਂਹਿ, ਚਲੋ ਗੋਪੀ ਚੰਦ ਸੁਧ[7] ਸਿੱਧਨ ਭਨੀਜਿਯੇ'। ਕਰਿ ਪਦ*ਬੰਦਨ ਕੋ ਗਯੋ ਗਿਰ ਕੰਚਨ ਪੈ[8] 'ਗੋਰਖ ਜੀ! ਨਾਨਕ ਕੀ ਸੁਧ ਮੋ ਤੇ ਲੀਜਿਯੇ ॥ ੪ ॥ ਸੈਯਾ ॥

ਪੂਜਨ ਜੋਗ ਹੀ ਜਾਨਹੁ ਤਾਂਹਿ ਕੋ,ਆਵਤਿ ਆਪ ਹੀ ਜਾਤਿ ਨ ਆਨਾ[9]†
ਹੈ ਕਲਿਕਾਲ ਭਯਾਨ ਮਹਾਂ ਨਰ ਤਾਰਨ ਕੋ ਅਵਤਾਰ ਪਛਾਨਾ'।
ਗੋਰਖ ਬੈਨ ਭਨੈ ਸੁਨਿਕੈ 'ਤਿਹ ਜਾਨਤਿ ਹੌਂ ਨਹਿੰ ਮੋਹਿ ਅਜਾਨਾ[10]।
ਸਿੱਧਨ ਮੈਂ ਵਡ ਮਾਨ ਹੁਤੋ ਤਿਸ ਨਾਸ਼ਨ ਕੇ ਹਿਤ[11] ਤੂਸ਼ਨ ਠਾਨਾ[12]'॥ ੫ ॥

ਈਸ਼ੁਰ ਨਾਥ ਸਮੀਪ ਬੁਲਾਇਕੈ ਗੋਰਖ ਨਾਥ ਨੈ ਆਇਸੁ ਦੀਨੀ।
'ਜਾਹੁ ਤਪੇ ਢਿਗ ਤਾਂਹਿ ਬਿਲੋਕਹੁ ਬਾਦ ਬਿਖੈ ਮਤਿ ਜਾਂਹਿ ਪ੍ਰਬੀਨੀ।
ਪਾਛੇ ਕੋ ਜੀਤਕੈ ਦੇਹੁ ਹਟਾਇ ਲਖੋਂ ਸਭਿ ਤੇ ਤਵ[13]ਬੁੱਧਿ ਕੋ ਪੀਨੀ[14]‡।
ਨਾਤੁਰ ਆਪਨੋ ਦੇ ਉਪਦੇਸ਼ ਸਿਖਾਵਹੁ ਜੋਗ ਕੀ ਰੀਤਿ ਜਿ ਕੀਨੀ' ॥੬॥

ਕਬਿੱਤ ॥ ਆਇਸੁ ਕੋ ਪਾਇ ਤਾਤਕਾਲ ਗਯੋ ਆਇ ਜਹਾਂ ਬੈਠੇ ਸੁਖ-ਦਾਇ ਸੋਹੈਂ ਊਚੇ ਗਿਰ ਸ਼੍ਰਿੰਗ[15]ਹੈਂ।ਉਚਰ'ਅਦੇਸ਼' ਕੋ ਸਮੀਪ ਗਯੋ ਬੈਸਿ ਤਬ 'ਪ੍ਰਭੂ ਕੋ ਆਦੇਸ਼' ਗੁਰੂ ਕਹੀ ਤਿਹ ਸੰਗ ਹੈ। 'ਕੌਨ ਦੇਸ਼ ਛੋਰਿ?

[1]ਕੱਟਣ ਵਾਲੇ। [2]ਦਾਸਾਂ ਦੇ। [3]ਮੁਕਤੀ ਦਾਤੇ। [4]ਦਾਤੇ। [5]ਅਠਾਹਠ। [6]ਰਾਹ। [7]ਖਬਰ। [8]ਸੁਮੇਰ ਤੇ। [9]ਲਿਆਇਆ ਨਹੀਂ ਜਾ ਸਕਦਾ (ਅ) ਹੋਰਥੇ ਨਹੀਂ ਜਾਂਦੇ। [10]ਮੈਂ ਉਸਤੋਂ ਅਜਾਣ ਨਹੀਂ। [11]ਨਾਸ਼ ਕਰਨ ਵਾਸਤੇ। [12](ਮੈਂ) ਚੁੱਪ ਕਰ ਰਿਹਾ ਹਾਂ। [13]ਤੇਰੀ। [14]ਤਕੜੀ। [15]ਪਹਾੜ ਦੀ ਚੋਟੀ ਤੇ।

*ਪਾ:-ਕਰ ਬੰਦ-। †ਪਾ:-ਜਾਨਤ ਆਨਾ=ਅਉਣਾ ਜਾਣਦਾ ਹੈ।

‡ਪਾ:-ਲਖੋਂ ਤਵ ਕੋ ਸਭਿ ਤੇ ਬੁਧਿ ਪੀਨੀ।

ਆਇ, ਕਹਾਂ ਕੋ ਸਿਧਾਇ ਅਬ, ਕਹੋ ਤੁਮ ਕੌਨ ? ਮੋਹਿ ਬੂਝਨ ਉਮੰਗ ਹੈ। ਗੋਰਖ ਪੈ ਚਲੋ, ਉਪਦੇਸ਼ ਲੀਜੈ ਭਲੋ ਆਪ, ਸਭੈ ਮਤ ਬੇਖ ਤੇ ਸੁ ਜੋਗ ਈ ਉਤੰਗ[1] ਹੈ' ॥੭॥ [2]'ਦੇਹਿ ਪੰਚ ਤੱਤ ਕੀ ਹੈ ਪੂਛੋ ਕੌਨ ਪੰਚ ਬਿਖੈ ਸੋਊ ਤਤ ਦੇਹਿ ਮੈਂ ਬਿਚਾਰ ਕੈ ਬਖਾਨਿਯੇ । ਜੋ ਤੂੰ ਪੂਛੈ ਆਤਮਾ ਕੋ ਆਤਮ ਤੋਂ ਪੂਰਨ ਹੈ ਅੰਤਰ ਵਹਿਰ ਦਿਸ਼ ਬਿਦਿਸ਼[3] ਮੈਂ ਜਾਨਿਯੇ। ਆਵਨ ਔ ਜਾਨੋ ਤੌ ਬਨਤਿ ਊਨੋ ਹੋਤਿ ਕਹੂੰ, ਜਹਾਂ ਤਹਾਂ ਏਕ ਹੀ ਬਿਬੇਕ[4] ਤੇ ਪਛਾਨਿਯੇ। ਯਾਂਤੇ ਤਵ ਬੂਝਨੋ ਅਕਾਰਥ ਹੀ ਚੀਨ ਮਨ, ਗੋਰਖ ਤੇ ਸੀਖ ਪੁਨ ਪ੍ਰਸ਼ਨ ਕੋ ਠਾਨਿਯੇ' ॥੮॥ ਸੈਯਾ ॥ ਸੁਨਿ ਈਸ਼ੁਰਨਾਥ ਲਜਾਇ ਰਹਯੋ ਗਿਰ ਮੇਰੁ ਗਯੋ, ਨਹਿੰ ਬਾਨੀ ਅਲਾਈ। 'ਪਰਿਪੂਰਨ ਆਤਮ ਗਯਾਨ ਬਿਖੈ ਚਰਚਾ ਕਰਿਕੈ ਨਹਿੰ ਜਿਤਯੋ ਸੁ ਜਾਈ'। ਮਨ ਲੰਗਰ[5] ਰੋਸ ਕਿਯੋ ਸੁਨਿਕੈ ਕਹਿ 'ਗੋਰਖ ਜੀ ! ਮੁਝ ਦੇਹੁ ਰਜਾਈ। ਅਵਿਲੋਕਹੁੰ ਕੈਸੇ ਕੈ ਬੋਲਤਿ ਹੈ,ਤਿਹ ਆਨਤਿ ਹੌਂ ਤੁਮਰੀ ਸ਼ਰਨਾਈ'॥੯॥ ਕਬਿੱਤ ॥ ਆਇਸੁ ਕੋ ਪਾਇ, ਗੁਰੂ ਗੋਰਖ ਮਨਾਇ ਮਨ, ਚਲਯੋ ਤਬ ਧਾਇ, ਚਾਇ ਜੀਤਨੇ ਕੋ ਧਾਰਿਕੈ। ਬੇਦੀ ਕੁਲਦੀਪ ਹੂੰ ਕੇ ਬੈਠਯੋ ਹੈ ਸਮੀਪ ਆਇ,ਕੀਨੀ ਹੈ'ਅਦੇਸ' ਮੁਖ ਬਚਨ ਉਚਾਰਿਕੈ। 'ਚਲੀਏ ਸੁਮੇਰੁ ਪਰ ਲੀਜੈ ਉਪਦੇਸ਼ ਬਰ, ਸੀਸ ਮ੍ਰਿਤੁ ਜੌਨ ਡਰ ਦੀਜੈ ਨਿਜ ਟਾਰਿਕੈ[6]। ਜਾਗੇ ਵਡਭਾਗ ਜੇ ਤੂੰ ਜੋਗ ਅਨੁਰਾਗ ਕਰੇਂ, ਧੁਨਿ* ਸੰਗ ਲਾਗੈ ਲਾਗ[7], ਹਠ ਦੇਹੁ ਡਾਰਿਕੈ' ॥ ੧੦ ॥ ਬੋਲੇ ਦੀਨਾਨਾਥ ਸਿੱਧ ਲੰਗਰ ਕੇ ਸਾਥ ਤਬ 'ਕੌਨ ਸੀ ਵਸਤੁ ਮਰੈ ਦੀਜੈ ਸੋ ਬਤਾਇਕੈ । ਦੇਹਿ ਪੰਜ ਭੂਤ ਕੀ[8] ਹੈ ਪੰਚੋਂ ਮੈਂ ਨ ਮਰੈ ਕੋਊ,ਜੋ ਕੋ ਮਰਿ ਜਾਤਿ ਤਾਂ ਕੋ ਦੀਜਿਯੇ ਸੁਨਾਇਕੈ। ਆਤਮਾ ਤੋ ਨਿੱਤ, ਕਬ ਹੋਤਿ ਨਹੀਂ ਮ੍ਰਿਤੁ ਤਾਂਕੀ, ਭਯੋ ਜੀਵ ਸੱਤ ਚਿਦਾਨੰਦ ਕੋ ਭੁਲਾਇਕੈ[9]।ਬਾਦਹੈ ਕਹਿਨ ਤੇਰੋ ਭਯੋ ਮ੍ਰਿਤੁ ਕੌਨ ਹੇਰੋ[10],

[1]ਉੱਚਾ ।[2]ਗੁਰੂ ਜੀ ਵਾਚ। [3]ਹਰ ਪਾਸੇ । [4]ਗਿਆਨ । [5]ਨਾਮ ਹੈ ਸਿੱਧ ਦਾ।[6]ਦੂਰ ਕਰਵਾ ਲਓ । [7]ਲਗਨ । [8]ਪੰਜਾਂ ਤਤਾਂ ਦੀ। [9]ਇਹ ਸਤ, ਚਿਤ, ਆਨੰਦ ਨੂੰ ਭੁਲਾਕੇ ਜੀਵ ਬਨ ਗਿਆ ਹੈ। [10]ਵੇਖਦੇ ਹੋ।

*ਸਿਧ ਕੰਨਾਂ ਦੀ ਘੂੰ ਘੂੰ ਵਾਲੀ ਧੁਨਿ ਦਾ ਉਪਦੇਸ਼ ਦੇਂਦਾ ਹੈ ਤੇ ਗੁਰੂ ਜੀ ਉੱਤਰ ਵਿਚ ਉਸਦੀ ਸਾਰੀ ਗੱਲ ਨੂੰ 'ਬਾਦ ਹੈ ਕਹਿਨ ਤੇਰੋ' ਆਖਦੇ ਹਨ । ਇਸ ਸਾਰੀ ਸਿੱਧ ਚਰਚਾ ਵਿਚ ਗੁਰੂ ਜੀ ਅਪਣਾ ਆਸ਼ਾ—ਨਾਮ ਵਿਚ ਅਖੰਡ ਲਿਵ ਲੱਗਣਾ—ਦਸ ਰਹੇ ਹਨ, ਕੰਨਾਂ ਦੀ ਘੂੰ ਘੂੰ ਨੂੰ ਅਨਾਹਤ ਨਹੀਂ ਕਹਿ ਰਹੇ।

ਉੱਤਰ ਨ ਆਇ, ਪੂਛ ਗੋਰਖ ਕੋ ਜਾਇਕੈ' ॥ ੧੧॥ ਸ੍ਵੈਯਾ ॥ ਲੰਗਰ ਤੂਸ਼ਨ ਹੋਇ ਗਯੋ ਬਿਰਤੰਤ ਸੁਮੇਰੁ ਪੈ ਜਾਇ ਸੁਨਾਵਾ। ਗੋਰਖ ਨੈ ਤਬ ਆਇਸੁ ਦੇ ਕਰਿ ਮੰਗਲਨਾਥ ਸਮੀਪ ਬੁਲਾਵਾ। ਕੀਨ ਵਡੋ ਸਨਮਾਨ ਬਿਠਾਇਕੈ ਆਨਨ ਤੇ ਇਵ ਬੈਨ ਅਲਾਵਾ। 'ਹਾਰਿਕੈ ਆਵਤਿ ਸਿੱਧ ਸਭੈ ਅਬ ਜਾਨੋ ਤੁਮਾਰੁ ਬਨੈ ਤਿਹ ਥਾਵਾ' ॥ ੧੨ ॥ ਸ੍ਵੈਯਾ ॥ ਮੰਗਲ ਨਾਥ ਨੇ ਬੂਝਨ[1] ਕੀਨ 'ਪਠੋ ਕਿਹ ਹੇਤ ਕੋ? ਦੇਹੁ ਬਤਾਈ। ਰੂਪ ਸੁਭਾਇ ਬਿਲੋਕਨ ਕੋ ਤਿਹ, ਕੈਧੌਂ ਕਹੋ ਉਪਦੇਸ਼ਨ ਤਾਈਂ?' ਗੋਰਖ ਯੌਂ ਸੁਨਿਕੈ ਮਨ ਮਾਂਹਿ ਬਿਚਾਰਿ ਕੈ ਬਾਨੀ ਸੁ ਐਸ ਅਲਾਈ। 'ਜਨੌਂ ਤੁਮਰੇ ਮਨ ਮੈਂ ਅਭਿਲਾਖ ਬਿਲੋਕਹੁ ਤਾਂ ਬਿਧਿ ਸੋਂ ਅਬ ਜਾਈ' ॥੧੩॥ ਸ੍ਵੈਯਾ॥ ਮੰਗਲ ਬੋਲਤਿ 'ਹੇ ਗੁਰੁ ਗੋਰਖ! ਪੂਰਨ ਹੋ ਜੁਗੀਆ ਸਭਿ ਲਾਯਕ। ਸੋ ਸਭਿ ਹੀ ਬਿਧਿ ਪੂਰਨ ਨਾਨਕ ਜਾਇ ਸ਼ਰੈਨ ਤਿਸੈ ਗਤਿ ਦਾਇਕ। ਖੋਜਿਬੋ ਦੇਖਿਬੋ ਕਹਾ ਤਿਹਕੋ ਸੁਰ ਨਾਯਕ ਨਾਯਕ[2], ਸੰਤ ਸਹਾਯਕ। ਏਕ ਦੁਬਾਰਹਿ ਖੋਜ ਪਿਖਾ ਪੁਨ ਖੋਜੇ ਕੋ ਖੋਜਨ ਰੀਤਿ ਨ ਲਾਯਕ ॥ ੧੪ ॥ ਆਇਸੁ ਨਾਂਹਿ ਉਲੰਘਹੌਂ ਤੋਰ, ਕਹੋ, ਤਿਹ ਜਾਇਕੈ ਲ੍ਯਾਉਂ ਹਕਾਰੀ। ਜਾਂ ਕੇ ਮਿਲੇ ਤੇ ਕ੍ਰਿਤਾਰਥ ਹੋਇਗੋ ਜਾਇ ਪਿਖੋਂ ਮਨ ਆਲਸ ਟਾਰੀ'। [3]"ਮੰਗਲਨਾਥ ਜੀ! ਆਨਹੁ ਤਾਂ ਬਿਧਿ ਲੇ ਉਪਦੇਸ਼ ਹਮਾਰ ਜੁ ਧਾਰੀ[4]। ਆਵਹਿ ਮਾਰਗ ਸਿੱਧਨ ਕੇ ਭਵ ਮੈਂ ਪਰਕਾਸ਼ ਵਡੋ ਜਸੁ ਕਾਰੀ' ॥ ੧੫ ॥ ਮੰਗਲਨਾਥ ਕਹੈ ਪੁਨ ਬੈਨ ਕੋ 'ਯੌਂ ਨ ਬਨੈ ਜਿਵ ਚਾਹਿ ਤੁਮਾਰੀ। ਜੇ ਹਮ ਤੇ ਲਘੁ ਹੋਵਹਿ ਸੋ, ਤਬ ਲੇ ਉਪਦੇਸ਼ ਭਲੋ ਅਧਿਕਾਰੀ। ਹੋਇ ਜੁ ਦੀਰਘ ਕੈਸੇ ਬਨੈ ਬਿਧਿ? ਹੈ ਬਿਪਰੀਤਿ ਸੀ ਰੀਤਿ ਬਿਚਾਰੀ। ਜਨੌਂ ਪਟਬੀਜਨ[5] ਕੋ ਪਰਕਾਸ਼ ਤੇ ਭਾਨੁ[6] ਛਪਾਵਤਿ ਸੁੱਧਬਿਸਾਰੀ[7]" ॥ ੧੬ ॥ ਗੋਰਖ ਬੈਨ ਭਨੇ ਸੁਨਿਕੈ 'ਤੁਮ ਹੈ ਸਮਝੀ ਮਤਿ ਸਿੱਧਨ ਨਜਾਰੇ। ਧੰਨ ਤੁਮੈ ਸ਼ੁਭ ਜੋਗ ਕੇ ਲਾਯਕ ਹੈ ਮਨ ਤੇ ਜਿਨ ਮਾਨ ਬਿਸਾਰੇ। ਜਾਨਿ ਲਯੋ ਸਭਿ ਨਾਨਕਭੇਦ ਕੋ ਜੈਸੋ ਅਹੈ ਤੁਮ ਤੈਸੋ ਉਚਾਰੇ। ਮਾਨ ਕੇ[8] ਬਾਨ ਬਿਧੇ[9] ਸਭਿ ਸਿੱਧ, ਕਰੋ ਬਿਧਿ ਸੋ ਅਭਿਲਾਖ ਜੁ ਥਾਰੇ[10]॥੧੭॥ ਦੋਹਰਾ ॥ ਕੇਤਿਕ ਸਮਝ੍ਯੋ ਭਰਥਰੀ

---

[1]ਪੁੱਛਣਾ। [2]ਇੰਦ੍ਰ ਅਥਵਾ ਵਿਸ਼ਨੂੰ ਦੇ ਸੁਆਮੀ ਹਨ ਗੁਰੂ ਜੀ। [3]ਗੋਰਖ ਵਾਚ। [4]ਧਾਰੇ। [5]ਟਟਾਣਾ। [6]ਸੂਰਜ। [7]ਅਨਜਾਨ। [8]ਹੰਕਾਰ ਦੇ। [9]ਤੀਰਾਂ ਨਾਲ ਵਿੰਨ੍ਹੇ ਹੋਏ। [10]ਤੁਹਾਡੀ।

ਗੋਪੀ ਚੰਦ ਸੁਜਾਨ। ਘੁੱਘੂ ਨਾਥ ਨ ਬੋਲਈ ਮੰਗਲਨਾਥ ਮਹਾਨ ॥ ੧੮॥ ਖੇਸੂ ਪੇਸੂ ਔਰ ਹੈਂ ਨਹਿੰ ਗਿਨਤੀ ਤਿਨ ਕੋਇ'। ਗੋਰਖ ਅਸ ਬਿਧਿ ਬੈਨ ਕਹਿ ਬੈਸਯੋ ਤੂਸ਼ਨ ਹੋਇ ॥੧੯॥ ਉਤ ਯੌਂ ਕਰਤਿ ਬਿਚਾਰਕੋ, ਇਤ ਸ਼੍ਰੀ ਨਾਨਕ ਸੰਗ। ਬੋਲਯੋ ਮਰਦਾਨਾ ਤਬੈ 'ਚਢਿਯੇ ਮੇਰੁ ਉਤੰਗ'॥ ੨੦ ॥ [1]"ਕਿਤਕ ਕਾਲ ਅਵਿਲੋਕਿਯੇ ਗਮਨੈਂ ਬਹੁਰ ਸੁਮੇਰੁ। ਰਹੇ ਸਿੱਧ ਆਵਨ ਕਛੂ ਬਾਦਹਿ[2] ਮਾਨ ਘਨੇਰ'॥ ੨੧ ॥ ਸੈਯਾ ॥ ਆਯੋ ਹੈ ਮੰਗਲ ਨਾਥ ਤਬੈ ਢਿਗ ਬੈਠ 'ਅਦੇਸ' ਕਹੀ ਕਰ ਬੰਦੂ । ਦ੍ਵੈ ਦਿਸ਼ ਪਾਇਨ ਕੋ ਪਰਸੇ ਕਰ, ਕੀਨ ਵਡੋ ਸਨਮਾਨ ਮੁਕੰਦੂ। ਪ੍ਰੀਤ ਬਧੀ ਅਵਿਲੋਕਤਿ ਲੋਚਨ ਮਾਨਯੋ ਰਿਦੇ ਮਹਿਂ ਭੂਰ ਅਨੰਦੂ। ਯੌਂ ਹਰਖੇ ਮਿਲਿ ਆਪਸ ਮੈਂ ਜਿਵ ਜਾਇ ਬਭੀਖਨ ਸੋਂ ਰਘੁਨੰਦੂ[3] ॥੨੨॥ ਮੰਗਲ ਨਾਥ ਨੇ ਬੈਨ ਭਨੇ 'ਕਿਰਤਾਰਥ ਭਾ ਅਵਿਲੋਕਤਿ ਰੂਪਾ। ਜਾਨਤਿ ਹੌਂ ਨਿਜ ਭਾਗ ਮਹਾਨ ਮਿਲਾ ਪ੍ਰਭੁ ਕੋ ਅਵਤਾਰ ਅਨੂਪਾ।ਆਜ ਭਯੋ ਸਫਲਾ ਸਭਿ ਜੋਗ ਭੋ ਗੋਚਰ ਧਯਾਨਹਿ ਕੇ ਅਨਰੂਪਾ[4]।ਸੰਤ ਸਹਾਯਕ,ਦੰਭਨ ਘਾਯਕ,ਹੋ ਗਤਿਦਾਯਕ ਜੇ ਭਵ ਕੂਪਾ'॥ ੨੩ ॥ ਸੈਯਾ ॥ ਸ਼੍ਰੀ ਗੁਰੁ ਭਾਖਤਿ 'ਧੰਨ ਤੁਮੈਂ ਸਭਿ ਸਿੱਧਨ ਤੇ ਅਤਿ ਉੱਤਮ ਰੀਤੀ। ਤੋਹਿ ਸਮਾਨ ਲਖੌਂ ਨਹਿੰ ਆਨ ਕਿਯੋ ਮਨ ਮਾਨਹਿੰ ਤੇ ਵਿੱਪ੍ਰੀਤੀ[5]*। ਬੋਲਿ ਗਿਰਾ ਮਧੁਰੀ ਹਰਖਾਵਤਿ ਮਾਨੋ ਸੁਧਾ[6] ਨਮਤਾ[7] ਤੁਮ ਪੀਤੀ। ਮਾਨਸ ਦੇਹਿ[8] ਕੋ ਲਾਭ ਯਹੀ ਤਜਿ ਮਾਨ ਕਰੈ ਪਦ ਸੰਤਨ ਪ੍ਰੀਤੀ'॥ ੨੪ ॥ ਸੈਯਾ॥ ਮੰਗਲ ਨਾਥ ਨੇ ਸ਼੍ਰੋਨ ਸੁਨੇ ਕਰਿ ਨੀਚੇ ਕੋ ਲੋਚਨ ਬਾਨੀ ਅਲਾਈ। 'ਰਾਵਰ ਕੀ ਕਰੁਨਾ ਹੁਇ ਜਾਂ ਪਰ ਤਾਂਹੂ ਭਲੇ ਮਤਿ ਦੇਹੁ ਬੁਝਾਈ। ਸੰਤਨ ਕੋ ਗੁਨ ਮਾਨ[9] ਮਿਟਾ-ਵਨ, ਮਾਧੁਰਤਾ ਸੰਗ ਬੈਨ ਕਹਾਈ। ਮੇਰੁ ਚਲੋ ਸਿਧ ਮੰਡਲੀ ਮੈਂ ਦਰ-ਸ਼ਨ ਕੋ ਦੇਹੁ ਸਭੈ ਸੁਖ ਪਾਈ ॥ ੨੫ ॥ ਸੈਯਾ ॥ ਜੇ ਨ ਚਲੋ ਤਿਹਠਾਂ[10] ਤੁਮ ਹੀ ਭੁਗੁਤਾਵਨ[11]ਕੋ ਕਛੁ ਲਯਾਵਹੁ ਜਾਈ'।ਆਨਨ ਤੇ ਬਿਗਸੇ ਗੁਰ

[1]ਗੁਰੂ ਜੀ ਵਾਚ। [2]ਬਿਅਰਥ (ਅ) ਚਰਚਾ ਦਾ। [3]ਜਿਵੇਂ ਰਾਮ ਪਾਸ ਬਭੀਖਨ ਗਿਆ ਭਾਵ ਗੁਰੂ ਜੀ ਪੂਜਯ ਤੇ ਮੰਗਲ ਨਾਥ ਪੂਜਾ ਕਰਨ ਵਾਲਾ। [4]ਜਿਸ ਰੂਪ ਦਾ ਮੈਂ ਧਯਾਨ ਕਰਦਾ ਸਾਂ ਉਹ ਰੂਪ ਦਿੱਸ ਪਿਆ ਹੈ, ਇਸ ਲਈ ਮੇਰਾ ਜੋਗ ਅਜ ਸਫਲ ਹੋ ਗਿਆ ਹੈ। [5]ਮਨ ਨੂੰ ਮਾਨ ਤੋਂ ਉਲਟਾ ਕੀਤਾ ਹੈ ਭਾਵ ਨਿੰਮ੍ਰਤਾ ਧਾਰੀ ਹੈ। [6]ਅੰਮ੍ਰਿਤ। [7]ਨਿੰਮ੍ਰਤਾ ਦਾ। [8]ਮਨੁਖੀ ਦੇਹੀ। [9]ਹੰਕਾਰ। [10]ਓਥੇ। [11]ਛਕਾਵਣ ਲਈ।

*ਪਾ:-ਸਨਮਾਨਹ ਤੇ ਵਿੱਪ੍ਰੀਤੀ=ਨਿਜ ਸਨਮਾਨ ਤੋਂ ਉਲਟ=ਨਿੰਮ੍ਰਤਾ।

ਬੋਲਤਿ 'ਭਾਉ ਪਿਖਾ ਤੁਮ ਤੇ ਤ੍ਰਿਪਤਾਈ। ਖਾਨੇ ਕੀ ਚਾਹਿ ਨ ਔਰ ਰਹੀ ਮਿਲਿ ਵਾਕ ਅਲਾਇ ਰਹੇ ਹਰਖਾਈ। ਮੰਗਲਨਾਥ! ਚਲੋ ਤੁਮ ਅੱਗ੍ਰਜ[1] ਆਵਤਿ ਹੈਂ ਨ ਬਿਲੰਬਹਿ ਕਾਈ' ॥ ੨੬ ॥ ਸੋਰਠਾ ॥ ਸ੍ਰੀ ਗੁਰੁ ਕੋ ਹਰਖਾਇ ਆਪ ਹਰਖ ਉਰ ਬਹੁਤ ਕਰਿਬੰਦਨਿਕਰਿ ਸਿਰਨਾਇ ਮੰਗਲ ਗਯੋ ਸੁਮੇਰੁ ਪੈ ॥੨੭॥ ਮਰਹਰੀ ਛੰਦ ॥ ਬੂਝੈ ਮਰਦਾਨਾ 'ਪ੍ਰਭੁ ਸੁਜਾਨਾ! ਇਹ ਜੋਗੀ ਜੋ ਆਇ। ਕੋਮਲ ਮੁਖ ਬੈਨਾ ਮਨ ਮਹਿੰ ਚੈਨਾ ਜਿਹ ਕੋ ਸੁਭਗ ਸੁਭਾਇ। ਬਹੁ ਭਾਉ ਸੁ ਕੀਨੋ ਤਵ ਜਸ ਚੀਨੋਂ ਨਹੀਂ ਉਚਾਰਾ ਬਾਦ। ਮਿਲਿ ਕਰਿ ਹਰਿਖਾਯੋ ਉਰ ਸੁਖ ਪਾਯੋ ਕਰਯੋ ਤੁਮੈ ਅਹਿਲਾਦ[2]' ॥ ੨੮ ॥ ਮਰਹਰੀ ਛੰਦ ॥ ਗੁਰੁ ਵਾਕ ਬਖਾਨੇ 'ਸੁਨਿ ਮਰਦਾਨੇ ਇਕ ਜੈਸੇ ਸਭਿ ਨਾਂਹਿ। ਧਾਰੈਂ ਬਹੁ ਬੇਖਾ ਦੰਭ ਬਿਸ਼ੇਖਾ ਨਹਿੰ ਕੋ ਕਰਮ ਕਮਾਹਿੰ। ਪੂਰਨ ਮਧ ਕੋਟਾ[3] ਤਿਨ ਨਹਿੰ ਤੋਟਾ[4] ਜਯੋਂ ਬਾਹਰ ਤਯੋਂ ਅੰਤਰ। ਕਰੁਨਾ ਕਰਤਾਰੈ ਜਿਹ ਪਰ ਧਾਰੈ ਤਿਹ ਯੌਂ ਸੁਮਤਿ ਨਿਰੰਤਰ' ॥੨੯॥ ਦੋਹਰਾ ॥ ਮਰਦਾਨਾ ਪੁਨ ਬਚ ਕਹੈ 'ਚਲੀਏ ਅਬਹਿ ਸੁਮੇਰੁ। ਸਭਿ ਸਿੱਧਨ ਕੋ ਦੇਖੀਏ ਕਿਉਂ ਕੀਨੀ ਪ੍ਰਭੁ ਦੇਰ'॥੩੦॥ ਸੋਰਠਾ॥ ਬੋਲੇ ਬਹੁਰ ਕ੍ਰਿਪਾਲ 'ਏਕ ਸਿੱਧ ਆਵਨ ਰਹਯੋ। ਜਿਹ ਮਨ ਮਾਨ ਬਿਸਾਲ ਸ਼ੰਭੁਨਾਥ ਤਿਹ ਨਾਮ ਹੈ' ॥ ੩੧ ॥ ਅੜਿਲ ॥ ਸੁਨਿ ਮਰਦਾਨੇ ਸ਼੍ਰੌਨ ਸੁ ਬੈਨ ਬਖਾਨਿ ਹੈ। 'ਮੰਗਲ ਤੇ ਸੁ ਬਿਸਾਲ ਕਿਧੌਂ[5] ਸਮਾਨ[6] ਹੈ। ਅਬਹਿ ਉਡੀਕਤਿ ਜਾਂਹਿ[7] ਕਹੋ ਤਿਹ ਗਾਥ ਜੋ'। ਹੋ ਬੋਲੇ ਉੱਤਰ ਦੇਨਿ ਜਗਤ ਕੇ ਨਾਥ ਜੋ ॥ ੩੨॥ ਸ੍ਵੈਯਾ ॥ 'ਗੋਰਖ ਨਾਥ ਤੇ ਆਦਿ ਜੇ ਸਿੱਧ ਹੈਂ ਮੰਗਲਨਾਥ ਸਭੈ ਤੇ ਮਹਾਨਾ। ਭੇਖ ਧਰਾ ਤਨ ਸਿੱਧਨ ਕੋ ਤਿਨ ਤੇ ਇਹਕੋ ਪਦ ਊਚ ਸੁਜਾਨਾ। ਜੇ ਮਨ ਬੀਚ ਬਿਕਾਰ ਅਜੈ[8] ਸਭਿ ਜੀਤ ਭਲੇ ਤਿਨ ਖੋਜ ਮਿਟਾਨਾ। ਪੂਰਨ ਸੰਤ, ਨਸਾਇ ਕੇ ਆਪ[9] ਕੋ ਮਾਨ ਬਿਹੀਨ ਭਯੋ ਸੁਖ ਮਾਨਾ' ॥ ੩੩ ॥ ਮਰਹਰੀ ਛੰਦ ॥ ਬੂਝੈ ਮਰਦਾਨਾ, ਊਚ ਬਖਾਨਾ 'ਕਿਉਂ ਗੋਰਖ ਗੁਰੁ ਕੀਨ। ਜੋ ਨਿਜ ਤੇ ਲਘੁ ਕਸ ਭਾ[10] ਤਿਹ ਸਿਖ ? ਕਸ* ਬੇਖ ਸਿੱਧ ਕੋ ਲੀਨ ?'। ਸ੍ਰੀ ਗੁਰੁ

[1]ਅੱਗੇ। [2]ਪ੍ਰਸੰਨ। [3]ਕ੍ਰੋੜਾਂ ਵਿਚ ਪੂਰਾ (ਕੋਈ ਇਕ ਹੁੰਦਾ ਹੈ)। [4]ਘਾਟਾ। [5]ਯਾ ਕਿ। [6]ਬਰਾਬਰ। [7]ਜਿਸ ਨੂੰ। [8]ਅਜਿੱਤ। [9]ਆਪਾ ਭਾਵ। [10]ਕਿਸ ਤਰ੍ਹਾਂ ਹੋਇਆ।

*ਪਾ:—ਜਸ।

ਕਹਿ ਵਾਕਾ 'ਮਿਲਯੋ ਜੁ ਪ੍ਰਾਕਾ[1] ਗੋਰਖ ਇਹ ਕੋ ਆਇ। ਗੁਰ ਯਾਂ ਤੇ ਕੀਨੋ ਬੇਖਹਿ ਲੀਨੋ ਪਦ ਊਚੋ ਇਹ ਪਾਇ'॥੩੪॥ ਕਬਿੱਤ ॥ ਐਸੇ ਇਤ ਨਾਨਕ ਜੀ ਬਚਨ ਉਚਾਰੇ ਉਤ ਗੋਰਖ ਬੁਲਾਇ ਸ਼ੰਭੂਨਾਥ ਕੋ ਪਠਾਯੋ ਹੈ। ਫਰੂਆ[2] ਬੈਰਾਗਨ ਦੁ ਲੀਨੇ ਹਾਥ ਮਾਂਹਿ ਜਿਨ ਮੁੰਦ੍ਰਾ ਹੈ ਫਟਕ ਏਕ ਕਾਨ ਪਾਰ[3] ਪਾਯੋ ਹੈ। ਹੀਏ ਮੈ ਹੁਲਾਸ ਆਯੋ ਪਾਸ ਸੁਖਰਾਸ ਦੌਰਿ 'ਬਾਲੇ! ਹੈ ਅਦੇਸ਼' ਐਸੇ ਬਚਨ ਅਲਾਯੋ ਹੈ। 'ਪ੍ਰਭੂ ਕੋ ਅਦੇਸ਼, ਸ਼ੰਭੂਨਾਥ ਆਉ ਬੈਸਿ ਢਿਗ' ਸੁਨਯੋ ਸ਼੍ਰੋਨ ਮਾਂਹੀ ਪੁਨ ਬੈਨ ਕੋ ਸੁਨਾਯੋ ਹੈ ॥੩੫॥ ਕਬਿੱਤ॥ 'ਗੋਰਖ ਕੇ ਚੇਲੇ ਹੋਇ ਮੁੰਦ੍ਰਾ ਕਾਨ ਪਾਵੇ ਅੰਗ ਭਸਮ ਲਗਾਵੇ ਕੋਊ ਬਿਘਨ ਨ ਲਾਗਈ। ਬਿਗਸੈ ਕਮਲ ਜੋ ਪ੍ਰਕਾਸ਼ੈ ਦੀਪ ਜੋਤਿ ਉਰ, ਸੁੰਨ ਮਗ ਜਾਵੇ ਤਨ ਹੂੰ ਤੇ ਮ੍ਰਿਤੁ ਭਾਗਈ। ਫਰੂਆ[2] ਗਹੀਜੈ ਹਾਥ, ਹੋਈਐ ਸਨਾਥ ਅਬ, ਖੁਸ਼ੀ ਜਿਤ ਜਾਵੇਂ, ਤਿਤ ਕੋਊ ਨਹਿੰ ਠਾਗਈ[4]। ਭਲੀ ਬਨੀ ਤੇਰੀ ਜੋ ਤੂੰ ਮਾਨ ਲੇਹਿੰ ਬਾਤ ਮੇਰੀ ਰਿੱਧਿ ਸਿੱਧਿ ਚੇਰੀ ਮਤ ਗੋਰਖ ਕੇ ਪਾਗਈ[5]'॥੩੬॥ ਕਬਿੱਤ ॥[6] 'ਗੋਰਖ ਕੋ ਦਾਸ ਕਰਿ, ਸਭਿਹੂੰ ਕੋ ਮਾਨ ਹਰਿ[7] ਭਸਮ[8] ਨ ਲਾਵੈਂ, ਨਹਿੰ ਕਾਨ ਕੋ ਛਿਦਾਵਈ। ਫਰੂਆ[9] ਜੋ ਧਾਰੀ ਤਾਂਕੋ ਨਾਮ ਹੈ ਭਿਖਾਰੀ ਜਗ, ਮ੍ਰਿਤੁ ਹੈ ਬਿਦਾਰੀ[10] ਨਹਿੰ ਨੇਰੇ ਕਬ ਆਵਈ। ਰਿੱਧਿ ਸਿੱਧਿ ਸਦਾ ਆਗੇ, ਦੇਹਿੰ ਤਾਂਕੋ ਜੇ ਕੋ ਮਾਂਗੇ, ਚਾਹੈਂ ਤਹਾਂ ਜਾਇੰ ਨਹਿੰ ਕੋਊ ਅਟਕਾਵਈ। ਬਿਘਨ ਬਿਨਾਸ਼ਨ[11] ਸੁ ਆਸਨ ਹੈ ਸੁੰਨ ਬਿਖੈ' ਸ਼ੰਭੂ-ਨਾਥ ਸੁਨੇ ਸ਼੍ਰੋਨ ਬੈਨ ਕੋ ਅਲਾਵਈ ॥ ੩੭ ॥ ਕਬਿੱਤ ॥ 'ਵਡੋਈ ਹੰਕਾਰੀ ਕਹਾਂ ਨਦਰ ਤੁਮਾਰੀ, ਕਛੁ ਔਰੀ ਬੌਰੀ ਬਾਤੈਂ ਮੁਖ ਕਾਹੇ ਕੋ ਬਕਤਿ ਹੈ। ਜਤੀ, ਨਾਥ, ਸਿੱਧ ਸਭਿ ਬੀਚ ਹੈ ਪ੍ਰਸਿੱਧ ਐਸੋ ਗੋਰਖ ਕੋ ਜਾਨੈ ਨਹੀਂ ਕੈਸੀ ਐ ਸ਼ਕਤਿ ਹੈ। ਸਿੱਧ ਸਾਧ ਨਿੰਦੇ ਤੁਮ ਭਯੋ ਕੌਨ ਬਿੰਦੇ[12]* ਕੈਸੇ ਬੋਲੈਂ ਮਾਟੀ ਗੰਦੇ? ਨਿਜ ਮਾਨ ਮੈਂ ਛਕਤਿ[13] ਹੈਂ। ਕੌਨ ਤੂੰ ਵਡਾਈ ਪਾਇ ਜਗ ਜੂਨਿ ਆਇ ਜਾਇ, ਗੁਰੂ ਬਿਨਾ ਇਸਥਿਰ ਕੋਊ ਨ ਟਿਕਤਿ ਹੈ'॥੩੮॥ ਕਬਿੱਤ॥[6] 'ਜਾਨੋ

---

[1]ਪਹਿਲੇ। [2]ਠੂਠਾ। [3]ਪਾੜਕੇ। [4]ਰੋਕੇਗਾ। [5]ਪੈ ਗਿਆਂ, ਪ੍ਰੇਮ ਕੀਤਿਆਂ। [6]ਗੁਰੂ ਜੀ ਬੋਲੇ। [7]ਦੂਰ ਕਰਕੇ। [8]ਸੁਵਾਹ। [9]ਭੀਖ ਮੰਗਣ ਵਾਲਾ ਠੂਠਾ। [10]ਦੂਰ ਕੀਤੀ ਹੈ (ਅਸਾਂ ਨੇ)। [11]ਨਾਸ਼ ਕਰਨ ਵਾਲਾ। [12]ਕਿਸ ਬਿੰਦ ਤੋਂ ਭਾਵ ਕਿਸ ਅਸਲ ਤੋਂ। [13]ਭਰਿਆ।

*ਸ਼ੰਭੂਨਾਥ ਆਦਿ ਹੰਕਾਰੀ ਤੇ ਕਮੀਨੇ ਦਿਲ ਵਾਲੇ ਹੋਣ ਤੇ ਐਸੇ ਵਾਕ ਕਹਿਣ ਤਾਂ ਅਚਰਜ ਨਹੀਂ, ਏਹ ਮਾੜੇ ਵਾਕ ਉਨ੍ਹਾਂ ਦੀ ਨਜੂਨਤਾ ਦੇ ਹੀ ਸੂਚਕ ਹਨ।

ਤੇਰੇ ਗੋਰਖ ਕੀ ਆਦਿ ਸ਼ਿਵਬਿੰਦ ਹੂੰ ਤੇ[੧] ਨਦਰ ਹਮਾਰੀ ਏਕੰਕਾਰ ਪੈ ਲਗਤਿ ਹੈ। ਸੰਤ ਸਾਧ ਸੰਦਰ* ਬਿਲੋਕੇ[੨] ਮੋਦ[੩] ਹੋਤਿ, ਕਹੋ ਗੰਦੇ ਕੈ ਅਮਲ,ਪੰਜ ਤੱਤ ਕੋ ਜਗਤ ਹੈ[੪]।ਏਕ ਹੂੰ ਸੀ ਦੇਹਿ ਸਭਿ ਏਕਹੀ ਕੇ ਕੀਏ ਨਰ ਮਾਨ ਕੀਨੇ ਹਾਨ ਪੁਰਸ਼ੋਤਮ ਭਗਤ ਹੈ। ਸਿੱਧ ਔਰੇ ਬੌਰੇ ਮਾਨ ਕੀਨੇ ਸਭਿ ਹੌਰੇ ਗੌਰੇ[੫], ਗੁਰੂ ਬਿਨਾ ਕਹੋ ਪ੍ਰੇਮ ਕੈਸੇ ਕੈ ਪਗਤਿ ਹੈ' ॥੩੯॥ ਕਬਿੱਤ॥[੬]'ਜੋਗ ਕੀ ਜੁਗਤਿ ਕਰਿ ਪਾਈਐ ਮੁਕਤਿ ਕੈਸੇ ? ਜੋਗੀ ਜਤੀ ਹੂੰ ਕੋ ਨਿਜ ਨਦਰ ਨ ਲਯਾਵਈ। ਯਾਂਤੇ ਕੌ[੭] ਬਿਸਾਲ ? ਸਭਿ ਹੀ ਤੇ ਅਤਿ ਊਤਮ[੮] ਹੈਂ,ਯਾਹੂੰ ਕੋ ਨਿਖੇਧ ਵਡੋ ਕਾਹਿੰ[੯] ਠਹਿਰਾਵਈ[੧੦]। ਨੀਕੋ ਉਪਦੇਸ਼ ਮਤ ਧਾਰੋ ਜੋਗ ਬੇਸ, ਚਲੋ ਗੋਰਖ ਕੇ ਢਿਗ ਤੇ ਅਮਰ ਪਦ ਪਾਵਈ। ਪ੍ਰਗਟੈਗੋ ਜਗ, ਜਰਾ[੧੧] ਜਾਇਗੋ ਅਲਗ, ਜੈਸੇ ਸੂਰ[੧੨] ਦੇਖਿ ਸੰਘਰ[੧੩] ਮੈਂ ਕਾਇਰ ਪਲਾਵਈ[੧੪]'॥੪੦॥ਕਬਿੱਤ॥[੧੫] 'ਨਾਮ ਬਿਨਾ ਜੋਗ ਪੂਰੋ ਕਬਹੂੰ ਨ ਹੋਤਿ, ਯਾਂਤੇ[੧੬] ਨਾਮ ਲਿਵਲਾਈ ਜਾਂਤੇ[੧੭] ਵਡੋ ਨਹਿੰ ਆਨ ਕੋ। ਪਤਿਤ ਉਧਾਰੇ ਜਨ[੧੮] ਹੇਤ ਦੈਤ ਮਾਰੇ ਜਿਨ, ਨਾਮ ਉਰ ਧਾਰੇ ਮੋਹ ਨਾਸ਼, ਦੇਤਿ ਗ੍ਯਾਨ ਕੋ। ਜਨਮੇ ਨ ਮਰੈ, ਕਾਲ ਸੀਸ ਹੂੰ ਤੇ ਟਰੈ, ਦੇਤਿ ਸਹਿਜ ਸਰੂਪ, ਜਾਂਕੇ ਨਹੀਂ ਹੈ ਸਮਾਨ[੧੯] ਕੋ। ਨਾਮ ਬਿਨਾ ਸਾਧਨ ਜੇ ਤੇਊ ਪਦਬੰਧਨ ਹੈਂ[੨੦], ਨਾਮਹੀ ਮੁਕੰਦ[੨੧]ਔਰ ਆਨਿ ਨਹਿੰ ਜਾਨਿ ਕੋ[੨੨]'॥੪੧॥ ਕਬਿੱਤ ॥ 'ਸਮਝੈ ਨ ਸਮਝਾਯੋ, ਕੌਨ ਤੋਸੋ ਬਾਦ ਕਰੈ' ਐਸੇ ਕਹਿ ਸ਼ੰਭੂ-ਨਾਥ ਮੇਰੁ ਪੈ ਸਿਧਾਯੋ ਹੈ।ਗੋਰਖ ਨੈ ਬੂਝਯੋ 'ਕੈਸੇ ਬੈਨ ਤਿਨ ਕਹੇ ਸੁਨੇ ? ਮਾਨੇ ਉਪਦੇਸ਼ ? ਕਿਧੋਂ ਮਨ ਮੈਂ ਨ ਲਯਾਯੋ ਹੈ'। 'ਨਾਥ ਸੁਨੋ ਔਰੀ ਬੌਰੀ ਬਾਤੇਂ ਹੈ ਬਕਤਿ ਸੋਊ,ਕਾਂਕੋ ਉਪਦੇਸ਼ ਨਹੀਂ ਮਾਨਤਿ ਮਨਾਯੋ ਹੈ'। ਗੋਰਖ ਹਸਤਿ ਤਬ ਮੰਗਲ ਕੀ ਦਿਸ਼ ਦੇਖਿ ਸਭੈ ਕੋ ਸੁਨਾਇ ਮੁਖ ਬਚਨ ਅਲਾਯੋ ਹੈ॥੪੨॥ ਸ੍ਵੈਯਾ॥ 'ਮੰਗਲਨਾਥ ਸੁਨੋ ਇਸ ਬੈਨ ਕੋ, ਕੂਰ ਕਹੈ ਕਿਧੌਂ ਸਾਚ ਅਲਾਈ?। ਭਾਖਤਿ ਹੋ ਤੁਮ ਔਰ ਬਿਧੀ, ਹਮ ਕੋ[੨੩]ਬਿਧਿ[੨੪] ਜਾਨਹਿੰ?ਦੋਹੁ

[੧]ਸ਼ਿਵਜੀ ਦੀ ਬਿੰਦ ਤੋਂ। [੨]ਵੇਖਿਆਂ। [੩]ਅਨੰਦ। [੪]ਗੰਦੇ ਹਨ ਕਿ (ਅ+ਮਲ) ਮੈਲ ਰਹਿਤ ਹਨ, ਸਾਰਾ ਜਗਤ ਹੀ ਪੰਜਾਂ ਤੱਤਾਂ ਦਾ ਹੈ। [੫]ਮਾਨ ਨੇ ਸਭ ਵੱਡੇ ਹੋਲੇ ਕੀਤੇ ਹਨ। [੬]ਸ਼ੰਭੂ ਨਾਥ ਵਾਚ। [੭]ਕੌਣ। [੮]ਸਭ ਤੋਂ ਉੱਤਮ ਹਨ ( ਜੋਗੀ )। [੯]ਕਿਸ ਨੂੰ। [੧੦]ਠਹਿਰਾਉਂਦੇ ਹੋ। [੧੧]ਬੁਢੇਪਾ। [੧੨]ਸੂਰਮਾ। [੧੩]ਸੰਗਰਾਮ। [੧੪]ਦੌੜ ਜਾਂਦਾ ਹੈ। [੫੧]ਗੁਰੂ ਜੀ ਬੋਲੇ। [੧੬]ਇਸ ਕਰਕੇ। [੧੭]ਜਿਸ ਨਾਮ ਤੋਂ। [੧੮]ਦਾਸਾਂ ਦੇ। [੧੯]ਬਰਾਬਰ। [੨੦]ਪੈਰਾਂ ਨੂੰ ਬੰਨ੍ਹਣ ( ਵਾਲੀਆਂ ਬੇੜੀਆਂ ) ਹਨ। [੨੧]ਮੁਕਤੀ ਦਾਤਾ। [੨੨]ਕੋਈ। [੨੩]ਕੇਹੜੀ। [੨੪]ਤਰ੍ਹਾਂ। *ਪਾ:-ਦਰਸ।

ਬਤਾਈ'। ਮੰਗਲ ਭਾਖਤਿ 'ਆਪਨੇ ਪੰਥ ਕੀ ਹੀਨਤਾ[1] ਕੈਸੇ ਕਹੀ ਨਹਿ ਜਾਈ। ਸਾਚ ਕੋ ਕੂਰ ਕਹੈਂ ਜਗ ਜੇ ਨਰ ਪੁੰਜ ਲਗੈਂ ਅਘ[2] ਪੁੰਨ ਪਲਾਈ[3]॥੪੩॥ਦੋਹਰਾ॥ਸਭਿ ਆਗਮ[4] ਸਭਿ ਮਤਿ ਜਿਤੇ ਭਾਖਤਿ ਸਭਿਹਿ ਪੁਰਾਨ।–ਸਾਚ ਸਮਾਨ ਨ ਪੁੰਨ ਕੋ ਪਾਪ ਨ ਝੂਠ ਸਮਾਨ–॥੪੪॥ਕਬਿੱਤ॥ ਕਹੌਂ ਨਹਿੰ ਕੈਸਾ, ਉਹ ਹੈ ਸੁ ਜੈਸਾ ਤੈਸਾ, ਜਬ ਆਵੈ ਗੋ ਨਿਕਟਿ ਤਬ ਦੇਖਿ ਲੀਜੈ ਤਾਂਹਿਕੋ'। ਸ਼ੰਭੁਨਾਥ ਕ੍ਰੋਧ ਕਰਿ ਗੋਰਖ ਸੋਂ ਕਹੈ 'ਇਹ ਗੋਪ ਪੱਖ ਰਾਖਤਿ[5]* ਸੁ ਨਾਨਕ ਕੇ ਰਾਹਿਕੋ। ਜਾਨਯੋ ਜੇ ਵਡੇਰੋ ਅਬ ਚੇਲੋ ਜਾਇ ਹੋਵੈ ਤਾਂਕੋ, ਸਿੱਧ ਬੇਖ ਤਜੈ ਈਹਾਂ ਬਰਜਤਿ ਨਾਂਹਿ ਕੋ[6]। ਹੌਂ ਤੋ ਦੇਖਿ ਲੀਨੋ ਜਾਇ, ਭਲੀ ਬਿਧਿ ਬਾਦ ਕੀਨੋ, ਚੀਨਯੋ ਹਮ ਜੈਸੇ ਕਹਯੋ ਤੈਸੇ ਭੇਦ ਵਾਹਿਕੋ[7]'॥ ੪੫ ॥ ਮੰਗਲ ਕਹਿਤ 'ਸੁਨ ਸ਼ੰਭੁਨਾਥ ! ਤੇਰੇ ਕਹੇ ਹੋਤਿ ਨਹਿੰ ਘਾਟ ਭਾਨੁ[8] ਉਲੂ ਜਿਵ[9] ਜਾਨਿਯੇ। ਜੋਗੀ ਜੋਗ ਨਾਂਹੀ, ਹੋਇ ਭਲੋ ਤਾਂਕੋ ਬੁਰੇ ਭਾਖੈ, ਬੂਝੈ[10] ਦੇਖ ਸਿੱਧਨ ਕੋ ਕੈਸੇ ਕੈ ਬਖਾਨਿਯੇ। ਚੇਲੇ ਹੋਇੰ ਵਾਰ ਵਾਰ, ਗਹੀਐ ਰੇਨਾਰ[11] ਤਾਂਕੀ, ਸੰਤ ਆਗੈ ਸੰਤ ਨਿਵੈ, ਚੋਰ ਚੋਰ ਮਾਨਿਯੇ। ਹੋਇ ਜੋ ਹੰਕਾਰੀ ਮਨ ਨਿਵੈ ਨ ਬਿਕਾਰੀ ਕਬ, ਐਸੀ ਬਾਤ ਕੀਏ ਜੋਗ ਪੂਰੋ ਨ ਪਛਾਨਿਯੇ'॥੪੬॥ਕਬਿੱਤ॥ ਸ਼ੰਭੁਨਾਥ ਲੱਜਤਿ ਹ੍ਵੈ ਸਿੱਧਨ ਸੋਂ ਬੂਝੈ ਤਬ, 'ਕੈਸੀ ਬਿਧਿ ਦੇਖਾ ਤੁਮ? ਸਭਿ ਹੀ ਬਤਾਈਏ'। ਗੋਰਖ ਕਹਤਿ 'ਤੁਮ ਰਾਰ[12] ਪਾਈ ਘਰ ਮਾਂਹਿ, ਹਾਰ ਆਏ ਤਾਂਤੇ ਨਹਿੰ ਬਾਦ ਕੋ ਅਲਾਈਏ। ਕਾਹੂੰ ਕੀ ਸ਼ਰੀਕਤ ਨ ਕੀਜੈ ਮਨ ਮਾਨ ਧਰਿ, ਤੋ ਤੇ ਲਘੁ ਹੋਇ ਜਾਇ ਤਾਂਹਿ ਕੋ ਹਟਾਈਏ[13]। ਤੁਮ ਤੇ ਬਿਸਾਲ[14] ਜੀਤ ਲੀਨੇ ਤਾਤਕਾਲ ਤਿਨ, ਅਬ ਲੌ ਨ ਜਾਨਯੋ ਔਰ ਕੈਸੇ ਕੈ ਜਨਾਈਏ॥੪੭॥ਕਬਿੱਤ॥ਸਿੱਧ ਸਾਧਹੂ ਕੋ ਬਾਤ ਐਸੀ ਕਰੀ ਚਾਹੀਏ ਜੋ ਊਚੈ ਸਭਿ ਜਾਨੈ ਨੀਚੋ ਆਪ ਮਨ ਕੀਜਿਯੇ।–ਹੌਂ ਹੀ ਗਯਾਨੀ, ਧਯਾਨੀ, ਵਡਗੁਨੀ, ਹੌਂ ਸੁਜਾਨੀ–ਜੋਊ ਐਸੇ ਮਨ ਮਾਨੀ ਸੋ ਤਯਾਗ ਮਤਿ ਦੀਜਿਯੇ। ਸੰਤ ਸਾਧ

---

[1]ਛੁਟਿਆਈ। [2]ਸਾਰੇ ਪਾਪ ਲਗਦੇ ਹਨ। [3]ਪੁੰਨ ਨਾਸ਼ ਹੋ ਜਾਂਦੇ ਹਨ। [4]ਸ਼ਾਸਤ੍ਰ। [5]ਗੁੱਝਾ ਪੱਖ ਕਰਦਾ ਹੈ। [6]ਕੋਈ ਏਥੇ ਨਹੀਂ ਰੋਕਦਾ। [7]ਉਸਦਾ। [8]ਸੂਰਜ ਘਟ ਨਹੀਂ ਹੁੰਦਾ। [9]ਜਿਉਂ। [10]ਪੁੱਛ। [11]ਧੂੜ। [12]ਝਗੜਾ। [13]ਮੋੜੇ। [14]ਜੋ ਬੜੇ ਹਨ।

*ਪਾ:–ਹ੍ਵੈ ਗੋ ਪੱਖ ਰਾਖਤ।

ਦੀਰਘ ਹੈਂ, ਦੀਰਘ ਤੇ ਦੀਰਘ ਹੈਂ, ਮਾਨ ਕੋ ਬਿਦਾਰੀ[1] ਸੁ ਨਿਰੰਜਨ ਲਹੀਜਿਯੇ। ਸੁਨੇ ਪਰ ਗੁਨ[2] ਨਹੀਂ ਕੀਜੈ ਮਤਸਰ[3] ਮਨ, ਤਾਂਕੋ[4] ਜਸ ਅਗਨਿ ਮੈਂ ਤਨ ਨ ਫੁਕੀਜਿਯੇ[5] ॥੪੮॥ ਸੈਯਾ ॥ ਹੋਇ ਗਯੋ ਤਬ ਗੋਰਖ ਤੂਸ਼ਨ, ਬੈਨ ਸੁਨੇ ਸ਼ੰਭੁਨਾਥ ਲਜਾਵਾ। ਜੋ ਰਿਸ ਪਾਵਕ ਬੀਚ ਰਿਦੈ ਮਨ ਜਾਰਤਿ ਭ੍ਯੋ[6] ਨਹਿੰ ਬੈਨ ਅਲਾਵਾ। ਮੰਗਲਨਾਥ ਵਡੋ ਬਿਗਸਾ ਤਬ ਭਾਨੁ ਉਗੇ ਜਿਵ ਕੰਜ[7] ਸੁਹਾਵਾ।ਸ਼੍ਰੀ ਗੁਰੁ ਨਾਨਕ ਭੇਦ ਜਿ ਜਾਨਤਿ ਦੇਖਿ ਹਸੀ ਕਰਿ ਹੈਂ ਮੁਸਕਾਵਾ ॥ ੪੯ ॥ ਕਬਿੱਤ ॥ ਗੋਪੀਚੰਦ ਭਾਖੈ 'ਸੁਨੋ ਮੰਗਲ ਮਹਾਨ ਜੋਗੀ ! ਸਿੱਧ ਸਾਧ ਹੂ ਕੋ ਐਸੀ ਰੀਤਿ ਨਹੀਂ ਚਾਹੀਯੇ। ਸੰਤ ਜੋ ਅਤੀਤ ਤਾਂਕੀ ਨਿੰਦਾ ਕੋ ਬਖਾਨ ਕਰੈ, ਲੈਕੇ ਅਨਮੋਲੇ ਪਾਪ ਸੀਸ ਨ ਚਢਾਈਯੇ। ਚਰਚਾ ਜੇ ਕੀਜੈ ਕ੍ਰੋਧ ਰਿਦੈ ਤੇ ਨਿਵਾਰ ਦੀਜੈ, ਸ਼ੁਭ ਵਾਕ ਸੁਨੈ ਸ਼ੁਭ ਤਾਂਹਿਕੋ ਸੁਨਾਈਯੇ।ਆਵੈਂ ਹਾਰਿ ਹਾਰਿ,ਕਰੈਂ ਨਿੰਦਾਕੋ ਉਚਾਰਿ, ਪੁਨ ਲਾਜ ਬਿਨ ਜੀਵੈਂ ਨਿਜ ਜੋਗ ਕੋ ਲਜਾਈਯੇ'।।੫੦।। ਸੈਯਾ ॥ ਮੰਗਲ-ਨਾਥ ਕਹੈ 'ਸਤਿ ਭਾਖਤਿ[8], ਐਸੇ ਕਰੈ ਸਿਧ ਸਾਧਿਕ ਜੋਈ। ਹੋਇ ਨਿਰੰ-ਜਨ ਕੀ ਕਰੁਨਾ ਤਬ ਪਾਵਤਿ ਯਾ ਗਤਿ ਔਰ ਨ ਕੋਈ। ਮਾਨ ਰਹੈ ਮਨ ਮਾਨ ਘਨੋ ਨਹਿੰ ਜਾਨਤਿ ਆਨ ਸਮਾਨ ਜਿ ਹੋਈ। ਜੋਗ ਤੇ ਹੀਨ[9] ਰਹੈ ਨਰ,ਤੇ ਮਹਿਮਾ ਨਹਿੰ ਮਾਨਹਿ ਸੰਤਨ ਸੋਈ' ॥੫੧॥ਦੋਹਰਾ॥ ਇਸ ਬਿਧਿ ਕਰਤਿ ਸੁਮੇਰੁ ਪਰ ਸਰਬ ਸਿੱਧ ਮਿਲਿ ਬਾਦਾਭਯੋ ਧਯਾਯ ਪੂਰਨ ਅਬੈ ਸ਼੍ਰੀ ਸਤਿਗੁਰੂ ਪ੍ਰਸਾਦਿ ॥ ੫੨ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਬਾਹਠਮੋਂ ਧਯਾਇ ॥ ੬੨ ॥

੬੩. [ਸ਼੍ਰੀ ਗੁਰ ਚਰਣ ਮੰਗਲ। ਸਿੱਧਨ ਚਰਚਾ, ਕੌਂਸ (ਖੜਾਂਵ),
ਤਾਲ ਤੋਂ ਪਾਣੀ ਲਿਆਵਣਾ]

ਦੋਹਰਾ ॥ ਚਿਰੰਕਾਲ ਤਰੁ ਮਨ ਸੁਸ਼ਕ ਸ਼੍ਰੀ ਗੁਰੁ ਪਗ ਜਲ ਪ੍ਰੇਮ।
ਸੀਂਚ ਭਲੇ ਕਰਿਕੇ ਹਰਯੋ ਕਹੌਂ ਕਥਾ ਦੇ ਖੇਮ ॥ ੧ ॥

{ ਤਰੁ=ਬੂਟਾ। ਸੁਸ਼ਕ=ਸੁੱਕਾ। ਦੇ ਖੇਮ=ਜੋ ਖੇਮ ਦੇਣਹਾਰੀ ਹੈ, ਕੁਸ਼ਲਤਾ ਦਾਤੀ। [ਸੰਸ:, ਕ੍ਸ਼ੇਮ] }

ਅਰਥ—ਮਨ (ਰੂਪੀ) ਬੂਟੇ ਨੂੰ, ਜੋ ਚਿਰੋਕਣਾ ਕੁਮਲਾ ਰਿਹਾ ਹੈ, ਸ਼੍ਰੀ ਗੁਰੂ (ਜੀ ਦੇ) ਚਰਣਾ ਦੇ ਪ੍ਰੇਮ (ਰੂਪੀ) ਜਲ (ਨਾਲ) ਚੰਗੀ ਤਰ੍ਹਾਂ ਸਿੰਜਕੇ ਤੇ ਹਰਿਆ ਕਰਕੇ,

---

[1]ਦੂਰ ਕਰਕੇ। [2]ਪਰਾਏ ਗੁਣ। [3]ਈਰਖਾ। [4]ਉਸਦੇ। [5]ਸਾੜੀਏ। [6]ਮਨ ਨੂੰ ਸਾੜਨ ਲਗਾ। [7]ਕਵਲ। [8]ਸਚ ਕਹਿੰਦਾ ਹੈਂ। [9]ਬਿਨਾਂ।

ਕੁਸ਼ਲਤਾ ਦਾਤੀ (ਅਗੋਂ ਦੀ) ਕਥਾ ਕਹਿੰਦਾ ਹਾਂ।

ਸ਼੍ਰੀ ਬਾਲਾ ਸੰਧੁਰੁ ਵਾਚ॥ ਅੜਿਲ ॥ ਤਬ ਗੋਰਖ ਨੇ ਬੋਲਿ ਭਰਥਰੀ ਸੋਂ ਕਹੀ। 'ਜਾਵਹੁ ਤੁਮ ਅਬ ਤਹਾਂ ਆਨ ਇਹਠਾਂ ਸਹੀ। ਸਰਬ ਸਿੱਧ ਸੋਂ ਮਿਲੈਂ ਜਬੈ ਚਲਿ ਆਇ ਹੈਂ। ਹੋ ਲੇਹਿੰ ਦਰਸ ਕੋ ਦੇਹਿੰ* ਭਲੇ[1] ਸੁਖ ਪਾਇ ਹੈਂ' ॥੨॥ ਕਹਿਤਿ ਭਰਥਰੀ ਬੈਨ 'ਮਿਲਯੋ ਜਬ ਆਦਿ ਹੀ। ਸੁਨਯੋ ਤਬੈ ਸ਼ੁਭ ਤੱਤ[2] ਭਯੋ ਅਹਿਲਾਦ ਹੀ। ਅਬ ਤੁਮ ਆਇਸ ਮਾਨਿ ਜਾਇ ਮੈਂ ਆਨਿਹੋਂ। ਹੋ ਬੰਦਿ ਅਗਾਰੀ ਹਾਥ ਬਿਨੰਤਿ[3] ਬਖਾਨ ਹੋਂ' ॥੩॥ ਅਸ ਕਹਿ ਆਇ ਹਦੂਰ 'ਅਦੇਸ' ਬਖਾਨਿਯਾ। ਹਰਖ ਧਾਰਿ ਉਰ ਮਿਲਯੋ ਜੋਰਿ ਕਰਿ ਪਾਨਿਯਾ[4]। 'ਚਲਿਯੇਦੀਨਦਯਾਲ! ਮੇਰੁ ਕੇ ਊਪਰੇ। ਹੋ ਦਰਸਚਹਤਿਸਭਿ ਸਿੱਧ ਉਡੀ-ਕਤਿ ਹਿਤਧਰੇ'॥੪॥ ਬੋਲੇ ਪੰਕਜ ਨੈਨ ਕੀਨਿ ਸਨਮਾਨਿਯਾ॥'ਧੰਨਭਰਥਰੀ ਤੁਮੈ ਜੋਗਰਸ ਜਾਨਿਯਾ। ਚੰਦ ਬਦਨ ਤ੍ਰਿਯ ਤਜੀ ਦੇਸ਼ ਧਨ ਰਾਜ ਜੋ। ਹੋ ਜਨਮ ਸਵਾਰਯੋ ਰਤਨ ਤਯਾਗ ਜਗ ਲਾਜ ਜੋ ॥ ੫ ॥ ਪ੍ਰਿਥਮ ਮੇਰੁ ਪਰ ਆਪ ਜਾਇ ਸੁਧਿ ਦੀਜਿਯੇ। ਹਮਰੀ ਸਿੱਧਨ ਸਰਬ—ਅਦੇਸ਼--ਭਨੀਜਿਯੇ। --ਆਵਤਿ ਹੈਂ ਪਸ਼ਚਾਤ ਨ ਬਿਲਮ ਲਗਾਵਹੀਂ। ਹੋ ਦਰਸ਼ਨ ਪਰਸਨ ਕਰਹਿੰ ਭਲੇ ਮਨ ਭਾਵਹੀ–' ॥੬॥ ਸੁਨਿਕੇ ਭਰਥਰਿ ਗਯੋ ਰਿਦੇ ਹਰਖਾ-ਇਕੈ।ਸਭਿ ਸੋਂ ਕਹੀ 'ਅਦੇਸ' ਰੁਚਿਰ ਗੁਨ ਗਾਇਕੈ। 'ਆਵਤਿ ਮਮ ਪਸ਼-ਚਾਤ ਕਹਿਤ ਨਹਿੰ ਦੇਰਕੋ।ਹੋ ਜਿਨਹਿੰ ਬਿਲੋਕਨ ਚਾਹਿ ਜੁ ਸ਼ਿਖਰ ਸੁਮੇਰ ਕੋ' ॥੭ ॥ਕਬਿੱਤ॥ ਨਾਨਾ ਭਾਂਤਿ ਆਪਸ ਮੈਂ ਕਰਤਿ ਬਿਚਾਰ ਸਿੱਧ, ਇਤੈ ਮਰ-ਦਾਨਾ ਬੈਨ ਮੁੱਖ ਸੋਂ ਕਹਤਿ ਹੈ।'ਸ਼੍ਰੀ ਪ੍ਰਭੂ ਮੁਕੰਦ! ਦੁਖ ਦੂੰਦ ਕੇ ਨਿਕੰਦ! ਅਬ ਦੇਖੀਏ ਸੁਮੇਰੁ ਜਹਾਂ ਗੋਰਖ ਰਹਤਿ ਹੈ'।ਬੇਦੀ ਬੰਸ ਤਾਲ ਕੇ ਕਮਲ[5] ਸੁਨਿ ਬੋਲੇ ਤਬੈ 'ਚਲੋ ਮਰਦਾਨਾ ਦੇਖਿ, ਦੇਖਯੋ ਜੁ ਚਹਤਿ ਹੋ'। ਐਸੇ ਕਹਿ ਗਏ ਹੈਂ ਸੁਮੇਰੁ ਪਰ ਤਾਤਕਾਲ ਜਹਾਂ ਸਿੱਧ ਮੰਡਲੀ ਸੁ ਗੋਰਖ ਸਹਤ ਹੈ ॥੮॥ਕਬਿੱਤ ॥ ਕਰੈਂ ਨਿਜ ਗਯਾਨ ਕੋ ਬਖਾਨ ਜਿਹ ਥਾਨ ਬੈਸੇ[6] ਨਾਨਕ ਜੀ ਜਾਇਕੈ 'ਅਦੇਸ਼' ਹੈ ਉਚਾਰਿਯਾ। ਗੋਰਖ ਕਹਤਿ

---

[1]ਚੰਗੀ ਤਰ੍ਹਾਂ। [2]ਸ਼ੁਭ ਸਿੱਧਾਂਤ। [3]ਬੇਨਤੀ। [4]ਭਾਵ ਗੁਰੂ ਜੀ ਨੂੰ ਹੱਥ ਜੋੜਕੇ ਮਿਲਿਆ। [5]ਭਾਵ ਗੁਰੂ ਜੀ। [6]ਬੈਠੇ ਹੋਏ।

*ਪਾ:—ਹੋ ਲੇਹ ਦੇਹ ਦਰਸ ਕੋ।

'ਆਦਿ ਪੁਰਖ* ਅਦੇਸ਼ ਬਾਲੇ[1]! ਆਉ ਬੈਠਿ ਮੇਰੇ ਢਿਗ' ਅਤਿ ਸਤਿਕਾਰਿਯਾ। ਮਨ ਮੈਂ ਬਿਚਾਰੈ-ਮਤ ਹਮਰੋ ਜਿ ਧਾਰੈ ਇਹ,ਜਗਤ ਬਿਥਾਰੈ ਜਸ ਭੂਰ ਹੀ ਪੁਜਾਰਿਯਾ[2]-। ਐਸੇ ਭਰਥਰੀ ਸੰਗ ਬੋਲਯੋ'ਲਯਾਉ ਪਯਾਲਾ ਜਾਇ,ਨਾਨਕ ਕੋ ਦੇਹੁ ਲਿਵਲਾਗੈ ਮਤਵਾਰਿਯਾ[3]' ॥੯॥ ਕਬਿੱਤ ॥ ਆਨਯੋ ਤਬ ਧਾਇ ਗੁਰੂ ਅੱਗ੍ਰਜ ਬਨਾਇ ਰਾਖਯੋ 'ਹੂਜੈ ਮਤਵਾਲਾ ਬਾਲੇ! ਯਾਂਕੋ ਅਬ ਪੀਜੀਏ'। ਸ੍ਰੀ ਗੁਰੁ ਬਖਾਨੀ 'ਇਹ ਕੈਸੇ ਆਨਯੋ ਪਾਨੀ ਤੁਮ?' ਗੋਰਖ ਕਹਤਿ 'ਪੀਵ ਲਿਵ ਕੋ ਲਗੀਜੀਏ। ਸੀਸ ਹੂੰ ਤੇ ਕਾਲ ਟਰੈ, ਭੂਖ ਪਯਾਸ ਦੋਊ ਹਰੈ, ਤੀਨੋ ਤਾਪ ਨਾਸ਼ ਕਰੈ, ਚੌਥੇ ਪਦ ਭੀਜੀਏ। ਬਿਸਰੈ ਜੁ ਮੇਰੀ ਤੇਰੀ, ਰਿਧਿ ਸਿਧਿ ਹੋਇ ਚੇਰੀ, ਸੁਨੀਏ ਘਨੇਰੀ ਧੁਨਿ, ਅਮਰ[4] ਹੁਵੀਜੀਏ' ॥੧੦॥ ਸੈਯਾ ॥ ਸ੍ਰੀ ਗੁਰ ਬੂਝਤਿ'ਕੌਨ ਬਿਧੀ ਤੁਮ ਕਾਢ ਲਯੋ ਮਦ ਦੇਹੁ ਬਤਾਈ?'।ਡੁੰਗਰ ਭਾਖੈ'ਕਰੀ ਭਠਿਯਾ ਛਿਤ ਲਾਹਣ[5]ਕੋ ਕਰਿ ਕੈ ਕਸ[6] ਪਾਈ। ਪਾਵਕ ਜਾਰਿਕੈ ਲਾਇ ਨਲੀ[7] ਘਟ[8] ਤੌ ਮਦ[9] ਕੀ ਸ਼ੁਭ ਧਾਰ ਚੁਆਈ। ਪੀਵਤਿ ਹੀ ਦੁਖ ਸੁਖ ਸਮਾਨ,ਲਗੀ ਲਿਵ ਜੋ ਕਬਿ ਡੋਲ ਨ ਜਾਈ'॥੧੧॥ਦੋਹਰਾ॥ਕਮਲ ਬਦਨ ਸਭਿ ਸੁਖ ਸਦਨ ਸੁਨਿਕਰਿ ਤਿਨ ਅਸ ਬੈਨ। ਬੋਲੇ ਮਦ ਕੀ ਜੁਗਤਿ ਸੋ ਜੋ ਦਾਸਨ ਗਤਿਦੈਨ ॥੧੨॥

ਆਸਾ ਮਹਲਾ ੧†

ਗਿਆਨ ਧਿਆਨ ਕੀ ਲਾਹਣ ਮਾਂਡੀ ਕਰਣੀ ਕੀ ਕਸ ਪਾਈ ॥ ਭਾਉ ਭਾਠੀ ਮੈ ਪ੍ਰੇਮ ਸਮਾਣਾ ਬ੍ਰਹਮ ਕੀ ਅਗਨਿ ਜਲਾਈ ॥ ੧ ॥ ਸਿਧੋ ਹਮ ਮਦ ਕੇ ਮਾਤੇ ਨਾਹੀ ॥ ਜੋ ਮਤਵਾਲੇ ਮਦ ਕੇ ਮਾਤੇ ਕਿਨ ਮਤਵਾਲਿਓ ਮਾਹੀ ॥ ੧ ॥ ਰਹਾਉ ॥ ਸੁਰਤਿ ਨਲੀ ਭਾਉ ਬਾਸਨ ਕੀਨਾ ਅੰਤਰ ਧਾਰ ਚੁਆਈ ॥ ਦਇਆ ਸੁਰਾਹੀ ਸਹਜ ਪਿਆਲਾ ਗੁਰਮਤਿ ਪੀਵੋ ਭਾਈ ॥ ੨ ॥ ਗੁਰੁਮਤਿ ਨਾਮ ਫਿਰੈ ਮਤਿਵਾਲਾ ਏਕ ਰੰਗ ਮਹਿ ਖੇਲੈ॥ ਜਹ ਦੇਖਾ ਤਹ ਏਕ ਸਰੂਪੀ ਮਾਰਗ ਪਾਇਆ ਚੇਲੈ ॥ ੩ ॥ ਨਿਬਹੀ ਖੇਪ ਹਮਾਰੀ ਸਿਧੋ ਆਠ ਪਹਿਰ

[1]ਹੇ ਬਾਲਕੇ। [2](ਸਾਡੀ) ਬਹੁਤੀ ਪੂਜਾ ਵਧਾਦੇਵੇਗਾ। [3]ਮਸਤ ਹੋ ਜਾਏ। [4]ਮੌਤ ਰਹਿਤ। [5]ਪ੍ਰਿਥਵੀ ਤੇ ਭੱਠੀ ਬਣਾਕੇ (ਉਸ ਵਿਚ) ਪੂਰ ਨੂੰ ਪਾਯਾ। [6]ਸੱਕ । [7]ਨਾਲੀ । [8]ਘੜੇ ਨਾਲ। [9]ਸ਼ਰਾਬ।

*'ਆਦ ਪੁਰਖ ਕੋ ਆਦੇਸ' ਇਹ ਬੋਲਾ ਸ੍ਰੀ ਗੁਰੂ ਜੀ ਦਾ ਹੈ। ਗੋਰਖ ਜੀ ਨੇ ਏਥੇ ਵਰਤਿਆ ਤਾਂ ਸਤਿਗੁਰੂ ਜੀ ਦਾ ਬੋਲਾ ਹੈ,ਪਰ ਇਹ ਬੋਲਾ ਵਰਤਕੇ ਉਨ੍ਹਾਂ ਦੇ ਆਦਰਸ਼ ਅੱਗੇ ਅਪਣਾ ਝੁਕਾਉ ਦਿਖਾਇਆ ਹੈ। †ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਤਾਂਤੇ ਸ੍ਰੀ ਮੁਖਵਾਕ ਨਹੀਂ। ਹੋਰ ਗੁਰੂ ਵਾਕ ਹਨ ਜਿਨ੍ਹਾਂ ਵਿਚ, ਅੰਤਰ ਮੁਖ ਮਦ ਦੀ ਤਰਕੀਬ ਦੱਸੀ ਹੈ, ਦੇਖੋ:-'ਗੁੜੁ ਕਰਿ ਗਿਆਨੁ......ਰਾਗੁ ਆਸਾ ਮ: ੧ ॥ ਆਦਿ।

ਲਿਵ ਲਾਗੀ ॥ ਨਾਨਕ ਦਾਸ ਤਹਾਂ ਮਤਵਾਲਾ ਜਹ ਏਕੰਕਾਰ ਬਿਰਾਗੀ ॥ ੪ ॥

ਦੋਹਰਾ ॥ **ਅਸ ਪ੍ਰਕਾਰ ਕੇ ਬਚਨ ਸੁਨਿ ਸਿੱਧ ਸਰਬ ਤਿਹ ਕਾਲ ॥**
**ਨਿਜ ਮਤਿ ਕੇ ਅਨੁਸਾਰ ਹ੍ਵੈ ਬੋਲੇ ਪਰਮ ਰਸਾਲ[੧] ॥ ੧੩ ॥**

ਸਿੱਧਨ ਵਾਚ*:–ਧਨ ਜੋਬਨ ਕੀ ਕਰੇ ਨ ਆਸਾ ॥ ਪਰ ਤ੍ਰਿਯ ਅੰਗ ਨ ਲਾਵੇ ਪਾਸਾ ॥ ਨਾਦ ਬਿੰਦ ਘਟ ਭੀਤਰ ਧਰੇ ॥ ਤਿਸ ਕੀ ਸੇਵਾ ਪਰਬਤ ਕਰੇ ॥ ਬੋਲੇ ਪਰਬਤ ਸਤ ਸਰੂਪ ॥ ਪਰਮ ਤਤ ਮਹਿ ਰੇਖ ਨ ਰੂਪ† ॥ ੧ ॥

ਮ:੧‡। ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੨ ॥ ਮ: ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੇ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪ ॥ ਪਰਮ ਤੰਤ ਮਹਿ ਰੇਖ ਨ ਰੂਪ ॥ ੩ ॥ ਮ: ੧ ॥ ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੪ ॥ ਮ: ੧ ॥ ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰ-ਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੫ ॥ ਮ: ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥ ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੬ ॥

ਦੋਹਰਾ ॥ **ਸੁਨਿ ਸਿੱਧਨ ਕੇ ਮਤਨਿ ਕੋ ਸ਼੍ਰੀ ਗੁਰੁ ਸੂਰਜ ਗਯਾਨ ॥**
**ਭਨੇ ਬਚਨ ਤਿਹ ਪ੍ਰਤਿ ਤਬੈ ਨਿਜਮਤ ਕਰੁਨਾਖਾਨ ॥੧੪॥**

ਸ਼੍ਰੀ ਗੁਰੂ ਜੀ ਵਾਚ

ਮ: ੧ ॥ ‡ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥ ਨਾਨਕ ਬੋਲੈ ਸਤਿ ਸਰੂਪੁ§ ॥ ਪਰਮ ਤੰਤ ਮਹਿ ਰੇਖ ਨ ਰੂਪੁ§ ॥ ੭ ॥

---

[੧]ਅਤੀ ਰਸੀਲੇ ਹੋਕੇ। *ਕਈ ਨੁਸਖਿਆਂ ਵਿਚ–ਸਿੱਧਨ ਵਾਚ–ਪਾਠ ਨਹੀਂ ਹੈ।

†ਇਹ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ, ਤਾਂਤੇ ਸ਼੍ਰੀ ਮੁਖਵਾਕ ਨਹੀਂ।

‡ਏਹ ਅਗਲੇ ਪਾਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮ ਕਲੀ ਦੀ ਪਹਿਲੀ ਵਾਰ ਵਿਖੇ ਹਨ। §ਏਹ ਦੋਵੇਂ ਤੁਕਾਂ ਸ਼੍ਰੀ.ਗੁਰ ਗ੍ਰੰਥ ਸਾਹਿਬ ਜੀ ਵਿਚ ਨਹੀਂ ਹਨ।

ਦੋਹਰਾ॥ ਸੁਨਿ ਕੈ ਸਿਧ ਤੂਸ਼ਨ ਭਏ ਬੋਲੇ ਬਹੁਰ ਨ ਕੋਇ।–ਚਰਚਾ ਮੈਂ ਹਾਰਤਿ ਨਹੀਂ–ਸਮਝਤਿ ਭੇ ਮਨ ਸੋਇ॥੧੫॥ ਸੋਰਠਾ॥ ਜੇ ਅਤਿ ਉੱਤਮ ਨਾਥ ਮਗਨ ਧਯਾਨ ਮਾਂਹਿ ਤਬ ਰਹੇ। ਬੋਲੇ ਤਿਨਕੇ ਸਾਥ ਸ੍ਰੀ ਗੁਰੂ ਮੋਦ ਬਢਾਇਕੈ॥੧੬॥ ਕਬਿੱਤ॥ 'ਆਸਨ ਕੋ ਲਾਇ ਬੈਸਯੋ ਆਸ ਨ[1] ਰਿਦੇ ਕੇ ਬੀਚ' ਐਸੇ ਘੁਘੂ ਨਾਥ ਸੰਗ ਬੋਲੇ ਹੈਂ ਸੁਨਾਇਕੈ। 'ਮੋਨ[2] ਕੈਸੇ ਸਾਧੀ[3]? ਕੌਨ ਮਤ ਕੇ ਅਰਾਧੀ ਤੁਮ? ਉੱਤਰ ਨ ਕਹਯੋ ਸੁਨਯੋ ਮਨ ਤੇ ਉਠਾਇ ਕੈ। ਆਛੇ ਲਾਗੇ ਦਰਸ਼ਨ, ਮਰਮ[4] ਨ ਜਾਨਯੋ ਜਾਇ, ਬੋਲੇ ਬਿਨ ਕੈਸੇ ਜਾਨੈਂ ਕਹਿਯੇ ਬੁਝਾਇਕੈ[5]'। ਬੋਲਯੋ ਗੁਰੂ ਨਾਨਕ ਸੋਂ ਬਚਨ ਬਿਲਾਸ ਨੀਕੇ ਜਾਨਿ–ਅਵਤਾਰ–ਰਿਦੇ ਬਹੁ ਹਰਖਾਇਕੈ॥੧੭॥ ਕਬਿੱਤ॥ 'ਸਿੱਧ ਨਾਥ ਜਤੀ ਕੋਊ ਨਾਮ ਨ ਧਰਾਵੌਂ ਜਗ, ਊਚੋ ਨੀਚੋ ਪਦ ਤਜਿ ਸਿੰਙੀ ਨ ਬਜਾਇ ਹੌਂ। ਡਿੰਭ ਨ ਦਿਖਾਵੌਂ, ਨਹਿੰ ਮਾਨ ਕੋ ਬਧਾਵੌਂ, ਦੂਖ ਸੁਖ ਕੋ ਮਿਟਾਵੌਂ, ਦ੍ਵੈਤ ਮਨ ਤੇ ਭੁਲਾਇ ਹੌਂ। ਉਸਤਤਿ ਨਿੰਦਾ ਤਜਿ, ਹੋਇਕੇ ਅਚਿੰਤ ਨਿੱਤ, ਗੁਰੂ ਨ ਕਹਾਇ ਕੈ, ਨ ਚੇਲਾ ਪਾਇ ਲਾਇ ਹੌਂ। ਏਕੰਕਾਰ ਖੇਲ, ਸ਼ਿਵ ਸ਼ਕਤੀ ਨ ਮੇਲ ਕੋਊ[6], ਬੋਲ ਹੌਂ ਬਿਸਾਰ ਕਰਿ ਕਛੂ ਨ ਅਲਾਇ ਹੌਂ[7]'॥੧੮॥ ਕਬਿੱਤ॥ ਉਠੇ ਤਬ ਧਾਇ, ਕਰ ਚਰਨ ਲਗਾਇ ਮਿਲੇ, ਰਿਦੇ ਹਰ-ਖਾਇ ਦੋਊ ਬਹੁ ਸੁਖ ਪਾਇ ਕੈ। ਬੈਸੇ ਪੁਨ ਨਾਨਕ ਜੀ ਨਾਗਰ ਉਜਾਗਰ ਜੋ ਬੋਲੇ ਚੰਬਾਨਾਥ ਸੰਗ ਮੁੱਖ ਮੁਸਕਾਇਕੈ। 'ਕੌਨ ਗ੍ਰਿਹ ਰਹੋ? ਕੌਨ ਮਤਾ ਤੁਮ ਕਹੋ? ਨਿਜ ਤੂਸ਼ਨ ਮਿਟਾਇ ਭੇਦ ਦੀਜਿਯੇ ਜਨਾਇਕੈ। ਸਿੱਧ ਸਭਿ ਬੋਲੇ, ਆਪ ਰਹੇ ਅਨਬੋਲੇ, ਮਨ ਮਰਮ ਨ ਜਾਨਯੋ ਜਾਇ', ਭਾਖਯੋ ਹੈ ਸੁਨਾ-ਇਕੈ[8]॥੧੯॥ ਕਬਿੱਤ॥[9]"ਬੋਲੈ ਬੋਲਹਾਰ[10] ਕੋਊ ਤੋਲੈ ਤੋਲਹਾਰ[11] ਜੋਊ[12], ਖੇਲੈ ਖੇਲਹਾਰ[13], ਨਹੀਂ ਹਮੈਂ ਕਛੁ ਕਾਜ ਹੈ। ਗਾਵੈ ਗਾਨਹਾਰ, ਅਟਕਾਵੈ ਅਟ-ਕਾਨਹਾਰ, ਜਾਵੈ ਜਾਨਹਾਰ, ਪੁਨ ਭਾਜਹਾਰ[14] ਭਾਜ ਹੈ। ਰਾਵਨ ਨ ਰਾਮ,

---

[1]ਆਸ਼ਾ ਨਹੀਂ। [2]ਚੁੱਪ। [3]ਕੀਤੀ। [4]ਭੇਦ। [5]ਸਮਝਾਇਕੇ। [6] ਪੁਰਖ ਤੇ ਪ੍ਰਕ੍ਰਿਤੀ ਅਰਥਾਤ ਰੂਹ ਤੇ ਮਾਦਾ ਦਾ ਮੇਲ, ਮੈਂ ਨਹੀਂ ਤੱਕ ਰਿਹਾ। (ਅ) ਈਸ਼ਵਰ ਤੇ ਸ਼ਕਤੀ ਮਾਯਾ ਦਾ ਕੋਈ ਮੇਲ ਨਹੀਂ ਭਾਵ ਸਾਰੇ ਬ੍ਰਹਮ ਹੀ ਨਜ਼ਰ ਆ ਰਿਹਾ ਹੈ। [7]ਮੈਂ ਬੋਲਣਾ ਭੁਲਾਕੇ ਚੁੱਪ ਹਾਂ। [8](ਗੁਰੂ ਜੀ ਨੇ) ਕਿਹਾ ਸੁਣਾਕੇ। [9]ਚੰਬਾ ਨਾਥ ਬੋਲਿਆ। [10]ਬੋਲਦਾ ਹੈ ਬੋਲਣ ਵਾਲਾ। [11]ਤੋਲਦਾ ਹੈ ਤੋਲਣ ਵਾਲਾ। [12]ਜੋਹੜਾ ਹੈ। [13]ਖੇਲਣ ਵਾਲਾ। [14]ਭੱਜਣ ਵਾਲਾ।

ਦੇਵ ਦਾਨਵ ਨ ਨਾਮ ਕੋਊ, ਏਕ ਹੀ ਕੋ ਖੇਲ ਸਭਿ ਏਕ ਹੀ ਬਿਰਾਜ ਹੈ। ਦੀਸੈ ਜੁ ਪਸਾਰਾ ਸਭਿ ਏਕ ਨੈ ਬਿਥਾਰਾ, ਹਮ ਰਿਦੇ ਯੌਂ ਬਿਚਾਰਾ ਜਾਂਤੇ ਪਾਯੋ ਸੁਖਰਾਜ ਹੈ'॥੨੦॥ ਕਬਿੱਤ ॥ ਮਿਲੇ ਹਰਖਾਇ ਸੁਖ ਪਾਇ ਸੀਸਨਾਇ ਕਰਿ, ਭ੍ਰਮ ਕੋ ਮਿਟਾਇ, ਏਤੇ ਭਏ ਅਹਿਲਾਦ ਸੋਂ। ਗੋਪੀਚੰਦ ਘੁੱਘੁਨਾਥ ਚੰਬਾ ਨਾਥ ਮੰਗਲ ਤੇ ਰਿਦੇ ਮੈਂ ਅਨੰਦ ਭਏ ਭਰਥਰੀ ਆਦਿ ਸੋਂ। ਹਾਥ ਬੰਦ ਕਹੈਂ[1] 'ਤੁਮ ਈਸ਼ੁਰ ਮੁਕੰਦ ਹੋ ਜੀ, ਧਰਾ ਹੈ ਨਿਰੰਜਨ[2] ਸਰੂਪ ਪਰਮਾਦਿ ਸੋਂ। ਕੀਨੋ ਹੈ ਨਿਹਾਲ ਹਮੈਂ, ਦੀਨੋ ਹੈ ਦਿਦਾਰ ਆਨਿ, ਪਾਈ ਬਿਨ ਸੰਸੈ ਗਤਿ, ਤੁਮਰੇ ਪ੍ਰਸਾਦ ਸੋਂ[3]'॥੨੧॥ ਕਬਿੱਤ ॥ ਕੇਤੇ ਹਰਖਤਿ ਭਏ, ਕੇਤੇ ਈ ਸਮਾਨ[4] ਰਹੇ, ਕੋਊ ਰਿਸ ਖਾਇ ਬੈਨ ਕ੍ਰੋਧ ਸੋਂ ਉਚਾਰਿਯਾ। 'ਦੇਖੈਂ ਤੇਰੀ ਕਲਾ, ਤੂ ਤੋ ਬੋਲਤਿ ਹੈਂ ਬੋਲ ਊਚੇ', ਐਸੇ ਕਹੇ ਕਲਾ ਆਪ ਆਪਨੀ ਦਿਖਾਰਿਯਾ। ਗੋਪੀਚੰਦ ਕਹੈ 'ਸੁਨੋ ਮੰਗਲ ਮਹਾਨ ਜੋਗੀ, ਕਰੈਂ ਬਾਦ ਮੰਦਮਤਿ ਭੇਦ ਨ ਬਿਚਾਰਿਯਾ। ਬਚਨ ਬਿਚਾਰਿਕੈ ਉਚਾਰਤਿ ਨ ਸੁਨੈਂ ਸ਼੍ਰੋਨ[5], ਬਾਜੀਗਰ ਰੀਤਿ ਜਿਵ ਹੀਤ ਉਰ ਧਾਰਿਯਾ[6]'॥੨੨॥ ਸੋਰਠਾ ॥ ਬੋਲਯੋ ਮੰਗਲਨਾਥ 'ਜੁ ਕੁਛੁ ਕਰਤਿ ਹੈ ਕਰਨ ਦਿਹੁ। ਸਭਿ ਤੇ ਵਡ ਜਗ ਨਾਥ ਕਰਹਿੰ ਮਾਨ ਕੋ ਹਾਨ ਮਨ[7]*॥੨੩॥ ਕਬਿੱਤ॥ ਇਨ ਤੇ ਨ ਲਘੁ ਸੋਊ[8] ਹਾਰੇ ਕਿਤ ਬਿਧਿ ਨਹੀਂ, ਲੱਜਤਿ ਹ੍ਵੈ ਹਟੈਂ[9] ਸਭਿ, ਮਾਨ ਹੈ ਬਿਸ਼ੇਖਿਯੇ[10]। ਬਲ ਕੋ ਲਗਾਇ, ਬਾਨ ਪਾਹਨ ਚਲਾਇ[11] ਜੈਸੇ ਤੈਸੇ† ਗੋਪੀਚੰਦ ਤੁਮ ਕੌਤਕ ਕੌ ਦੇਖਿਯੇ'। ਭੰਗਰ, ਸੁਰਤ ਸਿੱਧ, ਝੰਗਰ, ਨਿਰਤ ਸਿਧ, ਲੰਗਰ, ਕਨਕ, ਸ਼ੰਭੂਨਾਥ[12] ਕੇਤੇ ਲੇਖਿਯੇ। ਰਿਦੇ ਰਿਸ ਖਾਈ ਮਿਰਗਾਨੀ[13] ਜੋ ਉਡਾਈ ਸਭਿ ਕਾਹੂੰ ਨੈ ਬਿਰਾਗਨਿ[14] ਚਲਾਈ ਨਭ[15] ਪੇਖਿਯੇ ॥ ੨੪॥ ਕਬਿੱਤ ॥ ਸਿੰਙੀਕੋ ਬਜਾਇ, ਹਾਥ ਤਜਾਗ ਕੈ[16] ਭ੍ਰਮਾਇ[17]

---

[1](ਜੋਗੀ) ਕਹਿੰਦੇ ਹਨ। [2]ਪ੍ਰਮਾਤਮਾਂ। [3]ਕ੍ਰਿਪਾ ਨਾਲ। [4]ਮਾਨ ਸਹਿਤ (ਅ) ਉਦਾਸੀਨ। [5]ਕੰਨੀਂ। [6]ਮਾਨੋ ਬਾਜੀਗਰ ਦੇ ਤ੍ਰੀਕੇ ਨਾਲ ਇਹਨਾਂ ਨੇ ਚਿੱਤ ਵਿੱਚ ਹਿਤ ਧਾਰਨ ਕੀਤਾ ਹੈ। (ਅ) ਬਾਜੀਗਰ ਵਾਂਙੂ (ਸ਼ਕਤੀਆਂ ਨੂੰ ਤਮਾਸ਼ੇ ਲਈ ਵਰਤਣਾ ਇਹਨਾਂ ਨੇ ਅਪਨੇ ਮਾਨ ਦਾ ਇਕ) ਹੇਤੂ ਜੀ ਵਿੱਚ ਸਮਝ ਰੱਖਿਆ ਹੈ। [7]ਮਨਾ ਵਿਚੋਂ। [8]ਭਾਵ ਗੁਰੂ ਜੀ। [9]ਭਾਵ ਸਿੱਧ। [10]ਬੜਾ ਹੈ (ਸਿੱਧਾਂ ਵਿਚ) ਮਾਨ। [11]ਪੱਥਰ ਨੂੰ ਤੀਰ ਚਲਾਉਣ ਵਾਂਙੂ ਸਿੱਧ ਸ਼ਕਤੀ ਦੱਸਣਗੇ। [12]ਸਿੱਧਾਂ ਦੇ ਨਾਮ ਹਨ। [13]ਮ੍ਰਿਗ ਦੀ ਖੱਲ। [14]T ਇਸ ਸ਼ਕਲ ਦੀ ਲੱਕੜੀ। [15]ਅਕਾਸ਼ ਵਿੱਚ। [16]ਹੱਥੋਂ ਛਡਕੇ। [17]ਭੁਵਾਉਂਦੇ ਹਨ। *ਪਾ:-ਇਨ। †ਪਾ:-ਬੈਸੇ।

ਡੰਡਾ, ਸੌਂਜ[1] ਸਭਿ ਆਪਨੀ ਅਕਾਸ਼ ਮੈ ਉਡਾਈਯਾ । ਮੁੰਦਾ ਪੁਨ ਫਰੂਆ[2] ਜੇ ਸ਼ੂੰਕਤੀ ਫਿਰਤਿ[3] ਕੇਤੀ ਜੇਤੋ ਜੇਤੋ ਜੋਰ ਤੇਤੋ ਤ਼ਹਾਂ ਸਭਿ ਲਾਈਯਾ। ਰਿਦੈ ਗਰਬਾਇ ਨਿਜ ਸ਼ਕਤਿ ਲਗਾਇ ਸਿੱਧ ਪੰਖੀ ਜਸੋਂ ਫਿਰਤਿ, ਅਸਮਾਨ ਰਹਯੋ ਛਾਈਯਾ। ਨਾਨਕ ਜੀ ਤੂਸ਼ਨ ਕੋ ਧਾਰਿ ਕਰਿ ਬੈਸ ਰਹੇ ਦੇਖਤਿ ਤਮਾਸ਼ੋ ਪੈ ਨ ਵਾਕ ਕੋ ਅਲਾਈਯਾ ॥ ੨੫ ॥ ਕਬਿੱਤ ॥ ਜਾਨਯੋ ਸਭਿ ਸਿੱਧ–ਅਬ ਡਰਯੋ ਉਰ ਮਾਂਹਿ ਇਹ–, ਦੂਨੋ ਗਰਬਾਇਚਾਇ ਚਿੱਤ ਮੈਂ ਬਢਾਯੋ ਹੈ। ਆਇਕੈ ਨਿਕਟਿ ਬੋਲੈਂ ਬਚਨ ਬਿਕਟ[5]* ਤਬ 'ਦੇਖਿ ਸਭਿ ਸਿੱਧਨਕੀ ਸਿਧਿ ਜੋ ਲਗਾਯੋ ਹੈ। [6]ਸੀਖ ਲੀਨੇ ਬੋਲ ਮੇਰੋ ਤੇਰੇ ਪਾਸ ਬੈਸ ਕਰਿ, ਤਪਾ ਕੋ ਕਹਾਇ[7] ਜਗ ਰਿਦੈ ਗਰਬਾਯੋ ਹੈ।ਮਾਨਤਿ ਨ ਬਾਤ ਸਮਝਾਯੋ ਭਲੀ ਭਾਂਤਿ, ਅਬ ਦੇਖੀ ਕਰਾਮਾਤ ਤੋਹਿ ਤੂਸ਼ਨ ਕਰਾਯੋ ਹੈ ॥ ੨੬ ॥ ਕਬਿੱਤ ॥ ਅਜਹੂੰ ਲੌ ਸਿੱਧ ਬੇਖ ਲੇਹੁ ਨਿਰਵਾਰੋ ਹਠ, ਗੋਰਖ ਕੇ ਚੇਲੇ ਹੋਇ ਮੁੰਦਾ ਕਾਨ ਪਾਈਯੇ। ਸਭਿ ਕੇ ਸਮਾਨ ਬਨ ਜੋਗ ਕੋ ਨਿਧਾਨ ਹੋਵੌਂ, ਬਚਨ ਕੋ ਮਾਨਿ ਕੈ ਬਿਭੂਤ ਤਨ ਲਾਈਯੇ । ਜਰਾ[8] ਦੂਖ ਜਾਹਿ, ਰਹੋ ਸਿੱਧਨ ਕੇ ਮਾਂਹਿ ਸਦਾ, ਕਲਾਵਾਨ ਹੋਇਕੈ ਜਗਤ ਤੇ ਪੁਜਾਈਯੇ[9] । ਕੈਤੋ[10] ਚੇਲੋ ਹੁੱਯੈ, ਨਾਤੋ ਸ਼ਕਤਿ ਦਿਖੱਯੈ ਅਬ, ਦੋ ਮੈਂ ਏਕ ਕੱਯੈ, ਨਿਜ ਪ੍ਰਾਨ ਕੋ ਬਚਾਈਯੇ'॥੨੭॥ ਸੁਨੇ ਅਸ ਬੈਨ, ਮੁਸਕਾਨੇ ਗਤਿ-ਦੈਨ ਸਭਿ ਸ਼ਕਤਿ ਕੇ ਐਨ, ਬੋਲੇ ਸਹਜ ਸੁਭਾਇਕੈ। 'ਕੌਂਸ[11] ਤੂੰ ਹਮਾਰੀ! ਅਬ ਹੋਈਯੇ ਅਕਾਸ਼ ਚਾਰੀ[12], ਆਨ ਤੂੰ ਉਤਾਰੀ[13], ਨਿਜ ਬਲ ਦਿਖਰਾ-ਇਕੈ'। ਸੁਨੇ ਜਬ ਵਾਕ ਤਾਤਕਾਲ ਅਸਮਾਨ ਗਈ, ਸਿੱਧਨ ਕੀ ਸ਼ਕਤਾ[14] ਸੁ ਦਈ ਬਿਚਲਾਇਕੈ[15] । ਜੈਸੇ ਹ੍ਵੈ ਬਟੇਰਾ ਤਿਹ ਪਾਛੈ ਬਾਜ ਦੌਰਾ, ਤੈਸੇ ਤਰੇ[16] ਸਭਿ ਕਰੇ, ਰਹੀ ਊਪਰ ਸੁਹਾਇਕੈ† ॥੨੮॥ ਕਬਿੱਤ॥ ਕਾਇਰ ਪੈ ਸੂਰ[17] ਔਰ ਕੁਰੰਗ[18] ਸ਼ਾਰਦੂਰ[19] ਜੈਸੇ, ਹੋਇ ਨਾਗ[20] ਭੂਰ[21] ਤਾਂਪੈ ਖਗਪਤਿ[22]

---

[1]ਸਮਿੱਗ੍ਰੀ। [2]ਮੁੰਦ੍ਰਾਂ ਤੇ ਠੂਠਾ। [3]ਸ਼ੂੰਕਦੇ ਫਿਰਦੇ ਹਨ। [4]ਕਈ। [5]ਡਰਾਉਣੇ, ਟੇਢੇ। [6]ਭਾਵ ਹੇ ਗੁਰੂ ਜੀ ਤੁਸਾਂ ਨੇ। [7](ਆਪ ਨੂੰ) ਤਪਾ ਕਹਾਕੇ। [8]ਬੁਢੇਪੇ ਦਾ। [9]ਪੂਜਾ ਕਰਵਾਓ। [10]ਜਾਂ ਤਾਂ। [11]ਖੜਾਂਵ। [12]ਆਕਸ਼ ਵਿਚ ਵਿਚਰਨ ਵਾਲੀ। [13]ਲਿਆਉ ਉਤਾਰਕੇ (ਸਿੱਧਾਂ ਦੇ ਸਾਮਾਨ)। [14]ਸ਼ਕਤੀਆਂ। [15]ਖਿੰਡਾ ਦਿੱਤੀਆਂ। [16]ਹੇਠਾਂ। [17]ਸੂਰਮਾ। [18]ਹਰਨ ਉੱਤੇ। [19]ਸ਼ੇਰ। [20]ਸੱਪ। [21]ਬੜਾ। [22]ਗਰੁੜ। *ਪਾ:–ਕੁਟਿਲ।

†ਪਾ:–ਦਬਾਇਕੈ।

ਜਾਤਿ ਹੈ। ਲੱਛ[੧] ਪਰ ਬਾਨ[੨], ਅਗ੍ਯਾਨ ਪੈ ਸੁ ਗ੍ਯਾਨ ਜੈਸੇ, ਕਰੁਨਾ ਨਿਧਾਨ[੩] ਸੰਤ ਦੋਖੀ ਪੈ ਰਿਸਾਤ ਹੈ। ਪਾਪਨ ਪੈ ਨਾਮ ਜਾਪ[੪], ਦ੍ਵੈਤ ਪੈ ਭਗਤਿ ਜੈਸੇ, ਅਜਾ[੫] ਕੇ ਨਿਕਟ[੬] ਬ੍ਰਿਕ[੭] ਜਾਤਿ, ਨ ਡਰਾਤ ਹੈ*। ਤੈਸੇ ਕੌਸ[੮] ਧਾਇ ਬਿਚਲਾਇ[੯] ਕੈ ਸ਼ਕਤਿ[੧੦] ਸਭਿ, ਮਾਰ ਮਾਰ ਡਾਰੈ ਕੋਊ ਧੀਰ ਨ ਧਰਾਤਿ ਹੈ ॥ ੨੯ ॥ ਕਬਿੱਤ ॥ ਜਾਂਕੀ ਜਾਂਕੀ ਸ਼ਕਤਿ ਥੀ ਤਾਂਕੇ ਆਗੇ ਜਾਇ ਪਰੀ, ਨੀਚੇ ਨੈਨ ਲੱਜਤਿ ਹ੍ਵੈ ਊਚੇ ਨ ਨਿਹਾਰੀਯਾ। ਰਾਰ[੧੧] ਮੈਂ ਪਰਾਜੈ[੧੨] ਹੋਇ ਸੂਰ[੧੩] ਜਿਉਂ ਲਜਾਇ ਜਾਤਿ ਭਏ ਮੁਖ ਤੂਸ਼ਨ ਨ ਬੈਨ ਕੋ ਉਚਾਰੀਯਾ। ਗੋਪੀ ਚੰਦ, ਭਰਥਰੀ, ਮੰਗਲ ਤੇ ਆਦਿ ਜੇਤੇ ਹੀਯ ਮੈਂ ਹੁਲਾਸੇ ਹਸੈਂ ਦੇਵੈਂ ਕਰ[੧੪] ਤਾਰੀਯਾ[੧੫]। ਐਸੀ ਹੋਇ ਬਿਨ ਨਹੀਂ ਰਹਿਤ ਬਿਕਲ ਮਨ[੧੬] ਜੈਸੀ ਬਿਧਿ ਜੋਗ ਹੁਤੇ[੧੭] ਤੈਸੇ ਈ ਦਿਖਾਰੀਯਾ[੧੮] ॥ ੩੦ ॥ ਸੈਯਾ ॥ ਮੰਗਲ ਭਾਖਤਿ 'ਗੋਰਖ ਨਾਥ ਜੀ! ਦੇਖਹੁ ਤਪਾ ਤੁਮ ਕੈਸੋ ਹੈ ਸੋਊ। ਬਾਦ[੧੯] ਸੋ ਰਾਰ ਕਰੀ ਤਿਹ ਸੋਂ ਜਿਨ ਲੱਜਤਿ ਭੇ ਨਹਿੰ ਬੋਲਤਿ ਕੋਊ। ਆਪਨੇ ਮਾਨ ਮੈਂ ਭੂਲਤਿ ਕਾਇਰ[੨੦] ਜੌ ਲਗ[੨੧] ਸੂਰ[੨੨] ਨ ਸਾਮੁਹਿ ਹੋਊ[੨੩]†। ਤਾਰੇ ਪ੍ਰਕਾਸ਼ ਕਰੈਂ ਤਮ ਮੈਂ ਰਵਿ ਹੋਤਿ ਉਦੈ ਪੁਨ ਨਾ ਪ੍ਰਗਟੋਊ' ॥ ੩੧ ॥ ਸੈਯਾ ॥ ਗੋਰਖ ਬੈਨ ਭਨੇ ਸੁਨਿ ਕੈ 'ਤੁਮ ਭਾਖਤਿ ਸੱਤਿ ਬੇ ਕੂਰ ਨ ਰਾਈ'। ਖਿੰਥੜਾ[੨੪] ਆਇ ਗੁਰੂ ਢਿਗ ਤਾਂ ਛਿਨ ਬੈਠ ਗਯੋ ਮੁਖ ਬਾਨੀ ਅਲਾਈ। 'ਜੋਗ ਬਿਨਾ ਮਨ ਸੁੱਧ ਨ ਹੋਵਤਿ ਆਰਸੀ ਜਯੋਂ ਨਹਿੰ[੨੫] ਛਾਰ ਮਲਾਈ[੨੬]। ਸਾਧਨ ਕੀਨੋ ਹੈ ਕੌਨ ਸੋ ਜੋਗ? ਭਲੀ ਬਿਧਿ ਸੋਂ ਮੁਝ ਦੇਹੁ ਬਤਾਈ[੨੭]' ॥ ੩੨ ॥ ਕਬਿੱਤ ॥ ਸ੍ਰੀ ਗੁਰੂ ਕਹਤਿ 'ਪ੍ਰਾਣਾਯਾਮ ਕੇ ਕਰਮ ਤੀਨਃ-ਪੂਰਕ ਹੈ, ਕੁੰਭਕ, ਔ ਰੇਚਕ, ਬਖਾਨਿਯੇ। ਸੁਨਿਕੇ ਭਗਤਿ ਭਾਉ[੨੮] ਪੂਰਕ ਕੋ ਕੀਨੋ ਨੀਕੇ, ਨਾਮ ਲਿਵਲਾਈ ਨੀਤ ਕੁੰਭਕ ਪ੍ਰਮਾਨਿਯੇ।

[੧]ਨਿਸ਼ਾਨੇ। । [੨]ਤੀਰ। [੩]ਕ੍ਰਿਪਾਲੂ ਪਰਮੇਸ਼ੁਰ। [੪]ਪਾਪਾਂ ਉਤੇ ਨਾਮ ਦਾ ਜਾਪ। [੫]ਬਕਰੀ। [੬]ਪਾਸ। [੭]ਬਘਿਆੜ। [੮]ਖੜਾਂਵ। [੯]ਵੱਖ ਕਰਕੇ। [੧੦]ਸ਼ਕਤੀਆਂ ਨੂੰ। [੧੧]ਲੜਾਈ। [੧੨]ਹਾਰ। [੧੩]ਸੂਰਮਾ। [੧੪]ਹੱਥ ਦੀ। [੧੫]ਤਾੜੀ ਮਾਰਦੇ ਹਨ। [੧੬]ਚੰਚਲ ਮਨ ਵਾਲੇ (ਸਿੱਧ)। [੧੭]ਜੈਸੀ ਵਿਧੀ (ਦੇ) ਲਾਇਕ ਸਨ। [੧੮]ਤੈਸੀ ਹੀ ਕਰ ਦਿਖਾਈ ਹੈ (ਗੁਰੂ ਜੀ ਨੇ)। [੧੯]ਬ੍ਰਿਥਾ। [੨੦]ਗੀਦੀ। [੨੧]ਜਦ ਤਕ। [੨੨]ਸੂਰਮਾਂ। [੨੩]ਨਾਂ ਸਾਹਮਣੇ ਹੋਵੇ। [੨੪]ਨਾਮ ਹੈ ਸਿੱਧ ਦਾ। [੨੫]ਬਿਨਾ। [੨੬]ਸੁਆਹ ਮਲੇ ਦੇ। [੨੭]ਭਾਵ ਹੈ ਗੁਰੂ ਜੀ। [੨੮]ਪ੍ਰੇਮਾ ਭਗਤਿ।

*ਏਹ ਸਾਰੀਆਂ ਉਪਮਾਂ ਦੇ ਵਰਤਾਉ ਕਵਿ ਜੀ ਦੀ ਉੱਚ ਦਿਮਾਗੀ ਦਾ ਸਬੂਤ ਹਨ। †ਪਾਠ-ਹੋਊ।

ਤਜੇ ਹੈਂ ਬਿਕਾਰ ਮਨ, ਰੇਚਕ ਬਿਚਾਰ ਲੀਜੈ ਕਲੀਕਾਲ ਬਿਖੈ ਐਸੋ ਜੋਗ ਗਤਿਦਾਨਿਯੇ'। ਖਿੰਥੜਾ ਸੁਨਤਿ ਹਰਿਖਾਇ ਲਪਟਾਇ ਪਗ 'ਤੂੰ ਹੈਂ ਕਰਤਾਰ ਅਵਤਾਰ ਦੰਭ ਹਾਨਿਯੇ' ॥ ੩੩ ॥ ਊਰਮ[੧] ਬਹੁਰ ਆਯੋ ਧੂਰਮ ਹੈ ਸੰਗ ਜਾਂਕੇ, ਬੂਝੈਂ 'ਮਨ ਬਾਸ ਕਹਾਂ,ਪੌਨ[੨] ਰਹੈ ਥਾਨਕੋ?। ਕੌਨ ਹੈ ਨਰੇਸ਼?ਕੌਨ ਸਚਿਵ[੩]?ਬਤਾਇ ਮੋਹਿ,ਕੈਸੇ ਪਰੈ ਬੰਧ[੪]?ਕੈਸੇ ਕੰਧਨਹਿੰ ਹਾਨ ਕੋ ?। ਕੋ ਹੈ ਗੁਰੂ? ਚੇਲੋ ਕੌਨ? ਸੁਖਦਾਈ ਭੌਨ ਕੌਨ? ਮਾਯਾਮੋਹ ਟੂਟੈ ਕੈਸੇ ? ਕਰੀਏ ਬਖਾਨ ਕੋ । ਲੇਹੁ ਸੀਖ[੫] ਗੋਰਖ ਕੀ, ਮਾਨੀਏ ਬਚਨ ਮਮ, ਪਾਈਐ ਪਰਮਪਦ ਜਾਂਕੇ ਨ ਸਮਾਨ ਕੋ' ॥ ੩੪॥

ਕਬਿੱਤ॥ [੬]'ਰਿਦੇ ਮਨ ਬਾਸ[੭] ਜਾਨਿ, ਨਾਭਿ[੮] ਬਿਖੈ ਪੌਨ ਥਾਨ, ਮਨ ਹੈ ਨਰੇਸ਼, ਪ੍ਰਾਨ ਸਚਿਵ ਬਖਾਨਿਯੇ। ਬਿਖੈ ਕੇ ਬਿਕਾਰ ਰਚਿ ਬੰਧਨ ਪਰਤਿ ਜੀਉ[੯], ਦਸ੍ਵੈਂ ਦਰ ਪੌਨ ਰਹੈ, ਕੰਧ[੧੦] ਨਹਿੰ ਹਾਨਿਯੇ[੧੧]। ਗੁਰੂ ਹੈ ਸ਼ਬਦ ਧੁਨਿ, ਚੇਲਾ ਹੈ ਸੁਰਤਿ ਤਿਹ[੧੨], ਧਾਮ ਸੁਖਦਾਈ ਤੁਰੀ ਪਦਵੀ ਪ੍ਰਮਾਨਿਯੇ[੧੩]। ਗਯਾਨ ਹੋਇ ਆਵੈ ਮਾਯਾ ਮੋਹ ਟੂਟ ਜਾਵੈ ਤਬ, ਦੋਵੈਂ ਸੀਖ ਸਿੱਧਨ ਸਭਿਨਿ ਪਹਿਚਾਨਿਯੇ' ॥ ੩੫ ॥

ਸ੍ਵੈਯਾ ॥ ਧੰਗਰ[੧] ਪੂਛਤਿ* ਸ਼੍ਰੀ ਗੁਰ ਸੋਂ 'ਤੁਝ ਕੌਨ ਪਿਤਾ,ਕਹੁ ਕੋ ਮਹਿਤਾਰੀ[੧੪]?।ਜੋਗੀ ਕਿ ਭੋਗੀ ਕਿ ਸੋਗੀ ਕਿਧੋਂ ਹਰਖੀ[੧੫] ਰਹਿ ਹੋ ? ਕਹੁ ਸਾਚ ਉਚਾਰੀ। ਕੋ ਪਰਕਾਸ਼ ਜੰਜਾਰਮਿਟਾ,ਪੁਨ ਕਾਹਿਤੇ ਉੱਜਲ ਬੁੱਧਿ ਤੁਮਾਰੀ?।ਗੋਰਖ ਕੇ ਉਪਦੇਸ਼ ਲੀਏ ਜਗ ਦੇਹਿ ਅਜੀਤ ਰਹੇ ਨਹਿੰ ਹਾਰੀ' ॥੩੬ ॥ ਪੰਕਜ ਲੋਚਨ ਬੈਨ ਕਹੇ 'ਪਿਤ ਮੋਹਿ ਸੰਤੋਖ, ਖਿਮਾ ਸ਼ੁਭ ਮਾਈ। ਭੋਗ ਮੈਂ ਜੋਗ ਨ ਸੋਗ ਕਰਉਂ, ਹਰਖੋਂ ਨਹਿੰ, ਨੀਰ ਜਿਉਂ ਕੰਜ ਰਹਾਈ[੧੬]। ਜੰਜਾਰ–ਉਂਕਾਰ

---

[੧]ਨਾਮ ਹਨ ਸਿੱਧਾਂ ਦੇ।। [੨]ਹਵਾ ।[੩]ਮੰਤ੍ਰੀ। [੪]ਫਾਹੀ । [੫]ਸਿਖਿਆ। [੬]ਗੁਰੂ ਜੀ ਦਾ ਉੱਤਰ ਹੈ । [੭]ਹਿਰਦੇ ਵਿਚ ਮਨ (ਦਾ) ਵਾਸਾ । [੮]ਧੁੰਨੀ। [੯]ਵਿਸ਼ੇ ਦੇ ਵਿਕਾਰਾਂ ਵਿਚ ਰਚ ਕੇ ਜੀਉ ਬੰਧਨਾਂ ਵਿਚ ਪੈਂਦਾ ਹੈ। [੧੦]ਸਰੀਰ । [੧੧]ਨਾਸ਼ ਨਹੀਂ ਹੁੰਦਾ । [੧੨]ਸਬਦ ਗੁਰੂ ਹੈ ਸੁਰਤ ਦਾ ਉਸ ਵਿਚ ਲਗਾਉ ਚੇਲਾ ਹੈ (ਅ) ਸਬਦ ਦੀ ਧੁਨਿ ਗੁਰੂ ਹੈ, ਸੁਰਤ ਚੇਲਾ ਹੈ। [੧੩]ਤੁਰੀਆ ਪਦ ਸਮਝ ਲਓ । [੧੪]ਮਾਤਾ । [੧੫]ਪ੍ਰਸੰਨ ਰਹਿਣ ਵਾਲਾ । [੧੬]ਗ੍ਰਿਸਤ ਵਿਚ ਜੋਗੀ ਹਾਂ (ਗ੍ਰਿਹਸਤੀ ਨੂੰ ਸੋਗ ਪੈਂਦੇ ਹਨ ਪਰ ਅਸੀਂ) ਸੋਗ ਨਹੀਂ ਕਰਦੇ, (ਗ੍ਰਿਹਸਤੀ ਨੂੰ ਧਨ ਇਸਤ੍ਰੀ, ਇਜ਼ਤ, ਤਾਕਤ ਦੀ ਖੁਸ਼ੀ ਹੁੰਦੀ ਹੈ, ਉਹ ਮਾਯਕ) ਖੁਸ਼ੀ ਅਸੀਂ ਨਹੀਂ ਕਰਦੇ, (ਇਨ੍ਹਾਂ ਵਿਚ) ਕਵਲ ਵਾਂਗੂ ਅਲੇਪ ਰਹਿੰਦੇ ਹਾਂ। *ਪਾ:–ਸੰਗਰ ਬੂਝਤ।

ਪ੍ਰਕਾਸ਼ ਮਿਟੇ[1]*, ਗੁਰ ਕੋ ਮਿਲ ਉੱਜਲ ਬੁੱਧਿ ਸੁਹਾਈ। ਗੋਰਖ ਤੋ ਸੈਚ੍ਯ ਐ ਸਭਿ ਹੀ ਸਿੱਧ[2] ਦੇਵਹੁੰਗੋ ਉਪਦੇਸ਼ ਬਨਾਈ[3]" ॥ ੩੭ ॥ ਦੋਹਰਾ ॥ ਪੁਨ ਗੋਰਖ ਸਮਝੀ ਰਿਦੈ–ਅਧਿਕ ਬਿਭੂਤ ਦਿਖਾਇ। ਆਨੋਂ ਨਿਜ ਮਾਰਗ ਵਿਖੈ ਮਾਨਹਿ[4] ਮਨਹਿ[5] ਲੁਭਾਇ[6]–॥ ੩੮ ॥ ਖੱਪਰ ਦਿੱਤਾ ਨਾਥ ਨੇ 'ਬਾਲੇ! ਤਾਲ ਬਿਲੋਕਿ[7]। ਪਾਨੀ ਆਨਹੁ ਤਹਾਂ ਤੇ ਹੂਜੇ ਸਦਾ ਅਸ਼ੋਕ' ॥ ੩੯ ॥ ਲੇ ਕਰਿ ਗਮਨੇ ਤਾਲ ਢਿਗ ਮਾਣਿਕ[8] ਲਾਲ ਬਿਸਾਲ। ਪੂਰਨ ਸਰ ਅਵਿਲੋਕ ਕੈ ਠਾਂਢੇ ਰਹੇ ਕ੍ਰਿਪਾਲ ॥ ੪੦ ॥ ਜਗਮਗ ਜਗਮਗ ਕਰਤਿ ਹੈਂ ਤਹਾਂ ਜਵਾਹਿਰ ਭੂਰ†। ਗੋਰਖ ਕੋ ਛਲ‡ ਜਾਨਿਕੈ ਹਟਿ ਆਏ ਜਗ ਮੂਰ[9] ॥੪੧ ॥ ਕਹਯੋ ਆਨ 'ਤਹਿਂ ਨੀਰ ਨਹਿਂ ਖੱਪਰ ਲੇਹੁ ਸਮ੍ਹਾਲ'। ਬੈਠੇ ਬਹੁਰ ਸਮੀਪ ਹ੍ਵੈ ਸ੍ਰੀ ਗੁਰ ਦੀਨ ਦਯਾਲ ॥ ੪੨ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿਧਨ ਚਰਚਾ' ਪ੍ਰਸੰਗ ਬਰਨਨੰ ਨਾਮ ਤ੍ਰੈਹਠਮੋ ਅਧਯਾਯ ॥ ੬੩ ॥

## ੬੪. [ਗੁਰਚਰਨ ਪ੍ਰੇਮ ਮੰਗਲ। ਸਿੱਧਾਂ ਤੋਂ ਵਿਦਾ ਹੋਣਾ]

ਦੋਹਰਾ ॥ ਮਨ ਮੂਖਕ ਬਿਲ ਬਾਸ਼ਨਾ ਪਕਰੈਂ ਕੌਨ ਉਪਾਇ॥
ਪਾਰਦ ਸ੍ਰੀ ਗੁਰੁ ਪ੍ਰੇਮ ਪਗ ਪਯਾਵਹੁ ਹ੍ਵੈ ਥਿਰ ਥਾਇ ॥ ੧ ॥

{ ਮੂਖਕ=ਚੂਹਾ [ਸੰਸਃ, ਮੂਸ਼ਿਕ=ਜੋ ਚੋਰੀ ਕਰੇ, ਚੂਹਾ]
ਬਿਲ=ਖੁਡ [ਸੰਸਃ, ਬਿਲੰ]। ਪਾਰਦ=ਪਾਰਾ। ਆਖਦੇ ਹਨ ਕਿ ਚੂਹਾ ਪਾਰਾ ਪੀਕੇ ਫੇਰ ਹਿੱਲ ਜੁਲ ਨਹੀਂ ਸਕਦਾ।
ਯਥਾਃ–ਮਨ ਚੂਹਾ ਪਿੰਗਲ ਭਇਆ ਪੀ ਪਾਰਾ ਹਰਿ ਨਾਮ।
ਰਜਬ ਚਲੇ ਨਾ ਚਲ ਸਕੇ ਰਹਿਓ ਠਾਮ ਕਾ ਠਾਮ। }

**ਅਰਥ**–ਮਨ (ਮਾਨੋ) ਚੂਹਾ ਹੈ (ਜੋ) ਬਾਸ਼ਨਾ ਰੂਪੀ ਖੁੱਡ (ਵਿਚ ਭੱਜਿਆ ਫਿਰਦਾ ਹੈ, ਇਸਨੂੰ) ਕਿਸ ਉਪਾਵ ਨਾਲ ਫੜੀਏ ? (ਉਤਰਃ–) ਸ੍ਰੀ ਗੁਰੂ (ਜੀ ਦੇ) ਚਰਣਾਂ ਦਾ ਪ੍ਰੇਮ ਪਾਰੇ (ਵਾਂਗੂੰ ਭਾਰਾ ਹੈ ਇਸ ਚੂਹੇ ਨੂੰ) ਪਿਲਾ ਦੇਈਏ ਜੋ ਟਿਕ ਕੇ ਥਾਂ ਸਿਰ (ਬਹਿ ਜਾਵੇ)।

ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਪਚਹਾਰੇ ਸਭਿ ਹੀ ਜਬੈ ਕਿਹ ਬਿਧਿ ਜੀਤ ਨ

---

[1]ਓਂਕਾਰ ਦੇ ਪ੍ਰਕਾਸ਼ ਨਾਲ ਜੰਜਾਰ ਮਿਟ ਗਏ ਹਨ। [2]ਸਿੱਧਾਂ ਨੂੰ। [3]ਬਨਾਕੇ। [4]ਮੰਨ ਜਾਵੇਗਾ। [5]ਮਨ ਵਿਚ। [6]ਲੋਭੀ ਹੋਕੇ। [7]ਦੇਖਕੇ। [8]ਰਤਨ। [9]ਜਗਤ ਦੇ ਕਾਰਣ।

*ਪਾਃ–ਜੰਜਾਰ ਉਤਾਰ, ਪ੍ਰਕਾਸ਼ ਮਿਲੇ। †ਪਾਃ–ਜਹਾਂ ਵਰ ਭੂਰ।

‡ਤਾਲ ਵਿਚ ਰਤਨ ਨਹੀਂ ਸਨ, ਗੋਰਖ ਨੇ ਜਾਦੂਗਰੀ ਦੇ ਲਾਲ ਰਤਨ ਮਾਯਾ ਨਾਲ ਭ੍ਰਮਾ ਲੈਣ ਵਾਸਤੇ ਦਿਖਾਏ ਸਨ।

ਪਾਇ॥ਗੋਰਖ ਚਿੰਤਾਤੁਰ ਭਯੋ–ਹੋਵਤਿ ਬਾਦ ਉਪਾਇ[1]–॥੨॥ਚੌਪਈ॥ ਬਹੁਰੋ ਸਰਬ ਸਿੱਧ ਮਿਲਿ ਆਏ॥ਜੇ ਸ਼ਕਤਿਨਿ ਯੁਤਿ ਹੁਤੇ ਪਲਾਏ[2]। ਗੋਰਖ ਜਹਿਂ ਬੇਦੀ ਕੁਲਦੀਪ॥ਬੈਸੇ ਸਭਿ ਤਹਿਂ ਹੋਇ ਸਮੀਪ॥੩॥ਕਿਤਕ ਦੇਰਿ ਤੂਸ਼ਨ ਹੀ ਰਹੇ। ਪੁਨ ਬਿਚਾਰ ਗੋਰਖ ਬਚ ਕਹੇ। 'ਮਾਨਹੁ ਮਨ ਮੈਂ ਬਾਨੀ ਮੋਰੀ॥ ਸੁਨਹੁ ਕਾਨ ਦੇ ਕਹੌਂ ਬਹੋਰੀ ॥੪॥ ਸਭਿ ਸਿੱਧਨ ਕੋ ਅਧਿਪਤ[3] ਬਨਿਯੇ। ਸਭਿ ਪਰ ਨਿਜ ਆਇਸ ਕੋ ਭਨਿਯੇ[4]। ਮੁੰਦਾ ਪਹਿਰੋ ਝੋਲੀ ਲੀਜੈ। ਅੰਗ ਬਿਭੂਤ ਮਲਨ ਕੋ ਕੀਜੈ ॥ ੫॥ ਖਿੰਥਾ[5] ਅਪਨੀ ਦੇਹਿ ਹੰਢਾਵੌ। ਸਿੱਧ ਜਮਾਤੀ ਮਹਿਂ ਅਬ ਆਵੌ। ਲੇਹੁ ਭੰਡਾਰਾ[6] ਹਮ ਤੇ ਖਾਵੋ। ਸਿੰਙੀ ਮੁਖ ਤੇ ਨਾਦ ਬਜਾਵੋ ॥ ੬ ॥ ਦੋਹਰਾ ॥ ਹਾਥ ਬਿਖੈ ਡੰਡਾ ਗਹੋ ਕਰਿ ਸਿੱਧਨ ਪਰਤੀਤ[7]। ਮਹਾਂ ਸ਼ਕਤਿ ਕੋ ਪਾਇ ਹੋ, ਯੌਂ ਸਗਲਾ ਜਗ ਜੀਤ ॥ ੭ ॥ ਚੌਪਈ॥ ਮਿਲ'ਆਦੇਸ'ਕਹੋ'ਆਦੇਸੋ'। ਨਾਥ ਨਾਮ ਹੁਇ ਜੁਗੁ ਜੁਗ ਬੈਸੋ। ਜੋਗ ਸੰਜੋਗੀ[8] ਮਹਿਂ ਸੁਖ ਪਾਵਹੁ॥ਇਕ ਮਾਈ ਕੇ ਪੂਤ ਕਹਾਵਹੁ ॥੮॥ ਜੋਗ ਜੁਗਤਿ ਕੇ ਚੇਲੇ ਮਾਨੀ[9]। ਸਭਿ ਦਿਵਾਨ ਤੁਮ ਸੇਵਕ ਥਾਨੀ[10]। ਤੁਮ ਤੇ ਊਪਰ ਹੋਇ ਨ ਆਨਾ। ਸਭਿ ਮਹਿਂ ਬੈਸਹੁ ਹ੍ਵੈ ਪਰਧਾਨਾ ॥ ੯ ॥ ਦੋਹਰਾ ॥ ਲੋਇ ਲੋਇ[11] ਆਸਨ ਕਰਹੁ ਸਰਬ ਕਰਾਇ ਭੰਡਾਰ। ਹੁਕਮ ਮਨਾਵਹੁ ਜਹਾਂ ਤਹਿਂ ਅਸ ਬਿਧਿ ਕੀਜੈ ਕਾਰ' ॥ ੧੦ ॥ ਸੋਰਠਾ ॥ ਸੁਨਿ, ਗੁਰ ਗਿਰਾ ਅਲਾਇ 'ਕਰਨੋ ਰਹਯੋ ਨ ਹਮਹਿਂ ਕਛੁ। ਪੂਰਬ ਬਨਯੋ ਬਨਾਇ ਅਬ ਨਵੀਨ ਕ੍ਰਿਤ ਕਯਾ ਕਰਹਿਂ' ॥ ੧੧ ॥

ਸ਼੍ਰੀ ਮੁਖਵਾਕ:–

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੮ ॥ ਭੁਗਤਿ ਗਿਆਨੁ ਦਇਆ ਭੰਡਾ-ਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ

---

[1]ਬਿਅਰਥ ਜਾਂਦੇ ਹਨ ਯਤਨ। [2]ਜੋ ਸ਼ਕਤੀਆਂ ਵਾਲੇ ਭੱਜ ਗਏ ਸਨ (ਮੁੜ ਆਏ)। [3]ਸ੍ਵਾਮੀ। [4]ਹੁਕਮ ਕਰੋ। [5]ਗੋਦੜੀ। [6]ਲੰਗਰ। [7]ਸਿੱਧਾਂ ਉਤੇ ਨਿਸ਼ਚਾ। [8]ਜੋਗ ਧਾਰਨ ਕਰਨ ਵਿਚ (ਅ) ਜੋਗੀਆਂ ਦੇ ਇਕੱਠ ਵਿਚ। [9]ਮੰਨੇ ਜਾਂਦੇ ਹਨ। [10]ਸਾਰੇ ਵਡੇ (ਯਾ ਸਾਰੀਆਂ) ਸਭਾਵਾਂ ਦੇ (ਸਭਾਸਦ) ਤੁਹਾਡੇ ਸੇਵਕਾਂ ਦੇ ਥਾਂ ਹੋਣਗੇ। [11]ਸਾਰੇ ਲੋਕਾਂ ਵਿਚ।

ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੦ ॥ ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥ ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣੁਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੧ ॥

ਚੌਪਈ ॥ ਗੁਰ ਕੇ ਬਚਨ ਸੁਨੇ ਗੋਰਖ ਜਬ । ਪੁਨ ਬੂਝਨ ਹਿਤ ਬੋਲਤਿ ਭਾ ਤਬ । 'ਕਿਉਂ ਕਰਿ ਤੁਮ ਇਹਠਾਂ ਚਲਿ ਆਏ ? । ਕੌਨ ਮਨੋਰਥ ਦੇਹੁ ਬਤਾਏ ? ॥੧੨॥ ਸੋ ਮੈਂ ਕਰੋਂ ਸਪੂਰਨ ਤੁਮਰੋ । ਸਾਚ ਬਚਨ ਇਹ ਮਾਨੋ ਹਮਰੋ' । ਸ੍ਰੀ ਗੁਰ ਕਹੈਂ 'ਮਨੋਰਥ ਮੇਰੇ । ਸਤਿਗੁਰ ਪੂਰੇ ਹੈਂ ਇਕ ਬੇਰੇ ॥ ੧੩ ॥ ਦੀਖਯਾ[1] ਲੀਜੈ ਜੇ ਤੁਮ ਚਾਹੀ । ਪੂਰੋਂ[2] ਮੈਂ ਚਿਤਵੌਂ[3] ਮਨ ਮਾਂਹੀ । ਜੋ ਮਾਂਗੋਂ[4], ਹਮ ਢਿਗ[5] ਕਰਤਾਰਾ । ਤੁਝਹਿ ਦਿਵਾਵਹਿੰ, ਕਰਹੁ ਉਚਾਰਾ' ॥੧੪॥ ਦੋਹਰਾ ॥ ਸੁਨਿ ਭੂਸ਼ਨ ਗੋਰਖ ਭਯੋ ਬੋਲਯੋ ਬਚਨ ਨ ਕੋਇ । ਰਿਦੇ ਮਨੋਰਥ ਮਿਟ ਗਯੋ ਜਲ ਤਰੰਗ[6] ਜਯੋਂ ਸੋਇ ॥ ੧੫ ॥ ਚੌਪਈ ॥ ਬਾਨੀ ਮੰਗਲ ਨਾਥ ਅਲਾਈ[7] । 'ਗੋਰਖ ਨਾਥ ਸੁਨਹੁ ਸਿਧ ਰਾਈ ! । ਨਾਨਕ ਕੋ ਦੀਨੋ ਉਪਦੇਸ਼ਾ । ਤੁਮਰੋ ਭਲੌ ਲਿਯੋ ਹੈ ਬੇਸਾ' ॥ ੧੬ ॥ ਗੋਰਖ ਭਾਖੈ 'ਪਰਖੋਂ ਤਾਂਹੀ । ਘਟ ਛੂਛਾ ਕੈ[8] ਪੂਰੋ ਆਹੀ । ਤੁਮਰੋ ਸੱਤਿ ਬਚਨ ਮੈਂ ਜਾਨਾ । ਜਸ ਉਚਰਯੋ ਤੈਸਾ ਪਹਿਚਾਨਾ ॥ ੧੭ ॥ ਪੂਰਨ ਪੁਰਖ ਗਯਾਨ ਘਨ ਰੂਪਾ[9] । ਰਹਿਤ ਕਹਿਤ[10] ਕੇ ਸਹਿਤ ਅਨੂਪਾ[11]' । ਸ੍ਰੀ ਨਾਨਕ ਚਰਚਾ ਕਰਿ ਐਸੇ । ਕੇਤਿਕ ਕਾਲ ਰਹੇ ਤਹਿੰ ਬੈਸੇ ॥ ੧੮ ॥ ਦੋਹਰਾ ॥ ਮਰਦਾਨਾ ਬੂਝਤਿ ਭਯੋ 'ਅੱਗ੍ਰਜ ਚਲੋ ਕਿ ਨਾਂਹਿ । ਆਨ ਸਥਾਨ ਬਿਲੋਕੀਏ ਜੇ ਰਾਵਰਿ ਉਰ ਚਾਹਿ' ॥੧੯॥ ਚੌਪਈ ॥ ਸੁਨੀਏ ਸ੍ਰੀ ਅੰਗਦ ਗਤਿਦਾਈ । ਸੁਨਿ ਗੁਰ ਮੁਝ ਸੋਂ ਗਿਰਾ ਅਲਾਈ । 'ਤੁਮਰੇ ਮਨ ਮਹਿ

---

[1]ਉਪਦੇਸ਼, ਮੰਤ੍ਰ । [2]ਪੂਰੀ ਕਰਾਂਗਾ । [3]ਜੋ ਤੁਸੀਂ ਚਾਹੋ । [4]ਜੇ (ਤੁਸੀਂ) ਮੰਗੋ । [5]ਸਾਡੇ ਪਾਸੋਂ । [6]ਬੁਲਬੁਲੇ ਵਾਂਗ । [7](ਮਖੌਲ ਨਾਲ) ਕਹਿੰਦਾ ਹੈ । [8]ਘੜਾ (ਹਿਰਦਾ) ਖਾਲੀ ਹੈ ਯਾ । [9]ਇਕਸਰ ਗਯਾਨ ਸ੍ਵਰੂਪ । [10]ਕਹਿਣੀ । [11]ਸੁਹਣਾ । ਜਿਸ ਦੀ ਉਪਮਾਂ ਨਾਂ ਹੋ ਸਕੇ ।

ਕਿਤ ਬਿਧਿ ਬਾਲਾ?'। ਮੈਂ ਤਬ ਬੋਲ੍ਯੋ 'ਪ੍ਰਭੁ ਕ੍ਰਿਪਾਲਾ! ॥੨੦॥ਹੌਂ ਰਾਵਰ ਕੋ ਨਿਤ ਅਨੁਸਾਰੀ। ਜਿਉਂ ਉਰ ਮਹਿਂ ਤਿਉਂ ਕੀਜੈ ਕਾਰੀ'। ਅਸ ਬਿਧਿ ਕਰਤਿ ਪਰਸਪਰ ਬੈਨਾ। ਬੈਸੇ ਤਹਿਂਵਾ* ਪੰਕਜ ਨੈਨਾ॥ ੨੧॥ ਪ੍ਰਾਨਨਾਥ ਜੋਗੀ ਤਬ ਆਯੋ। ਬੈਠ ਸਮੀਪ 'ਅਦੇਸ਼' ਅਲਾਯੋ। 'ਅਸਨ ਬਸਨ ਲੀਜੈ ਜੋ ਚਾਹੀ। ਛੁਧਾ ਨ ਬ੍ਯਾਪੈ ਕਬ ਤਨ ਮਾਂਹੀ॥੨੨॥ ਦੋਹਰਾ॥ ਨੰਗੇ ਕਬੈ ਨ ਹੋਵਈ ਪਹਿਰ ਦੁਕੂਲ[1] ਅਮੋਲ'। ਅਸ ਬਿਧਿ ਸੁਨਿਕੈ ਬੈਨ ਤਿਹ ਬੋਲੇ ਅਚਲ ਅਤੋਲ॥੨੩॥ ਚੌਪਈ॥ 'ਨੀਕੋ ਕੀਨ ਸੰਤੋਖੰ ਅਸਨਾ। ਰੂਰੋ ਸਾਦ[2] ਨਾਮ ਜਪ ਰਸਨਾ[3]। ਬਸਨ[4] ਜਿ ਭਾਉ ਭਗਤਿ ਕੇ ਲੀਨੇ। ਨਹੀਂ ਪੁਰਾਤਨ, ਨੀਤ ਨਵੀਨੇ[5]॥੨੪॥ ਅਤਿ ਸੁੰਦਰ ਸ਼ੋਭਾ ਯੁਗ ਲੋਕਾ। ਭੁਖ ਨਗਨ ਤੇ ਸਦਾ ਅਸ਼ੋਕਾ'। ਪ੍ਰਾਨਨਾਥ ਸੁਨਿ ਪ੍ਰੇਮ ਉਮੰਗਾ। ਉਦ-ਤ੍ਯੋ[6] ਚਰਨ ਗਹਿਨ[7] ਹਿਤ ਸੰਗਾ॥ ੨੫॥ ਸ੍ਰੀ ਨਾਨਕ ਬਹੁ ਭਾਉ ਜਿ ਦੇਖਾ। ਤਿਹ ਕੋ ਆਦਰ ਕੀਨ ਬਿਸ਼ੇਖਾ। ਪਗ ਲੌਂ[8] ਸਿਰ ਨਹਿਂ ਜਾਵਨ ਦੀਨੋ। ਕਰ ਮੈਂ ਲੇਯ ਅੰਕ[9] ਭਰਿ ਲੀਨੋ॥੨੬॥ ਦੋਹਰਾ॥ ਮਿਲੇ ਪਰਸਪਰ ਹਰਖ ਕਰਿ[10] ਪ੍ਰਾਨਨਾਥ ਕਹਿਬੈਨਾ'ਭਯੋ ਨਿਰੰਜਨ ਕੋ[11] ਦਰਸ ਹਮਹਿਂ ਸਰਬ ਗੁਨ ਐਨ॥ ੨੭॥ ਚੌਪਈ॥ ਤੁਮ ਤੋ ਬਿਦਤਿ ਆਪ ਕਰਤਾਰਾ। ਕਲਿ ਨਰ ਤਾਰਨ ਕੋ ਤਨ ਧਾਰਾ। ਜਿਨ ਤੁਮ ਕੋ ਨਹਿਂ ਐਸੇ ਜਾਨਾ। ਸੋ ਜੋਗੀ ਨਹਿਂ, ਅਤਿ ਅਗ੍ਯਾਨਾ[12]'॥੨੮॥ ਬੰਦੇ ਹਾਥ ਰਿਦੇ ਅਨੁਰਾਗਾ[13]। 'ਅਹੈਂ ਧੰਨ ਹਮਰੇ ਵਡ ਭਾਗਾ।ਜਿਹ ਕਰਿ ਤੁਮਰਾ ਦਰਸ਼ਨ ਪਾਯਾ। ਮੋਕੋ ਤਾਰਨ ਇਹ ਠਾਂ ਆਯਾ॥ ੨੯॥ ਮੈਂ ਜੋ ਕੀਨ ਜੋਗ ਚਿਰਕਾਲਾ। ਤਾਂਕੋ ਫਲ ਅਬ ਮਿਲ੍ਯੋ ਬਿਸਾਲਾ†'। ਸ੍ਰੀ ਗੁਰ ਕਹੈਂ 'ਧੰਨ ਤੁਮ ਜੋਗੀ। ਮਾਨ ਰੋਗ ਤੇ ਰਹਿਤ ਅਰੋਗੀ॥ ੩੦॥ ਦੋਹਰਾ॥ ਦਯਾ ਨਿਰੰਜਨ ਤੋਹਿ ਪਰ ਹੈ ਸਭਿ ਤੇ ਅਧਿਕਾਇ'।ਕਹੇ ਸੁਨੇਇਵ ਬੈਨਯੁਗ[14] ਮਿਲਿ ਕਰਿ ਭੇ ਹਰਖਾਇ ॥੩੧॥ ਚੌਪਈ॥ ਮੰਗਲ ਬੂਝਤਿ ਭਾ ਤਿਹ ਸਾਥਾ। 'ਕਸ ਸ੍ਰੀ ਨਾਨਕ? ਪ੍ਰਾਨੈ ਨਾਥਾ!'। ਕਹਿਨ ਲਗ੍ਯੋ 'ਮੈਂ ਅਸ ਪਹਿਚਾਨਾ। ਦਰਸ ਨਿਰੰਜਨ ਕੋ

---

[1]ਕਪੜਾ,ਦੁਪੱਟਾ। [2]ਸੁਆਦ। [3]ਜੀਭ (ਨਾਲ)। [4]ਕੱਪੜੇ। [5]ਨਿਤ ਨਵੇਂ (ਰਹਿੰਦੇ)ਹਨ। [6]ਉਠਿਆ। [7]ਫੜਨ। [8]ਚਰਨਾਂ ਤਕ। [9]ਜੱਫੀ। [10]ਪ੍ਰਸੰਨ ਹੋਕੇ। [11]ਪ੍ਰਮਾਤਮਾ ਦਾ। [12]ਮੂਰਖ ਹੈ। [13]ਹੱਥ ਦੋਵੇਂ ਜੁੜੇ ਹੋਏ ਹਨ ਦਿਲ ਵਿਚ ਪ੍ਰੇਮ ਹੈ (ਤੇ ਮੂੰਹੋਂ ਕਹਿੰਦਾ ਹੈ)। [14]ਦੋਹਾਂ ਨੇ।

*ਪਾ:-ਤਿਹ ਠਾਂ। †ਸ੍ਰੀ ਪ੍ਰਾਣ ਨਾਥ ਜੀ ਦਾ ਕਥਨ ਕੈਸਾ ਸਿਦਕ ਭਰਿਆ ਹੈ।

ਮਨ ਮਾਨਾ ॥ ੩੨ ॥ ਪੂਰਬ ਮਿਲਿ ਤੁਮ ਜੈਸੇ ਕਹਾ। ਕੂਰ ਨ ਰਾਈ ਤੈਸੋ ਅਹਾ'। ਪ੍ਰਾਨਨਾਥ ਮਿਲਿ ਕਰਿ ਜਬ ਗਯੋ। ਮਰਦਾਨਾ ਤਬ ਬੋਲਤਿ ਭਯੋ ॥੩੩॥ 'ਇਸ ਜੋਗੀ ਕੋ ਭਲੋ ਸੁਭਾਏ। ਅਤਿ ਕੋਮਲ ਜਿਹ ਬੈਨ ਅਲਾਏ। ਦਰਸ ਬਿਲੋਕਤਿ ਹਰਖਾ ਐਸੇ। ਬਿਛਰਯੋ ਮੀਤ ਮਿਲਤਿ ਹੈ ਜੈਸੇ' ॥੩੪॥ ਦੋਹਰਾ ॥ ਸ੍ਰੀ ਗੁਰੁ ਬੋਲੇ 'ਜਾਸ ਪਰ ਹੈ ਕਰੁਨਾ ਕਰਤਾਰ। ਤਿਸ ਮਹਿਂ ਅਸ ਗੁਨ ਹੋਵਈਂ,ਲਖਹਿਂ ਨ ਔਰ ਗਵਾਰ॥੩੫॥ ਚੌਪਈ ॥ ਸਭਿ ਨਾਥਨ ਮਹਿਂ ਸ੍ਰੇਸ਼ਟ ਨਾਥਾ। ਇਹ ਸਮਾਨ ਕਿਹ ਅਪਰ ਨ ਗਾਥਾ'। ਗੁਰੁ ਸੋਂ ਬੂਝਤਿ ਭਾ ਮਰਦਾਨਾ। 'ਨਾਥ ਨਾਮ ਸਭਿ ਕਰਹੁ ਬਖਾਨਾ ॥ ੩੬॥ ਜਿਤਨੇ ਜਤੀ ਕਹਹੁ ਤਿਨ ਨਾਮੂ। ਕਿਤਨੇ ਸਿੱਧ ਭੇਦ ਸੁਖ ਧਾਮੂ!'। ਸ੍ਰੀ ਗੁਰੁ ਭਨੈਂ 'ਸਿੱਧ ਹੈਂ ਜੇਤੇ। ਨਾਥ ਨਾਮ ਕਹਿਲਾਵਹਿਂ ਤੇਤੇ ॥ ੩੭ ॥ ਇਨ ਮਹਿਂ ਨੌ ਜਿ ਨਾਥ ਸ਼ੁਭ ਜਾਨੂ। ਸੋ ਮੈਂ ਤੁਝ ਸੋਂ ਕਰਤਿ ਬਖਾਨੂ।੧ਪ੍ਰਾਨ ਨਾਥ,੨ਇਕ ਗੋਪੀਚੰਦ।੩ਸੁਰਤਿਨਾਥ ਜਿਨ ਨਹਿਂ ਜਮ ਫੰਧ॥੩੮॥ਦੋਹਰਾ॥੪ਗੋਰਖਨਾਥ ੫ਮਛਿੰਦ੍ਰ ਪੁਨ[1],੬ਮੰਗਲਨਾਥ ਮਹਾਨ[2]। ੭ਚਰਪਟ,੮ਚੰਬਾਨਾਥ ਹੈ ੯ਘੁਘੂ ਨਾਥ ਸੁਜਾਨ[3] ॥ ੩੯ ॥ ਚੌਪਈ ॥ ਅਬ ਜੇ ਜਤੀ ਸੁਨਹੁ ਦੇ ਕਾਨਾ੧ਲਛ-ਮਨ,੨ਗੋਰਖ ਅਰ੩ਹਨੁਮਾਨਾ॥ ੪ਭੀਸ਼ਮ,੫ਭੈਰਉ,੬ਦੱਤਪਛਾਨੋ। ਚੌਰਾਸੀ ਸਭਿ ਸਿੱਧ ਬਖਾਨੋ ॥੪੦॥ ਸੂਰਸਿੱਧ, ਲੁਹਿਰੀਪਾ, ਭੰਗਰ। ਹਾਜੀ ਰਤਨ, ਖਿੰਬੜਾ, ਝੰਗਰ। ਕੇਵਲ ਕਰਨ, ਜਾਲਿਕਾ, ਸੰਗਰ। ਸਮਰਥ, ਨਿਰਤ, ਬਿਮਲਕਾ, ਲੰਗਰ ॥੪੧ ॥ ਪੂਰਨ, ਨਾਸਿਕ, ਔਘੜ, ਊਰਮ। ਭਰਥਰਿ ਈਸ਼ੁਰ, ਪਰਬਤ, ਧੂਰਮ। ਜੋਤਿ ਮਗਨ, ਸਿਧਸੈਨ, ਹਨੀਫਾ। ਰਾਇ-ਐਨ, ਪਤਿਪ੍ਰਾਨ, ਕਨੀਫਾ ॥ ੪੨ ॥ ਬਿਮਲ ਜੋਤਿ, ਸੀਤਲ ਜਲ, ਗਿਰ-ਵਰ। ਚਤੁਰਬੈਨ, ਮੁਕਤੀਸ਼ਰ, ਗਿਰਧਰ। ਸੂਰਐਨ, ਗਿਰਬੋਧ, ਪਲਕ ਨਿਧਿ। ਸੰਭੂ, ਮਗਨਧਾਰ, ਕਨਕਾ ਸਿਧ॥੪੩॥ ਗੌਨਗੁਆਲ,ਕਾਲਿੰਦ੍ਰੋਂ, ਦਰਸ਼ਨ। ਚਲਨਜੋਤਿ, ਤੁਲਸਾਂ, ਗੋਵਰਧਨ। ਕੇਵਲਕਰਮੀ, ਕਲਾ-ਬਿਲਾਸੀ। ਭੂਤਵੇ,ਕੇਸਕਰਨ,ਕ੍ਰਮਨਾਸੀ*॥੪੪॥ ਸੰਘਰ,ਕਿਸਨਕੁਆਰ, ਅਸਰਨਿਧ। ਪਲਕਾ,ਰਾਮਕੁਮਾਰ, ਰਾਮ ਸਿੱਧ। ਮੀਰਹੁਸੈਨੀ, ਆਪੰਰੂਪੀ। ਮੀਰਜੰਬੀਲ,ਕਲੇਸੰਧੂਪੀ ॥੪੫॥ ਜੋਗਹਰੇ,ਖੁਲਾਸ, ਕਸਧੂਪੀ। ਕੇਵਲਕ-

---

[1]ਫੇਰ। [2]ਬੜਾ। [3]ਚਤੁਰ *ਪਾ:-ਭੂਤਕ, ਵੇਸ ਕਰਨ, ਕ੍ਰਮ ਨਾਮੀ।

ਰਮੀ,ਜੋਗ ਅਨੂਪੀ॥ਮੂਲ ਮੰਤ੍ਰੀ,ਕਿਦਾਰ,ਇਕ ਰੰਗੀ॥ਨਾਸਿਕਾ,ਸਿਲਸਿਲਾ ਤੁਰਤਰੰਗੀ॥੪੬॥ਕੇਲੰਕਲ,ਕ੍ਰਨਜੋਗ,ਬਚਿੱਤ੍ਰ॥ਈਸ਼ਰਪ੍ਰੰਗੀ,ਯੋਗਪਵਿਤ੍ਰ॥ ਸੰਭਾਲਕਾ, ਬਿਹੰਗਮ,ਜੋਗੀ। ਬ੍ਰਹਮੰ ਜੋਗੀ,ਬ੍ਰਹਮੰਭੋਗੀ ॥੪੭॥ ਸਰਸੁਤੀ, ਬਿਸਨਪਤੀ, ਗੰਧਾਰੀ । ਵਾਸੀਗੁਫਾ, ਬ੍ਰਹਮ ਬ੍ਰਤਧਾਰੀ । ਮੁਗਲ ਜੋਗ, ਚੌਰਾਸੀ ਗਿਨਿਯੇ । ਸਰਬ ਨਾਮ ਸਿੱਧਨ ਕੇ ਜਨਿਯੇ' ॥ ੪੮ ॥ ਮਰਦਾਨਾ ਸੁਨਿ ਬੂਝਤਿ ਭਾ ਤਬ । 'ਤੁਮ ਜੋ ਕਹੇ ਸੁ ਜਾਨੇ ਮੈਂ ਸਭਿ । ਏਕ ਸੰਦੇਹ ਨਿਵਾਰਨ ਕੀਜੈ । ਬਹੁਰੋ ਚਲਨ ਗੈਲ[1] ਪਗ[2] ਦੀਜੈ ॥੪੯॥ ਦੋਹਰਾ ॥ ਭੋਗ ਨ ਕੀਨੋ ਨਾਰਿ ਸੋਂ ਐਸੇ ਲੋਕ ਅਨੇਕ । ਖਸ਼ਟ ਜਤੀ ਤੁਮ ਕਿਉਂ ਕਹੇ ਮੁਝ ਸੰਸੈ ਭਾ ਏਕ' ॥ ੫੦ ॥ ਚੌਪਈ ॥ ਸੁਨਿ ਸ਼੍ਰੀ ਗੁਰੁ ਨੈ ਬਚਨ ਉਚਾਰੇ 'ਨਹੀਂ ਜਤੀ ਜੋ ਤੋਹਿ ਬਿਚਾਰੇ । ਸਰਬ[3] ਰਿਖੀਕ[4] ਬਿੰਦ[5] ਦ੍ਰਵ ਜਾਵੈ। ਜਤੀ*ਸੋਇ ਕਿਤ ਤੇ[6]ਨ ਗਵਾਵੈ॥੫੧॥ਨੈਨ[7] ਰੂਪ ਪਿਖਿ[8]ਰਹਜੋ ਲੁਭਾਈ।

[1]ਰਾਹ ਵਿਚ । [2]ਚਰਣ । [3]ਸਾਰੇ । [4]ਇੰਦ੍ਰੀਆਂ ਤੋਂ । [5]ਵੀਰਯ। [6]ਕਿਸੇ ਤਰਫ ਤੋਂ। [7]ਨੇਤ੍ਰ। [8]ਦੇਖਕੇ।

*ਸ੍ਰੀ ਗੁਰੂ ਜੀ ਦੇ ਮੁਖਾਰਬਿੰਦ ਤੋਂ ਕਵਿ ਜੀ ਨੇ ਜਤੀ ਦੇ ਜੋ ਲਛਣ ਕਿਹ-ਵਾਏ ਹਨ, ਉਹ ਖਿਯਾਲ ਮੰਡਲ ਦੀ ਆਦਰਸ਼ਕ ਬਾਤ ਹੈ । ਇਸ ਬਯਾਨ ਦੀ ਇਹ ਮੁਰਾਦ ਨਹੀਂ ਕਿ ਕਿ ਗੁਰੂ ਜੀ ਦਾ ਆਦਰਸ਼ ਐਸੇ ਜਤੀ ਪੈਦਾ ਕਰਨ ਦਾ ਸੀ। ਉਨ੍ਹਾਂ ਦਾ ਆਦਰਸ਼ ਸ਼ੁਭ ਆਚਰਨ ਵਾਲਾ ਬੜਾ ਹੀ ਉੱਚਾ ਹੈ । ਇਸਤ੍ਰੀ ਪੁਰਖ ਵਿੱਚ ਪਵਿੱਤ੍ਰਤਾ ਦਾ ਉੱਚੇ ਤੋਂ ਉੱਚਾ ਨਿਵਾਸ ਲੋਚਦੇ ਹਨ । ਪਰ ਹਠਾਗ੍ਰਹ ਵਾਲਾ ਨਿਰਾ 'ਜਤੀ' ਦਸ਼ਾ ਦਾ ਉਨ੍ਹਾਂ ਉਪਦੇਸ਼ ਨਹੀਂ ਦਿੱਤਾ ਫੁਰਮਾਉਂਦੇ ਹਨ । 'ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ' । [ਆਸਾ ਮ:੧]

ਇਸ ਤੋਂ ਸਪਸ਼ਟ ਹੈ ਕਿ 'ਨਾਮ ਦੀ ਕਮਾਈ' ਪ੍ਰਾਪਤ ਕਰਨੀ ਇਹ ਆਪ ਦਾ ਉਪਦੇਸ਼ ਹੈ, ਨਾਮ ਸਿਮਰਣ ਵਾਲੇ ਦਾ ਜਤ ਸੁਤੇ ਸਿੱਧ ਸਿਰੇ ਚੜ੍ਹਦਾ ਹੈ। ਨਿਰਾ 'ਜਤੀ' ਹੋ ਜਾਣਾ ਉਨ੍ਹਾਂ ਦਾ ਆਦਰਸ਼ ਨਹੀਂ । ਪਰ ਇਸ ਦੇ ਇਹ ਅਰਥ ਬੀ ਨਹੀਂ ਕਿ ਓਹ ਇਸਤ੍ਰੀ ਪੁਰਖ ਦੀ ਉੱਚੀ ਤੋਂ ਉੱਚੀ ਪਵਿੱਤ੍ਰਤਾ ਨਹੀਂ ਚਾਹੁੰਦੇ । ਓਹ ਸਿੱਖਾਂ ਨੂੰ ਨਾਮ ਦੇ ਪਯਾਰੇ, ਸੁੱਚੇ ਉੱਚੇ ਸੁਤੇ ਸਿੱਧ ਜਤੀ ਵੇਖਦੇ ਹਨ। ਯਥਾ:—'ਜਤੁ ਪਾਹਾਰਾ ਧੀਰਜੁ ਸੁਨਿਆਰੁ' ॥ ਦੂਸਰਾ ਜਤੀ ਗੁਰੂ ਘਰ ਵਿਚ 'ਗ੍ਰਹਸਤ ਜਤੀ' ਹੈ । ਯਥਾ:—'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ' ( ਭਾ: ਗੁ: ਵਾਰ ੬ ਪੌ: ੮)। ਪੁਨਾ:-ਸਤਿਗੁਰੂ ਜੀ ਗ੍ਰਿਸਹਤੀ ਦਾ ਆਦਰਸ਼ ਦੱਸਦੇ ਹਨ 'ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ' ॥ [ਆਸਾ ਮ: ੧

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਤਾਂਹੀ ਸਮੈ ਨੈਨ ਦਰ ਜਾਈ। ਤਿਯ[1] ਰਸ ਸੁਨਹਿ ਜਬਹਿ ਦੇ ਕਾਨਾ। ਜਾਇ ਸ੍ਰਵਨ[2] ਦਰ[3] ਬਿੰਦ[4] ਲੁਭਾਨਾ[5] ॥ ੫੨ ॥ ਮੁਖ ਤੇ ਤਰੁਨੀ[6] ਰਸ ਕੀ ਬਾਤਾ। ਹਿਤ ਸੋਂ ਲਾਇ ਕਰਤਿ ਯੋਂ ਜਾਤਾ॥ਕਰਹਿ ਸਪਰਸ਼[7] ਅੰਗਨਾ ਅੰਗਾ[8]। ਤਿਹ ਬਿਧਿ ਜਾਵਹਿ ਬਿੰਦ ਨਿਸੰਗਾ ॥ ੫੩ ॥ ਦੋਹਰਾ ॥ ਅਸ਼ਟ ਬਿਧਿਨ[9] ਕੋ ਭੋਗ ਹੈ ਤਿਨ ਤੇ ਜੋ ਵਿਪਰੀਤਿ[10]। ਪੂਰਨ ਜਤੀ ਸੁ ਜਾਨਿਯੇ ਲੀਨ ਕਾਮ ਤਿਹ ਜੀਤ॥੫੪॥ ਚੌਪਈ॥ਖਸ਼ਟ[11] ਜਤੀ ਹੈਂ ਔਰ ਨ ਕੋਈ'। ਸੁਨਿ ਕਰਿ ਨਿਰਸੰਸੈਤਾ[12] ਹੋਈ। ਪੁਨ ਮਰਦਾਨਾ ਬਚਨ ਅਲਾਵੈ।'ਅੱਗ੍ਰਜ ਚਲਿਯੇ ਜੇ ਤੁਧ ਭਾਵੈ ॥ ੫੫ ॥ ਇਨ ਤੇ ਊਚੇ ਥਾਨ ਬਿਸ਼ੇਖਾ। ਤਿਨ ਕੋ ਚਾਹਤਿ ਹੌਂ ਮੈਂ ਦੇਖਾ'। ਸ੍ਰੀ ਗੁਰੁ ਕਹੈਂ"ਬਿਲੰਬ[13] ਨ ਕੋਈ। ਚਲਿ ਦੇਖਹੁ ਦੇਖਨ ਹਿਤ ਜੋਈ' ॥੫੬॥ ਅਸ ਕਹਿ ਕਰਿ ਸ੍ਰੀ ਗੁਰੁ ਸੁਖਕਾਰੀ। ਗਮਨ ਹੇਤ ਪੁਨ ਕੀਨੀ ਤਯਾਰੀ। ਪਿਖਿ ਕਰਿ ਗੋਪੀਚੰਦ ਬਖਾਨਾ॥'ਮੰਗਲਨਾਥ! ਸੁਨਹੁ ਦੇ ਕਾਨਾ ॥੫੭॥ ਨਾਨਕ ਤਪਾ ਚਲਿਨ ਭੇ ਤਯਾਰੂ। ਚਲਹੁ ਆਪ ਕੀਜੈ ਸਤਿਕਾਰੂ। ਜੇ ਤੁਮ ਕਹੇ ਰਹੈਂ ਇਹ ਥਾਈਂ। ਯਾਂਤੇ ਨੀਕੀ ਅਪਰ ਨ ਕਾਈ ॥੫੮॥ ਜਿਨ ਕੇ ਬਚਨ ਗਯਾਨ ਮਹਿਂ ਭੀਨੇ। ਹੁਇੰ ਸਨਾਥ[14] ਤਿਹ ਸੰਗਤਿ ਕੀਨੇ'। ਕਹਤਿ[15] ਪਰਸਪਰ ਬਚਨ ਬਿਲਾਸੂ। ਚਲਿ ਆਏ ਸ੍ਰੀ ਗੁਰੁ ਕੇ ਪਾਸੂ ॥੫੯॥ ਘੁੱਘੁਨਾਥ ਸੁ ਮੰਗਲਨਾਥਾ। ਪ੍ਰਾਨਨਾਥ ਆਵਾ ਹਿਤ ਸਾਥਾ। ਭਰਥਰਿ ਗੋਪੀਚੰਦ ਸੁਜਾਨਾ। ਬੈਠਿ ਸਮੀਪਹਿ ਪ੍ਰੇਮ ਮਹਾਨਾ॥੬੦॥ ਹਾਥ ਬੰਦਿ ਕੈ ਬਚਨ ਅਲਾਇ। 'ਰਹੋ ਇਹਾਂ,ਕਿਉਂ ਤਪਾ!

---

[1]ਇਸਤ੍ਰੀ । [2]ਕੰਨਾਂ । [3]ਦੁਆਰੇ । [4]ਵੀਰਯ । [5]ਲੁਭਾਇਮਾਨ ਹੋ ਜਾਣ ਤੇ । [6]ਇਸਤ੍ਰੀ । [7]ਛੁਹਣਾ । [8]ਇਸਤ੍ਰੀ ਦੇ ਅੰਗਾਂ ਨਾਲ । [9]ਅਠ ਤਰ੍ਹਾਂ । [10]ਉਲਟਾ । [11]ਛੇ। [12]ਤਸੱਲੀ । [13]ਦੇਰੀ । [14]ਨਿਹਾਲ। [15]ਕਹਿੰਦੇ ਹੋਏ ।

[ਪਿਛਲੇ ਪੰਨੇ ਦੀ ਬਾਕੀ ਟੂਕ]

ਹਾਂ ਜੇ ਕੋਈ ਸਹਿਜ ਸੁਭਾ ਜਤੀ ਰਹਿਕੇ ਨਾਮ ਜਪੇ ਤਾਂ ਇਹ ਬੀ ਸਖਤੀ ਨਹੀਂ ਕਿ ਓਹ ਜ਼ਰੂਰ ਹੀ ਵਿਆਹ ਕਰੇ। ਜਤੀ ਬੀ ਉਹੀ ਪਰਵਾਨ ਹੈ ਜੋ ਨਾਮ ਦਾ ਪ੍ਰੇਮੀ ਹੈ। ਵਿਵਾਹ ਨਾ ਕਰਕੇ ਜਤੀ ਰਹਿਣਾ ਜਿਸ ਨੇ ਹੋਰਨਾਂ ਚੰਗਿਆਈਆਂ ਵਾਂਗੂ ਇਕ ਸਹਜ ਸੁਭਾ ਨਾਲ ਸ਼ੁਭ ਗੁਣ ਧਾਰਨ ਕਰ ਰਖਿਆ ਹੈ, ਅਪਣੀ ਕਲਿਆਨ ਦੀ ਟੇਕ ਉਸ ਨੇ 'ਨਾਮ' ਪਰ ਧਾਰ ਰਖੀ ਹੈ। ਐਸੇ ਸਿੱਖ ਜਤੀ ਡੇਰਿਆਂ ਵਿਚ ਰਹਿਕੇ ਸਾਧੂ ਹੋਕੇ ਪ੍ਰਚਾਰ ਕਰਦੇ ਰਹੇ ਹਨ, ਉਨ੍ਹਾਂ ਦੀ ਅਣਹੋਂਦ ਨੇ ਹੀ ਡੇਰੇ ਵੈਰਾਨ ਕਰਨੇ ਅਰੰਭ ਕਰ ਦਿੱਤੇ ਹਨ।

ਸਿਧਾਏ? ਸਿੱਧ ਮੰਡਲੀ ਕਰਹੁ ਸਨਾਥਾ। ਬੈਸੇ ਕਰਹੁ ਨਿਰੰਜਨ ਗਾਥਾ॥
੬੧॥ ਦੋਹਰਾ ॥ ਨਹਿੰ ਤੁਮ ਕੋ ਜੰਜਾਰ ਕਛੁ,ਰਹਯੋ ਨ ਕੋਊ ਕਾਜ।ਦਰਸ਼ਨ
ਦੀਜੈ ਲੀਜਿਯੇ ਰਹਉ ਸੁਮੇਰੁ ਬਿਰਾਜ' ॥ ੬੨ ॥ ਚੌਪਈ ॥ ਸ੍ਰੀ ਨਾਨਕ
ਸੁਨਿ ਬੈਨ ਉਚਾਰਾ।'ਔਰ ਨਹੀਂ ਕੋ ਹਮੈਂ ਜੰਜਾਰਾ।ਦਰਸ਼ਨ ਸੰਤਨ ਕੋ ਹਿਤ
ਮੋਰੇ। ਜਿਨ ਸੰਗਤਿ ਮਹਿੰ ਸਭਿ ਸੁਖ ਹੋਰੇ ॥੬੩॥ ਆਸਨ ਬੈਸਨ[1] ਹਮ ਤੇ
ਛੂਟਾ। ਸਤਿਗੁਰੁ ਪਰਸਤਿ ਬੰਧਨ ਤੂਟਾ। ਨਿਰੰਕਾਰ ਪਰ ਡੀਠ ਹਮਾਰੀ।
ਛੂਟ ਗਈ ਸਭਿ ਅਪਨੀ ਧਾਰੀ[2] ॥ ੬੪ ॥ ਨਹੀਂ ਦ੍ਰਿਸ਼ਟਿ ਜਾਵਹਿ ਕਿਤ
ਆਨਾ। ਅਟਕੀ[3] ਸ੍ਰੀ ਕਰਤਾਰ ਸਥਾਨਾ। ਤਿਹ ਪਗ ਲਗਯੋ ਪ੍ਰੇਮ ਮਨ
ਮੋਰੇ। ਸ਼ਾਂਤਿ ਨ ਆਵਤਿ ਤਿਨ ਬਿਨ ਹੇਰੇ' ॥੬੫॥ ਦੋਹਰਾ ॥ ਬੋਲਯੋ ਮੰਗਲ-
ਨਾਥ ਤਬ 'ਰਾਵਰ ਹੀ ਕਰਤਾਰ। ਤੁਮਰੋ ਦਰਸ ਦੁਲੰਭ ਹੈ ਹਮ ਯੋਂ
ਕਰਤਿ ਉਚਾਰ ॥੬੬॥ ਚੌਪਈ ॥ ਤੁਮ ਸਮੀਪ ਜੋ ਬੀਤਹਿ ਕਾਲਾ। ਸੋ ਹਮ
ਜਾਨਹਿੰ ਸਫਲ ਬਿਸਾਲਾ। ਕਰੁਨਾ ਕਰਿ ਕੁਛ ਕਾਲ ਰਹੀਜੈ। ਪੁਨ
ਜਾਵਨ ਕੀ ਇੱਛਾ ਕੀਜੈ' ॥੬੭॥ ਸੁਨਿ ਸ੍ਰੀ ਨਾਨਕ ਬਚਨ ਉਚਾਰੇ।'ਤੁਮ
ਸਭਿ ਮੇਰੇ ਪ੍ਰਾਨਨ ਪਯਾਰੇ[4]।ਹੋਇ ਮੇਲ ਪੁਨ ਕੇਤਿਕ ਕਾਲਾ। ਅਬ ਜਾਵਨ
ਕੋ ਕਾਜ ਬਿਸਾਲਾ॥ ੬੮ ॥ ਕਰਹੁ ਦਯਾ ਆਇਸ ਅਬ ਦੀਜੈ। ਹੌਂ ਗਮਨੌਂ
ਨਿਜ ਖੁਸ਼ੀ ਸੁ ਕੀਜੈ'। ਮੰਗਲ ਆਦਿ ਸਰਬ ਸਿਧ ਭਾਖੈਂ।'ਦੇਖਹੁ ਤਪਾ।
ਜਹਾਂ ਤੁਮ ਕਾਂਖੈਂ[5] ॥ ੬੯ ॥ ਦੋਹਰਾ ॥ ਖੁਸ਼ੀ ਨਿਰੰਜਨ[6] ਕੀ ਸਦਾ ਖੇਲਹੁ
ਜਿਤ ਹੁਇ ਚਾਹਿ। ਸਭਿ ਤੁਮਰੇ ਅਸਥਾਨ ਹੈਂ ਦੂਸਰ ਦੀਸਤਿ ਨਾਂਹਿ' ॥
੭੦ ॥ਚੌਪਈ ॥ ਠਾਂਢੇ ਹ੍ਵੈ ਕਰਿ ਪੰਕਜ ਬਦਨਾ। ਬਿਦਾ ਹੋਨਿ ਲਾਗੇ ਸੁਖ
ਸਦਨਾ। ਮਿਲਿ ਸਭਿ ਸੌਂ 'ਆਦੇਸ਼' ਅਲਾਈ। ਕਰਹਿੰ ਪ੍ਰੇਮ ਹਿਰਦੇ ਜਗ-
ਰਾਈ ॥੭੧॥ ਮੰਗਲ,ਪ੍ਰਾਨਨਾਥ, ਲੁਹਿਰੀਪਾ। ਚਲਿ ਕਰਿ ਆਏ ਸਰਬ*
ਸਮੀਪਾ। ਗੋਪੀਚੰਦ ਆਦਿ ਹੈਂ ਜੇਤੇ।ਮਿਲਿਕਰਿ ਹਰਖੇ ਜੇ ਗੁਰੁ ਬੇਤੇ[7]॥੭੨॥
ਦੇਖਹਿੰ ਚੰਦ੍ਰਬਦਨ ਕੀ ਓਰਾ। ਸਭਿ ਨੈ ਲੋਚਨ ਕੀਨ ਚਕੋਰਾ। ਬੰਦਨ
ਕਰਹਿੰ ਚਰਨ ਅਰਬਿੰਦਾ। ਮਨ ਅਪਨੇ ਜਿਨ ਕੀਨ ਮਲਿੰਦਾ[8] ॥ ੭੩ ॥
ਸਾਦਰ ਕੇ[9] ਬਚ ਸੁਨੇ ਸੁਨਾਏ। ਅੱਗ੍ਰਜ[10] ਸੰਗ[11] ਚਲੇ ਪਹੁੰਚਾਏ।

---

[1]ਟਿਕ ਕੇ ਬੈਠਣਾ। [2]ਹਉਮੈ। [3]ਲੱਗੀ ਹੈ। [4]ਪ੍ਰਾਣਾਂ ਦੇ ਪਯਾਰੇ। [5]ਇੱਛਾ ਹੈ। [6]ਪ੍ਰਮਾਤਮਾ
[7]ਗੁਰੂ ਜੀ ਨੂੰ ਪਛਾਣਨ ਵਾਲੇ। [8]ਭੌਰੇ। [9]ਆਦਰ ਵਾਲੇ। [10]ਅੱਗੇ। [11]ਨਾਲ।
*ਪਾ:-ਤਬਹਿ।

ਕਰਤਿ ਪ੍ਰੇਮ ਸਭਿ ਸਿੱਧ ਹਟਾਏ। ਆਗੈ ਪੁਨ ਸ਼੍ਰੀ ਗੁਰੂ ਸਿਧਾਏ* ॥74॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਤੇ ਬਿਦਾ ਹੋਨ' ਪ੍ਰਸੰਗ ਬਰਨਨੰ ਨਾਮ ਚੌਹਠਮੋ ਅਧ੍ਯਾਯ ॥ ੬੪ ॥

*ਸੁਮੇਰ ਹਿੰਦੂ ਪੌਰਾਣਕ ਅਖ੍ਯਾਯਕਾਂ ਦਾ ਇਕ ਪਰਬਤ ਹੈ, ਜੋ ਖ੍ਯਾਲੀ ਜਾਪਦਾ ਹੈ। ਇਹ ਓਥੇ ਜੰਬੂ ਦੀਪ ਦਾ ਕੇਂਦਰ ਮੰਨਿਆ ਹੈ। ਗ੍ਰੇਹ ਇਸਦੇ ਦੁਆਲੇ ਘੁੰਮਦੇ ਮੰਨੇ ਹਨ। ਉਚਾਈ ਇਸ ਦੀ ੮੪੦੦੦ ਯੋਜਨ ਹੈ, ਜਿਸ ਵਿਚੋਂ ੧੬੦੦੦ ਯੋਜਨ ਜ਼ਿਮੀਂ ਦੇ ਅੰਦਰ ਹੈ। ਇਸਦੀ ਸ਼ਕਲ ਮੁਰੱਬਾ, ਅੰਡਾਕਾਰ, ਤੇ ਗਾਜਰ ਵਰਗੀ ਮੰਨੀ ਹੈ। ਇਸਦੇ ਚਾਰ ਮੂੰਹ ਹਨ: ਪੂਰਬ ਦਾ ਚਿੱਟਾ, ਦੱਖਣ ਦਾ ਪੀਲਾ, ਉੱਤਰ ਦਾ ਲਾਲ, ਪੱਛਮ ਦਾ ਕਾਲਾ। ਅਕਾਸ਼ੋਂ ਇਕ ਗੰਗਾ ਇਸ ਪਰ ਉਤਰਦੀ ਹੈ ਜੋ ਚਾਰ ਧਾਰਾ ਹੋਕੇ ਚਾਰ ਪਾਸੇ ਜਗਤ ਵਿਚ ਵਗਦੀ ਹੈ। ਚਾਰ ਦਿਸ਼ਾ ਦੇ ਦਿਗਪਾਲ ਚਹੁੰ ਪਾਸਿਆਂ ਤੇ ਰਹਿੰਦੇ ਹਨ, ਪਰਬਤ ਇਹ ਸੋਨੇ ਤੇ ਰਤਨਾਂ ਦਾ ਹੈ। ਚੋਟੀ ਤੇ ਬ੍ਰਹਮਾ ਰਹਿੰਦਾ ਹੈ, ਜਿਥੇ ਪ੍ਰਿਥਵੀ ਦੇ ਤਪੱਸ੍ਵੀ ਲੋਕ ਤੇ ਅਕਾਸ਼ਾਂ ਦੇ ਗੰਧਰਵ ਤੇ ਸੁਰਗਾਂ ਦੇ ਦੇਵਤੇ ਆ ਕੱਠੇ ਹੁੰਦੇ ਹਨ।

ਜੇ ਹਿੰਦੂਆਂ ਦੀ ਨਵੀਨ ਖੋਜ ਨੂੰ—ਕਿ ਆਰਯ ਵਡਕੇ ਪਹਿਲਾਂ ਉੱਤਰੀ ਧ੍ਰੁਵ ਦੇ ਨੇੜੇ ਰਹਿੰਦੇ ਸਨ ਠੀਕ ਮੰਨ ਲਈਏ ਤਾਂ ਜਾਪਦਾ ਹੈ ਕਿ ਸ਼ਾਯਦ ਉੱਤਰੀ ਧ੍ਰੁਵ ਨੂੰ ਸੁਮੇਰੁ ਕਹਿੰਦੇ ਹੋਣ, ਕਿਉਂਕਿ ਭੂਗੋਲ ਵਿਦ੍ਯਾ ਵਾਲੇ ਉੱਤਰੀ ਧ੍ਰੁਵ ਨੂੰ ਸੁਮੇਰੂ ਤੇ ਦੱਖਣੀ ਨੂੰ ਕੁਮੇਰੂ ਹੁਣ ਤਕ ਕਹਿੰਦੇ ਹਨ। ਉੱਤਰੀ ਧ੍ਰੁਵ ਤੇ ਅੱਪੜਨਾ ਲਗ ਪਗ ਅਸੰਭਵ ਹੁੰਦਾ ਸੀ, ਉਸ ਬਾਬਤ ਪੌਰਾਣਕਾਂ ਨੇ ਰਚਨਾ ਸੁਹਣੀ ਰਚ ਲਈ ਜਾਪਦੀ ਹੈ, ਮਰਕਜ਼ ਇਕ ਤਰ੍ਹਾਂ ਉਹ ਹੈ ਹੀ ਤੇ ਜੰਬੂ ਦ੍ਵੀਪ ਤੋਂ ਮੁਰਾਦ ਕੀ ਜਾਣੀਏ ਉੱਤਰੀ ਸੀਤਕਟਬੰਧ ਤੋਂ ਹੋਵੇ, ਜਿਥੋਂ ਦੇ ਓਹ ਪਹਿਲਾਂ ਵਸਨੀਕ ਸਨ। ਜਦ ਏਹ ਲੋਕ ਉਨ੍ਹਾਂ ਬਰਫਾਨੀ ਧਰਤੀਆਂ ਤੋਂ ਹੇਠਾਂ ਉਤਰੇ ਤਦ ਕੀਹ ਜਾਣੀਏ ਯੂਰਾਲ ਪਹਾੜ ਨੂੰ ਸੁਮੇਰੂ ਕਹਿਣ ਲੱਗ ਪਏ ਹੋਣ, ਸੋਨਾਂ ਉਸ ਵਿਚੋਂ ਬੀ ਨਿਕਲਦਾ ਹੈ। ਜਦੋਂ ਏਹ ਵਡਕੇ ਹਿੰਦ ਵਿਚ ਆ ਰਹੇ ਤੇ ਵਧੇ ਫੈਲੇ ਤਦੋਂ ਜਾਪਦਾ ਹੈ ਕਿ ਹਿਮਾਲੇ ਦੀ ਕੈਲਾਸ਼, ਗੁਰਲਾ ਮਾਨਧਾਤਾ ਤੇ ਇਨ੍ਹਾਂ ਪਰਬਤਾਂ ਦੇ ਲਾਗ ਦੀ ਉੱਚ ਧਰਤੀ ਸੁਮੇਰੂ ਬਣ ਗਈ। ਸੋਨਾਂ ਇਸ ਧਰਤੀ ਦੇ ਲਾਗੋਂ ਬੀ ਨਿਕਲਦਾ ਹੈ। ਸਤਲੁਜ, ਸਿੰਧ, ਬ੍ਰਹਮ ਪੁੱਤ੍ਰਾ ਆਦਿ ਦਰਯਾ ਦੂਰ ਨੇੜੇ ਏਸੇ ਇਲਾਕੇ ਵਿਚੋਂ ਨਿਕਲਦੇ ਹਨ। ਪਾਂਡਵ ਆਦਿ ਏਸੇ ਪਾਸੇ ਗਏ ਸਨ ਜਿਸ ਨੂੰ ਸੁਮੇਰੁ ਕਿਹਾ ਹੈ।

ਜਿਸ ਇਲਾਕੇ ਦਾ ਨਾਮ ਸੁਮੇਰੁ ਕਰਕੇ ਏਥੇ ਆ ਰਿਹਾ ਹੈ, ਉਹ ਨਿਰਸੰਦੇਹ ਏਸੇ ਇਲਾਕੇ ਦਾ ਨਾਮ ਹੈ ਜੋ ਕੈਲਾਸ਼ ਦੇ ਪਾਸ ਹੈ, ਮਾਨ ਸਰੋਵਰ ਦੀ ਝੀਲ ਜਿੱਥੇ ਹੈ। ਕਿਉਂਕਿ ਕਵਿ ਜੀ ਅਧ੍ਯਾਯ ੬੦ ਅੰਕ ੧੩ ਵਿਚ ਪਤਾ ਦੇਂਦੇ ਹਨ ਕਿ ਹਿਮਾਲੇ ਦਾ ਇਹ ਘਰ ਹੈ, ਬਰਫ ਪੈਕੇ ਜੰਮ ਰਹੀ ਹੈ। ਫਿਰ ਭਾਈ ਬਾਲੇ ਵਾਲੀ ਸਾਖੀ ਜੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਮੂਲ ਹੈ ਦੇ ਸਫੇ ੨੭੩ ਤੇ ਕੈਲਾਸ਼ ਨਾਮ ਬੀ ਦਿੱਤਾ ਹੈ ਕਿ ਸੁਮੇਰੁ ਤੋਂ ਉੱਚੇ ਜਾਕੇ ਕੈਲਾਸ਼ ਪਰਬਤ ਆਯਾ। ਹਿਮਾਲੇ ਤੋਂ ਲੰਘਣਾ ਕੈਲਾਸ਼ ਦਾ ਪਤਾ ਦੇਣਾ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

## ੬੫. [ਗੁਰ ਚਰਣ ਮੰਗਲ। ਕਾਕ ਭਸੁੰਡ; ਦੱਤਾ ਤ੍ਰੇਯ।]

ਦੋਹਰਾ ॥ ਰਿਦੈ ਪਦਾਰਥ ਚਾਹਿੰ ਜੋ ਸਤਿਗੁਰੁ ਚਰਨ ਸਰੇਉ।
ਜੀਵਤਿ ਪਾਵਹੁ ਸਰਬ ਸੁਖ ਅੰਤ ਮੁਕਤਿ ਕੋ ਲੇਉ ॥੧॥

(ਪਿਛਲੇ ਪੰਨੇ ਦੀ ਬਾਕੀ ਟੂਕ)

ਤੇ ਫੇਰ ਜ਼ਿਕਰ ਤਾਲ ਦਾ ਆਉਣਾ ਕਿ ਗੋਰਖ ਨੇ ਗੁਰੂ ਜੀ ਨੂੰ ਤਾਲ ਤੋਂ ਪਾਣੀ ਭਰਕੇ ਲੈ ਆਉਣ ਲਈ ਕਿਹਾ-ਦੱਸਦਾ ਹੈ ਕਿ ਇਹ ਤਾਲ ਮਾਨ ਸਰੋਵਰ ਹੀ ਹੈ।

ਜੇ ਪੁਰਾਤਨ ਜਨਮ ਸਾਖੀ ਵਲ ਆਓ ਤਾਂ ਬੀ ਇਹੋ ਥਾਂ ਸਹੀ ਹੁੰਦੀ ਹੈ। ਕਸ਼ਮੀਰ ਦੀ ਯਾਤ੍ਰਾ ਮਗਰੋਂ ਲਿਖਿਆ ਹੈ ਕਿ ਸਵਾ ਲਾਖ ਪਰਬਤ ਲੰਘਿਆ ਅਗੇ ਸੁਮੇਰੁ ਜਾਇ ਚੜਿਆ ਜਹਾਂ ਮਹਾਂਦੇਵ ਕਾ ਅਸਥਾਨ ਥਾ। ਕਸ਼ਮੀਰ ਤੋਂ ਲੱਦਾਖ ਜਾਕੇ ਅੱਗੇ ਮਾਨ ਸਰੋਵਰ ਨੂੰ ਜਾ ਸਕੀਦਾ ਹੈ, ਪਰ ਕਸ਼ਮੀਰ ਤੋਂ ਸ਼ਿਮਲੇ ਆਦਿ ਪਹਾੜਾਂ ਥਾਣੀਂ ਬੀ ਮਾਨ ਸਰੋਵਰ ਨੂੰ ਜਾ ਸਕੀਦਾ ਹੈ। ਕਸ਼ਮੀਰ ਤੋਂ ਕੈਲਾਸ਼ ਤਕ ਅਨੇਕ ਪਰਬਤ ਲੰਘਣੇ ਪੈਂਦੇ ਹਨ, ਤੇ ਕੈਲਾਸ਼ ਮਹਾਂ ਦੇਵ (ਸ਼ਿਵਜੀ) ਦਾ ਪਹਾੜ ਮੰਨੀ ਪ੍ਰਮੰਨੀ ਗਲ ਹੈ, ਫਿਰ ਇਹ ਬੀ ਲਿਖਿਆ ਹੈ ਕਿ ਸਿੱਧਾਂ ਪਾਣੀ ਭਰ ਲਿਆਉਣ ਵਾਸਤੇ ਡਿੱਬੀ ਦਿੱਤੀ।

ਇਸਤੋਂ ਬੀ ਪੁਰਾਣੀ ਲਿਖਤ ਭਾਈ ਗੁਰਦਾਸ ਜੀ ਦੀ ਹੈ। ਓਹ ਬੀ ਸੁਮੇਰੁ ਜਾ ਚੜਿਆ ਲਿਖਦੇ ਹਨ, ਤੇ ਪਾਣੀ ਭਰ ਲਿਆਉਣ ਦੀ ਗੱਲ ਦੱਸਦੇ ਹਨ, ਪਰ ਹੋਰ ਕੋਈ ਪਤਾ ਨਹੀਂ ਮਿਲਦਾ। ਪਰ 'ਸਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ' ਵਿਚ ਇਸ ਦਿਗ ਬਿਜੈ ਦਾ ਪਤਾ ਜ਼ਰੂਰ ਦੇਂਦੇ ਹਨ।

ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਬਦਰੀਨਾਥ ਤੋਂ ਅੱਠ ਦਸ ਕੋਹ ਚੜ੍ਹਦੀ ਵਲ ੧੭ ਹਜ਼ਾਰ ਛੇ ਸੌ ਬਹੱਤ੍ਰ ਫੁਟ ਦੀ ਉਚਾਈ ਵਾਲਾ ਹੇਮਕੁੰਟ ਪਰਬਤ ਲੰਘ ਕੇ ਅਨੇਕ ਸਾਧੂ ਰਿਖੀਆਂ ਨਾਲ ਚਰਚਾ ਕਰਦੇ ਹਿਮਾਲਯ ਜਾ ਚੜ੍ਹੇ, ਅੱਗੇ ਸਿਰਧਾਰ ਪਰਬਤ ਜਾ ਚੜ੍ਹੇ, ਫੇਰ ਗੋਰਖ ਆਦਿ ਮਿਲੇ। ਅਲਮੋੜੇ ਤੋਂ ਬੀ ਗੜ੍ਹਤੋਕ ਤੇ ਅੱਗੋਂ ਮਾਨ ਸਰੋਵਰ ਨੂੰ ਰਸਤਾ ਹੈ। ਸਭ ਤੋਂ ਅਖੀਰਲੀ ਸ਼ੈ ਮੈਕਾਲਫ ਦਾ ਲੇਖ ਹੈ। ਉਹ ਲਿਖਦਾ ਹੈ ਕਿ ਗੁਰੂ ਜੀ ਸਿਰੀ ਨਗਰ ਤੋਂ ਟੁਰਕੇ ਉੱਚੇ ਉੱਚੇ ਪਹਾੜ ਲੰਘਕੇ ਸੁਮੇਰੁ ਤੇ ਅੱਪੜੇ ਤੇ ਸਿੱਧਾਂ ਨਾਲ ਚਰਚਾ ਹੋਈ।

ਸੋ ਪਤਾ ਇਹ ਲਗਾ ਕਿ ਇਸੇ ਮਾਨ ਸਰੋਵਰ ਵਾਲੇ ਸੁਮੇਰੁ ਤੇ ਗੁਰੂ ਜੀ ਗਏ ਹਨ, ਪਰੰਤੂ ਭਾਈ ਸੰਤੋਖ ਸਿੰਘ ਜੀ ਵਿਚ ਵਿਚ ਠਹੌਲੇ ਓਸ ਸੁਮੇਰੁ ਦੇ ਦੇ ਜਾਂਦੇ ਹਨ ਜੋ ਸ਼ਾਸਤ੍ਰਾਂ ਵਿੱਚ ਕਲਪਤ ਕੀਤਾ ਹੋਯਾ ਹੈ, ਮਿਣਤੀਆਂ ਬੀ ਉਸੇ ਪ੍ਰਕਾਰ ਦੀਆਂ ਕਹਿ ਜਾਂਦੇ ਹਨ, ਕਈ ਇਕ ਪੁਰਾਣੇ ਤਪੱਸ੍ਰੀਆਂ ਦੇ ਟਿਕਾਣੇ ਬੀ ਦੱਸਦੇ ਹਨ, ਚੰਦ ਸੂਰਜ ਤੋਂ ਉੱਚਾ ਬੀ ਉਸ ਨੂੰ ਕਹਿ ਜਾਂਦੇ ਹਨ। ਜੋ ਅਸਲੀ ਸਾਖੀ ਸੀ ਉਸ ਵਿਚ ਪਤਾ ਨਹੀਂ ਕਿਵੇਂ ਸੀ, ਪਰ ਹਿੰਦਾਲੀਆਂ ਦੀ ਵਿਗਾੜ ਹੋ ਕੀਤੀ ਸਾਖੀ ਵਿਚ ਬੀ ਸ਼ਾਸਤ੍ਰੀ ਸੁਮੇਰੁ ਦੇ ਕਈ ਲੱਛਣ ਕੀਤੇ ਹਨ, ਪਰ ਕੈਲਾਸ਼ ਦੇ ਕੋਲ ਉਸ ਨੂੰ ਦੱਸਕੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਅਰਥ—ਜੇ ਰਿਦੇ (ਵਿਚ) ਪਦਾਰਥ (ਬੀ) ਚਾਹੇਂ (ਤਾਂ) ਸਤਿਗੁਰੂ ਦੇ ਚਰਨ ਸੇਵਨ ਕਰ, (ਚਰਨ ਸੇਵਣ ਨਾਲ) ਜੀਉਂਦਿਆਂ ਸਾਰੇ ਸੁਖ ਪ੍ਰਾਪਤ ਹੋਣਗੇ (ਅਤੇ) ਅੰਤ ਨੂੰ ਮੁਕਤ ਨੂੰ ਲਹੰਗੇ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸਿੱਧ ਕਰ ਦਿੱਤਾ ਕਿ ਉਸ ਦੀ ਮੁਰਾਦ ਬੀ ਮਾਨਸਰੋਵਰ ਦੇ ਇਲਾਕੇ ਤੋਂ ਹੈ।

ਅਜ ਕਲ ਕਈ ਯਾਤਰੂ ਹਿਮਾਲਯ ਦੇ ਤਿੱਬਤ ਵਾਲੇ ਇਸ ਸੁਮੇਰੁ ਹੋ ਆਏ ਹਨ, ਦੁਨਾਂਚਿ ਸਾਨੂੰ ਇਕ ਹੋ ਆਏ ਸਜਨ (ਭ੍ਰਾਃ ਕਸ਼ਮੀਰਾ ਸਿੰਘ ਜੀ) ਨੇ ਦੱਸਿਆ ਹੈ ਕਿ ਮਾਨ ਸਰੋਵਰ ਦੇ ਚਾਰ ਪਾਸੇ ਚਾਰ ਗੁਫਾ ਦੇ ਮੰਦਰ ਹਨ, ਜਿਨ੍ਹਾਂ ਵਿਚ ਬੁਧ ਮਤ ਤੇ ਹੋਰ ਬਜ਼ੁਰਗਾਂ ਦੇ ਪੁਸਤਕ ਤੇ ਬੁੱਤ ਹਨ, ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਬੀ ਹੈ। ਏਥੇ ਕੋਈ ਖਾਸ ਮੇਲੇ ਨਹੀਂ ਲਗਦੇ, ਸਿਆਲੇ ਰਹਿ ਸਕਣਾ ਕਠਨ ਹੈ, ਗਰਮੀਆਂ ਦੇ ਚਾਰ ਮਹੀਨੇ ਯਾਤ੍ਰਾ ਖੁੱਲ੍ਹੀ ਰਹਿੰਦੀ ਹੈ, ਤਿੱਬਤੀ ਲੋਕ ਇਨ੍ਹਾਂ ਨੂੰ ਪਿਵੱਤ੍ਰ ਤੀਰਥ ਮੰਨਦੇ ਹਨ, ਹਿੰਦੂ ਸਾਧੂ ਬੀ ਕਈ ਜਾਂਦੇ ਹਨ। ਤਿਬਤੀਆਂ ਨੂੰ ਕੰਨਪਾਟੇ ਜੋਗੀਆਂ ਨਾਲ ਖਾਸ ਵੈਰ ਹੈ, ਇਹ ਗਲ ਸਾਡੇ ਸਜਣ ਨੂੰ ਓਥੇ ਕਿਸੇ ਨੇ ਖਾਸ ਦੱਸੀ ਸੀ। ਇਸ ਤੋਂ ਜਾਪਦਾ ਹੈ ਕਿ ਗੁਰੂ ਜੀ ਦੇ ਸਮੇਂ ਜੋਗੀ ਉਰਲੇ ਪਹਾੜਾਂ 'ਗੜ੍ਹਤੋਕ' ਆਦਿ ਇਲਾਕਿਆਂ ਵਿਚ ਮਾਨਤਾ ਰਖਦੇ ਹੋਣਗੇ ਅਤੇ ਰਹਿੰਦੇ ਹੋਣਗੇ ਅਰ ਗਰਮੀਆਂ ਵਿਚ ਮਾਨਸਰੋਵਰ ਜਾ ਮੱਲ ਬੈਠਦੇ ਹੋਣਗੇ ਯਾ ਮਾਨਸਰੋਵਰ ਦੇ ਗੁਫਾ ਮੰਦਰ ਇਨ੍ਹਾਂ ਨੇ ਸਿੱਧੀਆਂ ਕਰਾਮਾਤਾਂ ਤੇ ਡਰਾਵਿਆਂ ਦੇ ਜ਼ੋਰ ਨਾਲ ਬੋਧੀਆਂ ਤੋਂ ਖੱਸ ਲਏ ਹੋਣਗੇ। ਗੁਰੂ ਜੀ ਦੀ ਚਰਚਾ ਵੇਲੇ ਜ਼ਿਕਰ ਆਯਾ ਹੈ ਕਿ ਓਹ ਜੋਗੀ ਸ਼ਰਾਬ ਪੀਂਦੇ ਸਨ, ਜੋ ਪਹਿਲੋਂ ਭਾਵੇਂ ਸਰਦੀ ਦੀ ਬਹੁਲਤਾ ਕਰਕੇ ਸ਼ੁਰੂ ਹੋਈ ਹੋਵੇ, ਪਰ ਫੇਰ ਤਪੱਸਯਾ ਦੀ ਥਾਂ ਇਹ ਰਹਿ ਗਈ ਹੋਵੇ ਯਾ ਤਪੱਸਯਾ ਦੇ ਨਾਲ ਸ਼ਰਾਬ ਇਕ ਅੰਗ ਬਣ ਗਈ ਹੋਵੇ।

ਭਾਈ ਦਿਦਾਰ ਸਿੰਘ ਜੀ ਜੋ ਸ਼ਿਮਲੇ ਤੇ ਤਿੱਬਤ ਦੀ ਸਰਹੱਦ ਦੇ ਪਹਾੜਾਂ ਵਿਚ ਰਹਿ ਆਏ ਹਨ, ਦੱਸਦੇ ਹਨ ਕਿ ਸਰਹੱਦੀ ਤਿੱਬਤ ਤੇ ਗੜ੍ਹਤੋਕ ਦੇ ਇਲਾਕੇ ਵਿਚ ਪੂਰੇ ਪੂਰੇ ਨਿਸ਼ਾਨ ਗੁਰੂ ਨਾਨਕ ਦੇਵ ਜੀ ਦੇ ਓਧਰ ਜਾਣ, ਉਪਦੇਸ਼ ਕਰਨ, ਸੀਆਦਾਨ ਦੇਣ ਦੇ ਹੁਣ ਤਕ ਮੌਜੂਦ ਹਨ।

ਤਿੱਬਤ ਦੇ ਵਿਚ ਦੋ ਤਰ੍ਹਾਂ ਦੇ ਲੋਕ ਵੱਸਦੇ ਹਨ।

(੧) ਮਹਾਤਮਾਂ ਬੁਧ ਦੇ ਪੈਰੋਕਾਰ—ਇਨ੍ਹਾਂ ਦਾ ਜਾਪ ਇਹ ਹੈ।

ਓਂ ਮਨੀ ਪਦਮਿਹੁੰ

ਇਹ ਲੋਕ ਜਿਸ ਵੇਲੇ ਇਸ ਮੰਤਰ ਦਾ ਜਿੰਨੀ ਵਾਰ ਜਾਪ ਕਰਨਾ ਹੁੰਦਾ ਹੈ ਕਰ ਲੈਣ ਤਦ ਅੰਤਲੀ ਵਾਰ ਇਸ ਦੇ ਪਿਛੇ 'ਸ਼ੀ' ਵਧਾ ਦੇਂਦੇ ਹਨ। ਇਹਨਾਂ ਦੇ ਮੰਦਰਾਂ ਵਿਚ ਬੁਧ ਦੀ ਸਮਾਧੀ ਦੀ ਯੁਬਾ ਅਵਸਥਾ ਦੀਆਂ ਮੂਰਤੀਆਂ ਹੁੰਦੀਆਂ ਹਨ, ਇਹ ਸਿਰ ਨੂੰ ਮੁਨਾਈ ਰੱਖਦੇ ਹਨ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਭਾਵ—ਚਰਣਾਂ ਦੀ ਅਰਾਧਨਾ ਜੇ ਪਦਾਰਥ ਲਈ ਕੀਤੀ ਤਾਂ ਓਹ ਸ਼ੈ ਤਾਂ ਲੱਭੇ ਹੀ ਗੀ ਜਿਸ ਪਰ ਮਨ ਦ੍ਰਿੜ ਤੇ ਏਕਾਗ੍ਰ ਕੀਤਾ ਹੈ, ਪਰ ਮੁਕਤੀ ਭੀ ਮਿਲੇਗੀ। ਇਹ ਗਲ ਕਵੀ ਜੀ ਨੇ ਦੱਸੀ ਹੈ ਪਰ ਕਾਰਣ ਨਹੀਂ ਦੱਸਿਆ, ਕਾਰਣ ਏਹ ਹੈ ਕਿ ਚਰਣਾ

(ਪਿਛਲੇ ਪੰਨੇ ਦੀ ਟੂਕ ਦੀ ਬਾਕੀ)

(੨) ਓਹ ਲੋਕ ਜੇਹੜੇ ਇਸ ਮੰਤਰ ਦਾ ਜਾਪ ਕਰਦੇ ਹਨ:—

'ਓਂ ਆਹੂੰ ਭੱਦਰਾ ਗੁਰੂ, ਪਦਮਾਂ ਸਿਧੀ ਹੂੰ'

'ਬਹੱਦਰਾ' ਯਾ 'ਭੱਦਰਾ ਗੁਰੂ' ਦੇ ਅਰਥ ਹਨ 'ਵਡਾ ਗੁਰੂ' 'ਸ੍ਰੇਸ਼ਟ ਗੁਰੂ', ਇਨ੍ਹਾਂ ਲੋਕਾਂ ਦੇ ਸਿਰ ਤੇ ਕੇਸ਼ ਹੁੰਦੇ ਹਨ, ਹੱਥ ਵਿਚ ਸਿਪ ਦਾ ਕੜਾ ਪਾਂਦੇ ਹਨ ਤੇ ਛੋਟੀ ਜਹੀ ਕ੍ਰਿਪਾਨ ਵੀ ਆਮ ਤੌਰ ਤੇ ਪਾਸ ਰਖਦੇ ਹਨ, ਜਿਸ ਨੂੰ ਕਿ ਇਹ ਕਾਰੂਦ ਕਹਿੰਦੇ ਹਨ।

ਇਨ੍ਹਾਂ ਲੋਕਾਂ ਦੇ ਮੰਦਰਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਮੂਰਤੀ ਰੱਖੀ ਹੁੰਦੀ ਹੈ। ਲਿਪਾ ਕਾਨਮ ਪੂਹਾ ਆਦਿਕ ਅਸਥਾਨਾਂ ਦੀਆਂ ਸੜਕਾਂ ਤੇ ਥੋੜੀ ਥੋੜੀ ਵਾਟ ਪਰ ਸੜਕ ਦੇ ਦੋਨੋਂ ਪਾਸੀਂ ਗੜਤੋਕ ਤਕ ਦੋ ਦੋ ਥੰਮ ਖੜੇ ਕਰਕੇ ਸੜਕ ਨੂੰ ਛੱਤਿਆ ਹੋਇਆ ਹੈ ਤੇ ਇਸ ਛਤ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਤਸਵੀਰ ਬਣੀ ਹੋਈ ਹੈ। ਇਸ ਤਰ੍ਹਾਂ ਦੀਆਂ ਮੂਰਤਾਂ ਸ਼ਿਮਲੇ ਤੋਂ ਤਿੱਬਤ ਨੂੰ ਜਾਣ ਵਾਲੀ ਸੜਕ ਤੇ ਸ਼ਿਮਲੇ ਤੋਂ ਇਕ ਸੌ ਸਠਵੇਂ ਮੀਲ ਤੋਂ ਸ਼ੁਰੂ ਹੋ ਜਾਂਦੀਆਂ ਹਨ।

ਸ਼ਹਿਰ ਲਿਪਾ ਦਾ 'ਦੇਵੀ ਰਾਮ' ਨਾਮ ਦਾ ਲਾਂਮਾ ਆਪਣੇ ਸਮੇਂ ਵਿਚ ਬੜਾ ਵਿੱਦਵਾਨ ਤੇ ਤੇਜੱਸ੍ਵੀ ਹੋਇਆ ਹੈ। ਇਕ ਵੇਰ 'ਕਾਨਮ' ਦਾ 'ਤਵਾਰਕੀ' ਨਾਮੇ ਲਾਂਮਾ (ਤਿਬਤ ਵਿਚ ਲਾਮਾ ਧਾਰਮਕ ਆਗੂ ਨੂੰ ਕਹਿੰਦੇ ਹਨ) ਤੇ ਕੁਝ ਹੋਰ ਲਾਂਮੇ ਆਏ ਇਕੱਠੇ ਹੋਏ ਹੋਏ ਸਨ, ਇਹਨਾਂ ਤੇ ਪ੍ਰਸ਼ਨ ਕੀਤਾ ਗਿਆ ਕਿ 'ਭੱਦਰਾ ਗੁਰੂ' ਕੌਣ ਹੈ ਜਿਸ ਦੀ ਤੁਸੀਂ ਪੂਜਾ ਕਰਦੇ ਹੋ? ਓਹਨਾਂ ਸਾਰਿਆਂ ਨੇ ਦੇਵੀ ਰਾਮ ਵੱਲ ਵੇਖਿਆ ਤੇ ਉੱਤਰ ਦੇਣ ਲਈ ਕਿਹਾ। ਦੇਵੀ ਰਾਮ ਨੇ ਉੱਤਰ ਵਿੱਚ ਦੱਸਿਆ ਕਿ ਭੱਦ੍ਰਾ ਗੁਰੂ ਪੰਜਾਬ ਵਿਚ ਹੋਇਆ ਹੈ। ਦੇਵੀ ਰਾਮ ਤੋਂ ਪੁੱਛਿਆ ਗਿਆ ਕਿ ਓਹਦਾ ਨਾਮ ਕੀ ਹੈ? ਤਦ ਉਸ ਨੇ ਕਿਹਾ ਗੁਰੂ ਪਤੀ ਹੈ ਤੇ ਅਸੀਂ ਉਹਦੀਆਂ ਚੇਲੀਆਂ ਹਾਂ। ਪੰਜਾਬ ਵਿਚ ਕੋਈ ਇਸਤ੍ਰੀ ਆਪਣੇ ਪਤੀ ਦਾ ਨਾਮ ਨਹੀਂ ਲੈਂਦੀ, ਸੋ ਅਸੀਂ ਗੁਰੂ ਦਾ ਨਾਮ ਕਿਸ ਤਰ੍ਹਾਂ ਲੈ ਸਕਦੇ ਹਾਂ। ਫਿਰ ਪੁੱਛਿਆ ਗਿਆ ਕਿ ਆਖਰ ਕੁਝ ਪਤਾ ਦੱਸੋ ਕਿ ਤੁਹਾਡਾ ਗੁਰੂ ਕਿਹੜਾ ਹੈ? ਤਦ ਦੇਵੀ ਰਾਮ ਲਾਂਮਾ ਨੇ ਕਿਹਾ ਕਿ ਸਾਡਾ ਭੱਦਰਾ ਗੁਰੂ ਓਹ ਹੈ ਜਿਸ ਨੇ ਮੱਕਾ ਫੇਰਿਆ, ਜਿਸ ਨੇ ਰੇਠੇ ਮਿੱਠੇ ਕੀਤੇ, ਜਿਸ ਨੇ ਸਿੱਧਾਂ ਨਾਲ ਗੋਸ਼ਟ ਕਰਕੇ ਓਹਨਾਂ ਤੇ ਫਿਜੇ ਪਾਈ, ਜਿਸ ਨੇ ਦਸ ਜਾਮੇ ਧਾਰੇ, ਸ੍ਰੀ ਅੰਮ੍ਰਿਤਸਰ ਵਿਚ ਹਰਿ ਮੰਦਰ ਰਚਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਬਣਾਇਆ, ਛੇਵੇਂ ਜਾਮੇ ਜੰਗ ਕੀਤੇ ਤੇ ਦਸਵੇਂ ਜਾਮੇ ਸਿੰਘ ਸਜਾਏ। ਦੇਵੀ ਰਾਮ ਲਾਂਮੇ ਤੋਂ ਪੁੱਛਿਆ ਗਿਆ ਕਿ ਭੱਦਰਾ ਗੁਰੂ ਦੇ ਦਸਾਂ ਜਾਮਿਆਂ ਵਿਚ ਅਵਤਰਣ ਦਾ ਹਾਲ ਕੀ ਤੁਸਾਂ ਸਿੱਖਾਂ ਦੀ ਤਾਰੀਖ ਤੋਂ ਪੜ੍ਹਿਆ ਹੈ? ਉਤਰ ਵਿਚ ਦੇਵੀ ਰਾਮ ਨੇ ਕਿਹਾ ਕਿ ਤਿੱਬਤ ਦੀ ਭਾਸ਼ਾ ਵਿਚ ਇਸੇ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

ਦਾ ਧਯਾਨ ਅਪਣੇ ਸੁਭਾਵਕ ਅਸਰ ਵਿਚ ਮੁਕਤੀ ਦਾਤਾ ਹੈ। ਸਤਿਗੁਰ ਚਰਣਾਂ ਦੇ ਪ੍ਰੇਮੀ ਤੇ ਧਯਾਨੀ ਉਥੋਂ ਉਹੋ ਸ਼ੈ ਪ੍ਰਾਪਤ ਕਰਦੇ ਹਨ ਜੋ ਉਥੇ ਸੁਤੇ ਸਿੱਧ ਹੈ, ਪਰ ਅਪਣੇ ਮਨ ਦੀ ਭਾਵਨਾ ਪਦਾਰਥ ਵਲ ਹੋਣ ਕਰਕੇ ਉਥੋਂ ਮਨੋਕਾਮਨਾ ਬੀ ਮਿਲਦੀ ਹੈ, ਪਰ ਚਰਣਾਂ ਦਾ ਸੁਤੇ ਸੁਭਾਵ ਜੋ ਮੁਕਤੀ ਦਾਨ ਕਰਨਾ ਹੈ ਉਹ ਭੀ ਨਾਲੋ ਨਾਲ ਅਪਣਾ ਅਸਰ ਕਰਦਾ ਜਾਏਗਾ, ਇਥੋਂ ਤੱਕ ਕਿ ਧਯਾਨੀ ਨੂੰ ਉੱਚੀ ਮਤਿ ਦਾਨ ਕਰੇਗਾ ਅਰ ਓਹ 'ਮੁਕਤਿ ਮਾਰਗ' ਵਿਚ ਪਰਵੇਸ਼ ਕਰ ਜਾਏਗਾ।

---

[ਪਿਛਲੇ ਪੰਨੇ ਦੀ ਬਾਕੀ ਟੂਕ]
ਦੇਸ਼ ਦੀ ਲਿਪੀ ਵਿਚ ਭੋਜ ਪੱਤਰਾਂ ਤੇ ਲਿਖਿਆ ਇਕ ਗ਼ਾਰ ਦੇ ਵਿਚੋਂ ਪ੍ਰਾਚੀਨ ਇਤਿਹਾਸ ਸਾਡੇ ਮੁਲਕ ਵਿਚ ਮਿਲਿਆ ਹੈ ਮੈਂ ਇਹ ਹਾਲ ਉਹਦੇ ਵਿਚੋਂ ਪੜ੍ਹੇ ਹਨ।

ਇਹਨਾਂ ਲੋਕਾਂ ਦੀ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਰਵਾਲਸਰ ਤੀਰਥ ਤੇ ਬੜੀ ਸ਼ਰਧਾ ਹੈ ਤੇ ਇਨ੍ਹਾਂ ਤੀਰਥਾਂ ਦੀ ਯਾਤ੍ਰਾ ਲਈ ਏਹ ਬੜੀ ਸ਼ਰਧਾ ਨਾਲ ਆਉਂਦੇ ਤੇ ਸ਼ਾਸ਼ਟਾਂਗ ਡੰਡਵਤ ਪ੍ਰਣਾਮ ਕਰਦੇ ਹੋਏ ਪ੍ਰਕਰਮਾਂ ਕਰਦੇ ਹਨ। ਇਹ ਨਜ਼ਾਰਾ ਸ਼੍ਰੀ ਦਰਬਾਰ ਸਾਹਿਬ ਜੀ ਵਿਚ ਕਈ ਵੇਰ ਲੋਕਾਂ ਨੇ ਅੱਖੀਂ ਡਿੱਠਾ ਹੈ ਤੇ ਹਰ ਸਾਲ ਦੇਖੀਦਾ ਹੈ।

ਲਿਪਾ ਦੇ ਮੰਦਰ ਵਿਚ ਇਕ ਵੇਰ ਇਕ ਤਮਾਕੂ ਪੀਣ ਵਾਲਾ ਮਨੁੱਖ ਵੜ ਗਿਆ, ਲਾਂਮੇ ਨੂੰ ਜਦ ਇਸ ਗਲ ਦਾ ਪਤਾ ਲਗਾ ਤਦ ੪੮ ਘੰਟੇ ਓਸ ਮੰਦਰ ਨੂੰ ਅੰਦਰੋਂ ਚੱਪਾ ਚੱਪਾ ਥਾਂ ਤੋਂ ਧੋਂਦੇ ਰਹੇ ਤੇ ਸੈਂਕੜੇ ਆਦਮੀ

'ਓਂ ਆਹੂੰ ਭੱਦਰਾ ਗੁਰੂ ਪਦਮਾਂ ਸਿਧੀ ਹੂੰ'

ਦਾ ਜਾਪ ਕਰਦੇ ਰਹੇ। ਇਹਨਾਂ ਲੋਕਾਂ ਦੀ ਤਿੱਬਤ ਵਿਚ ਚੋਖੀ ਵਸੋਂ ਹੈ। ਬੁਧ ਦੇ ਮੰਦਰਾਂ ਦੀ ਇਹ ਪੂਜਾ ਨਹੀਂ ਕਰਦੇ, ਕਿੰਤੂ ਬੋਧੀ ਇਹਨਾਂ ਦੇ ਮੰਦਰਾਂ ਦੀ ਪੂਜਾ ਆਪਣੇ ਇਸ਼ਟ ਵਤ ਕਰਦੇ ਹਨ।

ਇਸ ਇਲਾਕੇ ਵਿਚ ਰਾਮ ਚੰਦਰ ਆਦਿਕ ਦੇਵਤਿਆਂ ਦੀ ਪੂਜਾ ਬੀ ਹੁੰਦੀ ਹੈ ਤੇ ਹਰ ਪਿੰਡ ਦਾ ਲਗ ਪਗ ਦੇਵਤਾ ਵੱਖਰਾ ਹੁੰਦਾ ਹੈ। ਦੇਵੀ ਰਾਮ ਤੋਂ ਪੁਛਣ ਤੇ ਉਸ ਨੇ ਦੱਸਿਆ ਕਿ ਰਾਮ ਚੰਦਰ ਆਦਿਕ ਦੇਵ ਮੰਡਲ ਦੇ ਹਨ, ਮਹਾਤਮਾ ਬੁਧ ਮੁਕਤ ਹੈ, ਇਸ ਕਰਕੇ ਇਹਨਾਂ ਵਿਚੋਂ ਮਹਾਤਮਾ ਬੁਧ ਬਹੁਤ ਉਚਾ ਹੈ, ਕਿੰਤੂ ਭੱਦਰਾ ਗੁਰੂ ਮੁਕਤੀ ਦਾਤਾ ਹੈ ਤੇ ਬੁੱਧ ਮੁਕਤੀ ਲੈਣ ਵਾਲਾ, ਇਸ ਕਰਕੇ ਉਹ ਬੁੱਧ ਜੀ ਤੋਂ ਬਹੁਤ ਉੱਚਾ ਹੈ।

ਇਹ ਗਲ ਬੀ ਦਸਦੇ ਹਨ ਕਿ ਕੰਨ ਪਾਟਿਆਂ ਜੋਗੀਆਂ ਤੋਂ ਏਹ ਲੋਗ ਘ੍ਰਿਣਾਂ ਕਰਦੇ ਹਨ। ਜਾਪਦਾ ਹੈ ਕਿ ਉਨ੍ਹਾਂ ਦੇ ਹਥੋਂ ਗੁਰੂ ਜੀ ਵੇਲੇ ਏਹ ਲੋਕ ਤੰਗ ਸਨ, ਤੇ ਸਤਿਗੁਰੂ ਜੀ ਦੀ ਉਨ੍ਹਾਂ ਪਰ ਬਿਜੈ ਪਾਉਣ ਤੇ ਉਨ੍ਹਾਂ ਦਾ ਸਤਿਕਾਰ ਤੇ ਭੈ ਇਨ੍ਹਾਂ ਦੇ ਦਿਲਾਂ ਤੋਂ ਟੁਟ ਗਿਆ, ਤੇ ਉਨ੍ਹਾਂ ਦੀ ਸ਼ਰਾਬ ਨੋਸ਼ੀ ਆਦਿ ਮਾੜੇ ਕੰਮਾਂ ਤੋਂ ਘ੍ਰਿਣਾਂ ਹੋ ਗਈ। ਏਹ ਲੋਕ ਗੁਰੂ ਜੀ ਦੇ ਉਪਾਸ਼ਕ ਹੋ ਗਏ ਤੇ ਸਿੱਧ ਓਥੋਂ ਹੇਠਾਂ ਆ ਗਏ। ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰ੍ਧ ਵਿਚ ਕਈ ਥਾਈਂ ਗੋਰਖ ਆਦਿ ਓਹੋ ਸਿੱਧ ਫਿਰ ਫਿਰ ਹਿੰਦ ਦੇ ਮੈਦਾਨਾਂ ਵਿਚ ਮਿਲਦੇ ਹਨ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ॥ ਅੱਗ੍ਰਜ ਗਮਨੇ ਸ੍ਰੀ ਗੁਰੂ ਗਏ ਏਕ ਅਸਥਾਨ। ਕਾਕ ਭਸੁੰਡ ਬੈਠੋ ਜਹਾਂ ਪੰਖਨ* ਬਿਖੇ ਮਹਾਨ ॥੨॥ ਚੌਪਈ॥ ਬਹੁ ਬਿਹੰਗ ਹੈਂ ਅਨਗਨ ਜਹਿੰਵਾ। ਕਾਕ ਭਸੁੰਡ ਬਿਰਾਜੈ ਤਹਿੰਵਾ। ਬੈਸਨੋ ਆਪ

---

*ਅਕਾਸ਼ੀ ਬ੍ਰਿਤਿ ਵਾਲੇ ਤਿਆਗੀ ਨੂੰ ਬਿਹੰਗਮ (ਪੰਛੀ) ਕਿਹਾ ਜਾਂਦਾ ਹੈ। ਕਾਕ ਭਸੁੰਡ ਇਕ ਕਿਸੇ ਤਿਆਗੀ ਦਾ ਨਾਮ ਹੈ। ਕਾਕ ਭਸੁੰਡ ਨੂੰ ਚਿਰਜੀਵੀ ਮੰਨਿਆ ਗਿਆ ਹੈ। ਇਸ ਦੀ ਕਥਾ ਇਸ ਅਧਯਾਯ ਵਿਚ ਦਿੱਤੀ ਹੈ। ਪੌਰਾਣਕ ਪ੍ਰਸੰਗ ਹੈ, ਕਿ ਇਕ ਭਗਤੀ ਭਾਵ ਵਾਲੇ ਬ੍ਰਹਮਣ ਨੂੰ ਲੋਮਸ ਨੇ ਸਰਾਪ ਦਿੱਤਾ ਸੀ ਕਾਂ ਹੋ ਜਾਣ ਦਾ। 'ਦੋ ਅਡ ਇਸ਼ਟ ਦੇਵਾਂ ਦੇ ਪੂਜਕਾਂ ਵਿਚ ਵਿਰੋਧ ਨਹੀਂ ਚਾਹੀਦਾ' ਇਹ ਇਸ ਵਿਚ ਉਪਦੇਸ਼ ਹੈ। ਠੀਕ ਐਉਂ ਜਾਪਦਾ ਹੈ ਇਸ ਨਾਮ ਦਾ ਕੋਈ ਵਡੀ ਉਮਰ ਵਾਲਾ ਤਯਾਗੀ ਤੇ ਭਗਤ ਪੁਰਖ ਸਤਿਗੁਰ ਜੀ ਨੂੰ ਏਥੇ ਮਿਲਿਆ ਹੈ। ਜਨਮ ਸਾਖੀ ਵਾਲੇ ਨੇ ਪੌਰਾਣਕ ਕਥਾ ਨਾਲ ਜੋੜ ਦਿੱਤੀ ਹੈ ਤੇ ਕਵਿ ਜੀ ਨੇ ਓਹੋ ਕਵਿਤਾ ਵਿਚ ਅਨੁਵਾਦ ਕਰ ਦਿੱਤੀ ਹੈ, ਸ਼ਾਇਦ ਪੌਰਾਣਕ ਕਥਾ ਵਿਚ ਜੋ ਤਪੱਸ੍ਰੀਆਂ ਦੇ ਕ੍ਰੋਧ ਤੇ ਸ੍ਰਾਪ ਦੇਣ ਦਾ ਮਹਾਨ ਅਵਗੁਣ ਸੀ, ਉਹ ਦਿਖਾਉਣ ਦਾ ਪ੍ਰਯੋਜਨ ਹੈ, ਉਸ ਦੇ ਮੁਕਾਬਲੇ ਸਤਿਗੁਰ ਜੀ ਕੈਸੇ ਦਿਆਲ ਮੂਰਤੀ ਤੇ ਬਖਸ਼ਿੰਦ ਹਨ, ਇਹ ਗਲ ਸਪਸ਼ਟ ਕੀਤੀ ਹੈ। ਵਡੀ ਉਮਰਾ ਬਾਬਤ ਪੜ੍ਹੋ ਟੂਕ ਅਧਯਾਯ ੬੫ ਅੰਕ ੫੮ ਦੀ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਸੋ ਸਾਰੀ ਖੋਜ ਪੜਤਾਲ ਇਹ ਦੱਸਦੀ ਹੈ ਕਿ ਗੁਰੂ ਜੀ ਨੇ ਹਿਮਾਲਯ ਤੇ ਤਿੱਬਤ ਦੇ ਦੁਰਘਟ ਥਾਈਂ ਫਿਰ ਫਿਰ ਕੇ ਸਤਿਨਾਮ ਦਾ ਛਤਰ ਝੁਲਾਯਾ। ਸ਼ੋਕ ਹੈ ਕਿ ਉਨ੍ਹਾਂ ਦੀ ਸੰਪ੍ਰਦਾਇ ਨੇ ਏਹ ਸਾਰੇ ਇਲਾਕੇ ਅਪਣੇ ਪ੍ਰਚਾਰ ਦੀ ਅਣਹੋਂਦ ਨਾਲ ਸਮੇਂ ਦੇ ਹਥਾਂ ਵਿਚ ਸਪੁਰਦ ਕਰ ਛੱਡੇ ਹਨ ਜੋ ਦਿਨੋਂ ਦਿਨ ਵਿਗੜਦੇ ਜਾਣ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਚਲ ਵਟਾਲੇ ਹੋਈ ਗੋਸ਼ਟ ਤਾਂ ਸਿੱਧ ਗੋਸ਼ਟ ਵਿਚ ਲਿਖੀ ਹੈ, ਤੇ ਸੁਮੇਰੁ ਵਾਲੀ ਚਰਚਾ ਦੇ ਸ਼ਬਦ ਜੋ ਹੋਏ ਓਹ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਖੇ ਵਿਚ ਵਿਚ ਆ ਗਏ ਹਨ।

ਸਿੱਧ ਨਾਥ ਸੁਮੇਰੁ ਤੇ ੧੨ ਮਹੀਨੇ ਨਹੀਂ ਸਨ ਰਹਿੰਦੇ, ਦੇਖ ਅਧਯਾਯ ੬੦ ਅੰਕ ੧੦ ਗੋਰਖ ਸੁਮੇਰੁ ਤੇ ਜਾਂਦਾ ਦੱਸਿਆ ਹੈ।

ਮਾਨਸਰੋਵਰ ਦਾ ਤਾਲ ੧੫੩੦੦ ਫੁਟ ਦੀ ਉਚਾਈ ਤੇ ਹੈ ਤੇ ਕੈਲਾਸ਼ ਪਰਬਤ ਜੋ ਪਾਸ ਹੀ ਹੈ, ਦੀ ਚੋਟੀ ੨੧੮੩੦ ਫੁਟ ਉੱਚੀ ਹੈ। ਇਕ ਪਾਸੇ ਇਸ ਦੇ ਗੁਰਲਾ ਮਾਨ-ਧਾਤਾ ਨਾਮੇ ਪਰਬਤ ਹੈ। ਮਾਨਸਰੋਵਰ ਨੂੰ ਲੱਦਾਖ ਤੋਂ ਬੀ ਜਾ ਸਕੀਦਾ ਹੈ, ਸ਼ਿਮਲੇ ਤੋਂ ਬੀ ਤੇ ਅਲਮੋੜੇ ਵੱਲੋਂ ਬੀ। ਮਾਨਸਰੋਵਰ ਦਾ ਵਿਸਤਾਰ ੫੦-੬੦ ਮੀਲ ਹੈ। ਏਸ ਇਲਾਕੇ ਵਿਚੋਂ ਜਿਸ ਨੂੰ ਖੋਰਸਮ ਕਹਿੰਦੇ ਹਨ ਚਾਰ ਵਡੇ ਦਰਯਾ ਨਿਕਲਦੇ ਹਨ:-ਸਿੰਧ, ਯਾਰੇ ਟਸਾਨ ਪੋ, ਸਤਲੁਜ ਤੇ ਕਰਨਾਲੀ। ਇੱਥੇ ਸੋਨਾਂ ਦੇਣ ਵਾਲੇ ਥਾਉਂ ਬੀ ਹਨ:-ਥੋਕ ਜਾਲੰਗ; ਥੋਕ ਦੌਰਾਕਪਾ, ਤੇ ਹੇਰੂ, ਆਦਿ।

ਸਭਿਨਿਕੇ ਮਾਂਹੀ। ਉਚਰਤਿ ਕਥਾ ਪ੍ਰੇਮ ਉਰ ਜਾਂਹੀ[1] ॥੩॥ ਸੁਨਹਿਂ ਪ੍ਰੀਤਿ ਸੌਂ ਸਰਬ ਬਿਹੰਗਾ[2]। ਭਗਤਿ ਕਰਤਿ ਜਿਨ ਪ੍ਰੇਮ ਉਮੰਗਾ। ਬੈਸੇ ਜਾਇ ਤਹਾਂ ਸੁਖਕਾਰੀ। ਮੈਂ ਮਰਦਾਨਾ ਜਿਨ ਸੰਗਾਰੀ[3] ॥੪॥ ਕਥਾ ਕਰਨ ਤੇ ਹਟਿਗਾ ਜਬਹੀ। ਤਿਹ ਬੰਦਤਿ ਭੇ ਮਿਲ ਖਗ ਸਭਿਹੀ[4]*। ਬਹੁਰੋ ਕੇਤਿਕ ਕਾਲ ਬਿਤਾਵਾ।ਸਬਦ ਤਬਹਿ ਮਰਦਾਨੇ ਗਾਵਾ॥੫॥ ਦੋਹਰਾ ॥ ਸੁਨਤਿ ਸਬਦ ਭਾ ਪ੍ਰੇਮ ਤਿਹ ਜਨੁ ਰਾਕਾਸਸਿ ਦੇਖਿ[5]। ਬਧਯੋ ਅਨੰਦੋਦਧਿ[6] ਅਧਿਕ ਲਗੀ ਸਮਾਧਿ ਬਿਸ਼ੇਖ॥੬॥ ਚੌਪਈ॥ ਗਾਯੋ ਕਿਤਿਕ ਕਾਲ ਮਰਦਾਨੇ। ਪੁਨ ਤੂਸ਼ਨਿ ਬੈਸਯੋ ਤਿਹ ਥਾਨੇ। ਲੋਚਨ ਕਾਕ ਭਸੁੰਡ ਉਘਾਰੇ। ਮਧੁਰ ਮ੍ਰਿਦੁਲ ਮੁਖ ਬਚਨ ਉਚਾਰੇ ॥੭॥ 'ਕਿਹ ਕੋ ਏਹੁ ਸ਼ਬਦ ਤੈਂ ਗਾਵਾ। ਮਹਾਂ ਮੋਹ ਬਨ ਕੋ ਜਯੋਂ† ਦਾਵਾ[7]। ਜਿਹਕੇ ਸੁਨਤਯੋਂ ਪ੍ਰੇਮ ਉਮੰਗਾ। ਰਾਗ ਬਿਖੇ ਗਾਯੋ ਹਿਤ ਸੰਗਾ॥੮॥ ਤਿਹ ਕੋ ਨਾਮ ਬਤਾਵਹੁ ਮੋਹੀ। ਭਗਤਿ ਰੰਗਿ ਮਹਿਂ ਰੰਗਯੋ ਹੋਹੀ'। ਸੁਨਿ ਮਰਦਾਨੇ ਬਚਨ ਬਖਾਨਾ। 'ਸ਼੍ਰੀ ਨਾਨਕ ਪ੍ਰਭੁ ਸਭਿ ਗੁਨਖਾਨਾ॥੯॥ ਇਨ ਕੋ ਸਬਦ ਅਹੈ ਜੋ ਗਾਵਾ। ਨਿਰੰਕਾਰ ਅਵਤਾਰ ਸੁਹਾਵਾ'। ਕਾਕ ਭਸੁੰਡ ਸੁਨਯੋ ਇਵ ਕਾਨਾ। ਤੂਰਨ ਆਇ ਚਰਨ ਲਪਟਾਨਾ॥੧੦॥ ਤਿਹਕੋ ਪਿਖ ਪੰਖੀ ਸਭਿ ਆਏ। ਬੰਦਹਿਂ ਚਰਨ ਕਮਲ ਸੁਖ ਪਾਏ। ਕਾਕ ਭਸੁੰਡ ਜੋਰ ਜੁਗ ਹਾਥਾ। ਬੋਲਯੋ ਬਚਨ ਪ੍ਰਭੂ ਕੇ ਸਾਥਾ॥੧੧॥ 'ਇਹ ਸੁਧ ਮੋਕੋ ਹੁਤੀ ਅਗਾਰੀ।–ਪ੍ਰਗਟੈ ਹਰਿ ਕਲਿ ਕਾਲ[8] ਮਝਾਰੀ। ਜਾਉਂ ਬਿਲੋਕਨ ਰੂਪ ਕ੍ਰਿਪਾਲਾ–। ਯਹੀ ਚਾਹਿ ਥੀ ਰਿਦੇ ਬਿਸਾਲਾ॥੧੨॥ ਦੈਵਯੋਗ[10] ਤੇ ਆਇ ਸਮੀਪਾ। ਦੀਨ ਦਰਸ ਬੇਦੀ ਕੁਲਦੀਪਾ!। ਕੀਨ ਮਨੋਰਥ ਪੂਰਨ ਮੋਰਾ। ਲੋਚਨ ਸੰਗ ਰੂਪ ਤਵ ਹੇਰਾ॥੧੩॥ ਕਲੀ ਕਾਲ ਮਤਿ ਮੰਦ ਬਿਮੂਢਾ[11]। ਧਰਮ ਭ੍ਰਿਸ਼ਟਿ ਤੇ ਮੋਹ ਅਰੂਢਾ[12]। ਤਿਨਕੋ ਦੇਨੇ ਹੇਤ ਸੁਪੰਥਾ। ਖੋਵਨ ਰਿਦੇ ਕੁਮਤਿ ਕੀ ਗ੍ਰੰਥਾ[13] ॥੧੪॥ਧਰ[14]ਪਰ ਨਰ ਸਰੀਰ ਕੋ ਧਾਰਾ।ਤੀਨ ਲੋਕਕੇ ਤੁਮ ਆਧਾਰਾ।ਆਇ ਜਿ ਰਾਵਰਿ ਚਰਨਨ ਸ਼ਰਨਾ।ਕਯੋਂ ਨ ਤਰੈ ਜਗ ਜਨਮ ਰੁ[15]ਮਰਨ॥੧੫॥

[1]ਜਿਸ ਦੇ। [2]ਬਿਹੰਗਮ ਸਾਧੂ (ਅ) ਪੰਛੀ। [3]ਨਾਲ ਸਨ। [4]ਸਾਰੇ ਹੀ। [5]ਪੂਰਨਮਾਸ਼ੀ ਦੇ ਚੰਦ੍ਰਮਾ ਨੂੰ ਦੇਖਕੇ। [6]ਅਨੰਦ ਦਾ ਸਮੁੰਦਰ। [7]ਅੱਗ ਵਤ ਹੈ। [8]ਕਲਯੁਗ। [9]ਸਮੇਂ। [10]ਰਬ ਸਬੱਬੀ। [11]ਮੂਰਖ। [12]ਮੋਹ ਵਿਚ ਧੈਂਕੇ। [13]ਖੋਟੀ ਬੁੱਧੀ ਦੀ ਗੰਢ। [14]ਧਰਤੀ। [15]ਅਤੇ।
*ਪਾ:–ਤਬਹੀ। †ਪਾ:–ਜੋ, ਸੋ।

ਕਰਹਿ ਬਚਨ ਤੁਮਰੇ ਜੁ ਕਮਾਵਨ । ਸੇ ਨਰ ਤੀਰਥ[੧] ਕਰਿਹੈਂ ਪਾਵਨ ।
ਜਿਸ ਮਹਿਂ ਸ਼ਕਤਿ ਗ੍ਯਾਨ ਕੀ ਰਾਖੀ । ਤਿਹ ਪਢਿ ਕਯੋਂ ਨ ਹੋਇ
ਗਤਿ ਕਾਂਖੀ[੨]’ ॥੧੬॥ ਦੋਹਰਾ ॥ ਸ਼੍ਰੀ ਨਾਨਕ ਬੋਲੇ ਤਬਹਿ ‘ਸਭਿ ਗੁਨ ਮੈਂ
ਪਰਧਾਨ[੩] । ਭਗਤਿ ਨਿਰੰਤਰ ਕਰਤਿ ਹੋ, ਸ਼੍ਰੋਤਨ[੪] ਬਿਖੈ ਮਹਾਨ’ ॥
੧੭ ॥ [੫]“ਸਤਿਗੁਰ ਦੀਨਾ ਨਾਥ ਜੀ ! ਕੀਜੈ ਮੋਹਿ ਸਹਾਇ । ਸ਼੍ਰੋਤੇ
ਕਿਸ ਪਰਕਾਰ ਕੇ ? ਦੀਜੈ ਮੋਹਿ ਬਤਾਇ*” ॥ ੧੮ ॥ ਚੌਪਈ ॥
[੬]“ਸ਼੍ਰੋਤਾ ਜਗ ਮਹਿਂ ਪੰਚ ਪ੍ਰਕਾਰਾ । ਸੋ ਹੌਂ ਤੁਮ ਸੋਂ ਕਰੌਂ ਉਚਾਰਾ । ਰਾਗ
ਰਾਗਨੀ ਸਮਝਹਿਂ ਏਕਾ । ਦੂਜੇ ਸੁਰ ਕੋ ਲਖੈਂ ਬਿਬੇਕਾ[੭] ॥ ੧੯ ॥ ਤੀਜੇ
ਤਾਲ ਸੁਨਹਿਂ ਹਿਤ[੮] ਦੇਯਾ[੯] । ਚਤੁਰਥ ਬਾਦਿਤ[੧੦] ਤੇ ਰਸ ਲੇਯਾ[੧੧] । ਪੰਚਮ
ਸ਼ਬਦ ਅਰਥ ਕੋ ਚੀਨਾ । ਤਾਤਪਰਜ ਸਮਝੰਤਿ ਪ੍ਰਬੀਨਾ ॥ ੨੦ ॥ ਸੋ
ਸਭਿਹਿਨਿ ਤੇ ਲਖਹੁ ਮਹਾਨਾ । ਅਰਥ ਸਮਝਿਕੈ ਗੁਨਤਿ ਸੁਜਾਨਾ । ਯਾਂਤੇ
ਹੋ ਸਭਿ ਬਿਖੇ ਵਡੇਰੇ । ਸਮਝ ਅਰਥ ਸੁਖ ਪਾਇ ਘਨੇਰੇ ॥ ੨੧ ॥ ਪ੍ਰੇਮ
ਭਗਤਿ ਮਹਿਂ ਨਿਤ ਮਨ ਲੀਨਾ । ਚਿਰੰਜੀਵ ਹੋ ਅਧਿਕ ਪ੍ਰਬੀਨਾ । ਅਰਥ
ਬਿਚਾਰਹਿ ਜੋ ਹਿਤ ਲਾਏ । ਸੋ ਸ਼੍ਰੋਤਾ ਰਸ ਸੋਂ ਤ੍ਰਿਪਤਾਏ ॥੨੨॥ ਔਰ ਜਿ
ਸ਼੍ਰੋਤਾ ਚਾਰ ਪ੍ਰਕਾਰੀ । ਛੀਲਰ[੧੨] ਖਾਨ ਬਿਖੈ ਹਿਤ ਧਾਰੀ । ਫੋਕਟ ਕੇ ਰਸ
ਮਹਿਂ ਫਸ ਗਏ । ਅੰਤਰ ਰਸ ਨਹਿਂ ਚੀਨਤਿ ਭਏ ॥ ੨੩ ॥ ਸਤਿ ਸੰਗਤਿ
ਕੋ ਰਸ ਤੁਮ ਚੀਨੋ । ਵਡ ਚਿਰੰਜੀਵੀ ਪਦ ਕੋ ਲੀਨੋ’ । ਸੁਨਿ ਇਵ ਸ਼੍ਰੋਨ
ਵਿਖੈ ਮਰਦਾਨਾ । ਹਿਤ ਬੂਝਨ ਕੇ ਬਚਨ ਬਖਾਨਾ ॥ ੨੪ ॥ ‘ਰਿਖਿ ਜੀ !
ਉਚਰੋ ਬੈਸ ਪ੍ਰਮਾਨੇ । ਤੁਮ ਦੇਖਤਿ ਜੁਗ ਕਿਤਿਕ ਬਿਹਾਨੇ ?’ । ਕਾਕ ਭੁਸੁੰਡ
ਬਚਨ ਤਬ ਕਹੈ । ‘ਅਪ੍ਰਮਾਨ[੧੩] ਬੈਸ[੧੪] ਮਮ ਅਹੈ ॥੨੫॥ ਦੋਹਰਾ ॥ ਜੁਗ ਸਹੰਸ੍ਰ
ਬੀਤੈਂ ਜਬਹਿ ਏਕ ਦਿਵਸ ਬਿਧਿ[੧੫] ਹੋਇ । ਤਿਹ ਕੇ ਸਮ[੧੬] ਪੁਨ ਰੈਨ[੧੭] ਹ੍ਵੈ
ਮਾਸਹਿ[੧੮] ਇਹ ਬਿਧਿ ਜੋਇ[੧੯]† ॥ ੨੬ ॥ ਚੌਪਈ ॥ ਇਸ ਪ੍ਰਕਾਰ ਕੇ
ਸਹਸ ਬਰਖ ਜਬ । ਬੀਤੇ ਬੈਸ[੧੪] ਬਿਧਾਤੇ ਕੀ ਤਬ । ਮੁਝ ਦੇਖਤਿ ਕੇਤੇ[੨੦]

[੧]ਤੀਰਥਾਂ ਨੂੰ । [੨]ਮੁਕਤੀ ਦੀ ਇੱਛਾ ਵਾਲਾ । [੩]ਵਡੇ । [੪]ਸੁਣਨ ਵਾਲਿਆਂ । [੫]ਕਾਕ ਭਸੁੰਡ ਬੋਲਿਆ । [੬]ਗੁਰੂ ਜੀ ਦਾ ਉੱਤਰ । [੭]ਗਿਆਨ । [੮].[੯]ਪ੍ਰੇਮ ਲਾਕੇ । [੧੦]ਵਾਜੇ । [੧੧]ਲੈਂਦਾ ਹੈ । [੧੨]ਛੱਲੜ । [੧੩]ਪ੍ਰਮਾਣ ਰਹਤ, ਬਹੁਤ । [੧੪]ਆਯੂ । [੧੫]ਬ੍ਰਹਮਾ ਦਾ ਇਕ ਦਿਨ ਹੁੰਦਾ ਹੈ । [੧੬]ਬਰਾਬਰ । [੧੭]ਰਾਤ । [੧੮]ਮਹੀਨਾ । [੧੯]ਇਸਤਰ੍ਹਾਂ ਜਾਣ । [੨੦]ਕਈ ।

*ਇਹ ਦੋਹਾ ਕਈ ਨੁਸਖਿਆਂ ਵਿਚ ਨਹੀਂ ਹੈ, ਜੋ ਲਿਖਾਰੀਆਂ ਦੀ ਉਕਾਈ ਕਰਕੇ ਰਹਿ ਗਿਆ ਜਾਪਦਾ ਹੈ । †ਪਾ:—ਮਾਸ ਇਸੀ ਬਿਧਿ ਸੋਇ ।

ਬਿਧਿ ਮਰੇ। ਕਈ ਬਾਰ ਜਗ ਪਰਲੈ ਕਰੇ ॥ ੨੭ ॥ ਪੁਨ ਬਿਧਿ ਜਨਮ ਜਗਤ ਉਪਜਾਵੈ। ਜੜ੍ਹ ਜੰਗਮ ਸੁਰ ਅਸੁਰ ਬਨਾਵੈ। ਨਾਨਾ ਬਿਧਿ ਕੀ ਰਚਨ ਰਚਾਇ। ਐਸੇ ਬਿਧਿ ਬਿਨਸੈ ਉਪਜਾਇ ॥ ੨੮ ॥ ਹਮਰੇ ਦੇਖਤਿ ਕੇਤੇ ਗਏ। ਬਹੁਰ ਬਹੁਰ ਜਗ ਉਪਜਤਿ ਭਏ। ਬੈਠ ਇਹਾਂ ਮੈਂ ਹਰਿ ਗੁਨ ਗਾਵੌਂ। ਧ੍ਯਾਨ ਧਰੌਂ ਉਰ ਬਹੁ ਸੁਖ ਪਾਵੌਂ" ॥ ੨੯ ॥ ਦੋਹਰਾ ॥ ਮਰਦਾਨਾ ਬਿਸਮ੍ਯੋ ਸੁਨਤਿ ਭੁਸ਼ਨ ਭਾ ਤਿਹ ਕਾਲ।ਬੂਝਨ ਹਿਤ ਮੈਂ ਬੋਲਿਓ ਸੁਨਿ ਸ਼੍ਰੀ ਅੰਗਦ ਦ੍ਯਾਲੁ ॥ ੩੦ ॥ ਚੌਪਈ ॥ 'ਹਰਿ ਭਗਤਿਨ ਕੇ ਬਿਖੈ ਮਹਾਨੋ।ਮੋਹ ਨਾਸ਼ ਭਾ ਆਤਮ ਗ੍ਯਾਨੋ। ਸਭਿ ਬਿਧਿ ਸਭਿ ਮਹਿਂ ਦੀਰਘ ਤੁਮ ਹੋ।ਕੈਸੇ ਪ੍ਰਾਪਤਿ ਕਾਕ ਜਨਮ ਹੋ?॥੩੧॥ ਮੁਝ ਮਨ ਬਿਖੈ ਸੰਦੇਹ ਮਹਾਨਾ। ਉੱਤਰ ਦੀਜੈ ਭੋ ਗੁਨਵਾਨਾ!'। ਬਾਨੀ ਕਾ ਭੁਸੁੰਡ ਅਲਾਈ। 'ਸੁਨਿ ਜਿਉਂ ਬਾਇਸ ਦੇਹੀ ਪਾਈ॥੩੨॥ ਦੋਹਰਾ ॥ ਏਕ ਜਨਮ ਮੈਂ ਸ਼ੂਦਰ ਭਾ ਸ਼ਿਵ* ਸੇਵਾ ਮਨ ਲਾਇ। ਕਰੌਂ ਬਿਸ਼ਨੁ ਸੋਂ ਦ੍ਰੋਹ[1] ਤਬ, ਬਿਨੁ ਭਵ[2] ਜਾਨ ਨ ਕਾਇ[3] ॥੩੩॥ ਚੌਪਈ॥ ਰਹੌਂ ਅਯੁੱਧ੍ਯਾ ਪੁਰਿ ਕੇ ਮਾਂਹੀ। ਭਾ ਦੁਰਭਿੱਖ[4] ਕਾਲ ਇਕ[5] ਠਾਂਹੀ।ਉਠਿ ਕਰਿ ਤਹਿਂ ਤੇ ਗਯੋ ਉਜੈਨਾ। ਰਹੈ ਬਿੱਪ੍ਰ ਤਹਿਂ ਇਕ ਮਨ ਚੈਨਾ ॥੩੪॥ ਦ੍ਵੈਤ ਬਾਸ਼ਨਾ ਜਿਨ ਸਭਿ ਨਾਸ਼ੀ। ਗੁਰੂ ਕੀਯੋ ਮੈਂ ਸੋ ਪੁਰਿ ਬਾਸੀ[6]। ਬਿਸ਼ਨੁ ਭਗਤਿ ਕਹਿਕੈ ਸੁ ਦ੍ਰਿੜ੍ਹਾਵੈ।ਸੁਨਿ ਮੇਰੋ ਹਿਰਦਾ ਜਰਿ ਜਾਵੈ॥੩੫॥ ਭਵ ਕੀ ਭਗਤਿ ਸਦਾ ਉਰ ਭਾਊ[7]।ਬਿਸ਼ਨੁ ਨਾਮ ਸੁਨਿ ਮਨ ਖੁਨਸਾਊਂ[8]। ਹਠ ਕਰਿ ਤਿਹ ਕੇ ਬਚਨ ਬਹੋਰੌਂ[9]। ਜੋ ਕੁਛ ਕਹੈ ਸੁ ਸੁਨ੍ਯੋ ਨ ਲੋਰੌਂ[10] ॥ ੩੬ ॥ਦੋਹਰਾ॥ਅਨਿਕ ਭਾਂਤਿ ਉਪਦੇਸ਼ਹੀ ਕੈਸੇ ਮਾਨੌਂ ਨਾਂਹਿ। ਗਰਬਾਵੌਂ[11] ਸਭਿ ਸਮਝ ਲਘੁ[12] ਦੰਭ ਬਿਖੈ ਬਹੁ ਚਾਹਿ ॥੩੭॥ ਚੌਪਈ ॥ ਸ਼ਿਵ ਮੰਦਿਰ ਬੈਸਾ ਇਕ ਕਾਲਾ। ਤਿਹ ਛਿਨ ਆਵਾ ਗੁਰੂ ਕ੍ਰਿਪਾਲਾ। ਉਠਿ ਕਰਿ ਤਬ ਨ ਕੀਨ ਸਨਮਾਨਾ। ਸਿਰ ਨ ਨਿਵਾਯੋ ਗਰਬ ਮਹਾਨਾ॥ ੩੮ ॥ ਮਾਨ ਅਮਾਨ[13]† ਏਕਸਮ[14] ਤਾਂਕੇ। ਹਰਖ ਸੋਗ ਹਿਰਦੇ ਨਹਿਂ ਜਾਂਕੇ। ਸਮ ਦਰਸੀ‡ ਨਹਿਂ ਬੋਲ੍ਯੋ ਸੋਈ। ਗਿਰਾ ਗਿਰੀਸ਼ ਭੌਨ ਤੇ ਹੋਈ[15] ॥ ੩੯ ॥

---

[1]ਦ੍ਵੈਖ। [2]ਸ਼ਿਵ। [3]ਕਿਸੇ ਨੂੰ ਨਾ ਜਾਣਾਂ। [4]ਕਾਲ ਪਿਆ। [5]ਇਕ ਸਮੇਂ। [6]ਸ਼ਹਿਰ ਦਾ ਵਸਨੀਕ। [7]ਰਿਦੇ ਵਿਚ ਭਾਵੇ। [8]ਕ੍ਰੋਧਵਾਨ ਹੋਵਾਂ। [9]ਮੋੜ ਦੇਵਾਂ। [10]ਸੁਣਨਾ ਨਾਂ ਚਾਹਵਾਂ। [11]ਹੰਕਾਰ ਕਰਦਾ ਸਾਂ। [12]ਛੋਟਾ। [13]ਆਦਰ ਅਨਾਦਰ। [14]ਬਰਾਬਰ। [15]ਸ਼ਿਵ ਜੀ ਦੇ ਮੰਦਰ ਤੋਂ ਬਾਣੀ ਹੋਈ। *ਪਾ:—ਗੁਰ। †ਪਾ:—ਮਾਨ ਅਪਮਾਨ। ‡ਪਾ:—ਸਮਵਰਤੀ।

-ਦੁਸ਼ਟ ! ਨਰਕ ਅਬ ਪਰਿਯੋ ਜਾਈ। ਬਹੁਰ ਤ੍ਰਿਗਦ ਬਹੁ ਜੋਨਿ ਭ੍ਰਮਾਈ[੧]। ਭੋਗ ਅਵੱਗਜਾ[੨] ਕੋ ਦੁਖ ਭਾਰੀ। ਜਗ ਦੰਭੀ[੩] ਤੂੰ ਰਿਦੇ ਹੰਕਾਰੀ ॥੪੦॥ ਦੋਹਰਾ ॥ ਕਰੈਂ ਬਿਸ਼ਨੁ ਸੌਂ ਦ੍ਰੋਹ ਤੂੰ, ਗੁਰੂ ਨਿਰਾਦਰ ਕੀਨ। ਯਾਂਤੇ ਯਮ ਡੰਡਾ ਸਹੋ, ਹੋਵਹੁ ਕਸ਼ਟ ਅਧੀਨ-॥ ੪੧ ॥ ਚੌਪਈ ॥ ਸੁਨਯੋ ਸ੍ਰਾਪ ਜਬ ਜੋ ਗੁਰੁ ਮੋਰਾ। ਭਈ ਦਯਾ ਤਿਹ[੪] ਸ਼ੰਭੁ[੫] ਨਿਹੋਰਾ[੬]। ਅਨਿਕ ਭਾਂਤਿ ਕੀ ਉਸਤਤਿ ਠਾਨੀ।ਚੰਦ੍ਰ ਚੂੜ[੭]ਬੋਲੇ ਪੁਨ ਬਾਨੀ॥ ੪੨॥-ਹੇ ਦਿਜ! ਤੋਰ ਦਯਾ ਕਰ ਯਾਂਕੋ। ਸਰਬ ਜਨਮ ਕੀ ਸੁਧਿ ਰਹਿ ਤਾਂ ਕੋ। ਬ੍ਰਿਥਾ ਨ ਸ੍ਰਾਪ ਹੋਤਿ ਹੈ ਮੋਰਾ।ਸਹੈ ਨਰਕ ਮਹਿਂ ਇਹਦੁਖ ਘੋਰਾ-॥੪੩॥ਪਰਯੋਤਬਹਿ ਮੈਂ ਨਰਕ ਮਝਾਰੀ। ਮਿਲੀ ਸ਼ਾਸਨਾ ਮੋਕੋ ਭਾਰੀ। ਗਰ ਕੈ ਬਿਖੈ[੮] ਪਰੀ ਜਮਫਾਸਾ। ਬਿਤਯੋ ਕਾਲ ਕਿਤ ਤਬਹਿ ਨਿਕਾਸਾ ॥੪੪॥ ਦੋਹਰਾ ॥ ਚੌਰਾਸੀ ਲਖ ਜੋਨਿ ਪੁਨ ਭਰਮਯੋ ਸਭਿ ਕੇ ਮਾਂਹਿ। ਅਸ ਸਰੀਰ ਨਹਿਂ ਕੋ ਰਹਯੋ ਜਿਹ ਮੈਂ ਜਨਮਯੋ ਨਾਂਹਿ ॥੪੫॥ ਚੌਪਈ ॥ ਬਹੁਰੋ ਬਿੱਪ੍ਰ ਜਨਮ ਕੋ ਪਾਵਾ। ਸਗੁਣ ਉਪਾਸਨ ਮਹਿਂ ਮਨ ਲਾਵਾ। ਸਰਬ ਜਨਮ ਕੀ ਸੁਧਿ ਮੁਹਿ ਰਹੀ। ਸ਼ਿਵ ਕੋ ਸ੍ਰਾਪ ਸੁ ਬਰ ਭਾ ਸਹੀ ॥ ੪੬ ॥ ਇਕ ਦਿਵਸ ਲੌਮਸ[੯] ਰਿਖਿ ਪਾਹੀ[੧੦]। ਬੈਠਯੋ ਸੁਨਨ ਬਚਨ ਚਿਤ ਚਾਹੀ। ਅਪਨ ਮਨੋਰਥ ਮੈਂ ਜੁ ਸੁਨਾਵਾ। ਤਿਹ ਨਿਰਗੁਣ ਉਪਦੇਸ਼ ਅਲਾਵਾ ॥੪੭ ॥ ਮਮ ਹਿਰਦੇ ਮਹਿਂ ਰੁਚੈ ਨ ਕੋਊ। ਬਹੁਤ ਭਾਂਤਿ ਸਮਝਾਵਤਿ ਸੋਊ। ਬੂਝੌਂ ਸਗੁਣਹਿ[੧੧] ਬਾਰ-ਬਾਰੂ। ਨਿਗੁਣਹਿ ਤਰਕਤਿ[੧੨] ਬਚਨ ਉਚਾਰੂੰ॥੪੮॥ਮਮ ਮਤਿ ਲਖਿ ਲੌਮਸ ਵਿਪਰੀਤੀ[੧੩]। ਕਰਿ ਕਛੁ ਰਿਸ, ਬੋਲਯੋ ਅਸ ਰੀਤੀ।-ਪੱਛਨ ਸਹਿਤ[੧੪] ਬੋਲ ਹੈਂ ਤੇਰੇ। ਬਾਰ ਬਾਰ ਮੋਰਤਿ[੧੫]ਬਚ ਮੇਰੇ॥੪੯॥ਦੋਹਰਾ॥ਅਧਿਕਾਰੀ[੧੬] ਹੌਂ ਜਾਨਿਕੈ ਉਪਦੇਸ਼ਤਿ ਥੋ ਤੋਹਿ[੧੭] ਹੋਹੁ। ਅਧਮ ਖਗ[੧੮] ਸਭਿਨਿ ਤੇ ਸਹਹੁ ਸ੍ਰਾਪ ਅਬ ਮੋਹਿ[੧੯]-॥੫੦॥ ਚੌਪਈ ॥ ਬਾਇਸ[੨੦] ਦੇਹਿ ਤਬਹਿ ਮਮ ਭਈ।ਹਾਥ ਬੰਦਿਕੈ ਉਸਤਤਿ ਕਈ।-ਸੱਤਿ[੨੧] ਸ੍ਰਾਪ ਹੋਵਹਿ ਰਿਖਿ ਤੇਰਾ।

---

[੧]ਭਰਮਦਾ ਫਿਰ। [੨]ਨਿਰਾਦਰ। [੩]ਪਖੰਡੀ। [੪]ਤਿਸਨੇ। [੫]ਸ਼ਿਵ ਜੀ ( ਅੱਗੇ )। [੬]ਬੇਨਤੀ ਕੀਤੀ। [੭]ਸ਼ਿਵ ਜੀ। [੮]ਗਲੇ ਵਿਚ। [੯]ਇਕ ਰਿਖੀ ਦਾ ਨਾਮ। [੧੦]ਪਾਸ। [੧੧]ਸਰਗੁਣ (ਬਾਬਤ)। [੧੨]ਨਿਰਗੁਣ ਵਿਚ ਹੁੱਜਤਾਂ ਦੇ। [੧੩]ਉਲਟੀ। [੧੪]ਤਰਕਾਂ ਸਮੇਤ ( ਅ ) ਪੰਖੀਆਂ ਸਦਰਸ਼। [੧੫]ਮੋੜਦਾ ਹੈਂ। [੧੬]ਉਪਦੇਸ਼ ਦੇਣੇ ਜੋਗ ਜਗਜਾਸੂ। [੧੭]ਤੈਨੂੰ। [੧੮]ਨੀਵਾਂ ਪੰਛੀ! [੧੯]ਮੇਰਾ। [੨੦]ਕਾਂ। [੨੧]ਸੱਚਾ!

ਮੁਝ ਕੋ ਲਖਹੁ ਆਪਨੋ ਚੇਰਾ[1]॥੫੧॥ ਕ੍ਰਿਪਾ ਦ੍ਰਿਸ਼ਟਿ ਅਬ ਮੋ ਪਰ ਕੀਜੈ। ਅਸ ਪ੍ਰਕਾਰ ਕੋ ਬਰ ਇਕ ਦੀਜੈ । ਰਹੈ ਗਯਾਨ ਮੇਰੇ ਉਰ ਮਾਂਹੀ। ਬਾਇਸ[2] ਬਪੁ ਧਰਿ ਬਿਸਰੌਂ ਨਾਂਹੀ-॥ ੫੨ ॥ ਸੁਨਿ ਲੋਮਸ ਰਿਖਿ ਭਯੋ ਕ੍ਰਿਪਾਲਾ । ਮੁਖ ਤੇ ਬੋਲਯੋ ਬਚਨ ਰਸਾਲਾ ।–ਹੋਵਹਿ ਸਦਾ ਰਿਦੇ ਤਵ ਗਯਾਨਾ । ਆਤਮ ਰੂਪ ਲਖਹਿਂ ਸੁਖ ਥਾਨਾ ॥ ੫੩॥ ਤੁਝ ਪਰ ਹੈ ਕਰੁਨਾ ਅਬ ਮੋਰੀ । ਇਕ ਬਰ ਦੇਵੌਂ ਔਰ ਬਹੋਰੀ । ਮ੍ਰਿਤੁ ਹੋਇ ਜਬ ਕਰਿ ਚਿਤ ਚਾਹੀ[3] । ਬਿਨ ਚਾਹੇ ਮ੍ਰਿਤੁ ਹ੍ਵੈ ਕਬ ਨਾਂਹੀ–॥ ੫੪ ॥ ਸੋਰਠਾ ॥ ਸੁਨਿ ਤਿਹ ਕੇ ਅਸ ਬੈਨ ਹਰਖਤਿ ਆਵਾ ਥਾਨ ਇਹ । ਭੀ ਬਿਸਾਲ ਮਨ ਚੈਨ ਨਹਿਂ ਤਯਾਗੌਂ ਅਬ ਦੇਹਿ ਕੋ ॥ ੫੫ ॥ ਪ੍ਰੇਮ ਭਗਤਿ ਰਸ ਆਇ ਕਾਕ ਜਨਮ ਕੋ ਪਾਇਕੈ* । ਨਹਿਂ ਤਜਿਓ ਅਬ ਜਾਇ ਰਹੌਂ ਸਦਾ ਆਨੰਦ ਮਨ' ॥੫੬॥ ਚੌਪਈ ॥ ਅਸ ਪ੍ਰਕਾਰ ਸਭਿ ਕਥਾ ਸੁਨਾਈ। ਚਲਿਨੇ ਤਯਾਰ ਭੁਏ ਜਗਰਾਈ[4]। ਕਰੀ ਪਰਸਪਰ ਦੁਹ ਦਿਸ਼ਿ ਬੰਦਨ। ਅੱਗ੍ਰਜ ਗਮਨੇ ਦੋਖ ਨਿਕੰਦਨ ॥੫੭॥ ਜਿਹਠਾਂ ਦੱਤਾਤ੍ਰੇਯ† ਸੁਜਾਨਾ। ਹਾਥ ਆਮਲਕ[5]

[1]ਦਾਸ। [2]ਕਾਂ। [3]ਇੱਛਾ। [4]ਭਾਵ ਗੁਰੂ ਜੀ। [5]ਜੈਸੇ ਹੱਥ ਵਿਚ ਆਂਵਲਾ ਹੁੰਦਾ ਹੈ।

*ਕਾਕ ਭਸੁੰਡ ਦੀ ਕਥਾ ਇਕ ਦ੍ਰਿਸ਼ਟਾਂਤਿਕ ਕਥਾ ਹੈ, ਜਿਸ ਦਾ ਭਾਵ ਅਰਥ ਇਹ ਹੈ ਕਿ ਅੱਡ ਅੱਡ ਮਤਾਂ ਦੇ ਉਪਾਸਕਾਂ ਵਿਚ ਵੈਰ ਵਿਰੋਧ ਤੇ ਤਅੱਸਬ ਨਹੀਂ ਚਾਹੀਦਾ । ਬਾਕੀ ਕਥਾ ਤੇ ਉਸ ਦਾ ਸ੍ਰਾਪਿਤ ਹੋਕੇ ਕਾਂ ਬਣਨਾ ਤੇ ਫੇਰ ਪੂਰਨ ਪਦ ਨੂੰ ਪਾਕੇ ਬੀ ਕਾਂ ਹੀ ਰਹਿਣਾ, ਇਹ ਪੌਰਾਣਕ ਅਖ੍ਯਾਨਕਾਂ ਦਾ ਤ੍ਰੀਕਾ ਇਸੇ ਕਿਸਮ ਦਾ ਹੈ । ਕਾਉਂ ਕਹਿਣ ਤੋਂ ਇਕ ਮੁਰਾਦ ਚਿਰੰਜੀਵੀ ਦੀ ਬੀ ਹੈ, ਕਾਂ ਦੀ ਉਮਰ ਵਡੀ ਹੁੰਦੀ ਹੈ । ਕਾਂ ਬੋਲਦਾ ਬਹੁਤਾ ਹੈ, ਉਪਦੇਸ਼ਕ ਦੂਸਰੇ ਸਾਧਾਰਣ ਮਨੁੱਖਾਂ ਤੋਂ ਬਹੁਤਾ ਬੋਲਦੇ ਹਨ। ਕਦੇ ਕਦੇ ਐਸਾ ਬੀ ਹੋਇਆ ਹੈ ਕਿ ਕਈ ਜਾਤੀਆਂ ਦੇ ਜਾਤੀ ਚਿੰਨ੍ਹ ਹੁੰਦੇ ਹਨ, ਪੌਰਾਣਕਾਂ ਨੇ ਓਹ ਉਹਨਾਂ ਦੇ ਸਰੀਰ ਹੀ ਮੰਨ ਲਏ ਹਨ। ਮਸਲਨ ਨਾਗ ਜਾਤੀ ਦਾ ਚਿੰਨ੍ਹ ਨਾਗ ਸੀ, ਉਹਨਾ ਨੂੰ ਸਰਪ ਦੇਹੀ ਵਾਲੇ ਕਹਿ ਦੇਂਦੇ ਹਨ;ਤਿਵੇਂ ਕਿਸੇ ਕਾਂ ਦੇ ਨਿਸ਼ਾਨ ਵਾਲੇ ਨੂੰ ਕਾਂ ਹੀ ਮੰਨ ਲਿਆ ਗਿਆ ਜਾਪਦਾ ਹੈ। ਇਹ ਗਲ ਅਜ ਕਲ ਬੀ ਹੈ, ਤੇ ਕਦੇ ਟਪਲੇ ਦੇ ਸਕਦੀ ਹੈ। ਮਸਲਨ ਜਰਮਨ ਲੋਕਾਂ ਦਾ ਚਿੰਨ੍ਹ ਉਕਾਬ ਹੈ, ਕਦੇ ਕੋਈ ਇਨ੍ਹਾਂ ਨੂੰ ਓਕਾਬ ਦੇਹੀ ਵਾਲੇ ਹੀ ਵਰਣਨ ਕਰਨ ਦੀ ਭੁੱਲ ਕਰ ਸਕਦਾ ਹੈ, ਰੂਸੀਆਂ ਦਾ ਚਿੰਨ੍ਹ ਰਿੱਛ ਹੈ, ਅੰਗਰੇਜ਼ਾਂ ਦਾ ਸ਼ੇਰ ਹੈ, ਖਾਲਸੇ ਦਾ ਤਲਵਾਰ ਹੈ।

†ਦੱਤਾਤ੍ਰੇਯ ਇਕ ਪੁਰਾਤਨ ਸਮੇਂ ਦੇ ਤਪੱਸ੍ਵੀ ਹੋਏ ਹਨ, ਉਹਨਾਂ ਦੀ ਸਾਖੀ ਅੱਗੇ ਦਿੱਤੀ ਹੈ। ਇਹ ਹੋ ਸਕਦਾ ਹੈ ਕਿ ਤਦ ਤੋਂ ਜੋਗ ਸਾਧਨਾਂ ਨਾਲ ਪ੍ਰਾਣ ਯਾਮ ਕਰਕੇ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਆਤਮ ਗਯਾਨਾ । ਜਿਨ ਕੀਨੋ ਸਭਿ ਜਗ ਸੰਨਯਾਸਾ । ਭਾ ਬਿਰਕਤ ਬਹੁ ਫਿਰਯੋ ਉਦਾਸਾ ॥ ੫੮ ॥ ਬਿੰਸਤ ਚਤੁਰ[1] ਗੁਰੂ ਜਿਨ ਕੀਨੇ । ਏਕੰਕਾਰ ਰੰਗ ਮਹਿਂ ਭੀਨੇ[2] । ਤ੍ਰਿਣ ਸਮ[3] ਤੀਨ ਲੋਕ ਸੁਖ ਤਯਾਗਾ । ਸਦਾ ਬ੍ਰਹਮ ਸੁਖ ਸੋਂ ਅਨੁਰਾਗਾ ॥ ੫੯ ॥ ਪਰਮ ਤੱਤ ਬੇਤਾ ਰਸ ਲੀਨਾ । ਮਹਾਂ ਮੁਨੀ ਗੁਨ ਗੁਨਹਿ ਪ੍ਰਬੀਨਾ । ਤਿਹ ਕੇ ਨਿਕਟ ਜਾਤਿ ਭੇ ਠਾਂਢੇ । ਸੋ ਪੌਢਯੋ ਉਰ ਆਨੰਦ ਬਾਢੇ ॥੬੦॥ ਲੋਚਨ ਮੁੰਦ੍ਰਿਤ ਤੂਸ਼ਨ ਠਾਨੀ॥ਅੰਤਰ ਰਸ ਕੋ ਰਸਿਕ ਗਿਆਨੀ॥ ਤਿਹ ਬਿਲੋਕਿ ਬੋਲਯੋ ਮਰਦਾਨਾ॥'ਹੇ ਪ੍ਰਭੁ! ਪੌਢਾ ਕੌਨ ਮਹਾਨਾ? ॥੬੧॥ ਵਡ ਉਨਮੱਤ[4] ਦੇਹਿ ਜਿਹ ਭਾਰੀ॥ਪਰਯੋ ਅਡੋਲ ਮਸ਼ਟ ਮੁਖ ਧਾਰੀ । ਇਸ ਬੁਲਾਇ ਕੈ ਬੋਲਿ ਸੁਨੀਜੈ । ਬਹੁਰੋ ਅਪਨੋ ਗਯਾਨ ਭਨੀਜੈ[5]'॥੬੨॥ ਸ਼੍ਰੀ ਗੁਰੂ ਕਹੈਂ 'ਸੁਨਹੁ ਮਰਦਾਨਾ ! । ਇਹ ਹੈ ਦੱਤਾਤ੍ਰੇਯ ਮਹਾਨਾ॥ ਜਗ ਮਹਿਂ ਭਯੋ ਵਡੋ ਅਵਧੂਤਾ । ਸਦਾ ਸਥਿਰ ਜਿਹ ਕੀ ਮਤਿ[6] ਪੂਤਾ[7] ॥੬੩॥ ਸਦਾ ਬਿਦੇਹੀ ਰਹਿਤਿ ਅਡੋਲਾ । ਪਾਯੋ ਆਤਮ ਅਨੰਦ ਅਤੋਲਾ' । ਸ਼੍ਰੀ ਅੰਗਦ ਜੀ ਸੁਨਹੁ ਕਹਾਨੀ । ਮੈਂ ਬਿਲੋਕਿ ਪੁਨ ਬੋਲਯੋ ਬਾਨੀ ॥ ੬੪ ॥ 'ਸ਼੍ਰੀ ਗੁਰ ! ਹਮਨੈ ਸੁਨਯੋ ਸੁ ਨਾਮਾ । ਦਤਾਤ੍ਰੇਯ ਭਾ ਜਗ ਅਭਿਰਾਮਾ[8] । ਤੁਮ ਕਰੁਨਾ ਤੇ ਲੋਚਨ ਦੇਖਾ । ਪਰਮਹੰਸ[9] ਅਵਧੂਤ[10] ਵਿਸ਼ੇਖ਼ਾ[11] ॥ ੬੫ ॥ ਅਬ ਇਹ ਬਦਨ ਬੁਲਾਯਾ ਚਹਿਯੇ । ਗਯਾਨ ਬਚਨ ਕੋ ਸੁਨਿਯੇ ਕਹਿਯੇ । ਬੋਲੇ ਤੇ ਮਤ ਹੋਇ ਲਖਾਈ । ਤੂਸ਼ਨ ਤੇ ਨਹਿਂ ਜਾਨਯੋ ਜਾਈ' ॥ ੬੬ ॥ ਸ੍ਵੈਯਾ ॥ ਸ਼੍ਰੀ ਗੁਰ ਬੈਨ ਭਨੇ ਤਬ ਹੀ 'ਤੁਮ ਹੋਤਿ

[1]ਚੌਬੀਸ । [2]ਭਿੱਜਾ । [3]ਤਿਨਕੇ ਵਤ । [4]ਮਸਤ । [5]ਕਹੀਏ । [6]ਬੁਧਿ । [7]ਪਵਿੱਤ੍ਰ । [8]ਸੁੰਦਰ । [9]ਗਿਆਨਵਾਨ । [10]ਸੰਨਯਾਸੀ । [11]ਬੜਾ ।

[ਪਿਛਲੇ ਪੰਨੇ ਦੀ ਬਾਕੀ ਟੂਕ]

ਆਪਣੀ ਆਯੂ ਵਧਾਕੇ ਤਦ ਤਕ ਜੀਊਂਦਾ ਹੋਵੇ । ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਇਕ ਐਸੇ ਯੋਗੀ ਨੂੰ ਚਾਲੀ ਦਿਨ ਸੁਆਸ ਚੜ੍ਹਾਕੇ ਅਡੋਲ ਬੈਠਾ ਰਿਹਾ ਤੱਕਿਆ ਸੀ, ਜਿਸ ਦੇ ਦੁਆਲੇ ਪਹਿਰੇ ਬੀ ਖੜੇ ਰਹੇ ਸਨ ਕਿ ਠੀਕ ਬੈਠਾ ਰਹਿੰਦਾ ਹੈ ਕਿ ਨਹੀਂ ।

ਇਨ੍ਹਾਂ ਪਹਾੜਾਂ ਵਿਚ ਤਪੱਸ੍ਵੀ ਤਿਆਗੀ ਹੁਣ ਬੀ ਮਿਲਦੇ ਹਨ, ਉਮਰਾ ਬੀ ਆਬੋ ਹਵਾ ਸਰਦ ਹੋਣ ਕਰਕੇ ਬੜੀਆਂ ਵਡੀਆਂ ਹਨ । ਹੋ ਸਕਦਾ ਹੈ ਇਸ ਨਾਮ ਦਾ ਸਾਧੂ ਉਸ ਸਮੇਂ ਕੋਈ ਮਿਲਿਆ ਹੋਵੇ, ਤੇ ਸਾਖੀ ਵਾਲੇ ਨੇ ਪੁਰਾਤਣ ਨਾਮ ਨਾਲ ਇਸ ਦਾ ਨਾਮ ਜਾ ਰਲਾਇਆ ਹੋਵੇ । ਅਸਲੀ ਜਨਮ ਸਾਖੀ ਵਿਚ ਪ੍ਰਸੰਗ ਕਿਵੇਂ ਸੀ ? ਉਹ ਬਿਆਸਾ ਦੇ ਤ੍ਰੂੰਗਾਂ ਦੇ ਸਪੁਰਦ ਹੋ ਚੁਕਾ ਹੈ ।

ਸਰੀਰ ਤੇ ਬੋਲਤਿ ਨਾਂਹੀ। ਜੌ ਲਗ ਦੇਹਿ,ਨਿਰਾਸ[1] ਨ ਤੌ ਲਗ,ਯੌਂ ਸੁਨਿਕੈ ਸਮਝੋ ਮਨ ਮਾਂਹੀ। ਖੋਲਹੁ ਨੈਨ ਰਖੋ ਮਨ ਕੋ ਥਿਰ ਔਰ ਬਿਲੋਕ ਨ ਚਿੱਤ ਡੁਲਾਹੀ। ਏਕ ਹੀ ਬਯਾਪਕ ਹੈ ਸਭਿ ਮੈਂ ਕਰਤਾਰ ਬਿਨਾ ਘਟ ਕੋ ਨਹਿੰ ਆਹੀ' ॥ ੬੭ ॥ ਸ੍ਵੈਯਾ ॥ ਦੱਤ ਕਹੈ 'ਕਛੁ ਕਾਜ ਨਹੀਂ ਜਗ, ਬੋਲਨ ਕੋ ਨਹਿੰ ਮੋਹਿ ਸੁਭਾਊ। ਆਸ ਕੋ ਛੋਰਿ ਨਿਰਾਸ ਭਯੋ, ਮਨ ਕੀਨ ਸਦਾ ਥਿਰ ਨਾਂਹਿ ਡੁਲਾਊ। ਪੂਰਨ ਭੀ ਕਰੁਨਾ ਹਮ ਪੈ, ਉਰ ਬੀਚ ਬਸਯੋ ਤਿਹ ਸੋਂ ਲਿਵ ਲਾਊ । ਰੋਮਹਿ ਰੋਮ ਰਚਯੋ ਸੁ ਭਲੀ ਬਿਧਿ, ਕਯੋਂ ਰਸਨਾ ਅਬ ਬੈਨ ਅਲਾਊ'' ॥੬੮॥ ਚੌਪਈ॥ ਸੁਨਿ ਤਿਹ ਮਤ ਕੋ ਸ੍ਰੀ ਗੁਰ ਬੋਲੇ । 'ਧੰਨ ਤੁਮੇ ਮਨ ਰਹਿਤਿ ਅਡੋਲੇ। ਆਤਮ ਗਯਾਨ ਉਦਧਿ ਕੇ ਮਾਂਹੀ। ਰਹਉ ਮੀਨ[2] ਜਿਉਂ ਮਗਨ ਸਦਾ ਹੀ ॥ ੬੯ ॥ ਕੁੰਡਲ[3] ਕਟਕਾ-ਦਿਕ[4] ਲੰਕਾਰਾ[5]। ਸਭਿ ਕੂਰੇ ਉਰ ਬੀਚ ਬਿਚਾਰਾ। ਜੋ ਕੰਚਨ ਹੈ ਸਰਬ ਅਧਾਰਾ। ਸੋ ਸਾਚੋ ਨੀਕੀ ਬਿਧਿ ਧਾਰਾ' ॥ ੭੦॥ ਅਸ[6] ਕਹਿ ਕਰਿ ਮਿਲਿ ਆਪਸ ਮਾਂਹੀ। ਹਰਖਤਿ ਭੇ ਦੁਹਿਦਿਸ਼ ਸੁਖ ਪਾਹੀ। ਕੇਤਿਕ ਕਾਲ ਬੈਠਿ ਤਿਹ ਪਾਸਾ। ਚਲਿਨੇ ਤਯਾਰ ਭਏ ਸੁਖ ਰਾਸਾ॥੭੧॥ਕਰਿ ਬੰਦਨ ਕੋ ਸੀਸ ਨਿਵਾਏ। ਆਗੇ ਸ੍ਰੀ ਗੁਰ ਬਹੁਰ ਸਿਧਾਏ। ਕਮਲ ਬਦਨ ਸੁਖ ਸਦਨ ਸੁਹਾਵਨ। ਪੂਰਨ ਧਯਾਇ ਭਯੋ ਮਨ ਭਾਵਨ ॥ ੭੨ ॥ ਇਤਿਸ੍ਰੀ ਗੁਰਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਕ ਭਸੁੰਡ, ਦੱਤਾਤ੍ਰੇਯ' ਪ੍ਰਸੰਗ ਬਰਨਨੰ ਨਾਮ ਪੈਂਸਠਮੋਂ ਅਧਯਾਯ ॥ ੬੫ ॥

## ੬੬. [ਗੁਰ ਚਰਣ ਮੰਗਲ । ਪ੍ਰਹਲਾਦ]

ਦੋਹਰਾ॥ ਸ੍ਰੀ ਗੁਰ ਚਰਨ ਸ਼ਰੰਨ ਪਰ, ਜਨਮ ਮਰਨ ਹਰਿ ਪੀਰ।
ਜਯੋਂ ਪਾਰਸ ਰੰਕਹਿ ਮਿਲੈ, ਦਾਰਿਦ ਰਹੈ ਨ ਤੀਰ*॥੧॥

{ ਰੰਕਹਿ=ਕੰਗਾਲ ਨੂੰ [ਸਿੰ:, ਰਙ੍ਕ]। ਦਾਰਿਦ=ਗ਼ਰੀਬੀ, ਕੰਗਾਲਤਾਈ। ਤੀਰ=ਕੰਢੇ, ਕੋਲ, ਨੇੜੇ। }

ਅਰਥ-(ਹੇ ਮਨ !) ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਪਉ ( ਤੇ ) ਜਨਮ ਮਰਨ ਦੀ ਪੀੜਾ ਦੂਰ (ਕਰਾ ਲੈ), ਜਿਸ ਤਰ੍ਹਾਂ ਕੰਗਾਲ ਨੂੰ (ਜੇ) ਪਾਰਸ ਮਿਲ ਜਾਵੇ (ਤਾਂ) ਕੰਗਾਲਤਾਈ (ਉਸ ਦੇ) ਨੇੜੇ ਨਹੀਂ ਰਹਿ ਜਾਂਦੀ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਅੱਗ੍ਰਜ ਸ੍ਰੀ ਗੁਰ ਕੀਨ ਪਯਾਨੰ ।

[1]ਨਾ-ਉਮੇਦ। [2]ਮੱਛੀ। [3]ਵਾਲੇ। [4]ਕੜੇ ਆਦਿਕ। [5]ਗਹਿਣੇ। [6]ਐਸੇ। *ਪਾ:-ਪੀਰ=ਪੀੜਾ।

ਅਲਲਾਚੀਨ* ਬਿਹੰਗ ਜਿਹ ਥਾਨੈਂ। ਗਜਨ[1] ਗਹਿਤਿ[2] ਜੋ ਨਿਜ ਪਗ ਚੂੰਚੇ[3]। ਲੇਕਰਿ ਉਡ ਜਾਵਹਿ ਨਭ ਊਚੇ॥ ੨॥ ਜਿਨ ਕੋ ਦੀਰਘ ਦੇਹਿ ਅਕਾਰਾ। ਜੁਗ ਪੰਖਨ ਕੋ ਵਡ ਬਿਸਤਾਰਾ। ਹੁਤੇ ਜਹਾਂ ਪਹੁੰਚੇ ਸੁਖਰਾਸਾ। ਕਰਤਿ ਤਹਾਂ ਪ੍ਰਹਲਾਦ ਸੁ ਬਾਸਾ ॥੩॥ ਲੋਚਨ ਮੂੰਦ੍ਰਿਤ ਬੈਠਜੋ ਜਹਿੰਵਾ। ਚਲਿ ਸ੍ਰੀ ਨਾਨਕ ਪਹੁੰਚੇ ਤਹਿੰਵਾ। 'ਸ੍ਰੀ ਕਰਤਾਰੰ ਸ੍ਰੀ ਕਰਤਾਰਾ'। ਊਚੀ ਧੁਨਿ ਸੋਂ ਕੀਨ ਉਚਾਰਾ॥ ੪॥ ਛੁਟਜੋ ਧਯਾਨ ਜਬ ਪ੍ਰਭੁ ਕੋ ਦੇਖਾ। ਮਨ

---

[1]ਹਿਰਨ, ਛੋਟਾ ਬਾਰਾਂ ਸਿੰਗਾ। ਫਾ:, ਗੋਜ਼ਨ। (ਅ) ਹਾਥੀ। [2]ਫੜਦਾ। [3]ਚੁੰਝ ਨਾਲ।

*ਅਲਲਾਚੀਨ ਤੋਂ ਭ੍ਰਮ ਹੁੰਦਾ ਹੈ ਕਿ ਅਸਲ ਬਾਲੇ ਵਾਲੀ ਸਾਖੀ ਵਿਚ ਕੋਈ ਸਾਖੀਆਂ ਤਿੱਬਤ ਤੇ ਚੀਨ ਦੀਆਂ ਹੋਣਗੀਆਂ, ਜੋ ਹਿੰਦਾਲੀਆਂ ਨੇ ਹੋਰ ਰੂਪ ਵਿਖੇ ਢਾਲਕੇ ਲਿਖੀਆਂ। ਅਲਲਾਚੀਨ ਦਾ ਪ੍ਰਸੰਗ ਬਿਗੜੀ ਹੋਈ ਜਨਮ-ਸਾਖੀ ਦੇ ਪੜ੍ਹਨ ਤੋਂ ਸੰਸਾ ਨਹੀਂ ਰਹਿ ਜਾਂਦਾ ਕਿ ਇਹ ਸਾਖੀ ਕਿਸ ਮਨੋਰਥ ਨਾਲ ਰਚੀ ਗਈ ਹੈ। ਓਥੇ ਦੱਸਿਆ ਹੈ ਕਿ ਇਸ ਕਠਨ ਥਾਵੇਂ ਅੱਗੇ ਇਕ ਕਬੀਰ ਆਯਾ ਹੈ, ਦੂਜੇ ਤੁਸੀਂ ਆਏ ਹੋ, ਤੇ ਤੀਸਰਾ ਤੁਹਾਡੇ ਮਗਰੋਂ ਹਿੰਦਾਲ ਆਵੇਗਾ। ਹਿੰਦਾਲ ਦੀ ਪਦਵੀ ਗੁਰੂ ਜੀ ਦੇ ਤੁੱਲ ਦੱਸਣਾ ਸਾਖੀ ਕਰਤਾ ਦਾ ਮਨੋਰਥ ਸੀ। ਸਾਡੇ ਕਵੀ ਜੀ ਨੇ ਇਸ ਸਾਖੀ ਨੂੰ ਤਾਂ ਲੈ ਲਿਆ ਹੈ ਤੇ ਹਿੰਦਾਲ ਵਾਲੀ ਗਲ ਕੱਢ ਦਿੱਤੀ ਹੈ।

ਅਲਲਾਚੀਨ ਬਿਹੰਗ, ਗ਼ਾਲਬਨ ਕੋਈ ਅਤੀਤ ਚੀਨੀ ਸਾਧੂ ਹੋਣਾ ਹੈ ਜਿਸ ਨਾਲ ਵਾਰਤਾਲਪ ਹੋਈ, ਕਿਉਂਕਿ ਜਨਮਸਾਖੀ ਨੇ ਅਲਲਾਚੀਨ ਦੀ ਗੱਲ ਬਾਤ ਦਿੱਤੀ ਹੈ। ਇਸ ਨਾਮ ਦੇ ਪਰਬਤ ਲਈ ਖੋਜ ਕਰੀਏ ਤਾਂ ਛੋਟੀ ਤਿੱਬਤ ਯਾ ਲੱਦਾਖ਼ ਵਿਚ ਲੱਦਾਖ਼ ਦੀ ਰਾਜਧਾਨੀ 'ਲੇਹ' ਤੋਂ ਉਰੇ ਇਕ ਅਲਾਚੀ ਯਾ ਅਲਚੀ ਜਗਾ ਆਉਂਦੀ ਹੈ, ਜਿਥੇ ਸਿੰਧ ਨਦੀ ਉਤੇ ਪੁਲ ਹੈ। ਸ਼ਾਯਦ ਏਸ ਇਲਾਕੇ ਤੋਂ ਮੁਰਾਦ ਹੋਵੇ।

ਫੇਰ ਅਲਲਾਚੀਨ ਪੰਛੀ ਬੀ ਲਿਖਿਆ ਹੈ, ਮੁਰਾਦ ਗ਼ਾਲਬਨ 'ਇਲਲਾ-ਚੀਨੀ' ਤੋਂ ਹੋਵੇ। ਇਲ=ਚੀਲ ਤੋਂ ਵਡੇਰਾ ਮਾਸਾਹਾਰੀ ਪੰਛੀ ਹੈ, ਇਲਲਾ=ਸਭ ਤੋਂ ਵੱਡਾ ਮਾਸਾਹਾਰੀ ਪੰਛੀ ਜਿਸ ਨੂੰ ਉਕਾਬ ਕਹਿੰਦੇ ਹਨ। ਇਲਲਾਚੀਨ=ਚੀਨੀ ਉਕਾਬ। ਉੱਚੇ ਚਿਟਾਨਾਂ ਤੇ ਇਕ ਪੰਛੀ ਉਕਾਬ ਨਾਮੇ ਹੁੰਦਾ ਹੈ, ਜੋ ਹਿਰਨ, ਲੇਲੇ ਆਦਿ ਚੁੱਕ ਖੜਦਾ ਹੈ। ਸਗੋਂ ਏਹ ਪੰਛੀ ਇੰਨੇ ਵੱਡੇ ਬੀ ਹੁੰਦੇ ਹਨ ਕਿ ਤਾਤਾਰੀ ਕਿਰਗਿਜ਼ ਲੋਕੀ ਉਕਾਬ ਸ਼ਿਕਾਰ ਵਾਸਤੇ ਪਾਲਦੇ ਹਨ, ਜਿਸ ਨੂੰ ਓਹ 'ਬੇਰਕੂਤ' ਕਹਿੰਦੇ ਹਨ, ਇਹ ਉਕਾਬ, ਹਰਨ, ਬਘਿਆੜ ਤੇ ਲੂੰਬੜ ਤਕ ਨੂੰ ਚੁੱਕ ਖੜਦਾ ਹੈ।

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਮਹਿਂ ਬਿਸਮਤਿ ਭਯੋ ਬਿਸ਼ੇਖਾ। ਬੂਝਯੋ 'ਕੌਨ, ਕਹਾ ਤੇ ਆਏ? ਇਹ ਠਾਂ ਤੁਮ ਕੋ ਕੌਨ ਲਿਆਏ?॥ ੫ ॥ ਨਰ ਕੀ ਨਹੀਂ ਗੀਮਤਾ ਈਹਾਂ। ਆਗੇ ਜਾਵਨ ਕਿਹ ਠਾਂ ਪ੍ਰੀਹਾ?'। ਅਸ ਪ੍ਰਕਾਰ ਕੇ ਸੁਨਿ ਕਰਿ ਬੈਠਾ। ਤਿਹ ਸੋਂ

[ਪਿਛਲੇ ਪੰਨੇ ਦੀ ਬਾਕੀ ਟੂਕ]

ਖਿਆਲ ਇਹ ਕਹਿੰਦਾ ਹੈ ਕਿ ਮਾਨਸਰੋਵਰ ਤੋਂ ਸਤਿਗੁਰ ਸਿੱਧੇ ਯਾ ਇਧਰ ਉਧਰ ਫਿਰ ਟੁਰਕੇ ਲਾਸਾ (ਤਿੱਬਤ ਦੀ ਰਾਜਧਾਨੀ) ਗਏ ਹਨ ਤੇ ਓਥੋਂ ਚੀਨ ਗਏ, ਨਾਨਕਿਨ ਆਦਿ ਹੋਕੇ ਬ੍ਰਹਮਾ ਦੇ ਰਸਤੇ ਤਨਾਸਰਮ (ਧਨਾਸਰੀ ਦੇਸ) ਹੋਕੇ ਫੇਰ ਉੱਤਰੀ ਪਹਾੜਾਂ ਦੇ ਰਸਤੇ ਹੀ ਵਾਪਸ ਆਕੇ ਜੰਮੂ ਤੋਂ ਹੇਠਾਂ ਉੱਤਰੇ ਹਨ। ਕਸ਼ਮੀਰ ਰਿਆਸਤ ਦੇ ਤਹਿਸੀਲਦਾਰ ਸਰਦਾਰ ਤੀਰਥ ਸਿੰਘ ਜੀ ਘਰਜਾਖੀਏ ਨੂੰ ਇਕ ਵੇਰ ਕਿਸ਼ਤਵਾੜ ਦੇ ਇਲਾਕੇ ਵਿਚ ਤਿੱਬਤ ਦੇ ਰਸਤੇ ਦੋ ਚੀਨੀ ਯਾਤ੍ਰੂ ਅੰਮ੍ਰਿਤਸਰ ਨੂੰ ਆ ਰਹੇ ਮਿਲੇ ਸਨ, ਓਹ ਦੱਸਦੇ ਸਨ 'ਕਿ ਅਸੀਂ ਚੀਨੀ ਹਾਂ, ਨਾਨਕਿਨ ਸ਼ਹਿਰ ਦੇ ਨੇੜੇ ਰਹਿਣ ਵਾਲੇ ਹਾਂ। ਗੁਰੂ ਨਾਨਕ ਦੇਵ ਜੀ ਸਾਡੇ ਦੇਸ਼ ਗਏ ਹਨ, ਅਸੀਂ ਉਨ੍ਹਾਂ ਦੇ ਸ਼ਰਧਾਲੂ ਹਾਂ ਤੇ ਅੰਮ੍ਰਿਤਸਰ ਜੀ ਦੀ ਯਾਤ੍ਰਾ ਲਈ ਜਾ ਰਹੇ ਹਾਂ।' ਗੜਤੋਕ ਤੇ ਮਾਨਸਰੋਵਰ ਦੇ ਲਾਗੇ ਦੇ ਤਿੱਬਤੀ ਸਿੱਖਾਂ ਨੂੰ ਦੇਖਕੇ ਸਤਿਕਾਰ ਕਰਦੇ ਹਨ। ਕਈ ਤਿੱਬਤੀ ਲੋਕ ਹਰ ਸਾਲ ਅੰਮ੍ਰਿਤਸਰ ਨੂੰ ਆਪਣਾ ਤੀਰਥ ਮੰਨਕੇ ਯਾਤ੍ਰਾ ਲਈ ਆਉਂਦੇ ਹਨ, ਤਿੱਬਤੀ ਲੋਕਾਂ ਦਾ ਮੰਤ੍ਰ ਇਹ ਹੈ:-ਓਂ ਮਨੀ ਪਦਮਿ ਹੁੰ। (om mani padme hun) ਪਰ ਇਸ ਇਲਾਕੇ ਦੇ ਤਿੱਬਤੀ ਇਹ ਮੰਤਰ ਪੜ੍ਹਦੇ ਹਨ:- ਓਂ ਆਂਹੁ ਭਦਰਾ ਗੁਰੂ ਪਦਮਾ ਸਿਧੀ ਹੂੰ।

[ਦੇਖੋ ਪੂਰਬਾਰਧ ਅਧਯਾਯ ੬੪, ਅੰਕ ੭੪ ਦੀ ਟੂਕ, ਪੰਨਾ ੬੮੮)

ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਤਿੱਬਤ ਵਿਚ ਤੇ ਚੀਨ ਦੇ ਕਿਸੇ ਹਿੱਸੇ ਵਿਚ ਫਿਰੇ ਹਨ। ਜੇ ਉਧਰ ਫਿਰੇ ਹਨ ਤਦ-ਉਨ੍ਹਾਂ ਦੇ ਮੰਦਰਾਂ ਵਿਚ, ਜਿਨ੍ਹਾਂ ਵਿਚ ਪੁਸਤਕਾਲੇ ਬੀ ਹਨ, ਬੁੱਤ ਬੀ ਹਨ, ਤੇ ਲਾਮੇ (ਸਾਧੂ) ਚੰਗੇ ਚੰਗੇ ਵਿਦਵਾਨ ਬੀ ਹਨ-ਇਨ੍ਹਾਂ ਲੋਕਾਂ ਨਾਲ ਮੇਲ ਜੋਲ ਚਰਚਾ ਵਿਚਾਰ ਜ਼ਰੂਰ ਹੋਏ ਹੋਣਗੇ। ਗ਼ਾਲਬਨ ਕੁਛ ਹਿੱਸਾ ਇਨ੍ਹਾਂ ਵਾਕਿਆਤ ਤੇ ਗੱਲਾਂ ਬਾਤਾਂ ਦਾ ਅਸਲੀ ਜਨਮਸਾਖੀ ਵਿਚ ਹੋਵੇ, ਜੋ ਹਿੰਦਾਲੀਆਂ ਨੇ ਸਭ ਉਡਾ ਦਿੱਤੀਆਂ।

ਇਨ੍ਹਾਂ ਅਧਯਾਵਾਂ ਵਿਚ ਸੁਮੇਰ ਤੋਂ ਟੁਰਕੇ ਕਾਕ ਭਸੁੰਡ, ਦੱਤਾ ਤ੍ਰੇਯ, ਪ੍ਰਹਲਾਦ, ਧ੍ਰੂ ਦੇ ਪ੍ਰਸੰਗ ਆਏ ਹਨ। ਏਹ ਸਾਰੇ ਪ੍ਰਸੰਗ ਕਵਿ ਜੀ ਨੇ ਸ਼ਾਸਤ੍ਰਾਂ ਵਿਚੋਂ ਆਪਣੇ ਪੜ੍ਹੇ ਹੋਏ ਇਸ ਤਰ੍ਹਾਂ ਇਥੇ ਦਿੱਤੇ ਹਨ ਕਿ ਕਥਾ ਜਾਣਨ ਵਾਲਿਆਂ ਨੂੰ ਏਥੋਂ ਹੀ ਸਾਰੀ ਕਥਾ ਮਲੂਮ ਹੋ ਜਾਵੇ। ਗੁਰੂ ਜੀ ਦੇ ਇਨ੍ਹਾਂ ਨਾਲ ਮਿਲਾਪ ਇਉਂ ਹਨ ਕਿ ਮਾਨੋਂ ਓਹ ਪਹਾੜਾਂ ਵਿਚ ਬੈਠੇ ਤਪ ਕਰ ਰਹੇ ਸਨ। ਹਾਂ, ਵਿੱਚ ਵਿੱਚ ਜ਼ਿਕਰ ਆ ਜਾਂਦਾ ਹੈ ਕਿ ਤੁਸੀਂ ਓਥੇ ਆ ਗਏ ਹੋ ਜਿੱਥੇ ਆਦਮੀ ਦੀ ਗਤੀ ਹੀ ਨਹੀਂ ਹੈ। ਯਥਾ:-

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਬੋਲੇ ਪੰਕਜ ਨੈਨਾ ॥ ੬ ॥ 'ਸਿਮਰਨੋ ਨਾਮ ਜੁ ਤੁਮ ਬਿਧਿ ਨੀਕੀ। ਸ਼ਰਧਾ ਧਰੀ ਅਧਿਕ ਨਿਜ ਜੀ ਕੀ।ਨਿਸ ਬਾਸੁਰ ਭੈ ਸਰਬ ਨਿਵਾਰਾ।ਏਕ* ਨਾਮ ਕੋ ਕੀਨ ਉਚਾਰਾ ॥ ੭॥ ਰੱਖਜਾ ਕਰੀ ਤੋਹਿ ਜਿਨ ਭੂਰੀ। ਦੋਖੀ ਮਾਰ ਬਿਦਾਰੇ ਦੂਰੀ। ਹਮ ਉਪਾਸਕੀ ਤਿਸੀ ਨਾਮ ਕੇ। ਗੁਣ ਸਿਮਰਹਿੰ ਸਦ

*ਪਾ:–ਸ੍ਰੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਨਰ ਕੀ ਨਹੀ ਗੰਮਤਾ ਈਹਾਂ—ਅਧਜਾ: ੬੬ ਅੰਕ ੬
ਤਾਰੇ ਤਰੇ ਛੋਰ ਕਰਿ ਸਭਿ ਹੀਂ– ,, ੭੧ ,, ੨
ਰਹੇ ਪ੍ਰਕਾਸ਼ ਥਾਨ ਨਿਚ ਝਾਰੀ– ,, ੭੧ ,, ੫

ਇਨ੍ਹਾਂ ਤੋਂ ਪਤਾ ਚਲਦਾ ਹੈ ਕਿ ਧਰਤੀ ਹੇਠਾਂ ਰਹਿ ਗਈ ਹੈ ਤੇ ਸਤਿਗੁਰੂ ਜੀ ਅਕਾਸ਼ਾਂ ਵਿਚ ਚਲੇ ਗਏ ਹਨ।

ਇਹ ਗੱਲ ਫਿਰ ਧ੍ਰੂ ਜੀ ਸਫੁਟ ਕਹਿ ਦੇਂਦੇ ਹਨ:–

ਭੂਚਰ ਖੇਚਰ ਕਿਨ ਪਹੁੰਚਾਏ ?—ਅਧਜਾ: ੭੨ ਅੰਕ ੫੯

ਅਰਥਾਤ ਤੁਸੀਂ ਜ਼ਿਮੀਂ ਤੇ ਚੱਲਣ ਵਾਲੇ ਸਾਓ, ਤੁਹਾਨੂੰ ਅਸਮਾਨਾਂ ਵਿਚ ਚੱਲਣ ਵਾਲਿਆਂ ਵਿਚ ਕਿਨ ਪਹੁੰਚਾਯਾ ? ਗੋਯਾ ਗੁਰੂ ਜੀ ਅਸਮਾਨਾਂ ਵਿੱਚ ਫਿਰ ਰਹੇ ਹਨ, ਧਰਤੀ ਉੱਤੇ ਨਹੀਂ ਹਨ। ਇਸ ਦੇ ਹੁਣ ਦੋ ਪਹਿਲੂ ਹਨ:-ਇਕ ਤਾਂ ਇਹ ਕਿ ਖਗੋਲ ਵਿਦਜਾ ਦੇ ਦੱਸੇ ਮੰਡਲਾਂ ਵਿਚ ਫਿਰ ਰਹੇ ਹਨ, ਦੂਸਰੇ ਆਤਮਕ ਵਿਦਜਾ ਦੇ ਦੱਸੇ ਮੰਡਲਾਂ ਵਿਚ। ਮਸਲਨ 'ਧ੍ਰੂ' ਅਕਾਸ਼ਾਂ ਵਿਚ ਇਕ ਸਤਾਰਾ ਹੈ, ਜੋ ਠੀਕ ਉੱਤਰ ਵੱਲ ਹੈ, ਰਾਤ ਨੂੰ ਤੱਕ ਸਾਰੇ ਤਾਰੇ ਇਸ ਦੀ ਪ੍ਰਕ੍ਰਮਾਂ ਕਰਦੇ ਜਾਪਦੇ ਹਨ, ਸਾਡੀ ਪ੍ਰਿਥ੍ਵੀ ਤੋਂ ਮਾਨੋਂ ਇਹ ਸਾਰੇ ਦਿੱਸਦੇ ਤਾਰਿਆਂ ਦਾ ਕੇਂਦ੍ਰ ਹੈ। ਇਹ ਇੰਨੀ ਦੂਰ ਹੈ ਕਿ ਇਸ ਦਾ ਪ੍ਰਕਾਸ਼ ੫੦ ਵਰਹੇ ਵਿੱਚ ਪ੍ਰਿਥਵੀ ਤੇ ਅੱਪੜਦਾ ਹੈ। ਇਹ ਸਾਈਂ ਦੀ ਕੁਦਰਤ ਵਿੱਚ ਸੰਭਵ ਹੈ ਕਿ ਪਵਿੱਤ੍ਰ ਤੇ ਉੱਚੀਆਂ ਰੂਹਾਂ ਦਾ ਨਿਵਾਸ ਸਥਾਨ ਹੋਵੇ, ਤੇ ਸਾਡੇ ਮਾਤ ਲੋਕ ਦੇ ਭਗਤ ਧ੍ਰੂ ਜੀ ਏਥੇ ਮੁਖੀ ਸੱਜਣ ਹੋਣ। ਇਸੀ ਪ੍ਰਕਾਰ ਹੋਰਨਾਂ ਲੋਕਾਂ ਵਿਚ ਸਤਿਗੁਰੂ ਜੀ ਪ੍ਰਹਲਾਦ ਆਦਿ ਭਗਤਾਂ ਨੂੰ ਮਿਲੇ ਹੋਣ ਅਤੇ ਆਪ ਓਥੇ ਸਾਥੀਆਂ ਸਣੇ ਸੂਖਮ ਸਰੀਰ ਨਾਲ ਗਏ ਹੋਣ, ਤੇ ਜੇ ਏਹ ਆਤਮਕ ਮੰਡਲ ਹਨ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁਜੀ ਦੇ ਅੰਤ ਵਿਚ ਰੂਹ ਦੀ ਤ੍ਰੱਕੀ ਅਨੁਸਾਰ ਉਸ ਦੇ ਨਿਵਾਸ ਦੇ ਟਿਕਾਣੇ ਯਾ ਅਵਸਥਾ ਏਹ ਦੱਸੀਆਂ ਹਨ:–

ਇਹ ਧਰਤੀ, ਧਰਮ ਖੰਡ, ਗਜ਼ਾਨ ਖੰਡ, ਸਰਮ ਖੰਡ, ਕਰਮ ਖੰਡ, ਸਚ ਖੰਡ।

ਗਜ਼ਾਨ ਖੰਡ ਵਿਚ ਸਤਿਗੁਰ ਜੀ ਨੇ ਇਨ੍ਹਾਂ ਦੇ ਨਿਵਾਸ ਗਿਣੇ ਹਨ:—ਕਾਨ੍ਹ, ਮਹੇਸ਼, ਬਰਮੇ, ਕਈ ਕਰਮ ਭੂਮੀਆਂ, ਕਈ ਮੇਰੁ (ਸੁਮੇਰੁ), ਧ੍ਰੂ ਉਪਦੇਸ਼ (ਭਾਵ, ਨਾਰਦ), ਸਿੱਧ, ਨਾਥ, ਬੁੱਧ ਤੇ ਓਥੇ ਬੜਾ ਤੇਜ ਬੀ ਦੱਸਿਆ ਹੈ ਯਥਾ-ਗਜ਼ਾਨ ਪ੍ਰਚੰਡ। ਤੇ ਓਥੇ ਨਾਦ ਬਿਨੋਦ ਕ੍ਰੋੜਾਂ ਆਨੰਦ ਹਨ। ਫਿਰ ਕਰਮ ਖੰਡ ਵਿਚ ਦੱਸਿਆ ਹੈ:—ਕਿ ਓਥੇ ਕਈ ਲੋਕਾਂ ਦੇ ਭਗਤ ਵਸਦੇ ਹਨ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਸੁਖ ਨਿਧਾਨ ਕੇ*॥੮॥ ਤਿਹ ਕੀ ਸ਼ਕਤਿ ਧਰਹਿਂ ਨਿਜ ਪਾਹੂ[1]। ਆਏ ਤੁਮ ਦਰਸ਼ਨ ਕੀ ਚਾਹੂ'। ਸੁਨਤਿ ਪ੍ਰਹਲਾਦ ਬਚੈਨ ਉਚਰਾ। 'ਕੋ ਬਾਸਨ ਧੋਇ ਉੱਜਲ ਕਰਾ?॥ ੯ ॥ ਕਾਂਕੋ ਦੂਧ ਚੋਇ ਕਰਿ ਲੀਨਾ?। ਕੌਨ ਤਾਵ ਸੋਂ ਤਾਵਨ ਕੀਨਾ?। ਕੌਨ ਸਮਾਇਨ ਤਾਂ ਮਹਿਂ ਪਾਯਾ। ਕੌਨ ਥਾਨ ਦਧਿ[2] ਰਾਖਿ ਜਮਾਯਾ?॥ ੧੦ ॥ ਕਿਸ ਬਿਧਿ ਮਥਿਕੈ ਕਾਢਨੋ ਮਾਖਨ?। ਪੁਨ ਕੈਸੇ ਕੀਨੋ ਤੁਮ ਚਾਖਨ?। ਕਹਿਯੇ ਸਭਿ ਮੋ ਕੋ ਬੀਚਾਰਾ। ਜਿਹ ਬਿਧਿ ਕੀਨੀ ਨੀਕੀ ਕਾਰਾ'॥ ੧੧ ॥ ਦੋਹਰਾ॥ ਬੋਲੇ ਸ੍ਰੀ ਨਾਨਕ ਤਬੈ 'ਤਨ ਬਾਸਨ ਕੋ ਧੋਇ। ਧੇਨੁ[3] ਖਿਮਾ ਕੇ ਪਾਸ ਤੇ ਦੂਧ ਸੰਤੋਖਹਿ ਚੋਇ॥੧੨॥ ਚੌਪਈ॥ ਤਨ ਤਾਪਨ ਕੋ ਤਾਵਨ[4] ਤਾਯਾ। ਗੁਰ ਉਪਦੇਸ਼ ਸਮਾਇਨ[5] ਪਾਯਾ। ਸਤਿ ਸੰਗਤ ਮਹਿਂ ਭਲੋ ਸਥਾਨਾ। ਰਾਖਿ ਜਮਾਯੋ ਤਹਾਂ ਸੁਜਾਨਾ!॥ ੧੩ ॥ ਮਨ ਬਿਚਾਰ ਕੀ ਮਥਨੀ[6] ਕਰਿਕੈ। ਆਪਾ ਤਜਿਨ ਮਥਨੋ[7] ਹਿਤ ਧਰਿਕੈ। ਭਾਣਾ ਮਨਨ ਚਾਖ ਕਰਿ ਸਾਦਾ[8]। ਤ੍ਰਿਪਤ ਭਏ ਸ੍ਰੀ ਗੁਰੁ ਪ੍ਰਸਾਦਾ'॥੧੪॥ਸੁਨਿ ਪ੍ਰਹਲਾਦ ਭਗਤਿ ਅਸ ਬਾਨੀ॥ਬੰਦਨ ਕੀਨਿ ਜੋਰ ਜੁਗ ਪਾਨੀ। ਤਿਹ ਕੋ ਪ੍ਰੇਮ ਦੇਖਿ ਸੁਖਧਾਮਾ। ਆਪ ਕਰੀ ਤਿਹ ਚਰਨ ਪ੍ਰਣਾਮਾ॥ ੧੫ ॥ ਦੁਹਿ ਦਿਸ਼ਿ ਹੋਵਾ ਹਰਖ ਬਿਸਾਲਾ।

[1]ਪਾਸ। [2]ਦਹੀਂ। [3]ਗਊ। [4]ਚੁਲ੍ਹਾ। [5]ਜਾਗ। [6]ਮਧਾਣੀ। [7]ਰਿੜਕਿਆ। [8]ਸਵਾਦ।

*ਪਾਃ—ਸਦਾ ਸੁਖ ਧਾਮ ਕੇ, ਸਭ ਸਖੀ ਧਾਮ ਕੇ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸੋ ਇਨ੍ਹਾਂ ਆਤਮ ਮੰਡਲਾਂ ਵਿਚ ਗੁਰੂ ਜੀ ਭਗਤਾਂ ਨੂੰ ਉਨ੍ਹਾਂ ਦੇ ਆਪਣੇ ਆਪਣੇ ਤਰੱਕੀ ਦੇ ਟਿਕਾਣਿਆਂ ਮੂਜਬ ਮਿਲੇ। ਧ੍ਰੂ ਮਿਲਾਪ ਦੇ ਪਿੱਛੋਂ ਆਪ ਸਚਖੰਡ ਜਾਂਦੇ ਹਨ। ਸੋ ਧ੍ਰੂ ਦਾ ਟਿਕਾਣਾ ਕਰਮ ਖੰਡ ਵਿੱਚ ਹੋਣਾ ਹੈ (ਯਥਾ—'ਤਿਥੈ ਭਗਤ ਵਸਹਿ ਕੇ ਲੋਅ'=) ਕਿਉਂਕਿ ਧ੍ਰੂ ਜੀ ਸ਼ਿਰੋਮਣੀ ਭਗਤਾਂ ਵਿਚੋਂ ਹੋਏ ਹਨ ਇਸ ਕਰਕੇ ਓਹ ਕਰਮ ਖੰਡ ਦੇ ਭਗਤਾਂ ਵਿਚ ਸਮਝਣੇ ਚਾਹੀਏ। ਇਥੇ ਹੀ ਗੁਰੂ ਜੀ ਨੇ ਬਾਲੇ ਮਰਦਾਨੇ ਨੂੰ ਛੋੜਿਆ (ਇਸ ਵਿਚਾਰ ਲਈ ਕਿ ਆਪ ਦੇਹ ਨਾਲ ਕੀਕੂੰ ਅਦੇਹ ਮੰਡਲਾਂ ਵਿਚ ਗਏ, ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਦੇ ਅਧ੍ਯਾਯ ੧ ਦੇ ਅੰਕ ੮ ਦੀ ਟੂਕ)।

ਸੋ ਆਪ ਸਚਖੰਡ ਗਏ, ਸਚਖੰਡ ਦਾ ਹਾਲ ਦੱਸਣਾ ਗੁਰੂ ਜੀ ਨੇ ਕਰੜਾ ਸਾਰ ਲਿਖਿਆ ਹੈ। ਕਵੀ ਜੀ ਨੇ ਅੱਗੇ ਚੱਲਕੇ ਆਪਣੇ ਖਿਆਲ ਤੇ ਵਾਕਫੀਅਤ ਦੀ ਸੁੰਦਰਤਾ ਦੇ ਸਾਮਾਨ ਗਿਣਕੇ ਕੁਛ ਸਚਖੰਡ ਦੀ ਛਬੀ ਦਾ ਨਕਸ਼ਾ ਬੰਨ੍ਹਣ ਦਾ ਯਤਨ ਕੀਤਾ ਹੈ। ਉਂਵ ਸਚਖੰਡ ਕੋਈ ਦੇਸ਼ ਕਾਲ ਦੀ ਥਾਂ ਨਹੀਂ, ਓਹ ਸਾਰੇ ਹੈ ਤੇ ਸਾਰੇ ਦਾ ਕੇਂਦ੍ਰ ਹੈ, ਉਸ ਵਿਚ ਸਭ ਕੁਛ ਹੈ ਤੇ ਓਹ ਸਭ ਦੇ ਅੰਤਰਭੂਤ ਹੈ।

ਕਹਿਤਿ ਬਚਨ ਪ੍ਰਹਲਾਦ ਰਸਾਲਾ। 'ਤੁਮ ਅਵਤਾਰ ਭਏ ਜਗ ਮਾਂਹੀ। ਜਯੋਂ ਨਰਸਿੰਘ ਭਏ ਮਮ ਚਾਹੀ ॥ ੧੬ ॥ ਜਬ ਜਗ ਸੰਤ ਦੁਖਹਿਂ ਕਿਹ ਰੀਤੀ। ਬਹੁਰੋ ਧਰਮ ਹੋਤਿ ਬਿਪਰੀਤੀ[੧]। ਤਬ ਤਨ ਧਰਿ ਸੰਕਟ ਜਨ ਖਾਪੂ[੨]। ਜਗ ਮਹਿਂ ਦੇਹਿ ਧਰਮ ਕੋ ਥਾਪੂ[੩]' ॥ ੧੭॥ ਕਰਿ ਉਸਤਤਿ ਪੁਨ ਕਿਯ ਪਦ ਬੰਦਨ। ਦਰਸ਼ਨ ਕਰਿਹੀ ਦੋਖ ਨਿਕੰਦਨ। ਸ਼੍ਰੀ ਅੰਗਦ ਜੀ ਸੁਨਿ ਹਿਤ ਸਾਥਾ। ਮੈਂ ਬੂਝਤਿ ਭਾ ਬਹੁਰੋ ਗਾਥਾ ॥੧੮॥ 'ਅਪਨੀ ਕਥਾ ਸਨਾਵਹੁ ਸਾਰੀ। ਜਯੋਂ ਪ੍ਰਭੁ ਰੱਖਯਾ ਕੀਨਿ ਤੁਮਾਰੀ। ਸਰਬ ਜਗਤ ਮਹਿਂ ਬਿਦਤ ਕਹਾਨੀ। ਸੋ ਨਿਜ ਮੁਖ ਤੇ ਕਰਉ ਬਖਾਨੀ' ॥ ੧੯ ॥ ਜਬ ਮਮ ਬੈਨ ਸੁਨੇ ਅਸ ਕਾਨਾ। ਬੋਲਯੋ ਤਬ ਪ੍ਰਹਲਾਦ ਸੁਜਾਨਾ:-'ਪੂਰਬ ਏਕ ਸਮੈਂ ਜਗਨਾਹੂ[੪]। ਧਾਰਤਿ ਭੇ ਅਵਤਾਰ ਬਰਾਹੂ[੫] ॥ ੨੦ ॥ ਮਮ ਪਿਤਭ੍ਰਾਤਾ[੬] ਛਿਤ[੭] ਕੋ ਲੀਨੇ। ਗਯੋ ਰਸਾਤਲ[੮] ਗਰਬਤਿ ਪੀਨੇ[੯]। ਤਿਹ ਕੋ ਮਾਰਿ[੧੦], ਲੀਨਿ ਤਬ ਛੋਨੀ[੧੧]।ਅਸਥਾਪਨ ਕੀਨੀ ਜਗ ਜੋਨੀ[੧੨]॥ ੨੧ ॥ ਜਬ ਤਿਹ ਮਰਨ ਸੁਨਯੋ ਪਿਤ ਮੇਰੇ। ਭ੍ਰਾਤ ਸ਼ੋਕ ਮਹਿਂ ਦੁਖਿਤ ਘਨੇਰੇ। ਹਿਰਦੇ ਕੀਨ ਬਹੁਰ ਵਡ ਕ੍ਰੋਧਾ।-ਲੇਉਂ ਬੈਰ ਕਰਿ* ਬਿਸ਼ਨੁ ਬਿਰੋਧਾ[੧੩]-॥੨੨ ॥ ਨਿਜ ਦਸਨਨ ਸੋਂ ਅਧਰਨ ਕਾਟੇ[੧੪]। ਕਹਿਤਿ ਭਯੋ ਭ੍ਰਿੱਤਨ ਸਨ ਡਾਂਟੇ[੧੫]।-ਹਨਯੋ ਬਿਸ਼ਨੁ ਨੈ ਭ੍ਰਾਤਾ ਮੋਰਾ। ਜਿਹ ਕੋ ਹੁਤੋ ਤੇਜ ਵਡ ਘੋਰਾ[੧੬] ॥੨੩॥ ਯੱਦਯਪਿ ਸਮ[੧੭] ਹੈ ਅਹਿਰਿਪੁਕੇਤੂ[੧੮]। ਕਰਤਿ ਬਿਖਮਤਾ[੧੯] ਭਗਤਨ ਹੇਤੂ।ਗਤਿ ਲਜਾ[੨੦],ਬਹੁ ਕਪਟ[੨੧] ਪ੍ਰਬੀਨਾ।ਅਪਨੇ ਸਿਮਰਨ ਕੇ ਹਿਤ ਭੀਨਾ ॥ ੨੪ ॥ ਛਲ ਕਰਿ ਸੂਕਰ[੨੨] ਧਾਰਿ ਸਰੂਪਾ। ਹਨਯੋ ਸਹੋਦਰ ਮਮ ਸੁਖਰੂਪਾ[੨੩]। ਦ੍ਵਿਜ ਸੁਰ ਕਾਰਨ[੨੪] ਤਿਹ ਨੈ ਮਾਰਾ।

---

[੧]ਉਲਟ। [੨]ਜਨਾਂ ਦੇ ਸੰਕਟ ਨਾਸ਼ ਕਰਨ ਨੂੰ। [੩]ਧਰਮ ਸਥਾਪਨ ਕਰਦਾ ਹੈ। [੪]ਜਗਤ ਦੇ ਸੁਆਮੀ। [੫]ਸੂਰ ਦਾ। [੬]ਚਾਚਾ। [੭]ਪ੍ਰਿਥਵੀ। [੮]ਪਾਤਾਲ ਦੇ ਸੱਤਾਂ ਲੋਕਾਂ ਵਿਚੋਂ ਛੇਵਾਂ ਲੋਕ। [੯]ਤਕੜਾ। [੧੦]ਮਾਰਕੇ। [੧੧]ਪ੍ਰਿਥਵੀ ਲੈ ਲਈ। [੧੨]ਜਗਤ ਦੇ ਕਾਰਣ (ਵਾਹਿਗੁਰੂ) ਨੇ। [੧੩]ਵਿਸ਼ਨੂ ਨਾਲ ਵਿਰੋਧ ਕਰਕੇ। [੧੪]ਦੰਦਾਂ ਨਾਲ ਬੁਲ੍ਹਾਂ ਨੂੰ ਕੱਟੇ। [੧੫]ਡਾਂਟਕੇ। [੧੬]ਭਯਾਨਕ। [੧੭]ਮੁਰਾਦ ਹੈ ਸਮਦ੍ਰਿਸ਼ਟੇ ਹੋਣ ਤੋਂ। [੧੮]ਵਿਸ਼ਨੂੰ (ਸੱਪਾਂ ਦੇ ਵੈਰੀ=ਗਰੁੜ-ਦੀ ਕੇਤੂ=ਧ੍ਵਜਾ ਵਾਲਾ)। [੧੯]ਭਾਵ ਸਮਦ੍ਰਿਸ਼ਟਾ ਨਹੀਂ ਰਹਿੰਦਾ। [੨੦]ਨਿਲੱਜ। [੨੧]ਖੋਟ ਵਿਚ। [੨੨]ਸੂਰ ਦਾ। [੨੩]ਸੁਖਾਂ ਦਾ ਰੂਪ। [੨੪]ਬ੍ਰਾਹਮਣਾ ਤੇ ਦੇਵਤਿਆਂ ਦੀ ਖਾਤਰ। *ਪਾ:-ਬਰ।

ਅਭੈ ਕਿਯੋ ਤੇ[੧] ਜਗਤ ਮਝਾਰਾ ॥ ੨੫ ॥ ਅਬ ਤੁਮ ਜਾਹੁ ਖੋਜਿ ਜਗ ਸਾਰੋ। ਦ੍ਵਿਜ[੨] ਮੁਨਿ[੩] ਧੇਨੁ[੪] ਸਕਲ ਸੰਘਾਰੋ[੫]। ਜਹਿਂ ਜਹਿਂ ਦੇਖੋ ਬਿਸ਼ਨੁ ਉਪਾਸਨ। ਤਹਿਂ ਤਹਿਂ ਕੀਜੈ ਬੇਗ ਬਿਨਾਸ਼ਨ—॥੨੬॥ ਅਸ ਸੁਨਿ ਆਇਸੁ ਤਬਹਿ ਭੁਵਾਲਾ। ਧਾਏ ਦੈਂਤ ਵਡੇ ਬਿਕਰਾਲਾ। ਤਿਨ ਕੇ ਨਾਮ ਕਹੋਂ ਸੁਨਿ ਸੋਊ:—।ਦ੍ਵੈਸਿਰ, ਸੰਬਰ, ਨਮੁਚੀ ਜੋਊ ॥ ੨੭ ॥ ਤੀਨਨੈਨ, ਪੁਨ ਇਲਵਲ, ਪਾਕਾ। ਸਕੁਨਿ, ਪਲੋਮਨ ਅਤਿ ਬਲ ਜਾਂਕਾ। ਬਿੱਪ੍ਰਚਿਤ[੬]ਤੇ ਆਦਿ ਅਪਾਰਾ। ਸੁਨਿ ਰਜਾਇ ਗੇ[੭] ਜਗਤ ਮਝਾਰਾ ॥ ੨੮ ॥ ਮੁਨਿਵਰ[੮] ਬਿੱਪ੍ਰ ਬ੍ਰਿੰਦ ਜਹਿਂ ਰਹਿੰਹੀਂ। ਕਰਹਿਂ ਉਪੱਦ੍ਰਵ[੯] ਮਿਲਿ ਕਰਿ ਤਹਿਂ ਹੀ।ਗ੍ਰਾਮ ਨਗਰ ਕੋ ਅਗਨਿ ਲਗਾਵੈਂ। ਮਾਰਹਿਂ ਬਿੱਪ੍ਰ ਧੇਨੁ ਜਹਿਂ ਪਾਵੈਂ॥੨੯॥ ਦੀਨੋ ਅਸ ਪ੍ਰਕਾਰ ਬਹੁ ਤ੍ਰਾਸਾ। ਭਾਜੇ ਮੁਨਿ ਦ੍ਵਿਜ ਤਜੇ ਨਿਵਾਸਾ*। ਮੰਦਰ ਢਾਹਿ ਮਿਲਾਵਹਿਂ ਧੂਰੀ।ਜੱਗ੍ਯ ਹੋਮ ਤਪ ਕਿਯ ਸਭਿ ਦੂਰੀ॥੩੦॥ਬ੍ਯਾਕੁਲ ਭਈ ਪ੍ਰਜਾ ਤਬ ਭਾਰੀ। ਗਿਰੇ ਸੁਰਗ ਤੇ ਜੇ ਸੁਰ ਝਾਰੀ[੧੦]।ਅਪਰ ਬੇਖ ਧਰਿ ਛਿਤ[੧੧] ਮਹਿਂ ਰਹਿਹੀਂ। ਜੱਗ ਹੋਮ ਕੋ ਨਾਮ ਨ ਕਹਿਹੀਂ ॥ ੩੧ ॥ ਦੋਹਰਾ ॥ ਹਿਰਨਕਸ਼ਪ ਮਮ ਪਿਤਾ ਤਬ ਗਯੋ ਕਰਨ ਤਪ ਹੇਤ।—ਜੀਤੌਂ ਦਿਗ ਦਿਗਪਾਲ[੧੨] ਯੁਤ—ਯਹਿ ਸੰਕਲਪ ਸਮੇਤ॥ ੩੨ ॥ ਚੌਪਈ ॥ ਦ੍ਰਿਢ ਵਿਚਾਰ ਯੌਂ ਕਰਿ ਉਰ ਆਪੂ। ਲਗਯੋ ਕਰਨ ਤਪ ਸਹਤਿ ਸੰਤਾਪੂ[੧੩]।ਮੰਦਰ ਗਿਰ[੧੪] ਦ੍ਰੋਣੀ[੧੫] ਪਰ ਠਾਢਾ[੧੬]। ਮਹਾਂ ਉੱਗ੍ਰ ਤਪ ਸੌਂ ਹਿਤ ਬਾਢਾ[੧੭] ॥੩੩॥ ਊਰਧ ਬਾਹੁ[੧੮], ਜਟਾ ਸਮ ਭਾਨਾ[੧੯]। ਛਿਤ[੨੦] ਪਰ ਪਗ ਅੰਗੁਸ਼ਟ[੨੧] ਟਿਕਾਨਾ। ਤਿਹ ਅਲੰਬ[੨੨] ਠਾਂਢੋ ਕਿਤ ਕਾਲਾ। ਕੀਨ ਕਠਨ ਤਪ ਜਬਹਿ ਬਿਸਾਲਾ ॥ ੩੪ ॥ ਜਟ ਤੇ[੨੩] ਅਗਨਿ ਧੂਮ ਪਰਕਾਸਾ। ਪਸਰ ਪਰਯੋ ਸੋ ਚਹੁੰਦਿਸ ਪਾਸਾ। ਅਧੁ ਊਰਧ[੨੪] ਸਭਿ ਜਗਤ ਮਝਾਰੀ। ਤਿਹ ਤੇ ਬ੍ਯਾਕੁਲ ਸੁਰ[੨੫]

---

[੧]ਓਹ ਭਾਵ ਬ੍ਰਾਹਮਣ ਤੇ ਦੇਵਤੇ। [੨]ਬ੍ਰਾਂਹਮਣ। [੩]ਮੁਨੀ। [੪]ਗਊਆਂ। [੫]ਸਭ ਮਾਰ ਦਿਓ। [੬]ਇਹ ਸਾਰੇ ਦੈਂਤਾਂ ਦੇ ਨਾਮ ਹਨ। [੭]ਗਏ। [੮]ਸ੍ਰੇਸ਼ਟ ਮੁਨੀ। [੯]ਅਨਰਥ। [੧੦]ਸਮੂਹ ਦੇਵਤੇ। [੧੧]ਧਰਤੀ। [੧੨]ਭਾਵ (ਦਸ਼ੋ) ਦਿਸ਼ਾ ਦੇ ਪਾਲਨ ਕਰਨ ਵਾਲੇ ਦੇਵਤੇ। ਇੰਦ੍ਰ, ਵੰਨ੍ਹੀ, ਯਮ, ਨੈਰਿਤ, ਵਾਰੁਣ, ਮਰੁਤ, ਕੁਬੇਰ, ਈਸ਼, ਬ੍ਰਹਮਾ, ਅਨੰਤ। [੧੩]ਦੁਖ ਨਾਲ। (ਅ) ਕਠਿਨਤਾ ਵਾਲਾ। [੧੪]ਮੰਦ੍ਰਾਚਲ ਪਰਬਤ ਦੀ। [੧੫]ਚੋਟੀ। [੧੬]ਖੜ੍ਹਾ ਹੋਯਾ। [੧੭]ਵਧਾਇਆ। [੧੮]ਉਪਰ ਬਾਹਾਂ। [੧੯]ਸੂਰਜ (ਦੀਆਂ ਕਿਰਨਾਂ) ਵਾਂਙੂ ਜਟਾਂ। [੨੦]ਧਰਤੀ। [੨੧]ਪੈਰ ਦਾ ਅੰਗੂਠਾ। [੨੨]ਆਸਰੇ। [੨੩]ਜਟਾਂ ਵਿਚੋਂ। [੨੪]ਹੇਠਾਂ ਤੇ ਉਪਰ। [੨੫]ਦੇਵਤੇ ਤੇ। *ਪਾ:—ਅਵਾਸਾ।

ਨਰ ਝਾਰੀ[੧] ॥ ੩੫ ॥ ਛੁਭਤਿ ਸਿੰਧ[੨], ਤਾਰਾਗਨ ਗਿਰਹੀ[੩] । ਦਹਿਦਿਸ਼ ਪ੍ਰਲਯ ਜ੍ਵਾਲ ਜਨੁ ਜਰਿਹੀ[੪] । ਦੀਪ ਸਹਤ ਛਿਤ[੫] ਸਰਬ ਬਿਸਾਲਾ । ਸੈਲ ਸੰਪੂਰਨ ਭਾ ਭੂਚਾਲਾ[੬] ॥ ੩੬ ॥ ਵਡੋ ਤ੍ਰਾਸ ਧਰਿ ਉਰ ਸੁਰ ਸਾਰੇ । ਕਮਲਾਸਨ[੭] ਕੇ ਪਾਸ ਪਧਾਰੇ। ਬੰਦਨ ਕਰਿ ਨਿਜ ਬਿਨੈ ਸੁਨਾਈ ।–ਕਸ ਨਚਿੰਤ ਤੁਮ ? ਲੋਕਨਰਾਈ ! ॥ ੩੭ ॥ ਹਿਰਨਕਸ਼ਪ ਤਪ ਕਰਤਿ ਕਠੋਰਾ । ਜਗ ਮਹਿਂ ਭੈ ਪਸਰਯੋ ਚਹੁਂ ਓਰਾ। ਇਕ ਛਿਨ ਧੀਰ ਨ ਰਹਿਤ ਹਮਾਰੀ । ਤਿਹ ਉਪਸ਼ਮ[੮] ਕੋ ਕਰਹੁ ਬਿਚਾਰੀ ॥ ੩੮ ॥ ਲੋਕ ਤੁਮਾਰ[੯] ਨ ਨਾਸਹਿਂ ਜਾਵਦ । ਆਪ ਉਪਾਇ ਕਰਹੁ ਕੇ ਤਾਵਦ । ਹਮ ਸੁਧ ਸੁਨੀ ਕਾਨ ਜਗ ਮਾਂਹੂ । ਲੇਨਿ ਬ੍ਰਹਮਪੁਰਿ ਕੀ ਤਿਹ ਚਾਹੂ ॥ ੩੯ ॥ ਪਾਪ ਪੁੰਨ ਕੋ ਭੇਦ ਮਿਟਾਊ । ਅਪਰ ਰੀਤਿ ਜਗ ਬੀਚ ਚਲਾਊ । ਅਸ ਪ੍ਰਕਾਰ ਜੌ ਹੋਇ ਕਦਾਪੀ । ਮਿਟੇ ਬੇਦ ਬਿਧਿ ਪੁੰਨਿ ਰੁ ਪਾਪੀ[੧੦] ॥ ੪੦ ॥ ਅਬ ਜਸ[੧੧] ਉਚਿਤ ਆਪ ਤਸ[੧੨] ਕਰੀਏ। ਨਾਥ ! ਜਗਤ ਸੰਕਟ ਪਰਹਰੀਏ[੧੩]। ਗੌ[੧੪], ਦ੍ਵਿਜ, ਧੇਨੁ, ਜਿ ਸੰਤ ਮਹਾਨਾ । ਕਰਨਹਾਰ ਸਭਿ ਕੇ ਕਲਿਆਨਾ ॥੪੧॥ ਸਗਰੇ ਕਰਮ ਧਰਮ ਕੇ ਸੇਤੂ[੧੫] । ਤੁਮ ਭੂਤਨ ਕੇ ਕਰਤਾ ਹੇਤੂ[੧੬]–। ਸੁਨਿ ਬਿਰੰਚ[੧੭] ਅਮਰਨ[੧੮] ਕੀ ਬਾਨੀ। ਨਿਜ ਹਿਤ ਕੀ ਲਖਿ ਕਰਿ ਸਨਮਾਨੀ ॥ ੪੨ ॥ ਗਮਨਯੋ ਦੈਤ ਰਾਜ ਕੇ ਪਾਸਾ । ਕਰਤਿ ਕਠਨ ਥੋ ਤਪ ਜਿਹ ਆਸਾ[੧੯]। ਸੋ ਤਿਹ ਠਾਂ ਨਹਿਂ ਦੇਤਿ ਦਿਖਾਈ। ਤ੍ਰਿਣ[੨੦] ਤਰੁ[੨੧] ਲਤਾ[੨੨] ਦੇਹਿ ਸਭਿ ਛਾਈ[੨੩] ॥ ੪੩ ॥ ਭੇਦਿ ਸਰੀਰ ਕੁਸ਼ਾ[੨੪] ਕੇ ਬਯੂਹਾ[੨੫] । ਬੇਨ[੨੬] ਬ੍ਰਿੱਛ ਕੇ ਖਰੇ ਸਮੂਹਾ । ਬਾਂਬੀ[੨੭] ਜਿਹ ਕੇ ਤਨ ਚਹੁਂ ਓਰੇ[੨੮] । ਅਸਥਿ[੨੯] ਮਾਤ੍ਰ ਰਹਿਗੇ ਤਹਿਂ ਜੋਰੇ[੩੦] ॥ ੪੪ ॥ ਤ੍ਵਚਾ[੩੧], ਮੇਦ[੩੨], ਸ਼੍ਰੋਨਤ[੩੩], ਪੁਨ[੩੪] ਮਾਸੂ[੩੫] ।

---

[੧]ਪੁਰਸ਼ ਸਾਰੇ। [੨]ਤੂਫਾਨ ਆਏ ਸਮੁੰਦਰ ਵਿਚ। [੩]ਤਾਰੇ ( ਅਕਾਸ਼ ਵਿਚੋਂ ) ਡਿੱਗਣ ਲਗੇ। [੪]ਪਰਲੋ ਦੀ ਅਗਨੀ ਮਾਨੋਂ ਬਲ ਰਹੀ ਹੈ। [੫]ਦੀਪਾਂ ਸਮੇਤ ਪ੍ਰਿਥਵੀ। [੬]ਪਹਾੜਾਂ ਸਾਰਿਆਂ ਵਿਚ ਭੂਚਾਲ। [੭]ਬ੍ਰਹਮਾ ਜੀ। [੮]ਨਿਵਿਰਤੀ ਦਾ ਉਪਾਯ। [੯]ਤੁਹਾਡੇ। [੧੦]ਪੁੰਨੀ ਤੇ ਪਾਪੀਆਂ ਦੀ। [੧੧]ਜੈਸਾ। [੧੨]ਤੈਸਾ। [੧੩]ਦੂਰ ਕਰੋ। [੧੪]ਪ੍ਰਿਥਵੀ। [੧੫]ਪੁਲ ਭਾਵ ਆਸਰਾ। [੧੬]ਜੀਵਾਂ ਦੇ ਸੁਖੀ ਕਰਨ ਵਾਲੇ। [੧੭]ਬ੍ਰਹਮਾ ਨੇ। [੧੮]ਦੇਵਤਿਆਂ ਦੀ। [੧੯]ਜਿਸ ਤਰਫ। [੨੦]ਘਾਹ। [੨੧]ਬ੍ਰਿਛ। [੨੨]ਵੇਲਾਂ ਨਾਲ। [੨੩]ਢੱਕੀ ਹੋਈ ਸੀ ਦੇਹੀ। [੨੪]ਦੱਭ ਨਾਮੇ ਘਾਸ। [੨੫]ਸਮੂਹ। [੨੬]ਬਾਂਸ (ਅ) ਬਨ ਨਾਮੇ ਇਕ ਪਹਾੜੀ ਬ੍ਰਿੱਛ। [੨੭]ਸਿਉਂਕ ਦੀ ਮਿਟੀ ਦਾ ਛੱਤਾ (ਅ)ਵਰਮੀ। [੨੮]ਚਾਰੋਂ ਪਾਸੇ। [੨੯]ਹੱਡੀਆਂ। [੩੦]ਜੋੜ (ਸਰੀਰ ਦੇ)। [੩੧]ਚਮੜੀ। [੩੨]ਮਿੱਝ। [੩੩]ਲਹੂ। [੩੪]ਫਿਰ। [੩੫]ਮਾਸ।

ਭਖਿਗੀ[੧] ਸਭਿ ਪਪੀਲਕਾ[੨] ਤਾਸੂ। ਧੌਂ ਬਾਂਬੀ ਤ੍ਰਿਨ ਮਾਂਹਿ[੩] ਪ੍ਰਕਾਸ਼ੇ। ਮਨਹੁ ਮੇਘ ਮੈਂ[੪] ਦਿਨਕਰ[੫] ਭਾਸੇ॥ ੪੫ ॥ ਤਪ ਕਠਨੀ* ਅਵਲੋਕ ਬਿਧਾਤਾ[੬]। ਬਿਸਮਜੋ ਰਿਦੈ ਨ ਕਛੁ ਕਹਿ ਜਾਤਾ। ਊਚੇ ਸੁਰ ਸੌਂ ਗਿਰਾ ਉਚਾਰੀ।-ਉਠਿ ਸੁਤ! ਜਗੇ[੭] ਸੁਕ੍ਰਿਤ[੮] ਫਲ ਭਾਰੀ॥ ੪੬॥ ਪੂਰਬ ਤਪ ਨ ਕੀਨ ਅਸ[੯] ਕਾਂਹੀ[੧੦]। ਆਗੇ ਕੋ ਨ ਕਰੈ ਜਗ ਮਾਂਹੀ। ਦਿਬਜ ਬਰਖ਼† ਸ਼ਤ[੧੧] ਨੀਰ[੧੨] ਬਿਹੀਨਾ[੧੩]। ਪ੍ਰਾਨ ਰਖੇ ਬਿਨ ਅਸਨ[੧੪] ਪ੍ਰਬੀਨਾ[੧੫]! ॥ ੪੭॥ ਤਪ ਅਵਿਲੋਕ ਕਠਨ ਵਡ ਤੇਰੋ। ਹਿਰਦੈ ਰਹੈ ਨ ਧੀਰਜ ਮੇਰੋ। ਤਪ ਪ੍ਰਭਾਵ ਤੇ ਜੀਤਾ ਮੋਹੀ[੧੬]। ਉਠਿ ਜਾਚਹੁ[੧੭], ਬੰਛਤਿ[੧੮] ਦਿਉਂ ਤੋਹੀ॥ ੪੮॥ ਲਖਿ[੧੯] ਅਮੋਘ[੨੦] ਮਮ ਦਰਸ਼ਨ ਜੋਈ। ਦੇਉਂ ਅਦੇਉ[੨੧] ਵਸਤੁ ਜੋ ਹੋਈ--। ਅਸ ਕਹਿ ਤਿਨ ਤਨ ਕੇ ਤ੍ਰਿਨ ਟਾਰੇ[੨੨]। ਲੇ ਕਰ ਮਹਿੰ[੨੩] ਜਲ ਅੰਜੁਲ ਡਾਰੇ[੨੪] ॥ ੪੯ ॥ ਪ੍ਰਗਟਜੋ ਤਬ

---

[੧]ਖਾ ਗਈਆਂ। [੨]ਕੀੜੀਆਂ। [੩]ਮਿੱਟੀ ਤੇ ਤਿਨਕਿਆਂ ਵਿਚ (ਉਹ)। [੪]ਬੱਦਲਾਂ ਵਿਚ। [੫]ਸੂਰਜ। [੬]ਬ੍ਰਹਮਾ। [੭]ਜਾਗੇ ਹਨ। [੮]ਚੰਗੇ ਕਰਮਾਂ ਦੇ। [੯]ਐਸਾ। [੧੦]ਕਿਸੇ ਨੇ। [੧੧]ਸੌ। [੧੨]ਪਾਣੀ। [੧੩]ਬਿਨਾ। [੧੪]ਭੋਜਨ ਬਿਨਾਂ। [੧੫]ਹੇ ਚਤੁਰ (ਤੈਂ ਨੇ)। [੧੬]ਮੈਨੂੰ। [੧੭]ਮੰਗੋ। [੧੮]ਜੋ ਮੰਗੇਂ। [੧੯]ਜਾਣ। [੨੦]ਸਫਲ। [੨੧]ਨਾ ਦੇਣ ਵਾਲੀ (ਬੀ)। [੨੨]ਦੂਰ ਕੀਤੇ। [੨੩]ਹਥ ਵਿਚ। [੨੪]ਬੁੱਕ ਭਰਕੇ ਪਾਏ।

*ਪਾ:—ਕਰਨੀ। †ਦਿੱਬਜ ਬਰਖ ਦਾ ਹਿਸਾਬ ਐਉਂ ਹੈ:—

੨੪ ਘੰਟੇ ਦਾ ਇਕ ਦਿਨ ਰਾਤ ਪ੍ਰਿਥਵੀ ਦਾ
੩੬੦ (ਯਾ ੩੬੫) ਦਿਨ ਰਾਤ ਦਾ ਇਕ ਵਰਹਾ ਪ੍ਰਿਥਵੀ ਦਾ
ਐਸੇ ੧੭੨੮੦੦੦ ਪ੍ਰਿਥਵੀ ਦੇ ਵਰਹਿਆਂ ਦਾ ਸਤਿਜੁਗ
ਐਸੇ ੧੨੯੬੦੦੦ ਪ੍ਰਿਥਵੀ ਦੇ ਵਰ੍ਹਿਆਂ ਦਾ ਤ੍ਰੇਤਾ
ਐਸੇ ੮੬੪੦੦੦ ਪ੍ਰਿਥਵੀ ਦੇ ਵਰਹਿਆਂ ਦਾ ਦੁਆਪਰ
ਐਸੇ ੪੩੨੦੦੦ ਪ੍ਰਿਥਵੀ ਦੇ ਵਰਹਿਆਂ ਦਾ ਕਲਜੁਗ
ਚੌਹਾਂ ਦਾ ਜੋੜ ੪੩੨੦੦੦੦ ਵਰਹਿਆਂ ਦੀ ਇਕ ਚੌਕੜੀ।
ਐਸੀ ੧੦੦੦ ਚੌਕੜੀ ਦਾ ਇਕ ਦਿਨ ਬ੍ਰਹਮਾ ਦਾ
ਐਸੀ ੧੦੦੦ ਚੌਕੜੀ ਦੀ ਇਕ ਰਾਤ ਬ੍ਰਹਮਾਂ ਦੀ
ਦੋਹਾਂ ਦੇ ਦੂਣੇ ਅਰਥਾਤ ੪੩੨੦੦੦੦×੧੦੦੦×੨ ਦਾ ਬ੍ਰਹਮਾ ਦਾ ਕਲਪ (ਦਿਨ ਰਾਤ)।

ਹੁਣ ੪੩੨੦੦੦੦×੧੦੦੦×੨×੩੬੦ ਦਾ ਦਿੱਬਜ ਬਰਖ
ਅਰਥਾਤ ੩੧੧੦੪੦੦੦੦੦੦੦੦ ਪ੍ਰਿਥਵੀ ਦੇ ਬਰਸਾਂ ਦਾ ਇਕ ਦਿਬਜ ਬਰਸ।

ਇਕ ਹੋਰ ਹਿਸਾਬ ਦੇਵਤੇ ਬ੍ਰਹਮੇ ਆਦਿ ਦੇ ਵਰਿਹਾਂ ਦਾ ਹੈ, ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰ੍ਹਧ ਅੱਧਜਾਯ ੨੬ ਅੰਕ ੧੦ ਤੋਂ ੧੩।

ਪ੍ਰਚੰਡ[1] ਬਲ ਕਰਿਕੈ। ਬੱਜ੍ਰ ਸਮਾਨ ਨਿਠੁਰ[2] ਤਨ ਧਰਿਕੈ । ਹੇਮ[3] ਤਪਤ[4] ਕੇ ਕ੍ਰਾਂਤਿ ਸਮਾਨਾ[5]। ਮਨਹੁ ਦੂਸਰੋ ਭਯੋ ਕ੍ਰਿਸਾਨਾ[6] ॥ ੫੦॥ ਅੱਗ੍ਰਜ ਦੇਖਯੋ ਬ੍ਰਹਮਾ ਠਾਂਢਾ। ਹਿਰਦੇ ਅਤਿਸ਼ੈ ਆਨੰਦ ਬਾਢਾ। ਬੰਦਨ ਕੀਨਿ ਹਾਥ ਦ੍ਵੈ ਜੋਰੀ। ਉਸਤਤਿ ਲਾਗੋ ਕਰਨ ਬਹੋਰੀ॥੫੧॥–ਨਮੋ ਨਮੋ ਤਵ ਜਾਨਮਰਾਲਾ[7] । ਨਮੋ ਨਮੋ ਚਹੁ[8] ਬਦਨ[9] ਕ੍ਰਿਪਾਲਾ !। ਤ੍ਰੈ ਗੁਨ ਕੇਰ ਅਲੰਬ[10] ਗੁਸਾਈਂ !। ਅਪਨ ਸ਼ਕਤਿ ਤੇ ਸ੍ਰਿਸ਼ਟਿ ਬਨਾਈ ॥੫੨॥ ਪ੍ਰਾਣ ਬੁੱਧਿ ਮਨ ਬਹੁਰ ਰਿਖੀਕੰ[11]। ਸਭਿਕੇ ਪ੍ਰੇਰਕ ਹੋ ਬਿਧਿ ਨੀਕੰ। ਗੁਣ ਅਗਾਧਿ[12] ਜਗ ਪਾਲਕ ਰੂਪਾ। ਬੇਦ ਰੂਪ ਤੁਮ ਧਰਹੁ ਅਨੂਪਾ ॥ ੫੩ ॥ ਹੋਤਾ[13] ਹ੍ਵੈ ਕਰਿ ਯੱਗ ਕਰੰਤੇ।ਨਿਰਵਿਕਾਰ ਸਰਬੱਗ ਅਨੰਤੇ!।ਸ੍ਰੀਪ੍ਰਭੁ ਸਭਿ ਜਗ ਅੰਤਰਜਾਮੀ !। ਤਵ ਪਦ ਕੰਜ ਨਮਾਮਿ ਨਮਾਮੀ ॥ ੫੪ ॥ ਬ੍ਰਹਮ ਰੂਪ ਸਭਿਘਟ ਕੇ ਵਾਸੀ। ਸਕਲ ਨਯੰਤਾ[14] ਹਰਿ ਅਬਿਨਾਸ਼ੀ। ਤਵ ਐਸ਼੍ਵਰਜ[15] ਕੋ ਪਾਇ ਨ ਅੰਤਾ।ਨਮਸਕਾਰ ਪੁਨ ਪੁਨ ਭਗਵੰਤਾ !॥੫੫॥ ਜੇ ਬਰ ਦੇਨਿ ਭਏ ਅਨੁਕੂਲਾ। ਜੋ ਜਾਚੌਂ ਦੀਜੈ ਜਗਮੂਲਾ[16] !। ਜਹਿੰ ਲਗ ਤਵ ਰਚਨਾ ਹੈ ਸਾਰੀ। ਕਿਹ ਠਾਂ ਮ੍ਰਿਤੁ[17] ਨ ਹੋਇ ਹਮਾਰੀ ॥ ੫੬॥ ਅੰਤਰ ਵਹਿਰ ਦਿਨਸ ਪੁਨ ਰਾਤੀ। ਅਨਿਕ ਭਾਂਤਿ ਕੀ ਸ਼ਸਤ੍ਰਨ ਜਾਤੀ। ਛਿਤ ਅਕਾਸ਼ ਗਿਰ[18] ਗਹਿਨ[19] ਕਠੋਰਾ[20] । ਯੱਖ[21] ਸੁਰਾਸੁਰ[22] ਪੰਨਗ[23] ਘੋਰਾ[24] ॥ ੫੭ ॥ ਇਨ ਤੇ ਕਬ ਨ ਹੋਇ ਮ੍ਰਿਤੁ ਮੇਰੀ। ਦੂੰਦ[25] ਜੁੱਧ ਕੋ ਕਰੈ ਨ[26] ਹੇਰੀ[27] । ਜਯੋਂ ਸਭਿ ਆਇਸ ਮਨਹਿੰ ਤੁਮਾਰੀ। ਤਯੋਂ ਹ੍ਵੈ ਮਮ ਆਇਸ ਅਨੁਸਾਰੀ[28] ॥ ੫੮ ॥ ਏਕ ਰਾਜ ਅਵਨੀ ਪੈ[29] ਕਰਿ ਹੂੰ। ਸਕਲ ਬੈਰਿਯਨ ਛਿਨ ਮਹਿੰ ਹਰਿਹੂੰ[30] । ਲੋਕਪਾਲ[31] ਸਭਿ ਰਹੈਂ ਅਧੀਨਾ। ਇਹ ਬਰ ਦੀਜੈ ਮੁਝਹਿ ਪ੍ਰਬੀਨਾ !–॥ ੫੯ ॥ ਦੈਂਤਰਾਜ ਕੀ ਸੁਨਿ ਕਰਿ ਬਾਨੀ। ਬੋਲਯੋ ਬ੍ਰਹਮਾ ਕਰਿ ਸਨਮਾਨੀ।–ਵਰ ਦੁਰਲਭ ਤੈਂ

---

[1]ਤੇਜ। [2]ਕਠੋਰ। [3]ਸੋਨੇ। [4]ਤਪਦੇ (ਦੀ)। [5]ਸੁੰਦਰਤਾ ਵਰਗਾ। [6]ਕ੍ਰਿਸ਼ਾਣ=ਅਗਨੀ ਦੇਵਤਾ। [7]ਤੈਨੂੰ, (ਜਿਸ ਦੀ) ਸਵਾਰੀ ਹੰਸ ਹੈ। [8]ਚਾਰ। [9]ਮੁਖ ਵਾਲੇ। [10]ਆਸਰੇ। [11]ਇੰਦ੍ਰੀਆਂ। [12]ਬੇਅੰਤ। [13]ਹੋਤ੍ਰੀ। [14]ਪ੍ਰੇਰਕ। [15]ਪ੍ਰਤਾਪ। [16]ਹੇ ਜਗਤ ਦੇ ਮੁੱਢ। [17]ਮੌਤ। [18]ਪਹਾੜ। [19]ਬਨ, ਕੰਦ੍ਰਾ। [20]ਕਠਨ। [21]ਯਕਸ਼। [22]ਦੇਵਤੇ ਤੇ ਦੈਂਤ। [23]ਸੱਪ। [24]ਭਯਾਨਕ। [25]ਦੂਸਰਾ। [26]ਕੋਈ ਨਾਂ ਕਰੇ। [27](ਮੈਨੂੰ) ਦੇਖਕੇ (ਭਾਵ ਡਰ ਜਾਵੇ)। [28]ਮੇਰੇ ਅਧੀਨ ਹੋਣ (ਸਾਰੇ ਲੋਕ)। [29]ਧਰਤੀ ਤੇ। [30]ਨਾਸ਼ ਕਰਾਂ। [31]ਰਾਜੇ (ਅ) ਸੂਰਜ ਚੰਦ ਆਦਿ ਲੋਕਪਾਲ।

ਸਾਧਨ ਕੀਨੋ। ਤਦਪਿ ਦੇਉਂ ਮੈਂ ਤਪ ਵਡ ਚੀਨੋ[1] ॥੬੦॥ ਏਵ ਮਸਤ[2]- ਕਹਿ ਬ੍ਰਹਮਾ ਗਵਨਾ। ਪ੍ਰਾਪਤਿ ਭਯੋ ਆਪਨੇ ਭਵਨਾ। ਹਿਰਨਕਸ਼ਪ ਜਬ ਅਸ ਬਰ ਪਾਵਾ। ਭਰਜੋ ਹਰਖ ਹਿਰਦੇ ਗਰਬਾਵਾ॥੬੧॥ਸਿਮਰ ਭ੍ਰਾਤ ਬਧਿ ਭਾ ਉਰ ਕ੍ਰੋਧਾ[3]। ਸ਼੍ਰੀ ਬਿਸ਼ਨੁ ਸੰਗ ਕੀਨ ਬਿਰੋਧਾ। ਤੂਰਨ ਤੀਨ ਲੋਕ ਕੋ ਜੀਤਾ। ਪੰਨਗ[4], ਨਰ[5], ਸੁਰ[6] ਭੇ ਭੈਭੀਤਾ ॥ ੬੨ ॥ ਸੁਰਗ ਬਿਖੈ ਕੀਨੋ ਨਿਜ ਬਾਸਾ। ਅਨਿਕ ਭਾਂਤਿ ਕੇ ਕਰਤਿ ਬਿਲਾਸਾ। ਛੀਰ[7] ਫੇਨ[8] ਸਮ[9] ਸਿਹਜਾ ਤਹਿੰਵਾ। ਪਦਮਰਾਗ[10] ਕੇ ਆਸਨ ਜਹਿੰਵਾ ॥ ੬੩ ॥ ਮਰਕਤਿ ਮਨਿ[11] ਭੂਰ[12] ਚਿੱਤ੍ਰ ਸੁਹਾਈ*।ਅਟਾ[13] ਫਟਕ[14] ਕੀ ਲਲਿਤ[15] ਬਨਾਈ। ਬਿਬਿਧਿ[16] ਬਚਿੱਤ੍ਰਤ ਤਨੇ ਬਿਤਾਨਾ[17] । ਮੁਕਤਨ[18] ਕੀ ਝਾਲਰ ਬਿਧਿ ਨਾਨਾ॥੬੪॥ ਬਿੱਦ੍ਰਮ ਮਨਿ ਜਟ[19] ਬਨੀ ਸੁਪਾਨਾ[20]। ਥੰਭਨ[21] ਛਬਿ ਨਹਿੰ ਜਾਤਿ ਬਖਾਨਾ।ਚੰਦ ਬਦਨ[22] ਜੇ ਦੇਵਬਧੂਟੀ[23]।ਜਿਨ ਸਭਿ ਜਗਕੀ ਉਪਮਾ ਲੂਟੀ॥੬੫॥ ਅਸ ਪ੍ਰਕਾਰ ਸੁਖ ਸੁਰਗ ਅਪਾਰਾ। ਭੋਗਤਿ ਭਾ ਰਹਿ ਤਾਂਹਿ ਮਝਾਰਾ। ਜੀਤ ਲੋਕਪਤਿ ਸਗਰੇ ਜਬਹੀ। ਬੈਸਜੋ ਸਿੰਘਾਸਨ ਪਰ ਤਬਹੀ॥੬੬॥ਲੋਕਪਾਲ ਲੇ ਸਕਲ ਉਪਾਇਨ।ਤਤਛਿਨ ਪੂਜਤਿ ਭੇ ਤਿਹ ਪਾਇਨ।ਬ੍ਰਹਮਾ,ਬਿਸ਼ਨੁ,ਬਿਹੀਨ[24] ਗਿਰੀਸ਼ਾ[25] । ਔਰ ਲੋਕਪਤਿ ਨਾਵਹਿੰ ਸੀਸਾ॥੬੭॥ ਉੱਗ੍ਰ ਰਾਜ ਕੀ ਫਿਰਤਿ ਨਿਦੇਸੂ। ਕੰਪਤਿ ਸ਼ੱਕ੍ਰ[26] ਦਿਨੇਸ਼[27] ਨਿਸੇਸੂ[28]।ਏਕਵਾਰਜੋ ਬੋਵਹਿਖੇਤੀ।ਲੁਨਹਿ[29]ਅਨਿਕ ਵਿਰ[30]ਹ੍ਵੈ ਪੁਨ ਤੇਤੀ ॥੬੮॥ਉੱਗ੍ਰ ਦੰਡ ਧਰਿਸਭਿਕੇ ਸੀਸਾ।ਸੁਰ ਬਜ੍ਰਾਕੁਲ ਭੇ ਸਹਿਤ ਸੁਰੀਸ਼ਾ[31]। ਸਭਿ ਮਿਲ ਗਏ ਸ਼ਰਨ ਕਰਤਾਰਾ।ਬਹੁ ਪ੍ਰਕਾਰ ਕੋ ਸੁਜਸੁ ਉਚਾਰਾ॥੬੯॥

---

[1]ਜਾਣਕੇ। [2]ਇਸੇ ਤਰ੍ਹਾਂ ਹੋਵੇਗਾ। [3]ਭਰਾ ਦਾ ਕਤਲ ਯਾਦ ਕਰਕੇ ਰਿਦੇ ਵਿਚ ਕ੍ਰੋਧ ਹੋਯਾ। (ਅ) ਯਾਦ ਕਰਕੇ ਭ੍ਰਿਾ, ਵਧਿਆ ਦਿਲ ਵਿਚ ਗੁੱਸਾ। [4]ਸੱਪ । [5]ਪੁਰਸ਼। [6]ਦੇਵਤੇ। [7,8,9]ਦੁੱਧ ਦੀ ਝੱਗ ਵਾਂਙੂ (ਭਾਵ, ਉੱਜਲ)। [10]ਲਾਲ ਮਣੀਆਂ (ਲਾਅ਼ਲ)। [11]ਸਾਵੇ ਰਤਨ (ਅ) ਪੰਨਾ, ਜ਼ਮੁੱਰਦ। [12]ਬੜੀਆਂ। [13]ਅਟਾਰੀਆਂ। [14]ਬਿਲੌਰ। [15]ਸੁੰਦਰ। [16]ਕਈ ਤਰ੍ਹਾਂ ਦੇ। [17]ਚੰਦੋਏ। [18]ਮੋਤੀਆਂ। [19]ਗੁਲੀਆਂ ਤੇ ਮਣੀਆਂ ਜੜਕੇ। [20]ਪੌੜੀਆਂ। [21]ਥੰਮ੍ਹਾਂ ਦੀ। [22]ਚੰਦ੍ਰਮਾਂ ਦੇ ਮੁਖ ਵਾਲੀਆਂ। [23]ਦੇਵਤਿਆਂ ਦੀਆਂ ਵਹੁਟੀਆਂ ( ਅਪੱਛਰਾਂ )। [24]( ਤਿੰਨਾਂ ਤੋਂ ) ਬਿਨਾ (ਹੋਰ ਸਾਰੇ)। [25]ਸ਼ਿਵ। [26]ਇੰਦ੍ਰ। [27]ਸੂਰਜ। [28]ਚੰਦ੍ਰਮਾਂ। [29]ਵੱਢਦਾ ਹੈ। [30]ਅਨੇਕ ਵੇਰੀ। [31]ਇੰਦ੍ਰ ਸਣੇ।

*ਪਾਃ-ਭੂਰ ਕਿਤਕ ਸੁਹਾਈ, ਵਾ, ਭੂਅ ਚਿੱਤ੍ਰ ਸੁਹਾਈ।

-ਪਾਰਬ੍ਰਹਮ ਗੁਨ ਨਿਧਿ ਭਗਵੰਤਾ !। ਸ਼੍ਰੀ ਪਰਮੇਸ਼੍ਵਰ ਕਮਲਾਕੰਤਾ !। ਦੀਨ ਦਯਾਲ ਗੁਬਿੰਦ ਅਨੰਤਾ!। ਸੁਨਤਿ ਸ਼੍ਰਵਨ ਮੈਂ ਬਿਨਤੀਸੰਤਾ!॥੭੦॥ ਆਰਤਿ ਹਰਨ[1] ਭਗਤਿ ਨਿਜ ਪਾਲਿਕ !। ਦੁਖਦਾਈ ਦੁਸ਼ਟਨ ਕੋ ਘਾਲਿਕ !।ਸਤਿ ਚਿਤ ਆਨੰਦ ਰੂਪ ਮੁਕੰਦਾ!।ਨਮੋ ਨਮੋ ਤਵ[2] ਪਗ ਸੁਖ-ਕੰਦਾ ! ॥੭੧॥ਹਰਹੁ ਪੀਰ ਹਮਰੀ ਜਗਸਾਈਂ !। ਹਨਹੁ ਦੈਤ ਸਭਿਹਿਨਿ ਦੁਖਦਾਈ-। ਇਸ ਬਿਧਿ ਕੀ ਜਬ ਬਿਨਤੀ ਠਾਂਨੀ। ਭਈ ਗਗਨ ਤੇ ਅਮਰਨ[3] ਬਾਨੀ ॥ ੭੨ ॥-ਜਿਨ[4] ਭੈ[5] ਧਰਹੁ[6], ਚਿੰਤ ਕਰਿ ਹਾਨੀ[7]। ਦੈਤ ਦੁਸ਼ਟਤਾ ਮੈਂ ਸਭਿ ਜਾਨੀ। ਸੁਤ ਇਸ ਕੋ ਹ੍ਵੈ ਹੈ ਸ਼ੁਭ ਸਾਧੂ। ਕਰਿ ਬਿਰੋਧ ਤਿਹ ਬਿਨ ਅਪਰਾਧੂ ॥ ੭੩ ॥ ਤਬ ਮੈਂ ਪ੍ਰਗਟ ਹੋਇ ਜਗ ਮਾਂਹੀ। ਤੁਰਨ ਹਨੋਂ ਨ ਛਾਡੋਂ ਤਾਂਹੀ-।ਸੁਨਿ ਕਰਿ ਅਮਰ ਗਗਨ ਕੀ ਬਾਨੀ॥ਸਿਰ ਨਿਵਾਇ ਕਰਿ ਬੰਦਨ ਠਾਨੀ॥ ੭੪ ॥ ਦੋਹਰਾ ॥ ਨਿਜ ਨਿਜ ਗਏ ਸਥਾਨ ਤਬ ਧਰਿ ਨਿਸ਼ਚੈ ਮਨ ਮਾਂਹਿ॥ ਜਾਨਜੋ ਹਨਿਹੈ ਦੈਤ ਅਬ ਕਸ਼ਟ ਨਸ਼ਟ ਹ੍ਵੈ ਜਾਹਿਂ*[7] ॥੭੫॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨਨੰ ਨਾਮ ਛਿਆਹਠਮੋਂ ਅਧਯਾਯ ॥ ੬੬ ॥

## ੬੭. [ਗੁਰਚਰਣ ਮੰਗਲ। ਪ੍ਰਹਲਾਦ।]

ਦੋਹਰਾ ॥ ਸ਼੍ਰੀ ਗੁਰੁ ਪਗ ਸ਼ੋਭਾ ਬਿਮਲ, ਕਰ ਉਰ ਕੋ ਲੰਕਾਰ ॥
ਸ਼ੁਭ ਸੁੰਦਰਤਾ ਪਾਇ ਹੈਂ, ਦ੍ਵੈ ਲੋਕਨ ਸਤਿਕਾਰ ॥੧॥

{ ਬਿਮਲ=ਉੱਜਲ [ਸੰਸ:, ਵਿਮਲ]। ਲੰਕਾਰ=ਗਹਿਣਾ, ਅਲੰਕਾਰ ਦਾ ਸੰਖੇਪ, ਮਾਤ੍ਰਾ ਘੱਟ ਕਰਨ ਵਾਸਤੇ। ਸ਼ੁਭ=ਭਾਗੋ ਭਰੀ। }

**ਅਰਥ**-ਸ਼੍ਰੀ ਗੁਰੂ ਜੀ ਦੇ ਚਰਨਾਂ ਦੀ ਉੱਜਲ ਸ਼ੋਭਾ ਨੂੰ (ਅਪਣੇ) ਹਿਰਦੇ ਦਾ ਗਹਿਣਾ ਬਣਾ ਲੈ (ਜਿਸ ਤੋਂ ਤੂੰ ਉਹ) ਭਾਗੋ ਭਰੀ ਸੁੰਦਰਤਾ ਪਾਏਂਗਾ ( ਕਿ ਜਿਸ ਨਾਲ ) ਦੋਹਾਂ ਲੋਕਾਂ (ਵਿਚ ਤੇਰਾ) ਆਦਰ (ਹੋਵੇਗਾ)।

ਸ਼੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨੋ ਗੁਰੂ ਅੰਗਦ† ਸੁਖਰਾਸਾ !। ਪੁਨ ਪ੍ਰਹਲਾਦ ਕਹਤਿ ਇਤਿਹਾਸਾ। 'ਮੁਝ ਸਮੇਤ ਜਨਮੇ ਸੁਤ ਚਾਰਾ।

[1]ਦੁਖੀ (ਦੇ ਦੁੱਖ) ਨਾਸ਼ ਕਰਨ ਵਾਲੇ। [2]ਤੇਰੇ। [3]ਦੇਵਤਿਆਂ ਨੂੰ। [4]ਮਤ। [5]ਡਰ। [6]ਕਰੋ। [7]ਚਿੰਤਾ ਦੂਰ ਕਰੋ।

*ਪ੍ਰਹਲਾਦ ਜੀ ਦੀ ਸੁਣਾਈ ਇਸ ਕਥਾ ਪਰ ਵਿਚਾਰ ਲਈ ਦੇਖੋ ਅਧਯਾਯ ੬੯ ਅੰਕ ੬੭ ਦੀ ਟੂਕ। †ਸ਼੍ਰੀ ਗੁਰ ਸੁਨ ਅੰਗਦ।

ਕੰਚਨਵਪੁ[1] ਭਾ ਹਰਖ ਅਪਾਰਾ[2] ॥ ੨ ॥ ਮੋ ਪਰ ਕਰੁਨਾ ਨਾਰਦ ਕੀਨੀ। ਸਦਾ ਭਗਤਿ ਮਹਿਂ ਮਤਿ ਰਹਿ ਭੀਨੀ। ਬਾਲ ਬੈਸ ਤੇ ਕ੍ਰੀੜਾ[3] ਤਯਾਗੀ। ਹਰਿ ਕੇ ਚਰਨਕਮਲ ਮਤਿ ਪਾਗੀ[4]॥੩॥ ਬੈਠਤਿ ਊਠਤਿ ਸੋਵਤਿ ਜਾਗਤਿ। ਸਿਮਰਨ ਨਾਮ ਬਿਖੈ ਅਨੁਰਾਗਤਿ[5]। ਚਿੰਤਾ ਚਿਤਵ ਚਰਨ ਪ੍ਰਭੁ ਕਬਹੀ[6]। ਰੋਦਨ[7] ਰਿਦੇ ਉਮੰਗਤਿ ਤਬ ਹੀ ॥ ੪ ॥ ਕਬ ਚਿੰਤਾ ਤਜਿ ਗੁਣਨ[8] ਸਿਮਰਿਕੈ। ਹਸਤ ਭਯੋ ਉਰ ਹਰਖ ਸੁ ਧਰਿ ਕੈ। ਕਬ ਊਚੇ ਸੁਰ ਸੋਂ ਗੁਨ ਗਾਊਂ। ਕਬ ਨਾਚੌਂ ਹ੍ਵੈ ਲਾਜ ਨ ਕਾਊ ॥ ੫ ॥ ਕਬ ਤੂਸ਼ਨਿ ਕਰਿ ਧਾਰੋਂ ਧਯਾਨਾ। ਲੋਚਨ ਤੇ ਜਲ ਧਾਰ ਚਲਾਨਾ*। ਨਿਹਕਿੰਚਨ[9] ਏਕੈ ਲਿਵ ਲਾਗੀ। ਨੀਂਦ ਭੂਖ ਜਾਂਤੇ ਸਭਿ ਭਾਗੀ† ॥ ੬ ॥ ਪ੍ਰਭੁ ਪਦ ਪੰਕਜ ਪ੍ਰੇਮ ਅਪਾਰਾ। ਜਾਗ ਰਹਯੋ ਮਨ ਸਾਂਝ ਸਕਾਰਾ[10]। ਜਗ ਬਿਵਹਾਰ ਨ ਭਾਵਤਿ ਕੋਊ। ਬਾਲਕ ਖੇਲ ਤਜਯੋ ਥੋ ਜੋਊ ॥ ੭ ॥ ਇਸ ਪ੍ਰਕਾਰ ਬੀਤਾ ਕਛ ਕਾਲਾ। ਇਕ ਦਿਨ ਪਿਤ ਕਿਯ ਪ੍ਰੇਮ ਬਿਸਾਲਾ। ਸ਼ੁਕ੍ਰ‡ ਤਾਤ ਜੋ ਸੰਡੇ ਮਰਕੇ। ਹੁਤੇ ਪਢਾਵਤਿ ਦੈਤਨ[11]ਲਰਕੇ॥੮॥ ਤਿਨ ਢਿਗ ਤਬਹੀ ਪਢਨ ਪਠਾਯਾ।—ਰਾਜਨੀਤਿ ਸਭਿ ਦੇਹੁ ਸਿਖਾਯਾ—। ਦੈਤਨ ਕੇ ਬਾਲਿਕ ਬਹੁ ਸੰਗਾ। ਪਢਨੇ ਬੈਠੇ ਰਿਦੇ ਉਮੰਗਾ ॥੯॥ ਤਿਨ ਕੋ ਕਹਯੋ ਨ ਰੰਚਕ ਮਾਨਾ। ਸਿਮਰਨ ਨਾਮ ਬਿਖੈ ਹਿਤ ਠਾਨਾ। ਏਕ ਦਿਵਸ ਪਿਤ ਅੰਕ[12] ਬਿਠਾਈ। ਸਾਦਰ ਹਸਕੈ ਗਿਰਾ ਅਲਾਈ ॥੧੦ ॥—ਜੋ ਤੁਮ ਪਾਠ ਪਢਯੋ ਹੈ ਤਾਤਾ!

---

[1]ਸੋਨੇ ਦੇ ਸਰੀਰ ਵਾਲਾ ਭਾਵ ਹਿਰਨਕਸ਼ਪ। [2]ਬਹੁਤ ਪ੍ਰਸੰਨ ਹੋਇਆ। [3]ਖੇਡ। [4]ਲਗ ਗਈ। [5]ਪ੍ਰੇਮ ਕਰਦਾ। [6]ਕਦੇ ਪ੍ਰਭੂ ਦੇ ਚਰਨਾਂ (ਦੀ ਪ੍ਰਾਪਤੀ ਦੀ) ਚਿੰਤਾ ਚਿਤਵਦਾ ਸਾਂ। [7]ਰੋਣਾ। [8]ਗੁਣਾਂ ਨੂੰ। [9]ਨਾਂ ਹੋਵੇ ਹੋਰ ਪਾਸੇ ਲਗਨ ਕੋਈ। [10]ਸ਼ਾਮ ਸਵੇਰੇ [11]ਦੈਤਾਂ ਦੇ। [12]ਗੋਦੀ ਵਿਚ।

*ਪਾ: -ਚੁਆਨਾ।

†ਨੀਂਦ ਭੁਖ ਦੇ ਭਗਤੀ ਮਾਰਗ ਵਿੱਚ ਨੱਸ ਜਾਣ ਦਾ ਮਤਲਬ ਨੀਂਦ ਭੁੱਖ ਦੇ ਘਟ ਜਾਣ ਦਾ ਹੈ, ਯਥਾ:—'ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ'। ਇਹ ਟਪਲਾ ਨਾ ਲਗੇ ਕਿ ਨੀਂਦ ਭੁੱਖ ਮੂਲੋਂ ਟੁਰ ਜਾਂਦੀ ਹੈ, ਕਿਉਂਕਿ ਇਸ ਲੱਛਣ ਦੇ ਮਗਰੋਂ ਫਿਰ ਆਦਮੀ ਸ਼ੁਦਾਈ ਹੋ ਜਾਂਦਾ ਹੈ।

ਇਕ ਹੋਰ ਅਵਸਥਾ ਨੀਂਦ ਦੇ ਵਸ਼ੀਭੂਤ ਹੋ ਜਾਣ ਦੀ ਹੈ ਓਹ ਪਰਮਪਦ ਦੇ ਨੇੜੇ ਦੀ ਸ਼ੈ ਹੈ, ਅਭਿਆਸੀ ਭੁਲੇਖਾ ਖਾਕੇ ਸ਼ੁਦਾਈ ਹੋਣੋਂ ਆਪਣਾ ਬਚਾਉ ਰੱਖਣ। ਯਥਾ:—'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ'।

‡ਸ਼ੁੱਕਰ ਦੈਤਾਂ ਦਾ ਗੁਰੂ ਸੀ, ਸ਼ੰਡਾ ਮਰਕਾ ਉਸ ਦੇ ਪੁੱਤ੍ਰ ਸਨ।

ਮੁਝਹਿ ਸੁਨਾਵਹੁ ਸੁਭਗ[1] ਸੁਹਾਤਾ[2]-। ਪਿਤ ਕੀ ਗਿਰਾ ਸੁਨੀ ਜਬ ਕਾਨਾ। ਅਸ ਪ੍ਰਕਾਰ ਤਬ ਬਚਨ ਬਖਾਨਾ:-॥ ੧੧ ॥-ਸੁਨਹੁ ਤਾਤ! ਇਹ ਪਾਠ ਅਨੂਪਾ। ਤਜਹੁ ਗ੍ਰੇਹ ਇਹ ਅੰਧ ਜੁ ਕੂਪਾ[3]। ਜਿਹ ਮਹਿਂ ਅਤਿਸ਼ੈ ਦੂਖ ਅਪਾਰਾ। ਹੋਤਿ ਨਹੀਂ ਕਬਹੂੰ ਛੁਟਕਾਰਾ॥੧੨॥ ਤਿਹ ਤਜਿ ਕਾਨਨ ਮਹਿਂ ਚਲਿ ਬਸਿਯੇ। ਸੇਵ ਬਿਸ਼ਨੁ ਪਦ ਕੇ ਰਸ ਰਸਿਯੇ। ਨਾਮ ਸਿਮਰ ਅਗ੍ਯਾਨ ਮਿਟਾਵੋ। ਭਗਤਿ ਕਰਹੁ ਉੱਤਮ ਪਦ ਪਾਵੋ-॥ ੧੩ ॥ ਸੁਨੀ ਸ੍ਰਵਨ ਮਹਿਂ ਜਬ ਅਸ ਬਾਨੀ। ਬਿਸਮਤਿ ਹਸ੍ਯੋ ਤਬਹਿ ਅਗ੍ਯਾਨੀ। ਕਹਿ ਸੰਡੋ ਸੋਂ ਬਚ[4] ਅਸ ਗੀਤਾ:-।-ਇਸ ਬਾਲਕ ਕੀ ਮਤਿ ਬਿਪਰੀਤਾ॥ ੧੪ ॥ ਔਗੁਨਿ ਖਾਨਿ[5] ਕਹਿਤ ਮੁਖ ਬਾਨੀ। ਕਿਸ ਨੈ ਇਸਕੋ ਐਸ ਸਿਖਾਨੀ?। ਕਿਹ[6] ਰਿਖਿ ਕੋ ਨ ਕਰਨ ਦਿਹੁ ਸੰਗਾ। ਨਿਜ ਗ੍ਰਿਹ ਰਾਖਿ ਪਢਾਉ ਨਿਸ਼ੰਗਾ-॥੧੫॥ ਸੁਨਿ ਕਰਿ ਤਬ ਲੈਕੇ ਘਰ ਆਏ। ਥਾਨ ਇਕੰਤ ਬਿਖੈ ਬੈਠਾਏ।ਬੂਝਨ ਲਗੇ ਤਬਹਿ ਇਹ ਰੀਤੀ॥-ਕਿਨ ਸਿਖਲਾਈ ਮਤਿ ਵਿਪਰੀਤੀ ?॥ ੧੬॥ ਕਿਧੌਂ ਰਿਦੇ ਤੇ ਕੁਮਤਿ ਉਠਾਈ। ਬਹੁਰ ਨ ਅਸ ਬਿਧਿ ਕਹਉ ਬਨਾਈ-। ਸੁਨਿ ਕਰਿ ਮੈਂ ਹਸਿ ਬਚਨ ਬਖਾਨਾ।-ਤੁਮ ਕੋ ਭਾਸਤਿ ਅਪਨ ਬਿਗਾਨਾ॥੧੭॥ ਮੋਕੋ ਪਰ ਪੁਨ ਅਪਰ ਨ ਕਾਹੀ। ਪੂਰਨ ਏਕ ਆਤਮਾ ਆਹੀ। ਸਦਾ ਪ੍ਰਨਾਮ ਕਰੋਂ ਮੈਂ ਤਾਸੂ। ਜਿਹ ਕੀ ਮਾਯਾ ਕੇਰਿ ਬਿਲਾਸੂ॥ ੧੮ ॥ ਮੋਹੇ ਸਰਬ ਚਰਾਚਰ[7] ਜਾਂਹੀ। ਅਪਨ ਬਿਗਾਨ ਲਖਾਵਾ ਤਾਂਹੀ। ਭੇਦ ਅਪਰ ਪਰ[8] ਹੈ ਉਰ ਤੋਰੇ। ਭੇਦ ਬੁੱਧਿ ਕਛੁ ਨਹਿਂ ਹਿਯ ਮੋਰੇ॥ ੧੯॥ ਸ੍ਰੀ ਕਰਤਾਰ ਕਰੈ ਜਬ ਕਰੁਨਾ। ਤਬ ਯਹਿ ਭੇਦ ਹੋਇ ਉਰ ਹਰਨਾ।ਆਤਮ ਮਹਿਂ ਪਰ ਅਪਰ ਬਖਾਨੇ। ਬੇਦ ਅਰਥ ਕੋ* ਕੁਮਤਿ ਨ ਜਾਨੇ॥ ੨੦ ॥ ਕਬਹਿ ਨ ਹੋਹਿ ਤਾਂਹਿ ਕੱਲ੍ਯਾਨਾ। ਜਨਮ ਮਰਨ ਪਾਵਹਿ ਦੁਖ ਨਾਨਾ। ਪੂਰਨ ਲਖਹਿ ਆਤਮਾ ਜੋਈ। ਭਵ ਬੰਧਨ ਤੇ ਛੂਟਹਿ ਸੋਈ-॥ ੨੧ ॥ ਸੁਨਿ ਕਰਿ ਅਸ ਬਚ ਸ਼ੰਡਾਮਰਕਾ। ਕਹੈ ਕਿ -ਖੋਟੋ ਵਡ ਯਹਿ ਲਰਕਾ[9]। ਦੈਤਨ ਕੁਲ ਕਾਨਨ ਕੀ ਨ੍ਯਾਈ[10]।

---

[1]ਹੇ ਸੌਭਾਗ੍ਯ। [2]ਸ਼ੋਭਨੀਕ। [3]ਅੰਨ੍ਹਾਂ ਖੂਹ। [4]ਬਚਨ। [5]ਭਾਵ ਔਗੁਣਾਂ ਵਾਲੀ। [6]ਕਿਸੇ। [7]ਜੜ੍ਹ ਚੇਤਨ। [8]ਅਪਣੇ ਪਰਾਏ ਦਾ। [9]ਲੜਕਾ। [10]ਬਨ ਵਾਂਙੂ (ਵੱਡੀ) ਹੈ।

*ਪਾ:-ਸੋ।

ਬਿਸ਼ਨੁ ਕੁਠਾਰ[1] ਸਮਾਨ[2] ਨਸਾਈ[3] ॥ ੨੨ ॥ ਬਿਨ ਦੰਡੇ[4] ਜੋ ਅਹੈ ਕੁਠਾਰਾ[5]। ਕਾਟ ਨ ਸਕਹਿ ਬਿਟਪ[6] ਨਿਰਧਾਰਾ[7]। ਤਜੋਂ ਆਗੈ ਥੋ[8] ਹਰਿ[9] ਭਗਵਾਨਾ॥ਅਬ ਇਹ[10] ਹੋਯੋ ਦੰਡ ਸਮਾਨਾ[11] ॥੨੩॥ ਨਿਸ਼ਚੈ ਨਾਸ ਬੰਸ ਕਾ ਕਰਿਈ। ਵਡੋ ਢੀਠ ਡਰ ਰਿਦੇ ਨ ਧਰਿਈ।ਆਨਹੁ ਬੈਂਤ ਸਾਸਨਾ ਦੇਈਂ। ਬਿਨ ਡਾਂਟੇ ਇਹ ਸੀਖ ਨ ਲੇਈ-॥ ੨੪ ॥ ਬਹੁ ਪ੍ਰਕਾਰ ਕੋ ਭੈ ਦਿਖਰਾਵੈਂ। ਅਪਨੀ ਬਿੱਦਯਾ ਸਕਲ ਪਢਾਵੈਂ। ਏਕ ਨਹੀਂ ਤਿਨ ਕੀ ਮਨ ਮਾਨੀ। ਦੇਖਿ ਕੁਰੀਤੀ ਤੂਸ਼ਨਿ ਠਾਨੀ॥੨੫॥ਬੀਤ ਗਯੋ ਜਬ ਕੇਤਿਕ ਕਾਲਾ। ਤੇ ਜਾਨਤਿ ਭੇ ਪਢਯੋ ਬਿਸਾਲਾ। ਇਕ ਦਿਨ ਦੈਂਤਰਾਜ ਕੇ ਪਾਸਾ। ਲੇ ਕਰਿ ਗਮਨੇ ਕਰਤਿ ਹੁਲਾਸਾ॥੨੬॥ਜਾਇ ਪਿਤਾ ਪਦ ਬੰਦਨ ਕੀਨੀ। ਕਰੇ ਹਰਖ ਆਸ਼ਿਖ ਤਿਨ ਦੀਨੀ।ਦੁਇ ਕਰ ਸੋਂ ਗਹਿ ਕਰਿ ਭਲਿ ਭਾਂਤੀ। ਬਦਨ ਬਿਲੋਕ ਲਾਇ ਲਿਯ ਛਾਤੀ ॥੨੭॥ ਅੰਕ ਬਿਠਾਯੋ ਬਚਨ ਅਲਾਵਾ।– ਹੇ ਸੁਤ! ਕਾਲ ਬਿਤੇ ਬਹੁ ਆਵਾ। ਪਢਯੋ ਪਾਠ ਜੋ ਸੁੰਦਰ ਤੋਹੀ। ਸਰਬ ਉਚਾਰ ਸੁਨਾਵਹੁ ਮੋਹੀ–॥੨੮॥ ਸੁਨਿਕਰਿ ਜਨਕ[12] ਬਚਨ ਕੋ ਬੋਲਯੋ। ਮਨ ਕੋ ਮਤੋ ਬਿਦਤਿ ਸਭਿ ਖੋਲਯੋ।--ਅਭਿਮਤਿ[13] ਬਾਤ ਧਰਹੁ ਉਰ ਮਾਂਹੀ।*੧ਹਰਿਜਸ ਸੁਨਿ,੨ਸਿਮਰਣ ਸ਼ੁਭ ਆਹੀ॥੨੯॥੩ਕਰਨ ਕੀਰਤਨ,੪ਚਰਨਨ ਸੇਵਾ। ੫ਅਰਚਨ[14],੬ਬੰਦਨ ਸ੍ਰੀ ਜਗਦੇਵਾ। ੭ਦ੍ਰਿਢ ਬਿਸ੍ਵਾਸਹਿ,੮ਅਰਪ ਸਰੀਰਾ। ੯ਕਰਨ ਸਖਾਪਨ ਗੁਨੀਗਹੀਰਾ[15] ॥ ੩੦॥ ਨਵਧਾ ਭਗਤਿ ਇਹੀ ਗਤਿਦਾਈ। ਕਰਹੁ ਸਦੀਵ ਰਿਦੇ ਹਿਤ ਲਾਈ। ਅਪਰ ਪਾਠ ਸਭਿ ਦੇਹੁ ਬਿਹਾਈ[16]। ਜਿਨ ਤੇ ਕਾਰਜ ਸਰੈ ਨ ਰਾਈ--॥ ੩੧ ॥ ਹਿਰਨਕਸ਼ਪ ਸੁਨਿ ਕੋਪ ਬਢਾਵਾ। ਨਿਜ ਦੰਤਨ ਸੋਂ ਅਧਰ[17] ਚਬਾਵਾ। ਸ਼੍ਰੋਨਿਤ ਸਰਸ[18] ਲਾਲ ਭੇ ਨੈਨਾ। ਸ਼ੁੱਕ੍ਰ ਸੁਤਨ ਸੋਂ ਬੋਲਯੋ ਬੈਨਾ ॥ ੩੨ ॥–ਤੁਮ ਮਤਿ ਹੀਨ ਪੱਛ ਬਿਬ[19] ਲੀਨਾ। ਸੁਤਹਿ[20] ਕੁਪਾਠ[21]

[1]ਕੁਹਾੜੇ। [2]ਵਾਂਙੂ। [3](ਇਸ ਦੇ) ਨਾਸ਼ ਕਰਨ ਵਾਲਾ ਹੈ। [4]ਡੰਡਾ (ਲਕੜੀ ਦਾ)। [5]ਭਾਵ ਡੰਡੇ ਪਾਏ ਬਿਨਾ ਕੁਹਾੜਾ। [6]ਬ੍ਰਿੱਛਾਂ ਨੂੰ। [7]ਨਿਸ਼ਚਤ ਹੈ (ਇਹ ਗਲ)। [8]ਸੀ। [9]ਸੋਮਾ ਬੂਟੀ ਨੂੰ ਪੀਹਣ ਵਾਲਾ ਪੱਥਰ, ਉਸ ਤੋਂ ਉਪਲਖਤ–ਕੁਹਾੜਾ--, ਕਿ ਅਗੇ ਵਿਸ਼ਨੂੰ ਕੁਹਾੜਾ ਸੀ। (ਅ) ਹਰਿ ਭਗਵਾਨ=ਵਿਸ਼ਨੂੰ ਭਗਵਾਨ। [10]ਭਾਵ ਪ੍ਰਹਲਾਦ। [11]ਡੰਡੇ ਤੁੱਲ। [12]ਪਿਤਾ ਦੇ। [13]ਵਾਂਛਤ, ਚੰਗੀ। [14]ਪੂਜਾ ਕਰਨੀ। [15]ਭਾਵ, ਪਰਮੇਸ਼ੁਰ ਜੀ ਨਾਲ। [16]ਦੂਰ ਕਰੋ। [17]ਹੇਠਾਂ। [18]ਲਹੂ ਵਰਗੇ। [19]ਦੂਸਰਾ ਪੱਖ। [20]ਪੁੱਤ੍ਰ ਨੂੰ। [21]ਖੋਟੀ ਸਿੱਖਿਆ।

*ਨਵਧਾ ਭਗਤੀ ਦੇ ਨੌਂ ਪ੍ਰਕਾਰ ਕਵੀ ਜੀ ਦੱਸਣ ਲੱਗੇ ਹਨ।

ਪਢਾਇਦਿ[1] ਮਲੀਨਾ। ਮੋਰ ਨਿਰਾਦਰ ਕੀਨ ਅਭਾਗੇ !। ਸਿੱਛਿਆ ਔਰ ਦੇਨਿ ਤੁਮ ਲਾਗੇ ॥ ੩੩ ॥ ਬੰਚਕ[2] ਬੇਖ[3] ਬਨਾਯੋ ਜਾਨਾ। ਛਪੈ ਨਹੀਂ ਮੈਂ ਆਜ ਲਖਾਨਾ। ਦਿਜ ਮਹਿਂ ਤੁਮ ਸੋਂ ਨੀਚ ਨ ਕੋਈ। ਜਿਨ ਕੀ ਬੁੱਧਿ ਬਿਪਰਜੈ[4] ਹੋਈ –॥ ੩੪॥ ਸ਼ੰਡੇ ਮਰਕੇ ਬਚਨ ਸਰੋਸਾ[5]। ਸੁਨਿ ਕਰਿ ਬੋਲੇ --ਹਮ ਨਹਿਂ ਦੋਸ਼ਾ। ਅਸ ਪ੍ਰਕਾਰ ਕੋ ਹਮ ਨ ਪਢਾਵਾ। ਅਪਰ ਨ ਕੋਊ ਆਨਿ ਸਿਖਾਵਾ ॥੩੫॥ ਸਹਿਜ ਸੁਭਾਇਕ ਤਵ ਸੁਤ ਐਸੇ। ਲੀਨੀ ਕੁਮਤਿ ਬਕਤਿ[6] ਅਬ ਜੈਸੇ। ਹਮ ਪਰ ਰੋਖ[7] ਬਾਦ ਕਿਮ ਕੀਨੋ। ਨਿਜ ਸੁਤ ਦੋਖ ਰਿਦੇ ਤੁਮ ਚੀਨੋ–॥ ੩੬ ॥ ਹਿਰਨਕਸ਼ਪ ਮੁਝ ਓਰ ਨਿਹਾਰਾ। ਮੁਖ ਸੋਂ ਐਸੇ ਬਚਨ ਉਚਾਰਾ।--ਹੇ ਸੁਤ ਗੁਰੁ ਨਹਿਂ ਤੋਹਿ ਪਢਾਈ। ਕਿਹੁ ਖੋਟੀ ਮਤ ਦੀਨਿ ਸਿਖਾਈ ?–॥੩੭॥ਸੁਨਿ ਮੈਂ ਪਿਤ ਸੋਂ ਬਚਨ ਬਖਾਨਾ॥ –ਤਜਹੁ ਤਾਤ[8] ! ਸੰਤਾਪ ਮਹਾਨਾ॥ਵਿਖੈ ਵਾਸ਼ਨਾ ਬਸਿ ਨਰ ਜੋਊ। ਦਈ ਸੁਮਤਿ ਨਹਿਂ ਮਾਨਤਿ ਸੋਊ ॥ ੩੮ ॥ ਕੋਟ ਭਾਂਤਿ ਸਮਝਾਇ ਜਿ ਤਾਸੂ[9]। ਬੇਮੁਖ ਰਿਦੇ ਨ ਆਨਹਿ ਕਾਸੂ[10]। ਮਾਨ ਸਰੋਵਰ ਬਾਸ ਸੁਖਾਰਾ[11]। ਕਰਨੋਂ ਮੁਕਤਾ[12] ਕੇਰਿ ਅਹਾਰਾ[13] ॥ ੩੯ ॥ ਬਾਇਸ[14] ਸੀਖ ਨ ਮਾਨਹਿ ਕਬਹੀ[15]।ਜੇ ਉੱਤਮ ਗੁਣ ਹੋਵਹਿਂ ਸਭਿ ਹੀ[16]।ਤਾਂਕੀ[17] ਰਤਿ ਦੁਰਗੰਧਹਿ ਮਾਂਹੀ। ਤਸੋਂ ਸਠ ਭਗਤਿ ਸੀਖ ਲੇ ਨਾਂਹੀ ॥ ੪੦ ॥ ਬੰਧਨ ਪਰੇ ਜਗਤ ਕੇ ਭਾਰੀ। ਛੂਟਨ ਏਕ ਉਪਾਇ ਬਿਚਾਰੀ। ਸੁਨਿ ਧਾਰਹਿ ਸਤਿਗੁਰੁ ਉਪਦੇਸ਼ਾ। ਬਹੁਰ ਨ ਰਹੈ ਦੁਖ ਕੋ ਲੇਸ਼ਾ ॥ ੪੧ ॥ ਧਨ ਅਰਥੀ ਜੇ ਗੁਰੁ ਜਗ ਮਾਂਹੀ। ਆਤਮ ਗਯਾਨ ਰਿਦੇ ਮਹਿਂ ਨਾਂਹੀ। ਤਿਨ ਤੇ ਪੰਥ ਨ ਸੂਝਹਿ ਕੈਸੇ। ਅੰਧਾ ਆਗੂ ਅੰਧਨ[18] ਜੈਸੇ॥੪੨॥ਜਾਵਤਿ ਗਿਰ ਸੋ ਗਰਤ[19] ਮਝਾਰੀ। ਜੋ ਤਿਹ ਪਾਛੈ, ਗਿਰਹਿ[20] ਸੰਗਾਰੀ[21]। ਹੇ ਪਿਤ ! ਕਸੋਂ ਨ ਭਜੈਂ ਪ੍ਰਭੁ ਚਰਣਾ। ਹੈ ਹੈ ਜਨਮ ਮਰਣ ਕੋ ਹਰਣਾ ॥ ੪੩ ॥ ਕਰਿ ਸਤਿਸੰਗ ਸਰਸ[22] ਸੁਰ ਧੇਨੂ[23]। ਸਿਰਪਰ ਧਰਿਸੰਤਨਪਦਰੇਨੂ॥ਤਰਿ ਜੈਹੈਂ ਭਵਸਾਗਰ

---

[1]ਪੜ੍ਹਾਇਆ ਹੈ। [2]ਠੱਗ ਦਾ। [3]ਭੇਖ। [4]ਉਲਟੀ। [5]ਕ੍ਰੋਧ ਵਾਲੇ ( ਬਚਨ )। [6]ਕਹਿੰਦਾ ਹੈ। [7]ਕ੍ਰੋਧ। [8]ਹੇ ਪਿਤਾ !। [9]ਤਿਸ ਨੂੰ। [10]ਕਿਸੇ ਨੂੰ। [11]ਸੁਖਾਲਾ ਹੈ। [12]ਮੋਤੀਆਂ। [13]ਭੋਜਨ। [14](ਪਰ) ਕਾਂ। [15]( ਮਾਨ ਸਰੋਵਰ ਜਾਣ ਦੀ ) ਸਿੱਖਯਾ ਕਦੇ ਨਹੀਂ ਮੰਨੇਗਾ। [16]ਭਾਵ ਮਾਨ ਸਰੋਵਰ ਵਿਚ। [17]ਭਾਵ ਕਾਂ ਦੀ। [18]ਅੰਨ੍ਹਿਆਂ ਦਾ। [19]ਟੋਏ। [20]ਡਿੱਗੇਗਾ। [21]ਨਾਲ ਹੀ। [22](ਜੋ) ਸਦਰਸ ਹੈ। [23]ਕਾਮਧੇਨੁ ਗਾਂ ਦੇ।

ਭੂਰੀ। ਪਾਇੰ ਪਰਮਗਤਿ ਸਭਿ ਬਿਧਿ ਰੂਰੀ–॥ ੪੪ ॥ ਦੈਤਰਾਜ ਸੁਨਿ ਕ੍ਰੁਧ ਬਿਸ਼ੇਖ਼ਾ।ਕੰਪਤਿ ਤਨ ਭਾ ਆਰੁਨ[1] ਬੇਖਾ[2]। ਤਿਰਛੇ ਕੀਨ ਭਯਾਨਕ ਨੈਨਾ। ਅਧਿਕ ਗਰਜ ਕੈ ਬੋਲ੍ਯੋ ਬੈਨਾ॥ ੪੫ ॥ ਅੰਕ ਬਿਖੈ ਤੇ ਦੀਨ ਬਗਾਈ[3] ।–ਗਹਿ ਮਾਰਹੁ ਇਸ ਕੋ ਲੇ ਜਾਈ। ਸੁਤ ਮਮ ਨਹੀਂ ਲਖਹੁ ਯੌਂ[4] ਮਨ ਮੈਂ। ਦੀਰਘ ਰੋਗ ਭਯੋ ਇਹ ਤਨ ਮੈਂ ॥ ੪੬ ॥ ਅੰਗ ਸਰੋਗ[5] ਕਟੇ ਸੁਖ ਹੋਈ। ਹਨਹੁ[6] ਜਾਇ, ਅਚਰਜ ਨਹਿ ਕੋਈ। ਮਮ ਭ੍ਰਾਤਾ ਕੋ ਮਾਰਨਹਾਰੂ। ਤਿਹ ਕੋ ਇਹ ਉਪਾਸਨਕਾਰੂ[7] ॥ ੪੭ ॥ ਨਿਜ ਪਰਵਾਰ ਸਰਬ ਕੋ ਤ੍ਯਾਗੀ। ਭਯੋ ਬਿਸ਼ਨੁ ਚਰਨਨ ਅਨੁਰਾਗੀ। ਜੋ ਨਿਜ ਸੁਤ ਪਰ-ਹਿਤ ਕੋ ਚਾਹੀ[8]। ਸੋ ਰਿਪੁ[9] ਸਮ[10] ਲਖਿਯੇ ਮਨ ਮਾਂਹੀ॥ ੪੮ ॥ ਜੋ ਪਰਸੁਤ[11] ਅਪਨੋ ਹਿਤਕਾਰੀ[12]। ਪੁੱਤ੍ਰ ਸਮਾਨ, ਦਿਜੈ[13] ਸੁਖ ਭਾਰੀ। ਇਸ ਪ੍ਰਕਾਰ ਸਮਝਹੁ ਮਨ ਮਾਹੀ। ਮਾਰਹੁ ਬੇਗ, ਪੁੱਤ੍ਰ ਮਮ ਨਾਂਹੀ–॥੪੯॥ ਸੁਨੀ ਸੇਵਕਨ ਗਿਰਾ ਕਠੋਰਾ। ਦਾਨਵ ਉਠੇ ਭਯਾਨਕ ਘੋਰਾ। ਦੀਰਘ ਦਾਂਤ ਤ੍ਰਿਸੂਲਹਿ ਹਾਥਾ। ਤਾਂਬ੍ਰ ਬਰਨ[14], ਬਿਥੁਰੇ ਕਚ ਮਾਥਾ[15] ॥ ੫੦ ॥ –ਧਰਹੁ, ਧਰਹੁ, ਮਾਰਹੁ– ਕਹਿ ਡਾਂਟੇ।–ਬੇਗ ਸਰੀਰ ਦੇਹੁ ਇਸ ਕਾਟੇ–। ਏਕਹਿ ਬਾਰ ਸ਼ਸਤ੍ਰ ਸਭਿ ਡਾਰੇ। ਖੜਗ ਸ਼ਕਤਿ ਤਿਰਸੂਲਹਿੰ ਮਾਰੇ॥੫੧॥ ਬਿਫਲ ਪ੍ਰਯਾਸ[16] ਤਿਨਹਿ ਪ੍ਰਭੁ ਖੋਵਾ। ਰੋਮ ਨ ਏਕਹਿ ਬਾਂਕੋ[17] ਹੋਵਾ। ਏਕੰਕਾਰ ਬਿਮੁਖ ਨਰ ਜੋਊ। ਜਯੋਂ ਤਿਹ ਕ੍ਰਿਯਾ ਬਿਫਲ ਹ੍ਵੈ ਸੋਊ ॥ ੫੨ ॥ ਦੈਤਰਾਜ ਨਿਜ ਨੈਨਨ ਦੇਖਾ। ਸ਼ੰਕਤਿ[18]ਭਾ ਮਨ ਮਾਂਹਿ ਬਿਸ਼ੇਖਾ। ਬੋਲ੍ਯੋ ਬਚਨ–ਮਰਤਿ ਨਹਿਂ ਐਸੇ। ਔਰ ਉਪਾਵ ਕਰੋ, ਕਹਿ ਜੈਸੇ ॥ ੫੩ ॥ ਗਜ ਆਗੈ ਗਹਿ ਇਹ ਚੀਰਾਵਹੁ। ਸਰਪਨ ਤੇ ਸਭਿ ਅੰਗ ਡਸਾਵਹੁ। ਜੇ ਕਰਿ ਤਹਿਂ ਤੇ ਹੋਇ ਉਬਾਰਾ।ਮਾਰਹੁ ਬਿਖ ਦੇ ਬੀਚ ਅਹਾਰਾ–॥੫੪॥ਸੁਨਿ ਕਰਿ ਕੀਨੇ ਸਰਬ ਉਪਾਈ। ਗਜ[19], ਅਹਿ, ਬਿਖ[20] ਤੇ ਦੁਖ ਨਹਿਂਰਾਈ। ਸ੍ਰੀ ਕਰਤਾਰ ਭਯੋ ਰਖਵਾਰਾ। ਕਹੋ ਕੌਨ ਤਿਹ ਸਕੈ ਜੁ ਮਾਰਾ ॥ ੫੫ ॥ ਬਹੁਰੇ

---

[1]ਲਾਲ। [2]ਰੂਪ ਵਾਲਾ। [3]ਕੁਛੜ ਵਿਚੋਂ ਵਗਾਹ ਮਾਰਿਆ। [4]ਐਉਂ। [5]ਰੋਗੀ ਅੰਗ। [6]ਮਾਰ ਦਿਓ। [7]ਉਪਾਸਨਾ ਕਰਨ ਵਾਲਾ ( ਭਗਤ )। [8]ਪਰਾਏ ਭਲੇ ਨੂੰ ਚਾਹੇ। [9]ਵੈਰੀ। [10]ਵਰਗਾ। [11]ਪਰਾਇਆ ਪੁੱਤ੍ਰ। [12]ਪ੍ਰੇਮ ਵਾਲਾ ਹੋਵੇ। [13]( ਉਸ ਨੂੰ ) ਦੇਈਏ। [14]ਤਾਂਬੇ ਵਰਗਾ ਰੰਗ। [15]ਕੇਸ ਖਿੱਲਰੇ ਮੱਥੇ ਤੇ। [16]ਨਿਸ਼ਫਲ ਯਤਨ। [17]ਵਿੰਗਾ। [18]ਹੈਰਾਨ। [19]ਹਾਥੀ। [20]ਸੱਪ ਅਤੇ ਜ਼ਹਿਰ।

ਦੋਹਿ ਬਾਂਧ ਕਹਿ ਮੇਰਾ। ਅਤਿ ਉਤੰਗ[1] ਗਿਰ[2] ਤੇ ਗਹਿ ਗੇਰਾ। ਬਹੁਤ ਬਾਰ[3] ਲੇ ਬਾਰਿ[4] ਡੁਬਾਯੋ। ਕਰਿ ਪ੍ਰਚੰਡ ਪਾਵਕ[5] ਮਹਿਂ ਪਾਯੋ॥ ੫੬ ॥ ਕਿਤਕ ਦਿਵਸ ਨਹਿਂ ਦਯੋ ਅਹਾਰੂ। ਮਾਰਨ ਚਹਿਤ ਅਨਿਕ ਪਰਕਾਰੂ। ਸਭਿ ਉਪਾਇ ਭੇ ਬਾਦ ਤਿਨੂਕੇ। ਮਨ ਚਿੰਤਾ ਭੀ ਅਧਿਕ ਜਿਨੂਕੇ॥ ੫੭ ॥ ਦੋਹਰਾ॥ ਹਿਰਨਕਸ਼ਪ ਅਵਲੋਕ[6] ਕੈ ਚਿੰਤਾ ਜਗੀ ਬਿਸਾਲ[7] ।–ਸਭਿ ਉੱਦਮ ਨਿਸ਼ਫਲ ਗਏ ਮਾਰਯੋ ਮਰਤਿ ਨ ਬਾਲ॥ ੫੮ ॥ ਚੌਪਈ॥ ਮੈਂ ਭਯਾਨਕ ਕਟੁ[8] ਬਚਨ ਉਚਾਰੇ॥ ਸੁਨਿ ਕਰਿ ਇਹ[9] ਉਰ ਹਰਖ ਅਪਾਰੇ। ਅਮਿਤ ਪ੍ਰਭਾਵ ਤੇਜ ਨਹਿਂ ਥੋਰਾ[10]॥ ਨਿਸਚੈ ਅਹੈ ਸ਼ੱਤ੍ਰ ਇਹ ਮੋਰਾ॥ ੫੯ ॥ ਇਹ ਸੰਗ ਬਧਯੋ ਬਿਸਾਲ ਬਿਰੋਧਾ[11]। ਮਰਣੋ ਹੋਇ ਹੋਤਿ ਉਰ ਬੋਧਾ[12]–। ਇਸ ਪ੍ਰਕਾਰ ਚਿੰਤਾ ਮੈਂ ਦੀਨਾ[13]। ਸ਼੍ਰੀ ਹਤਿ ਹੋਯੋ[14] ਬਦਨ ਮਲੀਨਾ[15]॥ ੬੦ ॥ ਸ਼ੰਡਾ ਮਰਕਾ ਲਖਿ ਗਤਿ ਤਾਸੂ। ਲੇ ਕਰਿ ਗਏ ਇਕੰਤ[16] ਅਵਾਸੂ[17]।ਸਮਝਾਵਾ ਕਹਿ ਮਧੁਰੀ[18] ਬਾਨੀ।–ਸੁਨਿ ਛਿਤੇਸ਼![19] ਕਸ ਚਿੰਤਾ ਠਾਨੀ?॥੬੧॥ ਤਵ ਬਿਲੋਕ ਕੈ ਭ੍ਰਿਕੁਟੀ[20] ਬਾਂਕੀ[21]। ਤ੍ਰੈ ਲੋਕਨ ਸੁਧ[22]ਰਹੇ ਨ ਕਾਂਕੀ[23]।ਸਿਸੁ ਕੀ[24] ਕੇਤਿਕ ਬਾਤ[25] ਜੁ ਦੀਨਾ[26]। ਤੁਮਰੇ ਹੈਂ ਸਭਿ ਲੋਕ ਅਧੀਨਾ॥੬੨॥ ਤਜਿ ਚਿੰਤਾ ਇਕ ਸੁਨਹੁ ਉਪਾਈ। ਬਰੁਣਪਾਸ[27] ਸੋਂ ਬਾਂਧਹੁਂ[28] ਲਯਾਈ। ਸ਼ੁੱਕ੍ਰ ਨਿਕੇਤ ਆਇ ਹੈ ਜੌ ਲੌ। ਹਮ ਰਾਖਹਿਂ ਬੰਧੇ ਇਹ ਤੌਲੌ॥ ੬੩ ॥ ਯਾਕੀ ਹੈ ਜਬ ਬੈਸ ਵਡੇਰੀ। ਤਬ ਐਹੈ ਉਰ ਸੁਮਤਿ ਘਨੇਰੀ। ਸਿੱਛਯਾ ਦੇਇ ਸ਼ੁਕ੍ਰ ਪੁਨ ਆਈ। ਰਾਜਨੀਤਿ ਸਭਿ ਲੇਹਿ ਪਢਾਈ–॥ ੬੪ ॥ ਤਿਨ ਤੇ ਸੁਨਿ ਕਰਿ ਅਸ[29] ਦਨੁਜੇਸ਼ਾ[30]। ਮਾਨ ਬਚਨ ਪੁਨ ਦਈ ਨਿਦੇਸ਼ਾ।–ਲੇ ਜਾਵਹੁ ਦਿਢ ਬਾਂਧ ਪਢਾਵਹੁ।

---

[1]ਉਚੇ। [2]ਪਹਾੜ। [3]ਵੇਰੀ। [4]ਪਾਣੀ (ਵਿਚ)। [5]ਬਾਲਕੇ ਅਗਨੀ। [6]ਦੇਖਕੇ। [7]ਭਾਵ, ਹਿਰਨ-ਕਸ਼ਪ ਚਿੱਤ ਵਿਚ ਸੋਚਦਾ ਹੈ। [8]ਕੌੜੇ। [9]ਪ੍ਰਹਲਾਦ ਭਗਤ। [10]ਭਾਵ ਪ੍ਰਹਲਾਦ ਦਾ। [11](ਮੇਰਾ) ਵੈਰ। [12]ਐਉਂ ਦਿਲ ਨੂੰ ਜਾਪਦਾ ਹੈ ਕਿ ਹੁਣ ਮੇਰੀ ਮੌਤ ਆਈ ਹੈ। [13]ਆਤੁਰ। [14]ਸ਼ੋਭਾਹੀਨ ਹੋਕੇ। [15]ਮੂੰਹ ਮੈਲਾ ਹੋ ਗਿਆ। [16]ਇਕਾਂਤ। [17]ਘਰ ਵਿਚ। [18]ਮਿੱਠੀ। [19]ਹੇ ਰਾਜਾ। [20][ਸੰਸ:, ਭ੍ਰਿਕੁਟੀ=] ਭੌਂਹ ਭਰਵੱਟੇ। [21]ਟੇਢੇ। [22]ਹੋਸ਼। [23]ਕਿਸੇ ਦੀ। [24]ਬਾਲਕ ਦੀ। [25]ਕੀ ਗਲ ਹੈ। [26]ਜੋ ਤੂੰ ਆਤੁਰ ਹੈਂ। [27]ਵਰੁਣ ਦਾ ਇਕ ਅਸਤ੍ਰ ਜਿਸ ਨੂੰ ਨਾਗਪਾਸ਼ ਬੀ ਕਹਿੰਦੇ ਹਨ। ਵੈਰੀਆਂ ਨੂੰ ਬੰਨ੍ਹਣ ਦਾ ਇਕ ਪ੍ਰਕਾਰ ਦਾ ਫੰਧਾ। [28]ਬੰਨ੍ਹ ਲਿਆਉਂਦਾ ਹਾਂ। [29]ਐਸੇ। [30]ਦੈਂਤਾਂ ਦੇ ਰਾਜੇ ਨੇ।

ਧਰਮ ਤ੍ਰਿਬਰਗਹਿ[1] ਸਰਬ ਸਿਖਾਵਹੁ-॥ ੬੫॥ ਸ਼ੰਡੇ ਮਰਕੇ ਬੰਧਨ ਕਰਿਕੈ। ਰਾਖ੍ਯੋ ਅੰਤਰ ਮੋਕੋ ਘਰ ਕੈ। ਆਇ ਆਪਨੋ ਪਾਠ ਧਵਾਵਤਿ। ਤਿਨ ਕੋ ਕਹ੍ਯੋ ਨ ਮਨ ਮੈਂ ਭਾਵਤਿ॥ ੬੬॥ ਰਾਗ ਦ੍ਵੈਖ ਜਿਹ ਮਾਂਹਿ ਬਿਸਾਲਾ। ਕਿਉਂ ਮਨ ਰੁਚੈ ਜਗਤ ਜੰਜਾਲਾ। ਸ੍ਰੀ ਕਰਤਾਰ ਚਰਨ ਲਿਵ ਲਾਗੀ। ਅਹਿਨਿਸਿ ਬਿਚ ਬਿਬੇਕ ਅਨੁਰਾਗੀ॥ ੬੭॥ ਜਗਤ ਅਸਾਰ ਸਰਬ ਹੀ ਜਾਨਾ। ਸਿਮਰਨ ਨਾਮ ਸਾਰ ਇਕ ਮਾਨਾ। ਜਬ ਸੌ ਘਰ ਕੇ ਕਾਜ ਸਿਧਾਵੈਂ। ਤਬ ਦੈਂਤਨ ਕੇ ਬਾਲਿਕ ਆਵੈਂ॥ ੬੮॥ ਸ਼ੁਭ ਉਪਦੇਸ਼ ਦੇਉਂ ਮੈਂ ਤਾਂਹੂ। ਸੁਨਿ ਕਰਿ ਸੋ ਧਾਰਹਿੰ ਉਰ ਮਾਂਹੂ। ਬੂਝਹਿੰ ਸੁਨਿ ਕਰਿ ਪ੍ਰਸ਼ਨ ਬਹੋਰੀ।ਜਾਗਹਿ ਤਿਨ ਉਰ ਭਗਤਿ* ਨ ਥੋਰੀ[2] ॥੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਸਤਾਹਠਮੋ ਅਧ੍ਯਾਯ॥ ੬੭॥

## ੬੮. [ਗੁਰਚਰਣ ਪ੍ਰੇਮ ਮੰਗਲ। ਪ੍ਰਹਲਾਦ ਪ੍ਰਸੰਗ]

ਦੋਹਰਾ॥ ਸ੍ਰੀ ਗੁਰੁ ਪਗ ਕੇਤਕਿ ਪੁਸ਼ਪ ਪ੍ਰੇਮ ਕੰਟ ਜਿਹ ਸੰਗ॥
ਮਨ ਮਲਿੰਦ ਕੋ ਵੇਧ ਕਰਿ ਕਹੌਂ ਕਥਾ ਸ ਉਮੰਗ॥ ੧॥

ਕੇਤਕਿ=ਕੇਤਕੀ, ਕਿਉੜੇ ਨਾਲ ਮਿਲਦਾ ਇਕ ਛੋਟਾ ਬੂਟਾ ਹੈ ਜਿਸ ਨੂੰ ਪੀਲੇ ਰੰਗ ਦੇ ਬੜੇ ਖੁਸ਼ਬੂਦਾਰ ਬੰਦ ਮੁੰਜਰਾਂ ਵਰਗੇ ਲੰਬੇ ਫੁੱਲ ਲਗਦੇ ਹਨ, ਇਨ੍ਹਾਂ ਤੋਂ ਅਤਰ ਤੇ ਅਰਕ ਭੀ ਬਣਦਾ ਹੈ।ਇਸਦੀ ਖੁਸ਼ਬੋ ਅੱਛੀ ਹੁੰਦੀ ਹੈ,ਪ੍ਰੰਤੂ ਕਵੀਜਨ ਕਹਿੰਦੇਹਨ ਕਿ ਭੌਰਾ ਇਸਦੇ ਫੁੱਲ ਤੇ ਨਹੀਂ ਬੈਠਦਾ। ਇਸ ਦੀਆਂ ਪੱਤੀਆਂ ਨਾਲ ਕੰਡੇ ਬੀ ਹੁੰਦੇ ਹਨ। ਕਵਿ ਜੀ ਕਹਿੰਦੇ ਹਨ ਕਿ ਮੈਂ ਆਪਣੇ ਮਨ ਰੂਪੀ ਭੌਰੇ ਨੂੰ ਪ੍ਰੇਮ ਦੇ ਕੰਡਿਆਂ ਨਾਲ ਵਿੰਨ੍ਹਕੇ ਗੁਰ ਪਗ ਰੂਪੀ ਕੇਤਕੀ ਫੁੱਲ ਤੇ ਬਿਠਾਵਾਂਗਾ।
ਕੰਟ=ਕੰਡਾ, ਕੰਟਕ ਦਾ ਸੰਖੇਪ ਰੂਪ।
ਮਲਿੰਦ=ਭਉਰਾ।

**ਅਰਥ**—ਸ੍ਰੀ ਗੁਰੂ ਜੀ ਦੇ ਚਰਣ ਕੇਤਕੀ (ਦੇ ਫੁੱਲ ਸਮਾਨ ਸੁਗੰਧਿਤ ਹਨ) ਜਿਨ੍ਹਾਂ ਦੇ ਨਾਲ ਪ੍ਰੇਮ ਦਾ ਕੰਡਾ ਹੈ, (ਇਸੇ ਕੰਡੇ ਨਾਲ) ਮਨ (ਰੂਪੀ) ਭੌਰੇ ਨੂੰ ਵਿੰਨ੍ਹ ਕੇ (ਹੁਣ ਮੈਂ ਅੱਗੋਂ ਦੀ) ਕਥਾ ਉਮੰਗਾਂ ਨਾਲ ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ॥ ਚੌਪਈ॥ ਸੁਨਿ ਸ੍ਰੀ ਅੰਗਦ ਕਥਾ ਪੁਨੀਤਾ। ਕਹਤਿ ਪ੍ਰਹਲਾਦ ਭਯੋ ਜਸ ਰੀਤਾ:-।"ਦੈਤ ਪੁੱਤ੍ਰ ਜਬ ਢਿਗ ਹ੍ਵੈ ਬੈਸੇਂ[3]।

[1]ਧਰਮ, ਅਰਥ, ਕਾਮ ਸਿਖਾਵਣਾ (ਭਾਵ ਮੋਖ ਮਾਰਗ ਨਹੀਂ ਸਿਖਾਉਂਦਾ)। [2]ਭਾਵ ਸ਼ੰਡਾ ਮਰਕਾ। [3]ਪਾਸ ਹੋ ਕੇ ਬੈਠਣ। *ਪਾ:—ਪ੍ਰੀਤਿ।

ਤਿਨ ਸੋਂ ਬਚਨ ਸੁਭਗ ਉਪਦੇਸ਼ੇ ॥ ੨ ॥—ਦਨੁਜ ਸੁਤਹੁ ! ਸੁਨਿਯਹਿ ਦੈ ਕਾਨਾ। ਕਰਹੁ ਪ੍ਰਾਨ ਨਿਜ ਕੋ ਕੱਲਯਾਨਾ। ਇਹ ਤਨ ਦੁਰਲਭ ਜਾਨਹੁ ਭਾਈ। ਪੁਨ ਇਸਥਿਰ[੧] ਨਹਿਂ ਜਗਤ ਰਹਾਈ ॥ ੩ ॥ ਸੇਵਹੁ ਸ਼੍ਰੀ ਪਤਿ ਚਰਨ ਸਰੋਜਾ। ਤਜਹੁ ਰਿਦੇ ਤੇ ਮਾਨ ਮਨੋਜਾ[੨]। ਨਿਸਦਿਨ ਸਿਮਰਹੁ ਨਾਮ ਮਹਾਨਾ। ਸਭਿ ਸੁਖਧਾਮ ਕਰਤਿ ਕੱਲਯਾਨਾ[੩] ॥ ੪ ॥ ਤਜਹੁ ਭੋਗ ਹਿਤ ਕਰਨ ਉਪਾਈ। ਇਹ ਸਭਿ ਜੋਨਿ ਬਿਖੈ ਕਰ ਆਈ[੪]। ਸ਼ੂਕਰ, ਸ੍ਵਾਨ ਆਦਿ ਪਸੁ ਜੇਊ। ਕਰਮਾਧੀਨ[੫] ਪਾਇਂ ਸਭਿ ਤੇਊ॥੫॥ਇੰਦ੍ਰੀ ਸੁਖ[੬] ਪਾਯਤਿ ਸਭਿ ਠੌਰਾ। ਬਿਨ ਪ੍ਰਯਾਸ[੭] ਖਗ ਆਦਿ ਜਿ ਔਰਾ। ਬਿਨ ਸ਼ੰਕਾ ਤੇ ਬਾਸੁਰ ਰਾਤੀ। ਕਾਮ ਚੇਸ਼ਟਾ ਕਰਤਿ ਸੁਹਾਤੀ ॥ ੬ ॥ ਇਹ ਤਨ ਭਜਨ ਹੇਤੁ ਹੈ ਦੀਨੋ। ਬਾਦ ਨ ਖੋਵਹੁ ਸੁਨਹੁ ਪ੍ਰਬੀਨੋ !। ਜਿਉਂ ਬਿਨ ਮਾਂਗੇ ਤੇ ਦੁਖ ਆਵੈ। ਤਿਉਂ ਹੀ ਜਤਨ ਬਿਨਾ ਸੁਖ ਪਾਵੈ ॥੭॥ ਤਾਂਤੇ ਭੋਗਨ ਹੇਤੁ[੮] ਉਪਾਊ। ਕਰਿਯੇ ਨਹੀਂ ਕਦਾਚਿਤ ਕਾਊ[੯]। ਜਬ ਲੌ ਮ੍ਰਿਤੁ ਨ ਹੋਇ ਸਰੀਰਾ। ਤਬ ਲੌ ਸਿਮਰਹੁ ਗੁਨੀ ਗਹੀਰਾ ॥ ੮ ॥ ਸੁਨਹੁ ਆਰਬਲ ਬਿਤੇ ਜਿ[੧੦] ਹੋਤੇ। ਅਰਧ ਜਾਨ* ਨਿੰਦ੍ਰਾ ਬਸਿ ਸੋਤੇ।ਬਾਲਿਕ ਮੁਗਧ[੧੧] ਬੁੱਧਿ ਮਹਿਂ ਕੇਤੀ। ਸੁਧ ਬਿਹੀਨ ਬੀਤਹਿ ਸਭਿ ਤੇਤੀ ॥ ੯ ॥ ਭਯੋ ਤਰੁਨ[੧੨] ਤਰੁਨੀ[੧੩] ਤਬ ਜੀਤਾ। ਦਰਬ ਕਮਾਵਨ ਚਿੰਤਾ ਚੀਤਾ। ਜਰਾ[੧੪] ਗ੍ਰਸਤ[੧੫] ਬਹੁਰੋ ਭਾ ਪ੍ਰਾਨੀ। ਇੰਦ੍ਰੀ ਸਿਥਲ[੧੬] ਸੁਮਤਿ ਬਿਕੁਲਾਨੀ[੧੭] ॥੧੦॥ ਗ੍ਰਿਹਾਸ਼ਕਤਿ† ਮਹਿਂ ਮੋਹ ਬਿਸਾਲਾ[੧੮]। ਪੋਖਣ[੧੯] ਕੁਟੰਬ ਬਿਤਾਯੋ ਕਾਲਾ। ਰਜੁ ਸਨੇਹ ਪਰਵਾਰ[੨੦] ਬੰਧਾਨਾ। ਛੁਟਨੋ ਕਠਨ ਬਿਨਾ ਗੁਰ ਗਯਾਨਾ ॥ ੧੧ ॥ ਪ੍ਰਭੁ ਕਰੁਨਾ ਤੇ ਹੋਇ ਵਿਰਾਗਾ। ਮੋਹ ਕੁਟੰਬਹਿ[੨੧] ਕਰਹਿ ਤਯਾਗਾ। ਜਗਤ ਅਸਾਰ ਜਾਨਿ ਕਰਿ ਸਭਿਹੀ। ਗੁਰ ਉਪਦੇਸ਼

[੧]ਕਾਯਮ। [੨]ਹੰਕਾਰ, ਕਾਮ (ਆਦਿ ਵਿਕਾਰ)। [੩](ਨਾਮ) ਸਾਰੇ ਸੁਖਾਂ ਦਾ ਘਰ ਹੈ, ਅਤੇ ਮੁਕਤੀ ਕਰਦਾ ਹੈ। [੪]ਭਾਵ, ਭੋਗ ਹਰ ਜੂਨ ਵਿਚ ਮਿਲਦਾ ਹੈ। [੫]ਕਰਮਾਂ ਦੇ ਅਧੀਨ ਹੋਕੇ। [੬]ਇੰਦ੍ਰੀਆਂ ਦੇ ਸੁਖ। [੭]ਬਿਨਾਂ ਯਤਨ। [੮]ਭੋਗਾਂ ਲਈ। [੯]ਕੋਈ। [੧੦]ਜਿਸ ਤਰ੍ਹਾਂ। [੧੧]ਅਜਾਣ। [੧੨]ਜਵਾਨ। [੧੩]ਇਸਤ੍ਰੀ ਨੇ। [੧੪]ਬੁਢੇਪੇ ਕਰ। [੧੫]ਗ੍ਰਸਿਆ। [੧੬]ਢਿੱਲੀਆਂ। [੧੭]ਵਿਆਕੁਲ ਹੋਈ। [੧੮]ਘਰ ਦੇ ਮੋਹ ਵਿਚ ਬਹੁਤ ਆਸ਼ਕਤ ਹੁੰਦਾ ਹੈ। [੧੯]ਪਾਲਣ। [੨੦]ਪਰਵਾਰ ਦੇ ਪਯਾਰ ਦੀ ਰਸੀ ਵਿੱਚ। [੨੧]ਕੁਟੰਬ ਦੇ ਮੋਹ ਨੂੰ। *ਪਾ:—ਜਾਤ।

†ਪਾ:—ਗਿਰਾ ਸਕਲ=ਸਕਲ (ਸਾਰਿਆਂ) ਨਾਲ ਬਾਣੀ ਕਰ ਬਹੁਤ ਮੋਹ ਕਰਦਾ ਹੈ, ਬੁੱਢੇ ਨੂੰ ਮੱਤਾਂ ਦੇਣ ਦੀ ਬਾਣ ਹੁੰਦੀ ਹੈ।

ਗਹੈ ਦ੍ਰਿਢ ਤਬਹੀ ॥ ੧੨ ॥ ਆਤਮ ਪੂਰਨ ਜਹਿਂ ਕਹਿਂ ਦੇਖੀ। ਨਿਜ ਸਰੂਪ ਕੋ ਲਖਹਿ ਵਿਸ਼ੇਖੀ। ਮਨ ਕੀ ਬਿਰਤਿ ਟਿਕੇ ਸੁਖ ਰਾਸਾ। ਨਿਸ਼-ਚਲ ਹੋਵੈ ਦ੍ਰਿਢ ਅੱਭਯਾਸਾ-॥ ੧੩ ॥ ਦੈਂਤ ਪੁੱਤ੍ਰ ਸੁਨਿ ਗਿਰਾ ਉਚਾਰੀ। -ਹਮਹਿਂ ਬਤਾਇ ਬਾਤ ਇਹ ਸਾਰੀ।.ਅਸ ਤੁਮ ਗਯਾਨ ਕਹਾਂ ਤੇ ਪਾਵਾ?। ਸਰਬਹਿ ਸਾਰ ਅਸਾਰ ਲਖਾਵਾ[1] ॥ ੧੪ ॥ ਹਮ ਤੁਮ ਪਢਤਿ ਗੁਰੂ ਇਕ* ਪਾਹੀ। ਅਪਰ ਨਿਕਟ ਗਮਨੇ ਕਬ ਨਾਂਹੀ। ਔਰ ਨ ਕੋ ਆਵਾ ਇਹ ਥਾਨਾ। ਕਬਹੂੰ ਨਹਿਂ ਸਤਿਸੰਗ ਮਿਲਾਨਾ॥੧੫॥ ਔਰ ਨ ਆਯੋ, ਤੂੰ ਨਹਿਂ ਗਯੋ। ਐਸੋ ਗਯਾਨ ਕਹਾਂ ਤੇ ਭਯੋ ?। ਇਹ ਸੰਸਾ ਉਰ ਦੇਹੁ ਮਿਟਾਈ-। ਤਿਨ ਤੇ ਸੁਨਿ ਮੈਂ ਗਿਰਾ ਅਲਾਈ ॥ ੧੬ ॥-ਜਬ ਮਮ ਪਿਤ ਤਪ ਹੇਤ ਪਧਾਰਾ । ਮੰਦ੍ਰਾਚਲ ਪਰ ਹਠ ਵਡ ਧਾਰਾ। ਸੁਨਿ ਕਰਿ ਸ਼੍ਰੋਨ ਸੁਰਨ ਸੰਮੂਹਾ[2]। ਸੈਨ ਬਟੋਰੀ ਕੀਨੀ ਬਯੂਹਾ[3] ॥ ੧੭ ॥ ਹਰਖ ਪਰਸਪਰ ਬਚਨ ਬਖਾਨਾ।-ਦਾਨਵ ਕੁਲ ਕੋ ਕਰਹੁ ਨਿਦਾਨਾ[4]। ਬਿਨ ਪ੍ਰਯਾਸ਼[5] ਦਨੁਜੇਸ਼ ਨਸਾਨਾ[6]†- । ਜਿਮ ਪਪੀਲਕਾ[7] ਅਹਿ[8] ਕਿਯ ਹਾਨਾ[9] ॥ ੧੮॥ ਕਟਕ ਬਟੋਰ ਆਨਿ ਰਜਧਾਨੀ। ਮੰਡਯੋ[10] ਜੁੱਧ ਕ੍ਰੁੱਧ ਕਰਿ ਮਾਨੀ[11]। ਦਾਨਵ[12] ਮਿਲਿ ਇਕ ਠਾ ਤਿਹ ਕਾਲਾ। ਦਾਰੁਨ[13] ਸੰਘਰ[14] ਕੀਨ ਬਿਸਾਲਾ ॥ ੧੯ ॥ ਗਦਾ ਤ੍ਰਿਸੂਲਨ ਗਿਰ[15] ਤਰੁ[16] ਭਾਰੇ। ਏਕਹਿ ਬਾਰ ਸੁਰਨ ਪਰ ਡਾਰੇ। ਤੇ ਬਚਾਇ ਇੰਦਰ ਕਰਿ ਕ੍ਰੋਧਾ। ਲੇ ਕਰਿ ਸੰਗ ਸਰਬ ਨਿਜ ਜੋਧਾ ॥ ੨੦ ॥ ਬੱਜ੍ਰ[17] ਹਤਨ ਕਿਯ ਦੈਂਤ ਬਿਹਾਲਾ[18]। ਭਾਜੇ ਉਰ ਧਰਿ ਤ੍ਰਾਸ ਬਿਸਾਲਾ। ਪੁੱਤ੍ਰ ਕਲਿੱਤ੍ਰ[19] ਨ ਮਿੱਤ੍ਰ ਸੰਭਾਰਾ। ਪ੍ਰਾਨ ਬਚਾਵਨ ਹੇਤ ਵਿਚਾਰਾ ॥ ੨੧ ॥ ਪਾਇ ਬਿਜੈ ਕੋ ਅਧਿਕ ਪੁਰੰਦਰ[20] । ਦੈਤ ਰਾਜ ਕੇ ਆਵਾ ਅੰਦਰ। ਸਭਿ ਦਾਨਵ ਕੀ ਸੈਨ ਨਿਖੂਟੀ। ਹਰਖਤਿ ਹ੍ਵੈ ਮੁਲਤਾਨ ਸੁ ਲੂਟੀ ॥ ੨੨ ॥ ਮਮ ਮਾਤਾ ਕੋ ਗਹਿ ਅਸੁਰਾਰੀ[21]। ਲੇਕਰਿ ਗਮਨੇ

---

[1]ਕੀ ਸਾਰ ਹੈ ਤੇ ਕੀ ਅਸਾਰ ਹੈ, ਤੂੰ ਸਾਰੀ ਗਲ ਲਖ ਲਈ ਹੈ। [2]ਸਾਰਿਆਂ ਨੇ। [3]ਫੌਜ ਕੱਠੀ ਕਰਕੇ ਤਰਤੀਬ ਵਾਰ ਕੀਤੀ। [4]ਅੰਤ, ਨਾਸ਼। [5]ਬਿਨਾਂ ਯਤਨ। [6]ਦੈਂਤਾਂ ਦੇ ਰਾਜੇ ਦਾ ਨਾਸ਼ ਹੋ ਜਾਇਗਾ। [7]ਕੀੜਆਂ ਨੇ । [8]ਸੱਪ। [9]ਨਾਸ਼। [10]ਰਚਿਆ । [11]ਮਨ ਵਿਚ (ਅ) ਹੰਕਾਰ ਨਾਲ। [12]ਦੈਂਤਾਂ ਨੇ। [13]ਭਯਾਨਕ । [14]ਯੁੱਧ। [15]ਪਹਾੜ। [16]ਬ੍ਰਿੱਛ । [17]ਇੰਦ੍ਰ ਦਾ ਸ਼ਸਤ੍ਰ ਹੈ। [18]ਮਾਰ ਕੇ ਕੀਤੇ ਦੈਂਤ ਬੇਹਾਲ। [19]ਇਸਤ੍ਰੀ। [20]ਇੰਦ੍ਰ । [21]ਅਸੁਰ+ਅਰੀ=ਦੈਤਾਂ ਦਾ ਵੈਰੀ=ਇੰਦ। *ਪਾ:-ਇਸ। †ਪਾ:-ਨ ਮਾਨਾ।

ਨਿਜ ਸੰਗਾਰੀ। ਸਹਿਜ ਸੁਭਾਇ ਚਲੇ ਮਗ ਜਾਈਂ। ਨਾਰਦ ਮੁਨਿ ਮਿਲਿਓ ਤਬ ਆਈ॥ ੨੩ ॥ ਪਿਖਿ ਕਰਿ ਰਿਖਿ ਉਰ ਉਪਜੀ ਦਾਯਾ। ਕਹਿਨ ਲਗਯੋ ਤਬ–ਹੇ ਸੁਰ ਰਾਯਾ!। ਬਿਨ ਅਪਰਾਧ ਨਾਰ ਗਹਿ ਆਨੀ॥ ਤਜਹੁ ਬੇਗ ਮਾਨਹੁ ਮਮ ਬਾਨੀ–॥੨੪॥ ਸੁਨਤਿ ਸ਼੍ਰੋਨ ਬੋਲਯੋ ਪੁਰਹੂਤਾ[੧]। –ਇਸਕੇ ਗਰਭ ਬਲੀ ਹ੍ਵੈ ਪੂਤਾ। ਜਨਮਤਿ ਹੀ ਮਾਰੋਂ ਮੈਂ ਤਾਂਹੀ। ਗਹਿ ਆਨੀ ਬਨਿਤਾ[੨] ਹਿਤ ਯਾਂਹੀ[੩]–॥੨੫॥ ਨਾਰਦ ਕਹਤਿ–ਸੁਨਹੁ ਸੁਰਰਾਈ[੪]!। ਤਿਸ ਕੋ ਪੁਤ੍ਰ ਨ ਮਾਰਯੋ ਜਾਈ। ਹ੍ਵੈ ਹਰਿਭਗਤ ਸੁ ਆਤਮ ਗ੍ਯਾਨੀ। ਅਸ ਕੌ[੫]? ਕਰੈ ਤਾਸ ਕੀ ਹਾਨੀ ॥੨੬॥ ਤੁਮਰੇ ਸਹਿਤ ਅਪਰ ਜੋ ਦੇਵਾ। ਹਨਿ ਨ ਸਕੈਂ ਤਤਪਰ ਹਰਿ ਸੇਵਾ[੬]–। ਮਾਨ ਪੁਰੰਦਰ[੧] ਭੈ ਉਰ ਮਾਂਹੀ। ਰਿਖਿ ਕੇ ਕਹੇ ਛਾਡ ਦਿਯ ਤਾਂਹੀ॥੨੭॥ ਭਗਤ ਨਾਮ ਸੁਨਿ ਬੰਦਨ ਕੀਨੀ॥ ਚਹੁੰ ਦਿਸ਼ਿ ਤੀਨ ਪ੍ਰਦੱਖਨ ਦੀਨੀ। ਤਿਹ ਛਿਨ ਕਰੁਨਾ ਕਰਿ ਮੁਨਿਰਾਯਾ॥ ਕਹਿ ਹਿਤ ਸੋਂ ਨਿਜ ਆਸ਼੍ਰਮ[੭] ਲ੍ਯਾਯਾ ॥ ੨੮ ॥–ਹੇ ਪੁੱਤ੍ਰੀ ਰਹਿਯੇ ਇਸ ਥਾਨਾ॥ ਜਬ ਲਗ ਤਵ ਪਤਿ[੮] ਨਹੀਂ ਮਿਲਾਨਾ॥ਤਬ ਲਗ ਸਭਿ ਤੇ ਨਿਰਭੈ ਪਾਈ॥ਰਹੋ ਰਿਖਿਨਿ ਢਿਗ ਚਿੰਤ ਬਿਹਾਈ–॥੨੯॥ ਸੁਨਿ ਕਰਿ ਸਭਿ ਦੁਖ ਚਿੰਤਾ ਭਾਗੀ। ਹਿਤ ਧਰਿ ਰਿਖਿਨਿ ਸੇਵ ਕੋ ਲਾਗੀ। ਇਸ ਪ੍ਰਕਾਰ ਬੀਤਯੋ ਕਿਤ ਕਾਲਾ। ਮੁਝ ਉਪਦੇਸ਼ਯੋ ਗ੍ਯਾਨ ਬਿਸਾਲਾ[੯] ॥ ੩੦ ॥ ਰਹੀ ਨ ਸੁਧ ਮਾਤਾ ਕੋ ਜਬਕੀ। ਰਿਦੇ ਭਗਤਿ ਧਾਰੀ ਮੈਂ ਤਬਕੀ। ਸੋ[੧੦] ਅਬ ਤੁਮ ਸੋਂ ਕਹਿਤਿ ਸੁਨਾਈ। ਕਰਹੁ ਸਦੀਵ ਬਿਕਾਰ ਬਿਹਾਈ[੧੧] ॥ ੩੧ ॥ ਖਟ ਬਿਕਾਰ[੧੨] ਆਤਮ ਮਹਿੰ ਨਾਂਹੀ। ਲਖਿਯੇ ਸਰਬ ਸ਼ਰੀਰਨਿ ਮਾਂਹੀ। ਜਨਮ, ਅਸਤ[੧੩], ਅਰ ਬ੍ਰਿੱਧ[੧੪], ਪ੍ਰਣਾਮਾ[੧੫]।ਖੀਣ ਹੋਣ[੧੬], ਮਰਨੋ ਦੁਖ ਧਾਮਾ॥੩੨॥ ਆਤਮ ਇਨ ਤੇ ਰਹਿਈ ਨ੍ਯਾਰੋ। ਜ੍ਯੋਂ ਜਲ ਕਮਲ ਦਲਨ[੧੭] ਨਿਰ-ਧਾਰੋ[੧੮]। ਸ਼ੁੱਧ ਬਯਾਪਕ[੧੯] ਅਵ੍ਯਯ[੨੦] ਸੋਊ। ਸਰਬ ਸ਼ਰੀਰਨ[੨੧] ਆਸ਼੍ਰਯ

---

[੧]ਇੰਦ੍ਰ। [੨]ਇਸਤ੍ਰੀ। [੩]ਇਸ ਵਾਸਤੇ। [੪]ਹੇ ਇੰਦ੍ਰ। [੫]ਐਸਾ ਕੌਣ ਹੈ। [੬]ਜੋ ਹਰਿ ਸੇਵਾ ਵਿਚ ਲੱਗਾ ਹੈ। [੭]ਆਪਣੇ ਟਿਕਾਣੇ ਤੇ। [੮]ਪਤੀ। [੯]ਭਾਵ ਨਾਰਦ ਨੇ। [੧੦]ਭਾਵ, ਭਗਤੀ। [੧੧]ਵਿਕਾਰ ਨਾਸ਼ ਕਰਕੇ (ਭਗਤੀ) ਕਰੋ। [੧੨]ਵਿਕਾਰ, ਵਟਾਉ। [੧੩]ਇਸਥਿਤੀ। [੧੪]ਬੁੱਢਾ ਹੋਣਾ। [੧੫]ਬਦਲ ਜਾਣਾ। [੧੬]ਕ੍ਰਿਸ਼ ਹੋਣਾ, ਢਲਨਾ। [੧੭]ਕਮਲ ਦੇ ਪੱਤੇ। [੧੮]ਨਿਰਨੈ ਕਰੋ। [੧੯]ਪਰੀ ਪੂਰਨ। [੨੦]ਇਕ ਰਸ। [੨੧]ਸਾਰੇ ਸ਼ਰੀਰਾਂ ਦਾ।

ਜੋਊ ॥ ੩੩ ॥ ਸੱਤ੍ਯ, ਸਦੀਵ, ਅਨੰਦ ਅਨੂਪਾ। ਸੋ ਤੁਮ ਜਾਨੋ ਅਪਨ ਸ੍ਵਰੂਪਾ। ਨੱਸ੍ਵਰ[1] ਦੇਹਿ ਪਦਾਰਥ ਜੇਤੇ।ਮੈਂ ਮੇਰੀ ਤਜਿ ਦੇਹੁ ਇਨੇ ਤੇ[2]* ॥ ੩੪ ॥ ਪ੍ਰਕ੍ਰਿਤਿ ਮੂਲ ਮਹਿਤੱਤ ਉਪਾਵਾ। ਅਹੰਕਾਰ ਤਨ ਮਾਤ੍ਰ ਬਨਾਵਾ†। ਇੰਦ੍ਰੀ ਏਕਾਦਸ਼ ਪਰਕਾਰਾ[3]। ਪੰਚ ਭੂਤ[4] ਇਹ ਸਰਬ ਪਸਾਰਾ॥ ੩੫॥ ਪੁਰਖ ਏਕ ਸਭਿ ਥਾਨ ਪਛਾਨੋ। ਹੈ ਅਸੰਗ[5] ਇਨ ਆਸ਼੍ਰਯ[6] ਜਾਨੋ‡। ਜਿਉਂ ਮਾਲਾ ਕੇ ਮਨਕਨ[7] ਮਾਂਹੀ। ਏਕ ਸੂਤ ਸਭਿਹਿਨਿ ਮਹਿਂ ਆਹੀ॥ ੩੬॥ ਤੀਨ ਅਵਸਥਾ ਤਾਂਹਿ[8] ਨ ਕੋਈ। ਅਹੈ ਤੁਰੀ[9] ਸਾਖੀ[10] ਹੈ ਸੋਈ। ਐਸੋ ਜੇ ਨਿਜ ਲਖਹੁ ਸਰੂਪਾ। ਪਾਵਹੁਗੇ ਤਬ ਅਨੰਦ ਅਨੂਪਾ§ ॥ ੩੭ ॥ ਜਨਮ ਮੂਲ ਜਾਨਹੁ ਅੱਗ੍ਯਾਨਾ। ਪਾਪ ਪੁੰਨ ਕੋ ਧਰਿ ਕਰਿ ਮਾਨਾ[11]। ਅਨਿਕ ਜੋਨਿ ਪਾਵਹੁ ਦੁਖ ਭਾਰੀ। ਜਾਇ ਵਾਸ਼ਨਾ ਕੇ ਅਨੁਸਾਰੀ ॥੩੮॥

---

[1]ਨਾਸ਼ਮਾਨ। [2]ਇਨ੍ਹਾਂ ਤੋਂ। [3]ਗਿਆਰਾਂ ਤਰ੍ਹਾਂ ਦੀਆਂ। [4]ਪੰਜਾਂ ਤੱਤਾਂ ਦਾ। [5]ਨਿਰਲੇਪ। [6]ਇਨ੍ਹਾਂ ਦਾ ਆਸਰਾ। [7]ਮਣਕਿਆਂ। [8]ਤਿਸ (ਪੁਰਖ) ਦੀਆਂ। [9]ਚੌਥੀ (ਅਵਸਥਾ)। [10]ਦ੍ਰਿਸ਼ਟਾ (ਹੈ ਉਹ)। [11]ਹੰਕਾਰ। *ਪਾ:-ਅਨੇਤੇ।

†ਇਹ ਸਾਂਖ ਸ਼ਾਸਤ੍ਰ ਦਾ ਹਿਸਾਬ ਹੈ:-ਅਰਥਾਤ ਮੂਲ ਪ੍ਰਕ੍ਰਿਤੀ ਹੈ, ਉਸ ਤੋਂ ਮਹਿਤਤ੍ਵ, ਉਸ ਤੋਂ ਅਹੰਕਾਰ, ਅਹੰਕਾਰ ਤੋਂ ਪੰਚ ਤਨ ਮਾਤ੍ਰਾ (ਸ਼ਬਦ, ਸਪਰਸ, ਰੂਪ ਰਸ, ਗੰਧ), ਪੰਜ ਤਨ ਮਾਤ੍ਰਾ ਤੋਂ ਪੰਚ ਭੂਤ, ਇਨ੍ਹਾਂ ਤੋਂ ੧੧ ਇੰਦ੍ਰੀਆਂ (ਪੰਜ ਗ੍ਯਾਨੇਂਦ੍ਰਯ, ਪੰਜ ਕਰਮੇਂਦ੍ਰਯ, ਯਾਰ੍ਹਵਾਂ ਮਨ) ਇਹ ਸਾਰੇ ਚਉਵੀ ਹਨ ਤੇ ਪੰਝੀਵਾਂ ਪੁਰਖ।

| | |
|---|---|
| ਪੁਰਖ | ੧ |
| ਪ੍ਰਕ੍ਰਿਤਿ:- | |
| ਮੂਲ ਪ੍ਰਕ੍ਰਿਤੀ | ੧ |
| ਮਹਿ ਤਤ੍ਵ | ੧ |
| ਅਹੰਕਾਰ | ੧ |
| ਤਨ ਮਾਤ੍ਰਾ | ੫ |
| ਮਹਾਂ ਭੂਤ | ੫ |
| ਇੰਦ੍ਰੀਆਂ ਮਨ ਸਮੇਤ | ੧੧. |
| ਜੋੜ ੨੪+੧=੨੫ | |

‡ਪੁਰਖ ਨੂੰ ਸਾਰੇ ਥਾਈਂ 'ਇੱਕ' ਮੰਨਣਾ, ਉਸ ਦਾ ਅਸੰਗ ਹੋਣਾ ਤੇ ਜਗਤ ਦਾ ਆਸਰਾ ਰੂਪ ਹੋਣਾ ਇਹ ਹਿਸਾਬ ਵੇਦਾਂਤ ਦਾ ਹੈ। ਸਾਂਖ ਨੇ ਸਾਰੇ ਵ੍ਯਾਪਕ ਇਕ ਪੁਰਖ ਨਹੀਂ ਮੰਨਿਆ, ਉਸ ਨੇ ਪੁਰਖ ਅਨੇਕਾਂ ਮੰਨੇ ਹਨ। ਸਤਿਗੁਰੂ ਜੀ ਦੇ ਮਤਿ ਵਿਚ ਪੁਰਖ ਸਾਰੇ ਵ੍ਯਾਪਕ ਹੈ। ਪਰ ਉਹ ਕਰਤਾ ਬੀ ਹੈ ਤੇ ਕਾਦਰ ਬੀ ਹੈ ਤੇ ਫੇਰ ਅਸੰਗ ਹੈ। ਯਥਾ- 'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ'। §ਇਹ'ਗ੍ਯਾਨ'ਦਾ ਉਪਦੇਸ਼ ਹੈ।

ਸੋ[1] ਉਰ ਤੇ ਪਰਿਹਰਿ[2] ਬਿਧਿ ਨੀਕੇ। ਪਾਵਹੁ ਅਨੰਦ ਭਾਵਤੇ ਜੀ ਕੇ। ਨਾਰਦ ਜਿਹ ਬਿਧਿ ਮੁਝੇ ਸੁਨਾਵਾ। ਤਿਹ ਪ੍ਰਕਾਰ ਅਬ ਤੁਮ ਪ੍ਰਤਿ ਗਾਵਾ ॥ ੩੯ ॥ ਅਰਪਹੁ ਕਰਮ ਬਿਸ਼ਨੁ[3] ਪਗ ਮਾਂਹੀ। ਹ੍ਵੈ ਨਿਹਕਾਮ[4] ਨਾਮ ਭਜਿ ਤਾਂਹੀ–।ਸੁਨਿ ਉਪਦੇਸ਼ ਸਭੈ ਤਬ ਬਾਲਿਕ।ਉਪਜੀ ਭਗਤਿ ਰਿਦੇ ਦੁਖ ਘਾਲਕ[5] ॥ ੪੦ ॥ ਸਿਮਰਨ ਲਗੇ ਨਾਮ ਸੁਖਕਾਰੀ। ਹਰਿ ਗੁਣ ਗਾਇ ਪ੍ਰੇਮ ਕਰਿ ਭਾਰੀ।ਊਠਤਿ ਬੈਠਤਿ ਗਵਨਤਿ ਤਬਹੀ।ਨਾਮ ਪੁਕਾਰਹਿੰ–ਹਰਿ ਹਰਿ–ਸਭਿ ਹੀ ॥ ੪੧ ॥ ਸ਼ੁੱਕ੍ਰ ਸੂਨ[6] ਅਸ ਰੀਤਿ ਬਿਲੋਕੀ[7]। ਭੀ ਕੁਚਾਲ ਲਖਿ ਸਭਿ ਮਤਿ ਸ਼ੋਕੀ। ਜਸਪਦ[8]* ਲੀਨ ਆਪਨੇ ਸਾਥਾ। ਗਏ, ਹੁਤੋ ਜਹਿੰ ਦਾਨਵ ਨਾਥਾ ॥੪੨॥–ਨਿਜ ਸੁਤ ਕੋ ਅਬ ਰਖਹੁ ਅਗਾਰਾ। ਸਰਬ ਬਿਗਾਰੀ ਇਨ ਚਟਸਾਰਾ। ਰੰਚਕ[9] ਡਰ ਨਹਿੰ ਮਨ ਮਹਿੰ ਮਾਨੇ। ਭਗਤਿ ਕਰਨ ਸਭਿ ਬਾਲ ਸਿਖਾਨੇ–॥ ੪੩ ॥ ਦੈਤਰਾਜ ਅੱਗਯਾਨ ਅਰੂਢਾ। ਮਨ ਹੰਕਾਰ ਵਡੋ ਮਤਿਮੂਢਾ। ਜਾਗਯੋ ਹਿਰਦੇ ਕ੍ਰੋਧ ਬਿਸਾਲਾ। ਮਨਹੁ ਦੂਸਰੀ ਪ੍ਰਗਟੀ ਜ੍ਵਾਲਾ ॥੪੪॥ ਤਿਰਛੇ ਕਰਿਕੇ ਨੈਨ ਤਰੇਰੇ[10]। ਬੋਲਤਿ ਭ੍ਯਾ ਦੁਰ-ਬਚਨ ਘਨੇਰੇ।–ਮੰਦ ਮਤੀ ਰੇ ਮੂਢ ਕੁਭਾਗੀ!। ਮਹਾਂਅਧਮ† ਕੁਲ ਰੀਤਿ ਤਯਾਗੀ ॥ ੪੫ ॥ ਕਾਲ ਨਿਕਟ ਆਵਾ ਅਬ ਤੇਰੇ। ਆਇਸੁ ਮੇਟਤਿ[11] ਹੋਵਤਿ ਮੇਰੇ। ਕਿਹ[12] ਬਲ ਕੇ ਅਲੰਬ[13]? ਕੁਲਘਾਤੀ!–।ਅਸ ਕਹਿ ਹਨੀ ਲਾਤ ਮਮ ਛਾਤੀ ॥ ੪੬ ॥ ਬਿਖ ਸੀ[14] ਬਾਨੀ ਬਕਤਿ ਬਹੋਰੀ। ਬੋਲਯੋ ਮੈਂ ਤਬ ਦੁਇ ਕਰ ਜੋਰੀ[15]।–ਪਿਤਾ! ਜੁ ਕਰਹੁ ਕ੍ਰੋਧ ਇਤਬਾਦੂ[16]।ਕੈਸੇ ਬਿਖ ਸਮ ਬੋਲਤਿ ਨਾਦੂ[17] ॥੪੭॥ ਨਹਿੰ ਤਵ ਬਲ,ਨਹਿੰ ਮਮ ਬਲ ਕੋਊ। ਬਲੀ ਅਪਰ ਆਸ਼੍ਰਯ ਜਗ ਸੋਊ। ਥਾਵਰ ਜੰਗਮ[18] ਕੀਟ ਬਿਧਾਤਾ[19]। ਜਿਹ ਬਸਿ ਕਰਿ ਸਭਿ ਰਾਖੇ ਤਾਤਾ[20] ! ॥੪੮॥ ਅਤਿ ਬਲਿਸ਼ਟ[21] ਕਾਲਹੁ ਕਰਿ ਕਾਲੂ[22]। ਖਾਇ ਸਭਿਹਿੰ ਮੇਂਡਕ[23] ਜਯੋਂ ਬਯਾਲੂ[24]। ਬਲ ਜੋ ਮਨ ਤਨ

---

[1]ਓਹ, ਭਾਵ ਵਾਸ਼ਨਾ। [2]ਦੂਰ ਕਰੋ। [3]ਬਿਸ਼ਨੂੰ ਦੇ। [4]ਕਾਮਨਾ ਰਹਿਤ। [5]ਦੁਖਾਂ ਦੇ ਨਾਸ਼ ਕਰਨ ਵਾਲੀ। [6]ਸ਼ੁੱਕ੍ਰ ਦੇ ਪੁੱਤ੍ਰ ਸ਼ਿੰਡੇ ਮਰਕੇ ਨੇ। [7]ਵੇਖੀ। [8]ਛੇਤੀ। [9]ਥੋੜਾ ਜਿਹਾ। [10]ਤਾੜਕੇ ਫੇਰੇ। [11]ਮੋੜਦਾ ਹੈਂ। [12]ਕਿਸ ਦੇ। [13]ਆਸਰੇ। [14]ਵਿਹੁ ਵਰਗੀ (ਕੌੜੀ)। [15]ਦੋਵੇਂ ਹੱਥ ਜੋੜਕੇ। [16]ਬਿਅਰਥ। [17]ਵਾਕ। [18]ਜੜ ਚੇਤਨ। [19]ਕੀੜੀ ਤੋਂ ਲੈਕੇ ਬ੍ਰਹਮਾ ਤਕ। [20]ਹੇ ਪਿਤਾ! [21]ਬਲੀ ਹੈ। [22]ਕਾਲ ਦਾ ਵੀ ਕਾਲ ਕਰਨ ਵਾਲਾ ਹੈ। [23]ਡੱਡੂ ਨੂੰ। [24]ਸਪ ਵਾਂਙ। *ਪਾ:–ਸਿਸ ਗਹਿ। †ਪਾ:–ਮਹਾਂ ਮੰਦ।

ਬਿਖੈ ਰਿਖੀਕੈਂ[1] । ਜਾਨਹੁ ਤਿਹ ਪ੍ਰਸਾਦਿ ਬਿਧਿ ਨੀਕੈਂ ॥ ੪੯ ॥ ਤਜਹੁ ਸੁਭਾਉ ਅਸੁਰ ਨਿਜ ਜਾਤੀ। ਮਨ ਜੀਤਨ ਬਿਧਿ ਕਰਿ ਭਲਿ ਭਾਂਤੀ।ਮਨ ਸਮਾਨ ਨਹਿੰ ਸ਼ੱਤ੍ਰੁ ਕੋਊ। ਅਨਿਕ ਜਨਮ ਜਗ ਦੇਵਤਿ ਜੋਊ ॥ ੫੦ ॥ ਸੁ ਵਸ ਕਰਨ[2] ਕੌ ਕਰਹੁ ਉਪਾਊ। ਨੀਕੀ ਨੀਤਿ ਅਪਰ ਨਹਿੰ ਕਾਊ। ਸ਼ਬਦ ਸਪਰਸ਼ਾਦਿਕ ਇਹਘੋਰੇ[3]।ਇਨ ਪਰ ਚਢਤਿ ਦਸੋਦਿਸ਼ਦੌਰੇ॥੫੧॥ ਮਨ*ਬਿਖਿਯਨ ਮਹਿਂ ਅਹੈ ਮਵਾਸੂ[4]† । ਵਡ ਹੰਕਾਰ ਕੋਟ[5]ਦਿਢ[6]ਤਾਸੂ[7]। ਕਾਮ ਕ੍ਰੋਧ ਲੋਭਾਦਿਕ ਜੇਈ। ਸਰਬ ਸਹਾਇਕ ਜਾਨਹੁ ਤੇਈ ॥ ੫੨ ॥ ਇਹ ਜੋਧਾ ਦੁਰਜੈ[8] ਸਭਿ ਮਾਂਹੀ। ਮਹਾਂ ਬਲੀ ਜੀਤਹਿ ਕੋ ਤਾਂਹੀ। ਜੇ ਕਰਿ ਬੂਝਯੋ ਚਹਿਤ ਉਪਾਊ ।ਸਤਿ ਸੰਗਤ ਮਹਿਂ ਕਰਿ ਚਿਤ ਚਾਊ॥੫੩॥ ਪਾਰਬ੍ਰਹਮ ਕੋ ਸਿਮਰਨ ਕੀਜੈ । ਹਉਮੈ ਕੋ ਉਰ ਤੇ ਤਜਿ ਦੀਜੈ । ਨਾਮ ਬਿਖੈ ਨਿਜ ਬ੍ਰਿੱਤਿ ਟਿਕਾਵੈ। ਅਪਰ ਸਰਬ ਸੰਕਲਪ ਹਟਾਵੈ ॥੫੪॥ ਇਸ ਪ੍ਰਕਾਰ ਮਨ ਜੀਤਯੋ ਜਾਈ । ਸਰਬ ਦਿਗਬਿਜੈ ਤਬ ਤੂੰ ਪਾਈ । ਬਿਨ ਮਨ ਜੀਤੇ ਸੂਰ ਕਹਾਵੈ। ਅਧਿਕ ਆਪ ਕੋ ਬਲੀ ਗਿਨਾਵੈ ॥ ੫੫ ॥ ਮਹਿਤ ਪੁਰਖ[9] ਤਿਹ ਜਾਨਹਿਂ ਮੂਢਾ। ਲਖਿ ਨ ਸਕਾਇ ਭੇਦ ਜੋ ਗੂਢਾ। ਸੁਨੀ ਸ਼੍ਰੋਨ ਮਹਿਂ ਜਬ ਅਸ ਬਾਨੀ। ਹਿਰਨਕਸ਼ਪ ਮਤਿ‡ ਮੂਢ ਗੁਮਾਨੀ ॥ ੫੬ ॥ ਉਰ ਮਹਿਂ ਪ੍ਰਗਟੀ ਰਿਸਹਿ ਬਹੂਤੀ। ਅਗਨਿ ਬਰਤਿ[10] ਜਨੁ[11] ਪਾਇ ਅਹੂਤੀ। ਕੰਪਤਿ ਦੇਹਿ ਲਾਲ ਅਤਿ ਨੈਨਾ। ਕਾਟਤਿ ਅਧਰਨ[12] ਚਿਤ ਨਹਿੰ ਚੈਨਾ§ ॥ ੫੭ ॥ ਨਖ ਸ਼ਿਖ ਦਾਰੁਨ ਭੇਖ ਬਨਾਵਾ। ਨਾਸੈਂ[13] ਨਿਕਸ[14] ਧੂਮ ਨਭ[15] ਛਾਵਾ। ਹੁਤੇ ਸਭਾਸਦ[16] ਜੋ ਤਿਹ ਥਾਨਾ। ਡਰ ਕਰਿ ਧਰਕੇ[17] ਕਛੁ ਨ ਬਖਾਨਾ ॥ ੫੮ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨਨੰ ਨਾਮ ਅਠਾਹਟਮੋਂ ਅਧ੍ਯਾਯ ॥ ੬੮ ॥

---

[1]ਇੰਦ੍ਰੀਆਂ ਵਿਚ। [2]ਉਸ ਨੂੰ ਵੱਸ ਕਰਨ ਦਾ। [3]ਘੋੜੇ। [4]ਆਕੀ। [5]ਕਿਲ੍ਹਾ। [6]ਪੱਕਾ। [7]ਤਿਸਦਾ। [8]ਜਿੱਤਣੇ ਕਠਨ ਹੋਣਗੇ। [9]ਵਡੇ ਲੋਕ। [10]ਬਲਦੀ ਹੈ। [11]ਮਾਨੋਂ। [12]ਬੁਲ੍ਹਾਂ ਨੂੰ। [13]ਨਾਸਕਾਂ ਵਿਚੋਂ। [14]ਨਿਕਲਕੇ। [15]ਅਕਾਸ਼ ਵਿਚ। [16]ਦਰਬਾਰੀ। [17]ਧੜਕ ਗਏ।

*ਪਾ:–ਬਨ। †ਪਾ:–ਨਿਵਾਸੂ।

‡ਪਾ:–ਮਨ। §ਪਾ:–ਕਾਟਤ ਅਧਰ, ਨ ਚਿਤ ਮਹਿਂ ਚੈਨਾ।

## ੬੯. [ਸਤਿਗੁਰ ਮੰਗਲ । ਪ੍ਰਹਲਾਦ ਪ੍ਰਸੰਗ]

ਦੋਹਰਾ ॥ **ਸਤਿਗੁਰ ਮਮ ਬੇਰੀ ਕਟਹੁ ਨਿਜ ਬੇਰੀ ਪਰ ਚਾਰਿ ।**
**ਇਸ ਬੇਰੀ ਹ੍ਵੈ ਭਵ ਸੁਫਲ ਬਿਨ ਬੇਰੀ ਕਰਿ ਪਾਰ ॥੧॥**

{ ਬੇਰੀ=ਬੇੜੀ, ਪੈਰਾਂ ਦੀਆਂ ਕੜੀਆਂ ਜੋ ਕੈਦੀਆਂ ਨੂੰ ਪਾਉਂਦੇ ਹਨ। ਹੱਥਾਂ ਦੀ ਹਥਕੜੀ ਤੇ ਪੈਰਾਂ ਦੀ ਬੇੜੀ ਕਹਿਲਾਉਂਦੀ ਹੈ, ਭਾਵ ਕੈਦ ।
ਬੇਰੀ=ਬੇੜੀ, ਨਾਉਕਾ । ਬੇੜਾ ਤੋਂ ਬੇੜੀ ਭਾਵ ਛੋਟੀ ਬੇੜੀ ।
ਬੇਰੀ=ਵਾਰੀ, ਹਿੰਦੀ ਵਿਚ ਬਾਰ ਨੂੰ ਬੇਰੀ ਬੀ ਲਿਖ ਬੋਲ ਲੈਂਦੇ ਹਨ ।
ਬੇਰੀ=ਢਿੱਲ, ਦੇਰੀ, ਬੇਰ ਨੂੰ ਹਿੰਦੀ ਵਿਚ ਬੇਰੀ ਬੀ ਲਿਖ ਬੋਲ ਲੈਂਦੇ ਹਨ । }

**ਅਰਥ**–(ਹੇ) ਸਤਿਗੁਰੂ ਜੀ ! ਮੇਰੀ ਕੈਦ ਕੱਟ ਦਿਓ ( ਅਤੇ ) ਆਪਣੀ ਨੌਕਾ ਪਰ ਚਾੜ੍ਹਕੇ ਬਿਨਾ ਦੇਰੀ ( ਦੇ ਸੰਸਾਰ ਨਦੀ ਤੋਂ ) ਪਾਰ ਕਰ ਦਿਓ ( ਜੋ ) ਇਸ ਵਾਰੀ ਦਾ ਜਨਮ ਸਫਲਾ ਹੋ ਜਾਵੇ ।

ਸ਼੍ਰੀ ਬਾਲਾ ਸੰਧੁਰੂ ਵਾਚ ॥ ਚੌਪਈ ॥ **ਸ਼੍ਰੀ ਗੁਰੁ ਅੰਗਦ ਜੀ ਇਹ ਕਥਾ । ਜਥਾ ਪ੍ਰਹਿਲਾਦ ਭਨੀ ਸੁਨੁ ਤਥਾ:–। 'ਹਿਰਨਕਸ਼ਪ ਸੁਨਿ ਬਿਸ਼ਨੁ ਉਪਾਸਨ[1] । ਭਯੋ ਕ੍ਰੋਧ ਮੈਂ ਮਨਹੁ ਹੁਤਾਸਨ[2] ॥ ੨ ॥ ਮਾਰਨ ਚਹਿਸ ਮੰਦ-ਮਤਿ ਮਾਨੀ। ਮੁਖ ਤੇ ਬੋਲਯੋ ਬਿਖਵਤ[3] ਬਾਨੀ ।–ਰੇ ਸਠ ਬਾਲਿਕ ! ਮੋ ਬਿਨ ਈਸਾ[4] । ਕਹੋ ਕਹਾਂ? ਨਤੁ[5] ਕਾਟੌਂ ਸੀਸਾ[6]--॥੩॥ ਅਸ ਕਹਿ ਮਜਾ-ਨਹਿ ਤੇ ਸੁ ਮਹਾਨਾ । ਖੈਂਚਿ ਖੜਗ ਕਰ ਮਹਿੰ ਚਮਕਾਨਾ।--ਕੋ ਰਖਵਾਰੋ? ਦੇਹੁ ਬਤਾਈ । ਅਬ ਜਮ ਧਾਮਹਿ[7] ਦੇਉਂ ਪਠਾਈ--॥੪॥ ਸੁਨਿ ਕਰਿ ਮੈਂ ਤਬ ਗਿਰਾ ਅਲਾਈ ।–ਪਰਿਪੂਰਨ ਹੈ ਸਭਿਨੀ ਥਾਈਂ । ਤਿਹ ਬਿਹੀਨ ਕੋ ਥਾਨ ਨ ਊਨਾ । ਜਢ ਜੰਗਮ ਮੈਂ ਪਿਖੌਂ ਨ ਸੂਨਾ--॥੫ ॥ ਕਹਿਤ[8]–ਜਿ ਹੈ ਜਢ ਜੰਗਮ ਮਾਂਹੀ । ਇਹ ਸਥੰਭ ਮਹਿੰ[9] ਦੀਸਤਿ ਨਾਂਹੀ । ਬ੍ਰਿਥਾ ਬਕਤਿ ਬਾਲਿਕ ਮਤਿਮੰਦੇ ! ।ਅਬਹਿ ਕਰੌਂ ਤਵ ਸੀਸ ਨਿਕੰਦੇ--॥੬॥ ਮੈਂ ਨਿਸ਼ਚੈ ਧਰਿ ਹ੍ਰਿਦੇ ਵਿਸੇਖੋ। ਕਹਯੋ–ਥੰਭ ਦਿਸ਼ਿ ਭਲਿ ਬਿਧਿ ਦੇਖੋ । ਅਹੈ ਬਿਸ਼ਨੁ ਤਿਹ ਮਹਿੰ ਲਖਿ ਸਾਚੋ । ਤੋਹਿ ਨ ਦੀਸਤਿ ਮਤ ਕੇ* ਕਾਚੇ–॥ ੭ ॥ ਅਸ ਸੁਨਿ, ਕੋਪ ਥੰਭ ਦਿਸ਼[10] ਦੇਖਾ । ਖੜਗ ਮੁਸਟ[11] ਹਨਿ[12] ਜੋਰ**

---

[1] ਬੰਦਗੀ । [2] ਅਗਨੀ । [3] ਜ਼ਹਿਰ ਵਰਗੀ । [4] ਈਸ਼੍ਵਰ । [5] ਨਹੀਂ ਤਾਂ । [6] ( ਤੇਰਾ ) ਸਿਰ । [7] ਧਰਮਰਾਜ ਦੇ ਘਰ । [8] ਦੈਂਤ ਨੇ ਕਿਹਾ । [9] ਇਸ ਥੰਮੇ ਵਿਚ । [10] ਵੱਲ । [11] ਤਲਵਾਰ ਦੀ ਮੁੱਠ। [12] ਮਾਰੀ । *ਪਾ:–ਤੇ, ਭੇ ।

ਬਿਸ਼ੇਖਾ। ਭਯੋ ਸ਼ਬਦ ਦਾਰੁਨ[੧] ਅਤਿ ਘੋਰਾ[੨]। ਜਨੁ[੩] ਬ੍ਰਹਮੰਡ ਦੀਨ ਕਿਨ ਫੋਰਾ[੪] ॥ ੮ ॥ ਸੁਨਯੋ ਬਿਧਾਤੇ[੫] ਅਪਨੋ ਲੋਕਾ। ਪ੍ਰਲੈ ਕਾਲ ਲਖਿ[੬] ਸਭਿ ਕੋ ਸ਼ੋਕਾ[੭]। ਬ੍ਰਧਰ ਭਏ[੮] ਜੇ[੯] ਸਭਾ ਮਝਾਰੀ। ਗਿਰੇ ਕਿਤਕ ਤਹਿੰ ਖਾਇ ਭਵਾਰੀ[੧੦] ॥੯॥ ਸਭਿ ਦੈਂਤਨ ਕੀ ਸੁਧ ਤਬ ਨਾਸ਼ੀ। ਚਾਰੋਂ ਦਿਸ਼ਿ ਮਹਿੰ ਧੁਨਿ[੧੧] ਸੁ ਪ੍ਰਕਾਸ਼ੀ। ਸੁਨਿ ਦਨੁਜੇਸ਼[੧੨] ਚੱਕ੍ਰ[੧੩] ਚਿਤ ਮਾਂਹੀ। ਲੋਚਨ ਗੋਚਰ ਪਿਖਿਯਤਿ ਨਾਂਹੀ[੧੪] ॥ ੧੦ ॥ ਭਯੋ ਉਦਿਤ[੧੫] ਮਾਰਨ ਕਰਵਾਰਾ[੧੬]। ਤਬ ਨਰਹਰਿ[੧੭] ਨਿਜਰੂਪ ਦਿਖਾਰਾ[੧੮]। ਨਹਿੰ ਮਾਨੁਖ ਨਹਿੰ ਸਿੰਘਬਨਾਊ[੧੯]। ਪ੍ਰਗਟਯੋ ਵਡੋ ਪ੍ਰਤਾਪ ਪ੍ਰਭਾਊ ॥ ੧੧ ॥ ਥੰਭ ਪਾੜ ਨਿਕਸੇ ਜਗਰਾਈ। ਅਦਭੁਤ ਦਾਰੁਨ ਬੇਖ ਬਨਾਈ। ਦੈਤ ਰਾਜ ਅਵਲੋਕ ਬਿਚਾਰਾ।–ਕੋ ਇਹ ? ਲਖਯੋ ਨ ਜਾਇ ਅਕਾਰਾ–੧੨॥ ਕੰਪਮਾਨ ਤਨ ਭੈ ਵਡ ਧਾਰੀ। ਨਿਸ਼ਚੈ ਕਰਿ ਨ ਸਕੈ, ਸੁਧ ਹਾਰੀ। ਤਬ ਲੌ ਸ੍ਰੀ ਨਰਸਿੰਘ ਬਿਸਾਲਾ। ਗਰਜ ਉਠੇ ਕਰਿ ਸ਼ਬਦ ਕਰਾਲਾ[੨੦] ॥ ੧੩ ॥ ਬਾਰ ਬਾਰ ਮੁਖ ਲੇਤਿ ਜੰਭਾਈ[੨੧]। ਦੇਖਤਿ ਦਾੜ੍ਹੈਂ ਧੀਰ ਨਸਾਈ। ਸ਼੍ਰੋਨਤਿ[੨੨] ਸਰਸੇ[੨੩] ਆਰੁਨ[੨੪] ਲੋਚਨ[੨੫]। ਜੀਭ ਖੜਗ ਸਮ[੨੬] ਜਨ[੨੭] ਦੁਖ ਮੋਚਨ[੨੮] ॥ ੧੪ ॥ ਰੰਗ ਸਰੀਰ ਕਨਕ ਜਨੁ ਤਾਵਾ[੨੯]। ਦਾਰੁਨ[੩੦] ਊਚੇ ਕਾਨ[੩੧] ਉਠਾਵਾ। ਗਿਰ ਕੰਦਰ[੩੨] ਸਮ ਬਦਨ[੩੩] ਪਸਾਰਾ। ਭ੍ਰਿਕੁਟੀ[੩੪] ਕੁਟਿਲ[੩੫] ਧਨੁਖ ਆਕਾਰਾ[੩੬] ॥ ੧੫ ॥ ਕੰਠ[੩੭] ਰੋਮ[੩੮] ਕਰਿ ਤਰਸਤਿ[੩੯] ਘਨ ਕੋ[੪੦]। ਸੁਰਗ[੪੧] ਤੀਕ ਬਿਸਤਾਰਯੋ ਤਨ ਕੋ। ਉਰ ਹੈ ਆਯੁਤ[੪੨] ਕਟ[੪੩] ਜਿਨ ਛੀਨਾ[੪੪]। ਦੋਨੋ ਬਾਹੁ ਬਿਸਾਲ ਸੁ ਪੀਨਾ[੪੫] ॥ ੧੬ ॥ ਕੁਟਿਲ ਬਿਕਟ[੪੬] ਨਖ[੪੭] ਅਤਿਸ਼ੈ[੪੮]

---

[੧]ਭਯਾਨਕ। [੨]ਬੜਾ ਡਾਢਾ। [੩]ਮਾਨੋਂ। [੪]ਫੋੜ। [੫]ਬ੍ਰਹਮਾ ਨੇ। [੬]ਜਾਣ ਕੇ। [੭]ਅਫਸੋਸ ਹੋਇਆ। [੮]ਬੋਲੇ ਹੋ ਗਏ। [੯]ਜਿਤਨੇ (ਸਨਗੇ)। [੧੦]ਭੁਵਾਲੀ। [੧੧]ਅਵਾਜ਼। [੧੨]ਦੈਂਤਾਂ ਦਾ ਰਾਜਾ। [੧੩]ਹੈਰਾਨ। [੧੪]ਅੱਖਾਂ ਅੱਗੇ ਤਾਂ ਕੁਛ ਨਹੀਂ ਦਿਸਦਾ। [੧੫]ਤਿਆਰ ਹੋਇਆ। [੧੬]ਤਲਵਾਰ ਮਾਰਨ ਨੂੰ। [੧੭]ਨਰਸਿੰਘ ਨੇ। [੧੮]ਦਿਖਾਇਆ। [੧੯]ਨਾ ਮਨੁਖ ਨਾ ਸ਼ੇਰ ਦੀ ਬਨਾਵਟ, ਸੂਰਤ ਹੈ। [੨੦]ਭਿਆਨਕ। [੨੧]ਉਬਾਸੀ। [੨੨]ਲਹੂ। [੨੩]ਵਰਗੇ। [੨੪]ਲਾਲ। [੨੫]ਨੇਤ੍ਰ। [੨੬]ਜੀਭ ਤਲਵਾਰ ਵਰਗੀ। [੨੭]ਦਾਸਾਂ ਦੇ। [੨੮]ਦੁਖ ਕੱਟਣ ਵਾਲੀ। [੨੯]ਸੋਨਾ ਮਾਨੋਂ ਤਪਾਇਆ ਹੋਇਆ। [੩੦]ਭਯਾਨਕ। [੩੧]ਕੰਨ। [੩੨]ਪਹਾੜ ਦੀ ਖੱਡ। [੩੩]ਮੂੰਹ। [੩੪]ਭਰਵੱਟੇ। [੩੫]ਟੇਢੇ। [੩੬]ਕਮਾਣ ਦੀ ਸ਼ਕਲ ਦੇ। [੩੭]ਗਲ ਦੇ। [੩੮]ਵਾਲ। [੩੯]ਡਰਾਂਵਦਾ ਹੈ। [੪੦]ਬੱਦਲਾਂ ਨੂੰ, ਭਾਵ ਬਹੁਤ ਕਾਲੇ ਹਨ ਵਾਲ। [੪੧](ਮਾਨੋਂ) ਅਸਮਾਨ। [੪੨]ਚੌੜੀ ਛਾਤੀ ਹੈ। [੪੩]ਲੱਕ। [੪੪]ਪਤਲਾ। [੪੫]ਦੋਵੇਂ ਬਾਹਾਂ ਲੰਮੀਆਂ ਤੇ ਤਕੜੀਆਂ। [੪੬]ਕਰੜੇ ਤੇ ਟੇਢੇ। [੪੭]ਨਹੁੰ। [੪੮]ਬੜੇ।

ਘੋਰਾ[੧] । ਬੱਜ੍ਰ ਆਦਿ ਤੇ ਅਧਿਕ ਕਠੋਰਾ[੨] । ਦੇਖਤਿ ਭਾਜੇ ਦਾਨਵ ਸਰਬਾ। ਦੈਂਤਰਾਜ ਗਹਿ ਗਦਾ[੩] ਸੁ ਗਰਬਾ[੪] ॥ ੧੭ ॥ ਬਲਨਿਧਿ[੫] ਹੁਤੋ ਧਰੇ ਉਰ ਧੀਰਾ। ਆਵਾ ਸਨਮੁਖ ਜੋ ਬਡ ਬੀਰਾ । ਮਹਾਂ ਮੱਤ ਕੁੰਚਰ[੬] ਜਿਉਂ ਧਾਯੋ[੭] । ਤਿਉਂ ਸ੍ਰੀ ਨਰਹਰਿ ਕੇ ਢਿਗ ਆਯੋ ॥ ੧੮ ॥ ਗਹੇ ਗਦਾ ਕਰ ਜੋਰਿ ਪ੍ਰਹਾਰੀ । ਪੁਨ ਇਤ ਉਤ ਫਿਰ ਘਾਤ ਬਿਚਾਰੀ। ਦੁਤਿਯੇ ਬਾਰ ਨੇਰ[੮] ਜਬ ਕੀਨਾ। ਸ੍ਰੀ ਨਰਸਿੰਘ ਤਬਹਿ ਗਹਿ ਲੀਨਾ ॥ ੧੯ ॥ ਬਿਨਾ ਪ੍ਰਯਾਸ ਗਰੁੜ ਅਹਿ ਗਹਿਈ[੯] । ਤਿਉਂ ਗਹਿ ਲੀਨ, ਛੁਟਨ ਕੋ ਚਹਿਈ। ਲੀਲ੍ਹਾ ਹੇਤ ਪ੍ਰਭੂ ਪੁਨ ਛੋਰਾ। ਛੁਟਿਕਰਿ ਗਰਜਤਿ ਭਾ ਤਬ ਘੋਰਾ ॥੨੦॥ ਹਾਹਾਕਾਰ ਦੇਵ[੧੦] ਸਭਿ ਕਰਿਹੀਂ । ਘਨ*ਪਟਕਰਿ[੧੧] ਦੇਖਹਿਂ ਉਰ ਡਰਿਹੀਂ। ਪ੍ਰਭੁ ਕੇ ਬਲ ਮਹਿਂ ਸ਼ੰਕਾ ਮਾਨਹਿਂ । ਹਿਰਨਾਕਸ਼ ਕੋ ਬਲੀ ਪਛਾਨਹਿਂ ॥੨੧ ॥ ਅਹਿ[੧੨] ਖਗਪਤ[੧੩] ਜਿਉਂ ਖੇਲਨ ਹੇਤਾ। ਲਖਤਿ ਨ ਕਰਿਹੀ ਕ੍ਰਿਪਾ ਨਿਕੇਤਾ[੧੪] । ਪੁਨ ਦਨੁਜੇਸ਼ ਲਇ ਅਸਿ ਢਾਲਾ। ਆਯੋ ਪ੍ਰਭੁ ਸਮੀਪ ਤਤਕਾਲਾ ॥ ੨੨ ॥ ਸ੍ਰੀ ਨਰਸਿੰਘ ਗਰਜ ਧੁਨਿ ਘੋਰਾ। ਦਾਰੁਨ[੧੫] ਕਿਯ ਚਹੂੰ ਓਰ[੧੬] ਕਠੋਰਾ[੧੭] । ਦੌਰ ਗਹਯੋ ਦਨੁਜੇਸ਼ਹਿਂ ਐਸੇ। ਅਹਿ[੧੮] ਗਹਿ[੧੯] ਲੇਤਿ ਮੇਂਡਕੈ[੨੦] ਜੈਸੇ ॥ ੨੩ ॥ ਫਰਫਰਾਤਿ ਭਾਜਨ ਇਤ ਉਤ ਕੋ। ਦ੍ਰਿਢ ਗਹਿ ਲਿਯ ਨ ਜਾਨ ਦਿਯ ਕਿਤ ਕੋ। ਤਿਹ ਛਿਨ ਸਭਾ ਦ੍ਵਾਰ[੨੧] ਕੇ ਥਾਨਾ। ਧਾਰਿ† ਉਰੂ ਪਰ[੨੨] ਸ੍ਰੀ ਭਗਵਾਨਾ ॥ ੨੪ ॥ ਤੂਰਨ[੨੩] ਨਖ ਸੋਂ ਉਦਰ ਬਿਦਾਰਾ[੨੪] । ਮਹਾਂ ਬਲੀ ਇਕ ਛਿਨ ਮੈਂ ਮਾਰਾ। ਨਹਿਂ ਅੰਤਰ ਨਹਿਂ ਬਾਹਿਰ ਕੀਨਾ। ਦਯੋਸ[੨੫] ਨ ਨਿਸਾ[੨੬] ਜਬਹਿ ਹਨਿ ਦੀਨਾ॥ ੨੫ ॥ ਨਹਿਂ ਧਰਨੀ ਨਹਿਂ ਅੰਬਰ[੨੭] ਮਾਂਹੀ । ਜਿਯਤ ਮ੍ਰਿਤਕ ਦੋ

---

[੧]ਭਿਆਨਕ । [੨]ਸਖਤ । [੩]ਗੁਰਜ । [੪]ਹੰਕਾਰੀ ਹੋਇਆ । [੫]ਬੜਾ ਬਲੀ । [੬]ਬੜੇ ਮਸਤ ਹਾਥੀ । [੭]ਦੌੜਿਆ। [੮]ਨੇੜ ਕੀਤਾ ਭਾਵ ਨੇੜੇ ਹੋਯਾ। [੯](ਜਿਵੇਂ)ਨਿਰਯਤਨ ਗਰੁੜ ਸੱਪ ਨੂੰ ਫੜ ਲੈਂਦਾ ਹੈ। [੧੦]ਦੇਵਤੇ । [੧੧]ਬੱਦਲਾਂ ਦਾ ਪੜਦਾ ਕਰਕੇ । [੧੨]ਸੱਪ । [੧੩]ਗਰੁੜ । [੧੪]ਨਹੀਂ ਸਮਝਦ ( ਦੇਉਤੇ ) ਕਿ ਕ੍ਰਿਪਾਨਿਕੇਤ (ਵਿਸ਼ਨੂੰ) ਉਸ ਤਰ੍ਹਾਂ ਕਰ ਰਹੇ ਹਨ। [੧੫]ਭਿਆਨਕ। [੧੬]ਚਾਰੋਂ ਤਰਫ। [੧੭]ਸਖਤ । [੧੮]ਸੱਪ । [੧੯]ਫੜ । [੨੦]ਡੱਡੂ ਨੂੰ। [੨੧]ਸਭਾ ਦੇ ਦਰਵਾਜੇ ਵਿੱਚ। [੨੨]ਪੱਟਾਂ ਉੱਪਰ। [੨੩]ਛੇਤੀ । [੨੪]ਪਾੜ ਦਿੱਤਾ ਨਹੁਆਂ ਨਾਲ । [੨੫]ਦਿਨ । [੨੬]ਰਾਤ । [੨੭]ਅਸਮਾਨ ।

*ਪਾ:—ਘਟ । †ਪਾ:—ਧਰਿਯੋ ।

ਬਿਧਿ ਨਖ ਨਾਂਹੀ*। ਬਿਧਿ ਕੀ ਰਚਨਾ[1] ਜਨਮ ਨ ਲੀਨਾ। ਸ਼ਿਲਾ ਥੰਭ[2] ਤੇ ਨਿਕਸਿ[3] ਪ੍ਰਬੀਨਾ ॥ ੨੬ ॥ ਕਰੇ ਸਾਚ ਸਭਿ ਬਚਨ ਬਿਧਾਤਾ। ਦਾਨਵ ਹਨ੍ਯੋ ਭਗਤ ਦੁਖ ਦਾਤਾ। ਉਦਰ ਬਿਦਾਰ੍ਯੋ ਕ੍ਰੋਧ ਅਪਾਰਾ। ਕਾਲ ਭਯਾਨ ਜਿਮ ਬਦਨ ਪਸਾਰਾ ॥੨੭॥ ਸ਼੍ਰੋਣਤ[4] ਸੋਂ ਭੀਗੇ ਸਭਿ ਅੰਗਾ। ਸੁੰਦਰ ਸ਼ੋਭਤਿ ਭਏ ਸੁਰੰਗਾ।ਆਂਤੈ[5] ਕਾਢਿ ਗ੍ਰੀਵ ਮਹਿੰ[6] ਡਾਰੀ। ਸ਼ਾਂਤਿ ਨ ਹੋਵਤਿ ਰੋਸ ਅਪਾਰੀ ॥ ੨੮॥ ਤਬ ਜੋ ਦਾਨਵ ਗਏ ਪਲਾਈ। ਸੋ ਹਟਿ ਆਏ ਕਰਨ ਲਰਾਈ। ਗਹਿ ਗਹਿ ਸੰਗ ਨਖਾਯੁਧ[7] ਮਾਰੇ। ਸਗਰੇ ਛਿਨ ਇਕ ਵਿਖੇ ਸੰਘਾਰੇ ॥੨੯॥ ਤਦਪਿ ਨ ਕ੍ਰੋਧ ਸ਼ਾਂਤਿ ਕੋ ਪਾਵਾ। ਤਬਹੀ ਕੰਧ[8] ਕੇਸ ਝਹਿਰਾਵਾ[9]।ਭਿੰਨਭਿੰਨਭੇ[10] ਮੇਘਅਕਾਸ਼ਾ[11]। ਛੁਭਤਿ[12] ਪਯਨਿਧਿ[13]† ਪਹੁੰਚੇ ਸ੍ਵਾਸਾ[14] ॥ ੩੦ ॥ ਬਹੁ ਬਲ ਧਾਰਿ ਪ੍ਰਭੂ ਗਰਜਾਨਾ। ਸੁਨਿ ਬ੍ਰਹਮੰਡ ਸਗਰ ਅਕੁਲਾਨਾ[15]। ਬਿਚਲ ਗਏ[16] ਜੇ ਦੇਵ ਬਿਮਾਨਾ। ਉਡਗਨ[17] ਗਿਰੇ ਮਹਾਂ ਭਯ ਮਾਨਾ ॥ ੩੧॥ ਚਰਨਨ ਸੰਗਿ[18] ਦੁਖਿਤਿ ਭੀ ਧਰਨੀ[19]। ਪ੍ਰਬਲ ਤੇਜ ਕੋ ਸਕਿਤਿਹ ਬਰਨੀ[20]। ਜਬ ਤਹਿੰ ਦਾਨਵ ਰਹਾ ਨ ਕੋਈ। ਨਖ ਆਯੁਧ ਤੇ ਮ੍ਰਿਤੁ ਸਭਿ ਹੋਈ ॥ ੩੨ ॥ ਤਬ ਸਿੰਘਾਸਨ ਬੈਠੇ ਜਾਈ। ਸੁਰਨ[21] ਸੁਮਨ[22] ਬਰਖਾ ਬਰਖਾਈ। ਸਭਿ ਹੀ ਮਿਲੇ ਬਿਰੰਚ[23] ਮਹੇਸ਼ਾ[24]। ਸਿੱਧ, ਪਿਤਰ ਰਿਖਿ, ਜੱਖ,ਸੁਰੇਸ਼ਾ[25]॥੩੩॥ਧਨਦ[26]ਆਦਿ ਬਿੱਦਜਾਧਰਿ[27] ਜੇਤੇ। ਆਏ ਸਭਿਹਿ ਬਿਲੋਕਨ ਹੇਤੇ। ਦੇਖਿ ਸਰੂਪ ਨ ਡਰ ਉਰ ਥੋਰਾ। ਪਿਖ੍ਯੋ ਨ ਜਾਤਿ ਭਯਾਨਕ ਘੋਰਾ ॥ ੩੪ ॥ ਆਇ ਨ ਸਕਹਿੰ ਸਮੀਪ ਬਹੋਰੀ। ਖਰੇ ਦੂਰ ਦੋਨੋਂ ਕਰ ਜੋਰੀ। ਬਿਧਿ ਸ਼ਿਵ ਆਦਿ ਅਮਰ ਜੇ ਬ੍ਰਿੰਦਾ। ਨੁਤਹਿ[28] ਬਖਾਨਤਿ ਆਨੰਦ ਕੰਦਾ॥੩੫॥—ਜੈਜੈਜੈ ਤਵ ਸ੍ਰੀ ਜਗਸਾਈਂ।

[1]ਰਚਨਾਂ ਵਾਂਙੂ। [2]ਪੱਥਰ ਦੇ ਥੰਭ। [3]ਨਿਕਲੇ। [4]ਲਹੂ। [5]ਆਂਦਰਾਂ। [6]ਗਲੇ ਵਿਚ। [7]ਨਹੁਆਂ ਰੂਪੀ ਸ਼ਸਤ੍ਰਾਂ ਨਾਲ। [8]ਮੋਢਿਆਂ ਦੇ। [9]ਕੇਸ ਹਿਲਾਏ। [10]ਵੱਖ ਵੱਖ ਹੋ ਗਏ। [11]ਬੱਦਲ ਅਕਾਸ਼ ਵਿਚ। [12]ਛੋਭ ਹੋਇਆ। [13]ਸਮੁੰਦਰ ਨੂੰ। [14](ਜਦੋਂ) ਸੁਆਸਾਂ (ਦਾ ਵੇਗ) ਪਹੁੰਚਾ। [15]ਵਿਆਕੁਲ ਹੋਯਾ। [16]ਖਿੱਲਰ ਗਏ। [17]ਤਾਰੇ। [18](ਨਰਸਿੰਘ ਦੇ) ਚਰਨਾਂ ਨਾਲ। [19]ਧਰਤੀ। [20]ਕੋ ਸਕਤਹਿ ਬਰਨੀ—ਕੀਹਦੀ ਸ਼ਕਤੀ ਹੈ ਵਰਣਨ ਕਰ ਸਕੇ। ਜੇ 'ਸਕਿ' 'ਤਿਹ' ਦਾ ਪਦਛੇਦ ਕਰੀਏ ਤਾਂ ਅਰਥ ਇਉਂ ਬਣੇਗਾਃ—ਤਿਸ ਨੂੰ ਕੌਣ ਵਰਣਨ ਕਰ ਸਕੇ। [21]ਦੇਵਤਿਆਂ ਨੇ। [22]ਫੁੱਲਾਂ ਦੀ। [23]ਬ੍ਰਹਮਾ। [24]ਸ਼ਿਵ। [25]ਇੰਦ੍ਰ। [26]ਕੁਬੇਰ। [27]ਖੇਚਰ, ਗੰਧਰਵ,ਕਿੰਨਰਆਦਿ ਇਕਪ੍ਰਕਾਰ ਦੀਦੇਵ ਜੋਨੀ। [28]ਉਸਤਤਿ। *ਨਹੁੰ ਜਾਂ ਨਹੁੰਵਾਂ ਨਾ ਜੀਉਂਦੇਹਨ ਨਾ ਮੋਏ। ਕੱਟਿਆਂ ਪੀੜ ਨਹੀਂ ਕਰਦੇ ਇਸ ਲਈ ਮੋਏ ਹਨ ਜੀਉਂਦੇ ਨਹੀਂ, ਤੇ ਫੇਰ ਵਧਦੇ ਹਨ, ਵਧਦੀ ਜੋ ਸ਼ੈ ਹੈ ਸੋ ਜੀਉਂਦੀ ਹੈ, ਸੋ ਨਹੁੰ ਮੋਏ ਹੋਏ ਨਹੀਂ। †ਪਾ:—ਪਯੋਧਰ=ਬੱਦਲ।

ਨਮੋ ਨਮੋ ਤ੍ਰੈਲੋਕਨ ਰਾਈ !। ਨਮੋ ਨਮੋ ਭਗਤਨ ਦੁਖ ਖੰਡਨ !। ਜੈ ਜੈ ਜੈ ਧਰਨੀ ਕੇ ਮੰਡਨ ! ॥੩੬॥ ਇਹ ਦਾਨਵ ਸਭਿ ਸੁਰ ਦੁਖ ਕਾਰੀ।ਜੀਤ ਸਦਨ ਤੇ ਦੀਨ ਨਿਕਾਰੀ। ਮਹਾਂਬਲੀ ਸੋ ਤੁਮ ਨੈ ਮਾਰਾ। ਬਿਨ ਪ੍ਰਯਾਸ ਛਿਨ ਬਿਖੈ ਸੰਘਾਰਾ ॥੩੭॥ ਕ੍ਰੋਧ ਪ੍ਰਜੁਲਤ ਅਪਾਰ ਤੁਮਾਰਾ। ਤੀਨ ਲੋਕ ਕੋ ਅਤਿ ਭਯਕਾਰਾ। ਦਯਾ ਸਿੰਧੁ ! ਉਪਸ਼ਮ[1]ਅਬ ਕੀਜੈ। ਸਰਬ ਜਗਤ ਕੋ ਅਭੈ ਸੁ ਦੀਜੈ-॥੩੮॥ ਬਿਧਿ[2] ਨਿਜ ਨਿਕਟਿ[3] ਰਮਾ[4] ਕੋ ਦੇਖਾ। ਤਿਹ ਕੋ ਕਹਯੋ--ਜਿ ਰੋਸ[5] ਬਿਸ਼ੇਖਾ[6]।ਅਬ ਤੂੰ ਜਾਇ ਸ਼ਾਂਤਿ ਕਰਿਵਾਵਹੁ। ਬਯਾਕੁਲਤਾ ਜਗ ਕੀ ਸੁ ਮਿਟਾਵਹੁ-॥ ੩੯ ॥ ਨਿਕਟ ਜਾਇ ਬਹੁਰੋ ਫਿਰਿ ਆਈ। ਰਮਾ[7] ਦ੍ਰਹਿਣ[8] ਸੰਗਿ ਗਿਰਾ ਅਲਾਈ।-ਪੂਰਬ ਮੈਂ ਅਸ ਸੁਣਾ ਨ ਦੇਖਾ। ਅਬ ਸੰਰੋਸ[9] ਕੀਨੋ ਜਸ[10] ਬੇਖਾ[11] ॥ ੪੦ ॥ ਤੇਜ ਨ ਸਹਯੋ ਜਾਤ ਮੁਝ ਪਾਸਾ। ਅਵਲੋਕਨ ਤੇ ਉਪਜਤਿ ਤ੍ਰਾਸਾ-'। ਸ੍ਰੀ ਗੁਰ ਅੰਗਦ ਜੀ ਸੁਨੁ ਕਾਨਾ। ਜੋ ਇਤਿਹਾਸ ਪ੍ਰਹਲਾਦ ਬਖਾਨਾ॥ ੪੧॥ 'ਸੁਰ ਮਿਲਿ ਕਰਿ ਤਬ ਮੁਝ ਢਿਗ[12]ਆਏ।ਅਧਿਕ ਨੇਹ ਕੇ ਬਚਨ ਸੁਨਾਏ।--ਸ੍ਰੀਨਰਸਿੰਘਨਿਕਟ ਤੁਮ ਜਾਵਹੁ।ਕ੍ਰੋਧ ਬਿਸ਼ਾਲ ਸ਼ਾਂਤਿ ਕਰਿਵਾਵਹੁ-॥੪੨॥ਤਿਨ ਕੇ ਸੁਨਿ ਕਰਿ ਮੈਂ ਅਸ ਬੈਨਾ। ਗਮਨਯੋ ਨਿਕਟ ਰਿਦੇ ਕਛੁ ਭੈ ਨਾ। ਚਰਨ ਕਮਲ ਪਕਰੇ ਤਬ ਜਾਈ। ਬੰਦਨ ਕੀਨਿ ਦੰਡ ਕੀ ਨਯਾਈ[13] ॥ ੪੩॥ ਸ੍ਰੀ ਨਰ-ਸਿੰਘ ਜਬਹਿ ਦ੍ਰਿਗ ਦੇਖਾ।ਪਰਯੋ ਚਰਨ ਪਰ ਅਭੈ[14] ਬਿਸ਼ੇਖਾ। ਗਹਿ ਕਰਿ ਤਬ ਉਠਾਵ ਜਗਦੀਸ਼ਾ।ਕਰ ਅਰਬਿੰਦ[15] ਧਾਰਿ ਕਰਿ ਸੀਸਾ[16] ॥੪੪॥ ਸੰਗ ਸਨੇਹ ਪਲੋਸਤਿ ਮਾਥਾ*।ਉਠਿਉ ਸਤਤਿ ਮੈਂ ਕਿਯ ਜਗਨਾਥਾ। ਉਮਗਯੋ[17]

[1]ਸ਼ਾਂਤੀ। [2]ਬ੍ਰਹਮਾ ਨੇ। [3]ਆਪਣੇ ਪਾਸ। [4]ਲੱਛਮੀ। [5]ਕ੍ਰੋਧ। [6]ਬੜਾ ਹੈ। [7]ਲਛਮੀ ਨੇ। [8]ਬ੍ਰਹਮਾ। [9]ਕ੍ਰੋਧ ਵਾਲਾ। [10]ਜਿਹਾ ਜਿਹਾ। [11]ਸਰੂਪ। [12]ਭਾਵ ਪ੍ਰਹਲਾਦ ਕੋਲ। [13]ਡੰਡੇ ਵਤ। [14]ਨਿਡਰ। [15]ਹੱਥ ਕਵਲ। [16](ਮੇਰੇ) ਸਿਰ ਤੇ ਰੱਖਕੇ। [17]ਉਛਲਿਆ।

*ਅੰਕ ੧੮ ਤੋਂ ੪੧ ਤਕ ਕਵਿ ਜੀ ਨੇ ਰੌਦ੍ਰ ਰਸ ਦਾ ਕਮਾਲ ਬੰਨ੍ਹ ਦਿਖਾਇਆ ਹੈ, ਕਵਿਤਾ ਦੇ ਨੁਕਤੇ ਤੋਂ ਭੈ ਦਾ ਅਸਰ ਪੈਣਾ ਤੇ ਗੁੱਸੇ ਦਾ ਪ੍ਰਕਾਸ਼ ਇਸ ਖੂਬਸੂਰਤੀ ਨਾਲ ਵਰਣਨ ਹੋਯਾ ਹੈ ਕਿ ਕਵੀ ਜੀ ਦੀ ਪ੍ਰਬੀਨਤਾ ਦੇ ਸਿਰ ਫੁੱਲ ਸਿਹਰੇ ਹਨ। ਇੱਥੇ ਆਕੇ ਉਸ ਤ੍ਰੈਲੋਕੀ ਨੂੰ ਲੱਛਮੀ ਸਮੇਤ ਕੰਬਾ ਦੇਣ ਵਾਲੇ ਗੁੱਸੇ ਨੇ 'ਭਗਤ ਵੱਛਲਤਾ' ਦਾ ਅਨੋਖਾ ਰਸ ਬੰਨ੍ਹ ਦਿਖਾਯਾ ਹੈ, ਇਹ ਸ਼ਾਂਤਿ ਰਸ ਹੈ, ਕਿ ਵਾਤਸਲ ਰਸ ਹੈ; ਦੋਵੇਂ ਹਨ ਕਿ ਕੋਈ ਨਵਾਂ ਹੀ ਰੰਗ ਹੈ, ਪਰ ਕਵਿ ਜੀ ਨੇ ਪ੍ਰਭੂ ਦੀ ਪ੍ਰਭੁਤਾਈ ਤੇ ਇਨਸਾਨੀ ਵਲਵਲੇ ਦੀ ਵਾਤਸਲਤਾ ਦਾ ਕਮਾਲ ਕਰ ਦਿਖਾਇਆ ਹੈ।

ਪ੍ਰੇਮ ਰਿਦੇ ਕਉ* ਭਾਰੀ। ਲੋਚਨ ਤੇ ਸ੍ਰਵਹੀ ਜਲ ਧਾਰੀ ॥੪੫॥—ਭਗਤ-ਵਛਲ ! ਪਾਰਬ੍ਰਹਮ ਸੁਆਮੀ!।ਦੀਨਬੰਧੁ,ਪ੍ਰਭੁ ਅੰਤਰਜਾਮੀ!। ਬ੍ਰਹਮਾਦਿਕ ਤੇ ਅਮਰ ਜਿ ਔਰਾ।ਸਕੈਂ ਨ ਭੇਦ ਲਖਤਿ ਤਵ ਥੋਰਾ॥੪੬॥ਕਹਿੰ ਬਿਅੰਤ ਸ਼੍ਰੁਤਿ ਬਿੱਦਯਾ† ਅਪਰਾ। ਮੈਂ ਦਾਨਵ ਕਿਹ ਲੇਖੇ ਬਪੁਰਾ।ਔਰ ਨਹੀਂ ਕੋਊ ਗੱਤਿ ਜਾਨੀ। ਨਿਸ਼ਚੈ ਮੈਂ ਇਕ ਰੀਤਿ ਪਛਾਨੀ ॥੪੭॥ ਕਿਹ ਪ੍ਰਕਾਰ ਨਹਿੰ ਰੀਝਹੁ‡ਆਪ੍।ਕਰਹੁ ਭਗਤਿ ਪਿਖਿ ਕੈ ਦੁਖ ਖਾਪ੍।ਦਸ ਗੁਣ ਸੰਜੁਤਿ[1] ਜੋ ਦਿਜ[2] ਹੋਈ। ਭਗਤਿ ਬਿਹੀਨ[3]ਪ੍ਰਸੀਦ ਨ ਕੋਈ[4] ॥੪੮॥ ਦਸ ਗੁਨ ਹੀਨ ਜਿ ਅਹੈ ਚੰਡਾਲਾ।ਪ੍ਰੇਮ ਭਗਤਿ ਮਹਿੰ ਮਗਨ ਬਿਸਾਲਾ। ਤਿਹ ਸਮ ਤੁਮ ਕੋ ਅਪਰ ਨ ਪਯਾਰਾ।ਇਹ ਨਿਰਨੈ[5] ਮੈਂ ਰਿਦੈ ਬਿਚਾਰਾ॥੪੯॥ ਦੋਹਰਾ॥ ੧ ਜੋਗ, ੨ਦਾਨ, ੩ਤਪ, ੪ਧਰਮ,੫ਸਤਿ, ੬ਸਮ, ੭ਦਮ,੮ਧੀਰਜਵੰਤ। ੯ਸਹਿਨ, ਸੀਲ[6], ੧੦ਮਤਸਰਰਹਿਤ[7], ਦਸ਼ ਗੁਣ ਇਹੀ ਗਨੰਤਿ[8]§॥੫੦॥ ਚੌਪਈ॥ ਦਿਜ ਕੁਲ ਮਾਨ ਭਰੇ ਉਰ ਭਾਰੀ। ਭਗਤਿ ਹੀਨ ਗੁਣ ਅਘ ਅਨੁਹਾਰੀ[9]। ਨੀਚ ਜਾਤ ਤਜਿ ਕਰਿ ਮਨ ਮਾਨਾ[10]। ਤੁਮਰੇ ਸੇਵਹਿ ਚਰਨ ਮਹਾਨਾ ॥੫੧॥ਸੋ ਪਾਵਨ ਹ੍ਵੈ ਕਰਿ ਸਰਬੰਗਾ।ਔਰਨ ਕੇਰ ਕਰਹਿ ਅਘ[11]ਭੰਗਾ[12]—। ਸੁਨਿ ਮਮ ਬਿਨਤੀ ਤ੍ਰਿਭਵਣ ਸਾਈਂ[13]। ਸ਼ਾਂਤਿ ਰੋਸ ਕਰਿ ਗਿਰਾ ਅਲਾਈ ॥੫੨॥--ਅਹੋ[14]ਪ੍ਰਹਲਾਦ ਭਗਤ ਤੂੰ ਪੂਰਾ। ਕੋਊ ਬਿਧਿ ਤੇ ਹੋਇ ਨ ਊਰਾ। ਬਰ ਜਾਚਹੁ ਜੁ ਹ੍ਵੈ ਚਿਤ ਮਾਂਹੀ। ਤੋਤੇ ਨਹਿੰ ਅਦੇਯ ਮੁਝ ਪਾਹੀ[15]—

[1]ਸਮੇਤ। [2]ਬ੍ਰਹਮਣ। [3]ਬਿਨਾ। [4]ਪ੍ਰਸੰਨ ਨਹੀਂ ਕੋਈ ( ਕਰ ਸਕਦਾ ) ਆਪ ਨੂੰ। (ਅ) ਜੇ ਉਹ ਭਗਤ ਹੀਨ ਹੈ ਤਾਂ (ਤੁਸੀਂ) ਪ੍ਰਸੰਨ ਕੋਈ ਨਹੀਂ ਹੁੰਦੇ। [5]ਨਿਸ਼ਚੇ। [6]ਸਹਾਰੇ ਦਾ ਸੁਭਾਵ। [7]ਈਰਖਾ ਤੋਂ ਬਿਨਾ। [8]ਗਿਣਦੇ ਹੈਨ। [9]ਹੋਵੇ ਬ੍ਰਹਮਣ ਮਾਨ ਭਰਿਆ, ਭਗਤੀ ਹੀਨ, ਉਸ ਦੇ ਗੁਣ ਪਾਪਾਂ ਤੁੱਲ ਹਨ। [10]ਮਨ ਦੇ ਹੰਕਾਰ ਨੂੰ। [11]ਪਾਪ। [12]ਨਾਸ਼। [13]ਤਿੰਨਾਂ ਲੋਕਾਂ ਦੇ ਮਾਲਿਕ। [14]ਹੇ। [15]ਤੈਨੂੰ ਨਾਂ ਦੇਣੇ ਵਾਲੀ ਕੋਈ ਚੀਜ਼ ਮੇਰੇ ਪਾਸ ਨਹੀਂ ਹੈ, ਭਾਵ, ਸਭ ਕੁਛ ਦੇਣ ਨੂੰ ਤਿਆਰ ਹਾਂ

*ਪਾ:—ਕਹੁ।

†ਉਪਨਿਖਧ ਵਿੱਚ ਦੋ ਤਰ੍ਹਾਂ ਦੀ ਵਿੱਦਯਾ ਲਿਖੀ ਹੈ ਇਕ ਪਰਾ ਤੇ ਦੂਜੀ ਅਪਰਾ। 'ਬ੍ਰਹਮ ਆਤਮਾ ਨੂੰ ਕਥਨ ਕਰਨ ਵਾਲੀ' ਵਿੱਦਯਾ ਪਰਾ ਹੈ, ਹੋਰ ਸਭ ਵਿੱਦਯਾ ਅਪਰਾ ਹੈ। ਤੁਕ ਦਾ ਅਰਥ ਐਉਂ ਹੈ:—ਵੇਦ ਵਿੱਦਯਾ (ਪਰਾ) ਤੇ ਦੂਜੀਆਂ ਵਿੱਦਯਾਂ (ਅਪਰਾ) ਆਪ ਨੂੰ ਬਿਅੰਤ ਕਹਿੰਦੀਆਂ ਹਨ।

‡ਪਾ:—ਰੀਝਹਿ।

§ਇਹ ਦੋਹਾ ਗ਼ਾਲਬਨ ਕਿਸੇ ਆਦਿ ਨੁਸਖੇ ਦੇ ਕਿਨਾਰੇ ਤੇ ਫੁਟ ਨੋਟ ਦੀ ਸ਼ਕਲ ਵਿਚ ਹੋਣਾ ਹੈ, ਜੋ ਉਤਾਰੇ ਵਾਲਿਆਂ ਵਿੱਚ ਲਿਖ ਲਿਆ ਗਿਆ ਜਾਪਦਾ ਹੈ, ਕਿਉਂਕਿ ਸਨਮੁਖ ਉਸਤਤੀ ਵਿੱਚ ਇਸ਼ਟ ਦੇਵ ਨੂੰ ਏਹ ਗਿਣਤੀ ਸੁਨਾਉਣ ਦੀ ਭਗਤ ਨੂੰ ਲੋੜ ਨਹੀਂ ਸੀ।

॥ ੫੩ ॥ ਸੁਨਿ ਕਰਿ ਮੈਂ ਪੁਨ ਗਿਰਾ ਬਖਾਨੀ ॥– ਮਮ ਮਨ ਸਰਬ ਕਾਮਨਾ ਹਾਨੀ। ਜੋ ਸਕਾਮ[1] ਤਵ ਭਗਤਿ ਕਰੇਈ। ਬਨਕ[2] ਸਮਾਨ ਜਾਨਿਯੇ ਤੇਈ--॥੫੪॥ ਸ਼੍ਰੀ ਨਰਹਰਿ ਪੁਨ ਬੈਨ ਉਚਾਰੇ।–ਭਗਤ! ਲਖਹੁ ਮੁਝ ਮਹਾਂ ਉਦਾਰੇ। ਨਿਸ਼ਚੈ ਸਰਬ ਚਾਹ ਤੈਂ ਤ੍ਯਾਗੀ। ਤਦਪਿ ਮੋਹਿ ਤੋਖਨ ਹਿਤ ਲਾਗੀ[3] ॥੫੫॥ ਜਾਚਹੁ ਬਰ ਆਇਸੁ ਅਨੁਸਾਰੀ। ਤਨ ਮੈਂ[4] ਤੂੰ ਮੇਰੋ ਹਿਤਕਾਰੀ[5]–।ਬੰਦਿ ਹਾਥ ਮੈਂ ਮਾਨਿ ਰਜਾਯਾ। ਕਹ੍ਯੋ–ਜਿ ਰਾਵਰ ਕੀ ਅਸ ਦਾਯਾ ॥੫੬॥ ਸਰਬ ਕਾਮਨਾ ਉਰ ਜਰਿ[6] ਜਾਵਹਿਂ। ਤਵ ਪਗ ਭਗਤਿ ਸਦਾ ਰਤਿ[7] ਭਾਵਹਿ–। ਅਸ ਕਹਿ ਬਾਰ ਬਾਰ ਸਿਰ ਨ੍ਯਾਈ । ਰਹ੍ਯੋ ਚਰਨ ਪੰਕਜ ਲਪਟਾਈ ॥ ੫੭॥ ਹ੍ਵੈ ਪ੍ਰਸੰਨ ਭਗਤਨ ਗੁਣਖਾਨੀ। ਮ੍ਰਿਦੁਲ ਮਧੁਰ ਬੋਲੇ ਸੁਠ ਬਾਨੀ ।–ਸਦਾ ਅਚਲ ਸੁਖ ਦੋਨੋਂ ਲੋਕਾ । ਨਿਰਸੰਦੇਹ ਹ੍ਵੈ ਭੋਗ ਅਸ਼ੋਕਾ॥੫੮॥ਸਭਿ ਦਾਨਵ ਕੋ ਹੋਹੁ ਭੁਵਾਲਾ॥ ਕਰਹੁ ਰਾਜ ਬੈਸੇ ਚਿਰ ਕਾਲਾ। ਸਰਬ ਸ਼ਿਰੋਮਣ ਭਗਤ ਹਮਾਰਾ। ਛ੍ਵੈ[8] ਨ ਸਕਹਿ ਮਦ ਮਾਨ ਬਿਕਾਰਾ–॥ ੫੯ ॥ ਸੁਨਿ ਇਵ ਬਚ ਜੁ ਕਹੇ ਜਗਨਾਥਾ। ਬੋਲ੍ਯੋ ਮੈਂ ਨਾਇ ਪਗ ਮਾਥਾ ।–ਮਮ ਪਿਤ ਅਤਿਸ਼ੈ ਅਘੀ ਮਲੀਨਾ* । ਨਿੰਦਕ ਹੋਇ ਦ੍ਰੋਹ ਤੁਮ[9] ਕੀਨਾ ॥ ੬੦ ॥ ਦੀਨ ਦਯਾਲ ਇਸ ਕੀ ਗਤਿ ਕੀਜੈ। ਸਭਿ ਅਪਰਾਧ ਬਖਸ਼ ਕਰਿ ਦੀਜੈ। ਤੁਮ ਸੋਂ ਕੀਨ ਬਿਰੋਧ ਮਲੀਨੇ। ਕਹੇ ਕੁਬਚਨ ਕੁਟਿਲ ਮਤਿਹੀਨੇ॥੬੧॥ ਸਭਿ ਔਗੁਣ ਮੈਂ ਪੂਰਨ ਪਾਪੀ। ਬਿਨਾ ਕਾਜ[10] ਜਗ ਜੀਵ ਸੰਤਾਪੀ। ਤੁਮਰੋ ਜਗ ਮੈਂ ਬਿਰਦ ਸੁਹਾਵਨ। ਦੀਨ ਨਿਵਾਜ ਪਤਿਤ ਕੇ ਪਾਵਨ[11]॥੬੨॥ਛਿਮਾਧਾਰਿ ਦੀਜੈ ਤਿਹ ਮੋਖਾ[12]। ਏਕ ਨ ਗੁਨਿਯੇ ਮਨ ਮੈਂ ਦੋਖਾ–। ਸ਼੍ਰੀ ਨਰਸਿੰਘ ਕ੍ਰਿਪਾਰਸ ਭੀਨੇ। ਬੋਲੇ ਬਿਗਸਤਿ ਬਚਨ ਪ੍ਰਬੀਨੇ ॥੬੩॥–ਜਿਹ ਕੁਲ ਜਨਮ੍ਯੋ ਤੂੰ ਮਮ ਦਾਸਾ। ਭਗਤਿ ਕੀਨਿ ਦ੍ਰਿਢ ਲਖ੍ਯੋ ਨ ਤ੍ਰਾਸਾ। ਕੋ ਸੰਦੇਹ[13] ਤਿਹ ਪਿਤ[14] ਗਤਿ ਕਾਰੇ[15]। ਜਗ ਸਾਗਰ ਕੁਲ ਇਕੀਸ† ਤਾਰੇ[16]--॥ ੬੪ ॥ ਅਸ

[1]ਕਾਮਨਾਂ ਕਰਕੇ। [2]ਬਾਣੀਏਂ। [3]ਤਾਂ ਬੀ ਮੈਨੂੰ ਪ੍ਰਸੰਨ ਕਰਨ ਵਾਸਤੇ ਤੂੰ ਮੰਗ, ( ਅ ) ਤਾਂ ਬੀ ਮੈਨੂੰ ਪ੍ਰਸੰਨਤਾ ਵਿਚ ਤੇਰਾ ਪਿਆਰ ਲਗ ਰਿਹਾ ਹੈ ( ਇਸ ਲਈ ਮੰਗ )। [4]ਲਿਵਲੀਨ, ਅਨੰਨ੍ਯ। [5]ਪ੍ਰੇਮੀ। [6]ਸੜ। [7]ਪ੍ਰੀਤੀ। [8]ਛੋਹ। [9]ਤੁਸਾਡੇ ਨਾਲ। [10]ਅਕਾਰਥ। [11]ਪਵਿੱਤ੍ਰ ਕਰਨੇ ਵਾਲਾ। [12]ਮੁਕਤੀ। [13]ਕੀ ਸ਼ਕ ਹੈ। [14]ਉਸ ਦੇ ਪਿਤਾ ਦੀ। [15]ਮੁਕਤੀ ਕਰਨ ਵਿਚ। [16]ਭਾਵ, ਪ੍ਰਹਿਲਾਦ ਨੇ ੨੧ ਕੁਲ ਤਾਰੇ ਹਨ।

*ਪਾ:–ਮਮ ਪਿਤ ਹੈ ਅਤਿਸ਼ੈ ਅਘ ਪੀਨਾ। †ਪਾ:–ਇਕੀਹ।

ਕਹਿ ਦੀਨ ਰਾਜ ਅਭਿਖੇਕਾ[1] । ਕ੍ਰਿਪਾ ਧਾਰਿ ਮੁਝ ਸਹਿਤ ਬਿਬੇਕਾ॥ ਬਹੁਰੋ ਸ਼੍ਰੀ ਨਰਸਿੰਘ ਮਹਾਨਾ। ਸਭਿ ਦੇਖਤਿ ਭੇ ਅੰਤਰ ਧ੍ਯਾਨਾ ॥ ੬੫॥ ਸੋ ਪ੍ਰਭੁ ਅਬ ਕਲਿ ਕਾਲ ਮਝਾਰਾ । ਭਗਤ ਸਰੂਪ ਧਰ੍ਯੋ ਅਵਤਾਰਾ। ਨਰ ਮਲੀਨ ਅਘ ਪੀਨ ਨਿਹਾਰੇ। ਤਿਨਹਿੰ ਬਤਾਵਨ ਪੰਥ ਸੁਧਾਰੇ ॥੬੬॥ ਦਾਸ ਜਾਨਿ ਮੁਝ ਦਰਸ਼ਨ ਦੀਨਾ। ਤਬ ਤਨ ਧਰਿ ਨਰਹਰਿ ਰਖਿ ਕੀਨਾ[2]। ਮੋਹਿ ਸੰਗ ਇਮ ਭਾ ਬਿਰਤੰਤੇ*। ਸੁਨਹੁ ਕਾਨ ਬਾਲੇ ਮਤਿਵੰਤੇ !'॥ ੬੭॥ ਸ਼੍ਰੀ

---

[1]ਰਾਜ ਤਿਲਕ । [2]ਤਦੋਂ ਨਰ ਸਿੰਘ ਦਾ ਰੂਪ ਧਾਰਕੇ (ਮੇਰੀ) ਰੱਖ੍ਯਾ ਕੀਤੀ ਸੀ।

*ਪ੍ਰਹਲਾਦ ਦਾ ਪ੍ਰਸੰਗ ਉਨ੍ਹਾਂ ਨੇ ਆਪ ਵਰਣਨ ਕੀਤਾ ਹੈ।

ਪ੍ਰਹਲਾਦ ਜੀ ਸਤਿਜੁਗ ਦੇ ਸਮੇਂ ਹੋਏ ਦੱਸੇ ਜਾਂਦੇ ਹਨ। ਜਿਸ ਤੋਂ ਸਮਝ ਪੈਂਦੀ ਹੈ ਕਿ ਆਰ੍ਯ ਕੁਲ ਦੇ ਲੋਕ ਉੱਤਰੀ ਪੰਜਾਬ ਫਤਹ ਕਰ ਚੁਕੇ ਸਨ ਪਰ ਦੱਖਣੀ ਪੰਜਾਬ ਮੁਲਤਾਨ ਰਾਜਧਾਨੀ ਵਾਲਾ ਅਜੇ ਅਸਲੀ ਵਸਨੀਕਾਂ—ਦੈਂਤਾਂ—ਦੇ ਹੱਥ ਸੀ। ਜਿਨ੍ਹਾਂ ਦੀ ਤਹਜ਼ੀਬ ਦੇ ਨਮੂਨੇ ਹੁਣ ਹੜੱਪੇ ਦੇ ਖੰਡਰਾਤ ਵਿਚੋਂ ਨਿਕਲੇ ਹਨ। ਉਸ ਸਮੇਂ ਦੇ ਆਰ੍ਯ ਕੁਲ ਦੇ ਵਡਕਿਆਂ ਤੇ ਦੈਤਾਂ ਦੇ ਜੁੱਧ ਜੰਗ ਦੇ ਹਾਲ ਪਹਿਲੋਂ ਰਵਾਯਤਾਂ ਵਿਚ ਰਹੇ, ਫੇਰ ਪੁਰਾਣਾਂ ਵਿਚ ਲਿਖੇ ਗਏ। ਦੈਂਤਾਂ ਦੇ ਇਲਾਕੇ ਨੂੰ ਪਾਤਾਲ ਕਰਕੇ ਬੀ ਲਿਖਦੇ ਹਨ। ਜਿਸ ਤੋਂ ਤਦੋਂ ਮੁਰਾਦ ਦੱਖਣੀ ਪੰਜਾਬ ਦੇ ਹਿੱਸੇ ਦੀ ਹੋਣੀ ਹੈ, ਜਿਸ ਦੀ ਰਾਜਧਾਨੀ ਮੁਲਤਾਨ ਹੈ ਸੀ, ਮੁਲਤਾਨ ਵਿਚ ਪ੍ਰਹਲਾਦ ਪੁਰੀ ਮੰਦਰ ਹੁਣ ਤੱਕ ਹੈ। ਇਸ ਜ਼ਬਰਦਸਤ ਰਾਜਧਾਨੀ ਦੇ ਕੰਵਰ ਪ੍ਰਹਲਾਦ ਜੀ ਆਰ੍ਯ ਵਿੱਦ੍ਯਾ ਦੇ ਅਸਰ ਹੇਠ ਆਕੇ ਪਰਮੇਸ਼ੁਰ ਦੇ ਭਗਤ ਹੋ ਗਏ, ਜਿਸ ਦੇ ਕਿ ਓਸਦੇ ਵਡੇ ਕਾਯਲ ਨਹੀਂ ਸਨ। ਉਸ ਦੇ ਦ੍ਰਿੜ੍ਹ ਵਿਸ਼ਵਾਸ ਤੇ ਭਗਤੀ ਪਰ ਵਾਹਿਗੁਰੂ ਵਲੋਂ ਸਹਾਇਤਾ ਹੋਣੀ ਕੋਈ ਅਚਰਜ ਗਲ ਨਹੀਂ। ਇਸੇ ਕ੍ਰਿਸ਼ਮੇ ਨੇ ਜਾਪਦਾ ਹੈ ਕਿ ਦੈਂਤਾਂ ਯਾ ਅਸਲੀ ਵਸਨੀਕਾਂ ਨੂੰ ਆਰ੍ਯ ਸਭ੍ਯਤਾ ਦਾ ਕਾਯਲ ਕਰਕੇ ਉਨ੍ਹਾਂ ਵਿਚ ਰਲਾ ਮਿਲਾ ਦਿੱਤਾ। ਪ੍ਰਹਲਾਦ ਦਾ ਭਗਤ ਹੋਣਾ ਤੇ ਉਸ ਦੀ ਰੱਖ੍ਯਾ ਲਈ ਇਹ ਅਸਮਾਨੀ ਕ੍ਰਿਸ਼ਮਾ ਵਰਤਣਾ ਸ਼੍ਰੀ ਗੁਰੂ ਸਾਹਿਬਾਂ ਦੀ ਆਪਣੀ ਬਾਣੀ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਣਿਤ ਹੈ।

ਪ੍ਰਹਲਾਦ ਦਾ ਸੁਮੇਰੁ ਪਰ ਮਿਲਨਾ ਇਹ ਕਥਾ ਹਿੰਦਾਲੀਏ ਲੇਖਕ ਨੇ ਆਪਣੇ ਢੰਗ ਨਾਲ ਪਾਈ ਸੀ, ਜਿਸ ਤੋਂ ਕਿ ਉਸ ਦੇ ਵਡੇ ਹਿੰਦਾਲ ਦੀ ਗੁਰ ਨਾਨਕ ਦੇਵ ਜੀ ਤੋਂ ਉੱਚਤਾ ਪ੍ਰਗਟ ਹੋਵੇ, ਕਵਿ ਜੀ ਨੇ ਓਹ ਢੰਗ ਉਸ ਦਾ ਮੱਖੀ ਵਾਂਙੂ ਗੰਦਾ ਤੇ ਝੂਠਾ ਜਾਣਕੇ ਦੂਰ ਕੀਤਾ। ਬਾਕੀ ਆਤਮ ਮੰਡਲ ਵਿਚ ਗੁਰੂ ਜੀ ਨੂੰ ਪ੍ਰਹਲਾਦ ਦਾ ਮਿਲਨਾ ਕੋਈ ਅਨੋਖੀ ਗਲ ਨਹੀਂ। ਓਹ ਤ੍ਰਿਕਾਲ ਦਰਸ਼ੀ ਸਨ। (ਦੇਖੋ ਟੂਕ ਇਸੇ ਪੋਥੀ ਦੇ ਅਧ੍ਯਾਯ ੫੬ ਅੰਕ ੧੦੧ ਦੀ)। (ਹਰਣਾਖਸ ਤੇ ਹਰਿਨਕਸ਼੍ਯਪ ਦੇ ਨਾਵਾਂ ਦੇ ਨਿਰਣ੍ਯ ਲਈ ਦੇਖੋ ਸ਼੍ਰੀ ਗੁਰੂ ਗ੍ਰੰਥ ਕੋਸ਼ ਪਦ—ਹਰਨਾਖਸ਼)। ਆਤਮ ਮੰਡਲ ਵਿਚ ਪ੍ਰਹਲਾਦ ਆਦਿਕਾਂ ਦੇ ਮੇਲੇ ਪਰ ਪੜ੍ਹੋ ਟੂਕ—ਅਧ੍ਯਾਯ ੬੫—ਅੰਕ ੨ ਦੀ।

ਅੰਗਦ ਸੁਨਿਯੋ ਮਨ ਲਾਈ। ਸੁਨੀ ਸਰਬ ਜਬ ਕਥਾ ਸੁਹਾਈ। ਬੰਦਿ ਹਾਥ ਮੈਂ ਬੰਦਨ ਕੀਨੀ। ਭਗਤਨ ਤੇ ਮਹਿੰਮਾ ਵਡ ਚੀਨੀ ॥੬੮॥ ਕਿਤਕ ਕਾਲ ਸ੍ਰੀ ਗੁਰ ਤਿਹ ਪਾਸਾ। ਰਹਿ ਕਰਿ ਕੀਨੇ ਬਚਨ ਬਿਲਾਸਾ। ਕਰੀ ਪਰਸਪਰ ਦੁਹਿ ਦਿਸ਼ਿ ਬੰਦਨ। ਅੱਗ੍ਰਜ ਗਮਨੇ ਦੋਖ ਨਿਕੰਦਨ ॥ ੬੯ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਉਣਹੱਤ੍ਰਮੋ ਅਧ੍ਯਾਯ ॥ ੬੯ ॥

## ੭੦. [ਗੁਰ ਚਰਣ ਮੰਗਲ । ਵੈਰਾਹ ਅਵਤਾਰ]

ਦੋਹਰਾ ॥ ਸ੍ਰੀ ਗੁਰ ਪਗ ਕਰਿ ਸਿਪਰ ਸਰ* ਬਾਨ ਜਿ ਸਰਬ ਬਿਕਾਰ।
ਕਰਿ ਤਿਹ ਓਟ ਬਚਾਇਕੈ ਕਹੌਂ ਕਥਾ ਸੁਖ ਸਾਰ ॥ ੧ ॥

[ਸਿਪਰ=ਢਾਲ [ਫਾਰਸੀ, ਸਿਪਰ] ਸਰ=ਸਿਰ, ਸੀਸ [ਫਾਰਸੀ, ਸਰ] (ਅ) ਤੀਰ। (ੲ) ਤਲਾ, ਸਰੋਵਰ [ਸੰਸ:, ਸਰ] ਸਰੋਵਰ ਤੋਂ ਮੁਰਾਦ ਸੰਸਾਰ। ਅਰਥ ਐਉਂ ਲੱਗੇਗਾ, ਸੰਸਾਰ ਦੇ ਸਰਬ ਪ੍ਰਕਾਰ ਦੇ ਵਿਸ਼ਿਆਂ (ਰੂਪੀ ਬਾਣ) ਤੀਰ। (ਸ) ਵਰਗਾ, ਤੁੱਲ, ਬਰੱਬਰ। ਬਾਨ=ਬਾਣ, ਤੀਰ। ਜਿ=ਜੋ, ਜੇਹੜੇ।]

**ਅਰਥ**—ਸ੍ਰੀ ਗੁਰੂ ਜੀ ਦੇ ਚਰਣਾਂ (ਰੂਪੀ ਆਸਰੇ ਨੂੰ ਆਪਣੇ) ਸੀਸ ਪਰ ਢਾਲ ਬਣਾਕੇ ਸਰਬ (ਪ੍ਰਕਾਰ ਦੇ) ਵਿਕਾਰਾਂ ਰੂਪੀ ਬਾਣਾਂ ਤੋਂ ਬਚਣ ਲਈ ਉਨ੍ਹਾਂ ਨੂੰ ਓਟ ਬਣਾਇਕੇ (ਮੈਂ ਅੱਗੇ ਦੀ) ਕਥਾ, ਜੋ ਸੁੱਖਾਂ ਦਾ ਸਾਰ ਹੈ, ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਅੱਗ੍ਰਜ ਗਮਨੇ ਦੀਨ ਦਯਾਲਾ। ਤਬ ਮਰਦਾਨੇ ਬਚਨ ਉਚਾਰਾ। 'ਧਰਯੋ ਪ੍ਰਭੁ ਸੂਕਰ[1] ਅਵਤਾਰਾ ॥ ੨ ॥ ਹਿਰਨਾਛਸ ਦਾਨਵ ਹਨਿ ਕੈਸੇ। ਧਰਨੀ ਆਨੀ ਭਨਿਯੇ ਤੈਸੇ। ਇਨ ਦੈਤਨ ਕੋ ਜਨਮ ਜੁ ਕੂਰਾ[2]। ਸੋ ਕਹਿਯੇ ਸ੍ਰੀ ਗੁਰੁ ਗੁਨ ਭੂਰਾ' ॥੩॥ ਸੁਨਿ ਕਰਿ ਕਹਿਨ ਲਗੇ ਗੁਨਖਾਨੀ।--ਜੋ ਸੁਨਿਅਹੈ[3] ਪੁਰਾਨ ਕਹਾਨੀ†। ਏਕ ਸਮੈ ਕੱਸ਼ਜਪ[4] ਜਗ ਕਰਿ ਕੈ। ਬੈਠਯੋ ਸਦਨ

[1]ਸੂਰ ਦਾ। [2]ਖੋਟਾ। [3]ਸੁਣੀ ਹੋਈ ਹੈ। [4]ਇਕ ਰਿਖੀ।

*ਇਕ ਲਿਖਤੀ ਨੁਸਖੇ ਵਿਚ ਪਾਠ ਬੀ—ਸਿਰ—ਦੇਖਣ ਵਿਚ ਆਇਆ ਹੈ।

†ਇਹ ਪੁਰਾਣਾਂ ਦੀ ਕਹਾਣੀ ਜੈਸੀ ਕਿ ਪੁਰਾਣਾਂ ਵਿਚ ਹੈ ਬਿਆਨ ਹੋਣ ਲਗੀ ਹੈ। ਇਹ ਬਤੌਰ ਇਤਿਹਾਸ ਆਪਣੀ ਵਲੋਂ ਵਾਕਿਆ ਬਿਆਨ ਨਹੀਂ ਹੋਣ ਲਗਾ। ਕਹਾਣੀ ਬੀ ਜੈਸੇ ਕਿ ਸੁਣੀ ਹੈ। ਕਵਿ ਜੀ ਨੇ ਇਹ ਪੌਰਾਣਕ ਕਥਾ ਉਵੇਂ ਲਿਖੀ ਹੈ ਜਿਵੇਂ ਉਥੇ ਲਿਖੀ ਹੈ, ਇਹ ਗਲ ਆਪ ਹੀ ਮੰਨਕੇ ਟੁਰੇ ਹਨ। ਉਨ੍ਹਾਂ ਦੀ ਸ਼ਰਧਾ ਇਸ ਵਿਚ ਕਿੰਨੀ ਕੁ ਸੀ, ਉਹ ਅੱਗੇ ਜਾਕੇ ਅੰਕ ੫੯ ਤੋਂ ਪਤਾ ਲਗ ਜਾਂਦਾ ਹੈ, ਜਿੱਥੇ ਪੁਰਾਣਾ

[ਬਾਕੀ ਨੂਟ ਵੇਖੋ ਅਗਲੇ ਪੰਨੇਦੇ ਹੇਠਾਂ] ☛

ਹਰਖ ਉਰ ਧਰਿ ਕੈ ॥ ੪॥ ਸੰਧ੍ਯਾ ਕਾਲ ਸੁਤਾ ਦਖ[1] ਕੇਰੀ। ਦਿਤੀ ਨਾਮ ਤ੍ਰਿਟ[2]* ਕਾਮ ਘਨੇਰੀ। ਜਾਇ ਸਮੀਪ ਕਹੇ ਅਸ† ਬੈਨਾ। 'ਤਨ ਮਨ ਮੋਰ ਕੰਪਾਵਾ ਮੈਨਾ[3] ॥ ੫ ॥ ਜਿਉਂ ਕਦਲੀ ਦਲ[4] ਦੂਰਦ[5] ਹਿਲਾਵੈ। ਦੀਨ ਜਾਨਿ ਤਯੋਂ ਮੁਝ ਸੰਤਾਵੈ। ਸੌਤ ਸਮ੍ਰਿੱਧਵਾਨ[6] ਸਭਿ ਜੋਈ। ਤਿਨ ਪਿਖ ਦਾਹਿ ਰਿਦੇ ਮਮ ਹੋਈ॥ ੬ ॥ ਤੁਮ ਕ੍ਰਿਪਾਲ ਸਭਿ ਭਾਂਤਿ ਪ੍ਰਬੀਨੋ। ਇਕ ਸਮਾਨ ਅੰਗਨਾ ਸਭਿ ਚੀਨੋ। ਤਨ ਪੈ ਬਯਾਪਯੋ ਅਧਿਕ ਅਨੰਗਾ। ਅਬ ਉਮੰਗ ਕੀਜੈ ਮ੍ਰਮ ਸੰਗਾ॥੭॥ਕਾਮ ਸੰਗ ਮੈਂ ਪੀੜਤਿ ਭਾਰੀ। ਅਬ ਮੈਥੁਨ ਕਰਿ ਦੇਹੁ ਨਿਵਾਰੀ[7]। ਆਤੁਰ ਹ੍ਵੈ ਸ਼ਰਨਾਗਤਿ ਆਵੈ। ਜੋ ਕ੍ਰਿਪਾਲ ਨਹਿਂ ਮੋਘ[8] ਪਠਾਵੈ॥ ੮ ॥ ਕਰੋ ਕੇਲ ਤੇ ਜਨਮਹਿ ਤਾਤਾ। ਤਬ ਮੈਂ ਸੁਖ ਪਾਵੌਂ ਭਲਿਭਾਂਤਾ[9]'। ਸੁਨਿ ਕੱਸ਼ਯਪ ਨਿਜ ਤਿਯ ਕੀ

---

[1]ਦੱਖ ਦੀ ਧੀ ਦਿੱਤੀ, ਜੋ ਕੱਸ਼ਯਪ ਦੀ ਵਹੁਟੀ ਸੀ। [2]ਇੱਛਾ। [3]ਕਾਮਦੇਵ ਨੇ। [4]ਕੇਲੇ ਦੇ ਪੱਤੇ। [5]ਹਾਥੀ [ਸੰਸ: ਦ੍ਵਿਰਦ]। [6]ਸੌਂਕਣਾਂ ਪ੍ਰਤਾਪ ਵਾਲੀਆਂ, ਮੁਰਾਦ ਸੰਤਾਨ ਵਾਲੀਆਂ ਤੋਂ ਹੈ [ਸੰਸ:, ਸਮ੍ਰਿਧ]। [7]ਦੂਰ ਕਰ ਦਿਓ। [8]ਖਾਲੀ। [9]ਚੰਗੀ ਤਰ੍ਹਾਂ। *ਪਾ:-ਤ੍ਰਿਯ। †ਪਾ:-ਇਵ।

[ਪਿਛਲੇ ਪੰਨੇ ਦੀ ਬਾਕੀ ਟੂਕ]

ਦੇ ਪੂਜ ਦੇਵਤਿਆਂ ਨੂੰ ਆਪ ਨੇ 'ਨਿਪੁੰਸਕ' ਕਹਿਣੋਂ ਝਿਜਕ ਨਹੀਂ ਖਾਧੀ। ਇਸ ਨੂੰ ਕਵਿ ਨੇ ਇਤਿਹਾਸ ਬੀ ਨਹੀਂ ਕਿਹਾ, ਕਥਾ ਬੀ ਨਹੀਂ ਕਿਹਾ, ਪਰ ਪੌਰਾਣਕ ਕਹਾਣੀ ਆਪ ਆਖਿਆ ਹੈ। ਇਕ ਪੱਛਮੀ ਇਤਿਹਾਸਕਾਰ 'ਕਨਿੰਘਮ' ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਖ ਸਾਹਿਤਯ ਵਿਚ ਜੋ ਪੌਰਾਣਕ ਤਜ਼ਕਰੇ ਆ ਜਾਂਦੇ ਹਨ ਓਹ ਸਿੱਖ ਈਮਾਨ ਦਾ ਹਿੱਸਾ ਨਹੀਂ ਹਨ, ਸਗੋਂ ਸਿੱਖੀ ਅਸੂਲਾਂ ਦੇ ਪ੍ਰਤਿਪਾਦਨ ਕਰਨ ਹਿਤ ਕੇਵਲ ਦ੍ਰਿਸ਼ਟਾਂਤ ਮਾਤ੍ਰ ਵਰਤੇ ਹੋਏਹਨ।

ਹੋ ਸਕਦਾ ਹੈ ਕਿ ਹਿੰਦ ਦੇ ਅਸਲੀ ਵਸਨੀਕਾਂ ਦੀ ਰਾਜਧਾਨੀ ਮੁਲਤਾਨ ਵਿਚ ਜੋ ਉੱਤਰੀ ਪੰਜਾਬ ਦੇ ਆਰਯ ਕਬਜ਼ੇ ਵਿਚ ਆ ਜਾਣ ਤੇ ਵੀ ਪੱਕੀ ਸੀ, ਕਿਸੇ ਵੇਲੇ ਐਸਾ ਜ਼ੋਰ ਪਿਆ ਹੋਵੇ ਕਿ ਉਨ੍ਹਾਂ ਪੰਜਾਬ ਫੇਰ ਖੋਹ ਲਿਆ ਹੋਵੇ ਤੇ ਆਰਯ ਕੁਲ ਦੇ ਲੋਕੀਂ ਉੱਤਰੀ ਪਹਾੜਾਂ ਵਿਚ ਜਾਕੇ ਲੁਕੇ ਹੋਣ, ਫੇਰ ਕਿਸੇ ਹਿਕਮਤ ਨਾਲ ਇਨ੍ਹਾਂ ਦੇ ਕਾਮਯਾਬ ਹੋ ਜਾਣ ਤੇ ਦੈਤਾਂ ਨੇ ਇਹ ਕਾਰਟੂਨ (ਮਖੌਲ) ਬਣਾਇਆ ਹੋਵੇ ਕਿ ਆਰਯਾਂ ਦਾ ਵਡਾ ਸੂਰ ਬਣਕੇ ਮਾਨੋਂ ਧਰਤੀ ਨੂੰ ਲਿਆ ਰਿਹਾ ਹੈ। ਅੱਖਰਾਂ ਦੀ ਲਿਪੀ ਤੋਂ ਪਹਿਲਾਂ ਲੋਕੀ ਮੂਰਤਾਂ ਬਣਾਕੇ ਹੀ ਭਾਵ ਦੱਸਿਆ ਕਰਦੇ ਸਨ ਜਿਵੇਂ ਅਜ ਕਲ ਕਾਰਟੂਨ ਬਣਾਉਂਦੇ ਹਨ। ਇਹ ਬੀ ਖਿਆਲ ਹੈ ਕਿ ਇਹ ਵਾਕਯਾ ਕਸ਼ਮੀਰ ਦੇ ਪਾਣੀ ਹੇਠ ਹੋਣ ਦਾ ਤੇ ਫੇਰ ਜੇਹਲਮ ਰਸਤੇ ਪਾਣੀ ਵਹਿਕੇ ਧਰਤੀ ਨਿਕਲ ਆਉਣ ਦਾ ਇਕ ਚਿੱਤ੍ਰ ਹੈ ਜੋ ਪੌਰਾਣਾਂ ਵਿਚ ਵਰਣਿਤ ਹੈ। ਹੋਰ ਹਾਲ ਲਈ ਦੇਖੋ ਟੂਕ ਅਧ੍ਯਾਯ ੬੯ ਅੰਕ ੬੭ ਦੀ। ਭਾਈ ਬਾਲੇ ਵਾਲੀ,ਭਾਈ ਮਨੀ ਸਿੰਘ ਜੀ ਵਾਲੀ ਤੇ ਪੁਰਾਤਨ ਜਨਮ ਸਾਖੀ ਵਿਚ ਇਹ ਪ੍ਰਸੰਗ ਨਹੀਂ ਹੈ।

ਬਾਨੀ। ਬੋਲਯੋ ਤਾਂਹਿ ਕਰਤਿ ਸਨਮਾਨੀ॥ ੯॥ 'ਚੰਦ੍ਰਬਦਨ! ਤੂੰ ਮੋਕੋ ਪਯਾਰੀ। ਕਰੌਂ ਕਾਮਨਾ ਪੂਰਨ ਥਾਰੀ। ਸੰਧਯਾ ਕਾਲ ਬੀਤ ਹੈ ਜਬ ਹੀ। ਮੈਥੁਨ ਕਰੌਂ ਸੰਗ ਤੁਝ ਤਬਹੀ॥ ੧੦॥ ਇਹ ਬੇਲਾ ਲਖਿ ਘੋਰ ਬਿਸਾਲਾ। ਕਾਮ ਚੇਸ਼ਟਾ ਕੋ ਨਹਿਂ ਕਾਲਾ। ਸ਼ੰਕਰ[1] ਫਿਰਤਿ ਲਿਯੇ ਗਣ ਸੰਗਾ। ਭੂਤ ਪ੍ਰਚਰਜਾ ਹੇਤ[2] ਉਮੰਗਾ॥ ੧੧॥ ਰੁਕਮ ਸਮਾਨ[3] ਭਸਮ[4] ਤਨ ਕੀਨੋ[5]। ਅਗਨਿ[6] ਤਰਨਿ[7] ਸ਼ਸ਼ਿ[8] ਜਿਹ ਦ੍ਰਿਗ[9] ਤੀਨੋ। ਪੂਜਨ ਸਮਯ ਤਾਂਹਿ ਕੋ ਜਾਨਹੁ। ਕੇਲ ਕਰਨ ਕੋ ਕਾਲ ਨ ਮਾਨਹੁ॥ ੧੨॥ ਦਿਨ ਮੈਥੁਨ ਤੇ ਆਯੁ ਘਟਾਈ[10]। ਪਰਬ ਦਿਨਨ[11] ਦੁਰਸੁਤ[12] ਜਨਮਾਈ[13]। ਤਯੋਂ ਇਹ ਸੰਧਯਾ ਦੋਖ ਪ੍ਰਮਾਨਹੁ[14]। ਸ਼ਿਵ ਕੀ ਦ੍ਰਿਸ਼ਟਿ ਬਚਾਵਨ ਠਾਨਹੁ'॥ ੧੩॥ ਸੁਨੀ ਦਿਤੀ ਜਬ ਅਸ ਬਿਧਿ ਬਾਨੀ। ਮਨਸਿਜ ਬਾਨਨ[15]ਤੇ ਅਕੁਲਾਨੀ। ਬਾਰਬਧੂ[16] ਜਿਵ ਤਜਿ ਕਰਿ ਬ੍ਰੀੜਾ[17]। ਪਤਿ ਕੋ ਬ਼ਸਨ[18] ਗਹਯੋ ਹਿਤ ਕ੍ਰੀੜਾ॥ ੧੪॥ ਕਹਯੋ 'ਨ ਰਹਯੋ ਜਾਤ ਮੁਝ ਪਾਹੀ। ਕਰੋ ਕੇਲ ਪਤਿ[19]! ਅਬ ਚਿਤ ਚਾਹੀ'। ਕੱਸ਼ਯਪ ਕਾਮਾਰਤ ਤਿਹਿ ਦੇਖੀ। ਗਮਨਯੋ ਜਹਾਂ ਇਕੰਤ ਬਿਸ਼ੇਖੀ॥੧੫॥ ਤਹਾਂ ਜਾਇ ਦੀਨੋ ਰਤਿ ਦਾਨਾ। ਤਿਯ ਤਨ ਮਨਸਿਜ[20] ਤਾਪ ਮਿਟਾਨਾ। ਬਹੁਰ ਜਾਇ ਸੰਧਯਾ ਤਿਹ ਕੀਨੀ। ਤ੍ਰਿਪੁਟੀ[21] ਜਾਪ ਬਿਖੈ ਮਤਿ ਭੀਨੀ॥੧੬॥ ਪੁਨ ਜੁ ਦਿਤੀ ਪਾਛੇ ਪਛੁਤਾਨੀ। ਲੱਜਾ ਯੁਤ ਦ੍ਰਿਗ ਤਰੁ ਸਕੁਚਾਨੀ[22]। ਕੱਸ਼ਯਪ ਕੇ ਸਮੀਪ ਚਲਿ ਆਈ। ਸ਼ਿਵ ਕੇ ਭੈ ਤੇ ਗਿਰਾ ਅਲਾਈ॥੧੭॥ 'ਹੇ ਪਤਿ! ਗਰਭ ਮੋਹਿ ਕੱਲਯਾਨਾ[23]। ਰਿਸ ਧਰਿ ਸ੍ਰੀ ਸ਼ਿਵ ਕਰੈ ਨ ਹਾਨਾ[24]। ਨਮੋ ਨਮੋ ਤਿਹ ਕੇ ਪਦ ਕੰਜਾ[25]। ਮਹਾਂਦੇਵ[26] ਸੇਵਤਿ ਸੁਰ ਪੁੰਜਾ॥ ੧੮॥ ਮੋਹਿ ਅਵੱਗਯਾ ਛਿਮਾ ਕਰੀਜੈ। ਤਿਯ ਸੁਭਾਵ ਲਖਿ ਮਨ ਨ ਰਿਸੀਜੈ'। ਸੁਨਿ ਕੱਸ਼ਯਪ ਬੋਲਯੋ ਤਬ ਬਾਨੀ। 'ਅਹੋ ਅਭੱਦ੍ਰੇ[27]! ਨਾਰਿ ਅਜਾਨੀ[28]!॥ ੧੯॥

[1]ਸ਼ਿਵ। [2]ਪ੍ਰਾਣੀ ਆਦਿ ਦੀ ਦੇਖ ਭਾਲ ਲਈ। [3]ਚਾਂਦੀਵਤ। [4]ਸਵਾਹ। [5]ਸਰੀਰ ਤੇ ਮਲੀ ਹੋਈ ਹੈ। [6]ਅਗਨੀ। [7]ਸੂਰਜ। [8]ਚੰਦਰਮਾ। [9]ਨੇਤਰ। [10]ਘੱਟਦੀ ਹੈ। [11]ਤਿਉਹਾਰ ਦੇ ਦਿਨ। [12]ਮੰਦਾ ਪੁੱਤਰ। [13]ਜਨਮਦਾ ਹੈ। [14]ਦੋਸ਼ ਜਾਣੋ। [15]ਕਾਮ ਦੇ ਬਾਣਾ ਤੋਂ। [16]ਵੇਸ਼ਵਾ। [17]ਲੱਜਾ। [18]ਕਪੜਾ। [19]ਹੇ ਪਤੀ। [20]ਕਾਮਦੇਵ ਦਾ। [21]ਗਾਇਤ੍ਰੀ। [22]ਸ਼ਰਮ ਨਾਲ ਅੱਖਾਂ ਨੀਵੀਆਂ ਕਰਕੇ ਸ਼ਰਮਾਈ। [23]ਮੇਰਾ ਸੁਖਦਾਈ ਹੋਵੇ। [24]ਨਾਸ਼। [25]ਚਰਣਾਂ ਕਵਲਾਂ ਤੇ। [26]ਸ਼ਿਵਜੀ। [27]ਹੇ ਭੈੜੀ ਤ੍ਰੀਮਤ! [28]ਅਵਾਣ।

ਦ੍ਵੈ ਸੁਤ ਜਨਮਹਿੰ ਅਧਮ ਕਠੋਰਾ। ਦੇਹਿੰ ਸਰਬ ਜਗ ਕੋ ਦੁਖ ਘੋਰਾ। ਕਸਮਲ[੧]*ਕਰਹਿੰ ਅਨੇਕ ਪ੍ਰਕਾਰਾ। ਤਿਨ ਹਿਤ[੨] ਧਰਹਿ ਬਿਸ਼ਨੁ ਅਵ-ਤਾਰਾ ॥ ੨੦ ॥ ਕਰਿ ਸੰਗ੍ਰਾਮ[੩] ਹਨਹਿੰਗੇ ਤਿਨ ਕੋ। ਸੰਧ੍ਯਾ[੪] ਧਰ੍ਯੋ ਗਰਭ ਤੈਂ ਜਿਨ ਕੋ। ਤਵ ਸੁਤ ਕੋ ਸੁਤ[੫]ਭਗਤ ਪ੍ਰਧਾਨਾ। ਹੋਵਹਿਗੋ ਸਮਦ੍ਰਿਸ਼ਟਿ ਸੁਜਾਨਾ ॥ ੨੧ ॥ ਕਰ ਕਸਮਲ[੬] ਤੂੰ ਪੁਨ[੭] ਪਛੁਤਾਨੀ[੮]। ਇਸ ਸੁਕ੍ਰਿਤਿ ਤੇ ਹ੍ਵੈ ਸੁਖ ਖਾਨੀ[੯]। ਹ੍ਵੈ ਹੈ ਸਰਬ ਭੂਤ[੧੦] ਹਿਤਕਾਰੀ। ਦੁਖਿ ਲਖਿ[੧੧] ਦੁਖੀ ਸੁਖੀ ਸੁਖ ਧਾਰੀ[੧੨] ॥ ੨੨ ॥ ਸੁਨਿ ਕਰਿ ਦਿਤੀ ਰਿਦੇ ਹਰਖਾਨੀ। ਪ੍ਰਭੁ ਕਰ ਤੇ ਸੁਤ[੧੩] ਕੀ ਮ੍ਰਿਤੁ ਜਾਨੀ। ਪੁਨ ਪੌਤ੍ਰਾ ਹ੍ਵੈ ਭਗਤ ਕ੍ਰਿਪਾਲਾ। ਦੈਵ ਸੰਪਦਾ ਗੁਣਨ ਬਿਸ਼ਾਲਾ ॥੨੩॥ ਧਾਰਤਿ ਭਈ ਗਰਭ ਕੋ ਤਬਹੀ। ਬੀਤ ਗਏ ਸਤ[੧੪] ਸੰਮਤ ਜਬਹੀ। ਗਰਭ ਤੇਜ ਤਿਹ ਬਧ੍ਯੋ ਅਪਾਰੀ। ਲੋਕ ਪ੍ਰਲੋਕ ਪ੍ਰਭਾ[੧੫] ਸਭਿ ਹਾਰੀ ॥੨੪॥ ਬ੍ਯਾਕੁਲ ਹ੍ਵੈ ਬਿਧਿ ਭਵਨ[੧੬]ਸਿਧਾਰੇ[੧੭]। ਕਰਿਕੈ ਬੰਦਨ ਬੈਨ ਉਚਾਰੇ।'ਹੇ ਲੋਕੇਸ਼! ਸਰਬ ਗਤਿ ਜਾਨੋ। ਤੀਨ ਕਾਲ ਕੀ ਬਿਧਿ[੧੮]ਪਹਿਚਾਨੋ॥੨੫॥ਕੱਸ਼੍ਯਪ ਤੇ ਦਿਤਿ[੧੯] ਗਰਭ ਜੁ ਧਾਰਾ।ਤਿਹ ਕੋ ਹੋਯੋ ਤੇਜ ਅਪਾਰਾ। ਜਨਮੈ ਗੋ ਤਿਸ ਤੇ ਅਸ ਕਵਨੂੰ ?। ਜੋ ਦੁਖ ਦੇਤਿ ਅਬਹਿ ਸਭਿ[੨੦] ਭਵਨੂੰ[੨੧]॥੨੬॥ ਸੁਨਿ ਕਰਿ ਉਚਰੇ ਬੈਨ ਬਿਧਾਤਾ। 'ਸਨ-ਕਾਦਿਕ ਜੇ ਹੈਂ ਮਮ ਤਾਤਾ[੨੨]। ਗਏ ਬਿਕੁੰਠ ਬਿਸ਼ਨੁ ਕੇ ਧਾਮਾ। ਰਚਨਾਂ ਬਨੀ ਜਹਾਂ ਅਭਿਰਾਮਾ[੨੩] ॥ ੨੭॥ ਪਰਫੁੱਲਿਤਿ ਤਹਿੰ ਸਦਾ ਬਸੰਤਾ।ਸੁੰਦਰ ਖਗ[੨੪] ਮਿਲ ਕੂਜ ਕਰੰਤਾ[੨੫]। ਕੁਸਮ[੨੬] ਬਾਟਿਕਾ[੨੭] ਰਾਜਤਿ ਰੂਰੀ। ਮਧੁਪ[੨੮] ਗੁੰਜਾਰਹਿੰ ਗੰਧਤਿ[੨੯] ਭੂਰੀ ॥ ੨੮ ॥ ਚਾਂਮੀਕਰ[੩੦] ਕੇ ਸੁਭਗ ਬਿਮਾਨਾ[੩੧]। ਖਚੇ[੩੨] ਮਣਿਨ[੩੩] ਜਾ ਮਹਿੰ ਰੰਗ ਨਾਨਾ। ਫਿਰਹਿੰ ਤਹਾਂ ਬਹੁ ਭਗਤ ਸੁਹਾਏ[੩੪]। ਜਿਨ ਸੇਵਾ ਕਰ ਬਿਸ਼ਨੁ ਰਿਝਾਏ॥ ੨੯ ॥ ਹਾਟਕ[੩੫]

---

[੧]ਪਾਪ। [੨](ਨਾਸ਼ ਕਰਨ) ਵਾਸਤੇ। [੩]ਜੰਗ। [੪]ਸੰਝਾਂ ਵੇਲੇ। [੫]ਤੇਰਾ ਪੋਤਰਾ। [੬]ਪਾਪ ਕਰਕੇ। [੭]ਫਿਰ। [੮]ਪਛੁਤਾਈ ਹੈਂ। [੯]ਪਸ਼ਚਾਤਾਪ ਰੂਪੀ ਚੰਗੇ ਕੰਮ ਕਰਨ ਕਰਕੇ (ਤੇਰਾ ਪੋਤਰਾ) ਸੁਖਾਂ ਦੀ ਖਾਣ ਹੋਵੇਗਾ। [੧੦]ਸਾਰੇ ਪ੍ਰਾਣੀਆਂ ਦਾ। [੧੧]ਦੇਖਕੇ। [੧੨]ਸੁਖੀ (ਨੂੰ ਵੇਖਕੇ) ਸੁਖੀ। [੧੩]ਪੁਤ੍ਰ। [੧੪]ਸੌ। [੧੫]ਸੋਭਾ। [੧੬]ਬ੍ਰਹਮਾ ਦੇ ਘਰ। [੧੭](ਦੇਵਤੇ) ਗਏ। [੧੮]ਹਾਲਤ। [੧੯]ਦਿੱਤੀ ਨੇ। [੨੦]ਸਾਰੇ। [੨੧]ਲੋਕਾਂ ਨੂੰ। [੨੨]ਪੁੱਤਰ। [੨੩]ਸੁੰਦਰ। [੨੪]ਪੰਛੀ। [੨੫]ਚਹਿਚਹਾਂਵਦੇ ਹਨ। [੨੬]ਫੁੱਲਾਂ ਦੇ। [੨੭]ਬਗੀਚੇ। [੨੮]ਭੌਰੇ। [੨੯]ਖੁਸ਼ਬੋ ਉਤੇ। [੩੦]ਸੋਨੇ। [੩੧]ਬਿਬਾਣ। [੩੨]ਜੜੇ ਹੋਏ। [੩੩]ਮਣੀਆਂ। [੩੪]ਸ਼ੋਭਨੀਕ। [੩੫]ਸੋਨੇ ਦੇ ਤੇ। *ਪਾ:-ਕਲਮਲ।

ਫਟਕ[੧] ਭੀਤ[੨] ਜਹਿਂ ਸੋਹਤਿ। ਤਨੇ ਬਿਤਾਨ[੩] ਬਨੇ ਮਨ ਮੋਹਤਿ। ਮੁਕਤਾ[੪] ਕੀ ਝਾਲਰ ਇਕਸਾਰੀ[੫]। ਕਰ ਸਰੋਜ[੬] ਤਹਿਂ ਰਮਾ ਬਿਹਾਰੀ[੭] ॥ ੩੦ ॥ ਨੂਪਰਾਦਿ[੮] ਹੈਂ ਭੂਖਨ ਜੇਈ। ਅੰਗ ਹਲੇ ਝਨਕਾਰਹਿਂ[੯] ਤੇਈ। ਰੁਚਿਰਿ ਸਥਾਨ ਬਿਲੋਕਤਿ ਜਾਈ। ਸਨਕਾਦਿਕ ਜੇ ਚਾਰੋਂ ਭਾਈ ॥ ੩੧ ॥ ਚੌਕੀ ਖਸ਼ਟ ਉਲੰਘੇ ਜਬਹੀ। ਸਪਤਮ ਪੌਰ ਗਏ ਚਲਿ ਤਬਹੀ। ਤਹਿਂ ਜੁ ਹੁਤੇ ਠਾਂਢੇ[੧੦] ਦਰਵਾਨਾ। ਬੇਤ[੧੧] ਅਰਾਇ[੧੨] ਤਿਨਹਿਂ ਅਟਕਾਨਾ[੧੩] ॥ ੩੨ ॥ ਪੰਚ ਬਰਖ[੧੪] ਜਿਨ ਬੈਸ[੧੫] ਸਦਾਈ।ਪਰਮਹੰਸ, ਦਿਸ਼ ਬਸਨ ਬਨਾਈ[੧੬]। ਸਦਾ ਗਯਾਨ ਘਨ[੧੭] ਜਾਵਤਿ ਰੋਕੇ[੧੮]। ਦਰਵਾਨਨ ਦਿਸ਼[੧੯] ਰਿਖਨਿ[੨੦]। ਬਿਲੋਕੇ[੨੧] ॥ ੩੩ ॥ ਕਹਿਨ ਲਗੇ-ਇਕ ਪ੍ਰਭੁ ਪੈ ਜਾਈ[੨੨]। ਏਕਨ ਕੋ ਰੋਕਹੁ ਇਹ ਥਾਈਂ[੨੩]।ਭੇਦ ਦ੍ਰਿਸ਼ਟਿ[੨੪] ਜੋ ਕਰਨੈ ਹਾਰੇ।ਰਹਨਿ ਉਚਿਤ[੨੫] ਨਹਿਂ ਪ੍ਰਭੁ ਦਰਬਾਰੇ ॥ ੩੪ ॥ ਅਸੁਰ[੨੬] ਬੁੱਧਿ ਤੁਮ ਨੇ ਇਹ ਧਾਰੀ। ਜਾਇ ਧਰਹੁ ਤਨ ਧਰਨਿ[੨੭] ਮਝਾਰੀ। ਸਮਦ੍ਰਿਸ਼ਟੀ ਗੁਣ ਸਰਬ ਸਮੇਤਾ। ਐਸੇ ਚਹਿਯਤਿ ਪ੍ਰਭੁ ਨਿਕੇਤਾ-॥੩੫॥ਸੁਨਿ ਕਰਿ ਸ੍ਰਾਪ, ਭਏ ਭਯਮਾਨਾ॥ ਜੈ ਅਰ ਬਿਜੈ ਨਾਮ ਜਿਨ ਜਾਨਾ। ਬਿਨੈ ਕਰਨ ਲਾਗੇ ਕਰ ਜੋਰੀ। -ਦਯੋ ਸ੍ਰਾਪ ਤੁਮ ਨੈ ਦੁਖ ਘੋਰੀ[੨੮]॥੩੬॥ ਧਾਰਿ ਅਨੁਗ੍ਰਹੁ ਅਸਬਰ ਦੀਜੈ। ਜਾਂ ਤੇ ਪ੍ਰਭੂ ਨ ਰਿਦੈ ਭੁਲੀਜੈ। ਸ੍ਰਾਪ ਅੰਤ ਪੁਨ ਦਿਹੋ ਬਤਾਈ। ਹਮ ਆਏ ਤੁਮ ਪਗ ਸ਼ਰਨਾਈ-॥੩੭॥ ਤਿਨ ਕੀ ਬਿਨੈ ਸ੍ਰੋਨ ਸੁਨਿ ਜਬਹੀ। ਬੋਲੇ ਪਰਮ ਰਿਖੀਸ੍ਵਰ ਤਬਹੀ।-ਸਹਿ ਕਰਿ ਸ੍ਰਾਪ ਦੈਤ ਤਨ ਪਾਵਹੁ। ਜਾਇ ਭੂਮ ਤਲ ਰਾਜ ਕਮਾਵਹੁ ॥ ੩੮ ॥ ਸ੍ਰੀ ਪ੍ਰਭੁ ਬਿਸ਼ਨੁ ਧਰਹਿ ਅਵਤਾਰਾ। ਤਿਨ ਕੇ ਹਾਥ ਹੋਇ ਸੰਘਾਰਾ[੨੯]। ਤੀਨ ਜਨਮ ਧਰਿ ਭੂਮ ਮਝਾਰੇ। ਪੁਨ ਆਵਹੁ ਸ੍ਰੀ ਪ੍ਰਭੁ ਦਰਬਾਰੇ-॥੩੯॥ ਬਾਤ ਲਖੀ[੩੦]ਜਬ ਕਮਲਾਕੰਤ॥ ਦੌਰੇ,

[੧]ਬਲੋਰ ਦੀਆਂ। [੨]ਕੰਧਾਂ। [੩]ਚੰਦੋਏ। [੪]ਮੋਤੀਆਂ ਦੀ। [੫]ਇਕੋ ਜਿਹੀ। [੬]ਹੱਥ ਵਿੱਚ ਕਵਲ ਹੈ। [੭]ਲਛਮੀ ਫਿਰ ਰਹੀ ਹੈ। [੮]ਝਾਂਜਰਾਂ ਆਦਿ। [੯]ਛਣਕਦੇ ਹਨ। [੧੦]ਖੜੇ। [੧੧]ਸੋਟੀ। [੧੨]ਅੜਾ ਕੇ। [੧੩]ਰੋਕਿਆ। [੧੪]ਪੰਜ ਸਾਲ ਦੀ। [੧੫]ਆਯੂ। [੧੬]ਦਿਸ਼ਾ ਹੀ ਜਿਨ੍ਹਾਂ ਨੇ ਬਸਤਰ ਬਣਾਏ ਹੋਏ ਹਨ, ਭਾਵ ਨੰਗੇ ਹਨ। [੧੭]ਨਿਰੰਤਰ ਗਯਾਨੀ ਹਨ।[੧੮](ਓਹ) ਜਾਂਦੇ ਹੋਏ ਰੋਕੇ (ਗਏ ਜਦੋਂ)। [੧੯]ਤਰਫ। [੨੦]ਰਿਖੀਆਂ ਨੇ। [੨੧]ਦੇਖਿਆ। [੨੨]ਇਕ ਤਾਂ ਪ੍ਰਭੂ ਪਾਸ ਪੁੱਜ ਜਾਂਦੇ ਹਨ। [੨੩]ਇਕਨਾਂ ਨੂੰ ਇਸ ਥਾਂ ਤੇ ਰੋਕ ਲੈਂਦੇ ਹੋ। [੨੪]ਵਖੇਵੇਂ ਵਾਲੀ ਨਜ਼ਰ। [੨੫]ਯੋਗ। [੨੬]ਦੈਤਾਂ ਦੀ। [੨੭]ਧਰਤੀ। [੨੮]ਭਿਆਨਕ ਦੁਖਦਾਈ। [੨੯]ਤੁਹਾਡੀ ਮੌਤ। [੩੦]ਜਾਣੀ।

ਸਭਿ[1] ਤਹਿਂ ਤਜੇ ਤੁਰੰਤਾ। ਪਰਮਹੰਸ ਲੈਖਿ ਭਗਤ ਬਿਸਾਲਾ। ਕ੍ਰੋਧ ਛਿਮਾਪਨਿ[2] ਤਿਨਹਿ ਕ੍ਰਿਪਾਲਾ ॥ ੪੦ ॥ ਪਗ ਨੰਗੇ ਆਏ ਚਲਿ ਦ੍ਵਾਰਾ। ਕੇਵਲ ਜਿਨ ਕੋ ਪ੍ਰੇਮ ਪਿਆਰਾ। ਅਪਨੇ ਚਰਨ ਰਿਖਿਨਿ ਦਿਖਰਾਏ। ਰੋਸ[3] ਸਪੂਰਨ ਸ਼ਾਂਤਿ ਕਰਾਏ ॥ ੪੧ ॥ ਸ਼ਯਾਮ ਸਰੂਪ ਅਨੂਪਮ ਲੋਨਾ*। ਪ੍ਰਿਥਨਿਤੰਬ[4] ਜਿਨ ਕੀ ਛਬਿ ਕੋ ਨਾ[5]। ਛੁਦ੍ਰ ਘੰਟਕਾ[6] ਬਧੀ ਸੁਹਾਵਨ। ਗਰ ਮਹਿਂ ਬਨਮਾਲਾ ਮਨ ਭਾਵਨ ॥੪੨॥ ਚਾਰ ਭੁਜਾ ਮਹਿਂ ਭੂਖਨ ਚਾਰੂ[7]। ਕੰਕਨ[8] ਮੁਦ੍ਰਿਕ[9] ਅੰਗਦ[10] ਧਾਰੂ[11]। ਉਦਰ ਤ੍ਰਿਵਲੀ[12] ਸੰਜੁਤ[13]† ਰਾਜਤਿ। ਉੱਨਤ ਕੰਧ[14] ਬ੍ਰਿਖਭ ਸਮ ਛਾਜਤਿ[15] ॥੪੩॥ ਰੁਚਿਰ ਚਿਬਕ[16] ਮੁਸ਼ਕਯਾਨ[17] ਕਪੋਲੈ। ਜਿਨ ਪਰ ਸੋਹਤਿ ਕੁੰਡਲ[18] ਲੋਲੈ[19]। ਬਿੱਦ੍ਰਮ[20] ਅਧਰ[21] ਦਸਨ[22] ਜਨੁ ਹੀਰੈ[23]‡। ਭ੍ਰਿਕੁਟੀ[24] ਧਨੁਖ ਨਾਸਕਾ ਕੀਰੈ[25] ॥੪੪॥ ਕੁੰਤਲ[26] ਲਲਿਤ[27] ਅਲਿਕ[28] ਅਹਿ ਛੌਨੈ[29]। ਲੋਚਨ[30] ਉਤਪਲ ਦਲ[31] ਛਬਿ ਭੌਨੈ[32]। ਚਿਤਵਨ[33] ਚਾਰੁ ਮਹਾਂ ਸੁਖਕਾਰੀ। ਸਿਰ ਕਿਰੀਟ[34] ਜਿਹ ਉਪਮਾ ਭਾਰੀ ॥ ੪੫ ॥ ਲਏ ਛਤਰ ਆਏ ਭ੍ਰਿਤ ਪਾਛੇ। ਸ਼ਸ਼ਿ ਸਮ[35] ਮੁਕਤਾ ਝਾਲਰ[36] ਆਛੇ। ਚਮਰ[37] ਚਾਰੁ ਢੋਰਤਿ[38] ਚਹੁੰ ਓਰੇ। ਬਿਜਨ ਸੁਭਗ[39] ਆਨਜੋ ਤਿਹ ਦੌਰੇ[40]§ ॥੪੬॥ ਰਿਖੀਅਨ ਦੇਖਿ ਦਰਸ ਅਤਿ ਰੂਰਾ। ਕੋਟਿਕ ਚੰਦ ਨ[41] ਮੁਖ ਛਬਿ ਪੂਰਾ। ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਬੰਦਨ ਕੀਨਿ ਦੰਡਵਤ ਪਰਿਕੈ ॥ ੪੭ ॥ ਮਨ ਪਛੁਤਾਇ ਬੰਦਿ ਦ੍ਵੈ ਹਾਥਾ। ਕਹਿਨ ਲਗੇ—ਹੇ ਪ੍ਰਭੁ ਜਗਨਾਥਾ। ਬਿਨ ਅਪਰਾਧ ਸ੍ਰਾਪ ਹਮ

---

[1]ਸਾਰੇ, ਭਾਵ ਆਪਣੇ ਸਾਰੇ ਦਰਬਾਰੀ ਛਡਕੇ। [2]ਖਿਮਾ ਕਰਾਉਣ ਵਾਸਤੇ। [3]ਕ੍ਰੋਧ। [4]ਪਟ ਚੌੜੇ ਹਨ। [5]ਕੋਈ ਨਹੀਂ। [6]ਤੜਾਗੀ। [7]ਸੁੰਦਰ। [8]ਕੜੇ। [9]ਛੱਲੇ। [10]ਬੁਹੱਟੇ। [11]ਧਾਰਨ ਕੀਤੇ ਹੋਏ ਹਨ। [12]ਪੇਟ ਪਰ ਤਿੰਨ ਵਲ। [13]ਸਮੇਤ। [14]ਉਚੇ ਮੋਢੇ। [15]ਬੈਲਾਂ ਸਦਰਸ਼ ਫਬਦੇ ਹਨ। [16]ਸੁਹਣੀ ਠੋਡੀ। [17]ਹਸਦੀਆਂ ਹੋਈਆਂ। [18]ਵਾਲੇ। [19]ਚੰਚਲ। [20]ਗੁੱਲੀਆਂ ਵਤ। [21]ਬੁਲ੍ਹ। [22]ਦੰਦ। [23]ਹੀਰਿਆਂ ਵਰਗੇ। [24]ਭਰਵੱਟੇ। [25]ਤੋਤੇ ਵਰਗੀਆਂ। [26]ਕੇਸ। [27]ਸੁੰਦਰ। [28]ਜ਼ੁਲਫਾਂ। [29]ਸੱਪ ਦੇ ਬੱਚਿਆਂ ਵਰਗੀਆਂ। [30]ਨੇਤ੍ਰ। [31]ਕਵਲ ਦੇ ਪੱਤਿਆਂ ਵਾਂਙੂ। [32]ਸ਼ੋਭਾ ਦਾ ਘਰ। [33]ਨਜ਼ਰ। [34]ਮੁਕਟ ਸਿਰ ਤੇ। [35]ਚੰਦਰਮਾਂ ਵਤ (ਸਫੈਦ)। [36]ਮੋਤੀਆਂ ਦੀ ਝਾਲਰ। [37]ਚੋਰ। [38]ਝੁੱਲ ਰਹੇ ਹਨ। [39]ਸ੍ਰੇਸ਼ਟ ਪੱਖਾਂ। [40]ਤ੍ਰਿੱਖੇ ਦੌੜਕੇ ਲਿਆਂਦਾ। [41]ਕ੍ਰੋੜਾਂ ਚੰਦ ਨਹੀਂ ਕਰ ਸਕਦੇ।

*ਪਾ:—ਅਨੂਪ ਸਿ ਲੋਨਾ। †ਪਾ:—ਸੁੰਦਰ। ‡ਪਾ:—ਛਬਿ ਹੀਰੈ। ਛਬਿ ਛੀਰੈ। §ਪਾ:—ਬਿਜਨ ਰੁਚਿਰ ਆਨਜੋ ਤਿਹ ਠੌਰੇ।

ਦੀਨਾ। ਕਰਹੁ ਛਿਮਾਪਨ[੧] ਆਪ ਪ੍ਰਬੀਨਾ--॥ ੪੮ ॥ ਸੁਨਿ ਕਰਿ ਬਿ[illegible]ਨੁ ਸਕਲ ਗੁਨਖਾਨੀ। ਮੁਸਕਤਿ ਮਧੁਰ, ਕਹਿਤ ਮ੍ਰਿਦੁ ਬਾਨੀ ।--ਤੁਮਰੇ ਦੋਖ ਨ ਯਾਂਮੈ ਕੋਈ। ਯਹਿ ਸਭਿ ਸੰਮਤਿ ਮੇਰੋ[੨] ਹੋਈ--॥੪੯॥ ਅਸ ਕਹਿ ਸੁੰਦਰ ਮੰਦਰ ਮਾਂਹੀ। ਲੇ ਬੈਸਾਰੇ ਪਿਖਿ ਸੁਖ ਪਾਹੀ’। ਯਹਿ ਪ੍ਰਸੰਗ ਸਭਿ ਅਮਰਨ ਸੰਗਾ[੩]। ਬਿਧਿਹਿ ਸੁਨਾਯੋ ਸਹਿਤ ਉਮੰਗਾ ॥ ੫੦ ॥ ‘ਦਿਤੀ ਗਰਭ ਮਹਿਂ ਲਖਿਯੇ ਸੋਊ। ਮੋ ਤੇ ਹੋਤਿ ਉਪਾਇ ਨ ਕੋਊ। ਤੁਮ ਨ ਡਰੋ ਸ਼੍ਰੀਪਤਿ ਭਗਵਾਨਾ।ਕਰਿ ਹੈ ਸਰਬ ਕੇਰ ਕੱਲਯਾਨਾ[੪]’ ॥੫੧॥ ਸੁਨਿ ਕਰਿ ਸ਼ੰਕ[੫] ਤਜੀ ਸੁਰ ਸਭਿਹੀ। ਨਿਜ ਨਿਜ ਲੋਕ ਗਏ ਚਲਿ ਤਬਹੀ। ਦਿਤੀ ਬਰਖ ਸਤ ਗਰਭ* ਧਰਯੋ ਜਬ। ਜਨਮ ਕਾਲ ਉਤਪਾਤ[੬] ਭਏ ਤਬ ॥੫੨॥ ਤੀਨ ਲੋਕ ਮਹਿਂ ਸ਼ਬਦ ਬਿਸਾਲਾ। ਅਤਿਸ਼ੈ[੭] ਜਹਿਂ ਤਹਿਂ ਆਵ ਭੁਚਾਲਾ। ਦਿਸ਼ਾ[੮] ਤਪਤ ਜਨੁ ਦਵ[੯] ਵਡ ਲਾਗਾ । ਉਲਕਾਪਾਤ[੧੦] ਅਗਨਿ ਜਿਮ ਜਾਗਾ ॥ ੫੩ ॥ ਉਦੈ ਕੇਤੁ[੧੧] ਭਾ ਅਧਿਕ[੧੨] ਅੰਧੇਰਾ। ਰਵਿ ਸ਼ਸ਼ਿ ਪਰ ਪਰਵੇਖ[੧੩] ਘਨੇਰਾ। ਬਿਨ ਘਨ[੧੪] ਗਰਜਤਿ ਹੈ ਵਡ ਜੋਰਾ। ਸਿਵਾ[੧੫], ਸ੍ਵਾਨ[੧੬], ਖਰ[੧੭] ਬੋਲਤਿ ਘੋਰਾ ॥ ੫੪ ॥ ਬਹੀ[੧੮] ਪ੍ਰਚੰਡ ਵਾਯੁ[੧੯] ਦੁਖ ਕਾਰੀ । ਜੜ੍ਹ ਤੇ ਉਖਰ ਜਾਹਿਂ ਤਰੁ[੨੦] ਭਾਰੀ। ਘੋਰ[੨੧] ਸ਼ਬਦ[੨੨] ਸੁਨਿ ਸਰਬ ਬਿਹੰਗਾ[੨੩] । ਗਿਰਹਿਂ ਨਿਡਯ[੨੪] ਤੇ† ਜਨੁ ਹ੍ਵੈ ਭੰਗਾ[੨੫]

---

[੧]ਮੁਆਫ । [੨]ਮੇਰੇ ਅਨੁਸਾਰ,ਮੇਰੀ ਮਰਜ਼ੀ ਮੁਜਬ । [੩]ਦੇਵਤਿਆਂ ਨਾਲ। [੪]ਸੁੱਖ । [੫]ਸੰਸਾ । ਡਰ। [੬]ਉਪੱਦ੍ਰਵ । [੭]ਬਹੁਤੇ। [੮](ਸਾਰੀਆਂ) ਦਿਸ਼ਾ। [੯]ਦਾਵਾ ਅਗਨੀ। [੧੦]ਤਾਰੇ ਟੁੱਟਣੇ। [੧੧]ਬੋਦੀ ਵਾਲਾ ਤਾਰਾ। [੧੨]ਬੜਾ। [੧੩]ਪਰਵਾਰ। [੧੪]ਬਿਨਾ ਬੱਦਲਾਂ ਦੇ (ਆਕਾਸ਼)। [੧੫]ਗਿੱਦੜ। [੧੬]ਕੁੱਤੇ। [੧੭]ਗਧੇ। [੧੮]ਵਗੀ। [੧੯]ਤੇਜ ਹਵਾ। [੨੦]ਬ੍ਰਿੱਛ। [੨੧]ਭੁਜਾਨਕ। [੨੨]ਆਵਾਜ। [੨੩]ਸਾਰੇ ਪੰਛੀ। [੨੪]ਆਲ੍ਹਣੇ। [੨੫]ਨਾਸ਼ ਹੋਏ, ਮਰੇ ਹੋਏ।

*ਇਹ ਬਾਤਾਂ ਸਭ ਪੌਰਾਣਕ ਕਥਾਵਾਂ ਹਨ,ਕਵਿ ਜੀ ਉਹਨਾਂ ਦੇ ਲਿਖੇ ਮੂਜਬ ਵਰਣਨ ਕਰੀ ਜਾਂਦੇ ਹਨ। ਅੱਖਰੀ ਅਰਥ ਲੈਣੇ ਭੁਲੇਖੇ ਵਿੱਚ ਪੈਣਾ ਹੈ, ਏਹ ਵਾਕਿਆਤ ਆਰਯ ਕੁਲ ਦੇ ਹਿੰਦ ਵਿੱਚ ਆਕੇ ਅਸਲੀ ਵਸਨੀਕਾਂ ਨਾਲ ਜੁੱਧ ਜੰਗ ਦੇ ਰਵਾਯਤੀ ਹਾਲਾਤ ਪੌਰਾਣਕਾਂ ਨੇ ਆਪਣੇ ਰੰਗ ਢੰਗ ਵਿੱਚ ਲਿਖੇ ਹਨ। ਅਸਲੀ ਵਸਨੀਕਾਂ ਨੂੰ ਓਹ ਦਸਯੂ, ਦੈਤ, ਰਾਕਸ਼ਸ ਆਦਿ ਪਦਾਂ ਨਾਲ ਯਾਦ ਕਰਦੇ ਹੁੰਦੇ ਸਨ। ਅਤਯੋਕਤੀ ਨੂੰ ਓਹ ਕਵੀ ਇਕ ਭੂਸ਼ਨ (ਅਲੰਕਾਰ) ਸਮਝਿਆ ਕਰਦੇ ਸਨ, ਤੇ ਬੇਰੋਕ ਟੋਕ ਖੁੱਲ੍ਹਾ ਵਰਤਿਆ ਕਰਦੇ ਸਨ।

†ਪਾ:-ਗਿਰਹਿਂ ਡਾਰ ਤੇ।

॥ ੫੫ ॥ ਕਾਨਨ ਕੇ ਪਸੁ ਭਏ ਦੁਖਾਰੇ। ਭੈ ਕਰਿ ਮੂਤ੍ਰ ਮਲਾਦਿਕ ਡਾਰੇ[੧]। ਧਰ ਪਰ ਧਾਰਾਧਰ ਪੂੰਧਾਰੀ[੨]*। ਸ੍ਰਵਹਿਂ ਸਥਨ[੩] ਗੋ[੪] ਸ਼੍ਰੋਣਿਤ ਸਾਰੀ† ॥ ੫੬ ॥ ਸਰਬ ਅਮੰਗਲ[੫] ਪਿਖਿ ਭੈਕਾਰੇ। ਪ੍ਰਲੈ ਕਾਲ ਮਨ ਮਨੁਜ ਬਿਚਾਰੇ। ਮਹਾਂ ਤ੍ਰਾਸ ਭਾ ਪ੍ਰਜਾ ਮਝਾਰੀ। ਜਨਮੇ ਦੈਂਤ ਦੇਹਿ ਜਿਨ ਭਾਰੀ ॥੫੭॥ ਥੋਰਨ ਦਿਨ ਮਹਿਂ ਬਧ੍ਯੋ ਸਰੀਰਾ। ਨਭ ਲੌ[੬] ਮੁਕਟ[੭] ਭਏ ਵਡ ਬੀਰਾ। ਹਿਰੰਨਾਛ ਧਰਿ ਗਦਾ[੮] ਸਕੰਧੂ[੯] ॥ ਕੀਨ ਦਿਗਬਿਜੈ[੧੦] ਭਾ ਮਤਿ ਅੰਧੂ[੧੧] ॥੫੮॥ ਜਿਉਂ ਖਗੇਸ਼[੧੨] ਤੇ ਅਹਿ[੧੩] ਭੈ ਮਾਨੇ। ਤ੍ਯੋਂ ਰਣ ਤਜਿ ਸੁਰ[੧੪] ਸਰਬ ਪਲਾਨੇ। ਜਬਹਿ ਨਿਪੁੰਸਕ[੧੫] ਅਮਰ ਨਿਹਾਰੇ[੧੬]। ਗਰਜ੍ਯੋ ਘੋਰ[੧੭] ਗਰਬ[੧੮] ਉਰਧਾਰੇ ॥੫੯॥ ਕਰ[੧੯] ਧਰਿ ਗਦਾ ਉਦਧਿ[੨੦] ਮਹਿਂ ਗਵਨਾ[੨੧]। ਗਯੋ ਬਰੁਣ ਕੋ[੨੨] ਜਿਹਠਾਂ[੨੩] ਭਵਨਾ[੨੪]। ਕਹਿਨ ਲਗ੍ਯੋ 'ਤੁਮ ਸੂਰ ਕਹਾਵਹੁ। ਹਮ ਸੋਂ ਉਠਿ ਕਰਿ ਜੁੱਧ ਮਚਾਵਹੁ ॥੬੦॥ ਸੁਨ੍ਯੋ ਕਾਨ ਮੈਂ, ਹੋ ਬਲਭਾਰੀ। ਪੂਰਬ ਜੀਤੇ ਤੋਹਿ[੨੫] ਸੁਰਾਰੀ[੨੬]'। ਸੁਨਿ ਕਰਿ ਬਰੁਣ ਕਹੀ ਅਸਬਾਨੀ॥ 'ਮੈਂ ਨਹਿਂ ਤੇਰੇ ਜੋਰ ਸਮਾਨੀ[੨੭] ॥੬੧॥ ਤੁਝਹਿ ਜੁੱਧ ਮਹਿਂ ਤੋਖਨਹਾਰੂ[੨੮]। ਬਿਨ ਪਦਮਾਪਤਿ[੨੯] ਕੋ ਨ ਨਿਹਾਰੂੰ। ਜਾਹੁ ਰਸਾ-ਤਲ[੩੦] ਮਿਲ ਤੁਝ ਤਾਈਂ। ਹਨਿਹੈ ਠਾਨਿ[੩੧] ਬਿਸਾਲ[੩੨] ਲਰਾਈ' ॥੬੨॥

ਇਤੀ[੩੩] ਕਥਾ ਇਹ ਲਖਿ ਮਰਦਾਨੇ[੩੪]!। ਅਬ ਸੁਨਿ ਜ੍ਯੋਂ ਬਰਾਹ ਪ੍ਰਗਟਾਨੇ। ਪੂਰਬ[੩੫] ਬਿਧਿ ਤੇ[੩੬] ਮਨ[੩੭] ਸਤਰੂਪਾ[੩੮]। ਨਰ ਤਿਯ[੩੯] ਉਪਜੇ ਗੁਣਨ ਅਨੂਪਾ ॥ ੬੩ ॥ ਬਿਧਿ ਸੋਂ[੪੦] ਕਹੈਂ 'ਬਿਨੈ ਸੁਨਿ ਲੀਜੈ।

---

[੧]ਸੁੱਟਦੇ ਸਨ। [੨]ਧਰਤੀ ਉਤੇ ਬੱਦਲ ਪੂੰ (ਪਾਕ) ਦੀ ਧਾਰ ਸਿੱਟਦੇ ਸੀ। [੩]ਨਿਕਲਦਾ ਸੀ ਥਣਾਂ ਵਿਚੋਂ। [੪]ਗਊਆਂ ਦੇ। [੫]ਅਸ਼ੁਭ ( ਲੱਛਣ )। [੬]ਅਕਾਸ਼ ਤਕ। [੭]ਸੀਸ। [੮]ਗੁਰਜ। [੯]ਮੋਢੇ (ਉਤੇ)। [੧੦]ਚੁਫੇਰੇ ਫਤੇ। [੧੧]ਅੰਧਾ। [੧੨]ਗਰੁੜ। [੧੩]ਸਰਪ। [੧੪]ਦੇਵਤੇ। [੧੫]ਖੁਸਰੇ। [੧੬]ਦੇਖੇ। [੧੭]ਭਯਾਨਕ। [੧੮]ਹੰਕਾਰ। [੧੯]ਹੱਥ ਵਿਚ। [੨੦]ਸਮੁੰਦਰ। [੨੧]ਵਿਚ ਗਿਆ। [੨੨]ਗਿਆ ਵਰਣ ਦਾ। [੨੩]ਜਿੱਥੇ। [੨੪]ਘਰ ਸੀ। [੨੫]ਤੂੰ ਨੇ। [੨੬]ਦੇਵਤਿਆਂ ਦੇ ਵੈਰੀ ਭਾਵ ਦੈਂਤ। [੨੭]ਬਰਾਬਰ। [੨੮]ਪ੍ਰਸੰਨ ਕਰਨ ਵਾਲਾ। [੨੯]ਵਿਸ਼ਨੂੰ। [੩੦]ਪਾਤਾਲ। [੩੧]ਕਰਕੇ। [੩੨]ਬੜੀ। [੩੩]ਇਤਨੀ। [੩੪]ਹੇ ਮਰਦਾਨੇ। [੩੫]ਪਹਿਲੇ। [੩੬]ਬ੍ਰਹਮਾਂ ਤੋਂ। [੩੭]ਨਾਮ ਪੁੱਤ੍ਰ ਦਾ। [੩੮]ਨਾਮ ਪੁੱਤਰੀ ਦਾ। [੩੯]ਪੁਰਸ਼ ਇਸਤ੍ਰੀ। [੪੦]ਬ੍ਰਹਮਾਂ ਨੂੰ।

*ਪਾ:—ਧਰ ਪਰ ਧਾਰ ਰੁਧਿਰ ਪ੍ਰੂਧਾਰੀ=ਧਰਤੀ ਪਰ ਲਹੂ ਪਾਕ ਦੀ ਧਾਰ ਵਗਦੀ ਸੀ।

†ਕਵਿ ਜੀ ਨੇ ਸਾਰੇ ਖੋਟੇ ਲੱਛਣ ਏਥੇ ਗਿਣ ਦਿਖਾਏ ਹਨ।

ਅਪਨੀ ਸੇਵ ਹਮਹਿਂ ਕੁਛ ਦੀਜੈ । ਪੁੱਤ੍ਰ ਸਿੱਖ ਕੀ ਇਹ ਸ਼ੁਭ ਰੀਤੀ[1] । ਗੁਰ ਪਿਤ ਆਇਸ[2] ਕਰਹਿ ਸਪ੍ਰੀਤੀ ॥ ੬੪ ॥ ਤਾਂਤੇ ਹਮ ਕੋ ਉਚਿਤ ਗੁਸਾਈਂ !। ਦਯਾ ਧਾਰਿ ਨਿਜ ਦੇਹੁ ਬਤਾਈ' । ਸੁਨਿ ਮਨ ਕੇ ਅਸ ਬੈਨ ਬਿਧਾਤਾ[3]।ਬੋਲਤਿ ਭਯੋ 'ਸੁਨਹੁ ਹੇ ਤਾਤਾ[4] !॥੬੫॥ਤੁਮ ਪਰ ਮੈਂ ਸੁ ਪ੍ਰਸੰਨ ਮਹਾਨਾ। ਦੰਪਤਿ*[5] ਰਹਹੁ ਸਹਿਤ ਕੱਲ੍ਯਾਨਾ। ਜੇ ਕਰਿ ਮਮ ਸੇਵਾ ਤੁਮ ਮਾਂਗੀ। ਅਸ ਪ੍ਰਕਾਰ ਕੀਜੈ ਅਨੁਰਾਗੀ ॥ ੬੬ ॥ ਨਿਜ ਸਰੀਰ ਤੇ ਸੁਤ ਉਪਜਾਵਹੁ। ਧਰਮ ਸਹਿਤ ਛਿਤ[6] ਰਾਜ ਕਮਾਵਹੁ। ਮਖ[7] ਕਰਿ ਜਜਹੁ[8] ਬਿਸ਼ਨੁ ਗੁਨ ਖਾਨੀ । ਪ੍ਰਜਾਰੱਖ੍ਯ[9] ਅਬ ਕਰਹੁ ਮਹਾਨੀ ॥ ੬੭ ॥ ਜਿਨ ਸ਼੍ਰੀ ਪ੍ਰਭੁ ਨਹਿਂ ਤੋਖਨ[10] ਕੀਨੋ। ਮੰਦਭਾਗ ਜਗ ਅਪਜਸ[11] ਲੀਨੋ । ਹਰਿ ਕੋ ਜਜਨ[12]† ਪ੍ਰਜਾ ਰਖਵਾਰੀ । ਇਹ ਸੇਵਾ ਵਡ ਜਾਨ ਹਮਾਰੀ' ॥੬੮॥ ਸੁਨਿ ਕਰਿ ਮਨੁ ਬੋਲਯੋ ਬਿਧਿ ਸਾਥੇ। ਰਾਵਰ ਕੀ ਆਇਸੁ ਮਮ ਮਾਥੇ । ਮੈਂ ਅਰ ਪਰਜਾ[13]ਸਰਬ[14] ਸਮੇਤਾ॥ਜਲ ਮਹਿਂ ਧਰਾ[15]ਨ ਪਾਇ ਨਿਕੇਤਾ[16] ॥ ੬੯ ॥ ਕਿਹ ਸਥਾਨ ਰਹਿ ਰਾਜ ਕਮਾਵੌਂ ?। ਰੱਛ[17] ਪ੍ਰਜਾ ਕੋ ਕਹਾਂ[18] ਬਸਾਵੌਂ[19] ?। ਜੇ ਅਸ‡ ਬਿਧਿ ਕੀ ਚਾਹਿ ਤੁਮਾਰੀ। ਕਿਸੂ ਜਤਨ ਲਿਹੁ ਧਰਨਿ[20]ਉਧਾਰੀ' ॥੭੦॥ਸੁਨਿਕਰਿ ਯੋਂ,ਬਿਧਿਕਰਤਿ ਬਿਚਾਰਾ ।-ਪਹਿਲੇ ਜਲ ਮੈਂ ਪਿਯੋ[21] ਅਪਾਰਾ[22] । ਹੋਈ ਹੁਤੀ[23] ਨਗਨ[24] ਜਬ ਅਵਨੀ[25] । ਰਚੀ ਪ੍ਰਜਾ ਤਬ ਬਹੁ ਬਿਧਿ ਰਵਨੀ[26] ॥ ੭੧ ॥ ਅੱਪ੍ਰਮਾਨ[27] ਜਲ ਬਧਯੋ ਬਹੋਰੀ। ਸਗਰੀ ਧਰਨਿ ਲੀਨਿ ਅਬ ਬੋਰੀ। ਕਿਸ ਪ੍ਰਕਾਰ ਇਸ ਵਹਿਰ ਟਿਕਾਊਂ। ਨਾਨਾ ਬਿਧਿ ਕੀ ਰਚਨ ਰਚਾਊਂ॥੭੨॥ਨਾਭਿ ਕਮਲ ਤੇ ਜਨਮ ਭਯੋ ਜਬ। ਜਗਤ ਰਚਨ ਪ੍ਰਭੁ ਆਇਸੁ ਦੀ ਤਬ। ਨਹਿਂ ਮੋਤੇ ਅਬ ਹੋਤਿ ਉਪਾਈ। ਕਰਹਿਂ ਆਪ ਜਗਦੀਸ਼[28] ਸਹਾਈ-॥੭੩॥ ਦੋਹਰਾ ॥ ਚਿੰਤਤਿ[29]

---

[1]ਪੁੱਤ੍ਰ ਤੇ ਸਿੱਖ ਲਈ ਇਹ ਰੀਤੀ ਸ਼ੁਭ ਹੈ। [2]ਗੁਰੂ ਤੇ ਪਿਤਾ ਦੀ ਆਗਜਾ। [3]ਬ੍ਰਹਮਾਂ। [4]ਹੇ ਪੁੱਤ੍ਰ !। [5]ਇਸਤ੍ਰੀ ਭਰਤਾ। [6]ਪ੍ਰਿਥਵੀ ਦਾ। [7]ਯੱਗ। [8]ਪੂਜੋ। [9]ਪ੍ਰਜਾ ਦੀ ਰੱਖਿਆ। [10]ਪ੍ਰਸੰਨ। [11]ਬਦਨਾਮੀ। [12]ਪੂਜਣਾ। [13]ਮੈਂ ਤੇ ਪਰਜਾ। [14]ਸਾਰਿਆਂ ਦੇ। [15]ਧਰਤੀ ਤਾਂ ਪਾਣੀ ਵਿਚ ਹੈ। [16]ਘਰ ਨਹੀਂ ਪੈ ਸਕਦਾ। [17]ਰਖਿਆ ਕਰਕੇ। [18]ਕਿੱਥੇ। [19]ਵਸਾਊਂਗਾ। [20]ਧਰਤੀ ਨੂੰ। [21]ਪੀਤਾ ਸੀ। [22]ਬਹੁਤ। [23]ਹੋਈ ਹੋਈ ਸੀ। [24]ਨੰਗੀ। [25]ਪ੍ਰਿਥਵੀ। [26]ਸੁੰਦਰ। [27]ਬੇਅੰਦਾਜ਼ਾ। [28]ਜਗਤ ਦੇ ਈਸ਼੍ਵਰ। [29]ਸੋਚਦਾ।

*ਪਾਃ-ਦਿਪਤ। †ਪਾਃ-ਭਜਨ। ‡ਪਾਃ-ਇਸ।

ਭਯੋ ਬਿਸਾਲ ਜਬ ਹੁਤੇ ਜੁ ਨਾਸਨ[੧] ਛੇਕ[੨]। ਤਿਨ ਤੇ ਪ੍ਰਗਟ ਬਰਾਹ[੩] ਭੇ[੪] ਜੋ ਜਗ ਧਰਨੀ ਟੇਕ[੫] ॥ ੭੪ ॥ ਚੌਪਈ ॥ ਨਿਕਸੇ[੬] ਪ੍ਰਿਥਮ[੭] ਅੰਗੁਸ਼ਟ[੮] ਸਮਾਨਾ[੯]। ਚਢਿ ਅਕਾਸ਼ ਮਹਿਂ ਬਧੇ ਮਹਾਨਾ। ਅਚਰਜ ਭਏ ਦੇਖਿ ਸੁਰ[੧੦] ਸਾਰੇ। ਲਖਿ[੧੧] ਹਰਿ[੧੨] ਜੈ ਜੈ ਸ਼ਬਦ ਉਚਾਰੇ ॥੭੫॥ ਘੁਰ ਘੁਰ ਮੁਖ ਤੇ ਕਰਿ ਤਿਹ ਕਾਲਾ। ਸੂੰਘਤਿ ਸ਼ੂਕਰ[੧੩] ਸਰਸ[੧੪] ਕ੍ਰਿਪਾਲਾ। ਉੱਜਲ ਰਦਨ[੧੫] ਚੰਦ੍ਰਮਾ ਨਜਾਈਂ[੧੬]। ਪੂਛ ਬਾਲ ਵਡ ਊਚ ਉਠਾਈ ॥ ੭੬ ॥ ਰੋਮ ਸਕੰਧ[੧੭] ਕਠਨ[੧੮] ਝਵਰਾਏ[੧੯]। ਮੇਘ[੨੦] ਖੁਰਨ ਸੋਂ[੨੧] ਸਭਿ ਬਿਲਗਾਏ[੨੨]। ਦੇਖਤਿ ਸਰਬ ਦੇਵਤਨ ਤਬ ਹੀ। ਸ਼੍ਰੀ ਬਰਾਹ ਪ੍ਰਵਿਸ਼ੇ[੨੩] ਜਲ ਜਬ ਹੀ ॥ ੭੭ ॥ ਅਹਿਰਨ ਸਮ[੨੪] ਜੋ ਅੰਗ ਕਠੋਰਾ[੨੫]। ਮਨਹੁ ਜਲਧਿ[੨੬] ਕੀ ਕੁੱਖਨਨ[੨੭] ਫੋਰਾ[੨੮]। ਸਰਬ[੨੯] ਵਾਰ ਕੋ[੩੦] ਦੀਨ ਬਿਦਾਰੀ[੩੧]। ਗਏ ਰਸਾ-ਤਲ[੩੨] ਥਾਨ ਮਝਾਰੀ[੩੩] ॥ ੭੮ ॥ ਪੂਰਬ ਜਹਿਂ ਸੋਵਨ ਕੀ ਥਾਈਂ। ਤਹਿਂ ਤੇ ਧਰਨੀ ਲੀਨਿ ਉਠਾਈ। ਗਵਨੇ ਤਬ ਦੰਤਨ ਪਰ[੩੪] ਧਾਰੀ। ਸ਼੍ਰੀ ਬਲ-ਵੰਤ ਲਸੇ ਛਬਿ ਭਾਰੀ॥੭੯॥ਤਹਿਂ ਹਿਰੰਨਾਛ ਬਰੁਨ[੩੫] ਕੋ ਪ੍ਰੇਰਾ[੩੬]। ਮਿਲ੍ਯੋ ਪੰਥ[੩੭] ਮਹਿਂ ਗਰਬ ਘਨੇਰਾ। ਅੱਗ੍ਰ[੩੮] ਦੰਤ[੩੯] ਧਰਨੀ[੪੦] ਧਰਿ ਆਵਤਿ। ਬਲੀ ਦੁਰਦ[੪੧] ਜਿਉਂ ਸ਼ੋਭ ਬਢਾਵਤਿ[੪੨] ॥੮੦॥ ਦੇਖਿ ਦੈਂਤ ਕਿਯ ਸ਼੍ਰੋਣਤ ਨੈਨਾ[੪੩]। ਮੁਖ ਤੇ ਬਹੁ ਬੋਲਤਿ ਦੁਰਬੈਨਾ। 'ਹਮਹਿਂ ਰਸਾਤਲ[੪੪] ਬਿਧਿ[੪੫] ਦਿਯ ਸਾਰੋ। ਤਜਿ ਛਿਤਿ ਕੋ ਨਤੁ[੪੬] ਅਬ ਤੁਝ ਮਾਰੋਂ' ॥ ੮੧ ॥ ਅਸ ਕਹਿ ਲੇ ਕਰਿ ਗਦਾ ਚਲਾਈ। ਹਨਿ ਕਰਿ* ਗਦਾ ਜੁ ਧਰਨ ਗਿਰਾਈ। ਨਭ ਮਹਿਂ ਠਾਢੇ[੪੭] ਦੇਵ ਬਿਲੋਕਤਿ। ਹਾਹਾ ਕਾਰ ਕਰਤਿ ਮਤਿ ਸ਼ੋਕਤਿ[੪੮]

---

[੧]ਨਾਸਕਾ ਦੇ। [੨]ਛੇਕ। [੩]ਸੂਰ। [੪]ਹੋਏ। [੫]ਧਰਤੀ ਦਾ ਆਸਰਾ। [੬]ਨਿਕਲੇ। [੭]ਪਹਿਲੇ। [੮]ਅੰਗੂਠੇ ਦੇ। [੯]ਬਰਾਬਰ। [੧੦]ਦੇਵਤੇ। [੧੧]ਜਾਣਕੇ। [੧੨]ਵਿਸ਼ਨੂੰ। [੧੩]ਸੂਰ। [੧੪]ਸਮਾਨ। [੧੫]ਦੰਦ ਚਿੱਟੇ। [੧੬]ਵਰਗੇ। [੧੭]ਮੋਢੇ ਦੇ। [੧੮]ਸਖਤ। [੧੯]ਹਿਲਾਏ। [੨੦]ਬੱਦਲ। [੨੧]ਖੁਰਾਂ ਨਾਲ। [੨੨]ਵਖੋ ਵਖ ਕੀਤੇ। [੨੩]ਅੰਦਰ ਵੜੇ। [੨੪]ਲੋਹੇ ਦੀ ਅਹਿਰਨ ਵਤ। [੨੫]ਸਖਤ। [੨੬]ਸਮੁੰਦਰ। [੨੭]ਵੱਖੀਆਂ। [੨੮]ਤੋੜੀਆਂ। [੨੯]ਸਾਰੇ। [੩੦]ਪਾਣੀ ਨੂੰ। [੩੧]ਦੂਰ ਕੀਤਾ। [੩੨]ਪਾਤਾਲ। [੩੩]ਵਿਚ। [੩੪]ਦੰਦਾਂ ਉਤੇ। [੩੫]ਵਰੁਣ ਦਾ। [੩੬]ਪ੍ਰੇਰਿਆ ਹੋਇਆ। [੩੭]ਰਾਹ। [੩੮]ਅੱਗੇ। [੩੯]ਦੰਦਾਂ ਉਤੇ। [੪੦]ਧਰਤੀ। [੪੧]ਹਾਥੀ। [੪੨]ਵਧਾਏ ਹੋਏ। [੪੩]ਲਾਲ ਨੇਤ੍ਰ। [੪੪]ਪਾਤਾਲ। [੪੫]ਬ੍ਰਹਮਾ ਨੇ। [੪੬]ਨਹੀਂ ਤਾਂ। [੪੭]ਅਕਾਸ਼ ਵਿਚ ਖੜੇ। [੪੮]ਸ਼ੋਕਵਾਨ ਬੁੱਧੀ।

*ਪਾ:—ਹਰਿਕਰ।

॥ ੯੨ ॥ ਤਿਹ ਛਿਨ ਦੇਖ ਨਿਰਾਯੁਧ[1] ਹਰਿ ਕੋ। ਕਰਯੋ ਨ ਦੈਤ ਵਾਰ ਨਿਜ ਕਰ ਕੋ। ਧਰਮ ਯੁੱਧ ਕੋ ਰਿਦੇ ਬਿਚਾਰੀ। ਰਹਯੋ ਠਾਂਢ ਤਿਹ ਥਾਨ ਅਗਾਰੀ ॥੯੩॥ ਸ੍ਰੀ ਬਰਾਹ ਤਬ ਚੱਕ੍ਰ[2] ਬੁਲਾਵਾ। ਕੋਟ ਸੂਰ ਸਮ ਤਤ-ਛਿਨ ਆਵਾ। ਅਸੁਰ ਬਲੀ ਦੇਖਯੋ ਜਿਹ ਕਾਲਾ। ਹ੍ਵੈ ਸਮੀਪ ਕਿਯੋ ਜੁੱਧ ਬਿਸਾਲਾ ॥ ੯੪ ॥ ਹਰਿ ਕੀ ਦਿਸ਼ ਪੁਨ ਗਦਾ ਚਲਾਈ। ਕਿਯੋ ਕ੍ਰੋਧ ਬਲ ਸਰਬ ਲਗਾਈ। ਆਵਤਿ ਗਹੀ ਤਬਹਿ ਜਗਤੇਸ਼ਾ। ਜਿਉਂ ਸਰਪਨਿ ਕੋ ਗਹਿਤਿ ਖਗੇਸ਼ਾ[3] ॥ ੯੫ ॥ ਨਿਫਲ ਘਾਤ ਲਖਿ ਦੈਤਨਰਾਯਾ। ਰਚੀ ਬਿਸਾਲ ਆਸੁਰੀ ਮਾਯਾ। ਪੌਨ ਪ੍ਰਚੰਡ[4] ਵਰਖ[5] ਰਜ[6] ਛਾਈ। ਸੰਘਨ[7] ਘਨ[8] ਤੜਿਤਾ[9] ਚਮਕਾਈ ॥ ੯੬ ॥ ਅਸਤ[10] ਰੁਧਿਰ[11] ਪੂੰ[12] ਕਚ[13] ਮਲ* ਮੂਤਾ। ਬਰਖਤਿ[14] ਪ੍ਰਗਟੇ ਦਾਨਵ[15] ਭੂਤਾ। ਧਰਿ ਧਰਿ ਮਾਰਹਿਂ ਮਾਰ ਪੁਕਾਰਹਿਂ। ਛਿੰਦ ਭਿੰਦ[16] ਬਹੁ ਘਾਤ[17] ਪ੍ਰਹਾਰਹਿਂ[18] ॥ ੯੭ ॥ ਅਸ ਪ੍ਰਕਾਰ ਕੀ ਪਿਖਿ ਕਰਿ ਮਾਯਾ। ਸ੍ਰੀ ਬਰਾਹ ਚੱਕਰ ਚਮਕਾਯਾ। ਕਰੀ ਦੂਰ ਤਤਛਿਨ ਮਹਿਂ ਸੋਊ। ਕਰਨ ਲਗੇ ਰਣ ਗਰਜਤਿ ਦੋਊ ॥ ੯੮ ॥ ਕਰਹਿਂ ਪ੍ਰਹਾਰ[19] ਗਦਾ ਸਰਬੰਗਾ[20]। ਅਰੁਣ[21] ਸਰੀਰ ਰੁਧਿਰ[22] ਕੇ ਸੰਗਾ। ਬਹੁਰ ਲਰਹਿਂ ਕਰਿ ਮੁਸ਼ਟਨ[23] ਮਾਰੀ। ਬੱਜ੍ਰ ਸਮਾਨ ਨਾਦ[24] ਹ੍ਵੈ ਭਾਰੀ ॥੯੯॥ ਅਧਿਕ ਕ੍ਰੋਧ ਕਰਿ ਸ੍ਰੀ ਭਗਵੰਤਾ। ਸਿਰ ਮਹਿਂ ਮੁਸ਼ਟਿਕ[25] ਹਨੀ ਤੁਰੰਤਾ। ਖਾਇ ਭੁਵਾਰਿ[26] ਗਿਰਯੋ ਤਬ ਐਸੇ। ਪੌਨ ਬੇਗ ਤੇ ਤਰੁ[27] ਧਰ ਜੈਸੇ ॥੧੦੦॥ ਜਯੋਂ ਬ੍ਰਿਤਿ ਕੋ[28] ਪੁਰਹੂਤ[29] ਗਿਰਾਵਾ। ਤਯੋਂ ਪਰਸਿਰ[30] ਕੇ ਕਚ ਬਿਥਰਾਵਾ[31]। ਸ੍ਰੀ ਪ੍ਰਭੁ ਕਰ ਤੇ ਮ੍ਰਿਤੂ[32] ਨਿਹਰਿਕੈ[33]। ਕਹਹਿਂ 'ਧੰਨ' ਸੁਰ ਬਚਨ ਉਚਰਿਕੈ ॥ ੧੦੧ ॥ 'ਜੈ ਜੈ ਜੈ' ਧੁਨਿ ਕਰਿ

---

[1]ਸ਼ਸਤ੍ਰਾਂ ਤੋਂ ਬਿਨਾਂ। [2]ਇਕ ਗੋਲ ਸ਼ਸਤ੍ਰ। [3]ਗਰੁੜ। [4]ਤੇਜ। [5]ਮੀਂਹ। [6]ਧੂੜ੍ਹੀ,ਅਨ੍ਹੇਰੀ। [7]ਘਨੇ। [8]ਬੱਦਲਾ ਵਿਚੋਂ। [9]ਬਿਜਲੀ। [10]ਹੱਡ। [11]ਲਹੂ। [12]ਪਾਕ। [13]ਵਾਲ। [14]ਵਰਖਾ ਹੋਈ। [15]ਦੈਂਤ। [16]ਛਲ ਵਲ (ਨਾਲ)। (ਅ) ਛੇਦਨ ਭੇਦਨ (ਵਾਸਤੇ)। [17]ਦਾਉ। [18]ਮਾਰਦੇ ਹਨ। [19]ਮਾਰਨਾ। [20]ਸਾਰੇ ਅੰਗਾਂ ਵਿਚ। [21]ਲਾਲ। [22]ਲਹੂ। [23]ਮੁੱਕਿਆਂ ਦੀ ਮਾਰ। [24]ਅਵਾਜ਼। [25]ਇਕ ਮੁੱਕਾ। [26]ਭੁਵਾਲੀ। [27]ਬ੍ਰਿਛ। [28]ਬ੍ਰਿਤਾਸੁਰ ਨਾਮੇ ਦੈਂਤ ਨੂੰ। [29]ਇੰਦਰ ਨੇ। [30]ਸਿਰ ਉਪਰਲੇ। [31]ਖਿਲਾਰੇ ਕੇਸ। [32]ਮੌਤ। [33]ਦੇਖਕੇ।

*ਪਾ:-ਕਸਮਲ।

ਚਹੁੰ ਘਾਈ। ਹਰਖ ਪੁਸ਼ਪ ਬਰਖਾ ਬਰਖਾਈ। ਤਿਹਕੇ ਮਾਰਿ ਧਰੀ ਪੁਨ ਧਰਨੀ। ਕਰਿ ਬੰਦਨ ਸੁਰ ਉਸਤਤਿ ਬਰਨੀ'॥੯੨॥ ਸ੍ਰੀ ਅੰਗਦ ਜੀ ਸੁਨਿ ਇਸ ਭਾਂਤੀ। ਕਹੀ ਕਥਾ ਸ੍ਰੀ ਗੁਰੂ ਸੁਹਾਤੀ। ਮਰਦਾਨਾ ਸੁਨਿ ਕਰਿ ਹਰਖਾਨਾ। ਪੁਨ ਆਗੇ ਕੋ ਕੀਨ ਪਯਾਨਾ॥ ੯੩ ॥ ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਬੈਰਾਹ' ਪ੍ਰਸੰਗ ਬਰਨਨੰ ਨਾਮ ਸੱਤਰਮੋ ਅਧ੍ਯਾਯ ॥ ੭੦ ॥

## ੭੧. [ਅਕਾਲ ਪੁਰਖ ਮੰਗਲ। ਧ੍ਰੂਵ ਪ੍ਰਸੰਗ]

ਦੋਹਰਾ ॥ ਅਲਖ ਅਭੇਖ ਅਨੰਤ ਪ੍ਰਭੁ ਜਿਂਹ ਗਤਿ ਲਖੀ ਨ ਜਾਹਿ।
ਬੰਦਨ ਪਦ ਅਰਬਿੰਦ ਤਿਹ ਡਾਢਾ ਬੇ ਪਰਵਾਹਿ* ॥੧॥

ਅਲਖ=ਜੋ ਲਖਿਆ ਨ ਜਾਵੇ, ਜੋ ਨਜ਼ਰ ਨਾ ਆਵੇ, ਜੋ ਇੰਦ੍ਰਿਆਂ ਤੇ ਗਿਆਨ ਤੋਂ ਪਰੇ ਹੋਵੇ [ਸੰਸਃ—ਅਲਕਸ਼]।
ਅਭੇਖ=ਜਿਸ ਦਾ ਭੇਖ ਨਾ ਹੋਵੇ। ਭੇਖ=[ਸੰਸਃ, ਵੇਖ]=ਗਹਣਾ, ਲਿਬਾਸ, ਚਿੰਨ੍ਹ। ਮੁਰਾਦ ਹੈ ਰੂਪ, ਰੇਖ, ਰੰਗ। ਅਭੇਖ=ਜੋ ਰੂਪ ਰੇਖ ਰੰਗ ਤੋਂ ਨਿਆਰਾ ਹੋਵੇ।
ਅਨੰਤ=ਜਿਸ ਦਾ ਅੰਤ ਨਾ ਹੋਵੇ, ਜਿਸ ਦਾ ਅੰਤ ਨਾ ਹੋਵੇ ਉਸ ਦਾ ਆਦਿ ਭੀ ਨਹੀਂ ਹੁੰਦਾ। ਮੁਰਾਦ ਹੈ ਬੇਹਦ।
ਗਤਿ=ਹਾਲਤ, ਦਸ਼ਾ, ਚਾਲ, ਪ੍ਰਾਪਤੀ, ਪ੍ਰਾਪਤੀ ਦੀ ਗਲ, ਮੁਰਾਦ ਹੈ ਕਿ ਅਨੰਤ, ਅਰੂਪ, ਅਲਖ ਹੋਕੇ ਜਿਸ ਹਾਲ ਓਹ ਹੈ ਉਸ ਹਾਲ ਦਾ ਪਤਾ ਬੀ ਨਹੀਂ ਲਖਿਆ ਜਾ ਸਕਦਾ।

**ਅਰਥ**—(ਜੋ) ਵਾਹਿਗੁਰੂ ਅਲੱਖ ਅਭੇਖ ਤੇ ਅਨੰਤ ਹੈ (ਅਰ ਐਸਾ ਹੋਣ ਕਰਕੇ) ਜਿਸ ਦੀ ਗਤੀ ਲਖੀ ਨਹੀਂ ਜਾਂਦੀ, (ਤੇ ਜੋ) ਬੜਾ ਬੇ ਪਰਵਾਹ ਹੈ, ਤਿਸ ਦੇ ਚਰਨਾਂ ਕਮਲਾਂ ਪਰ ਨਮਸਕਾਰ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ †ਸ੍ਰੀ ਅੰਗਦ ਜੀ ! ਸੁਨਿ ਇਤਿਹਾਸੂ।

*'ਡਾਢਾ ਬੇ ਪਰਵਾਹ' ਪੰਜਾਬੀ ਮੁਹਾਵਰਾ ਹੈ। ਇਕ ਲਿਖਤੀ ਨੁਸਖੇ ਵਿਚ—ਭਾਰੀ ਬੇ ਪਰਵਾਹ—ਬੀ ਪਾਠ ਵੇਖਿਆ ਹੈ। ਇਕ ਲਿਖਤੀ ਤੇ ਛਾਪੇ ਵਿੱਚ—ਠਾਢਾ—ਪਾਠ ਡਿੱਠਾ ਹੈ, ਜੋ ਹਿੰਦੀ ਪਦ ਤਾਂ ਠੀਕ ਹੈ, ਪਰ ਹਿੰਦੀ ਮੁਹਾਵਰੇ ਵਿਚ ਪਾਠ ਠਾਢਾ ਠੀਕ ਨਹੀਂ। ਅਰਥ ਦੀ ਸਫਲਤਾ—ਡਾਢਾ ਬੇ ਪਰਵਾਹ—ਵਿੱਚ ਹੈ।

†ਇਸ ਅਧ੍ਯਾਯ ਵਿੱਚ ਧ੍ਰੂ ਦੀ ਕਥਾ ਹੈ, ਜਿਵੇਂ ਪੁਰਾਣਾਂ ਵਿੱਚ ਵਰਣਿਤ ਹੈ ਤਿਵੇਂ ਇਥੇ ਕਵੀ ਜੀ ਨੇ ਦਿੱਤੀ ਹੈ। ਜਿਸ ਜਨਮ ਸਾਖੀ ਤੋਂ ਆਪ ਨੇ ਕਥਾ ਲਈ ਹੈ ਉਸ ਵਿੱਚ ਗੁਰੂ ਜੀ ਦੀ ਧ੍ਰੂ ਨਾਲ ਭੇਟ ਹੈ, ਪਰ ਇਹ

(ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠਾਂ)

ਅੱਗ੍ਰਜ ਗਮਨੇ ਪੁਨ ਸੁਖ ਰਾਸੁ ਤਾਰੇ ਤਰੈ ਛੋਰਿ ਕਰਿ ਸਭਿਹੀ। ਊਰਧ[1] ਪਹੁੰਚੇ ਸ਼੍ਰੀ ਗੁਰੁ ਜਬਹੀ ॥ ੨ ॥ ਮਰਦਾਨੇ ਤਬ ਬੂਝਨ ਕੀਨੇ । 'ਮੁਝਹਿ ਬਤਾਵਹੁ ਪ੍ਰਭੁ ਪ੍ਰਬੀਨੇ। ਉਡਗਨ ਇਹਾਂ ਨ ਦੀਸਤਿ ਕੋਊ । ਹਮ ਕਿਹ ਦਿਸ਼ਿ ਤਜਿ ਆਏ ਸੋਊ? ॥੩॥ ਕਾਂਕੋ ਇਹਾਂ ਪ੍ਰਕਾਸ਼ ਪ੍ਰਕਾਸ਼ਾ ?। ਅਤਿ ਉੱਜਲ ਸੁੰਦਰ ਸੁਖਰਾਸਾ'। ਸੁਨਿ ਸ਼੍ਰੀ ਨਾਨਕ ਬਚਨ ਉਚਾਰੇ। 'ਹਮ ਤੇ ਤਰੇ ਰਹੇ ਅਬ ਤਾਰੇ ॥੪॥ ਨੀਚੇ ਕਰਿ ਮੁਖ ਲੇਹੁ ਨਿਹਾਰੀ। ਰਹੇ ਪ੍ਰਕਾਸ਼ ਥਾਨ ਨਿਚ[2]*ਸਾਰੀ[3]। ਹਮ ਤੇ ਊਰਧ ਏਕ ਲਖੀਜੈ। ਨਾਮ ਧ੍ਰੂਅ† ਜਿਹ ਪ੍ਰਗਟ ਭਨੀਜੈ ॥ ੫ ॥ ਤਾਂਕੋ ਇਹਾਂ ਪ੍ਰਕਾਸ਼ ਘਨੇਰੋ । ਲਘੁ ਬੈਸ[4] ਤਪ ਜਿਨ ਕੀਨ ਵਡੇਰੋ। ਸਭਿ ਤੇ ਊਚੋ ਅਬਚਲ ਰਾਜੂ। ਸੰਜੁਤ[5] ਸ਼ੋਭਾ ਰਹਯੋ ਬਿਰਾਜੂ' ॥ ੬ ॥ ਬੋਲਯੋ ਮਰਦਾਨਾ ਵਡਭਾਗੀ। ਕਥਾ ਸੁਨਨ ਕੋ ਜਿਹ ਰੁਚਿ ਜਾਗੀ‡। 'ਸ਼੍ਰੀ ਗੁਰੁ ਜੀ! ਇਹ ਸਰਬ ਪ੍ਰਸੰਗ। ਜਿਉਂ ਪਾਯੋ ਉਨ§ ਥਾਨ ਉਤੰਗ[6] ॥੭॥ ਬਯ ਲਘੁ ਤਪ ਕੀਨੋ ਕਿਹਕਾਰਨ?। ਪ੍ਰਭੂ ਰਿਝਾਏ ਬਿਪਤਿ

---

[1]ਉੱਪਰ। [2]ਹੇਠਾਂ। [3]ਸਾਰੇ। [4]ਛੋਟੀ ਅਵਸਥਾ ਤੋਂ। [5]ਸਮੇਤ। [6]ਉੱਚਾ।

*ਪਾ:—ਥਾਨ ਨਿਜ=ਅਪਣੇ ਟਿਕਾਣੇ । †ਪਾ:—ਧ੍ਰੂਵ ।

‡ਪਾ:—ਲਾਗੀ । §ਪਾ:—ਇਹ, ਇਸ ।

[ਪਿਛਲੇ ਪੰਨੇ ਦੀ ਬਾਕੀ ਟੂਕ]

ਕਥਾ ਮਰਦਾਨੇ ਨੂੰ ਸੁਣਾਈ ਨਹੀਂ ਲਿਖੀ। ਪੁਰਾਤਣ ਜਨਮ ਸਾਖੀ ਵਿੱਚ ਭੀ ਨਹੀਂ ਹੈ, ਤੇ ਨਾ ਹੀ ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਵਿੱਚ ਹੈ।

ਗੁਰਮਤ ਵਿਚ ਧ੍ਰੂ ਜੀ ਨੂੰ ਭਗਤ ਕਰਕੇ ਮੰਨਿਆਂ ਹੈ ਤੇ ਉਸ ਦੀ ਭਗਤੀ ਨਾਲ ਪਰਮ ਗਤੀ ਹੋਈ ਬੀ ਮੰਨੀ ਹੈ, ਤੇ ਭਗਤੀ ਦੇ ਦ੍ਰਿਸ਼ਟਾਂਤਾਂ ਵਿੱਚ ਇਸ ਦਾ ਬਹੁਤ ਵੇਰ ਜ਼ਿਕਰ ਆਯਾ ਹੈ ਤੇ ਭਾਈ ਗੁਰਦਾਸ ਜੀ ਨੇ ਸਾਖੀ ਬੀ ਇਤਨੀ ਕੁ ਲਿਖੀ ਹੈ:—

> ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰ ਪਿਉ ਕੁੱਛੜ ਲੀਤਾ। ਬਾਹਹੁੰ ਪੱਕੜ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ। ਡਿਡਹੁਲਿੱਕਾ ਮਾਂ ਪੁਛੇ ਤੂੰ ਸਾਵਾਣੀ ਹੈਂ ਕਿ ਸਰੀਤਾ? ਸਾਵਾਣੀ ਹਾਂ ਜਨਮ ਦੀ ਨਾਮ ਨ ਭਗਤੀ ਕਰਮ ਦ੍ਰਿੜ੍ਹੀਤਾ। ਕਿਸ ਉਦਮ ਤੇ ਰਾਜ ਮਿਲੈ ਸ਼ਤ੍ਰੂ ਤੇ ਸਭ ਹੋਵਨ ਮੀਤਾ। ਪਰਮੇਸ਼ੁਰ ਆਰਾਧੀਐ ਜਿਦੂੰ ਹੋਈਐ ਪਤਿਤ ਪੁਨੀਤਾ। ਬਾਹਰ ਚਲਿਆ ਕਰਨ ਤਪ ਮਨ ਬੈਰਾਗੀ ਹੋਇ ਅਤੀਤਾ। ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨ ਅਮਿਓ ਰਸ ਪੀਤਾ। ਪਿਛਹੁੰ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ। ਹਾਰ ਚਲੇ ਗੁਰਮੁਖਿ ਜਗ ਜੀਤਾ ॥ ੧ ॥

ਬਿਦਾਰਨ[੧]। ਸੋ ਸਭਿ ਮੁਝ ਕੋ ਦੇਹੁ ਸੁਨਾਈ। ਚਲਹੁ ਬਹੁਰਿ ਦੇਖਹਿਂ ਤਿਹ ਤਾਈਂ" ॥ ੮ ॥ ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਬੋਲੇ ਸ਼੍ਰੀ ਨਾਨਕ ਗੁਨ ਐਨਾ। 'ਸਕਲ ਧ੍ਰੂਵ ਕੋ ਸੁਨਹੁ ਪ੍ਰਸੰਗਾ। ਭੋ ਮਰਦਾਨੇ! ਸੰਗ ਉਮੰਗਾ ॥੯॥ ਪੂਰਬ ਭਯੋ ਏਕ ਭੂਪਾਲਾ॥–ਸ਼ੰਭੂਮੁਨਿ–ਜਿਹ ਨਾਮ ਬਿਸਾਲਾ। ਹੁਤੀ ਭਾਰਜਾ ਤਿਹ ਸਤਰੂਪਾ॥ਤਿਨ ਤੇ ਦ੍ਵੈ ਸੁਤ ਭਏ ਅਨੂਪਾ॥੧੦॥–ਪ੍ਰਿਯਬ੍ਰਤ[੨]– ਏਕ ਬਿਦਤਿ ਜਗ ਮਾਂਹੀ। ਜਿਹ ਰਥ ਪਹੀਅਨ ਉਦਧਿ[੩] ਖਟਾਈ[੪]। ਦੁਤਿਯ–ਉਤਾਨਪਾਦ–ਨਿਰਪਾਲਾ। ਭੂ ਕੋ ਕਰਿਹੀ ਰਾਜ ਬਿਸਾਲ॥੧੧॥ ਤਿਹ ਕੈ ਸਦਨ ਹੁਤੀ ਯੁਗ ਨਾਰੀ। ਇਕ ਅਨੇਹ[੫] ਇਕ ਪ੍ਰਾਨਨ ਪਯਾਰੀ। ਬਸੀ[੬] ਸਰੁਚਿ ਕੇ ਅਸਬਿਧਿ ਸੋਊ। ਮਨਹੁ ਮੋਲ ਕੋ ਲੀਨੋ ਕੋਊ ॥ ੧੨ ॥ ਦੂਤੀ ਸੁਨੀਤਾ* ਸੈਂ ਨਹਿਂ ਨੇਹਾ। ਪੁਰਾ[੭] ਧ੍ਰੂਵ ਪ੍ਰਗਟ੍ਯੋ ਜਿਸ ਗ੍ਰੇਹਾ। ਪੰਚ ਬਰਖ ਧ੍ਰੂਵ ਕੀ ਭੀ ਬੈਸਾ। ਇਕ ਦਿਨ ਗਯੋ ਤਾਤ ਜਹਿਂ ਬੈਸਾ ॥ ੧੩ ॥ ਸਹਿਤ ਦੁਲਾਰ[੮] ਅੰਕ[੯] ਕੇ ਮਾਂਹੀ। ਬੈਠ੍ਯੋ ਚਾਵ ਰਿਦੇ ਬਹੁ ਜਾਂਹੀ। ਤਬ ਤਿਹ ਕਾਲ ਬਿਮਾਤਾ[੧੦] ਆਈ। ਦੇਖਿ ਸੌਤਸੁਤ[੧੧] ਰਿਸ ਉਪਜਾਈ॥੧੪॥ ਕਰ ਗਹਿ ਬਲ ਸੋਂ ਦੀਨ ਉਠਾਈ। ਬਹੁ ਕਠੋਰ ਮੁਖ ਗਿਰਾ ਅਲਾਈ।–ਬੈਸਨ ਪਿਤ ਕੇ ਅੰਕ ਮਝਾਰਾ[੧੨]। ਨਹਿਂ ਬਾਲਿਕ! ਤੇਰੋ ਅਧਿਕਾਰਾ ॥੧੫ ॥ ਜੇ ਇਹ ਪਦ ਲੇਵਨ ਇਛ ਤੇਰੇ। ਕਰਹੁ ਕਠਨ ਜਪ ਤਾਪ ਘਨੇਰੇ। ਬ੍ਰੱਤ ਸਾਧਿ ਪੁਨ ਨਿਜ ਤਨ ਤਯਾਗੀ। ਜਨਮ ਉਦਰ ਮਮ ਹੋ ਵਡਭਾਗੀ ॥੧੬॥ਤਬ ਤੁਹਿ ਉਚਿਤ ਰਾਜ ਕੋ ਲੇਨਾ–।ਅਸ ਕਹਿ ਝਿਰਕ੍ਯੋ ਰਿਸ ਭਰਿ ਨੈਨਾ। ਦੀਨ ਭਯੋ ਰੋਦਨ ਵਡ ਕੀਨਾ। ਤਿਯ ਬਸਿ† ਨ੍ਰਿਪ ਨਹਿਂ ਆਦਰ ਦੀਨਾ ॥੧੭॥ ਮੋਚਤਿ ਲੋਚਨ ਤੇ ਜਲ ਧਾਰਾ॥ ਬਚਨ ਬਾਨ ਬਿਧ ਗਯੋ ਬਿਚਾਰਾ। ਜਾਗ੍ਯੋ ਹਿਰਦੇ ਕ੍ਰੋਧ ਘਨੇਰਾ। ਮਨਹੁ ਸਰਪ[੧੩]ਕਿਨ[੧੪] ਪਗ ਸੋਂ ਛੇਰਾ[੧੫]॥੧੮॥ਫਰਕਤਿ ਅਧਰ,ਲੇਤਿ ਵਡ ਸ੍ਵਾਸਾ॥

---

[੧]ਦੂਰ ਕਰਨ ਵਾਲੇ। [੨]ਨਾਮ ਰਾਜੇ ਦਾ। [੩]ਸਮੁੰਦਰ। [੪]ਖੋਦਿਆ ਸੀ। [੫]ਜਿਸ ਦੇ ਨਾਲ ਪਿਆਰ ਨਹੀਂ ਸੀ। [੬]ਵੱਸ। [੭]ਪਹਿਲੋਂ। [੮]ਲਾਡ। [੯]ਗੋਦੀ। [੧੦]ਮਤਰੇਈ ਮਾਂ। [੧੧]ਸੌਂਕਣ ਦਾ ਪੁੱਤ੍ਰ। [੧੨]ਗੋਦੀ ਵਿੱਚ। [੧੩]ਸੱਪ ਨੂੰ। [੧੪]ਕਿਸੇ ਨੇ। [੧੫]ਛੇੜਿਆ ਹੈ।

*ਏਥੇ ਅਕਸਰ ਪਾਠ ਬਿਨੀਤਾ ਹੈ, ਪਰ ਅੰਧ੍ਯਾਯ ੭੨ ਅੰਕ ੫ ਵਿੱਚ ਨਾਮ ਸੁਨੀਤਾ ਆਇਆ ਹੈ ਤੇ ਅਸਲੀ ਨਾਮ ਹੈਸੀ ਬੀ ਸੁਨੀਤਾ। †ਪਾ:–ਡਰ।

ਰੋਵਤਿ ਆਵਾ ਜਨਨਿ ਅਵਾਸਾ। ਬਦਨ ਮਲੀਨ ਹੇਰਿ ਸੁਤ ਕੇਰਾ। ਭਈ ਦੁਖੀ ਕਰਿ ਸ਼ੋਕ ਘਨੇਰਾ ॥ ੧੯ ॥ ਅਪਰ ਨਰਨ ਤੇ ਸੁਨਿ ਸੁਧਿ ਸਾਰੀ। ਰੁਦਿਤ ਦ੍ਰਿਗਨ ਤੇ ਅੰਸੁਨ ਡਾਰੀ। ਸਵਤਗਿਰਾ[1] ਤੇ ਮਨ ਬਿਕੁਲਾਨੀ। ਲਤਾ[2] ਖੇਦ ਕਰਿ ਜਨੁ ਕੁਮਲਾਨੀ[3] ॥ ੨੦ ॥ ਬਦਨਾਂਬੁਜ[4] ਬਹੁ ਕੀਨ ਮਲੀਨਾ।ਨਿਜ ਸੁਤ ਅੰਕ ਬਿਖੈ ਤਬ ਲੀਨਾ।ਊਭ ਸ੍ਵਾਸ ਲੈ ਬਚਨ ਬਖਾਨੇ। –ਸੁਨਹੁ ਪੁੱਤ੍ਰ! ਇਵ ਲੇਹੁ ਪਛਾਨੇ ॥ ੨੧ ॥ ਦੁਖ ਸੁਖ ਕੋ ਨ ਦੇਤਿ ਕਿਹ ਤਾਈਂ। ਕਰਮ ਕਰਹਿ ਜਸ ਤਸ ਫਲ ਪਾਈ। ਪ੍ਰਿਥਮ ਪੁੰਨ ਤੇ ਸੁਖ ਚਲਿ ਆਵੈ।ਕਰੇ ਪਾਪ ਤੇ ਦੁਖ ਫਲ ਪਾਵੈ॥੨੨॥ ਗਿਰਾ ਸਵਤ[5] ਨੈ ਸਾਚ ਉਚਾਰੀ। ਤੂੰ ਜਨਮ੍ਯੋ ਮਮ ਗਰਭ ਮਝਾਰੀ।ਮੰਦ ਭਾਗ ਮੋ ਕੋ ਲਖਿ ਲੀਜੈ। ਦਾਸੀ ਸਮ ਨਹਿਂ ਮੁਝੈ ਲਖੀਜੈ॥੨੩॥ਸਿੰਘਾਸਨ[6]ਕੀ ਜੇ ਅਭਿਲਾਖੇ। ਭਜਹੁ ਪ੍ਰਭੂ ਮਨ ਕੋ ਥਿਰ ਰਾਖੇ। ਜਾਸ ਚਰਨ ਕੀ ਸੇਵਨ ਕਰਿਕੈ। ਲਿਯੋ ਬ੍ਰਹਮਪਦ ਬਿਧਿ ਹਿਤ ਧਰਿ ਕੈ॥੨੪॥ ਤੋਰ ਪਿਤਾਮਾ ਭਾ ਮਨੁਰਾਜੂ।ਕੀਨ ਅਨਿਕ ਮਖ[7]ਭੂਰ ਸਮਾਜੂ। ਹਰਿ ਕੋ ਸਿਮਰਨ ਕਰਿ ਸੁਖ ਪਾਵਾ। ਪੁਨ ਪ੍ਰਭੁ ਪਦ ਮਹਿਂ ਅੰਤ ਸਮਾਵਾ॥੨੫॥ਤਾਂਤੇ ਹੇ ਸੁਤ! ਮਨ,ਕ੍ਰਮ,ਬਚਨਾ। ਜਾਹੁ ਸ਼ਰਨ ਜਾਂਕੀ ਸਭਿ ਰਚਨਾ। ਖੋਜਤਿ ਮੁਨਿ ਜਨ ਜੋਗੀ ਜਾਸੂ[8]। ਸਿਮਰਹੁ ਤਿਹ[9] ਪੈਹਹੁ[10] ਫਲ ਆਸੂ[11]–॥੨੬॥ ਸੁਨਯੋ ਮਾਤ ਉਪਦੇਸ਼ ਬਿਸਾਲਾ। ਹਿਰਦੈ ਧੀਰ ਧਰੀ ਤਿਹ ਕਾਲਾ। ਤੂਰਨ ਤ੍ਰਿਨ ਸਮ ਪੁਰਿ[12] ਕੋ ਤ੍ਯਾਗੀ। ਮਧੁ ਬਨ ਕੋ ਗਮਨ੍ਯੋ ਵਡ ਭਾਗੀ॥੨੭॥ ਨਾਰਦ ਸੁਨਿ ਕਰਿ ਸਭਿ ਬਿਰਤੰਤਾ। ਮਿਲ੍ਯੋ ਆਨਿ ਮਗ ਮਾਂਹਿ ਤੁਰੰਤਾ। ਧ੍ਰੂਵ ਮਨ ਕੀ ਲਖਿ ਕਰਿ ਰਿਖਿਰਾਈ। ਸਿਰ ਪਰ ਕਰ ਪਰਸ੍ਯੋ ਹਿਤ ਲਾਈ ॥੨੮॥–ਬਾਲ ਆਰਬਲ ਮ੍ਰਿਦੁਲ ਬਿਸ਼ਾਲਾ। ਸੁਨਿ ਬਿਮਾਤ[13] ਬਚ ਭਾ ਉਰ ਸਾਲਾ[14]–। ਬਿਗਸਤਿ[15] ਬਾਨੀ ਬਦਨ ਬਖਾਨੀ। –ਸਿਸ! ਤਵ ਬਯ ਨਹਿਂ ਮਾਨ ਅਮਾਨੀ[16] ॥੨੯॥ ਖਾਨ ਪਾਨ ਖੇਲਨ ਰਸ ਰੀਤਾ। ਇਨਹਿਂ ਚਾਹਿ ਤੂੰ ਕਿਉਂ ਵਿਪਰੀਤਾ। ਅਬੈ ਗ੍ਯਾਨ ਕੀ ਕੀਨਸ

---

[1]ਸੌਂਕਣ ਦੀ ਬੋਲੀ। [2]ਵੇਲ। [3]ਕੁਮਲਾ ਗਈ। [4]ਮੁਖ ਕਵਲ। [5]ਸੌਂਕਣ। [6]ਤਖਤ। [7]ਯੱਗਜ। [8]ਜਿਸ ਨੂੰ। [9]ਤਿਸਨੂੰ। [10]ਪਾਓਗੇ। [11]ਛੇਤੀ। [12]ਸ਼ਹਿਰ। [13]ਮਤਰੇਈ ਮਾਂ ਦੇ। [14]ਸੱਲ, ਪੀੜਾ। [15]ਖਿੜ ਕੇ। [16]ਹੇ ਬਾਲਕੇ ਤੇਰੀ ਉਮਰ ਆਦਰ ਅਨਾਦਰ ਦੀ (ਪਰਵਾਹ ਕਰਨ ਵਾਲੀ) ਨਹੀਂ, (ਬਚਪਨ ਵਿਚ ਆਦਰ ਅਨਾਦਰ ਦੀ ਪਰਵਾਹ ਨਹੀਂ ਹੁੰਦੀ)।

ਪ੍ਰੀਹਾ[੧]। ਤਾਂ ਪਰ ਸੁਨਹੁ ਬਾਤ ਮਮ ਲੀਹਾ[੨] ॥ ੩੦ ॥ ਜਬ ਪ੍ਰਾਨੀ ਕੋ ਉਪਜਹਿ ਗ੍ਯਾਨਾ। ਸ਼ੱਤ੍ਰ ਮਿੱਤ੍ਰ ਦੁਖ ਸੁਖ ਸਮਾਨਾ। ਤੌ ਤਪ ਕਰਨ ਬਾਦ ਹੈ ਤੇਰੋ। ਹਟਹੁ ਜਾਹੁ ਗ੍ਰਿਹ ਕਰੋ ਬਸੇਰੋ ॥ ੩੧ ॥ ਜੇਤੋ ਸੁਖ ਤੁਝ ਦੇਯ ਬਿਮਾਤਾ। ਤਿਤੋ ਜਾਇ ਭੋਗਹੁ ਹੇ ਤਾਤਾ[੩]। ਕਰਿ ਸੰਤੋਖ ਰਹਹੁ ਘਰ ਮਾਂਹੀ। ਅਹੋ ਵਤਸ[੪], ਬਨ[੫] ਕੁਛ ਸੁਖ ਨਾਂਹੀ ॥ ੩੨ ॥ ਜੋ ਤਵ ਜਨਨਿ ਕੀਨ ਉਪਦੇਸ਼ਾ। ਲੇਨ ਚਹਹੁ ਤਿਹ ਵਡੋ ਅੰਦੇਸ਼ਾ[੬]। ਖੋਜਤਿ ਜਿਹ ਕੋ ਮੁਨੀ ਜੁਗੇਸ਼ੁਰ। ਦੁਰਾਰਾਧ੍ਯ[੭] ਸੋ ਲਖਿ ਪਰਮੇਸ਼ੁਰ ॥੩੩॥ ਤਪ ਤਾਪਹਿੰਤੀਬਰ ਚਿਰਕਾਲਾ। ਕਰਿਹੈਂ ਜਤਨ ਅਨੇਕ ਬਿਸਾਲਾ। ਤਦਪਿ ਨ ਪਾਵਹਿਂ ਫਿਰਹਿਂ ਖੁਜੰਤੇ। ਚਰਨ ਕਵਲ ਪ੍ਰਭੁ ਸ਼੍ਰੀ ਭਗਵੰਤੇ ॥ ੩੪ ॥ ਅਬ ਬਯ ਲਘੁ ਚਲਿਯੇ ਗ੍ਰਿਹਮਾਂਹੀ। ਹੋਇ ਤਰੁਨ ਤਬ ਕਰਿ ਅਸਚਾਹੀ-। ਸੁਨਿ ਮੁਨਿਵਰ ਬਾਨੀ ਰਸਸਾਨੀ[੮]। ਬੋਲ੍ਯੋ ਧ੍ਰੂਵ ਜੋਰਿ ਜੁਗ ਪਾਨੀ[੯] ॥੩੫॥ -ਆਪਕਹਿਤਿ ਸਾਚੀ ਸਭਿ ਭਾਂਤੀ। ਤੱਦਪਿ ਨ ਮੋ ਮਨ ਬਿਖੈ ਗਡਾਤੀ[੧੦]। ਮੈ ਕੁਪੁਰਖ[੧੧] ਬਹੁਰੋ ਅਗ੍ਯਾਤੀ। ਬਚ ਬਿਮਾਤ ਤੇ[੧੨] ਸੁਲਗਤਿ ਛਾਤੀ ॥੩੬॥ ਦੁਖਤਿ ਰਿਦਾ ਸੁਨਿ ਗਿਰਾ ਕਠੋਰਾ। ਹਟਨੇ ਤ੍ਰਿਟ[੧੩] ਨ ਕਰੇ ਮਨ ਮੋਰਾ*। ਤੁਮ ਪਰਹਿਤ ਕੇ ਹੇਤ ਸਦਾਈ। ਸਰਬ ਥਾਨ ਬਿਚਰਹੁ ਰਿਖਿ ਜਾਈ ॥ ੩੭ ॥ ਜਿਹ ਪਦ ਲੌ ਪਹੁੰਚ੍ਯੋ ਨ ਪਿਤਾਮਾ[੧੪]। ਤਾਂ ਪਦ ਕੀ ਇੱਛਾ ਅਭਿਰਾਮਾ[੧੫]। ਸੋ ਮਾਰਗ ਮੁਝ ਦੇਹੁ ਬਤਾਈ। ਰਾਵਰ ਕ੍ਰਿਪਾ-ਨਿਧਾਨ ਸਦਾਈ[੧੬] ॥ ੩੮ ॥ ਤਰਨਿ ਤੇਜ ਸਮ[੧੭] ਗ੍ਯਾਨ ਅਪਾਰਾ। ਬੀਨਾ[੧੮] ਕਰ[੧੯] ਧਾਰੇ ਸੁਖ ਭਾਰਾ-। ਸੁਨਿ ਬਚ ਲਖਿ ਸ਼ਰਧਾ ਜਿਹਗਾਢੀ[੨੦]। ਮੁਨਿ ਪ੍ਰਸੰਨਤਾ ਅਧਿਕਹਿ ਬਾਢੀ[੨੧] ॥੩੯॥ ਕਹਿਨ ਲਗ੍ਯੋ-ਮੈਂ ਪਰਖਤਿ ਨੀਕੇ। ਅਹੋ ਬਾਲ ਤਵ ਸ਼ਰਧਾ ਹੀ ਕੇ[੨੨]। ਹਿਤ ਕੱਲ੍ਯਾਨ ਪੰਥ ਲਖਿ ਸੋਊ। ਤਵ ਜਨਨੀ ਭਾਖ੍ਯੋ ਸ਼ੁਭ ਜੋਊ ॥੪੦॥ ਸ਼੍ਰੀ ਕਰਤਾਰ ਸਕਲ ਗੁਨ

---

[੧]ਇੱਛਾ। [੨]ਮਰਯਾਦਾ ਦੀ। [੩]ਹੇ ਪੁੱਤ੍ਰ! [੪]ਬਾਲਕ ਹੇ। [੫]ਬਨ ਵਿੱਚ। [੬]ਖਤਰਾ। [੭]ਜਿਸ ਦੀ ਅਰਾਧਨਾ ਕਠਨ ਹੈ। [੮]ਰਸ ਵਾਲੀ। [੯]ਦੋਵੇਂ ਹਥ ਜੋੜ ਕੇ। [੧੦]ਲਗਦੀ। [੧੧]ਜੋ ਪੁਰਖ ਪਦ ਤੇ ਨਾ ਪੁੱਜਿਆ ਹੋਵੇ (ਅ) ਮਾੜਾ ਆਦਮੀ। [ਸੰਸ:, ਕੁ+ਪੁਰਸ਼]। [੧੨]ਮਤ੍ਰੇਈ ਮਾਂ ਦੇ ਬਚਨਾਂ ਕਰਕੇ। [੧੩]ਮੁੜਨ ਦੀ ਇੱਛਾ। [੧੪]ਦਾਦਾ। [੧੫]ਸੋਹਣੀ ਇੱਛਾ ਹੈ (ਮੈਨੂੰ)। [੧੬]ਸਦਾ ਹੀ ਹੋ। [੧੭]ਸੂਰਜ ਦੇ ਤੇਜ ਵਰਗਾ। [੧੮]ਵੀਣਾ। [੧੯]ਹਥ। [੨੦]ਪੱਕੀ। [੨੧]ਬਹੁਤ ਵਧੀ। [੨੨]ਹਿਰਦੇ ਦੀ।

*ਪਾ:-ਹਟਨੇ ਪਰ ਨ ਕਰਤ ਮਨ ਮੋਰਾ।

ਖਾਨੀ। ਤਾਂਕੋ ਸੇਵਹੁ ਮਨ ਕ੍ਰਮ[੧] ਬਾਨੀ। ਧਰਮ ਅਰਥ ਕਾਮ ਪੁਨ ਮੋਖਾ। ਪਾਯੋ ਚਹਿ ਜਿਹ ਨਰ ਬਿਨ ਦੋਖਾ॥੪੧॥ ਸੋ ਇਕ ਬਾਸਦੇਵ[੨] ਕੀ ਸ਼ਰਨਾ। ਅਪਰ ਉਪਾਵ ਨ ਕੋਊ ਬਰਨਾ॥ਅਬ ਮਧੁਬਨ[੩] ਜਮਨਾ ਤਟ ਜਾਈ। ਜਥਾ ਜੋਗ ਆਸਨ ਕੋ ਲਾਈ॥ ੪੨ ॥ ਭਲਿ ਬਿਧਿ ਸਾਧਹੁ ਪ੍ਰਾਣਾਯਾਮਾ। ਹੋਵਹਿ ਰਿਦਾ ਬਿਮਲ ਅਭਿਰਾਮਾ। ਧਰਹੁ ਧਯਾਨ ਤਬ ਸ੍ਰੀ ਹਰਿ ਪੂਰੈ[੪]। ਸ਼ਯਾਮ ਸਰੂਪ ਅਨੂਪਮ ਰੂਰੈ[੫] ॥੪੩ ॥ ਸਮ ਮਯੰਕ[੬] ਮੁਖ ਮੰਡਲ ਸੋਹਨ। ਚਾਰੁ ਚਖਨ[੭] ਚਿਤਵਨ[੮] ਮਨ ਮੋਹਨ। ਮੰਦ ਮੰਦ ਮੁਸ਼ਕਯਾਨ ਕਪੋਲਾ। ਅਧਰ ਅਰੁਨ ਛਬਿ ਬਨੀ ਅਮੋਲਾ॥੪੪॥ ਚਾਰ[੯] ਭੁਜਾ[੧੦] ਯੁਤ[੧੧] ਭੂਖਨ[੧੨] ਚਾਰੂ[੧੩]। ਗਦਾ,ਚੱਕ੍ਰ, ਦਰ[੧੪],ਅੰਬੁਜ[੧੫] ਧਾਰੂ। ਸ਼੍ਰੁਤ[੧੬] ਕੁੰਡਲ, ਤਨ ਪੀਤ ਦੁਕੂਲਾ[੧੭]। ਕਟ ਤਟਿ[੧੮] ਕਿੰਕਨਿ[੧੯] ਸਭਿ[੨੦] ਛਬਿ ਮੂਲਾ[੨੧] ॥ ੪੫ ॥ ਪਗ ਮਹਿੰ ਨੂਪਰ[੨੨] ਬਜਤਿ ਸੁਹਾਵਨ॥ਕੰਠ ਬਿਖੈ ਮਨਿ[੨੩]ਸੁਠ[੨੪] ਮਨ ਭਾਵਨ[੨੫]। ਕਰ ਬਹੁ ਜਤਨ ਧਰਹੁ ਅਸ ਧਯਾਨਾ*। ਮਨ ਕੋ ਰੋਕਹੁ ਹ੍ਵੈ ਸਵਧਾਨਾ ॥੪੬॥ ਗੋਪ ਮੰਤ੍ਰ ਤੁਝ ਦੇਉਂ ਬਤਾਈ। ਸਪਤ ਦਿਵਸ ਜੋ ਪਢੈ ਬਨਾਈ। ਸਭਿ ਖੇਚਰ[੨੬] ਦਰਸੈਂ[੨੭] ਤਤਕਾਲਾ। ਪਾਵਹਿੰ ਅਭਿਮਤ[੨੮] ਸੁਖ ਬਿਸਾਲਾ ॥੪੭॥ ਓਨਮ ਵਾਸਦੇਵ* ਭਗਵਤ ਕੋ। ਜਪੈ ਕਰਣ[੨੯] ਮਨ ਕੋ ਕਰਿ

[੧]ਕਰਮ। [੨]ਪਰਮੇਸ਼ੁਰ। [੩]ਬ੍ਰਿਜ ਭੂਮੀ ਵਿਚ ਇਕ ਬਨ ਦਾ ਨਾਮ ਹੈ। [੪]ਪੂਰੇ ਦਾ। [੫]ਸੁੰਦਰ। [੬]ਚੰਦਰਮਾਂ ਵਰਗਾ। [੭]ਨੇਤ੍ਰ। [੮]ਤੱਕਣੀ। [੯]ਚਾਰ। [੧੦]ਬਾਹਾਂ। [੧੧]ਸਮੇਤ। [੧੨]ਗਹਿਣੇ। [੧੩]ਸੁੰਦਰ। [੧੪]ਸੰਖ। [੧੫]ਕਵਲ (ਪਦਮ)। [੧੬]ਕੰਨਾਂ ਵਿਚ। [੧੭]ਪੀਲਾ ਦੁਪੱਟਾ। [੧੮]ਲੱਕ ਦੁਆਲੇ। [੧੯]ਤੜਾਗੀ। [੨੦]ਸਾਰੀ। [੨੧]ਸੁੰਦਰਤਾ ਦਾ ਮੂਲ। [੨੨]ਝਾਂਜਰ। [੨੩]ਮਣੀ। [੨੪]ਸੁੰਦਰ। [੨੫]ਮਨ ਨੂੰ ਚੰਗੀ ਲੱਗਣ ਵਾਲੀ। [੨੬]ਦੇਵਤੇ। [੨੭]ਦੇਖੈਂਗਾ। [੨੮]ਮਨ ਇੱਛਤ। [੨੯]ਇੰਦ੍ਰੀਆਂ ਤੇ .

*ਇਹ ਨਾਰਦ ਨੇ ਵਿਸ਼ਨੂੰ ਦਾ ਧਿਆਨ ਦੱਸਿਆ ਹੈ, ਤੇ 'ਓਂ ਵਾਸਦੇਵ' ਵਿਸ਼ਨੂੰ ਦਾ ਹੀ ਜਾਪ ਦੱਸਿਆ ਹੈ, ਇਹ ਉਪਦੇਸ਼ ਤੇ ਧਿਆਨ ਓਸ ਸਮੇਂ ਦਾ ਹੈ ਤੇ ਓਸ ਮਤ ਦਾ ਹੈ ਕਿ ਜਦੋਂ ਤੇ ਜਿਸ ਮਤ ਦੇ ਆਚਾਰਯ ਨਾਰਦ ਜੀ ਹੋਏ ਹਨ, ਗੁਰ ਸਿੱਖਾਂ ਲਈ 'ਵਾਹਿਗੁਰੂ' ਮੰਤਰ ਦਾ ਜਾਪ ਤੇ ਧਿਆਨ ਨਾਮ ਦਾ ਹੈ; ਸਤਿਗੁਰੂ ਜੀ ਦਾ, ਗੁਰਮੁਖ ਦਾ ਬੀ ਵਿਹਤ ਹੈ, ਪਰ ਮਾਰਗ ਸਿੱਖੀ ਦਾ 'ਲਿਵ' ਹੈ ਜਿਸ ਵਿਚ ਸੇਧ ਨਿਰਗੁਣ ਦੀ ਹੁੰਦੀ ਹੈ। ਸਰਗੁਣ ਧਯਾਨ ਦੀ ਲੋੜ ਨਹੀਂ। ਨਾਮ ਆਪਣੇ ਆਪ ਵਿਚ ਤਵੱਜੋ ਨੂੰ ਇਕ ਪਾਸੇ ਰੱਖਣ ਵਾਲਾ ਹੈ। ਯਥਾ ਗੁਰ ਵਾਕ:-

ਗੁਰ ਕੀ ਮੂਰਤਿ ਮਨਿ ਮਹਿ ਧਿਆਨੁ ॥ [ਗੋਂਡ ਮ: ੫

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥ [ਸ: ਮ: ੫

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ ॥ [ਵਾਰ ਕਾਨੜਾ

[ਬਾਕੀ ਨੂੰਬ ਦੇਖੋ ਅਗਲੇ ਪੰਨੇ ਦੇ ਹੇਠ]

ਥਿਤ ਕੋ[੧]। ਪੂਜਾ ਕਰਹਿ ਸਰਬ ਪਰਕਾਰੀ। ਚੰਦਨ ਪੁਸ਼ਪਾਦਿਕ ਹਿਤ-ਧਾਰੀ-॥ ੪੮ ॥ ਸਭਿ ਬਿਧਿ ਸੁਨੀ ਧ੍ਰੂਵ ਨਿਜ ਸ਼੍ਰੌਨਾ[੨]। ਪੁਨ[੩]* ਪਦ[੪] ਬੰਦਿ[੫] ਕਿਯੋ ਬਨ ਗੌਨਾ[੬]। ਪਹੁੰਚ੍ਯੋ ਮਧੁ ਬਨ ਤਪਹਿ ਅਰੰਭਾ। ਜਹਿਂ ਰਵਿ ਤਨਿਯਾ[੭] ਪਾਵਨ ਅੰਭਾ[੮] ॥ ੪੯ ॥ ਚਲਿ ਨਾਰਦ ਨ੍ਰਿਪ ਕੇ ਢਿਗ ਆਵਾ। ਸੁਤ ਬਿਯੋਗ ਜਿਹ ਮੁਖ ਮੁਰਝਾਵਾ। ਪਿਖਿ ਰਿਖਿ ਕੋ ਨ੍ਰਿਪ[੯] ਆਦਰ ਦੀਨਾ। ਪੂਜ ਪਾਇ[੧੦] ਪਰ ਪਰਣਮ[੧੧] ਕੀਨਾ† ॥ ੫੦ ॥ ਬੋਲ੍ਯੋ ਨਾਰਦ ਮੁਨੀ ਪ੍ਰਬੀਨਾ।-ਹੇ ਭੂਪਤ! ਤਵ ਬਦਨ ਮਲੀਨਾ। ਧਰਮ ਅਰਥ ਕੋ ਬਿਗਰ੍ਯੋ ਆਜੁ-? ਸੁਨਿਯੋ ਬਚਨ ਭਨੇ ਨਰਰਾਜੁ ॥੫੧॥-ਹੇ ਮੁਨਿ! ਮੈਂ ਕਾਮੀ ਮਤਿ ਹੀਨਾ। ਲੰਪਟ ਸਦਾ ਰਹੌਂ ਤਿਯ ਦੀਨਾ। ਬਾਲਕ ਪੰਚ ਬਰਖ ਕੋ ਜੋਊ। ਬਿਨ ਅਪਰਾਧ ਤਜ੍ਯੋ ਮੈਂ ਸੋਊ ॥ ੫੨॥ ਅਬ ਉਠਿ ਗਯੋ ਕਰਨ ਤਪ ਬਨ ਮੇਂ। ਛੁਧਾ ਹੋਇ ਸ਼੍ਰਮ ਸੀਤ ਉਸ਼ਨ ਮੈਂ। ਸੋ ਕਿਮ ਸਹਹਿ ਜਿ ਸੰਕਟ ਭਾਰੀ। ਖਾਇ ਜਾਇ ਕੋ ਬਿਨ ਰਖਵਾਰੀ[੧੨]-॥ ੫੩ ॥ ਕਰੁਨਾ ਬੈਨ ਸੁਨੇ ਮੁਨਿਰਾਈ। ਹੇਤ ਪ੍ਰਬੋਧਨ ਗਿਰਾ ਅਲਾਈ।-ਸੁਤ ਕੇ ਹੇਤ ਨ ਸੋਚ ਰਜਾਨਾ!। ਈਸ਼ੁਰ ਬਸਹਿ ਸਰਬ ਇਸਥਾਨਾ॥੫੪॥ ਬਨ ਮੈਂ ਸ਼ਿਸ਼ ਕਰਿ ਹੈ ਤਪ ਭਾਰੀ। ਲੋਕਪਾਲ ਤੇ ਉਚ[੧੩] ਅਧਿਕਾਰੀ। ਥੋਰਨ ਦਿਵਸ ਆਇ ਤਵ ਪਾਸਾ। ਜਗ ਮੈਂ ਕਰਿਹੈ ਸੁਜਸ ਪ੍ਰਕਾਸ਼ਾ-॥ ੫੫ ॥ ਅਸ ਪ੍ਰਕਾਰ ਕਹਿ ਮੁਨੀ ਪਯਾਨਾ। ਤਜ੍ਯੋ ਰਾਜ ਨਿਜ ਸੋਚ ਰਜਾਨਾ[੧੪]। ਧ੍ਰੂਵ ਤਹਿਂ ਕਰਨ ਲਗ੍ਯੋ ਤਪ ਭਾਰੀ। ਤੀਸਰ ਦਿਨ ਫਲ ਖਾਇ ਅਹਾਰੀ ॥ ੫੬ ॥ ਪੂਜਤਿ ਯੋਂ ਇਕ ਮਾਸ ਬਿਤਾਯੋ। ਦੂਸਰ ਮਾਸ ਤ੍ਰਿਣਨ ਕੋ ਖਾਯੋ।

---

[੧]ਮਨ ਨੂੰ ਟਿਕਾਕੇ। [੨]ਆਪਣੇ ਕੰਨੀ। [੩]ਫਿਰ। [੪]ਚਰਨਾਂ ਤੇ। [੫]ਨਮਸਕਾਰ ਕਰਕੇ। [੬]ਬਨ ਨੂੰ ਚਲਾ ਗਿਆ। [੭]ਜਿੱਥੇ ਜਮਨਾਂ ਦਾ। [੮]ਪਵਿੱਤ੍ਰ ਜਲ ਹੈ। [੯]ਰਾਜੇ ਨੇ। [੧੦]ਚਰਨ ਪੂਜਕੇ। [੧੧]ਨਮਸਕਾਰ। [੧੨]ਰੱਖਜਾ। [੧੩]ਉੱਚੇ। [੧੪]ਰਾਜੇ ਨੇ ਆਪਣੇ ਰਾਜ ਸਬੰਧੀ ਸੋਚਾਂ ਤ੍ਯਾਗ ਦਿੱਤੀਆਂ।

*ਪਾ:-ਮੁਨਿ। †ਪਾ:-ਪੂਜ ਪਾਇ ਪਰਣਾਮ ਸੁ ਕੀਨਾ।

[ਪਿਛਲੇ ਪੰਨੇ ਦੀ ਬਾਕੀ ਟੂਕ]

ਜਿਸ ਟਿਕਾਣੇ ਓਹ ਲੋਕ ਵਿਸ਼ਨੂੰ ਜੀ, ਕ੍ਰਿਸ਼ਨ ਤੇ ਰਾਮ ਜੀ ਨੂੰ ਮੰਨਦੇ ਹਨ ਗੁਰ ਸਿੱਖੀ ਵਿਚ ਉਸ ਤੋਂ ਉੱਚਾ ਟਿਕਾਣਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਤੇ ਕਵਿ ਜੀ ਆਪ ਸ਼੍ਰੀ ਗੁਰੂ ਜੀ ਨੂੰ ਪਰਾਕ੍ਰਰਾਂ ਦੇ ਨਾਥ ਤੇ ਪੁਰਸ਼ੋਤਮਾਂ ਤੋਂ ਪਰਮ ਲਿਖ ਆਏ ਹਨ, ਦੇਖੋ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧ ਅੰਕ ੫।

ਸੂਕੇ ਪਰਨ[੧] ਤੀਸਰੇ ਮਾਸਾ[੨] । ਖਾਇ ਰਹੈ ਸਿਮਰੈ ਸੁਖ ਰਾਸਾ ॥ ੫੭ ॥
ਨਵਮੈ ਦਿਵਸ ਪਾਇ ਮੁਖ ਸੋਊ । ਨੀਰ ਪਰਨ[੩] ਸੂਕੇ ਹੈਂ ਜੋਊ । ਚੌਥੇ
ਮਾਸ ਬਹੁਰ ਜਬ ਆਯੋ । ਦ੍ਵਾਦਸ਼ ਦਿਵਸਨਿ ਮੈਂ ਤਬ ਖਾਯੋ ॥੫੮॥ ਮਾਸ
ਪਾਂਚਵੇਂ ਪੌਨ ਅਹਾਰੀ । ਜੀਤ ਸ੍ਵਾਸ ਲੀਨੇ ਇਕ ਵਾਰੀ । ਏਕ ਚਰਨ ਪਰ
ਹ੍ਵੈ ਕਰਿ ਠਾਂਢੋ । ਭਯੋ ਬਿਟਪ[੪] ਨਯਾਈ[੫] ਅਤਿ ਗਾਢੋ ॥ ੫੯ ॥ ਸਭਿ ਦਿਸ਼
ਤੇ ਮਨ ਰੋਕਨ ਕੀਨੋ । ਸ਼੍ਰੀ ਕਰਤਾਰ ਚਰਨ ਮਹਿੰ[੬] ਦੀਨੋ । ਜੋ ਮਹਿ-
ਦਾਦਿਕ ਬਹੁਰ ਪ੍ਰਧਾਨਾ[੭] । ਸਭਿ ਕੋ ਹੈ ਅਧਾਰ ਭਗਵਾਨਾ ॥੬੦॥ ਤਿਹ ਕੋ
ਧਯਾਨ ਅਡੋਲ ਸੁ ਧਰਿਕੈ । ਰਹਯੋ ਠਾਂਢ ਉਰ ਦ੍ਰਿੜਤਾ ਕਰਿ ਕੈ । ਰੋਕ ਸ੍ਵਾਸ
ਜਬ ਕਿਯ ਅਸ ਕਰਨੀ । ਡਗਮਗ ਡੋਲ ਗਈ ਸਭਿ ਧਰਨੀ ॥ ੬੧ ॥
ਸਭਿ ਕੇ ਸ੍ਵਾਸ ਰੁਕੇ ਤਿਹ ਕਾਲਾ । ਜਗ ਮੈਂ ਖਰਭਰ[੮] ਪਰਯੋ ਬਿਸਾਲਾ ।
ਤਿਹ ਛਿਨ ਅਮਰ[੯] ਗਏ ਹਰਿ ਸ਼ਰਨਾ । ਇਕ ਮਨ ਹ੍ਵੈ ਬਹੁ ਬਿਧਿ ਜਸ
ਬਰਨਾ ॥੬੨॥–ਹੇ ਈਸ਼੍ਵਰ ਕਯੋਂ ਰੁਕਗੇ ਸ੍ਵਾਸਾ । ਦੁਖਯੋ ਜਗਤ ਦੀਜੈ ਸੁਖ
ਰਾਸਾ–। ਸ਼੍ਰੀ ਭਗਵੰਤ ਕਹੀ ਤਬ ਬਾਨੀ ।–ਮਤ ਭੈ ਕਰਹੁ ਹੋਇ ਦੁਖ
ਹਾਨੀ॥੬੩॥ਬਾਲ ਭਗਤ ਮਮ ਅਤਿ ਹਠ ਧਾਰੀ । ਕੀਨ ਦੁਰਾਸਦ[੧੦] ਤਪ
ਜਿਹ ਭਾਰੀ । ਅਬ ਮੈਂ ਜਾਉਂ ਤਾਂਹਿ ਕੇ ਪਾਸਾ। ਸਭਿ ਕੋ ਛੁਟੈ ਰੋਕਨ ਸ੍ਵਾਸਾ-
॥੬੪॥ ਸੁਨਿ ਇਮ ਬਾਨੀ ਅਮਰ ਪਧਾਰੇ। ਜਹਿਂ ਤਹਿਂ ਤਿਨ ਕੇਹੁਤੇ ਬਸਾਰੇ।
ਸ਼੍ਰੀ ਭਗਵੰਤ ਚਢੇ ਉਰਗਾਰੀ[੧੧]। ਆਏ ਜਹਾਂ ਕਰਹਿ ਤਪ ਭਾਰੀ॥੬੫॥ਮਨ
ਇੰਦ੍ਰੀ ਕਰਿ ਅਚਲ ਸਮਾਧੀ । ਕੇਵਲ ਕੇਸ਼ਵ ਚਰਨ ਅਰਾਧੀ । ਰਿਦੇ
ਸਰੂਪ ਬਸਾਇ ਅਨੂਪਾ । ਨਹੀਂ ਵਹਿਰ ਕੋ ਪਿਖੈ ਸਰੂਪਾ ॥ ੬੬ ॥ ਜਬ ਸ਼੍ਰੀ
ਹਰਿ ਕਿਯ ਅੰਤਰ ਧਯਾਨੇ[੧੨]।ਤਬ ਪੰਕਜ ਸੇ ਨੈਨ ਖੁਲ੍ਹਾਨੇ। ਸੋ ਸਰੂਪ ਢਿਗ
ਬਾਹਿਰ ਦੇਖਾ। ਪਰਯੋ ਦੰਡਵਤ[੧੩] ਪ੍ਰੇਮ ਬਿਸ਼ੇਖ਼ਾ ॥੬੭॥ ਪੁਨ ਲੋਚਨ ਭਰਿ
ਰੂਪ ਨਿਹਾਰਾ । ਚਹਿਤਿ ਅਲਿੰਗਨ[੧੪] ਸ਼੍ਰੀ ਕਰਤਾਰਾ । ਉਸਤਤਿ ਕਰਿ ਨ
ਸਕਤਿ ਮਤਿ ਥੋਰੀ॥ਇੱਛਾ ਅਧਿਕ ਰਹਯੋ ਕਰ ਜੋਰੀ॥੬੮॥ਸ਼੍ਰੀ ਹਰਿ ਜਾਨਿ
ਗਏ ਉਰ ਤਾਹਾ[੧੫]।ਨਿਜ ਕਰ ਸੰਖ ਤਬਹਿ ਮੁਖ ਛ੍ਵਾਹਾ। ਤਤਛਿਨ ਉੱਜਲ

---

[੧]ਸੁੱਕੇ ਪੱਤੇ । [੨]ਤੀਜੇ ਮਹੀਨੇ। [੩]ਪੱਤੇ । [੪]ਬ੍ਰਿੱਛ । [੫]ਵਰਗਾ । [੬]ਵਿੱਚ । [੭]ਪ੍ਰਕ੍ਰਿਤੀ, ਮਹਿਤਤ੍ਵ, ਅਹੰਕਾਰ ਆਦੀ ਜਗਤ ਦੇ ਮੂਲ ਕਾਰਨ । [੮]ਘਬਰਾਹਟ । [੯]ਦੇਵਤੇ । [੧੦]ਕਠਨ । [੧੧](ਉਰਗ+ ਅਰੀ=ਸੱਪ ਦੇ ਵੈਰੀ) ਗਰੁੜ ਉਤੇ । [੧੨]ਜਦੋਂ ਸ਼੍ਰੀ (ਵਿਸ਼ਨੂੰ) ਨੇ (ਪ੍ਰਹਲਾਦ ਦੇ)ਧਯਾਨ ਅੰਦਰ ਦਾ (ਰੂਪ) ਦੂਰ ਕਰ ਦਿੱਤਾ। [੧੩]ਡੰਡੇਵਤ ਪੈਕੇ (ਡੰਡੌਤ ਕੀਤੀ) । [੧੪]ਪਰਸਣਾ । [੧੫]ਉਸਦੇ ਹਿਰਦੇ ।

ਮਤਿ ਹ੍ਵੈ ਆਈ। ਈਸ੍ਵਰ ਜੀਵ ਗ੍ਯਾਨ ਸਭਿ ਪਾਈ ॥੬੯॥ ਬਰਨਨ ਕਰਨ ਲਗਾ ਗੁਨ ਰੂਰੇ।ਭਗਤਿ ਭਾਉ ਉਰ ਰਹਸੇ ਸਪੂਰੇ।–ਬੰਦੋਂ ਪਦ ਅਰਬਿੰਦ ਬਹੋਰੀ। ਜਿਨ ਕਰੁਨਾ ਅਸ ਮਤਿ ਭੀ ਮੋਰੀ ॥੭੦॥ ਰਮਾ ਨਿਵਾਸ[1]! ਈਸ਼! ਭਗਵੰਤਾ!। ਅੰਤਰਜਾਮੀ ਸਰਬ ਅਨੰਤਾ!। ਜਢ ਜੰਗਮ ਮੈਂ ਬ੍ਯਾਪਕ ਸਾਰੇ। ਰਚਹੁ ਆਪ ਪੁਨ ਰਹਹੁ ਨਿਰਾਰੇ ॥੭੧॥ ਜੇ ਨ ਭਜਹਿਂ ਤਵ ਚਰਨ ਗੁਸਾਈਂ! ਜਾਇਂ ਨਰਕ ਮਹਿਂ ਸੰਕਟ ਪਾਈ।ਜੇ ਚਰਨਾਰਬਿੰਦ ਰਸ ਭੀਨੇ। ਅਪਨੋ ਮਨ ਮਲਿੰਦ ਸਮ ਕੀਨੇ ॥੭੨॥ਸੋ ਸੁਖ ਪਾਵਹਿਂ ਅਮਿਤ ਬਿਸਾਲਾ। ਕਬਿ ਨ ਪਰੈ ਤਿਨ ਪਰ ਜਮ ਜਾਲਾ। ਬਿਨਾ ਪ੍ਰਯਾਸ ਤਰਹਿਂ ਸੰਸਾਰੂ। ਅਪਰ ਉਧਾਰਹਿਂ ਨਿਜ ਸੰਗਾਰੂ ॥੭੩॥ ਤਿਨ ਕੋ ਮੋਹਿ ਦੇਹੁ ਸਤਿਸੰਗਾ[2]। ਤਵ ਗੁਨ ਸੁਨੋਂ ਗਾਇ ਸ ਉਮੰਗਾ। ਅਹੈ ਮਨੀਖਾ[3] ਮੋ ਮਨ ਜੇਤੀ। ਬਰ-ਨਨ ਕਰੋਂ ਸੁ ਕੀਰਤਿ ਤੇਤੀ ॥੭੪॥ ਬ੍ਰਹਮ ਏਕ ਤੂੰ ਸਭਿਹਿਨਿ ਮਾਂਹੀ। ਸੂਤ ਅਧਾਰ ਮਣਕ ਜਿਉਂ ਆਹੀ*।ਔਰ ਨ ਲਖੀ ਜਾਤਿ ਗਤਿ ਤੇਰੀ। ਕ੍ਯਾ ਬਰਨੋਂ ਸੂਛਮ ਮਤਿ ਮੇਰੀ–॥ ੭੫॥ ਦਾਸ ਗਿਰਾ ਅਸ ਸੁਨਿਤਿ ਕ੍ਰਿਪਾਲਾ। ਹਰਖ ਪ੍ਰਸੀਦਤਿ ਭਏ ਬਿਸਾਲਾ। ਬੋਲੇ–ਹੇ ਨ੍ਰਿਪ ਸੁਤ! ਸੁਨਿ ਬਾਨੀ।ਤਵ ਅੰਤਰ ਕੀ ਮੈਂ ਸਭਿ ਜਾਨੀ ॥੭੬॥ਸੋ ਅਬ ਲੇਹੁ ਪਰਮ ਪਦ ਊਚਾ। ਕੋ ਨਹਿਂ ਜਹਿਂ ਸੁਰ ਅਸੁਰ ਪਹੂੰਚਾ। ਮਾਰਤੰਡ[4], ਗ੍ਰਹ[5], ਸੋਮ[6], ਨਛੱਤ੍ਰ[7]। ਸਭਿਹਿ ਪ੍ਰਦੱਛਨ[8] ਕਰਹਿਂ ਪਵਿੱਤ੍ਰ॥ ੭੭ ॥ ਤਵ ਪਿਤ ਤਪ ਹਿਤ ਜਬ ਬਨ ਜਾਈ। ਰਾਜ ਸਮਰਪਹਿ ਤੁਝਹਿ ਬਨਾਈ। ਛਤੀਸ ਵਰਖ ਸਹਸ ਕਰ ਰਾਜੂ। ਪੁਨ ਪਾਵਹੁ ਨਿਜਪਦ ਸੁਖ ਸਾਜੂ ॥ ੭੮॥ ਉੱਤਮ ਨਾਮ ਤੋਹਿ ਜੋ ਭ੍ਰਾਤਾ। ਸਦਾ ਅਖੇਰ ਬਿਰਤਿ ਮਹਿਂ ਰਾਤਾ। ਸੋ ਬਨ ਮਹਿਂ ਹੋਵਤਿ ਹਤਿ ਪ੍ਰਾਨਾਂਹ। ਖੋਜਨ ਹਿਤ ਤਿਹ ਮਾਤ ਪਯਾਨਹਿ ॥ ੭੯ ॥ ਸੋ ਦਾਵਾਨਲ[9] ਮਹਿਂ ਜਰਿ ਜਾਈ। ਸਰਬ ਰਾਜ ਤੁਮ ਕਰੋ ਬਨਾਈ। ਮਮ ਹਿਤ ਮਖ[10] ਕਰਿਯੋ ਹਿਤ ਲਾਈ। ਸਿਮਰਨ ਕਰਹੁ ਸਦਾ ਸੁਖ ਪਾਈ ॥੮੦ ॥ ਊਚੋ ਪਦ ਅਸ ਲੇਹੁ ਬਹੋਰੀ। ਜਿਹ ਕੋ ਬੰਦਹਿਂ ਸਭਿ ਕਰ ਜੋਰੀ। ਮਮ ਆਇਸੁ ਗਮਨਹੁ ਪੁਰਿ ਮਾਂਹੀ। ਮਾਤ ਪਿਤਾ ਹਿਰਦੇ ਬਹੁ ਚਾਹੀ–॥੮੧॥ਅਸ ਕਹਿ ਸ਼੍ਰੀ ਭਗਵੰਤ ਗੁਸਾਈਂ।ਅੰਤਰ ਧ੍ਯਾਨ ਭਏ ਤਿਹ ਥਾਈਂ।ਜਿਹ ਕੇ ਦਰਸ਼ਨ

[1]ਲੱਛਮੀ ਦਾ ਪਤੀ। [2]ਤਿਨ੍ਹਾਂ ਦਾ ਮੈਨੂੰ ਸਤਿਸੰਗ ਦਿਓ। [3]ਬੁੱਧੀ। [4]ਸੂਰਜ। [5]ਨਵੇਂ ਗ੍ਰਹ। [6]ਚੰਦਰਮਾਂ। [7]ਨਛੱਤਰ। [8]ਪ੍ਰਕਰਮਾ। [9]ਦਾਵਾ ਅਗਨੀ। [10]ਯੱਗ। *ਪਾঃ–ਮਾਂਹੀ।

ਦੋਖ ਨਸਾਈ।ਸੇਵਹੁ ਚਰਨ ਕਵਲ ਹਿਤਲਾਈ'॥੯੨॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਧ੍ਰੂਵ ਪ੍ਰਸੰਗ' ਬਰਨਨੰ ਨਾਮ ਇਕਹੱਤ੍ਰਮੋ ਅਧ੍ਯਾਯ ॥ ੭੧ ॥

## ੭੨. [ਗੁਰਚਰਨ ਮੰਗਲ। ਧ੍ਰੂਵ ਪ੍ਰਸੰਗ।]

ਦੋਹਰਾ ॥ ਸ਼੍ਰੀ ਗੁਰ ਪਗ ਸਾਗਰ ਅਨੰਦ ਮਨ ਨਿਜ ਮੀਨ ਬਨਾਉਂ।
ਕਹੌਂ ਕਥਾ ਪਾਵਨ ਪਰਮ ਸੁਨਿ ਸ਼੍ਰੋਤਾ ਸੁਖ ਪਾਉ ॥ ੧ ॥

**ਅਰਥ**–ਸ਼੍ਰੀ ਗੁਰੂ ਜੀ ਦੇ ਚਰਣ ਅਨੰਦ ਦੇ ਸਾਗਰ ਹਨ (ਮੈਂ) ਆਪਣੇ ਮਨ ਨੂੰ (ਉਸ ਸਾਗਰ ਦੀ ਅਵਿੱਛੜ) ਮੱਛੀ ਬਣਾਉਂਦਾ ਹਾਂ। (ਇਸ ਪ੍ਰੇਮਮਯ ਦਸ਼ਾ ਵਿਚ) ਪਰਮ ਪਵਿੱਤ੍ਰ ਕਥਾ (ਅਗੇ ਹੋਰ) ਕਹਿੰਦਾ ਹਾਂ (ਜਿਸ ਨੂੰ) ਸੁਣਕੇ ਸ਼੍ਰੋਤਾ ਜਨ ਸੁਖ ਪਾਉਣ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ਜੀ ਸੁਨਿ ਇਤਿਹਾਸਾ। ਮਰਦਾਨੇ ਸੋਂ ਗੁਰੂ ਪ੍ਰਕਾਸ਼॥ ਕਹਿਨ ਲਗੇ ਪੁਨ ਦੀਨਦਯਾਲ॥ 'ਧ੍ਰੂਵ ਪੁਰਿ ਕੋ ਗਮਨ੍ਯੋ ਤਿਹ ਕਾਲਾ ॥ ੨ ॥ ਸੁਨ੍ਯੋ ਉਤਾਨਪਾਦ ਸੁਤ ਆਵੌਨ[1]। ਅਮਿਤ ਭਯੋ ਮਨ ਮੈਂ ਹਰਖਾਵਨ। ਜਿਨ ਦਿਜਵਰ ਸੁਧ ਆਨ ਸੁਨਾਈ। ਪਟ ਭੂਖਨ ਰਥ ਦੀਨ ਬਨਾਈ ॥੩॥ ਤਬ ਭੁਵਾਲ ਤਿਹ ਲੇ ਕਰਿ ਸੰਗਾ। ਗਮਨ੍ਯੋ ਆਗੇ ਸਹਿਤ ਉਮੰਗਾ। ਦੁੰਦਭਿ[2] ਬੇਨਾ[3] ਭੇਰਿ[4] ਬਜਾਈ। ਬੇਦ ਪਾਠ ਦਿਜ ਕਰਤਿ ਸੁਹਾਈ॥ ੪ ॥ ਸਰੁਚਿ, ਸੁਨੀਤੀ ਯੁਗ[5] ਨ੍ਰਿਪ[6] ਨਾਰੀ। ਸਿਵਕਾ ਪਰ[7] ਚਢਿ ਚਲੀ ਅਗਾਰੀ। ਨ੍ਰਿਪ ਸੁਤ ਉੱਤਮ, ਲੋਕ ਬਿਸਾਲਾ[8]। ਗਏ ਲੇਨ ਹਿਤ ਸਭਿ ਤਤਕਾਲਾ॥ ੫ ॥ ਪਿਖ੍ਯੋ ਉਤਾਨਪਾਦ ਸੁਤ ਬਦਨਾ। ਕਮਲ ਪਰਫੁੱਲਿਤ ਜਨੋਂ ਸੁਖ ਸਦਨਾ। ਤਿਹ ਛਿਨ ਰਥ ਤੇ ਉਤਰਿ ਤੁਰੰਤਾ। ਬੰਦਤਿ ਗਰ ਲਾਯੋ ਮਤਿਵੰਤਾ ॥੬॥ ਬਿਹਬਲ ਹੁਇ ਉਤਕੰਠਾ ਭੂਰੀ।ਕੀਨ ਅਲਿੰਗਨ[9] ਗਰ ਰਹਿਪੂਰੀ[10]।ਮਸਤਕ ਚੂੰਮਤਿ ਕਰ ਕੋ ਫੇਰਤਿ। ਲੋਚਨ ਤੇ ਆਂਸੁਨ ਕੋ ਗੇਰਤਿ ॥੭॥ ਤਿਨ ਸੋਂ ਸੁਤ ਕੋ ਮਨਹੁ ਨ੍ਹਵਾਨਾ[11]।ਮਧੁਰ ਬਚਨ ਕਹਿ ਬਹੁ ਸਨਮਾਨਾ।ਪੁਨ ਦੋ ਮਾਤ ਮਿਲੀ ਤਿਹ ਆਈ। ਧ੍ਰੂਵ ਬੰਦਨ ਕੀਨੀ ਸਿਰ ਨ੍ਯਾਈ॥ ੮ ॥–ਚਿਰੰਜੀਵ–ਦੇ ਆਸ਼ਿਖ ਤਬਹੀ ਗਰ ਸੋਂ ਲਾਇ ਪਾਇ ਸੁਖ ਤਬਹੀ। ਉੱਤਮ ਭ੍ਰਾਤ ਮਿਲ੍ਯੋ ਤਬ ਗਰ ਸੋ[12]।ਪ੍ਰੇਮ ਬਿਸਾਲ ਭਰ੍ਯੋ ਸ਼ੁਭ ਉਰ ਸੋਂ ॥੯॥ ਕਰਨੀ[13] ਪਰ ਚਢਾਇ ਸੁਤ ਦੋਈ। ਪੁਰਿ ਆਯੋ ਅਤਿ ਉਤਸ਼ਵ ਹੋਈ। ਭੂਪਤ ਪਠਿ ਨਰ ਉਚਰੇ

[1]ਪੁੱਤ੍ਰ ਦਾ ਆਵਣਾ। [2]ਧੌਂਸੇ। [3]ਤੂਤੀਆਂ। [4]ਭੇਰੀਆਂ। [5]ਦੋਵੇਂ। [6]ਰਾਜੇ ਦੀਆਂ। [7]ਪਾਲਕੀ ਤੇ [8]ਉਤਮ ਨਾਮੇ ਪੁੱਤ੍ਰ ਰਾਜੇ ਦਾ ਤੇ ਢੇਰ ਲੋਕੀ। [9]ਜੱਫੀ ਪਾਈ। [10]ਗਲ ਭਰ ਆਇਆ। [11]ਭਾਵ ਹੰਝੂਆਂ ਨਾਲ ਮਾਨੋ ਪੁਤ੍ਰ ਨੂੰ ਨੁਹਾ ਦਿੱਤਾ। [12]ਗਲ ਨਾਲ। [13]ਹਥਨੀ।

ਬਚਨਾ।–ਦਰ ਦਰ ਪ੍ਰਤਿ ਕੀਜੈ ਸੁਠ ਰਚਨਾ–॥੧੦॥ਸਭਿਹਿਨਿ ਕਦਲੀ ਖੰਭ[1] ਲਗਾਏ। ਮੁਕਤਾ[2] ਤੋਰਨ ਦਰ ਬੰਧਵਾਏ। ਕੁੰਕਮ[3] ਲੀਪ ਕੁੰਭ ਭਰਿ ਪਾਨੀ। ਚੰਦਨ ਗੰਧਿ ਗਰੀ[4] ਛਿਰਕਾਨੀ॥੧੧॥ ਕੰਚਨ ਥਾਰ ਬਾਰ ਵਿਚ ਦੀਪਾ। ਦ੍ਵਾਰ ਦਿਖਾਇ ਖਰੀ ਅਵਨੀਪਾ। ਗਾਵਹਿੰ ਗੀਤ ਮਿਲੀ ਪਿਕ ਬੈਨੀ। ਭਾਂਤ ਭਾਂਤਿ ਕੇ ਖੰਜਨ ਨੈਨੀ॥੧੨॥ ਸੁਨਤਿ ਉਤਾਨਪਾਦ ਗ੍ਰਿਹ ਗਵਨਾ। ਕੰਚਨ ਮਨਿ[5] ਜਟਿਤੀ ਜਹਿੰ ਰਵਨਾ[6]। ਅਟਾ ਫਟਕ[7] ਕੀ, ਹਾਟਕ ਕਲਸਾ[8]। ਬੀਚ ਬਿਤਾਨ[9] ਤਨਯੋ ਤਹਿੰ ਭਲ ਸਾ[10]॥੧੩॥ ਤਿਹਠਾਂ ਬੈਠਿ ਤਬੈ ਭੂਪਾਲਾ। ਸੁਤਹਿ ਬਿਲੋਕਯੋ ਸੁਮਤਿ ਬਿਸਾਲਾ। ਕਰਿ ਉਤਸਾਹ ਦੀਨ ਸਭਿ ਰਾਜੂ। ਪ੍ਰਜਾ ਮਿਲਾਈ ਸਰਬ ਸਮਾਜੂ॥੧੪॥ ਅਪਨੀ ਬੈਸ ਬ੍ਰਿੱਧ ਕੋ ਦੇਖੀ। ਗਮਨਯੋ ਤਪ ਹਿਤ ਬਨਹਿੰ ਬਿਸ਼ੇਖ਼ੀ। ਪਾਛੇ ਰਾਜ ਕਰਨ ਧ੍ਰੂਵ ਲਾਗਾ। ਜੋ ਸ੍ਰੀ ਬਿਸ਼ਨੁ ਭਗਤ ਵਡ ਭਾਗਾ॥੧੫॥ ਜੋ 'ਸਿਸੁਮਾਰ' ਪ੍ਰਜਾਪਤਿ[11] ਆਹੀ। 'ਭ੍ਰਮੀ' ਨਾਮ ਤਿਹ ਸੁਤਾ[12], ਬਯਾਹੀ। ਤਿਹ ਤੇ ਧ੍ਰੂਵ ਦ੍ਵੈ ਸੁਤ ਉਪਜਾਏ।'ਵਤਸਰ', 'ਕਲਪੰ'ਨਾਮ ਰਖਾਏ॥੧੬॥ 'ਉੱਤਮ' ਨਾਮ ਭ੍ਰਾਤਇਕ ਕਾਲਾ[13]।ਮ੍ਰਿਗਿਯਾ[14]ਹਿਤਬਨਗਯੋ ਬਿਸਾਲਾ॥ ਜੱਛਨ ਸੰਗ[15] ਭਯੋ ਰਣ ਭਾਰੀ। ਲਗੇ ਸ਼ਸਤ੍ਰ ਉੱਤਮ ਗਯੋ ਮਾਰੀ॥੧੭॥ ਹਿਤ ਖੋਜਨ ਗਵਨੀ ਤਿਹ ਮਾਈ। ਜਰੀ ਸੁ ਦਾਵਾਨਲ ਇਕ ਥਾਈਂ। ਭ੍ਰਾਤਾ ਮ੍ਰਿੱਤੁ ਸੁਨੀ ਧ੍ਰੂਵ ਕਾਨਾ। ਜਗਯੋ ਰੋਸ ਹਿਰਦੇ ਦੁਖ ਮਾਨਾ॥੧੮॥ ਜਗ ਬਿਜਈ[16] ਰਥ ਚਢਤਿ ਸਿਧਾਯੋ।ਉੱਤਰ ਦਿਸ਼ਾ ਬਿਖੈ ਚਲਿ ਆਯੋ। ਅਲਕਾ ਪੁਰੀ[17] ਸਮੀਪ ਪਯਾਨਾ। ਨਿਜ ਮੁਖ ਧਰਿ ਕਰਿ ਸੰਖ ਬਜਾਨਾ॥੧੯॥ ਸੁਨਤਿ ਜੱਛ ਨਿਕਸੇ ਬਲ ਭਾਰੀ। ਸ਼ਸਤ੍ਰ ਅਸਤ੍ਰ ਨਿਜ ਸਰਬ ਸੰਭਾਰੀ।ਭਾ ਸੰਗ੍ਰਾਮ ਦੁਹਨ ਦਿਸ਼ਿ ਘੋਰਾ।ਛੂਟੇ ਤੀਛਣ ਬਾਨ ਕਠੋਰਾ॥੨੦॥ ਜੱਛ ਜਥੈ ਘਾਇਲ[18] ਕਰਿ ਡਾਰੇ। ਹਟੇ ਸਰਪ ਸਮ ਰਿਸ ਉਰ

---

[1]ਕੇਲੇ ਦੇ ਖੰਭੇ। [2]ਮੋਤੀਆਂ ਦੀਆਂ। [3]ਕੇਸਰ। [4]ਗਲੀਆਂ ਵਿਚ। [5]ਮਣੀਆਂ। [6]ਰਮਣੀਕ (ਥਾਉਂ ਹੈ)। [7]ਬਿਲੌਰ ਦੀ ਅਟਾਰੀ। [8]ਕਲਸ ਸੋਨੇ ਦੇ। [9]ਚੰਦੋਆ। [10]ਸੁਹਣਾ ਜਿਹਾ। [11]ਨਾਮ ਰਾਜਾ, ਬ੍ਰਹਮਾ ਜੀ ਵਲੋਂ ਜਗਤ ਪ੍ਰਬੰਧ ਲਈ ਅਸਥਾਪਨ ਕੀਤਾ ਹੋਇਆ ਇਕ 'ਅਧਿਕਾਰੀ' ਜੈਸੇ ਦਖਛ ਪ੍ਰਜਾਪਤੀ ਸੀ। (ਅ) ਸੂਰਜ। [12]ਪੁੱਤ੍ਰੀ। [13]ਇਕ ਸਮੇਂ। [14]ਸ਼ਿਕਾਰ। [15]ਯਕਸ਼ਾਂ ਨਾਲ। [16]ਜਗਤ ਨੂੰ ਫਤੇ ਕਰਨ ਵਾਲੇ। [17]ਸ਼ਹਿਰ ਦਾ ਨਾਮ, ਕੁਬੇਰ ਦੀ ਨਗਰੀ। [18]ਜ਼ਖਮੀ।

ਧਾਰੇ । ਪੌਰਖ[੧] ਧ੍ਰੂਵ ਕੋ ਸਹਿ ਨ ਸਕਾਈ । ਭਰੇ ਗਰਬ ਭੂਰੇ[੨] ਗਰਜਾਈ ॥ ੨੧ ॥ ਏਕ ਬਾਰ ਮਿਲਿ ਕਰਿ ਤਹਿੰ ਸਭਿਹੀ। ਬਾਨ ਅਨਿਕ ਬਰਖਾਏ ਤਬਹੀ । ਪਰਿਘ[੩], ਭੁਸੁੰਡੀ[੪], ਤੋਮਰ[੫], ਸ਼ਕਤੀ[੬] । ਨਾਨਾ ਸ਼ਸਤ੍ਰ ਕਰੈ ਕੋ ਉਕਤੀ ॥ ੨੨ ॥ ਛਾਯੋ ਰਥ ਧ੍ਰੂਵ ਕੋ ਤਬ ਐਸੇ । ਮਹਾਂ ਮੇਘ ਘਟ ਸੂਰਜ ਜੈਸੇ । ਜਿਉਂ ਗਿਰ ਪਰ ਬਰੋਖੈਂ ਘਨ ਭਾਰੇ । ਤਿਉਂ ਇਕ ਬਾਰ ਸ਼ਸਤ੍ਰ ਸਭਿ ਡਾਰੇ ॥੨੩॥ ਭਾ ਅਕਾਸ਼ ਮਹਿੰ ਹਾਹਾਕਾਰਾ ।--ਨਸਯੋ[੭] ਬੰਸ ਮਨੁ[੮]-ਐਸ ਬਿਚਾਰਾ । ਤਿਹ ਛਿਨ ਜੱਛ ਸਭੈ ਹਰਖਾਏ । ਭਰੇ ਗਰਬ ਉਰ ਵਡ ਗਰਜਾਏ ॥੨੪॥ ਧ੍ਰੂਵ ਰਥ ਅਵਸਰ ਪਾਇ ਬਹੋਰੀ । ਰਵਿ ਜਿਉਂ ਨਿਕਸਿ ਨੀਹਾਰਹਿ ਫੋਰੀ[੯]।ਧੌਰਿ[੧੦] ਧਨੁ[੧੧] ਕਰ ਮਹਿੰ[੧੨] ਸਰ[੧੩] ਬਰਖਾਏ । ਪੀੜਤ ਹੁਇ ਸਭਿ ਸ਼ੱਤ੍ਰ[੧੪] ਪਲਾਏ[੧੫] ॥ ੨੫ ॥ ਬਾਨਨ ਸੰਗ ਬਿਧੇ ਤਨ ਤਿਨਕੇ । ਭਾਗੇ ਵਡੋ ਗਰਬੋ ਉਰ ਜਿਨ ਕੇ । ਮਾਥੇ ਭੁਜਾ ਚਰਨ ਕਟਿ ਡਾਰੇ । ਜੋ ਸਨਮੁਖ ਭੇ ਤਤਛਿਨ ਮਾਰੇ ॥ ੨੬ ॥ ਅਨਗਨ ਜੱਛ ਪਰੇ ਕਟ ਧਰਨੀ । ਬਨ ਕਟਨੇ ਸਮ ਉਪਮਾ ਬਰਨੀ । ਘਨ ਅਨੀਕ[੧੬] ਜਿਵ ਪੌਨ ਅਗਾਰੀ । ਤਿਉਂ ਭਾਗੇ ਪਾਛੇ ਨ ਨਿਹਾਰੀ ॥ ੨੭ ॥ ਮਾਯਾ ਅਪਨੀ ਤਬਹਿ ਪਸਾਰੀ । ਸ਼ਿਲਾ ਕਬੰਧ[੧੭] ਗਿਰਹਿੰ[੧੮] ਨਭ[੧੯] ਭਾਰੀ[੨੦]।ਬਿਸ਼ਟਾ, ਮੂਤ੍ਰ, ਰੁਧਿਰ[੨੧], ਪੂੰ, ਤਬਹੀ । ਬਰਖੈਂ ਸ਼ੱਤ੍ਰ[੨੨] ਗਗਨ[੨੩] ਤੇ ਸਭਿਹੀ ॥੨੮॥ ਸ਼ੂਕਰ[੨੪], ਸਿੰਘ[੨੫], ਬਯਾਘ੍ਰ[੨੬], ਅਹਿ ਘੋਰਾ । ਪ੍ਰਲੈ ਸਰਸ ਭਾ ਨਾਦ ਕਠੋਰਾ । ਜਿਉਂ ਧ੍ਰੂ ਕੀ ਧੁਜਨੀ[੨੭] ਹ੍ਵੈ ਹਾਨੀ । ਤਿਉਂ ਸੁ ਆਸੁਰੀ ਮਾਯਾ ਠਾਨੀ[੨੮] ॥੨੯॥ ਧ੍ਰੂਵ ਹਰਿ ਭਗਤ ਮਹਾਂਬਲ ਧਾਰਾ । ਨਾਰਾਯਨਸਰ[੨੯] ਤਬਹਿ ਸੰਭਾਰਾ । ਕਰ[੩੦] ਮਹਿੰ ਲੇ ਧਨੁ ਮਹਿੰ ਜਬ ਜੋਰਾ । ਨਾਸ਼ ਭਈ ਮਾਯਾ ਵਡ ਘੋਰਾ ॥ ੩੦ ॥ ਜਬ ਵਹੁ ਬਾਨ ਕਟਕ[੩੧] ਮਹਿੰ ਡਾਰਾ । ਛਿਨਕ ਬਿਖੈ ਸਗਰੋ ਸੰਘਾਰਾ । ਕਟੇ ਅੰਗ ਬਯਾਕੁਲ ਹ੍ਵੈ ਭਾਗੇ । ਸਰਪ ਬ੍ਰਿੰਦ ਜਯੋਂ ਖਗਪਤਿ ਆਗੇ ॥ ੩੧ ॥ ਧ੍ਰੂਵ ਕੋ ਪਿਤਪਿਤ[੩੨] ਨ੍ਰਿਪ ਮਨੁ[੩੩] ਜੋਈ । ਦਯਾ ਭਈ ਆਯੋ

---

[੧]ਬਲ । [੨]ਬੜੇ । [੩]ਕੁਹਾੜਾ, ਗੰਡਾਸਾ । [੪]ਗੁਰਜ । [੫]ਬਰਛਾ । [੬]ਬਰਛੀ । [੭]ਨਾਸ਼ ਹੋਯਾ ਕਿ ਹੋਯਾ । [੮]ਮਨੂੰ ਦਾ ਬੰਸ । [੯]ਕੋਹੀਰ ਨੂੰ ਤੋੜਕੇ । [੧੦]ਧਾਰਕੇ । [੧੧]ਧਨੁਖ । [੧੨]ਹੱਥ ਵਿੱਚ । [੧੩]ਤੀਰ । [੧੪]ਵੈਰੀ । [੧੫]ਦੌੜ ਗਏ । [੧੬]ਬੱਦਲਾਂ ਦੀ ਫੌਜ । [੧੭]ਪੱਥਰ ਤੇ ਧੜ । [੧੮]ਗਿਰਦੇ ਹਨ । [੧੯]ਅਕਾਸ਼ ਤੋਂ । [੨੦]ਭਾਰੇ, ਬਹੁਤ । [੨੧]ਲਹੂ । [੨੨]ਵੈਰੀ । [੨੩]ਅਕਾਸ਼ । [੨੪]ਸੂਰ । [੨੫]ਸ਼ੇਰ । [੨੬]ਬਘਿਆੜ । [੨੭]ਸੈਨਾ । [੨੮]ਕੀਤੀ । [੨੯]ਨਾਰਾਇਨ ਅਸਤ੍ਰ । [੩੦]ਹਥ । [੩੧]ਵੈਰੀ ਸੈਨਾ । [੩੨]ਦਾਦਾ । [੩੩]ਮਨੂੰ ਰਾਜਾ ।

ਚਲਿ ਸੋਈ। ਕਹਿਨ ਲਗਾ ਧ੍ਰੂਵ ਕੋ ਅਸ ਬਾਨੀ ।-ਬਿਨ ਅਪਰਾਧ ਨ ਜਛ ਕਰਿ ਹਾਨੀ ॥ ੩੨ ॥ ਤੂੰ ਹਰਿ ਭਗਤ ਦਯਾ ਉਰ ਧਾਰਹੁ। ਰਿਸ ਕਰਿ ਸ਼ਾਂਤਿ[1], ਨ ਜੱਛ ਸੰਘਾਰਹੁ। ਏਕ ਭ੍ਰਾਤ ਤੇਰੋ ਇਨ ਮਾਰਾ। ਤੈਂ ਅਨ-ਗਨ ਬਹੁ ਕਟਕ ਸੰਘਾਰਾ॥ ੩੩ ॥ ਬਾਲ ਬੈਸ ਤੁਮ ਬਿਸ਼ਨੁ ਧਿਆਯੋ। ਤਹਾਂ ਗਯਾਨ ਪੂਰਨ ਉਰ ਪਾਯੋ। ਆਤਮ ਸਰਬ ਬਿਖੇ ਹੈ ਏਕੂ। ਅਸ ਪ੍ਰਕਾਰ ਸੰਭਾਰਿ ਬਿਬੇਕੂ ॥ ੩੪ ॥ ਅਹੈ ਅਨੁਚਿਤ ਯਹੈ ਸਭਿ ਬਾਤਾ। ਬਸ ਸੰਗ੍ਰਾਮ ਨ ਕਰਿ ਅਬ ਤਾਤਾ!-।ਇਸ ਬਿਧਿ ਦੀਨ ਗਯਾਨ ਮਨੁ ਗਾਊ।ਜੁੱਧ ਕਰਤਿ ਧ੍ਰੂਵ ਕੀਨ ਹਟਾਊ॥ ੩੫ ॥ ਪੁਨ ਮਨੁ[2] ਗਵਨਯੋ ਅਪਨ ਅਵਾਸੂ। ਤਬ ਧਨਪੱਤਿ[3] ਆਵਾ ਧ੍ਰੂਵ ਪਾਸੂ । ਬਰਨਨ ਕੀਨੋ ਸੁਜਸ ਬਿਸਾਲਾ। -ਧੰਨ ਧੰਨ ਹਰਿ ਭਗਤ ਭੁਵਾਲਾ॥੩੬॥ ਕਹਯੋ ਪਿਤਾਮਾ ਕੋ ਤੁਮ ਮਾਨਾ॥ ਉਰ ਤੇ ਕ੍ਰੋਧ ਸਕਲ ਬਿਸਰਾਨਾ[4]। ਤੁਮ ਭ੍ਰਾਤਾ ਨਹਿਂ ਜੱਛ ਸੰਘਾਰਾ। ਏਕ ਨਹੀਂ ਜੱਛ ਤੁਮ ਨੈ ਮਾਰਾ ॥ ੩੭ ॥ ਮਾਰਨ ਕੋ ਕਾਰਨ ਇਕ ਕਾਲੂ[5]। ਲਖਤਿ ਨ ਕੋ ਗਤਿ ਜਾਸ ਬਿਸਾਲੂ। ਮੈਂ ਅਰ ਮੋਰ ਤੋਰ ਜੋ ਜਾਨਤਿ। ਤਾਂ ਕੋ ਪੰਡਤ ਅੱਗਯ[6] ਪਛਾਨਤਿ ॥੩੮॥ ਤੂੰ ਮਤਿਵਾਨ ਗਯਾਨ ਗੁਨ ਖਾਨੀ। ਬਾਲ ਬੈਸ ਹਰਿ ਭਗਤਿ ਕਮਾਨੀ। ਤੁਝ ਪਰ ਮੈਂ ਸੁ ਪ੍ਰਸੰਨ ਬਿਸਾਲਾ। ਚਹੋ ਜੁ ਬਰ ਜਾਚਹੁ ਤਤਕਾਲਾ-॥੩੯॥ਸੁਨਿ ਬੋਲਯੋ ਧ੍ਰੂਵ ਤਬ ਅਸਰੀਤੀ। -ਸ੍ਰੀ ਹਰਿ ਚਰਨ ਅਚਲ ਹ੍ਵੈ ਪ੍ਰੀਤੀ। ਸਿੰਧੁ ਜਗਤ ਜਾਂਤੇ ਤਰਿ ਜਾਊਂ। ਇਹ ਬਰ ਤੁਮ ਤੇ ਮੈਂ ਸ਼ੁਭ ਪਾਊਂ-॥ ੪੦ ॥-ਏਵ ਮਸਤ[7]-ਕਹਿ ਬਚਨ ਕੁਮੇਰਾ[8]। ਗਮਨਯੋ ਤਬਹਿ ਹੁਤੋ ਜਹਿਂ ਡੇਰਾ। ਧ੍ਰੂਵ ਅਪਨੇ ਪੁਰਿ ਕੋ ਚਲਿ ਆਵਾ। ਜਿਹ ਕੋ ਸੁਰ ਨਰ ਮਹਿਂ ਜਸ ਛਾਵਾ ॥ ੪੧ ॥ ਕੀਨ ਪ੍ਰਿਥੀ ਕੋ ਰਾਜ ਘਨੇਰਾ। ਕਰਿ ਮਖ[9] ਫਲ ਅਰਪਯੋ ਹਰਿ ਪੈਰਾ । ਪ੍ਰੇਮ ਭਗਤਿ ਮਹਿਂ ਰਹਯੋ ਸਮਾਈ। ਸਰਬ ਸੁਖਨ ਸੋਂ ਪ੍ਰਜਾ ਬਸਾਈ ॥ ੪੨ ॥ ਛੱਤਿਸ ਸਹਸ[10] ਬਰਖ ਕਰਿ ਰਾਜੂ। ਧਰਮ ਅਰਥ ਕਾਮਾਦਿਕ ਸਾਜੂ। ਨੱਸ੍ਵਰ[11] ਲਖਿ ਕਰਿ ਜਗਤ ਬਹੋਰੀ। ਸੁਪਨ ਸਮਾਨ ਦੀਨਿ ਸਭਿ ਛੋਰੀ॥੪੩॥ਸੁਤ ਕੋ ਰਾਜ ਸਮਰਪਨ ਕੀਨਾ॥ ਆਪ[12] ਪੰਥ ਕਾਨਨ ਕੋ ਲੀਨਾ॥ਕੀਨ ਸ਼ਨਾਨ ਸੁਰਸਰੀ[13] ਤੀਰਾ। ਬੈਠਿ ਗਯੇ ਪੁਨ ਗੁਨੀ ਗਹੀਰਾ ॥ ੪੪ ॥ ਜੋਗ ਸਮਾਧੀ

[1]ਕ੍ਰੋਧ ਨੂੰ ਸ਼ਾਂਤ ਕਰ। [2]ਮਨੂੰ। [3]ਕੁਬੇਰ। [4]ਵਿਸਾਰ ਦਿੱਤਾ। [5]ਮੌਤ। [6]ਅੱਗਯਾਨੀ। [7]ਐਸੇ ਹੀ ਹੋਵੇਗਾ। [8]ਕੁਬੇਰ। [9]ਯੱਗ। [10]ਛੱਤੀ ਹਜ਼ਾਰ। [11]ਨਾਸ਼ ਹੋਣ ਵਾਲਾ। [12]ਧ੍ਰੂਵ ਨੇ। [13]ਗੰਗਾ।

ਕੀਨ ਪ੍ਰਬੀਨੇ। ਧ੍ਯਾਤਾ ਧੇਯ ਏਕ ਕਰਿ ਲੀਨੇ। ਭਯੋ ਅਭਾਵ ਜਗਤ ਕੋ ਤਬਹੀ। ਮਨ ਸੰਕਲਪ ਫੁਰ੍ਯੋ ਨਹਿੰ ਕਬਹੀ ॥ ੪੫ ॥ ਇਹ ਬਿਧਿ ਬੀਤ ਗਯੋ ਕੁਛ ਕਾਲੂ। ਪ੍ਰੇਮ ਭਗਤਿ ਮਹਿੰ ਮਗਨ ਬਿਸਾਲੂ। ਨਭ ਤੇ ਤਬ ਬਿਵਾਨ ਇਕ ਆਵਾ। ਚਹੁੰ ਦਿਸ਼ ਪਸਰ੍ਯੋ ਜਾਸ ਪ੍ਰਭਾਵਾ ॥ ੪੬॥ ਕਿੰਕਰ ਜਿਹ ਕੋ ਲਗੇ ਅਨੂਪਾ।ਚਾਰ ਭੁਜਾ ਸੁਠ[1]ਸ਼੍ਯਾਮ[2] ਸਰੂਪਾ। ਬਯ[3] ਕਿਸ਼ੋਰ[4] ਸ਼ਸ਼ਿ ਬਦਨ ਸੁਹਾਵਤਿ। ਕੁੰਡਲ ਮੁਕਟ ਹਾਰ ਛਬਿ ਪਾਵਤਿ ॥ ੪੭ ॥ ਨੰਦਾਦਿਕ[5] ਪ੍ਰਭੁ ਕਿੰਕਰ[6] ਜੇਈ*। ਧ੍ਰੂਵ ਕੇ ਪਦ ਬੰਦਤਿ ਭੇ ਸੇਈ। ਕਹਿਨ ਲਗੇ—ਹੇ ਰਾਜ ਕੁਮਾਰਾ। ਬਾਲ ਬੈਸ ਕਿਯ ਭਗਤਿ ਅਪਾਰਾ ॥੪੮॥ਤ੍ਰਿਭਵਨ ਪਤਿ[7]ਤੁਮ ਭਲੇ ਰਿਝਾਏ। ਤਾਂਹੀ ਨੈ ਤੁਝ ਪਾਸ ਪਠਾਏ। ਪ੍ਰਭੁ ਆਗ੍ਯਾ ਅਬ ਕਰਹੁ ਪਯਾਨਾ। ਨਿਰਮਲ ਸੁਖ ਭੋਗਹੁ ਬਿਧਿ ਨਾਨਾ ॥੪੯ ॥ ਸਪਤ ਰਿਖੀ ਅਭਿਲਾਖਤਿ ਪਦ ਜਿੰਹ । ਜਤਨ ਕਰਤਿ ਪ੍ਰਾਪਤ ਹ੍ਵੈ ਨਹਿੰ ਤਿਹੰ। ਭਾਨੁ[8] ਇੰਦ[9] ਗ੍ਰਹ ਆਦਿਕ ਸਾਰੇ। ਕਰਹਿੰ ਪ੍ਰਦੱਛਨ[10] ਨਿਤ ਹਿਤ ਧਾਰੇ ॥ ੫੦ ॥ ਤੋਰ ਪਿਤਾਮਾਦਿਕ[11] ਤਪ ਕਾਰੀ। ਕੋਇ ਨ ਪਹੁੰਚ੍ਯੋ ਤਹਾਂ ਅਗਾਰੀ[12]। ਇਸ ਬਿਵਾਨ ਪਰ ਚਢੋ ਤੁਰੰਤਾ। ਭੋਗਹੁ ਸੁਖ ਜੋ ਮਹਿਤ ਅਨੰਤਾ—॥ ੫੧ ॥ ਤਿਨ ਕੇ ਬਚਨ ਸੁਨੇ ਧ੍ਰੂਵ ਜਬ ਹੀ। ਸੁਰ-ਸਰਿ ਮੈਂ ਸ਼ਨਾਨ ਕਿਯ ਤਬਹੀ। ਸਰਬ ਰਿਖਿਨਿ ਕੋ ਬੰਦਨ ਕੀਨੀ। ਹਰ-ਖਤਿ ਹ੍ਵੈ ਸ਼ੁਭ ਆਸ਼ਿਖ ਲੀਨੀ ॥ ੫੨ ॥ ਪੁਨ ਬਿਮਾਨ ਪੂਜਾ ਭਲਿ ਭਾਂਤੀ। ਤੀਨ ਪ੍ਰਦੱਛਨ ਦੀਨਿ ਸੁਹਾਤੀ। ਸਰਬ ਗਣਨ ਕੋ ਬੰਦਨ ਕਰਿਕੈ। ਚਢ੍ਯੋ ਬਿਮਾਨ ਹਰਖ ਉਰ ਭਰਿਕੈ ॥ ੫੩ ॥ ਦੇਵਨ ਬਾਦਿਤ[13] ਸਰਬ ਬਜਾਏ। ਪੁਸ਼ਪਾਂਜੁਲ[14] ਬਹੁਤੇ ਬਰਖਾਏ।—ਜਯ ਜਯ—ਧੁਨਿ ਚਹੁੰ ਓਰ ਉਚਾਰੀ। ਚਲ੍ਯੋ ਬਿਮਾਨ ਮਹਾ ਸੁਖਕਾਰੀ ॥ ੫੪ ॥ ਸਭਿਹਿਨਿ ਤੇ ਊਚੇ ਅਸਥਾਨਾ। ਪਹੁੰਚ੍ਯੋ ਚਲਿ ਕਰਿ ਰੁਚਿਰ ਬਿਮਾਨਾ'। ਸ੍ਰੀ ਅੰਗਦ ਸੁਨਿਯੇ ਗੁਨ ਖਾਨੀ। ਸ਼੍ਰੀ ਗੁਰ ਭਾਖੀ ਸਰਬ ਕਹਾਨੀ ॥ ੫੫ ॥ ਸੁਨਿ ਮਰਦਾਨਾ ਕਹਿ ਚਿਤ ਚਾਹੀ। 'ਸ਼੍ਰੀ ਪ੍ਰਭੁ ! ਦਰਸ ਕਰਹਿੰ ਅਬ ਤਾਂਹੀ। ਜਿਹ ਕੋ ਰੁਚਿਰ ਚਰਿਤ ਤੁਮ ਭਾਖਾ। ਤਿਹ ਕੇ ਦੇਖਿਨ ਕੀ ਅਭਿਲਾਖਾ'॥੫੬॥ਸ਼੍ਰੀ ਗੁਰੁ ਭਨੈ'ਸੁਨਹੁ

[1]ਸੁੰਦਰ। [2]ਸਾਂਵਲਾ। [3]ਆਯੂ। [4]ਕੁਮਾਰ। [5]ਨੰਦ ਤੋਂ ਆਦਿ। [6]ਦਾਸ। [7]ਤਿੰਨਾਂ ਲੋਕਾਂ ਦੇ ਪਤੀ ਨੂੰ। [8]ਸੂਰਜ। [9]ਚੰਦ। [10]ਪ੍ਰਕਰਮਾਂ। [11]ਦਾਦਾ ਆਦਿਕ। [12]ਅਗੇ। [13]ਵਾਜੇ। [14]ਫੁੱਲਾਂ ਦੇ ਬੁਕ। *ਪਾਃ—ਤੇਈ।

ਮਰਦਾਨਾ! । ਚਲਹੁ ਦਿਖਾਵੈਂ ਤਿਹ ਇਸਥਾਨਾ'। ਅਸ ਕਹਿ ਗਮਨ ਕਿਯੋ ਤਤਕਾਲਾ। ਧ੍ਰੂਵ ਮੰਡਲ ਮਹਿਂ ਗਏ ਕ੍ਰਿਪਾਲਾ ॥ ੫੭ ॥ ਦੋਹਰਾ ॥ ਫਿਰਤਿ ਹੁਤੋ ਧ੍ਰੂਵਥਾਨ ਨਿਜ ਦੇਖਿ ਹਮਾਰੀ ਓਰ। ਉਰ ਬਿਚਾਰ–ਤ੍ਰੈ ਨਰ ਇਹਾਂ ਆਏ ਕਿਹ ਕੇ ਜੋਰ–॥ ੫੮ ॥ ਚੌਪਈ ॥ ਪਹੁੰਚੇ ਤਿਹ ਸਮੀਪ ਜਬ ਜਾਈ।'ਸ੍ਰੀ ਕਰਤਾਰ ਕਰਤਾਰ ਅਲਾਈ।ਬੂਝਤਿ ਧ੍ਰੂਵ 'ਕੌਨ ਤੁਮ ਆਏ?। ਭੂਚਰ ਖੇਚਰ ਕਿਨ ਪਹੁੰਚਾਏ[1] ?॥ ੫੯ ॥ ਕੈਸੇ ਮੋਰਗਲੀਨ ਪਛਾਨਾ?। ਆਗੈ ਕਿਤ ਕੋ ਕੀਨ ਪਯਾਨਾ?।ਬਿਖਮ[2]ਪੰਥ[3] ਵਡ ਕਿਉਂ ਕਰਿ ਆਏ ?। ਦੇਵ ਨ ਦਾਨਵ[4] ਕਿਨਹੂੰ ਖਾਏ?॥੬੦॥ਪੁਰਬ ਭਈ ਨ ਕਬਹੂੰ ਐਸੇ। ਦੇਹਿ ਸਹਿਤ ਆਏ ਅਬ ਜੈਸੇ। ਬਿਖਮ ਪਹਾਰ ਉਲੰਘੇ ਸਾਰੇ। ਯੌ ਸੁਨਿ ਸ੍ਰੀ ਗੁਰੁ ਬਚਨ ਉਚਾਰੇ ॥੬੧॥ ਦੋਹਰਾ॥ 'ਸੱਤਿਨਾਮ ਕਰਤਾ ਪੁਰਖੁ ਕੀਨ ਭਗਤਿ ਤਿਹ ਜੋਰ। ਮਾਰਗ ਭਲੇ ਪਛਾਨਿਕੇ ਆਏ ਤੁਮਰੀ ਓਰ ॥ ੬੨ ॥ ਚੌਪਈ॥ ਧਰਯੋ ਧਯਾਨ ਜਬ ਸ੍ਰੀ ਕਰਤਾਰਾ। ਸਭਿਹੀ ਮਾਰਗ ਭਯੋ ਸੁਖਾਰਾ। ਨਿਰੰ- ਕਾਰ ਕੇ ਦਰਸ਼ਨ ਆਏ। ਦਾਨਵ ਦੇਵ[4] ਚਰਨ ਕੋ ਲਾਏ ॥ ੬੩ ॥ ਦਰਸ਼ਨ ਕੀ ਅਭਿਲਾਖ ਹਮਾਰੈ। ਬਰ ਦੀਜੈ ਜਿਉਂ ਬੇਗ ਨਿਹਾਰੈਂ। ਬਾਲ ਬੈਸ ਤੇ ਭਗਤ ਸਪੂਰਨ। ਮਹਿਮਾ ਅਧਿਕ ਤੋਰ ਗੁਨ ਰੂਰਨ[5]॥੬੪॥ ਜਾਨਹੁ ਨਾਨਕ ਨਾਮ ਹਮਾਰਾ। ਦਰਸ਼ਨ ਭਗਤਨ ਕੋ ਸੁਖਸਾਰਾ'। ਧ੍ਰੂਵ ਨੈ ਸੁਨਯੋ ਨਾਮ ਅਸ ਜਬ ਹੀ। ਨਮੋ ਕੀਨਿ ਕਰ ਜੋਰੇ ਤਬਹੀ॥੬੫॥ ਕੰਹਨ ਲਗਯੋ 'ਪੂਰਬ[6] ਸੁਧ ਪਾਈ। ਧਰਾਵਤਾਰ ਪ੍ਰਭੁ ਧਰਿ ਜਾਈ। ਆਨਿ ਨਿਕਟ ਮੁਝ ਦਰਸ਼ਨ ਦੀਨੇ। ਲੋਚਨ ਗੋਚਰ[7] ਸਵਲੀ ਕੀਨੇਂ' ॥੬੬॥ ਸ੍ਰੀ ਅੰਗਦ ਜੀ ਸੁਨੁ ਸੁਖ ਰਾਸੂ!। ਯੌਂਹਰਖਤਿ ਕਿਯ ਬਚਨ ਬਿਲਾਸੂ।ਕਿਤਿਕ ਕਾਲ ਬੈਠੇ ਜਗ ਸ੍ਵਾਮੀ। ਤਿਹ ਪਦ[8]ਕਵੀ* ਨਮਾਮਿ ਨਮਾਮੀ[9] ॥੬੭॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ'ਧ੍ਰੂਵ ਪ੍ਰਸੰਗ'ਬਰਨਨੰ ਨਾਮ ਬਹੱਤ੍ਰਮੋ ਅਧ੍ਯਾਯ॥੭੨॥

੭੩. [ ਸੰਤ ਮੰਗਲ । ਸਚਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ]

ਦੋਹਰਾ–ਅਦਭੁਤ ਸੰਤ ਸਮਾਜ ਸਰੁ ਕਰਿ ਸ਼ਨਾਨ ਮਿਲਿ ਤਾਂਹਿ।
ਬਾਇਸ ਤੇ ਪਿਕ ਹੋਤਿ ਹੈ ਬਕ ਤੇ ਹੰਸ ਕਰਾਹਿ ॥ ੧ ॥

---

[1](ਭੂਚਰ) ਪ੍ਰਿਥਵੀ ਤੇ ਫਿਰਨ ਵਾਲੇ (ਮਨੁੱਖਾਂ) ਨੂੰ (ਖੇਚਰ) ਅਕਾਸ਼ ਵਿੱਚ ਫਿਰਨ ਵਾਲਿਆਂ ਵਿਚ ਕਿਸਨੇ ਪੁਚਾਇਆ ਹੈ ? [2]ਟੇਢਾ (ਅ) ਕਠਨ। [3]ਰਾਹ। [4]ਦੇਉ,ਦੈਂਤ। [5]ਸੁੰਦਰ। [6]ਪਹਿਲੇ ਹੀ। [7]ਨੇਤ੍ਰਾਂਦੀ ਦ੍ਰਿਸ਼ਟੀ। [8]ਚਰਨਾਂ ਤੇ। [9]ਨਮਸਕਾਰ ਹੈ, ਨਮਸਕਾਰ ਹੈ। *ਪਾ:–ਕਰੀ।

ਅਦਭੁਤ=ਅਚਰਜ। ਅਨੋਖਾ। [ਸੰਸ:, ਅਦਭੁਤ]
ਬਾਇਸ=ਕਾਂ [ਸੰਸ:, ਵਾਯਸ] ਭਾਵ—ਖੋਟੇ, ਕ੍ਰੂਰ, ਲੋਭੀ।
ਪਿਕ=ਕੋਇਲ। ਭਾਵ—ਗੁਣੀ, ਸ਼ੁਭ ਗੁਣਾਂ ਵਾਲੇ।
ਬਕ=ਬਗਲਾ, ਭਾਵ—ਦੰਭੀ, ਨੀਚ ਕਰਮਾਂ ਵਾਲੇ।
ਹੰਸ=ਹੰਸ ਪੰਛੀ, ਭਾਵ—ਸ੍ਰੇਸ਼ਟ, ਸੁਜਨ, ਸੰਤ, ਪਾਰਗਿਰਾਮੀ ਪੁਰਖ।

**ਅਰਥ**—ਸੰਤਾਂ ਦਾ ਸੰਗ ਇਕ ਅਚਰਜ ਸਰੋਵਰ ਹੈ ਕਿ ਜਿਨ੍ਹਾਂ ਨੂੰ ਮਿਲਨੇ (ਰੂਪੀ) ਇਸ਼ਨਾਨ ਕਰਨ ਨਾਲ ਕਾਂ ਤੋਂ ਕੋਇਲ ਹੋ ਜਾਂਦੇ ਹਨ (ਤੇ ਜੋ) ਬਗਲੇ ਤੋਂ ਹੰਸ ਬਣਾ ਲੈਂਦਾ ਹੈ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ **ਬਾਲਾ ਕਹਿਤਿ ਰੁਚਿਰ ਇਤਿਹਾਸਾ। ਸ਼੍ਰੀ ਅੰਗਦ ਜੀ ਸੁਨਿ ਸੁਖਰਾਸਾ।। ਹਮ ਕੋ ਧ੍ਰੁਵ ਲੋਕ ਮਹਿਂ ਛੋਰਾ। ਗਮ ਨੇ ਸੱਚ ਖੰਡ ਕੀ ਓਰਾ* ॥ ੨ ॥ ਤਿਹ ਬ੍ਰਿਤੰਤ ਦੇਖਯੋ ਨਹਿਂ ਕੈਸੇ। ਜਯੋਂ ਮੈਂ**

*ਇਸ ਅਧਯਾਯ ਵਿੱਚ ਕਵਿ ਜੀ ਨੇ ਸਤਿਗੁਰੂ ਜੀ ਦਾ ਸਚ ਖੰਡ ਜਾਣਾ, ਉਸ ਲੋਕ ਦੀ ਸ਼ੋਭਾ, ਵਾਹਿਗੁਰੂ ਜੀ ਦਾ ਰੂਪ, ਗੁਰ ਨਾਨਕ ਜੀ ਨਾਲ ਗੱਲ ਬਾਤ ਵਰਣਨ ਕੀਤੀ ਹੈ, ਇਹ ਸਾਰਾ ਵਰਣਨ ਉਨ੍ਹਾਂ ਨੇ ਮਨੁੱਖੀ ਬੋਲੀ ਵਿੱਚ ਮਨੁੱਖੀ ਪਦਾਰਥਾਂ ਦੁਆਰਾ ਐਉਂ ਕੀਤਾ ਹੈ ਜਿਵੇਂ ਕਿ ਓਹ ਕਿਸੇ ਪੰਚ ਭੌਤਕ ਸਰੀਰ ਧਾਰੀ ਲੋਕ ਤੇ ਵਜਕਤੀਆਂ ਦਾ ਵਰਣਨ ਕਰ ਰਹੇ ਹਨ। ਪਰ ਗੱਲ ਐਉਂ ਨਹੀਂ ਹੈ, ਸਚਖੰਡ ਤੇ ਸਾਈਂ ਆਪ ਜੋ ਕੁਛ ਓਹ ਹਨ ਪੰਚ ਭੌਤਕੀ ਨਹੀਂ, ਸਰਬ ਆਤਮ ਰੰਗ ਚਲੂਲ ਦੇ ਕ੍ਰਿਸ਼ਮੇ ਹਨ ਜੋ ਵਰਣਨ ਨਹੀਂ ਹੋ ਸਕਦੇ। ਉਥੋਂ ਦੇ ਵਰਣਨ ਨੂੰ ਗੁਰੂ ਜੀ ਨੇ ਆਪ ਕਿਹਾ ਹੈ 'ਨਾਨਕ ਕਥਨਾ ਕਰੜਾ ਸਾਰੁ'। ਫਿਰ ਜਦ ਵਰਣਨ ਕਰਨ ਦਾ ਜਤਨ ਕੀਤਾ ਜਾਇਗਾ ਤਾਂ ਸਾਡੀ ਸਮਝ ਗੋਚਰਾ ਕਰਨੇ ਲਈ ਮਨੁੱਖੀ ਸੁੰਦਰਤਾ ਦੇ ਸਾਮਾਨਾਂ ਤੇ ਪਦਾਂ ਵਿੱਚ ਹੀ ਕੀਤਾ ਜਾ ਸਕੇਗਾ। ਜੋ ਪਦਾਰਥ ਤੇ ਸਾਮਾਨ ਤੇ ਹਾਲਤਾਂ ਏਥੇ ਨਹੀਂ ਹਨ ਤੇ ਜਿਨ੍ਹਾਂ ਲਈ ਪਦ ਸਾਡੀ ਬੋਲੀ ਵਿਚ ਨਹੀਂ ਹਨ ਓਹ ਸਾਂਗੋ ਪਾਂਗ ਜੈਸੇ ਕਿ ਓਹ ਹਨ ਕਥੇ ਨਹੀਂ ਜਾ ਸਕਦੇ। ਗਹਿਣੇ ਤੇ ਕੱਪੜੇ ਜੋ ਵਰਣਨ ਕੀਤੇ ਹਨ ਉਹ ਬੀ ਸੁੰਦਰਤਾ ਤੇ ਛਬੀ ਦੱਸਣ ਲਈ ਹਨ, ਆਤਮ ਸੁੰਦਰਤਾ ਦੇ ਭੂਖਣ ਤੇ ਬਸਤ੍ਰ ਕੀ ਹਨ, ਕਿਵੇਂ ਹਨ, ਕੌਣ ਕਹਿ ਤੇ ਸਮਝ ਸਕਦਾ ਹੈ, ਸਾਰੇ ਵਰਣਨ ਦਾ ਮਤਲਬ ਛਬੀ ਤੋਂ ਹੈ ਜੋ ਅਕਹਿ ਹੈ। ਕਵਿ ਜੀ ਨੇ ਆਪ ਇਸੇ ਅਧਯਾਯ ਵਿੱਚ ਕਿਹਾ ਹੈ:—

ਸੱਚਖੰਡ ਕੀ ਉਪਮਾ ਜੋਈ। ਉਚਰ ਸਕੈ ਅਸ ਕਵਿ ਨਹਿਂ ਕੋਈ।
ਜਹਿਂ ਕੁੰਠਤਿ ਹ੍ਵੈ ਹੈ ਮਨ ਬਾਨੀ। ਕੈਸੇ ਪਰੈ ਤਾਸ ਗਤਿ ਜਾਨੀ॥ ੨੨॥
ਮਨ ਠਹਿਰਾਵਨ ਹੇਤ ਸੁਖਾਰੇ। ਕਹਉਂ ਰੁਚਿਰਤਾ ਕਛੁਕ ਸੁਧਾਰੇ।

ਸੋ ਕਵਿ ਜੀ ਸਾਡੀ ਸਮਝ ਗੋਚਰਾ ਕਰਨੇ ਲਈ ਉਸ ਸੁੰਦਰਤਾ ਨੂੰ ਜੋ ਅਗੰਮ ਹੈ, ਸਾਡੀ ਬੋਲੀ ਵਿਚ ਸਾਡੇ ਖਿਆਲਾਂ ਮੂਜਬ ਸੌਖਾ ਕਰਕੇ ਕਹਿੰਦੇ ਹਨ। ਇਸੇ ਪ੍ਰਕਾਰ ਚਾਰ ਮੁਕਤੀਆਂ, ਮੁਕਤੇ ਤੇ ਭਗਤਾਂ ਦੀ ਹਾਲਤ ਸਮਝਣੀ ਚਾਹੀਏ। ਫਿਰ ਜਿਸ ਵੇਲੇ ਵਾਹਿਗੁਰੂ ਦਾ ਰੂਪ ਵਰਣਨ ਕਰਦੇ ਹਨ, ਤਾਂ ਐਉਂ ਜਾਪਦਾ ਹੈ ਕਿ ਵਿਸ਼ਨੂੰ ਜੀ ਦਾ ਅਲੰਕਾਰ ਬੰਨ੍ਹ ਰਹੇ ਹਨ, ਪਰ ਅੱਗੇ ਜਾਕੇ ਆਪ ਹੀ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਸੁਨਜੋ ਸੁਨਾਵੋਂ ਤੈਸੇ। ਛਿਨਕ ਬਿਖੈ ਪਹੁੰਚੇ ਸੁਖਦਾਨੀ। ਜਿਹ ਸੁਠ ਰਚਨਾ ਬਨੀ ਮਹਾਨੀ ॥੨॥ ਅਨਿਕ ਬਿਧਿਨਿ ਕੇ ਉਪਬਨ ਰੂਰੇ। ਸ਼ਾਖਾ ਨਿਵੀਂ ਫਲਨ ਰਸ ਪੂਰੇ। ਕੁਸਮ ਬਾਟਿਕਾ ਬਨੀ ਸੁਹਾਈ। ਭੌਰ ਗੁੰਜਾਰ ਜਿਨਹਿੰ ਪਰ ਲਾਈ ॥ ੪॥ ਕਰਹਿੰ ਨਿਰੰਤਰ ਹਰਿ ਜਸ ਗਾਨਾ। ਹੰਸ, ਕੀਰ[1], ਪਿਕ[2], ਜੇ ਖਗ[3] ਨਾਨਾ। ਪੌਰ[4] ਵਡੋ ਸੁੰਦਰ ਉਜਿਆਰਾ[5]। ਹੀਰੇ ਮਾਨਿਕ ਲਗੇ ਅਪਾਰਾ ॥ ੫ ॥ ਅਹੈਂ ਭਗਤ ਜਿਨ ਮੋਖ ਸ਼ਲੋਕਾ[6]। ਬਿਚਰਤਿ ਹੈਂ ਹਰਖਤਿ ਬਿਨ ਸ਼ੋਕਾ। ਸੁਪਨੈ ਮਾਤਰ ਜਹਿੰ ਨ ਬਿਕਾਰਾ। ਰਿਦੈ ਪ੍ਰਕਾਸ਼ਹਿ ਗਯਾਨ ਅਪਾਰਾ ॥੬॥ ਸੁੰਦਰ ਮੰਦਰ ਕੰਚਨ ਕੇਰੇ। ਖਚੀ[7]

---

[1]ਤੋਤੇ। [2]ਕੋਇਲ। [3]ਪੰਛੀ। [4]ਦਰਵੱਜਾ। [5]ਰੌਸ਼ਨ। [6]ਸਾਲੋਕ ਨਾਮੇ ਮੁਕਤੀ (ਦੇਖੋ ਪੂਰਬਾਰਧ ਅਧਯਾਯ ੧ ਅੰਕ ੭੦ ਦੇ ਪਦ ਅਰਥ)। [7]ਜੜੀਆਂ ਹੋਈਆਂ।

[ਪਿਛਲੇ ਪੰਨੇ ਦੀ ਬਾਕੀ ਟੂਕ]

ਕਹਿੰਦੇ ਹਨ:–ਇਕ ਰੋਮ ਮਹਿ ਬਿਸ਼ਨੁ ਅਨੇਕਾ। ਬਿਧਿ, ਸ਼ਿਵ ਬਹੁ, ਕੋ ਕਰਹਿ ਬਿਬੇਕਾ। ਅਰਥਾਤ ਕ੍ਰੋੜਾਂ ਵਿਸ਼ਨੂ ਜਿਸ ਦੇ ਰੋਮ ਵਿਚ ਹਨ, ਬ੍ਰਹਮਾ, ਸ਼ਿਵ ਅਨਗਿਣਤ ਹਨ। ਜਿਸ ਤੋਂ ਸਪਸ਼ਟ ਹੋ ਗਿਆ ਕਿ ਸਭ ਤੋਂ ਉੱਚੇ ਤੇ ਸਭ ਦੇ ਸੁਆਮੀ "ਓਹੁ ਵੇਖੈ ਓਨਾ ਨਦਰਿ ਨ ਆਵੈ" ਜੀ ਦਾ ਸਰੂਪ ਕਵਿ ਜੀ ਸਾਡੀ ਬੋਲੀ ਵਿਚ ਸਾਡੇ ਖ਼ਯਾਲ ਗੋਚਰਾ ਕਰਨ ਲਈ ਵਰਣਨ ਕਰ ਰਹੇ ਹਨ ਤੇ ਸੁੰਦਰਤਾ ਦੇ ਸਾਰੇ ਸਾਮਾਨ ਕਹਿ ਕਹਿ ਕੇ ਸਾਡੇ ਅਗੇ ਵਿਸਮਾਦੀ ਰੂਪ ਬੰਨ੍ਹਣਾ ਚਾਹੁੰਦੇ ਹਨ, ਜਿਸ ਦਾ ਸਰੂਪ 'ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸਚਰਜ ਰੂਪੰ ਰਹੰਤ ਜਨਮੰ' ਹੈ, ਉਹਨਾਂ ਦੀ ਸੁੰਦਰਤਾ ਦਾ ਰੂਪ ਆਪਣੇ ਖ਼ਯਾਲ ਮੰਡਲ ਵਿਚ ਸਮਾਂ ਬੰਨ੍ਹਕੇ ਸਾਨੂੰ ਉਸ ਛਬੀ ਵਿਚ ਇਕ ਗ਼ੋਤਾ ਲਵਾਉਣ ਦਾ ਜਤਨ ਕਰ ਰਹੇ ਹਨ, ਓਹ ਕਿਸੇ ਮਾਨੁੱਖੀ ਰੂਪ ਦਾ ਵਰਣਨ ਨਹੀਂ ਕਰ ਰਹੇ, ਜਦ ਕਿ ਓਹ ਆਪ ਕਹਿੰਦੇ ਹਨ:–

ਮਹਿਮਾ ਤਿਹ ਕਹਿ ਕੌਣ ਸਕਾਈ। ਕੋਟ ਸ਼ੇਖ ਸਾਰਦ ਸਕੁਚਾਈ।
ਨੇਤਿ ਨੇਤਿ ਜਿਹ ਬੇਦ ਪੁਕਾਰਾ। ਸਭਿ ਕਵਿ ਕੋਵਿਦ ਲਹਿਤ ਨ ਪਾਰਾ ॥੩੬॥

ਇਹੋ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਉਸ ਉੱਚੇ ਮਾਲਕਾਂ ਦੇ ਮਾਲਕ ਲਈ ਕਹੀ ਹੈ 'ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ ॥' ਜਿਸ ਸਾਈਂ ਦਾ ਰੂਪ ਕਵਿ ਜੀ ਨੇ ਆਕਾਰ ਵਾਲਾ ਬੱਧਾ ਹੈ, ਉਸ ਨੂੰ ਆਪ ਹੀ 'ਸਤਿ ਸ੍ਰੀ ਅਕਾਲ' ਤੇ 'ਅਕਾਲ' ਦੱਸਦੇ ਹਨ। ਜੋ ਵਜੂਦ ਕਾਲ ਰਹਤ ਹੈ ਉਹ ਨਿਰਾਕਾਰ ਹੈ। ਸੋ ਕਵਿ ਜੀ ਦਾ ਆਸ਼ਯ ਸਫੁਟ ਹੈ, ਵਾਹਿਗੁਰੂ ਜੀ ਦਾ ਮਿਲਾਪ ਤੇ ਗੁਫਤਗੂ ਬੀ ਸਾਡੇ ਖਿਆਲ ਗੋਚਰਾ ਕਰਨੇ ਲਈ ਸਾਡੇ ਪਿਤਾ ਪੁਤ੍ਰ ਦੇ ਮੇਲੇ ਵਾਂਙੂ ਕਹੇ ਹੈਨ। ਪੁਰਾਤਨ ਜਨਮ ਸਾਖੀ ਵਿੱਚ ਬੀ ਇਸੇ ਤਰ੍ਹਾਂ ਵਾਹਿਗੁਰੂ ਮਿਲਾਪ ਦਾ ਜ਼ਿਕਰ ਆਇਆ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਆਪ ਵੀ ਵਾਹਿਗੁਰੂ ਜੀ ਦੇ ਆਪਣੇ ਮਿਲਾਪ ਨੂੰ ਐਉਂ ਕਥਨ ਕੀਤਾ ਹੈ:–

[ਬਾਕੀ ਟੂਕ ਅੱਗੇ ਅਗਲੇ ਪੰਨੇ ਦੇ ਹੇਠ]

ਮਣਿਨ[੧] ਜਗਮਗਤ[੨] ਘਨੇਰੇ। ਸਿਲਾ ਫਟਕ ਕੀ ਮਲਯ[੩] ਕਪਾਟਾ[੪]।
ਮੁਕਤਾ[੫] ਕੀ ਤੋਰਨ[੬] ਦਰ ਠਾਟਾ[੭]॥੭॥ ਤਹਿਂ ਜਬ ਪਹੁੰਚੇ ਸ਼੍ਰੀ ਗੁਨ ਖਾਨੀ॥
ਭਗਤਨ ਸਭਿਨਿ ਬੰਦਨਾ ਠਾਨੀ। ਅਨਿਕ ਭਾਂਤਿ ਕੀ ਉਸਤਤਿ ਕਰਿਕੈ।
ਪਰਮ ਸੁਖੀ ਭੇ ਰੂਪ ਨਿਹਰਿਕੈ॥੮॥ ਤਹਿਂ ਤੇ ਗਮਨੇ ਬਹੁਰ ਅਗਾਰੀ।ਬਨੀ
ਮੰਦਿਰਨ ਉਪਮਾ ਭਾਰੀ। ਅਜਰਨ ਬਿਖੈ[੮] ਮਣਿਨ[੯] ਗਚਕਾਰੀ। ਜਿਨਕੇ
ਬਰ਼ਨ ਅਨੇਕ ਪ੍ਰਕਾਰੀ ॥੯॥ ਬਸਹਿਂ ਭਗਤ ਤਿਨ ਬੀਚ ਅਨੂਪਾ।ਜਿਨਹੀ
ਪਾਈ ਮੋਖ ਸਰੂਪਾ[੧੦]। ਪੀਤ ਬਸਨ ਤਨ ਸ਼੍ਯਾਮ ਸੁ ਬਰਨਾ। ਅਤਿ
ਸੁੰਦਰ ਛਬਿ ਮਨ ਕੀ ਹਰਨਾ[੧੧] ॥ ੧੦ ॥ ਦੋਹਰਾ ॥ ਨੀਲ ਸ਼ਿਲਾ ਪਰ ਭੋਰ-
ਜਿਉਂ[੧੨] ਆਤਪ[੧੩] ਪਰਜੋ ਸੁਹਾਇ। ਕੁੰਡਲ ਮੀਨਾਕਾਰ[੧੪] ਜੋ ਪਹਿਰੇ
ਕਰਨ[੧੫] ਸੁਭਾਇ[੧੬] ॥ ੧੧ ॥ ਚੌਪਈ ॥ ਚਾਰੁ ਭੁਜਾ ਭੂਖਨ ਜਿਨ ਚਾਰੂ।
ਕੰਕਨ[੧੭] ਅੰਗਦ[੧੮] ਮੁੱਦ੍ਰਿਕ[੧੯] ਧਾਰੂ। ਸੀਸ ਕਿਰੀਟ ਧਰੇ ਛਬਿ ਪਾਵਤਿ।
ਅਤਿ ਕੁੰਤਲ[੨੦] ਕਚ[੨੧] ਮਨਹਿਂ ਚੁਰਾਵਤਿ ॥ ੧੨ ॥ ਤਹਾਂ ਪਹੁਚੇ ਜਾਇ

---

[੧]ਮਣੀਆਂ। [੨]ਚਮਕਦੀਆਂ। [੩]ਚੰਦਨ ਦੇ। [੪]ਤਖਤੇ। [੫]ਮੋਤੀਆਂ ਦੀਆਂ। [੬]ਬੰਦਨਵਾਰਾਂ। [੭]ਦਰਾਂ ਤੇ ਸਜਾਈਆਂ ਹਨ। [੮]ਵੇਹੜਿਆਂ ਵਿਚ। [੯]ਮਣੀਆਂ ਦੀ। [੧੦]ਸਾਰੂਪ ਨਾਮੇ ਮੁਕਤੀ। [੧੧]ਮਨ ਹਰਨ ਵਾਲੀ। [੧੨]ਸਵੇਰ ਵੇਲੇ ਜਿਵੇਂ। [੧੩]ਧੁੱਪ। [੧੪]ਜੜਾਊ (ਅ) ਮੱਛੀ ਆਕਾਰ ਵਾਲੇ। [੧੫]ਕੰਨਾਂ ਵਿਚ। [੧੬]ਸ਼ੋਭਦੇ ਹਨ। [੧੭]ਕੜੇ। [੧੮]ਬਹੁੱਟੇ। [੧੯]ਛੱਲੇ, ਮੁੰਦਰੀਆਂ। [੨੦]ਕੁੰਡਲਦਾਰ। [੨੧]ਵਾਲ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥

[ਵਾਰ ਮਾਝ ਮ: ੧

ਮੁਰਾਦ ਸਾਰੇ ਦੀ ਕੇਵਲ ਇਹ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਅਗੰਮ ਵਿੱਚ ਵਾਹਿਗੁਰੂ ਜੀ ਦੇ ਸੰਪੂਰਨ ਮੇਲ ਨੂੰ ਪ੍ਰਾਪਤ ਸੇ। ਖਿਆਲ ਦੀ ਉਡਾਰੀ, ਮਨੋ-ਕਲਪਿਤ ਵਿਚਾਰਾਂ ਵਿਚ ਯਾ ਗਿਆਨ ਦੇ ਸੁੰਨ ਅਕਾਸ਼ਾਂ ਦੇ ਭਾਵਾਂ ਵਿਚ ਨਹੀਂ, ਪਰ ਸੱਚ ਮੁੱਚ ਵਾਹਿਗੁਰੂ ਜੀ ਨਾਲ ਪਰਤੱਖ ਮਿਲਾਪ ਪ੍ਰਾਪਤ ਸਭ ਤੋਂ ਉੱਚੇ ਉਸੇ ਸੱਚੇ ਦੇ ਸਰੂਪ ਦੇ ਰੂਪ ਸੇ। ਉਹਨਾਂ ਦੇ ਦੇਹ ਧਾਰਕੇ ਬੀ ਵੇਈਂ ਪਰਵੇਸ਼ ਵੇਲੇ ਤੇ ਫੇਰ ਇਸ ਸੱਚੀ ਮੁੱਚੀ ਦੇ ਮਿਲਾਪ ਨੂੰ ਵਰਣਨ ਕਰਨ ਦੇ ਏਹ ਤ੍ਰੀਕੇ ਹਨ, ਜਿਨ੍ਹਾਂ ਮਿਲਾਪਾਂ ਦਾ ਅਸਲ ਹਾਲ, ਰੂਪ, ਰੰਗ; ਸੁਆਦ ਸਤਿਗੁਰੂ ਜੀ ਨੂੰ ਹੀ ਪਤਾ ਹੈਨ, ਯਾ ਜਿਨ੍ਹਾਂ ਨੂੰ ਕ੍ਰਿਪਾ ਕਰਕੇ ਉਹ ਉਸੇ ਮਿਲਾਪ ਦੀ ਛੁਹ ਬਖਸ਼ ਦੇਣ ਉਨ੍ਹਾਂ ਨੂੰ ਸੁਆਦ ਆ ਜਾਂਦਾ ਹੈ। ਬਾਕੀ ਕਵੀ ਆਦਿਕਾਂ ਨੇ ਬੀ ਆਪੋ ਆਪਣੀ ਮਤਿ ਦੀ ਤਾਕਤ ਅਨੁਸਾਰ ਉਸ ਅਕਹਿ ਗੱਲ ਨੂੰ ਸਾਡੇ ਸਮਝਣੇ ਨਮਿੱਤ ਵਰਣਨ ਕਰਨਾ ਹੈ, ਉਹਨਾਂ ਦਾ ਵਰਣਨ ਇਕ ਜਤਨ ਹੈ ਦੱਸਣ ਦਾ ਨਾ ਦੱਸੇ ਜਾ ਸੱਕਣ ਵਾਲੇ ਹਾਲ ਨੂੰ। ਸਰਬੱਗ ਕੋਈ ਨਹੀਂ ਸਿਵਾਏ ਸਤਿਗੁਰੂ ਜੀ ਦੇ।

ਕ੍ਰਿਪਾਲਾ। ਮਿਲੇ ਭਗਤ ਉਠਿ ਪ੍ਰੇਮ ਬਿਸਾਲਾ। ਬੰਦਨ ਕਰਹਿੰ ਬੰਦਿ ਕਰ ਦੋਊ। ਪਰਮ ਅਨੰਦ ਪਾਇ ਉਰ ਸੋਊ ॥੧੩॥ ਪਰਸੰਸਹਿੰ[੧] 'ਤੁਮ ਆਦਿ[੨] ਅਨਾਦੂ[੩]। ਸਰਬ ਜਨਨ[੪] ਦਾਨੀ ਅਹਿਲਾਦੂ[੫]। ਮਹਿਮਾ ਨਾਮ ਜਗਤ ਬਿਸਤਾਰਕ[੬]।ਜੁਗ ਜੁਗ ਭਗਤਨ ਕੋ ਰਖਵਾਰਕ[੭]॥੧੪॥ ਮ੍ਰਿਦੁਲ ਮਧੁਰ ਤਿਨ ਸੋਂ ਬਚ ਕਹਿਕੈ। ਗਮਨੇ ਪ੍ਰਭੁ ਦਰਸ਼ਨ ਹਿਤ ਚਹਿਕੈ। ਗੇ ਆਗੇ ਬੇਦੀ ਕੁਲ ਦੀਪਾ। ਜਹਿੰ ਜਨ ਪਾਈ ਮੋਖ ਸਮੀਪਾ[੮] ॥ ੧੫ ॥ ਤਿਹ ਕੀ ਮਹਿਮਾ ਕੌਨ ਉਚਰਿਹੀ।ਜੋ ਸਦੀਵ ਦਰਸ਼ਨ ਅਨੁਸਰਿਹੀ।ਤਹਿੰ ਜਬ ਪਹੁੰਚੇ ਦੀਨਾਨਾਥੂ।ਉਠਿ ਕਰਿ ਸਰਬ ਮਿਲੇ ਹਿਤ ਸਾਥੂ॥੧੬॥ਪੁਨ ਆਵਾ ਸ੍ਰੀ ਪ੍ਰਭੁ ਦਰਬਾਰਾ। ਕੋਟ[੯] ਸੂਰ[੧੦] ਸਮ ਜਗਮਗਕਾਰਾ[੧੧]। ਮਰਕਤਿ[੧੨] ਪਦਮ-ਰਾਗ[੧੩] ਛਬਿ ਭਾਰੀ। ਮੀਨਾਕਾਰ ਜਹਾਂ ਗਚਕਾਰੀ ॥ ੧੭ ॥ ਹਾਟਕ[੧੪] ਫਟਕ[੧੫] ਪ੍ਰਵਾਲਨ[੧੬] ਥੰਭਾ। ਜਿਨ ਬਿਲੋਕਿ ਮਨ ਹੋਤਿ ਅਚੰਭਾ। ਹਰਿਤ ਮਣਿਨ ਮਾਣਿਕ ਬਿਚਿ ਹੀਰੇ। ਬਿਰਚੇ[੧੭] ਕੋਰ[੧੮] ਕਾਢਿ ਸੁਠ[੧੯] ਚੀਰੇ ॥੧੮॥ ਮੁਕਤਾ ਮਾਲਨ ਝਾਲਰ ਝਾਈ। ਦੂਸਰ ਦਿਪਹਿ ਤਿਨਹਿ ਕੀ* ਨਯਾਈ[੨੦]। ਚੀਰ ਪਰੋਜਨ[੨੧] ਰਚੇ ਸਰੋਜਾ[੨੨]। ਜਿਨਹਿੰ ਬਿਲੋਕਿ ਲਜਾਇ ਮਨੋਜਾ[੨੩] ॥ ੧੯ ॥ ਮੇਚਕ ਮਣਿ ਕੇ[੨੪] ਭ੍ਰਿੰਗੁ[੨੫] ਬਨਾਏ। ਰਚੇ ਰੁਚਿਰ ਛਬਿ ਕੌਨ ਗਨਾਏ। ਬੀਚ ਬਚਿੱਤ੍ਰ ਬਿਤਾਨ[੨੬] ਬਨਾਵਾ†। ਲਗੀ ਡੋਰ ਮਖ਼ਤੂਲ[੨੭] ਸੁਹਾਵਾ ॥੨੦॥ਸੱਚਖੰਡ ਕੀ ਉਪਮਾ ਜੋਈ। ਉਚਰਿ ਸਕੈ ਅਸ ਕਵਿ ਨਹਿੰ ਕੋਈ। ਜਹਿੰ ਕੁੰਠਤਿ[੨੮] ਹ੍ਵੈ ਹੈ ਮਨ ਬਾਨੀ। ਕੈਸੇ ਪਰੈ ਤਾਸ ਗਤਿ ਜਾਨੀ ॥ ੨੧ ॥ ਮਨ ਠਹਿਰਾਵਨ ਹੇਤੁ ਸੁਖਾਰੇ। ਕਹੌਂ ਰੁਚਿਰਤਾ ਕਛੁਕ ਸੁਧਾਰੇ। ਸਬਜ਼ ਸ਼ਯਾਮ ਮਣਿ ਰੰਗ ਅਨੇਕਾ। ਪਦਮਰਾਗ[੧੩] ਕੋ

[੧]ਭਾਵ ਸਾਰੂਪ ਮੁਕਤੀ ਵਾਲੇ ਭਗਤਾਂ ਨੇ ਗੁਰੂ ਜੀ ਦੀ ਮਹਿੰਮਾ ਕੀਤੀ। [੨]ਹੋਰਨਾਂ ਦੀ ਆਦਿ। [੩]ਆਦਿ ਰਹਿਤ। [੪]ਦਾਸਾਂ ਦੇ। [੫]ਅਨੰਦ ਦਾਤਾ। [੬]ਫੈਲਾਵਣ ਵਾਲੇ। [੭]ਰੱਖਯਾ ਕਰਨ ਵਾਲੇ। [੮]ਸਾਮੀਪ ਨਾਮੇ ਮੁਕਤੀ। [੯]ਕ੍ਰੋੜਾਂ। [੧੦]ਸੂਰਜਾਂ। [੧੧]ਚਮਕ ਰਿਹਾ ਹੈ। [੧੨]ਪੰਨੇ (ਅ) ਨੀਲਮ। [੧੩]ਲਾਲ ਮਣੀਆਂ। [੧੪]ਸੋਨੇ। [੧੫]ਬਿਲੌਰ। [੧] ਗੂਲੀਆਂ ਦੇ। [੧੭]ਬਣਾਏ। [੧੮]ਨੋਕਾਂ। [੧੯]ਚੰਗੀ ਤਰ੍ਹਾਂ। [੨੦]ਮੋਤੀਆਂ ਦੀ ਲੜੀਆਂ ਦੀ ਝਾਲਰ ਦੀ ਝਮਕ ( ਪ੍ਰਤਿਬਿੰਬਤ ਹੋਕੇ ) ਦਿਪਤ ਹੋ ਰਹੀ ਹੈ ਕਿ ਮਾਨੋਂ ਉਨ੍ਹਾਂ ਵਰਗੀ ਦੂਸਰੀ ( ਹੋਰ ) ਹੈ। [੨੧]ਚੀਰਕੇ ਫੀਰੋਜ਼ੇ। [੨੨]ਕਵਲ ਬਣਾਏ। [੨੩]ਕਾਮਦੇਵ। [੨੪]ਕਾਲੀਆਂ ਮਣੀਆਂ ਦੇ। [੨੫]ਭੌਰੇ। [੨੬]ਚੰਦੋਆ। [੨੭]ਵੱਟੀ ਹੋਈ ਰੇਸ਼ਮ ਦੀ।[੨੮]ਸੰਗ, ਸੰਕੁਚਿਤ। *ਹੋ ਸਕਦਾ ਹੈ ਕਿ ਅਸਲ ਵਿਚ ਪਾਠ—ਤਰਨਿ ਕੀ—ਸੀ,ਭਾਵ ਇਹ ਕਿ ਮੋਤੀ ਮਾਲਾ ਦੀ ਝਾਲਰ ਦੂਸਰੇ ਸੂਰਜ ਵਾਂਙੂ ਪ੍ਰਕਾਸ਼ਦੀ ਹੈ। †ਪਾਃ—ਬਸਾਵਾ।

ਕਰੈ ਬਿਬੇਕਾ[੧] ॥੨੨॥ ਫਰਸ਼ ਰੁਚਿਰ ਕਿਧ ਅਜਰ[੨] ਮਝਾਰੀ। ਅਦਭੁਤ ਦੇਖਤਿ ਹੀ ਮਨੁਹਾਰੀ। ਮੱਧ ਸਿੰਘਾਸਨ ਸੁੰਦਰ ਸੋਹੈ। ਭਾਨੁ ਅਨਿਕ[੩] ਨ ਪਟੰਤਰ[੪] ਕੋ ਹੈ ॥੨੩॥ ਸਦਾ ਸੱਚਿਦਾ ਨੰਦ ਕ੍ਰਿਪਾਲਾ। ਤਿਹ ਪਰ ਬੈਠੇ ਸੁਖਦ[੫] ਅਕਾਲਾ। ਬ੍ਰਿੰਦ[੬] ਤੜਿਤ[੭] ਕੀ ਛਟਾ[੮] ਸਮੇਟੀ। ਜਨੁ ਸੋਹੈ ਘਨ[੯] ਘਟਾ ਸਹੇਟੀ[੧੦] ॥ ੨੪ ॥ ਜਨੁ[੧੧] ਰਵਿ[੧੨] ਬਿਧੁ[੧੩] ਬਹੁ ਹ੍ਵੈ ਇਕਠਾਈ। ਨੀਲ[੧੪] ਮਣਿਨ[੧੫] ਗਿਰ ਲੀਨ ਉਚਾਈ[੧੬]। ਪਦ ਅਰਬਿੰਦ ਮ੍ਰਿਦੁਲ ਅਰੁਨਾਰੇ[੧੭]।ਸ਼ੋਭਾ ਨਖਨ[੧੮]ਸਕਲ ਸਸਿ[੧੯]ਹਾਰੇ॥੨੫॥ਬਸਹਿੰ ਸਦੀਵ ਮੁਨੀ ਮਨਜੋਗੀ॥ਧਰਹਿੰ ਸਮਾਧਿ ਧਯਾਨ ਰਸ ਭੋਗੀ[੨੦]।ਨੂਪਰ[੨੧] ਮਣਿਮਯ[੨੨] ਬਨੇ ਮਨੋਗਾ[੨੩]।ਜਿਨ ਕੋ ਸ਼ਬਦ ਸੁਖਦ ਤਿਹੁ ਲੋਗਾ ॥੨੬॥ ਸੁੰਦਰ ਜੰਘ ਸਰਸ ਕਦਲੀ ਕੀ[੨੪]। ਚਲਿਤ ਲਲਿਤ ਗਤਿ[੨੫] ਭਾਵਤਿ ਜੀ ਕੀ। ਪ੍ਰਿਥੁਲ[੨੬] ਨਿਤੰਬ[੨੭] ਪੀਤ ਕਟ[੨੮] ਧੋਤੀ। ਛੁਦ੍ਰ ਘੰਟਕਾ[੨੯] ਮਣਿਮਯ ਜੋਤੀ ॥ ੨੭ ॥ ਉਦਰ ਰੇਖ ਤ੍ਰੈ[੩੦] ਨਾਭਿ ਗੰਭੀਰਾ। ਮਨਹੁ ਭ੍ਰੰਮਰੀ[੩੧] ਜਮੁਨਾ ਨੀਰਾ। ਕਿਧੋਂ ਕਾਮ ਕੋ ਕੂਪ* ਸੁਹਾਵਾ। ਵੱਖਸਥਲ[੩੨] ਆਯੁਤ[੩੩] ਛਬਿ ਪਾਵਾ॥੨੮॥ਹਾਥੀ ਹਾਥਿ[੩੪] ਸਰਬ ਭੁਜਦੰਡਾ। ਦੁਸ਼ਟਨ ਖੰਡਨ ਕੋ ਬਰਬੰਡਾ[੩੫]। ਅੰਗਦ[੩੬] ਕਟਕ[੩੭] ਮੁੱਦ੍ਰਿਕਾ[੩੮] ਜੋਈ। ਪਹਿਰੇ ਪੇਖਤਿ ਮਨ ਹਰਿ ਲੇਈ ॥੨੯॥ਕਰ ਕਮਲਨ ਮਹਿੰ ਸ਼ਸਤ੍ਰ ਸੁਹਾਏ। ਜਿਨਹਿੰ ਬਿਲੋਕਤਿ ਸ਼ੱਤ੍ਰ ਪਲਾਏ। ਚਾਰ ਭੁਜਾ ਸੋਹਿਤਿ ਅਤਿ ਚਾਰੂ। ਉਨਤ[੩੯] ਸਿਕੰਧ[੪੦] ਬ੍ਰਿਖਭ ਅਨੁਹਾਰੂ[੪੧] ॥ ੩੦॥ਪੀਤ ਬਸਨ ਜਿਨ ਪਰ ਅਤਿ ਸੋਹੈਂ। ਤੜਿਤਾ ਕੀ ਛਬਿ ਕੋ ਜੋ ਮੋਹੈ। ਉਰ ਪਰ[੪੨] ਬਨੀ ਲਲਿਤ ਬਨਮਾਲਾ[੪੩]। ਕੰਬੁ[੪੪] ਗ੍ਰਿਵ[੪੫] ਤ੍ਰੈ ਰੇਖ ਬਿਸਾਲਾ ॥ ੩੧ ॥ ਚਾਰੁ ਚਿਬੁਕ[੪੬] ਉਪਮਾ ਨ ਬਿਸ਼ੇਖੀ[੪੭]। ਸੋ ਜਾਨਹਿ

[੧]ਕੌਣ ਗਿਣੇ। [੨]ਵੇਹੜੇ। [੩]ਅਨੇਕਾਂ ਸੂਰਜ। [੪]ਸਦਰਸ਼। [੫]ਸੁਖਦਾਤੇ। [੬]ਸਮੂਹ। [੭]ਬਿਜਲੀਆਂ। [੮]ਪ੍ਰਕਾਸ਼। [੯]ਬੱਦਲ। [੧੦]ਇਕੱਠੀ ਕੀਤੀ ਹੈ। [੧੧]ਮਾਨੋ। [੧੨]ਸੂਰਜ। [੧੩]ਚੰਦਰਮਾ। [੧੪]ਨੀਲੀ। [੧੫]ਮਣੀਆਂ ਦਾ। [੧੬]ਪਹਾੜ ਉਠਾ ਲਿਆ ਹੈ। [੧੭]ਲਾਲ। [੧੮]ਨਹੁੰਆਂ ਦੀ। [੧੯]ਸਾਰੇ ਚੰਦਰਮਾਂ (ਅ) ਚੰਦ ਦੀਆਂ ਟੁਕੜੀਆਂ, ਚੰਦ ਕਲਾ। [੨੦]ਭੋਗਦੇ ਹਨ। [੨੧]ਝਾਂਜਰ। [੨੨]ਮਣੀਆਂ ਰੂਪ। [੨੩]ਸੁੰਦਰ। [੨੪]ਕੇਲੇ ਵਰਗੀਆਂ। [੨੫]ਸੁੰਦਰ ਚਾਲ ਚਲਦੇ ਹਨ। [੨੬]ਚੌੜੇ। [੨੭]ਪੱਟ। [੨੮]ਲੱਕ ਨਾਲ। [੨੯]ਤੜਾਗੀ। [੩੦]ਤ੍ਰਿਵਲੀ। [੩੧]ਘੁਮਣਘੇਰੀ। [੩੨]ਵੱਖੀ ਅਸਥਾਨ। [੩੩]ਚੌੜਾ। [੩੪]ਹਾਥੀ ਦੇ ਸੁੰਡ ਵਰਗੀਆਂ। [੩੫]ਬਲਵਾਨ। [੩੬]ਬੁਹੱਟੇ। [੩੭]ਕੜੇ। [੩੮]ਛੱਲੇ। [੩੯]ਉੱਚੇ। [੪੦]ਮੋਢੇ। [੪੧]ਬੈਲ ਵਰਗੇ। [੪੨]ਛਾਤੀ ਤੇ। [੪੩]ਬਜੰਤੀ ਮਾਲਾ। [੪੪]ਸੰਖ(ਵਰਗੀ)। [੪੫]ਗਰਦਨ ਵਿਚ। [੪੬]ਸੁਹਣੀ ਠੋਡੀ। [੪੭]ਜਿਸ ਤੋਂ ਵੱਧ ਉਪਮਾਂ ਹੋਰ ਕੋਈ ਨਹੀਂ ਹੈ। *ਪਾ:—ਰੂਪ।

ਜਿਨ ਨੈਨਹੁ ਦੇਖੀ। ਅਤਿ ਸੁੰਦਰ, ਮ੍ਰਿਦੁ, ਬੋਲ ਕਪੋਲਾ[੧]। ਮੰਦ ਮੰਦ ਮੁਸ਼ਕਨਾਨ ਅਮੋਲਾ ॥ ੩੨ ॥ ਕੋਟ ਮਯੰਕਨ[੨] ਸਮ ਮੁਖਮੰਡਲ। ਮਕਰਾਕ੍ਰਿਤ[੩] ਸੋਹਤਿ ਸ਼੍ਰੁਤ[੪] ਕੁੰਡਲ[੫]। ਉਤਪਲ[੬] ਦਲ[੭] ਪ੍ਰਫੁੱਲਿਤ ਲੋਚਨ[੮]। ਭਗਤਨ ਕੇਰ ਤਾਪ ਤ੍ਰੈ ਮੋਚਨ[੯] ॥ ੩੩ ॥ ਕ੍ਰਿਪਾ ਭਰੀ ਬਹੁ ਚਾਰੁ ਚਿਤੌਨੈ[੧੦]। ਬਾਂਕੀ ਕੋਰ[੧੧] ਮਹਾਂ ਸੁਖ ਭੌਨੈ। ਮੇਚਕ ਕਚ ਕੁੰਤਲ[੧੨] ਘੁੰਘਰਾਰੇ। ਮਧੁਪਨ[੧੩] ਕੀ ਦੁਤਿ ਜਿਨ ਪਿਖਿ ਹਾਰੇ ॥ ੩੪ ॥ ਭਾਲ ਬਿਸਾਲ ਕਿਰੀਟ[੧੪] ਸੁਹਾਵਾ। ਛਤ੍ਰ ਚੰਦ੍ਰਮਾ ਦੇਖਿ ਲਜਾਵਾ। ਚੌਰ ਢੁਰਤਿ ਚਹੁੰ ਦਿਸ਼ ਤੇ ਚਾਰੂ। ਮਨਹੁ ਭਾਨੁ ਕਰ ਪ੍ਰਭਾ ਅਪਾਰੂ[੧੫] ॥ ੩੫ ॥ ਮਹਿਮਾ ਤਿਹ ਕਹਿ ਕੌਨ ਸਕਾਈ। ਕੋਟ ਸ਼ੇਖ ਸਾਰਦ[੧੬] ਸਕੁਚਾਈ[੧੭]। -ਨੇਤਿ ਨੇਤਿ-ਜਿਹ ਬੇਦ ਪੁਕਾਰਾ।ਸਭਿ ਕਵਿ ਕੋਵਿਦ[੧੮]ਲਹਤਿ ਨ ਪਾਰਾ ॥੩੬॥ਮੈਂ ਮਤਿ ਮੰਦ ਕਹਾਂ ਲਗ ਬਰਨੌਂ। ਸਿੰਧੁ[੧੯]ਪਾਰ ਜਿਵ ਕੀਟੀ ਤਰਨੌ। ਮਸ਼ਕ ਮੇਰੁ ਕਿਵ ਸਕਹਿ ਉਠਾਈ। ਕਿਉਂ ਨਭ[੨੦] ਅੰਤ ਜੰਤੁ[੨੧] ਲਘੁ ਪਾਈ॥੩੭॥ ਜਿਹ ਸੱਤਾ ਕੇ[੨੨] ਅਜਾ[੨੩]ਅਲੰਬਾ[੨੪]। ਸਿਰਜਤਿ ਹੈ ਬ੍ਰਹਮੰਡ ਕਦੰਬਾ[੨੫]। ਏਕ ਰੋਮ ਮਹਿ ਬਿਸ਼ਨੁ ਅਨੇਕਾ। ਬਿਧਿ ਸ਼ਿਵ ਬਹੁ ਕੋ ਕਰਹਿ ਬਿਬੇਕਾ ॥ ੩੮ ॥ ਬ੍ਰਿੱਖ ਉਦੰਬਰ[੨੬] ਜਨੋਂ ਜਿਹ ਕਾਯਾ। ਲਾਗੇ ਫਲ ਬ੍ਰਹਮੰਡ ਨਿਕਾਯਾ[੨੭]। ਉਤਪਤਿ ਪਾਲਨ ਅਰੁ ਸੰਹਰਤਾ[੨੮]। ਤੀਨਦੇਵ ਸਭਿ ਮਹਿ ਅਸ ਕਰਤਾ ॥੩੯॥ ਜਿਹ ਸਥਾਨ ਬੈਸੇ ਜਗਰਾਈ[੨੯]। ਤਹਿਂ ਪਹੁੰਚੇ ਸਿੱਖਨ ਸੁਖਦਾਈ। ਕੀਨ ਡੰਡੌਤ ਜੋਰਿ ਜੁਗ ਹਾਥਾ। ਠਾਂਢੇ ਪੁਨ ਬੇਦੀ ਕੁਲ ਨਾਥਾ ॥੪੦॥ ਮੰਦ ਮੰਦ ਸ਼੍ਰੀ ਮੁਖ ਮੁਸ਼ਕਾਵਨ। ਮ੍ਰਿਦੁਲ ਮਧੁਰ ਬੋਲੇ ਬਚ ਪਾਵਨ। 'ਜਗ ਪ੍ਰਗਟੀ ਕਲਿ ਕਾਲ ਕੁਚਾਲੀ। ਮਨਹੁ ਲਗੀ ਦੌ ਜ੍ਵਾਲ[੩੦] ਬਿਸਾਲੀ ॥ ੪੧ ॥ ਬਿਸ਼ੈ ਬਿਖੈ[੩੧] ਹ੍ਵੈ ਲਪਟ[੩੨] ਅਧੀਰਾ। ਵਡੇ ਬੇਗ ਸੋਂ ਬਹੀ ਸਮੀਰਾ[੩੩]। ਦੰਭ[੩੪]ਮੋਹ ਤੇ ਆਦਿ ਬਿਕਾਰਾ। ਲਾਟੈਂ ਅਤਿ

---

[੧]ਗਾਲ੍ਹਾਂ। [੨]ਕ੍ਰੋੜਾਂ ਚੰਦ੍ਰਮਾਂ। [੩]ਮੱਛੀ ਆਕਾਰ ਦੇ। [੪]ਕੰਨੀਂ। [੫]ਵਾਲੇ। [੬]ਕਵਲ ਦੇ। [੭]ਪੱਤੇ (ਵਤ)। [੮]ਨੇਤ੍ਰ। [੯]ਤਿੰਨ ਤਾਪ ਦੂਰ ਕਰਨ ਲਈ। [੧੦]ਦ੍ਰਿਸ਼ਟੀ। [੧੧]ਮਟੱਕਾ। [੧੨]ਕੁੰਡਲ ਵਾਲੇ। [੧੩]ਭੌਰਿਆਂ। [੧੪]ਮੁਕਟ। [੧੫]ਮਾਨੋ ਸੂਰਜ ਦੀਆਂ ਕਿਰਨਾਂ ਨੇ ਇਹ ਅਪਾਰ ਸ਼ੋਭਾ (ਰਚੀ ਹੈ)। [੧੬]ਕ੍ਰੋੜਾਂ ਸ਼ੇਸ਼ਨਾਗ ਤੇ ਸਰਸ੍ਵਤੀਆਂ। [੧੭]ਸੰਕੋਚਦੇ ਹਨ। [੧੮]ਪੰਡਿਤ। [੧੯]ਸਮੁੰਦਰ। [੨੦]ਅਕਾਸ਼ ਦਾ। [੨੧]ਜੀਵ। [੨੨]ਜਿਸ ਦੀ ਤਾਕਤ ਤੇ। [੨੩]ਬ੍ਰਹਮਾ (ਅ) ਮਾਯਾ। [੨੪]ਆਸਰੇ ਹੈ। [੨੫]ਸਮੂਹ। [੨੬]ਗੁੱਲਰ। [੨੭]ਸਮੂਹ। [੨੮]ਨਾਸ਼ਕਰਤਾ। [੨੯]ਜਗਤ ਦੇ ਸ੍ਵਾਮੀ। [੩੦]ਬਨ ਅਗਨੀ, ਜੰਗਲ ਦੀ ਅੱਗ। [੩੧]ਵਿਸ਼ਿਆਂ ਵਿਚ। [੩੨]ਲੰਪਟ। [੩੩]ਹਵਾ। [੩੪]ਪਖੰਡ।

ਬਿਕਰਾਲ[੧] ਅਪਾਰਾ ॥ ੪੨ ॥ ਮਾਨਵ[੨] ਬ੍ਰਿੰਦਹਿਂ[੩] ਜਰਤਿ[੪] ਪੁਕਾਰਤਿ[੫]। ਪਾਇ ਤਾਪ ਪੀਰਾ[੬] ਨਰ ਆਰਤ*। ਤੁਮ ਧਾਰਾਧਰਿ[੭] ਸਰਸ[੮] ਪਠਾਏ। ਮਧੁਰ ਮਧੁਰ[੯] ਧੁਨਿ ਕੀਰਤਿ ਗਾਏ ॥ ੪੩॥ ਨਾਮ ਸੁਜਸ[੧੦] ਜਿਸ ਮਹਿਂ ਬਰ ਬਾਰਾ[੧੧]। ਅਹੈ ਹੁਤਾਸਨ[੧੨] ਨਾਸ਼ਨਹਾਰਾ[੧੩]। ਅਤਿ ਸੀਤਲਤਾ[੧੪] ਭਗਤਿ ਸੁਹਾਈ। ਨਿਜਸਰੂਪ ਸਮਝਨ ਸੁਖ ਪਾਈ ॥ ੪੪ ॥ ਜਰਤਜੋਂ[੧੫] ਨਰਨ[੧੬] ਉਬਾਰਨ[੧੭] ਕਾਰਨ। ਜਗ ਪ੍ਰਗਟੇ ਤੁਮ ਦੰਭ[੧੮] ਬਿਦਾਰਨ। ਸੋ ਕਾਰਜ ਸਭਿ ਹੀ ਕਰਿ ਆਏ। ਕਿਧੋਂ[੧੯] ਰਹਨੋ ਕਰਨੋ ਕਿਤ[੨੦] ਥਾਏ?' ॥ ੪੫॥ ਦੋਹਰਾ ॥ ਸੁਨਿ–ਸਤਿ ਸ੍ਰੀ ਅਕਾਲ[੨੧]–ਤੇ ਅਸ ਪ੍ਰਕਾਰ ਕੇ ਬੈਨ। ਬੋਲੇ ਸ੍ਰੀ ਨਾਨਕ ਤਬੈ ਜੋ ਸਿੱਖਨ ਸੁਖ ਦੈਨ ॥ ੪੬ ॥ ਚੌਪਈ ॥ 'ਹੁਤੇ ਅਠਾਰਹਿਂ ਸਾਗਰ[੨੨] ਟਾਪੂ[੨੩]। ਪਸਰ ਰਹਯੋ[੨੪] ਤਹਿਂ ਨਾਮ ਪ੍ਰਤਾਪੂ। ਜੰਬੂ ਦੀਪ ਬਿਖੈ ਬਹੁ ਥਾਈਂ। ਪਸਰੀ[੨੫] ਭਗਤਿ ਮਹਾਂ ਸੁਖਦਾਈ† ॥ ੪੭ ॥ ਅਬ ਨਵ ਖੰਡਨ ਜਾਇ ਬਹੋਰੀ। ਦੈ ਉਪਦੇਸ਼ ਕਟੌਂ ਦੁਖ ਘੋਰੀ। ਸਪਤ ਦੀਪ ਮਹਿਂ ਨਾਮ ਪ੍ਰਤਾਪਾ। ਸੁਨਿ ਕਰਿ ਸ਼ਬਦਿ ਕਰਹਿੰਗੇ ਜਾਪਾ ॥੪੮॥ ਹ੍ਵੈ ਹੈ ਭਗਤਿ ਨਾਮ ਵਡਿਆਈ। ਧਰਾ ਭਾਰ ਦੁਖ ਸਭਿ ਮਿਟਿ ਜਾਈ। ਸਿਮਰਹਿਂ ਨਾਮ ਗਾਨ[੨੬] ਪੁਨ ਕਰਿਹੀਂ। ਜਨਮ ਜਨਮ ਅਘ ਕੋਟਿਕ ਹਰਿਹੀਂ' ॥ ੪੯ ॥ ਘਨਸੁਰ ਸਮ[੨੭] ਗੰਭੀਰ ਸੁ ਬਾਨੀ। ਕਰਤਾ ਪੁਰਖ ਕਹਤਿ ਸੁਖ ਸਾਨੀ। 'ਉਚਰਹੁ ਮਹਿਮਾ ਨਾਮ ਮਨੋਗਾ[੨੮]। ਜੋ ਮਤਿ-ਮੰਦਨ ਤਾਰਨ ਜੋਗਾ ॥੫੦॥ ਨਿਜ ਮੁਖ ਤੇ ਤੁਮ ਗਾਇ ਸੁਨਾਵਹੁ। ਬਹੁਰ ਜਾਇ ਉਪਦੇਸ਼ ਦ੍ਰਿੜ੍ਹਾਵਹੁ'। ਸੁਨਿ ਬੋਲੇ ਸ੍ਰੀ ਨਾਨਕ ਬਾਨੀ। ਆਸਾ ਰਾਗ ਬਿਖੇ ਸ਼ੁਭ ਸਾਨੀ‡ ॥ ੫੧ ॥ ਸ੍ਰੀ ਮੁਖਵਾਕ:–

ਰਾਗੁ ਆਸਾ ਮਹਲਾ ੧ ਘਰੁ ੧ ਸੋਦਰੁ ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ

---

[੧]ਭਯਾਨਕ। [੨]ਪੁਰਸ਼। [੩]ਸਾਰੇ। [੪]ਸੜਦੇ। [੫]ਪੁਕਾਰਦੇ ਹਨ। [੬]ਪੀੜਾ। [੭]ਬੱਦਲ। [੮]ਵਾਂਙੂੰ। [੯]ਮਿੱਠੀ ਮਿੱਠੀ। [੧੦]ਚੰਗਾ ਜਸ। [੧੧]ਸ੍ਰੇਸ਼ਟ ਜਲ (ਭਾਵ ਅੰਮ੍ਰਿਤ)। [੧੨]ਅਗਨੀ ਨੂੰ। [੧੩]ਨਾਸ਼ ਕਰਨ ਵਾਲਾ। [੧੪]ਠੰਢ। [੧੫]ਸੜਦਿਆਂ। [੧੬]ਪੁਰਸ਼ਾਂ ਨੂੰ। [੧੭]ਬਚਾਉਣ। [੧੮]ਪਖੰਡ। [੧੯]ਯਾ ਕਿ। [੨੦]ਕਿਸੇ। [੨੧]ਵਾਹਿਗੁਰੂ ਜੀ। [੨੨]ਸਮੁੰਦਰ ਦੇ। [੨੩]ਜਜ਼ੀਰੇ, ਦੀਪ। [੨੪]ਫੈਲ ਗਿਆ ਹੈ। [੨੫]ਫੈਲ ਗਈ ਹੈ। [੨੬]ਗਾਉਣਾ। [੨੭]ਬੱਦਲ ਦੀ ਅਵਾਜ਼ ਵਾਂਗ। [੨੮]ਸੁੰਦਰ।

*ਪਾ:–ਨਰਕਾਰਤ। †ਪਾ:–ਪਸਰੀ ਭਗਤਿ ਕਰਤ ਸੁਖ ਪਾਈ। ‡ਪਾ:–ਗਤਿ ਦਾਨੀ।

ਕੇਤੇ ਤੇਰੇ ਗਾਵਣ ਹਾਰੇ ॥ ਗਾਵਨਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥ ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣ ਰਜਾਈ ॥ ੧ ॥

ਦੋਹਰਾ ॥ ਜਨੁ[1] ਮੂਰਤ ਅਨੁਰਾਗ[2] ਹ੍ਵੈ ਗਾਵਤਿ ਆਸਾ ਰਾਗ। ਸੋਦਰ ਸ਼ਬਦ ਉਚਾਰਿਕੈ ਬੰਦਤਿ[3] ਹ੍ਵੈ ਅਸ਼ਟਾਂਗ[4] ॥ ੫੨ ॥ ਸੋਰਠਾ ॥ ਅਖੰਡ[5] ਮੰਡਲਾਕਾਰ[6] ਦਿਪਤ ਤੇਜ ਸ਼ਤ[7] ਕੋਟ[8] ਰਵਿ[9]। ਅਨਿਕ ਤੜਿਤ ਚਮਕਾਰ ਕੈਸੇ ਹੋਤਿ ਸਮਾਨ ਤਿਹ[10] ॥ ੫੩ ॥ ਚੌਪਈ ॥ ਮਹਿਮਾ ਸ਼੍ਰੀ ਅਕਾਲ ਸੁਨਿ ਕਾਨੇ। ਭੇ ਪਰਸੀਦ[11] ਮੰਦ[12] ਮੁਸਕਾਨੇ[13]। ਸ਼੍ਰੀ ਮੁਖ ਤੇ ਪੁਨ ਗਿਰਾ ਉਚਾਰੀ। 'ਅਬ ਤੁਮ ਜਾਵਹੁ ਜਗਤ ਮਝਾਰੀ ॥੫੪॥ ਜਿਹ ਕਾਰਨ ਨਿਜ ਧਰਨੋ ਸਰੀਰਾ। ਕਰਹੁ ਕਾਜ ਭੰਜਹੁ ਭਵ ਪੀਰਾ। ਸਿੱਖੀ ਰੀਤਿ ਪ੍ਰਕਾਸ਼ਹਿ ਜਬਹੀ। ਆਵਹੁ ਨਿਕਟਿ ਹਮਾਰੇ ਤਬ ਹੀ ॥ ੫੫ ॥ ਕਰਤਿ ਕੁਕਰਮ ਸਰਬ ਨਿਰਵਾਰੋ। ਦੰਭ ਅਨੇਕਨ ਦੂਰ ਬਿਦਾਰੋ। ਸੱਤਿਨਾਮੁ ਕੋ ਕਰਿ ਉਪਦੇਸ਼ਾ। ਧਰਨੀ ਕੋ ਸਭਿ ਹਰਹੁ ਕਲੇਸ਼ਾ' ॥੫੬॥ ਸੁਨਿ ਕਰਿ ਸ਼੍ਰੀ ਅਕਾਲ ਕੇ ਬਚਨਾ। ਬੰਦੇ ਚਰਨ ਬਿਨੈ ਕਰਿ ਰਚਨਾ। ਹਟੇ ਜਗਤ ਕੀ ਦਿਸ਼ ਗਤਿਦਾਈ। ਦੀਨਨ ਬੰਧੁ ਦਿਆਲ ਗੁਸਾਈਂ ॥ ੫੭ ॥ ਧਰਨੋ ਦੇਹਿ

---

[1]ਮਾਨੋ। [2]ਪ੍ਰੇਮ। [3]ਨਮਸਕਾਰ ਕੀਤੀ। [4]ਡੰਡੌਤ ਕਰਕੇ। [5]ਇਕ ਰਸ। [6]ਗੋਲਾਕਾਰ। [7]ਸੌ। [8]ਕ੍ਰੋੜ। [9]ਸੂਰਜ। [10]ਤਿਸਦੇ। [11]ਪ੍ਰਸੰਨ। [12]ਥੋੜਾ। [13]ਮੁਸਕ੍ਰਾਏ।

ਜਿਨ ਦੁਤਿਯ ਨ ਕਾਰਨ। ਕੇਵਲ ਮਾਨਵ ਦੁਖਿਯਨਿ ਤਾਰਨ[੧]। ਜੇ ਨਰ ਤਿਨ ਕੇ ਬਚਨਨ ਮਾਂਹੀ। ਚਲਤਿ ਸਦਾ, ਤਿਨ ਜਮ ਭੈ ਨਾਂਹੀ॥ ੫੮॥ ਜਿਉਂ ਬਾਵਨ[੨] ਪਦ[੩] ਪੰਕਜ[੪] ਬਾਰਾ[੫]। ਜਗਤ ਬਿਥਾਰੀ ਸੁਰਸਰਿ[੬] ਧਾਰਾ। ਤਿਉਂ ਸ਼੍ਰੀ ਨਾਨਕ ਉੱਤਮ ਬਾਨੀ। ਭਵ[੭] ਸਭਿ ਬਿਸਤਾਰੀ ਗੁਨ ਖਾਨੀ॥ ੫੯॥ ਤਿਹ ਮਹਿਂ ਥੂਲ ਸਰੀਰ ਜੁ ਮੱਜਹਿਂ[੮]*। ਪਾਪ ਕਮਾਤੇ ਸਭਿਹੀ ਭੱਜਹਿਂ। ਇਸ ਮਹਿਂ ਸੂਖਮ ਮਨ ਇਸ਼ਨਾਨਾ। ਕਰਹਿਂ ਜਿ ਨਰ ਤਿਨਕੋ ਗਤਿ[੯] ਪਾਨਾ[੧੦] ॥੬੦॥ ਸੋ ਇਕ ਥਲ ਇਹ ਸਭਿ ਥਲ ਮਾਂਹੀ[੧੧]। ਸਭਿ ਬਿਧਿ ਸੁਗਮ[੧੨] ਅਗਮ[੧੩] ਕਛੁ ਨਾਂਹੀ। ਪਢਤਿ ਸੁਨਤਿ ਗਤਿ[੧੪] ਦੇਤਿ ਸੁਖਾਰੇ। ਜੇ ਨ ਕਮਾਵਹਿਂ ਜਗ ਭਵ[੧੫] ਹਾਰੇ॥ ੬੧॥

ਦੋਹਰਾ॥ ਸਤਿ ਸੰਗਤਿ ਸ਼ੁਭ ਘਾਟ ਤੇ ਨਿੱਤ ਕਰਉ† ਇਸ਼ਨਾਨ।
ਕਵਿ ਸੰਤੋਖ ਸਿੰਘ ਬੰਦ ਦ੍ਵੈ ਨਮੋ ਨਮੋ ਗੁਨਖਾਨਿ॥ ੬੨॥
[ਬੰਦ ਦ੍ਵੈ=ਦੋਵੇਂ (ਹਥ) ਜੋੜਕੇ]

**ਅਰਥ**–( ਹੇ ਵਾਹਿਗੁਰੂ ਦਾਨ ਦੇਹ ਕਿ ਮੈਂ ) ਸਤਿ ਸੰਗਤ ( ਰੂਪੀ ) ਸ਼ੁਭ ਘਾਟ ਉਤੇ ਸਦਾ ਇਸ਼ਨਾਨ ਕਰਾਂ, ਕਵਿ ਸੰਤੋਖ ਸਿੰਘ (ਐਸੇ) ਗੁਣਾਂ ਦੀ ਖਾਨ (ਸਤਿਸੰਗ) ਅਗੇ ਦੋਵੇਂ (ਹੱਥ) ਜੋੜ ਕੇ ਬਾਰੰਬਾਰ ਨਮਸਕਾਰ ਕਰਦਾ ਹੈ।

**ਭਾਵ**–ਇਸ ਦੋਹੇ ਵਿਚ ਕਵੀ ਜੀ ਆਪਣੇ ਨਾਮ ਦਾਤਾ–ਗੁਰਮੁਖ, ਅਤੇ ਵਿਦਜਾ ਦਾਤਾ ਉਸਤਾਦ ਜੀ–ਦੇ ਪ੍ਰੇਮ ਵਿਚ ਉਹਨਾਂ ਦੇ ਨਿਤ ਸਤਿਸੰਗ ਦੀ ਯਾਚਨਾ, ਅਰ ਸਤਿਕਾਰ ਭਰੀ ਯਾਦ ਵਿਚ ਨਮੋਂ ਨਮੋਂ ਕਰਦੇ ਹਨ। ਪਹਿਲੇ ਅਧਜਾਯ ਦੇ ਮੰਗਲਾਂ ਵਿਚ ਅੰਕ ੩੩ ਵਿਖੇ ਉਨ੍ਹਾਂ ਦਾ ਮੰਗਲ ਕਰ ਆਏ ਹਨ।

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਅਕਾਲ ਪੁਰਖ' ਪ੍ਰਸੰਗ ਬਰਨਨੰ ਨਾਮ ਤ੍ਰਿਹੱਤਰਮੋਂ ਅਧਜਾਯ॥ ੭੩॥

ਪੂਰਬਾਰਧ ਸਮਾਪਤ ਹੋਇਆ।

---

[੧]ਜਿਨ੍ਹਾਂ ਨੇ 'ਦੇਹ' ਕੇਵਲ ਦੁਖੀ ਮਨੁੱਖਾਂ ਦੇ ਤਾਰਨ ਲਈ ਧਾਰੀ ਹੈ, ਹੋਰ ਦੂਜਾ ਕੋਈ ਕਾਰਨ ਦੇਹ ਧਾਰਨ ਦਾ ਨਹੀਂ ਹੈ। [੨]ਬਾਵਨ ਦੇ। [੩]ਚਰਣਾ। [੪]ਕਵਲਾਂ ਦਾ। [੫]ਜਲ। [੬]ਗੰਗਾ। [੭]ਸੰਸਾਰ ਵਿਖੇ। [੮]ਇਸ਼ਨਾਨ ਕਰਦੇ ਹਨ। [੯]ਮੁਕਤੀ। [੧੦]ਹੱਥ ਵਿਚ ਹੈ। [੧੧]ਸਭ ਜਗਾ ਵਿਚ ਹੈ। [੧੨]ਸੌਖੀ। [੧੩]ਔਖੀ। [੧੪]ਮੁਕਤੀ। [੧੫]ਜਨਮ। *ਪਾ:–ਸਥੂਲ ਸਰੀਰ ਨਿਮਜਹਿਂ।

†ਲਿਖਤ ਵਿਚ ਪਾਠ–ਕਰਉ–ਹੈ। ਛਾਪੇ ਵਿਚ–ਕਰਾਉ–ਹੈ, ਜੇ–ਕਰਾਉ–ਪਾਠ ਸ਼ੁੱਧ ਮੰਨਣਾ ਹੋਵੇ ਤਾਂ ਫਿਰ–ਇਸ਼ਨਾਨ–ਨੂੰ–ਸ਼ਨਾਨ–ਪੜ੍ਹਨਾ ਚਾਹੀਏ।